# ਗੁਰੂ ਨਾਨਕ ਦੇਵ ਜੀ

# ਦਾ

# ਬ੍ਰਹਮ ਦਾ ਸੰਕਲਪ

PH.D. THESIS

# (Guru Nanak's Concept of Brahm)

**A Thesis**

RESUBMITTED FOR THE DEGREE OF DOCTOR OF PHILOSOPHY
IN LANGUAGES FACULTY TO THE
PUNJAB UNIVERSITY,
CHANDIGARH.

1976

ਨਿਗਰਾਨ :
ਡਾ. ਸੁਰਿੰਦਰ ਸਿੰਘ ਕੋਹਲੀ
ਮੁਖੀ ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਲੇਖਕਾ।
ਗੁਰਬਖ਼ਸ਼ ਕਲਸੀ

# ਤਤਕਰਾ

ਵਿਸ਼ਾ | ਪੰਨਾ


ਭੂਮਿਕਾ :- 1. ਤੋਂ 10.

ਖੋਜ ਨਿਬੰਧ ਦਾ ਵਿਸ਼ਾ ਖੇਤ੍ਰ

## ਭਾਗ ਪਹਿਲਾ

ਪ੍ਰਕਰਣ ਪਹਿਲਾ :- 11. ਤੋਂ 81.

"ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਯਾਤ੍ਰਾਵਾਂ । ਯਾਤ੍ਰਾਵਾਂ ਦੇ ਦੌਰਾਨ ਉਨ੍ਹਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਦੇ ਆਗੂਆਂ ਨਾਲ ਮੇਲ।" ਖਾਨਦਾਨ ਅਤੇ ਜਨਮ, ਬਚਪਨ, ਕਿਸ਼ੋਰ ਅਵਸਥਾ, ਜੁਆਨ ਅਵਸਥਾ, ਤਿੰਨੇ ਮਹੱਤਵ ਪੂਰਨ ਦਿਨ, ਉਦਾਸੀ ਜੀਵਨ, ਉਦਾਸੀਆਂ ਤੇ ਜਾਣ ਦਾ ਉਦੇਸ਼, ਪਹਿਲੀ ਉਦਾਸੀ, ਦੂਜੀ ਉਦਾਸੀ, ਤੀਜੀ ਉਦਾਸੀ, ਚੌਥੀ ਉਦਾਸੀ, ਵਿਦੇਸ਼ੀ ਅਤੇ ਭਾਰਤੀ ਧਰਮਾਂ ਦੇ ਪੈਰੋਕਾਰਾਂ ਨਾਲ ਗੁਰੂ ਜੀ ਦਾ ਮੇਲ, ਕਪਲ ਦੇ ਸਾਂਖਵਾਦੀਆਂ ਅਤੇ ਪੰਤਾਜਲੀ ਦੇ ਯੋਗੀਆਂ ਨਾਲ, ਕਨਦ ਦੇ ਵੈਸ਼ੇਸ਼ਕਾਵਾਦੀਆਂ ਅਤੇ ਗੌਤਮ ਦੇ ਨਿਆਏਵਾਦੀਆਂ ਨਾਲ, ਜੈਮਨੀ ਦੇ ਪੂਰਵ ਮਿਮਾਂਸਾਵਾਦੀਆਂ ਅਤੇ ਵਿਆਸ ਦੇ ਉਤਰ ਮਿਮਾਂਸਾਵਾਦੀਆਂ ਨਾਲ, ਜੈਨ ਧਰਮ ਦੇ ਅਨੁਆਈਆਂ ਨਾਲ, ਇਸਲਾਮ ਧਰਮ ਦੇ ਅਨੁਆਈਆਂ ਨਾਲ, ਯਹੂਦੀ ਧਰਮ ਦੇ ਅਨੁਆਈਆਂ ਨਾਲ, ਈਸਾਈ ਧਰਮ ਦੇ ਅਨੁਆਈਆਂ ਨਾਲ, ਕਨਫੀਊਸ਼ੀਅਸ ਧਰਮ ਦੇ ਅਨੁਆਈਆਂ ਨਾਲ, ਤਾਓ ਧਰਮ ਦੇ ਅਨੁਆਈਆਂ ਨਾਲ, ਸ਼ਿੰਟੋ ਧਰਮ ਦੇ ਅਨੁਆਈਆਂ ਨਾਲ ਮੇਲ ।

ਪ੍ਰਕਰਣ ਦੂਜਾ :- 82 ਤੋਂ 114

"ਹੋਰਾਂ ਧਰਮਾਂ ਵਿੱਚ "ਅੰਤਿਮ ਸੱਚ" ਦਾ ਸੰਕਲਪ ।" :- ਹਿੰਦੂ ਧਰਮ ਵਿੱਚ, ਜੈਨ ਧਰਮ ਵਿੱਚ, ਬੁੱਧ ਧਰਮ ਵਿੱਚ, ਈਸਾਈ ਧਰਮ ਵਿੱਚ, ਯਹੂਦੀ ਧਰਮ ਵਿੱਚ, ਇਸਲਾਮ ਧਰਮ ਵਿੱਚ, ਪਾਰਸੀ ਧਰਮ ਵਿੱਚ, ਤਾਓ ਧਰਮ ਵਿੱਚ, ਕਨਫੀਊਸ਼ੀਅਸ ਧਰਮ ਵਿੱਚ, ਜਪਾਨ ਦੇ ਸ਼ਿੰਟੋ ਧਰਮ ਵਿੱਚ ।

ਵਿਸ਼ਾ — ਪੰਨਾ

ਪ੍ਰਕਰਣ ਤੀਜਾ:- 115. ਤੋਂ 127.

"ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਥਿਤੀ- ਵਿਸ਼ੇਸ਼ ਕਰਕੇ ਬ੍ਰਹਮ ਦੀ ਸਰਵ ਵਿਆਪਕ ਤੌਰ ਦੇ ਸੰਦਰਭ ਵਿੱਚ।" :- ਕੌਮਾਤ੍ਰੀ ਸਥਿਤੀ, ਭਾਰਤ ਦੀ ਰਾਜਸੀ ਸਥਿਤੀ, ਸਮਾਜਿਕ ਸਥਿਤੀ, ਆਰਥਿਕ ਸਥਿਤੀ ।

ਭਾਗ ਦੂਜਾ

ਪ੍ਰਕਰਣ ਚੌਥਾ:- 128. ਤੋਂ 139.

"ਅੰਤਮ"- ਭਾਵ ਵਿਆਖਿਆ, ਦਰਸ਼ਨ ਵਿੱਚ ਇਸਦਾ ਸਥਾਨ, ਗੁਰੂ ਨਾਨਕ ਅਨੁਸਾਰ ਅੰਤਮ, ਅੰਤਮ ਦਾ ਸਰੂਪ ।

ਪ੍ਰਕਰਣ ਪੰਜਵਾਂ:- 140. ਤੋਂ 148.

"ਸਤਿ"- ਭਾਵਾਰਥ, ਅੰਤਮ ਸੱਚ ਦਾ ਸਰੂਪ, ਵਿਸ਼ਵ ਸੱਚ ਅਤੇ ਅੰਤਮ ਸੱਚ, ਕੂੜ, ਸਤਿ ਦੇ ਤਿੰਨ ਰੂਪ, ਸਤਿ ਦਾ ਅੰਤਮ ਸਰੂਪ ।

ਪ੍ਰਕਰਣ ਛੇਵਾਂ:- 149. ਤੋਂ 165.

"ਬ੍ਰਹਮ ਸ਼ਬਦਾਰਥ ਅਤੇ ਵਿਆਖਿਆ" - ਅਰਥ, ਅਰਥ ਵਿਕਾਸ, ਮਹੱਤਵ ਪੂਰਨ ਸ਼ਬਦ ਕਿਉਂ ? ਬ੍ਰਹਮ ਦੇ ਰੂਪ- ਨਿਰਗੁਣ ਅਤੇ ਸਰਗੁਣ, ਬ੍ਰਹਮ ਸ਼ਬਦ ਸਭ ਤੋਂ ਉਪਯੁਕਤ ਕਿਉਂ ?

ਪ੍ਰਕਰਣ ਸੱਤਵਾਂ:- 166. ਤੋਂ 180.

"ਨਿਰਗੁਣ ਬ੍ਰਹਮ" - ਵੇਦਾਂ ਅਨੁਸਾਰ, ਉਪਨਿਸ਼ਦਾਂ ਅਨੁਸਾਰ, ਗੁਰੂ ਨਾਨਕ ਦੇਵ ਜੀ ਅਨੁਸਾਰ ।

ਵਿਸ਼ਾ | ਪੰਨਾ

ਪ੍ਰਕਰਣ ਅੱਠਵਾਂ :- 181. ਤੋਂ 210.

"ਸਰਗੁਣ ਬ੍ਰਹਮ" -ਵੇਦਾਂਤ ਅਨੁਸਾਰ, ਗੁਰੂ ਨਾਨਕ ਦੇਵ ਜੀ ਅਨੁਸਾਰ ।

ਪ੍ਰਕਰਣ ਨੌਵਾਂ :- 211. ਤੋਂ 237.

"ਬ੍ਰਹਮ ਅਤੇ ਜੀਵ" :- ਅਰਥ, ਜੀਵ ਕੀ ਹੈ ?, ਉਪਨਿਸ਼ਦਾਂ ਅਨੁਸਾਰ, ਜੈਨੀਆਂ ਅਨੁਸਾਰ, ਸਾਂਖ ਅਨੁਸਾਰ, ਨਿਆਏ ਵਿਸ਼ੇਸ਼ਕਾ ਅਨੁਸਾਰ, ਬੋੱਧ ਮੱਤ ਅਨੁਸਾਰ, ਗੁਰੂ ਸਾਹਿਬ ਅਨੁਸਾਰ, ਬ੍ਰਹਮ ਨੇ ਜੀਵ ਦੀ ਰਚਨਾ ਕਿਉਂ ਕੀਤੀ ? , ਜੀਵ ਰਚਨਾ ਕਿਵੇਂ ਕੀਤੀ ?, ਜੀਵ ਆਤਮਾ ਕੀ ਹੈ ? , ਆਤਮਾ ਅਤੇ ਸਰੀਰ, ਬ੍ਰਹਮ ਅਤੇ ਜੀਵ, ਜੀਵ ਅਤੇ ਬ੍ਰਹਮ ਵਿੱਚ ਅੰਤਰ, ਜੀਵ ਆਤਮਾ ਦਾ ਨਕਸ਼ ।

ਪ੍ਰਕਰਣ ਦੱਸਵਾਂ :- 238. ਤੋਂ 254.

"ਬ੍ਰਹਮ ਅਤੇ ਮਾਇਆ" - ਵੇਦਾਂ ਅਨੁਸਾਰ, ਉਪਨਿਸ਼ਦਾਂ ਅਨੁਸਾਰ, ਭਾਗਵਦ ਗੀਤਾ ਅਨੁਸਾਰ, ਸਾਂਖ ਅਨੁਸਾਰ, ਗੁਰੂ ਸਾਹਿਬ ਅਨੁਸਾਰ, ਮਾਇਆ ਦੇ ਦੋ ਰੂਪ- ਸਮਸ਼ਟੀ ਰੂਪ ਜਾਂ ਕੁਦਰਤ ਰੂਪ, ਬ੍ਰਹਮ ਅਤੇ ਕੁਦਰਤ, ਮਾਇਆ ਦਾ ਵਿਅਸ਼ਟੀ ਰੂਪ, ਜਾਂ ਭਰਮਾਊ ਰੂਪ, ਬ੍ਰਹਮ ਅਤੇ ਮਾਇਆ, ਮਾਇਆ ਦੇ ਪੰਜ ਵਿਕਾਰ, ਮਾਇਆ ਦੇ ਚਾਰ ਪਦਾਰਥ, ਮਾਇਆ ਦੇ ਦੋ ਰਾਹ, ਮਾਇਆ ਦੀ ਅਗਿਆਨਤਾ ਦਾ ਕਾਰਨ ।

ਪ੍ਰਕਰਣ ਗਿਆਰਵਾਂ :- 255. ਤੋਂ 268.

"ਪਿੰਡ ਅਤੇ ਬ੍ਰਹਿਮੰਡ ਵਿੱਚ ਬ੍ਰਹਮ" :- ਅਰਥ, ਪਿੰਡ ਅਤੇ ਬ੍ਰਹਿਮੰਡ ਦਾ ਸਬੰਧ, ਪਿੰਡ ਅਤੇ ਬ੍ਰਹਿਮੰਡ ਵਿੱਚ ਬ੍ਰਹਮ, ਪਿੰਡ ਅਤੇ ਬ੍ਰਹਿਮੰਡ ਵਿੱਚ ਤੀਹਰੀ ਸਮਾਨਤਾ, ਆਤਮਿਕ, ਕਾਰਜਸ਼ੀਲਤਾ ਦੇ ਖੇਤ੍ਰ ਦੀ, ਮਾਦਾ ਤੱਤਾਂ ਦੀ, ਵੇਦਾਂਤ ਅਨੁਸਾਰ ਸਮਾਨਤਾ- ਗੀਤਾ ਅਨੁਸਾਰ

| ਵਿਸ਼ਾ | ਪੰਨਾ |
|---|---|
| ਸਮਾਨਤਾ । ਆਧੁਨਿਕ ਖੋਜ- ਅਨੁਸਾਰ, ਸਾਂਖ ਮਤ ਅਨੁਸਾਰ, ਗੁਰਮਤਿ । | |
| ਪ੍ਰਕਰਣ ਬਾਰਵਾਂ :- | 269. ਤੋਂ 293. |
| "ਬ੍ਰਹਮ ਦੇ ਨਾਮ" :- ਸਤਿ ਨਾਮ, ਕਿਰਤਮ ਨਾਮ, ਕਿਰਤਮ ਨਾਮਾਂ ਦੀ ਵੰਡ, ਸਮਾਸ ਯੁਕਤ ਨਾਮ, ਅਨੇਕਾਂ ਗੁਣਵਾਚਕ ਨਾਮ , ਸਾਰੇ ਹੀ ਨਾਮ ਬ੍ਰਹਮ ਦੇ ਨਾਮ । | |
| ਪ੍ਰਕਰਣ ਤੇਰਵਾਂ :- | 294. ਤੋਂ 302. |
| "ਬ੍ਰਹਮ ਦੇ ਗੁਣ" :- ਮਨੁੱਖ ਅਤੇ ਬ੍ਰਹਮ ਵਿੱਚ ਇਕਸੁਰਤਾ ਪੈਦਾ ਕਰਨ ਵਾਲੇ ਦੈਵੀ ਗੁਣ । | |
| ਪ੍ਰਕਰਣ ਚੌਦਵੇਂ :- | 303. ਤੋਂ 326. |
| "ਬ੍ਰਹਮ ਦੀ ਪ੍ਰਾਪਤੀ" :- ਅਰਥ, ਪ੍ਰਾਪਤੀ ਦੇ ਵਿਭਿੰਨ ਮਾਰਗ, ਗੁਰੂ ਸਾਹਿਬ ਦਾ ਸਹਿਜਯੋਗ, ਗੁਰੂ, ਨਾਮ, ਸਦਾਚਾਰ, ਭਾਣਾ, ਬ੍ਰਹਮ ਪ੍ਰਾਪਤੀ ਦੇ ਅਨੁਭਵ ਦੇ ਪੜਾ । | |
| ਪ੍ਰਕਰਣ ਪੰਦਰਵਾਂ :- | 327. ਤੋਂ 352. |
| "ਮੂਲ ਮੰਤਰ ਦਾ ਅਲੋਚਨਾਤਮਿਕ ਅਧਿਐਨ" - ਮੂਲ ਮੰਤਰ ਭਾਵ, ਪ੍ਰਮਾਣਿਕ ਮੂਲ ਮੰਤਰ, ਪਦਾਂ ਦੀ ਅਲੋਚਨਾਤਮਿਕ ਵਿਆਖਿਆ । | |
| ਅੰਤਿਕਾ :- | 353. ਤੋਂ 363. |
| Bibliography.:- | 364. ਤੋਂ 376. |
| ਚੋਣਵੀਆਂ ਪੁਸਤਕਾਂ ਦੀ ਸੂਚੀ :- | 377. ਤੋਂ 382. |
| ਵਿਸ਼ੇਸ਼ ਪੁਸਤਕ ਸੂਚੀ :- | 382. ਤੋਂ 383. |

# ਭੂਮਿਕਾ

***

# ਭੂਮਿਕਾ

ਗੁਰੂ ਨਾਨਕ ਦੇਵ ਜੀ ਅਜਿਹੇ ਮਸੀਹ ਹਨ ਜਿਹੜੇ ਦਰਸ਼ਨ ਅਤੇ ਕਾਰਜਸ਼ੀਲਤਾ ਨੂੰ ਮਿਲਾ ਕੇ ਇਕ ਕਰ ਦਿੰਦੇ ਹਨ। ਰੂਪ ਦੀ ਏਕਤਾ ਦੱਸਕੇ, ਸਰੂਪ ਦੀ ਅਨੇਕਤਾ ਨੂੰ ਵੀ ਯਥਾਰਥ ਰੂਪ ਮੰਨਕੇ ਇਸ ਅਨੇਕਤਾ ਵਿਚ ਵੀ ਏਕਤਾ ਨੂੰ ਰੂਪਮਾਨ ਕਰਦੇ ਹਨ। ਇਸ ਤਰ੍ਹਾਂ, ਬ੍ਰਹਮ ਦੇ ੧ਓ = ਏਕਤਾ -ਅਨੇਕਤਾ- ਏਕਤਾ ਜਾਂ ਅਭੇਦਤਾ- ਭੇਦਤਾ-ਅਭੇਦਤਾ ਦੇ ਆਪਣੇ ਆਪ ਹੀ ਰਜ਼ਾ ਵਿਚ ਹੋ ਰਹੇ ਖੇਲ ਨੂੰ ਰੂਪਮਾਨ ਕਰਕੇ ਦੱਸਦੇ ਹਨ ਕਿ ਵਿਸ਼ਵ ਵਿਚ ਮਨੁੱਖ ਦਾ ਅਸਲ ਉਦੇਸ਼ ਅਤਿ ਉੱਤਮ ਜੀਵਨ ਜੀਊਣਾ ਹੈ। "੧ਓ" ਸਮੁੱਚੇ ਸੱਤ ਨੂੰ ਰੂਪਮਾਨ ਕਰਦਾ ਹੈ, ਅਸੱਤ ਦੀ ਜਾਂ ਵਧੇਰੇ ਯੋਗ ਸ਼ਬਦਾਂ ਵਿਚ ਮਿਥਿਆ ਦੀ ਵਿਆਖਿਆ ਕਰਦਾ ਹੈ। ਨਾਲ ਹੀ ਜੀਵਨ ਫਿਲਾਸਫੀ ਨੂੰ ਪ੍ਰਗਟ ਕਰਦਾ ਹੈ। ੧ਓ ਸੱਭ ਕੁੱਝ ਹੈ, ਸੱਭ ਵਿਚ ਹੈਅਤੇ ਸੱਭ ਕੁੱਝ ੧ਓ ਵਿਚ ਹੈ। ਗੁਰੂ ਸਾਹਿਬ ਉਪਨਿਸ਼ਦਾਂ ਵਾਂਗ ਕੇਵਲ "ਓਅੰ" ਜਾਂ "ਓ" ਤੇ ਹੀ ਖੜੇ ਨਹੀਂ ਰਹਿੰਦੇ, ਵਿਸ਼ਵ ਦੀ ਅਨੇਕਤਾ ਵਿੱਚ ਹੀ ਬ੍ਰਹਮ ਦੀ ਏਕਤਾ ਨੂੰ ਨਹੀਂ ਦੇਖਦੇ, ਸਗੋਂ ਇਸ ਤੋਂ ਅਗਾਂਹ ਉਹ ੧ਓ ਤੱਕ ਜਾਂਦੇ ਹਨ। ਇਕ ਤੋਂ ਅਨੇਕ ਵੱਲ ਆਉਂਦੇ ਹਨ ਅਤੇ ਫਿਰ ਇਸ ਅਨੇਕਤਾ ਤੋਂ ਇਕ ਵੱਲ ਆਉਂਦੇ ਹੋਏ ਬ੍ਰਹਮ ਨੂੰ ਵੀ ਅਤੇ ਉਸ ਦੇ ਵਿਸ਼ਵ ਖੇਲ ਨੂੰ ਇਸ ਦੀ ਅਨੇਕਤਾ -ਏਕਤਾ ਸਮੇਤ ਪੇਸ਼ ਕਰਦੇ ਹੋਏ ਮਨੁੱਖ ਨੂੰ ਦੱਸਦੇ ਹਨ ਕਿ ਉਸ ਦਾ ਉਦੇਸ਼ ਕੇਵਲ ਦ੍ਰਿਸ਼ਟਮਾਨ ਅਨੇਕਤਾ ਵਿਚ ਹੀ ਭਟਕਣਾ ਨਹੀਂ ਸਗੋਂ ਇਸ ਪਿਛਲੀ ਏਕਤਾ ਵਿਚ ਲੀਨ ਹੋਣਾ ਹੈ। ਕਿਉਂਜੁ ਉਹ "੧" ਵਲੋਂ ਹੀ ਆਇਆ ਹੈ, ੧ ਦਾ ਹੀ ਰੂਪ ਹੈ ਅਤੇ ੧ ਦੀ ਹੀ ਰਜ਼ਾ, ਹੁੱਕਮ ਵਿੱਚ ਜੀਅ ਰਿਹਾ ਹੈ। ਮਨੁੱਖ ਦਾ ਉਦੇਸ਼ ਤੇ ਪ੍ਰਾਪਤੀ ਦਾ ਸਾਧਨ ਦ੍ਰਿਸ਼ਟਮਾਨ ਅਨੇਕਤਾ ਨੂੰ ਤਿਆਗਣਾ ਨਹੀਂ, ਕਿਉਂਜੁ ਇਹ ਅਨੇਕਤਾ ਵੀ ਸੱਚੇ ਦੀ ਸੱਚੀ ਸਿਰਜਨ ਹੈ, ਇਸ ਦਾ ਵੀ ਕੁੱਝ ਮਹੱਤਵ ਹੈ। ਪ੍ਰਾਪਤੀ ਦਾ ਸਾਧਨ ਤਾਂ ਅਨੇਕਤਾ ਵਿੱਚ ਵਿਚਰਦੇ ਹੋਏ ਹੀ ਏਕਤਾ ਦਾ ਅਨੁਭਵ ਲੈਣਾ ਹੈ । ਪਰਵਿਰਤੀ ਵਿਚ ਰਹਿੰਦੇ ਹੀ ਨਿਰਵਿਰਤ ਹੋ ਜਾਣਾ ਹੈ। ਤੇ "੧ਓ ਸਤਿ ਨਾਮ ਕਰਤਾ ਪੁਰਖ ਨਿਰਭਓ ਨਿਰਵੈਰ ਅਜੂਨੀ ਸੈਭੰ ਗੁਰਪ੍ਰਸਾਦਿ" ਸਰੂਪ ਹੋ ਜਾਣਾ ਹੈ। ਇਕ ਨਿਮਾਣਾ ਅਤੇ ਨਿਤਾਣਾ ਜੀਵਨ ਜੀਊਣਾ ਮਨੁੱਖਤਾ ਦਾ ਜੀਵਨ ਆਦਰਸ਼ ਨਹੀਂ, ਸਗੋਂ ਆਪਣੀ ਛੋਟੀ ਜਿਹੀ ਹੋਂਦ ਦਾ ਵਿਸ਼ਵ ਦੀ ਮਹਾਨ ਸੰਪੂਰਨਤਾ ਨਾਲ ਇਕ-ਸੁਰਤਾ ਦਾ ਅਨੁਭਵ ਕਰਕੇ ਸ਼ਾਨਦਾਰ, ਸਮਰੱਥਾਸ਼ੀਲ ਜੀਵਨ ਜੀਊਣਾ, ਮਨੁੱਖ ਦੀ ਧੁਰ ਦੀ ਲਿੱਖੀ ਕਿਸਮਤ ਹੈ। ਕਿਉਂਜੁ ਇਹ ਸੱਭ ੧ਓ ਹੈ।

ਗੁਰੂ ਸਾਹਿਬ ਦੁਆਰਾ ਕਥਿਤ ਹਰ ਵਿਚਾਰ "੧ਓ" ਵਿੱਚ ਆਕੇ ਸਮਾ ਜਾਂਦਾ ਹੈ। ਕਿਵੇਂ ਹਰ ਚੀਜ਼ "੧ਓ" ਵਿਚੋਂ ਹੀ ਨਿਕਲਕੇ "੧ਓ" ਵਿਚ ਹੀ ਸਮਾਈ ਜਾਂਦੀ ਹੈ ਇਹ ਦੇਖਣਾ ਇੱਕ ਅਤਿ ਦਿਲਚਸਪ ਕੰਮ ਹੈ। ਇਸ ਸਾਰੇ ਥੀਸਸ ਵਿੱਚ ਮੈਂ ਇਹੋ ਕੁੱਝ ਦੇਖਿਆ ਹੈ।

ਇਸ ਦੇ ਦੋ ਭਾਗ ਹਨ। ਪਹਿਲਾ ਭਾਗ ਇੱਕ ਪ੍ਰਕਾਰ ਦੀ ਸੁਵਿਸਥਾਰ ਭੂਮਿਕਾ ਹੀ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦਾ ਉਨ੍ਹਾਂ ਦੇ ਸਮੇਂ ਦੇ ਪਿਛੋਕੜ ਵਿੱਚ ਜੀਵਨ, ਉਨ੍ਹਾਂ ਦੇ ਸਮੇਂ ਦੇ ਹਾਲਾਤ, ਉਨ੍ਹਾਂ ਦੀਆਂ ਯਾਤ੍ਰਾਵਾਂ ਅਤੇ ਯਾਤ੍ਰਾਵਾਂ ਦੇ ਦੌਰਾਨ ਉਨ੍ਹਾਂ ਦਾ ਹੋਰਨਾਂ ਧਰਮਾਂ ਦੇ [illegible]ਰਾਂ ਨਾਲ ਹੋਏ

ਵਿਚਾਰ ਵਟਾਂਦਰੇ ਬਾਰੇ ਵਿਚਾਰ ਕੀਤਾ ਗਿਆ ਹੈ । ਇਸ ਸਾਰੇ ਕੁੱਝ ਨੂੰ ਬ੍ਰਹਮ ਦੀ ਸਰਵ-ਵਿਆਪਕਤਾ ਦੇ ਸੰਦਰਭ ਵਿੱਚ ਪੇਸ਼ ਕਰਕੇ ਇਹ ਵੇਖਣ ਦਾ ਯਤਨ ਕੀਤਾ ਹੈ ਕਿ ਕੀ ਵਿਸ਼ਵ ਦੇ ਹੋਰਨਾਂ ਪ੍ਰਮੁੱਖ ਧਰਮਾਂ ਵਿੱਚ "ਅੰਤਮ ਸੱਚ " ਦਾ ਸਰੂਪ ਵਰਣਨ ਕੀਤਾ ਗਿਆ ਹੈ ? ਜੇ ਕੀਤਾ ਗਿਆ ਹੈ ਤਾਂ ਇਹ ਕਿਹੋ ਜਿਹਾ ਹੈ ।

ਦੂਸਰਾ ਭਾਗ ਖੋਜ ਦਾ ਅਸਲ ਵਿਸ਼ਾ ਹੈ । ਇਸ ਵਿੱਚ ਗੁਰੂ ਸਾਹਿਬ ਦੁਆਰਾ ਵਰਣਤ ਬ੍ਰਹਮ ਸਰੂਪ ਦਾ ਸਰਵ ਪੱਖੀ ਅਧਿਅਨ ਹੈ । ਪਹਿਲੇ ਅਧਿਆਏ ਵਿੱਚ "ਅੰਤਮ" ਬਾਰੇ ਵਿਚਾਰ ਕੀਤੀ ਗਈ ਹੈ । "ਅੰਤਮ" ਜਿਹੜਾ ਸੱਭ ਤੋਂ ਅਖੀਰ ਵਿੱਚ ਹੈ । ਜਿਹੜਾ ਸਰਵ ਸਮਿਆਂ ਵਿੱਚ "ਅੰਤਮ" ਹੈ, ਸੱਭ ਲਈ ਅੰਤਮ ਹੈ ਅਤੇ ਆਪਣੇ ਇਸ "ਅੰਤਮ" ਰੂਪ ਵਿੱਚ ਆਪਣੇ ਤੋਂ ਉਰਲੇ ਪੁਰਲੇ ਸੱਭ ਕਾਸੇ ਦਾ ਆਧਾਰ ਹੈ । ਦੂਜਾ ਅਧਿਆਇ " ਸੱਚ " ਬਾਰੇ ਵਿਚਾਰ ਸਾਹਮਣੇ ਲਿਆਉਂਦਾ ਹੈ ਜਿਸ ਵਿੱਚ ਸੱਤ ਅਸੱਤ ਜਾਂ ਮਿਥਿਆ ਦੀ ਮੁਕਾਬਲਨ ਵਿਆਖਿਆ ਕਰਕੇ "ਸੱਤ" ਅਤੇ ਮਿਥਿਆ ਦੋਹਾਂ ਦੇ ਸਰੂਪ ਦਾ ਨਿਰਣਾ ਕਰਕੇ "ਸੱਚ" ਨੂੰ ਮੁੱਖ ਰੂਪ ਵਿੱਚ ਸਾਹਮਣੇ ਲਿਆਂਦਾ ਗਿਆ ਹੈ । ਇੰਜ "ਅੰਤਮ ਸੱਤ" ਦਾ ਵੱਖੋ ਵੱਖਰੇ ਰੂਪਾਂ ਵਿਚੋਂ ਵੱਖ ਵੱਖ ਨਿਰਣਾ ਕਰਕੇ ਤੀਜੇ ਅਧਿਆਇ ਵਿੱਚ ਇਹ ਵੇਖਿਆ ਹੈ ਕਿ ਇਸ "ਅੰਤਮ ਸੱਤ" ਨੂੰ ਭਾਰਤੀ ਦਰਸ਼ਨ ਵਿੱਚ "ਬ੍ਰਹਮ" ਕਿਉਂ ਕਿਹਾ ਜਾਂਦਾ ਹੈ । "ਬ੍ਰਹਮ" ਤੋਂ ਕੀ ਭਾਵ ਹੈ, ਬ੍ਰਹਮ ਸ਼ਬਦ ਦਾ ਕਿਵੇਂ ਅਰਥ ਵਿਕਾਸ ਹੁੰਦਾ ਆਇਆ ਹੈ, "ਬ੍ਰਹਮ" ਸ਼ਬਦ ਦਾ ਕੀ ਮਹੱਤਵ ਹੈ । "ਬ੍ਰਹਮ" ਭਾਵੇਂ ਇੱਕ ਹੈ ਪਰ ਇਸ ਦੇ ਰੂਪ ਦੋ ਹਨ- ਨਿਰਗੁਣ ਅਤੇ ਸਰਗੁਣ । ਅਗਲੇ ਦੋਹਾਂ ਅਧਿਆਵਾਂ ਵਿੱਚ ਨਿਰਗੁਣ ਅਤੇ ਸਰਗੁਣ ਸਰੂਪ ਦੇ ਵਰਣਨ ਨਾਲ " ੴ " ਦਾ ਸਰੂਪ ਨਿਰਧਾਰਿਤ ਹੁੰਦਾ ਹੈ ਅਤੇ ਗੁਰੂ ਸਾਹਿਬ ਦੇ ਇੱਕ-ਅਨੇਕ-ਇੱਕ, ਅਭੇਦਤਾ-ਭੇਦਤਾ-ਅਭੇਦਤਾ ਦੇ ਸਿਧਾਂਤ ਦੀ ਵਿਆਖਿਆ ਹੁੰਦੀ ਹੈ । ਗੁਰੂ ਸਾਹਿਬ ਬ੍ਰਹਮ ਨੂੰ ਨਿਰਗੁਣ " ੧ " ਸਰੂਪ ਵਿੱਚ ਵੀ ਬਿਆਨ ਕਰਦੇ ਹਨ ਅਤੇ ਸਰਗੁਣ + ਨਿਰਗੁਣ ਓ ਨੂੰ ਵੀ ਬਿਆਨ ਕਰਦੇ ਹਨ । ੴ "ਇੱਕ" ਤੋਂ ਸ਼ੁਰੂ ਹੋਕੇ, "ਓਅੰ" ਨਾਲ ਸਭ ਨੂੰ ਆਪਣੇ ਦਾਇਰੇ ਵਿੱਚ ਲੈਂਦਾ ਹੋਇਆ "ਆਕਾਰ" ਦੇ ਨੁਕਤੇ ਤੇ ਆਕੇ ਓਅੰ ਦੀ ਸਾਰੀ ਅਨੇਕਤਾ ਨੂੰ ਇੱਕ ਵਿੱਚ ਅਭੇਦ ਕਰ ਦਿੰਦਾ ਹੈ ।

ਫਿਰ ਅਗਲੇ ਅਧਿਆਇ ਵਿੱਚ ਬ੍ਰਹਮ ਦੇ ਸਰਗੁਣ ਖੰਡਤਾ ਰੂਪ ਦੇ ਇੱਕ ਪੱਖ- "ਜੀਵ" ਅਤੇ ਸਮੁੱਚੇ ਅਖੰਡ ਬ੍ਰਹਮ ਨੂੰ ਵਿਚਾਰਿਆ ਹੈ । ਗੁਰੂ ਸਾਹਿਬ ਨੇ "ਜੀਵ" ਨੂੰ ਭਰਪੂਰ ਰੂਪ ਵਿੱਚ, ਇੱਕ ਵੱਖਰੀ ਵਿਸ਼ੇਸ਼ ਹੋਂਦ ਦੇ ਰੂਪ ਵਿੱਚ, ਇਸ ਦੀ ਪੂਰੀ ਵੱਖਰਤਾ ਸਮੇਤ ਬਿਆਨ ਕੀਤਾ ਹੈ । ਪਰ ਇਸ ਵਖਰੇਪਣ ਵਿੱਚ ਵੀ ਇੱਕ ਸਮਾਨਤਾ ਹੈ । ਜੀਵ ਆਤਮਾ, ਪਰਮਾਤਮਾ ਹੈ ਅਤੇ ਪਰਮਾਤਮਾ ਆਪਸ ਵਿੱਚ ਹਮੇਸ਼ਾਂ ਅਭੇਦ ਹਨ ਪਰ ਜੀਵ ਦੀ ਅਗਿਆਨਤਾ ਕਾਰਨ ਇਹ ਵੱਖਰੇ ਜਾਪਦੇ ਹਨ । ਭਾਵੇਂ "ਆਤਮ ਰਾਮ ਰਾਮ ਹੈ ਆਤਮ " ਸਦੈਵ ਰਹਿਣੀ ਅਸਲੀਅਤ ਹੈ ਪਰ "ਜੀਵ" ਦਾ ਪਰਮਾਤਮਾ ਨਾਲੋਂ ਵਖਰਾਪਣ ਵੀ ਉਦੋਂ ਤੱਕ ਕਾਇਮ ਹੀ ਰਹਿੰਦਾ ਹੈ ਜਦੋਂ ਤੱਕ ਸ੍ਰਿਸ਼ਟੀ ਦੀ ਹੋਂਦ ਹੈ । ਗੁਰੂ ਸਾਹਿਬ

ਪਰਮਾਤਮਾ ਸਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ "ਪਰਮਾਤਮਾ" ਦਾ ਦਾਸ ਕਰਕੇ ਲਿਖਦੇ ਹਨ। ਪਰ ਆਤਮਾ ਪਰਮਾਤਮਾ ਦੀ ਅਭੇਦਤਾ ਸਦੈਵ ਰਹਿਣਾ ਸੱਚ ਹੈ ਜਦ ਕਿ ਭਿੰਨਤਾ ਕੇਵਲ ਸਾਮਿਅਕ ਸੱਚ ਹੈ ਜੋ ਆਪਣੀ ਹੋਂਦ ਲਈ ਸਦੈਵ ਰਹਿਣੇ "ਸੱਚ" ਉਤੇ ਆਸ਼ਰਿਤ ਹੈ ਅਤੇ ਇਸੇ ਦੀ ਰਜ਼ਾ ਸਦਕਾ ਹੋਂਦ ਵਿੱਚ ਆਕੇ, ਰਹਿਕੇ ਆਖਰ ਇਸੇ ਵਿੱਚ ਸਮਾ ਜਾਂਦਾ ਹੈ। ਇੱਕ ਤੋਂ ਅਨੇਕ ਹੋਕੇ, ਅਨੇਕਤਾ ਵਿੱਚ ਮੁੜ ਏਕਤਾ ਕਾਇਮ ਹੋ ਜਾਂਦੀ ਹੈ ਕਿਉਂਜੋ ਇਹ ਸੱਭ "੧ਓ" ਹੈ।

ਅਗਲੇ ਅਧਿਆਇ ਵਿੱਚ, ਨਿਰਗੁਣ ਬ੍ਰਹਮ ਨੂੰ ਸਰਗੁਣ ਕਰਨ ਵਾਲੀ, ਇੱਕ ਨੂੰ ਅਨੇਕ ਰੂਪਾਂ ਵਿੱਚ ਪ੍ਰਗਟ ਕਰਨ ਵਾਲੀ, ਅਨੇਕਤਾ ਨੂੰ ਅਨੇਕਤਾ ਵਿੱਚ ਹੀ ਭਰਮਾਉਣ ਵਾਲੀ ਬ੍ਰਹਮ ਦੀ ਸ਼ਕਤੀ "ਮਾਇਆ" ਬਾਰੇ ਵਿਚਾਰ ਕੀਤਾ ਗਿਆ ਹੈ। ਮਾਇਆ ਦੇ ਸਬੰਧ ਵਿੱਚ ਬ੍ਰਹਮ "ਸ਼ਿਵ" ਹੈ ਅਤੇ ਮਾਇਆ "ਸ਼ਕਤੀ" ਹੈ, ਬ੍ਰਹਮ ਪੁਰਖ ਹੈ ਅਤੇ ਮਾਇਆ ਨਾਰ ਹੈ। ਸ਼ਿਵ-ਸ਼ਕਤੀ ਦਾ ਖੇਲ ਹਰ ਪਾਸੇ ਹੋ ਰਿਹਾ ਹੈ, ਸ਼ਿਵ ਵਿੱਚ ਸ਼ਕਤੀ ਸਮਾ ਰਹੀ ਹੈ ਅਤੇ ਸ਼ਕਤੀ ਵਿੱਚ ਸ਼ਿਵ ਸਮਾ ਰਿਹਾ ਹੈ, ਪੁਰਖ ਵਿੱਚ ਨਾਰ ਅਤੇ ਨਾਰ ਵਿੱਚ ਪੁਰਖ ਸਮਾ ਰਿਹਾ ਹੈ। ਇੰਜ ਬ੍ਰਹਮ ਅਨੇਕ ਰੂਪ ਹੁੰਦਾ ਹੋਇਆ ਵੀ ਇੱਕ ਹੋਕੇ ਰਮ ਰਿਹਾ ਹੈ, ਭੇਦ ਸਹਿਤ ਹੁੰਦਾ ਹੋਇਆ ਵੀ ਅਭੇਦਤਾ ਵਿੱਚ ਰਵ ਰਿਹਾ ਹੈ ਅਤੇ ਇਹ ਅਨੇਕਤਾ ਅਤੇ ਭੇਦਤਾ ਵੀ ਅਸਲ ਵਿੱਚ ਇੱਕੋ ਇੱਕ ਅਭੇਦ ਬ੍ਰਹਮ ਦੀ ਰਜ਼ਾ ਕਾਰਨ ਹੈ, ਬ੍ਰਹਮ ਦਾ ਆਪਣਾ ਹੀ ਆਪਾ ਹੈ, ਆਪਣੇ ਆਪ ਨੂੰ ਖੁਸ਼ ਕਰਨ ਲਈ ਆਪਣੇ ਆਪ ਵਿਚੋਂ ਹੀ ਰਚਿਆ ਖੇਲ ਹੈ, ਜੋ ਉਸ ਦੀ ਰਜ਼ਾ ਵਿੱਚ, ਰਜ਼ਾ ਅਨੁਸਾਰ ਹੀ ਹੋ ਰਿਹਾ ਹੈ। ਇੰਜ ਇਹ ਸੱਭ ਇੱਕ-ਅਨੇਕ-ਇੱਕ, ਅਭੇਦ-ਭੇਦ-ਅਭੇਦ ਸਰੂਪੀ ੧ਓ ਹੀ ਹੈ।

ਅਗਲੇ ਅਧਿਆਇ ਵਿੱਚ ਸਰਗੁਣ ਦੀ ਅਨੇਕਤਾ ਇਸ ਦੇ ਸਮੁੱਚੇ ਰੂਪ ਅਤੇ ਇੱਕ ਖੰਡ, ਬ੍ਰਹਮੰਡ ਅਤੇ ਪਿੰਡ ਬਾਰੇ ਵਿਚਾਰ ਕੀਤੀ ਗਈ ਹੈ। ਜਿਵੇਂ ਆਤਮਾ ਅਤੇ ਪਰਮਾਤਮਾ ਆਪਸ ਵਿਚ ਹਮੇਸ਼ਾ ਅਭੇਦ ਵੀ ਹੈ ਅਤੇ ਉਸੇ ਦੀ ਰਜ਼ਾ ਅਨੁਸਾਰ ਕੁੱਝ ਦੇਰ ਲਈ ਅਨੇਕ ਅਤੇ ਭੇਦ ਭਾਵ ਵਿੱਚ ਵੀ ਹੈ। ਇਸੇ ਤਰਾਂ, ਬ੍ਰਹਮੰਡ ਅਤੇ ਪਿੰਡ ਆਪਸ ਵਿੱਚ ਅਭੇਦ ਵੀ ਹਨ, ਬ੍ਰਹਮੰਡ ਵਿੱਚ, ਪਿੰਡ ਅਤੇ ਪਿੰਡ ਵਿੱਚ ਵੀ ਬ੍ਰਹਮੰਡ ਹੈ ਅਤੇ ਇੱਕ ਦੂਜੇ ਤੋਂ ਵੱਖ ਵੀ ਹਨ ਕਿਉਂਜੋ ਬ੍ਰਹਮੰਡ ਸਮੁੱਚਾ ਹੈ ਅਤੇ ਪਿੰਡ ਇਸ ਦਾ ਇੱਕ ਬਹੁਤ ਛੋਟਾ ਜਿਹਾ ਅੰਗ। ਪਰ ਬ੍ਰਹਮੰਡ ਅਤੇ ਪਿੰਡ ਆਪਣੇ ਅੰਦਰ ਰਵ ਰਹੇ ਬ੍ਰਹਮ ਕਾਰਨ ਇੱਕ ਹਨ। ਇੱਕ ਦਾ ਇਹ ਓ ਰੂਪ ਖੇਲ ਅਜਿਹਾ ਹੈ ਕਿ ਇਸ ਵਿੱਚ ਹਰ ਚੀਜ਼ ਆਪਣੇ ਆਪ ਵਿੱਚ ਵੀ ਪੂਰਨ ਹੈ ਅਤੇ, ਸਮੁੱਚਾ ਵੀ ਆਪਣੇ ਆਪ ਵਿੱਚ ਪੂਰਨ ਹੈ। "ਅੰਗ" ਸਮੁੱਚੇ ਦੇ ਸਬੰਧ ਵਿੱਚ ਅਪੂਰਣ ਜਾਪਦਾ ਹੈ, ਪਰ ਜਦੋਂ ਅੰਗ ਅੰਦਰ ਰਵ ਰਹੇ "੧" ਨੂੰ ਲੱਖ ਲਿਆ ਜਾਏ ਤਾਂ ਅੰਗ ਵਿੱਚ ਹੀ ਸੰਪੂਰਨਤਾ ਪ੍ਰਾਪਤ ਹੋ ਜਾਂਦੀ ਹੈ। ਪਰ ਤਾਂ ਵੀ ਇਹ ਸੱਭ ਕੁੱਝ ੧ ਦੇ ਹੀ ਹੁੱਕਮ ਵਿੱਚ ਹੋ ਰਿਹਾ ਹੈ। ਸੱਭ ਕੁੱਝ ੧ਓ ਹੀ ਹੈ।

ਅਗਲੇ ਅਧਿਆਇ ਵਿੱਚ ਇਸ ਗੱਲ ਦਾ ਵਿਵੇਚਨ ਕੀਤਾ ਗਿਆ ਹੈ ਕਿ ਕਵੇਂ ਗੁਰੂ ਸਾਹਿਬ

ਦੁਆਰਾ ਵਰਤੇ ਗਏ ਬ੍ਰਹਮ ਦੇ ਸਾਰੇ ਹੀ ਨਾਮ ਉਸਦੇ ਕਿਸੇ ਨਾ ਕਿਸੇ ਗੁਣ ਨੂੰ ਹੀ ਰੂਪਮਾਨ ਕਰਦੇ ਹਨ ਅਤੇ ਆਪਣੇ ਆਪ ਵਿੱਚ ਬ੍ਰਹਮ ਦਾ ਇੱਕ ਸੰਕਲਪ ਪੇਸ਼ ਕਰਦੇ ਹਨ। ਇਹ ਸਾਰੇ ਨਾਮ ਅਨੇਕਤਾ ਦਾ ਪ੍ਰਭਾਵ ਪਾਉਣ ਵਾਲੇ ਹਨ ਪਰ ਕਿਸ ਦੀ ? "ਇਕ " ਦੀ। ਸਾਰੇ ਹੀ ਨਾਮ ੧ ਦੇ ਹਨ ਅਤੇ ਅਨੇਕ ਨਾਮਾਂ ਵਿੱਚ ਵੀ ਓਅੰਕਾਰ ਧੁੰਨ ਸ਼ਬਦ ਰੂਪ ਵਿੱਚ "੧" ਹੋਕੇ ਵਰਤ ਰਹੀ ਹੈ। ਅਨੇਕਤਾ ਦੇ ਖੰਡ ਵੀ, ਪਿੰਡ ਵੀ, ਜੀਵ ਵੀ ਇਸ ਨਾਮ ਦੇ ਏਕਤਾ ਵਿੱਚ "ਨਾਮ" ਸਿਮਰਨ ਰਾਹੀਂ ਅਭੇਦ ਹੋਕੇ ਸਮੁੱਚੇ ਨਾਲ, ੧ ਨਾਲ ਅਭੇਦ ਹੋ ਜਾਂਦੇ ਹਨ। "੧" ਦੇ ਅਨੇਕ ਨਾਮ , ਫਿਰ ਇਨ੍ਹਾਂ ਨਾਮਾਂ ਵਿੱਚ ਰਵ ਰਿਹਾ ਅੰਤਰ ਨਿਧਾਨ "ਸ਼ਬਦ" ਰੂਪ ਨਾਮ ਫਿਰ ਅੰਤਰ ਨਿਧਾਨ ਸ਼ਬਦ ਰੂਪ ਨਾਮ ਨਾਲ ਇਕਸੁਰ ਸਹਿਜ ਅਵਸਥਾ ਵਿੱਚ ਆਉਣ ਲਈ ਇਸ ਵਿੱਚ ਲਿਵਲੀਨ ਗੁਰੂ ਦਾ ਬਖਸ਼ਿਆ ਨਾਮ ਅਤੇ ਜੀਵ ਦਾ ਗੁਰ ਕਿਰਪਾ ਸਦਕਾ ਹੋਇਆ ਨਾਮ ਸਿਮਰਨ ਸੱਭ ਮਿਲਕੇ ਇੱਕ-ਅਨੇਕ-ਇੱਕ, ਅਭਿਦਤਾ-ਭੇਦਤਾ-ਅਭਿਦਤਾ ਦੇ ਖੇਲ ਨੂੰ ਰੂਪਮਾਨ ਕਰਦੇ ਹਨ ਅਤੇ ਵਿਸ਼ਵ ਦੀ ਅੰਤਮ ਸਚਾਈ ੧ਓ ਹੋਣ ਦੇ ਵਿਚਾਰ ਨੂੰ ਦ੍ਰਿੜ ਕਰਦੇ ਹਨ।

ਅਗਲੇ ਅਧਿਆਇ ਵਿੱਚ ੧ ਦੀ ਅਨੇਕਤਾ ਨੂੰ ਯਥਾਰਥਕ ਰੂਪ ਵਿੱਚ ਸਾਹਮਣੇ ਰੱਖਦੇ ਹੋਏ ਅਨੇਕਤਾ ਤੋਂ ਇੱਕ ਹੋ ਜਾਣ ਦੇ ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ ਦਾ ਵਰਣਨ ਕੀਤਾ ਗਿਆ ਹੈ। ਇਹ ਮਾਰਗ ਵੀ ਗੁਰੂ ਸਾਹਿਬ ਦੇ ਸਰਲ ਤੇ ਸਪਸ਼ਟ ਅਕੀਦਿਆਂ ਸਦਕਾ ਸਰਲ ਅਤੇ ਸਪਸ਼ਟ ਹੀ ਹੈ। ਇਹ ਹਰ ਪ੍ਰਕਾਰ ਦੇ ਲੰਮੇ ਝਮੇਲਿਆਂ ਨੂੰ ਤਿਆਗਕੇ ਸ਼ੁਭ ਕਰਮ ਕਮਾਉਣ, ਸ਼ੁਭ ਗੁਣ ਕਮਾਉਣ, ਪਰਮਾਤਮਾ ਨਾਲ ਪਿਆਰ ਪਾਉਣ ਤੇ ਕਿਰਪਾ ਦਾ ਪਾਤਰ ਬਣਕੇ ਸੱਚਾ ਗੁਰੂ ਪ੍ਰਾਪਤ ਕਰਨ, ਸਤਿਗੁਰੂ ਦੀ ਸੇਵਾ ਪਿਆਰ ਸਦਕਾ ਉਸ ਦੀ ਕਿਰਪਾ ਦਾ ਪਾਤਰ ਬਣਕੇ ਨਾਮ ਦਾਨ ਪ੍ਰਾਪਤ ਕਰਨ, ਫਿਰ ਨਾਮ ਸਿਮਰਨ ਕਰਨ, ਸਤਿਸੰਗਤ ਕਰਨ ਦਾ, ਦਾਨ, ਇਸ਼ਨਾਨ ਦਾ ਮਾਰਗ ਹੈ। ਸਮਾਜਿਕ ਨਿਖੇੜ ਦਾ ਨਹੀਂ ਸਗੋਂ ਸਮਾਜਿਕ ਮੇਲ ਦਾ, ਲੋਕਾਂ ਨਾਲੋਂ ਵਖਰਤਾ ਦਾ ਨਹੀਂ ਸਗੋਂ ਲੋਕਾਂ ਨਾਲ ਏਕਤਾ ਦਾ, ਦੁੱਨੀਆਂ ਤਿਆਗ ਦਾ ਨਹੀਂ ਸਗੋਂ ਦੁੱਨੀਆਂ ਪ੍ਰਾਪਤੀ ਦਾ ਮਾਰਗ ਹੈ, ਜਿਸ ਉੱਤੇ ਚੱਲਕੇ ਜੀਵ ਨੂੰ ਚਾਰੇ ਪਦਾਰਥ ਹਾਸਲ ਹੁੰਦੇ ਹਨ- ਧਰਮ, ਅਰਥ, ਕਾਮ, ਮੋਕਸ਼।

ਸੱਭ ਤੋਂ ਅਖੀਰ ਵਿਚ "ਮੂਲ ਮੰਤ੍ਰ" ਦਾ ਆਲੋਚਨਾਤਮਿਕ ਅਧਿਅਨ ਹੈ। "ਮੂਲ ਮੰਤ੍ਰ" ਜਿਹੜਾ ਕਿ ਬ੍ਰਹਮ ਵਰਣਨ ਵੀ ਹੈ , ਜੀਵ ਵਰਣਨ ਵੀ ਹੈ, ਸਮੁੱਚੇ ਦੀ ਅਸਲੀਅਤ ਵੀ ਹੈ ਅਤੇ ਇੱਕ ਅੰਸ਼ ਦੀ ਅਸਲੀਅਤ ਵੀ ਹੈ। ਇਹ ਜੀਵਨ ਵੀ ਹੈ ਅਤੇ ਜੀਵਨ ਪ੍ਰਾਪਤੀ ਦਾ ਮਾਰਗ ਵੀ ਹੈ, ਆਤਮਿਕ ਵੀ ਹੈ ਸਦਾਚਾਰਕ ਵੀ ਹੈ ਅਤੇ ਸੰਸਾਰਕ ਵੀ ਹੈ। "੧ਓ " ਦੀ ਵਿਆਖਿਆ ਵੀ ਹੈ, ੧ਓ ਦਾ ਸਰੂਪ ਵੀ ਹੈ ਅਤੇ ਆਪਣੇ ਆਪ ਵਿਚ ਸਮੁੱਚੇ ਤੌਰ ਤੇ ਰੂਪ ਅਤੇ ਅਕਾਰ ਵਜੋਂ ੧ਓ ਵੀ ਹੈ।

ਇਸ ਕੰਮ ਨੂੰ ਮੈਂ ਆਪਣੇ ਸਤਿਕਾਰ ਯੋਗ ਗਾਈਡ ਡਾ: ਸੁਰਿੰਦਰ ਸਿੰਘ ਕੋਹਲੀ ਜੀ ਹੁਰਾਂ ਦੀ ਅਤਿ ਯੋਗ ਅਗਵਾਈ ਹੇਠ, ਉਨ੍ਹਾਂ ਵਲੋਂ ਮਿਲੇ ਲਗਾਤਾਰ ਉਤਸ਼ਾਹ ਅਤੇ ਪ੍ਰੇਰਨਾ ਸਦਕਾ ਹੀ ਪੂਰਾ ਕਰ ਸਕਣ ਦੇ ਸਮਰੱਥ ਹੋਈ ਹਾਂ। ਉਨ੍ਹਾਂ ਦੀ ਬਰੀਕ ਬੀਨੀ ਨਾਲ ਕੀਤੀ ਗਈ ਪਰਖ ਅਤੇ ਅਗਵਾਈ

ਸ਼ਾਂਤੀ ਤਸੱਲੀ ਭਰੀ ਪ੍ਰੇਰਨਾ ਸਦਕਾ ਮੈਂ ਉਨ੍ਹਾਂ ਦੀ ਦਿਲੋਂ ਧੰਨਵਾਦੀ ਹਾਂ। ਸਤਿਕਾਰ ਯੋਗ ਡਾ: ਦਲੀਪ ਸਿੰਘ ਦੀਪ ਹੁਰਾਂ ਦੀ ਵੀ ਮੈਂ ਬੇਹੱਦ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਵਿਚਾਰਾਂ ਦੀ ਉਲਝੀ ਤਾਣੀ ਨੂੰ ਸੁਲਝਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਅਤੇ ਇਕ ਪ੍ਰਕਾਰ ਨਾਲ ਮੇਰੇ ਸਥਾਨਿਕ ਗਾਈਡ ਰਹੇ ।

ਗੁਰਬਖਸ਼ ਕਲਸੀ ।

ਕਲਸੀਆਂ ਆਸ਼ਰਮ, ਕਲਸੀਆਂ ਰੋਡ,

ਲੁਧਿਆਣਾ-3.

" ਭਾਗ ਪਹਿਲਾ "

(ਪਿਛੋਕੜ)

***

## ਗੁਰੂ ਨਾਨਕ ਦੇਵ ਜੀ ਦਾ ਬ੍ਰਹਮ ਦਾ ਸੰਕਲਪ

### ਭਾਗ ਪਹਿਲਾ

(ਪਿਛੋਕੜ)

ਪ੍ਰਕਰਣ ਪਹਿਲਾ:-

"ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਯਾਤ੍ਰਾਵਾਂ । ਯਾਤ੍ਰਾਵਾਂ ਦੇ ਦੌਰਾਨ ਉਨ੍ਹਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਦੇ ਆਗੂਆਂ ਨਾਲ ਮੇਲ ।"

ਪ੍ਰਕਰਣ ਦੂਜਾ:-

"ਹੋਰਾ ਧਰਮਾਂ ਵਿਚ "ਅੰਤਮ ਸੱਚ" ਦਾ ਸੰਕਲਪ"

ਪ੍ਰਕਰਣ ਤੀਜਾ:-

ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਥਿਤੀ - ਵਿਸ਼ੇਸ਼ ਕਰਕੇ ਬ੍ਰਹਮ ਦੀ ਸਰਵ ਵਿਆਪਕ ਹੋਂਦ ਦੇ ਸੰਧਰਭ ਵਿਚ"

***

## ਪ੍ਰਕਰਣ ਪਹਿਲਾ

### "ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਯਾਤ੍ਰਾਵਾਂ । ਯਾਤ੍ਰਾਵਾਂ ਦੇ ਦੌਰਾਨ ਉਨ੍ਹਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਦੇ ਆਗੂਆਂ ਨਾਲ ਮੇਲ।"

ਖਾਨਦਾਨ ਅਤੇ ਜਨਮ, ਬਚਪਨ, ਕਿਸ਼ੋਰ ਅਵਸਥਾ, ਜੁਆਨ ਅਵਸਥਾ, ਤਿੰਨ ਮਹੱਤਵ ਪੂਰਨ ਦਿੱਨ, ਉਦਾਸੀ ਜੀਵਨ, ਉਦਾਸੀਆਂ ਤੇ ਜਾਣ ਦਾ ਉਦੇਸ਼, ਪਹਿਲੀ ਉਦਾਸੀ, ਦੂਜੀ ਉਦਾਸੀ, ਤੀਜੀ ਉਦਾਸੀ, ਚੌਥੀ ਉਦਾਸੀ, ਵਿਦੇਸ਼ੀ ਅਤੇ ਭਾਰਤੀ ਧਰਮਾਂ ਦੇ ਪੈਰੋਕਾਰਾਂ ਨਾਲ ਗੁਰੂ ਜੀ ਦਾ ਮੇਲ, ਕਪਲ ਦੇ ਸਾਂਖ-ਵਾਦੀਆਂ ਅਤੇ ਪੰਤਾਜਲੀ ਦੇ ਯੋਗੀਆਂ ਨਾਲ, ਕਨਦ ਦੇ ਵੈਸ਼ੇਸ਼ਕਾਵਾਦੀਆਂ ਅਤੇ ਗੌਤਮ ਦੇ ਨਿਆਏ-ਵਾਦੀਆਂ ਨਾਲ, ਜੈਮਨੀ ਦੇ ਪੂਰਵ ਮਿਮਾਸਾਵਾਦੀਆਂ ਅਤੇ ਵਿਆਸ ਦੇ ਉਤਰ ਮਿਮਾਸਾਵਾਦੀਆਂ ਨਾਲ, ਜੈਨ ਧਰਮ ਦੇ ਅਨੁਆਈਆਂ ਨਾਲ, ਇਸਲਾਮ ਧਰਮ ਦੇ ਅਨੁਆਈਆਂ ਨਾਲ, ਯਹੂਦੀ ਧਰਮ ਦੇ ਅਨੁਆਈਆਂ ਨਾਲ, ਈਸਾਈ ਧਰਮ ਦੇ ਅਨੁਆਈਆਂ ਨਾਲ, ਕਨਫੀਊਸੀਅਸ ਧਰਮ ਦੇ ਅਨੁਆਈਆਂ ਨਾਲ, ਤਾਓ ਧਰਮ ਦੇ ਅਨੁਆਈਆਂ ਨਾਲ, ਸਿੰਟੋ ਧਰਮ ਦੇ ਅਨੁਆਈਆਂ ਨਾਲ ਮੇਲ ।

***

ਪ੍ਰਕਰਣ-1.

## ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਯਾਤ੍ਰਾਵਾਂ - ਯਾਤ੍ਰਾਵਾਂ ਦੇ ਦੌਰਾਨ ਉਨ੍ਹਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਦੇ ਆਗੂਆਂ ਨਾਲ ਮੇਲ।

### ਖਾਨਦਾਨ ਅਤੇ ਜਨਮ

ਗੁਰੂ ਨਾਨਕ ਦੇਵ ਜੀ ਦੇ ਵਡੇ ਵਡੇਰੇ ਪੰਜਾਬ ਦੇ ਸ਼ਾਸ਼ਕ ਰਹੇ ਹਨ। ਗੁਰੂ ਸਾਹਿਬ ਦਾ ਖਾਨਦਾਨ ਸੂਰਜਵੰਸੀ ਰਾਮ ਚੰਦਰ ਜੀ ਦੇ ਲੜਕੇ "ਕੁਸ਼" ਤੋਂ ਚਲਦਾ ਹੈ। ਇਸ ਵੰਸ ਵਿਚ ਬੜੇ ਬੜੇ ਯੋਧੇ ਸੂਰਬੀਰਾਂ ਤੋਂ ਇਲਾਵਾ ਬੜੇ ਧੁਰੰਧਰ ਵਿਦਵਾਨ ਵੀ ਹੋਏ ਜਿਨ੍ਹਾਂ ਨੇ ਵੇਦਾਂ ਦਾ ਡੂੰਘਾ ਅਧਿਐਨ ਕੀਤਾ। ਇਨ੍ਹਾਂ ਵਿਦਵਾਨਾਂ ਦੇ ਵਿਸ਼ਾਲ ਵੈਦਿਕ, ਅਧਿਐਨ ਕਾਰਨ ਇਸ ਖਾਨਦਾਨ ਦਾ ਨਾਮ ਹੀ "ਬੇਦੀ" ਖਾਨਦਾਨ ਪੈ ਗਿਆ। ਅਜਿਹੇ ਮਹਾਨ ਸੂਰਬੀਰਤਾ ਅਤੇ ਵਿਦਵਤਾ ਵਾਲੇ ਵਿਰਸੇ ਨੂੰ ਲੈਕੇ ਗੁਰੂ ਨਾਨਕ ਦੇਵ ਜੀ 1469 ਈ: ਨੂੰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਮਹਿਤਾ ਕਾਲੂ ਜਾਂ ਕਲਿਆਣ ਚੰਦ ਜੀ ਦੇ ਘਰ ਰਾਇ ਭੋਏ ਦੀ ਤਲਵੰਡੀ ( ਨਨਕਾਣਾ ਸਾਹਿਬ ) ਵਿਚ ਪੈਦਾ ਹੋਏ।[1] ਮਹਿਤਾ ਕਾਲੂ ਜਾਂ ਕਲਿਆਣ ਚੰਦ[2] ਜੀ ਦੇ ਪਿਤਾ ਸ਼ਿਵਰਾਮ ਜੀ ਰਾਇ ਭੋਏ ਦੀ ਤਲਵੰਡੀ ਦੇ ਕਰਦਾਰ ਸਨ। ਸ਼ਿਵਰਾਮ ਜੀ ਤੋਂ ਬਾਅਦ "ਕਲਿਆਣ ਚੰਦ"ਖੀ ਕਰਦਾਰ ਥਾਪ ਦਿੱਤੇ ਗਏ।

### ਬਚਪਨ

ਪੁਰਾਤਨ ਜਨਮ ਸਾਖੀ ਅਨੁਸਾਰ ਆਪਣੇ ਬਚਪਨ ਤੋਂ ਹੀ ਗੁਰੂ ਸਾਹਿਬ ਬੜੀ ਗੰਭੀਰ ਬਿਰਤੀ ਵਾਲੇ ਸਨ, ਘੱਟ ਬੋਲਦੇ , ਜੋ ਕੁੱਝ ਬੋਲਦੇ ਸੋਚ ਕੇ ਬੋਲਦੇ, ਉਨ੍ਹਾਂ ਦੀ ਹਰ ਗੱਲ ਕਿਸੇ ਮਹਾਨ ਸਚਾਈ ਨੂੰ

---

1. ਤੀਨਿ ਬੇਦੀਅਨ ਕੀ ਕੁਲ ਵਿਖੇ ਪ੍ਰਗਟੇ ਨਾਨਕ ਰਾਇ"

(ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬਚਿਤ੍ਰ ਨਾਟਕ, ਪੰਨਾ-34.)

2. ਡਾ: ਸ. ਸ. ਕੋਹਲੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਮ "ਕਲਿਆਣ ਚੰਦ" ਲਿਖਦੇ ਹਨ ਪਰ ਡਾ: ਤ੍ਰਿਲੋਚਨ ਸਿੰਘ "ਕਾਲੂ ਚੰਦ" ਲਿਖਦੇ ਹਨ। ਭਾਈ ਵੀਰ ਸਿੰਘ ਜੀ "ਮਹਿਤਾ ਕਾਲੂ" ਨਾਮ ਲਿਖਦੇ ਹਨ। ਜਨਮ ਸਾਖੀਆਂ ਵਿਚ ਬਹੁੱਤਾ ਕਰਕੇ ਕਾਲੂ ਜਾਂ "ਮਹਿਤਾ ਕਾਲੂ" ਨਾਮ ਲਿਖਿਆ ਗਿਆ ਹੈ। "ਨਾਨਕ ਚੰਦ੍ਰੋਦਯ " ਵਿਚ ਨਾਮ "ਕਲਿਆਣ ਰਾਇ" ਦਿੱਤਾ ਗਿਆ ਹੈ। ਕਾਲੂ ਰਾਇ ਅਤੇ ਕਾਲੂ ਚੰਦ ਨਾਮ ਵੀ ਕਾਫੀ ਵਰਤਿਆ ਗਿਆ ਹੈ।

ਬਿਆਨ ਕਰਦੀ ਹੁੰਦੀ।[1] ਪਰ ਮੇਹਰਬਾਨ ਵਾਲੀ ਜਨਮ ਸਾਖੀ ਵਿਚ ਇਉਂ ਲਿਖਿਆ ਹੈ ਕਿ-

"ਅਵਰ ਬਾਲਕਾਂ ਕਾ ਸੁਭਾਉ ਰੋਵਣੇ ਕਾ ਊਆਂ ਊਆਂ ।
ਅਰ ਗੁਰੂ ਬਾਬੇ ਨਾਨਕ ਕਾ ਸੁਭਾਉ ਇਹੀ ਕਹੈ ।
ਤੇਰੇ ਨਾਉਂ ਤੇਰੇ ਨਾਉਂ ਪਣੁ ਪਛਾਨ ਕੋਈ ਨਾ ਸਕੈ ।
ਜਿ ਏਹੁ ਕਿਆ ਕਹਿਤਾ ਹੈ,;;...... "

ਭਾਈ ਮਨੀ ਸਿੰਘ ਜੀ ਦੀ ਲਿਖਤ ਅਤੇ ਗਿਆਨ ਰਤਨਾਵਲ ਵਿਚ ਵੀ ਥੋੜਾ ਜਿਕਰ ਮਿਲਦਾ ਹੈ "ਜਿ ਕੋਊ ਬਾਲ ਕੇ ਬੁਲਾਵੈ ਹੱਸਕੇ ਮੁੱਖ ਲਗੇ ਜੇ ਪਘੂੜੇ ਮੈ ਡਾਲੈਂ ਤਾਂ ਪ੍ਰਾਣਾ ਕੋ ਰੋਕ ਕਰ ਸਮਾਧ ਲਗਾ ਰਹੇ, ਜੇ ਮਾਤਾ ਦੂਧ ਪੀਆਵੈ ਤਾਂ ਰਜ਼ ਕਰਿ ਦੂਧ ਪੀਵੈ ਪਿਛਲੀ ਰਾਤ ਜਾਗੈ। ਉਸ ਕੇ ਪੀਛੈ ਮਾਤਾ ਪਿਤਾ ਭੀ ਜਾਗੈਂ ਬਾਲਕ ਕੋ ਵੀ ਇਸ਼ਨਾਨ ਕਰਾਵਨ ਆਪ ਭੀ ਕਰਨ ਅਰ ਨਾਮ ਜਪਨ। ਜਉ ਬਾਬਾ ਬਰਸ ਦਿਨ ਕਾ ਹੂਆ, ਉਨਾਂ ਨੇ ਬਰਸ ਗੰਡ ਕਰੀ, ਬੜਾ ਬ੍ਰਹਮ ਭੋਜ ਕੀਆਂ ਬਾਬਾ ਬੈਠਨ ਸੀਖਾ, ਚੌਕੜੀ ਮਾਰ ਕਰਿ ਸਿਧ ਆਸਣ ਕਰਿ ਬੈਠੇ। ਪ੍ਰਾਣਾ ਮੈ ਵਾਹੁ ਗੁਰੂ ਕਾ ਜਾਪ ਕਰੇ। ਜਬ ਡੇਢ ਬਰਸ ਕਾ ਹੂਆ ਤਾ ਬੋਲਣ ਸੀਖਾ, ਜਾ ਬੋਲੈ ਵਾਹੁ ਗੁਰੂ ਬੋਲੇ।"[2]

"ਤਬ ਬਹੁਤ ਸੁੰਦਰ ਪਘੂੜੇ ਮੈ ਝੁਲਾਵੈ ਗੁਰ ਕੇ ਮਾਤਾ ਜੀ, ਜਬ ਸਵਾ ਪਹਿਰ ਰਾਤ ਰਹੇ ਤਬ ਸਾਹਿਬ ਉਠ ਬੈਠੇ , ਤਬ ਮਾਤਾ ਜੀ ਨਵਾਵੈ ਅਰ ਇਸਨਾਨ ਕਰ ਕੇ ਮਾਤਾ ਜੀ ਵੀ ਨਾਮ ਕਾ ਉਚਾਰਨ ਕਹੈ, ਤਬ ਸਾਹਿਬ ਭੀ ਬਾਹਰ ਨੇਤ੍ਰ ਮੀਟ ਲੈਵੈਂ, ਮਾਤਾ ਜੀ ਜਾਨੈ ਜੋ ਸੁਇ ਗਏ ਹੈਂ ਅਰ ਸਾਹਿਬ ਸਮਾਧ ਲਗਾ ਇਕੇ ਨਾਮ ਜਪੈ।"[3]

ਇਨਾਂ ਸਭ ਗੱਲਾਂ ਦੀ ਚਰਚਾ ਗਲੀ ਮਹੱਲੇ ਨਗਰੀ ਅਤੇ ਆਸ ਪਾਸ ਦੇ ਪਿੰਡਾਂ ਤੱਕ ਫੈਲ ਗਈ, ਜੋ ਸੁਣਦਾ ਇਕ ਵੇਰ ਦਰਸ਼ਨਾ ਲਈ ਜ਼ਰੂਰ ਆਉਂਦਾ ਅਤੇ ਰੱਬ ਰੂਪ ਬਾਲਕ ਦੇ ਦੀਦਾਰ ਕਰਕੇ ਗਦ ਗਦ ਹੋ ਜਾਂਦਾ । ਕਈ ਵੇਰ ਹਜ਼ੂਰ ਪੋਥੀ ਖੋਹਲ ਕੇ ਬੈਠ ਜਾਂਦੇ ਅਤੇ ਉਸ ਦੇ ਅਰਥ ਕਰਕੇ ਸਾਖੀਆਂ ਨੂੰ ਸੁਣਾਉਂਦੇ, ਇਕ ਦਿਨ ਪਿਤਾ ਨੇ ਪੁਛਿਆ ਨਾਨਕ ! ਇਹ ਕੀ ਪੜ੍ਹਦੇ ਹੋ? ਤਾਂ ਕਹਿਨ ਲਗੇ ਪਿਤਾ ਜੀ ! ਮੈਂ ਸਪਤ ਸਲੋਕੀ ਗੀਤ ਪੜ੍ਹਦਾ ਹਾਂ।

---

1. ਪੁਰਾਤਨ ਜਨਮ ਸਾਖੀ , ਪੰਨਾ-1.
2. ( ਲਿ: ਭਾ: ਮ: ਸਿੰ: )
3. (ਗਿ. ਰ. ਸ. 41 )

ਫਰਖਸੀਅਰ ਦੇ ਮੁਨਸ਼ੀ, ਮੌਲਵੀ ਗੁਲਾਮ ਅਲੀ ਦੀ ਲਿਖਤ ਅਨੁਸਾਰ ਗੁਰੂ ਨਾਨਕ ਸਾਹਿਬ ਬਹੁਤ ਸੋਹਣੇ, ਮਿੱਠ ਬੋਲੜੇ ਅਤੇ ਸਦਾ ਹੱਸਮੁੱਖ ਰਹਿਣੇ ਸਨ।[1] ਉਨ੍ਹਾਂ ਦਾ ਕੱਦ ਛੋਟਾ ਅਤੇ ਬਾਹਾਂ ਲੰਮੀਆਂ ਸਨ। ਗੁਰੂ ਸਾਹਿਬ ਦੇ ਬਚਪਨ ਮੂੰਹੋਂ ਗੰਭੀਰ ਗਿਆਨ ਵਾਲੀਆਂ ਗੱਲਾਂ ਸੁਣਕੇ ਸੁਣਨ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਕੋਈ ਦੇਵਤਾ ਜਾਂ ਵਲੀ ਸਮਝਣ ਲੱਗ ਪੈਂਦੇ। ਆਮ ਤੌਰ ਤੇ ਗੁਰੂ ਸਾਹਿਬ ਦੀ ਬਾਲ ਬੁੱਧ ਤੇ ਸ਼ੱਕ ਕੀਤੇ ਜਾਂਦੇ ਹਨ, ਪਰ ਜਰਮਨੀ ਦੀ ਇਕ ਪੰਜ ਸਾਲ ਦੀ ਬੱਚੀ "ਓਕਾ" ਜੇ ਸ਼ਤਰੰਜ ਦੀ ਮਹਾਨ ਚੈਮਪੀਅਨ ਹੋ ਸਕਦੀ ਹੈ, ਤਾਂ ਕੀ ਗੁਰੂ ਸਾਹਿਬ ਬਿਬੇਕ ਬੁੱਧੀ ਵਾਲੇ ਬਾਲਕ ਨਹੀਂ ਹੋ ਸਕਦੇ ?

ਜਦੋਂ ਗੁਰੂ ਨਾਨਕ ਦੇਵ ਜੀ 6 ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਪੜ੍ਹਨ ਲਈ ਪਾਂਧੇ[2] ਕੋਲ ਭੇਜਿਆ ਗਿਆ। ਉਸ ਦਾ ਨਾਮ ਗੋਪਾਲ ਸੀ। ਇਥੇ ਗੁਰੂ ਸਾਹਿਬ ਨੇ ਤਿੰਨ ਸਾਲ ਮੁੱਢਲੀ ਸਿਖਿਆ ਲਈ।

ਗੋਪਾਲ[3] ਪਾਂਧੇ ਕੋਲ ਪੜ੍ਹਨ ਸਮੇਂ ਦੇ ਦੌਰਾਨ "ਪੱਟੀ" ਰਚਨਾ ਕੀਤੀ ਮੰਨੀ ਗਈ ਹੈ। ਇਸ ਰਚਨਾ ਦੀ ਦਾਰਸ਼ਨਿਕ ਗੰਭੀਰਤਾ ਅਤੇ ਖਿਆਲਾਂ ਦੀ ਪ੍ਰੋੜ੍ਹਤਾ ਦੇਖਕੇ ਕਈ ਆਧੁਨਿਕ, ਵਿਚਾਰਵਾਨ ਇਸ ਨੂੰ ਇਕ ਪੰਜ ਛੇ ਸਾਲ ਦੇ ਬੱਚੇ ਦੀ ਰਚਨਾ ਮੰਨਣ ਤੋਂ ਇਨਕਾਰ ਕਰਦੇ ਹਨ ਪਰ ਅਜਿਹੇ ਵਿਚਾਰਵਾਨਾਂ ਦਾ ਧਿਆਨ ਫਿਰ ਜਰਮਨ ਦੀ ਸਤਰੰਜ ਚੈਪੀਅਨ ਬੱਚੀ ਵੱਲ ਦੁਆਇਆ ਜਾਂ ਸਕਦਾ ਹੈ। ਪਾਂਧਾ ਗੁਰੂ ਸਾਹਿਬ ਦੇ ਵਿਚਾਰਾਂ ਦੀ ਗਹਿਰਾਈ ਅਤੇ ਅਨੁਭਵ ਦੀ ਸੂਖਸ਼ਮਤਾ ਦੇਖਕੇ ਦੰਗ ਰਹਿ ਗਿਆ। ਗੁਰੂ ਸਾਹਿਬ ਦੀ ਕਾਬਲੀਅਤ ਤੋਂ ਅਤਿ ਪ੍ਰਭਾਵਤ ਹੋਕੇ ਪਾਂਧਾ ਮਹਿਤਾ ਕਾਲੂ ਜੀ ਨੂੰ ਮਿਲਿਆ ਅਤੇ ਕਿਹਾ:-

---

1. ਪੰਜਾਬੀ ਦੁੱਨੀਆਂ, ਗੁਰੂ ਨਾਨਕ ਅੰਕ (ਭਾਗ ਪਹਿਲਾ) ਪੰਨਾ-21.)
2. I ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ- "ਜਬ ਬਾਬਾ ਬਰਸਾਂ ਸਤਾਂ ਕਾ ਹੋਇਆ ਤਬ ਕਾਲੂ ਕਹਿਆ ਤੂੰ ਪੜ੍ਹ। (ਸਾਖੀ ਪੱਟੀ ਪਾਂਧਾ, ਪੰਨਾ-18)
   II ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ:- "ਤਾਂ ਬਾਬਾ ਬਰਸਾਂ ਪੰਜਾਂ ਦਾ ਹੋਇਆ ਅਰ ਮਾਤਾ ਪਿਤਾ ਨੇ ਕਹਿਆ, ਇਸ ਨੂੰ ਪਾਂਧੇ ਦੇ ਪੜ੍ਹਨ ਪਾਈਐ। (ਪੰਨਾ-97)
   III ਡਾ: ਤ੍ਰਿਲੋਚਨ ਸਿੰਘ "ਗੁਰੂ ਨਾਨਕ" ਵਿੱਚ ਪਾਂਧੇ ਕੋਲ ਪੜ੍ਹਨ ਜਾਣ ਦੀ ਉਮਰ ਪੰਜ ਸਾਲ ਲਿਖਦੇ ਹਨ। ਪਰ ਭਾਈ ਵੀਰ ਸਿੰਘ "ਗੁਰੂ ਨਾਨਕ ਚਮਤਕਾਰ" ਵਿਚ ਉਮਰ ਸੱਤ ਸਾਲ ਲਿਖਦੇ ਹਨ। ਡਾ: ਸੁਰਿੰਦਰ ਸਿੰਘ ਕੋਹਲੀ "ਫਿਲਾਸਫੀ ਆਫ ਗੁਰੂ ਨਾਨਕ" ਵਿੱਚ ਪਾਂਧੇ ਕੋਲ ਜਾਣ ਦੀ ਉਮਰ 6 ਸਾਲ ਲਿਖਦੇ ਹਨ। ਜਿਹੜੀ ਕਿ ਵਧੇਰੇ ਜਚਵੀ ਹੈ।
3. ਪਾਂਧੇ ਦਾ ਨਾਮ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਗੋਪਾਲ ਦਿੱਤਾ ਹੈ।

"ਪਾਂਧੇ ਕਹਾ ਕਾਲੂ ਤੇਰਾ ਪੁੱਤਰ ਸ਼ਾਸ਼ਤਰਾਂ ਨੂੰ ਜਗਤ ਵਿੱਚ ਪ੍ਰਗਟ ਕਰੇਗਾ।" ਅਤੇ ਲੋਕਾਂ ਕਹਿਆ ਤੁਸੀਂ ਬ੍ਰਿਜਨਾਥ ਪੰਡਤ ਕੋਲ ਜੋ ਤਲਵੰਡੀ ਰਹਿੰਦਾ ਹੈ, ਉਸ ਦੇ ਪਾਸ ਬਾਬੇ ਨੂੰ ਪੜ੍ਹਨ ਪਾਓ।[1]

ਸੋ 1478 ਈ: ਵਿੱਚ ਗੁਰੂ ਨਾਨਕ ਦੇਵ ਜੀ ਨੂੰ ਪੰਡਿਤ ਬ੍ਰਿਜਨਾਥ ਸ਼ਰਮਾ ਕੋਲ ਸੰਸਕ੍ਰਿਤ ਪੜ੍ਹਨ ਲਈ ਭੇਜਿਆ ਗਿਆ। ਗੁਰੂ ਸਾਹਿਬ ਦੀ ਬੁੱਧੀ ਬਹੁਤ ਤੇਜ਼ ਸੀ। ਇਸ ਲਈ ਦੋ ਸਾਲਾਂ ਵਿੱਚ ਗੁਰੂ ਸਾਹਿਬ ਨੇ ਉਹ ਸਾਰਾ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕਰ ਲਿਆ ਜਿਹੜਾ ਪੰਡਿਤ ਬ੍ਰਿਜਨਾਥ ਸ਼ਾਸ਼ਤਰੀ ਦੇ ਸਕਦੇ ਸਨ। ਕਹਿੰਦੇ ਹਨ ਇਸ ਸਮੇਂ ਵੀ ਗੁਰੂ ਸਾਹਿਬ ਗੁਰਬਾਣੀ ਦੀ ਰਚਨਾ ਕਰਦੇ ਰਹੇ। ਨਿਮਨ ਲਿਖਤ ਪਦਾ ਇਸੇ ਸਮੇਂ ਲਿਖਿਆ ਕਿਹਾ ਜਾਂਦਾ ਹੈ:-

"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ।
ਬਾਬਾ ਏਹੁ ਲੇਖਾ ਲਿਖਿ ਜਾਣ।
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।"

(ਸਿਰੀ ਪਦਾ, ਪੰਨਾ-16)

ਪੰਡਿਤ ਬ੍ਰਿਜਨਾਥ ਸਾਸ਼ਤ੍ਰੀ ਵੀ ਗੁਰੂ ਨਾਨਕ ਦੇਵ ਜੀ ਦੀ ਲਿਆਕਤ ਅਤੇ ਗਿਆਨ ਤੋਂ ਬਹੁਤ ਪ੍ਰਭਾਵਤ ਹੋਏ।

ਫਿਰ ਜਿਲੇ ਦੇ ਹਾਕਮ ਰਾਇ ਬੁਲਾਰ ਨੇ ਸਲਾਹ ਦਿੱਤੀ ਕਿ ਗੁਰੂ ਸਾਹਿਬ ਨੂੰ ਸਰਕਾਰੀ ਨੌਕਰੀ ਕਰਵਾਉਣ ਲਈ ਅਰਬੀ ਫਾਰਸੀ ਦਾ ਗਿਆਨ ਵੀ ਦੇਣਾ ਚਾਹੀਦਾ ਹੈ। ਸੋ ਗੁਰੂ ਸਾਹਿਬ ਨੂੰ ਮੁਲਾਨਾ-ਕੁਤਬੁ-ਉ-ਦੀਨ ਕੋਲ ਭੇਜਿਆ ਗਿਆ।[2] ਇਸ ਸਮੇਂ ਇਕ ਸੀਹ ਹਰਫੀ ਦੀ ਰਚਨਾ ਕੀਤੀ ਦੱਸੀ ਜਾਂਦੀ ਹੈ।[3]

---

1. "ਜਨਮ ਸਾਖੀ ਭਾਈ ਬਾਲੇ ਵਾਲੀ" ਪੰਨਾ-12-13.
2. ਮੈਕਾਲਫ ਵਾਲੀ ਪੁਰਾਤਨ ਜਨਮ ਸਾਖੀ ਵਿੱਚ ਅਰਬੀ ਫਾਰਸੀ ਦੇ ਅਧਿਆਪਕ ਦਾ ਨਾਮ "ਰੁਕਨੁਦੀਨ" ਦਿੱਤਾ ਹੈ।
3. Dr. Surinder Singh Kohli, "Philosophy of Guru Nanak." (Page-2.)

ਦੂਜੇ ਦਿਨ ਮੌਲਵੀ ਨੇ ਜੱਦ ਪੱਟੀ ਤੇ ਫਾਰਸੀ ਦੇ ਅੱਖਰ ਗੁਰੂ ਨਾਨਕ ਦੇਵ ਜੀ ਨੂੰ ਲਿੱਖ ਦਿੱਤੇ ਤਾਂ ਉਨਾਂ ਇਉਂ ਪੜ੍ਹਕੇ ਸੁਣਾ ਦਿੱਤੇ ਜਿਵੇਂ ਪਹਿਲਾਂ ਤੋਂ ਹੀ ਯਾਦ ਸਨ।

ਪਾਂਧੇ ਨਾਲ ਹੋਈ ਵਾਰਤਾਲਾਪ ਵਾਂਗ ਜਦ ਮੌਲਵੀ ਤੋਂ ਵੀ ਗੁਰੂ ਸਾਹਿਬ ਨੇ ਅੱਖਰਾਂ ਦੇ ਅਰਥ ਪੁਛੇ ਤਾਂ ਉਹ ਠੀਕ ਉੱਤਰ ਨਾ ਦੇ ਸਕਿਆ, ਮਹਾਰਾਜ ਨੇ ਉਸ ਸਮੇਂ ਤਿਲੰਗ ਰਾਗ ਦਾ ਇਹ ਸ਼ਬਦ ਉਚਾਰਿਆ:-

'ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ।
ਹਕਾ ਕਬੀਰ ਕਰੀਮ ਤੂ ਬੇ ਐਬ ਪਰਵਦ ਗਾਰ ।੧।

ਇਸ ਸਾਰੇ ਸ਼ਬਦ ਦੁਆਰਾ ਰੱਬੀ ਉਪਦੇਸ਼ ਸੁਣਕੇ ਕੁਤਬ ਦੀਨ ਮਹਾਰਾਜ ਦੇ ਚਰਨਾਂ ਤੇ ਡਿਗ ਪਿਆ ਅਤੇ ਉਸ ਨੇ ਬੇਨਤੀ ਕੀਤੀ:-

'ਚਰਨ ਸਰਨ ਮੈਂ ਕੀਨੇ ਪਰਨਾ। ਹਰੋ ਮੋਹਿ ਜਗ ਜਨਮੇ ਮਰਨਾ ।
ਬ੍ਰਿਧਨ ਮੈ ਤੁਮ ਬ੍ਰਿਧ ਵਡੇਰੇ । ਕਰ ਉਪਦੇਸ਼ ਕਟਹੁ ਦੁਖ ਮੇਰੇ ।[1] (ਨਾ: ਪ੍ਰ: )

ਇਸ ਬਾਣੀ ਦਾ ਰੱਬੀ ਉਪਦੇਸ਼ ਹੀ ਇਸ ਗੱਲ ਦੀ ਅਮਰ ਗੁਆਹੀ ਹੈ ਕਿ ਗੁਰੂ ਨਾਨਕ ਸਾਹਿਬ ਆਪ ਨਿਰੰਕਾਰ ਰੂਪ ਸਰਬ ਪ੍ਰਕਾਰ ਦੀ ਵਿਦਿਆ ਦੇ ਭੰਡਾਰ ਸਨ, ਜਿਨਾਂ ਨੇ ਪਾਂਧੇ ਤੋਂ ਵਰਣ ਬੋਧ ਪ੍ਰਾਪਤ ਕਰਨ ਦੀ ਬਜਾਇ ਰੱਬੀ ਗਿਆਨ ਦੇ ਅਖੁੱਟ ਭੰਡਾਰ ਚੋਂ ਕੇਵਲ ਅੱਖਰਾਂ ਦਾ ਉਚਾਰਨ ਹੀ ਨਹੀਂ ਸਗੋਂ ਇਕ ਇਕ ਅੱਖਰ ਦੇ ਵਿਸ਼ਾਲ ਭਾਵ ਦੀ ਫੁਹਾਰ ਲਾ ਦਿੱਤੀ।

ਪੰਡਤਾਂ ਮੌਲਵੀਆਂ ਪਾਸ ਉਨਾਂ ਨੂੰ ਮਹਿਤਾ ਕਾਲੂ ਜੀ ਦਾ ਪੜ੍ਹਨੇ ਪਾਉਣਾ ਉਨਾਂ ਦੀ ਆਪਣੀ ਸੰਸਾਰੀ ਇਛਿਆ ਸੀ, ਜਿਸ ਦੀ ਗੁਰੂ ਨਾਨਕ ਸਾਹਿਬ ਵਲੋਂ ਸਵੀਕਾਰਤਾ ਵਿਦਿਅਕ ਅਸਥਾਨਾਂ ਤੇ

---

1. ਕਨਿੰਘਮ ਦਾ ਆਪਣੇ ਇਤਿਹਾਸ (ਸਫ਼ਾ 14 ) ਵਿਚ ਇਹ ਲਿਖਣਾ "ਕਿ ਗੁਰੂ ਨਾਨਕ ਨੇ ਦੁਨੀਆਂ ਭਰ ਦਾ ਇਲਮ ਖਿਜ਼ਰ ਪਾਸੋਂ ਸਿਖਿਆ" ਹਕੀਕਤ ਦੇ ਉਲਟ ਹੈ, ਜੇ ਉਹ ਇਸ ਗੱਲ ਨੂੰ ਮੰਨਦਾ ਹੈ ਕਿ ਈਸਾ ਨੇ ਅੰਗਰੇਜ਼ੀ ਅੱਖਰਾਂ ਦੇ ਨੁਕਤੇ ਭਾਵ 12 ਸਾਲ ਦੀ ਉਮਰ ਵਿਚ ਦੱਸਕੇ ਲੋਕਾਂ ਨੂੰ ਚਕ੍ਰਿਤ ਕਰ ਦਿਤਾ ਸੀ ਤਾ ਗੁਰੂ ਨਾਨਕ ਗੈਬੀ ਇਲਮ ਦੇ ਗਿਆਤਾ ਕਿਉਂ ਨਹੀਂ ਹੋ ਸਕਦੇ ਜੋ ਪਾਰ ਬ੍ਰਹਮ ਦਾ ਸਰੂਪ ਸਨ। ਇਕ ਹੋਰ ਜਗਾ ਤੇ ਤਾਂ ਕਨਿੰਘਮ "ਸੀਰੀਅਲ ਉਲ ਮਤਾਖਰੀਨ" ਦੇ ਹਵਾਲੇ ਨਾਲ ਇਹ ਵੀ ਲਿਖਦਾ ਹੈ ਕਿ ਗੁਰੂ ਨਾਨਕ ਆਪਣੇ ਪੜੋਸੀ ਪੀਰ ਹਸਨ ਕੋਲੂੰ ਪੜੇ ਸਨ ਜੋ ਸਰਾਸਰ ਗਲਤ ਹੈ।

ਪੁੱਛਕੇ ਕਿਸੇ ਰੱਬੀ ਕੌਤਕ ਦੁਆਰਾ ਦੁਨਿਆਵੀ ਵਿਦਿਆ ਦੇ ਪੜ੍ਹਾਕੂਆਂ ਨੂੰ ਸੁਮਾਰਗ ਲਾਉਣਾ ਹੀ ਕਿਹਾ ਜਾ ਸਕਦਾ ਹੈ। ਜੋ ਉਨ੍ਹਾਂ ਨਾਂਕੇ ਵਿਖਾਇਆ। ਜੋਹੜੇ ਸੱਜਣ ਹਕੀਕਤ ਨੂੰ ਭੰਨ ਤੋੜ ਕੇ ਹਰ ਹੀਲੇ ਗੁਰੂ ਸਾਹਿਬ ਨੂੰ ਕਿਸੇ ਮਨੁੱਖ ਦਾ ਵਿਦਿਆਰਥੀ ਬਨਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਇਹ ਮਿਥਿਆ ਹੱਠ ਤਿਆਗ ਦੇਣਾ ਚਾਹੀਦਾ ਹੈ, ਜੇ ਇਸ ਬਾਰੇ ਉਹ ਝੂਠ ਸੱਚ ਘੜ ਵੀ ਲੈਣ ਤਾਂ ਰਾਗ ਵਿਦਿਆ ਬਾਰੇ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਔਹੜੇਗਾ ਕਿ ਉਹ ਗੁਰੂ ਸਾਹਿਬ ਨੇ ਕਦ ਅਤੇ ਕਿਸ ਤੋਂ ਸਿੱਖੀ, ਜਿਸ ਲਈ ਕਈ ਵਰ੍ਹਿਆਂ ਦੀ ਲੋੜ ਸੀ, ਪਰ ਉਨ੍ਹਾਂ ਦੀ ਬਾਲ ਉਮਰ ਵਿੱਚ ਹੀ ਉਚਾਰੀ ਇਹ ਬਾਣੀ ਰਾਗ ਦੀ ਸੂਝ ਬੂਝ ਦੀਆਂ ਵੀ ਸਿੱਖਰਾਂ ਛੋਹ ਰਹੀ ਹੈ।

ਇਸ ਲਈ ਸੱਚ ਇਹੀ ਹੈ ਕਿ ਸਤਿ ਗੁਰੂ ਨਾਨਕ ਜਿਸ ਵੀ ਦੁਨਿਆਵੀ ਵਿਦਿਆ ਵੱਲ ਧਿਆਨ ਕਰਦੇ ਉਹ ਉਨ੍ਹਾਂ ਨੂੰ ਸਫੁਰ ਹੋ ਜਾਂਦੀ ਸੀ, ਕਿਉਂਕਿ ਉਨ੍ਹਾਂ ਦੇ ਅੰਤਰ ਆਤਮੇ ਧੁਰ ਦਰਗਾਹੂੰ ਹੀ ਹਰ ਪ੍ਰਕਾਰ ਦੀ ਵਿਦਿਆ ਦਾ ਪ੍ਰਕਾਸ਼ ਸੀ।

ਇਸ ਸਾਰੇ ਸਮੇਂ ਦੇ ਦੌਰਾਨ ਗੁਰੂ ਸਾਹਿਬ ਆਪਣੇ ਸਾਰੇ ਸਾਥੀਆਂ ਨੂੰ ਲੈਕੇ ਪਰਮਾਤਮਾ ਦਾ ਕੀਰਤਨ ਕਰਨ ਦੀ ਖੇਡ ਖੇਡਣ ਵੱਲ ਵਧੇਰੇ ਰੁਚਿਤ ਰਹੇ। ਕਈ ਵਾਰੀ ਗੁਰੂ ਸਾਹਿਬ ਸਮਾਧੀ ਲਗਾਉਣ ਵਾਂਗ ਵੀ ਬੈਠ ਜਾਇਆ ਕਰਦੇ ਸਨ। ਗੁਰੂ ਸਾਹਿਬ ਦੀ ਭਰਵੀ ਸ਼ਖਸ਼ੀਅਤ ਆਪਣੇ ਬਚਪਨ ਦੇ ਸਾਥੀਆਂ ਉਤੇ ਵੀ ਚੰਗਾ ਅਸਰ ਪਾਉਂਦੀ ਸੀ।

## ਕਿਸ਼ੋਰ ਅਵਸਥਾ

ਜਦੋਂ ਗੁਰੂ ਸਾਹਿਬ ਬਚਪਨ ਨੂੰ ਪਾਰ ਕਰਕੇ ਕਿਸ਼ੋਰ ਅਵਸਥਾ ਵਿੱਚ ਪੈਰ ਧਰਨ ਲੱਗੇ ਤਾਂ (1480 ਈ: ਵਿੱਚ) ਜੰਞੂ ਪਾਉਣ ਦੀ ਰਸਮ ਕੀਤੀ ਗਈ। ਇਸ ਰਸਮ ਨੂੰ ਨਿਭਾਉਣ ਲਈ ਬਹੁਤ ਤਿਆਰੀ ਕੀਤੀ ਗਈ, ਬਹੁਤ ਪੂਜਾ ਪਾਠ ਕੀਤਾ ਗਿਆ। ਇਸ ਸਾਰੇ ਸਮੇਂ ਦੇ ਦੌਰਾਨ ਤਾਂ ਗੁਰੂ ਸਾਹਿਬ ਚੁੱਪ ਰਹੇ। ਪਰ ਜਦੋਂ ਬ੍ਰਾਹਮਣ ਗੁਰੂ ਜੀ ਦੇ ਗਲੇ ਵਿਚ ਕੱਚੇ ਕਪਾਹ ਦੇ ਧਾਗੇ ਦਾ ਜੰਞੂ ਪਾਉਣ ਲੱਗਾ ਤਾਂ ਗੁਰੂ ਸਾਹਿਬ ਨੇ ਇਕ ਨਾਟਕੀ ਮੋੜਾ ਉਸਾਰਦਿਆ ਹੋਇਆਂ ਜੰਞੂ ਪਹਿਨਣ ਤੋਂ ਇਨਕਾਰ ਕਰ ਦਿੱਤਾ। ਸਭ ਹੈਰਾਨ ਹੋ ਗਏ। ਪੰਡਿਤ ਨੇ ਇਨਕਾਰ ਦਾ ਕਾਰਨ ਪੁਛਿਆ। ਗੁਰੂ ਸਾਹਿਬ ਨੇ ਫੁਰਮਾਇਆ ਕਿ ਉਹ ਤਾਂ ਅਜਿਹਾ ਜੰਞੂ ਪਾਉਣਾ ਚਾਹੁੰਦੇ ਹਨ ਜਿਹੜਾ ਦਇਆ ਦੀ ਕਪਾਹ ਜੱਤ ਦੀਆਂ ਗੰਢਾਂ ਅਤੇ ਸਤੁ ਦਾ ਵੱਟ ਦੇਕੇ ਤਿਆਰ ਕੀਤਾ ਗਿਆ ਹੋਵੇ। ਜੋ ਨਾ ਟੁਟੇ ਨਾ ਮੈਲਾ ਹੋਵੇ ਅਤੇ ਨਾ ਅੱਗ ਨਾਲ ਸੜ ਸਕੇ।

ਅਤੇ ਸਿਖਿਆ ਦਿੱਤੀ ਕਿ ਧੰਨ ਹਨ ਉਹ ਜੀਵ ਜੋ ਅਜਿਹਾ ਜਨੇਊ ਪੈਹਨ ਕੇ ਸੰਸਾਰ ਤੋਂ ਜਾਂਦੇ ਹਨ। ਸੰਸਾਰ ਦੀ ਇਹ ਕੋਈ ਮਹੱਤਵ ਪੂਰਨ ਰੀਤ ਨਹੀਂ ਕਿ ਚਾਰ ਕਉਡਾਂ ਦਾ ਧਾਗਾ ਚੌਕੇ

ਬਹਿਕੇ ਪਾ ਲਿਆ ਅਤੇ ਕੰਨ ਵਿੱਚ ਸਿਖਿਆ ਲੈਕੇ ਬ੍ਰਾਹਮਣ ਨੂੰ ਗੁਰੂ ਮੰਨ ਲਿਆ, ਆਖਰ ਜਦ ਮਨੁੱਖ ਮਰਦਾ ਹੈ ਤਾਂ ਉਸ ਦਾ ਇਹ ਕੱਚਾ ਜਨੇਊ ਵੀ ਨਾਸ਼ ਹੋ ਜਾਂਦਾ ਹੈ ਅਤੇ ਜੀਵ ਨੂੰ ਬਿਨਾਂ ਜਨੇਊ ਜਾਣਾ ਪੈਂਦਾ ਹੈ।

ਲੱਖਾਂ ਚੋਰੀਆਂ, ਯਾਰੀਆਂ, ਝੂਠ, ਗਾਲ੍ਹ ਗਲੋਚ, ਠੱਗੀਆਂ ਅਤੇ ਬਿਭਚਾਰੀ ਗੱਲਾਂ ਜੋ ਦਿਨ ਰਾਤ ਜੀਵ ਦੇ ਨਾਲ ਰਹਿੰਦੀਆਂ ਹਨ ਉਨ੍ਹਾਂ ਦਾ ਤਾਂ ਤੁਸੀਂ ਕੋਈ ਉਪਾਉ ਨਹੀਂ ਕਰਦੇ, ਬੱਸ ਕਪਾਹ ਦਾ ਜਨੇਊ ਕੱਤ ਕੇ ਬ੍ਰਾਹਮਣ ਆ ਬੈਠਦਾ ਹੈ ਅਤੇ ਬਕਰਿਆਂ ਨੂੰ ਕੁਹ ਖਾ ਕੇ ਸਭ ਲੋਕ ਸਮਝਦੇ ਹਨ ਕਿ ਜਨੇਊ ਪੈ ਗਿਆ, ਫਿਰ ਜਦ ਇਕ ਜਨੇਊ ਪੁਰਾਣਾ ਹੋ ਜਾਂਦਾ ਹੈ ਤਾਂ ਹੋਰ ਪਾ ਲਿਆ ਜਾਂਦਾ ਹੈ, ਜੇ ਜਨੇਊ ਵਿਚ ਕੋਈ ਆਪਣਾ ਬਲ ਸਤੁ ਹੁੰਦਾ ਤਾਂ ਟੁਟਦਾ ਹੀ ਕਿਉਂ। ਪੰਡਿਤ ਜੀ ! ਪ੍ਰਭੂ ਦੇ ਨਾਮ ਨੂੰ ਮੰਨਿਆਂ ਹੀ ਇੱਜ਼ਤ ਮਿਲਦੀ ਹੈ ਅਤੇ ਉਸ ਦੀ ਸੱਚੀ ਸਲਾਹੁਤ ਰੂਪੀ ਸੂਤ ਦਾ ਬਣਿਆ ਪਵਿਤ੍ਰ ਜਨੇਊ ਹੀ ਦਰਗਾਹ ਤੱਕ ਨਾਲ ਜਾ ਸਕਦਾ ਹੈ ਜੋ ਕਦੇ ਟੁਟਦਾ ਹੀ ਨਹੀਂ।

ਐ ਪੰਡਿਤ ! ਆਪਣੀਆਂ ਇੰਦ੍ਰੀਆਂ ਨੂੰ ਤਾਂ ਤੂੰ ਜਨੇਊ ਪਾਇਆ ਨਹੀਂ, ਨਾ ਹੀ ਇਸਤ੍ਰੀ ਨੂੰ ਪਾਇਆ ਹੈ, ਜਿਸ ਨਾਲ ਸੰਭੋਗ ਤੋਂ ਨਿਤ ਹੀ ਦਾੜੀ ਵਿਚ ਥੁੱਕਾਂ ਪੈਂਦੀਆਂ ਹਨ, ਨਾ ਤੂੰ ਪੈਰਾਂ ਨੂੰ ਜਨੇਊ ਪਾਇਆ ਹੈ, ਨਾ ਹੱਥਾਂ ਨੂੰ, ਨਾ ਜੇਹਬਾ ਨੂੰ, ਤੇ ਨਾ ਅੱਖਾਂ ਨੂੰ (ਭਾਵ ਇਨ੍ਹਾਂ ਤੇ ਤੇਰਾ ਬਲ ਨਹੀਂ ਚਲਦਾ) ਅਜੇਹੀ ਹਾਲਤ ਵਿਚ ਆਪ ਤਾਂ ਤੂੰ ਬਿਨਾ ਜਨੇਊ ਘੁੰਮ ਰਿਹਾ ਹੈਂ ਅਤੇ ਦੂਜਿਆਂ ਦੇ ਗਲ ਧਾਗੇ ਵੱਟ ਵੱਟ ਪਾ ਰਿਹਾ ਹੈਂ, ਭਾੜਾ ਲੈਕੇ ਵਿਆਹ ਪੜ੍ਹਾਉਂਦਾ ਹੈਂ ਅਤੇ ਪੱਤ੍ਰੀਆਂ ਫੋਲ ਫੋਲ ਕੇ ਲੋਕਾਂ ਨੂੰ ਰਾਹ ਦੱਸ ਰਿਹਾ ਹੈਂ।[1]

---

1. "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ। ਨਾ ਏਹੁ ਤੁਟੈ ਨਾ ਮਲੁ ਲਗੈ ਨ ਏਹੁ ਜਲੈ ਨ ਜਾਇ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ।
ਸਿਖਾ ਕੰਨਿ ਚੜਾਈਆਂ ਗੁਰੁ ਬ੍ਰਾਹਮਣੁ ਥਿਆ।
ਓਹੁ ਮੁਆ ਓਹੁ ਝੜਿ ਪਇਆ ਵੇ ਤਗਾ ਗਇਆ।੧। ਮ: ੧।
ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ।
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ।
ਤਗੁ ਕਪਾਹਹੁ ਕਤੀਐ ਬ੍ਰਾਮਣੁ ਵਟੇ ਆਇ।
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ।
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।

--------

ਸਪਸ਼ਟ ਤੋਰ ਤੇ ਪੰਡਿਤ ਅਜਿਹਾ ਜੰਞੂ ਪਹਿਨਾਂ ਸਕਣ ਤੋਂ ਅਸਮਰੱਥ ਸਨ। ਇਸ ਲਈ ਗੁਰੂ ਸਾਹਿਬ ਨੇ ਜੰਞੂ ਪਹਿਨਿਆ ਹੀ ਨਹੀਂ। ਕਰਮ ਕਾਂਡ ਦੇ ਸਦੀਆਂ ਪੁਰਾਣੇ ਭਰਮਾਂ ਅਤੇ ਥੋਖਲੇ ਹੋ ਚੁਕੇ ਰਿਵਾਜ਼ਾਂ ਉਤੇ ਗੁਰੂ ਸਾਹਿਬ ਦੀ ਇਹ ਪਹਿਲੀ ਚੋਟ ਸੀ।

ਇਸ ਸਰਬੋਤਮ ਵਿਚਾਰ ਨੂੰ ਸੁਣਕੇ ਅਗਿਆਨਤਾ ਨਾਲ ਭਰੇ ਕਈ ਬ੍ਰਾਹਮਣ ਤਾਂ ਮਨ ਮਨ ਵਿਚ ਬਹੁਤ ਸ਼ਰਮਾਏ ਪਰ ਪੰਡਿਤ ਹਰਦਿਆਲ ਵਿਸਮਾਦ ਵਿਚ ਡੁਬ ਗਿਆ ਅਤੇ ਆਖਰ ਜਾਤ ਅਭਿਮਾਨ ਨੂੰ ਠੁਕਰਾ ਕੇ ਸ਼ਰਣੀ ਪੈ ਗਿਆ:-

"ਸੁਣ ਹਰਿ ਦਯਾਲ ਸੁ ਅਸ ਉਪਦੇਸ਼।
ਰਿਦੈ ਧਾਰ ਲਿਖ ਲਖਿ ਜਗ ਤੇਸ਼।
ਧੰਨ ਧੰਨ ਪੁਨ ਧੰਨ ਵਖਾਣਹਿ।
ਆਪਨ ਗਤਿ ਤੁਮ ਆਪਹੀ ਜਾਣਹਿ। (ਨਾ: ਪ੍ਰ:)

ਪ੍ਰੋਹਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਹਜ਼ੂਰ ! "ਹਮਾਰਾ ਕੈਸੇ ਛੁਟਕਾਰਾ ਹੋਇਗਾ।" ਤਾਂ ਗੁਰੂ ਸਾਹਿਬ ਨੇ ਪ੍ਰਭੂ ਧਿਆਨ ਵਿਚ ਲੀਨ ਹੋਕੇ ਵਾਕ ਉਚਾਰਿਆ:-

"ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ।
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ।
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।
ਤਾ ਦਰਗਾਹ ਪੈਧਾ ਜਾਇਸੀ। (ਵਾਰ ਆਸਾ, ਸਲੋਕ ਮਹਲਾ-੧)

---

----- ਨਾਲਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ।2।ਮ:2।
ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚੁ ਸੂਤੁ।
ਦਰਗਾਹ ਅੰਦਰਿ ਪਾਈਐ ਤਗੁ ਨ ਤੁਟਸਿ ਪੂਤ ।3। ਮ: 2 ।
ਤਗੁ ਨ ਇੰਦਰੀ ਤਗੁ ਨ ਨਾਰੀ ਭਲਕੇ ਥੁਕ ਪਵੈ ਨਿਤ ਦਾੜੀ।
ਤਗੁ ਨ ਪੈਰੀ ਤਗੁ ਨ ਹਥੀ । ਤਗੁ ਨ ਜੇਹਵਾ ਤਗੁ ਨ ਅਖੀ ।
ਵੇ ਤਗਾ ਆਪੇ ਵਤੈ। ਵਟਿ ਧਾਗੇ ਅਵਰਾ ਘਤੈ ।
ਲੈ ਭਾੜਿ ਕਰੇ ਵੀਆਹੁ ਕਢਿ ਕਾਗਲੁ ਦਸੇ ਰਾਹੁ।
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ਮਨਿ ਅੰਧਾ ਨਾਉ ਸੁਜਾਣ।

(ਵਾਰ ਆਸਾ-15, ਪੰਨਾ-471)

ਗੁਰੂ ਸਾਹਿਬ ਆਪਣਾ ਬਹੁਤਾ ਸਮਾਂ ਚੁੱਪ ਅਤੇ ਵਿਚਾਰ ਵਿਮਗਨਤਾ ਵਿੱਚ ਗੁਜਾਰਦੇ ਸਨ। ਅਜਿਹੇ ਸੁਭਾ ਕਾਰਨ ਘਰਦਿਆਂ ਵਲੋਂ ਸੌਂਪੇ ਜਾਂਦੇ ਦੁਨੀਆਂਦਾਰੀ ਦੇ ਕੰਮਾਂ ਵੱਲੋਂ ਵੀ ਬੇਪਰਵਾਹੇ ਹੋਏ ਰਹਿੰਦੇ। ਘਰਦਿਆਂ ਨੇ ਮੱਝਾਂ ਚਰਾਉਣ ਦਾ ਕੰਮ, ਖੇਤੀ ਬਾੜੀ ਦੇ ਕੰਮ, ਵਪਾਰਕ ਕੰਮ ਵਿਚ ਪਾਕੇ ਗੁਰੂ ਸਾਹਿਬ ਨੂੰ ਦੁਨੀਆਂਦਾਰੀ ਵਿਚ ਉਲਝਾਉਣਾ ਚਾਹਿਆ ਪਰ ਗੁਰੂ ਸਾਹਿਬ ਦੀ ਅਧਿਆਤਮਿਕ ਰੁਚੀ ਕਿਵੇਂ ਵੀ ਦੁਨਿਆਵੀ ਕੰਮਾਂ ਵਿੱਚ ਨਾ ਉਲਝ ਸੱਕੀ।

ਗੁਰੂ ਸਾਹਿਬ ਦਾ ਆਪਣੀ ਭੈਣ ਬੇਬੇ ਨਾਨਕੀ ਨਾਲ ਬਹੁਤ ਪਿਆਰ ਸੀ ਕਿਉਂਜੋ ਉਹ ਗੁਰੂ ਸਾਹਿਬ ਦੀਆਂ ਅਧਿਆਤਮਿਕ ਰੁੱਚੀਆਂ ਦੀ ਕਦਰ ਕਰਦੇ ਸਨ। ਬੇਬੇ ਨਾਨਕੀ ਦੇ ਵਿਆਹ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਬਿਲਕੁਲ ਗੁੰਮਸੁੰਮ ਹੋਕੇ ਮੰਜੇ ਉਤੇ ਪਏ ਰਹਿਣਾ ਸ਼ੁਰੂ ਕਰ ਦਿੱਤਾ। ਘਰ-ਦਿਆਂ ਨੇ ਸੋਚਿਆ ਕਿ ਗੁਰੂ ਸਾਹਿਬ ਬੀਮਾਰ ਹਨ। ਵੈਦ ਬੁਲਾਇਆ ਗਿਆ। ਵੈਦ ਨਬਜ਼ ਦੇਖਣ ਲੱਗਾ ਤਾਂ ਗੁਰੂ ਸਾਹਿਬ ਕਹਿਣ ਲੱਗੇ ਕਿ "ਮੈਨੂੰ ਕੋਈ ਸਰੀਰਕ ਰੋਗ ਨਹੀਂ, ਮੇਰਾ ਤਾਂ ਦਿਲ ਆਪਣੇ ਪਿਆਰੇ ਦੇ ਵਿਛੋੜੇ ਕਾਰਨ ਤੜਪ ਰਿਹਾ ਹੈ।" ਇਸ ਘਟਨਾ ਨਾਲ ਸਬੰਧਤ ਸਲੋਕ ਹੈ-:-

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹ
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।"[1]

ਭਾਵ-ਵੈਦਗੀ (ਇਲਾਜ) ਲਈ ਵੈਦ ਬੁਲਾਇਆ ਗਿਆ ਹੈ ਅਤੇ ਬਾਹਵਾਂ (ਨਾੜੀਆਂ) ਨੂੰ ਟਟੋਲ ਕੇ ਰੋਗ ਲੱਭਣ ਦਾ ਯਤਨ ਵੀ ਕਰ ਰਿਹਾ ਹੈ ਪਰ ਇਹ ਭੋਲਾ ਵੈਦ ਨਹੀਂ ਜਾਣਦਾ ਕਿ (ਦੁਖੀ-ਸ੍ਰਿਸ਼ਟੀ) ਦੀ ਪੀੜ ਮੇਰੇ ਕਲੇਜੇ ਵਿੱਚ ਹੈ:-

"ਤਬ ਬਾਬੇ ਜੀ ਕਹਿਆ ਕਿ ਤੂ ਦਿਖਾ ਰੋਗ ਕਉਣ ਕਉਣ ਹੈਨਿ ਤਬ ਉਨ ਬੈਦ ਪੋਥੀ ਕੱਢਿਕੈ ਸੌ ਰੋਗ ਕੇ ਦਾਰੂ ਸੁਣਾਇ, ਜਿ ਇਹੁ ਰੋਗ, ਇਸਦਾ ਇਹੁ ਦਾਰੂ,..... ਤਬ ਬਾਬੇ ਨਾਨਕ ਜੀ ਕਹਿਆ ਜਿ ਏ ਵੈਦ ਤੂ ਭੁਲਾ ਹੈਂ, ਜਿਨਾ ਰੋਗਾਂ ਕੇ ਤੈ ਨਾਮ ਲੀਏ ਹੈ ਤੇਹਿ ਰੋਗ ਨਾਹੀਂ, ਜਿਨਾਂ ਕਾ ਨਾਮ ਰੋਗ ਹੈ ਉਹਿ ਅਵਰ ਰੋਗ ਹੈਂ"[2]

---

1. ਵਾਰ ਮਲਾਰ, ਸਲੋਕ, ਪੰਨਾ-1280. ਕਈ ਵਿਦਵਾਨ ਇਸ ਸਲੋਕ ਨੂੰ ਮਹਲਾ 3, ਦਾ ਸਲੋਕ ਮੰਨਦੇ ਹਨ ਪਰ "ਗੁਰੂ ਨਾਨਕ ਬਾਣੀ" ਡਾ: ਤਾਰਨ ਸਿੰਘ ਵਿਚ ਵੀ ਇਸ ਨੂੰ ਗੁਰੂ ਨਾਨਕ ਬਾਣੀ ਵਿਚ ਸ਼ਾਮਲ ਕੀਤਾ ਗਿਆ ਹੈ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਸੰਪਾਦਿਤ ਗੁਰਮਤਿ ਪ੍ਰਕਾਸ਼ ਦੇ ਗੁਰੂ ਨਾਨਕ ਬਾਣੀ ਅੰਕ ਵਿਚ ਵੀ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸ਼ਾਮਲ ਕੀਤਾ ਗਿਆ ਹੈ।
2. ਜ. ਸਾ. ਮੇਹਰਬਾਣ ਸ. 46.

ਸਾਹਿਬ ਕਹਿਣ ਲੱਗੇ ਕਿ ਭੋਲੇ ਵੈਦ ਜਿਨ੍ਹਾਂ ਰੋਗਾਂ ਨੇ ਮਨੁੱਖਤਾ ਨੂੰ ਬੇਚੈਨ ਕੀਤਾ ਹੋਇਆ ਹੈ ਉਹ ਇਹ ਹਨ:-

"ਦੁਖ ਮਹਿ ਜਨਮੈ ਦੁਖ ਮਹਿ ਮਰਣਾ।। ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ।।[1]
ਦੂਖੀ ਉਪਜੈ ਦੁਖੀ ਬਿਨਸੈ ਕਿਆ ਲੈ ਆਇਆ ਕਿਆ ਲੈ ਜਾਹਾ ਹੇ।।"

"ਤਬ ਵੈਦ ਫਿਰਿ ਹਟਿ ਖੜਾ ਹੋਆ, ਆਖਿਓਸੁ।
"ਭਾਈ ਵੇ ਤੁਸੀ ਚਿੰਤਾ ਕਿਛੁ ਨਾ ਕਰੋ।
ਇਹ ਪਰ ਦੁਖ ਭੰਜਨ ਹਾਰੇ ਹੈ।"[2]

ਇਹ ਆਖਕੇ ਵੈਦ ਨੇ ਮਹਾਰਾਜ ਦੇ ਚਰਨ ਫੜ ਲਏ ਤੇ ਆਖਣ ਲੱਗਾ ਕਿ ਗੁਰਦੇਵ ਅਸੀਂ ਅਨਜਾਣ ਹਾਂ ਅਤੇ ਆਪਜੀ ਨੂੰ ਨੇਕ ਭਲਾਈ ਕਰਨ ਤੋਂ ਰੋਕ ਰਹੇ ਹਾਂ ਜਿਵੇਂ ਆਪ ਜੀ ਦੀ ਇੱਛਾ ਹੈ ਕਰੋ:-

"ਘਰ ਬਿਬ ਬੰਦਤ ਬਿਨੈ ਬਖਾਨੀ।
ਹਉ ਹੋਰਿ ਹੈ ਕਰ ਅਨਜਾਨੀ।
ਜਸ ਇਛਾ ਕਰੀਏ ਤਸ ਲੀਲਾ ।
ਮਹਾਪੁਰਖ ਤੁਮ ਗੁਨੀ ਗਹੀਲਾ ।[3]

"ਤਬ ਉਹ ਬੈਦ ਉਠ ਕਰ ਬਾਬੇ ਜੀ ਦੀ ਪੈਰੀ ਪੜਿਆ ਕਿ ਜੇ ਜੀ ਇਸਤੇ ਪੀਛੇ ਹਮ ਭੂਲੇ ਫਿਰਤੇ ਰਹੇ ਹੈਂ ਇਬ ਤੂ ਹਮਾਰਾ ਗੁਰੂ ਹੈਂ, ਹਮ ਤੇਰੇ ਸਿਖ ਹੈਂ, ਤੂ ਦਇਆ ਕਰ ਜੋ ਹਮ ਨਾਮ ਸਿਮਰਹਿ, ਤਬ ਉਹ ਬੈਦ ਗੁਰੂ ਬਾਬੇ ਜੀ ਕਾ ਸਿਖ ਹੋਆ।"[4]

## ਜੁਆਨ ਅਵਸਥਾ

ਜਦੋਂ ਮਹਿਤਾ ਕਾਲੂ ਗੁਰੂ ਨਾਨਕ ਦੇਵ ਜੀ ਨੂੰ ਦੁਨਿਆਵੀ ਕੰਮਾਂ ਵਿਚ ਲਾਉਣ ਤੋਂ ਅਸਫਲ ਰਹੇ

---

1. ਮਾਰੂ ਸੋਲਹੇ-12, ਪੰਨਾ-1033.
2. ਪੁ. ਜ. ਸਾਖੀ ।
3. ਨਾ. ਪ੍ਰ. ।
4. ਜ. ਸ਼ਾ. ਮੇਹਰਬਾਨ , ਸ. 52.

ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਗੁਰੂ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਕੋਲ ਭੇਜ ਦਿੱਤਾ ਜੋ ਸੁਲਤਾਨ ਪੁਰ ਜਾਇ ਰਾਮ ਪਲਟਾ ਨਾਲ ਵਿਆਹੇ ਹੋਏ ਸਨ। ਜਾਇ ਰਾਮ ਪਲਟਾ ਸੁਲਤਾਨ ਪੁਰ ਦੇ ਨਵਾਬ ਦੇ ਉਚ ਸਰਕਾਰੀ ਕਰਮਚਾਰੀ ਸਨ। ਉਨ੍ਹਾਂ ਨੇ ਕੋਸ਼ਿਸ਼ ਕਰਕੇ 1485 ਈ: ਵਿਚ ਗੁਰੂ ਨਾਨਕ ਦੇਵ ਜੀ ਨੂੰ ਨਵਾਬ ਦਾ ਮੋਦੀ ਰੱਖਵਾ ਦਿੱਤਾ। ਗੁਰੂ ਸਾਹਿਬ ਨੇ ਆਪਣਾ ਕੰਮ ਬਹੁਤ ਲਿਆਕਤ ਅਤੇ ਇਮਾਨ-ਦਾਰੀ ਨਾਲ ਕੀਤਾ। 1487 ਈ: ਵਿਚ ਗੁਰੂ ਨਾਨਕ ਦੇਵ ਜੀ ਦਾ ਵਿਆਹ[1] ਗੁਰਦਾਸ ਪੁਰ ਜ਼ਿਲੇ ਵਿੱਚ ਪਖੋਵਾਲ ਦੇ ਮੂਲਚੰਦ ਦੀ ਲੜਕੀ "ਸੁਲੱਖਣੀ" ਜੀ ਨਾਲ ਹੋ ਗਿਆ। 1494 ਈ: ਵਿਚ ਉਨ੍ਹਾਂ ਦੇ ਘਰ ਪਹਿਲਾ ਬੱਚਾ ਹੋਇਆ ਜਿਸ ਦਾ ਨਾਮ ਸ੍ਰੀ ਚੰਦ ਰੱਖਿਆ ਗਿਆ। 1496 ਈ: ਵਿੱਚ ਦੂਜਾ ਬੱਚਾ ਹੋਇਆ ਜਿਸ ਦਾ ਨਾਮ ਲਖਮੀ ਚੰਦ ਰੱਖਿਆ ਗਿਆ।

## ਤਿੰਨ ਮਹੱਤਵਪੂਰਨ ਦਿਨ

ਗੁਰੂ ਜੀ ਹਰ ਰੋਜ਼ ਸੁਲਤਾਨ ਪੁਰ ਵਿੱਚ ਵਗਦੀ ਵੇਈ ਵਿੱਚ ਇਸ਼ਨਾਨ ਕਰਨ ਜਾਇਆ ਕਰਦੇ ਸਨ। 1497 ਈ: ਵਿਚ ਇਕ ਦਿਨ ਅਜਿਹਾ ਹੋਇਆ ਕਿ ਗੁਰੂ ਸਾਹਿਬ ਨੇ ਅਜਿਹੀ ਚੁਭੀ ਮਾਰੀ ਕਿ ਪਤਾ ਨਹੀਂ ਕਿਥੇ ਜਾ ਨਿਕਲੇ। ਤਿੰਨ ਦਿੱਨ ਲਗਾਤਾਰ ਦਿਖਾਈ ਨਾ ਦਿੱਤੇ। ਬੇਸ਼ੱਕ ਉਨ੍ਹਾਂ ਦੀ ਬਹੁਤ ਭਾਲ ਕੀਤੀ ਗਈ। ਤਿੰਨ ਦਿਨਾਂ ਬਾਅਦ ਗੁਰੂ ਸਾਹਿਬ ਨੇ ਆਪੇ ਹੀ ਦਰਸ਼ਨ ਆਣ ਦਿੱਤੇ।

ਇਹ ਤਿੰਨ ਦਿਨ ਗੁਰੂ ਸਾਹਿਬ ਕਿਥੇ ਸਨ ਅਤੇ ਕੀ ਕਰਦੇ ਰਹੇ ਸਨ? ਇਸ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ। ਸਾਰੇ ਆਪੋ ਆਪਣੇ ਅੰਦਾਜ਼ੇ ਹੀ ਲਗਾਉਂਦੇ ਹਨ।[2] ਪਰ ਇਹ ਗੱਲ ਸਪਸ਼ਟ ਹੈ

---

1. "ਪੁਰਾਤਨ ਜਨਮ ਸਾਖੀ" ਵਿੱਚ ਵਿਆਹ ਹੋਣ ਸਮੇਂ ਗੁਰੂ ਜੀ ਦੀ ਉਮਰ 12 ਸਾਲ ਸੀ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਤੇ ਮਿਹਰਵਾਨ ਵਾਲੀ ਜਨਮ ਸਾਖੀ ਵਿਚ ਉਮਰ 15, 16 ਸਾਲ ਕਹੀ ਗਈ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਉਮਰ 18 ਸਾਲ ਹੈ। ਡਾ: ਤ੍ਰਿਲੋਚਨ ਸਿੰਘ ਵੀ "ਗੁਰੂ ਨਾਨਕ" ਵਿਚ ਵਿਆਹ ਦੀ ਉਮਰ 16 ਸਾਲ ਲਿਖਦੇ ਹਨ ਪਰ ਭਾਈ ਸਾਹਿਬ ਭਾਈ ਵੀਰ ਸਿੰਘ 12 ਸਾਲ ਲਿਖਦੇ ਹਨ। ਡਾ: ਸੁਰਿੰਦਰ ਸਿੰਘ ਕੋਹਲੀ, "ਫਿਲਾਸਫੀ ਆਫ ਗੁਰੂ ਨਾਨਕ ਵਿਚ ਉਮਰ 18 ਸਾਲ ਦਿੰਦੇ ਹਨ ਜੋ ਕਿ ਵਧੇਰੇ ਢੁਕਵੀਂ ਹੈ ਕਿਉਂਜੋ ਵਿਆਹ ਭਰ ਜੁਆਨ ਅਵਸਥਾ ਵਿੱਚ ਆਪਣੇ ਪੈਰਾਂ ਤੇ ਖੜੇ ਦਾ ਹੀ ਹੁੰਦਾ ਹੈ।
2. ਜਨਮ ਸਾਖੀਆਂ ਅਨੁਸਾਰ ਗੁਰੂ ਸਾਹਿਬ ਦੇ ਇਹ ਤਿੰਨ ਦਿਨ ਪਰਮਾਤਮਾ ਨਾਲ ਮੇਲ ਦੇ ਦਿਨ ਸਨ ਜਦੋਂ ਉਹ ਸਚਖੰਡ ਵਿਚ ਗਏ ਅਤੇ ਪਰਮਾਤਮਾ ਕੋਲੋਂ ਆਪਣੇ ਜੀਵਨ ਦੇ ਅਸਲ ਉਦੇਸ਼ ਦੀ ਪੂਰਤੀ ਦਾ ਹੁੱਕਮ ਲਿਆ। ਭਾਈ ਵੀਰ ਸਿੰਘ ਜੀ ਵੀ ਇਸੇ ਵਿਚਾਰ ਧਾਰਾ ਦੇ ਅਨੁਆਈ ਹਨ।

ਕਿ ਇਹ ਤਿੰਨ ਦਿਨ ਗੁਰੂ ਸਾਹਿਬ ਦੇ ਜੀਵਨ ਦੇ ਅਤਿ ਮਹੱਤਵਪੂਰਨ ਦਿਨ ਸਨ। ਇਨਾਂ ਤੋਂ ਇਕਦਮ ਬਾਅਦ ਹੀ ਗੁਰੂ ਸਾਹਿਬ ਦੇ ਜੀਵਨ ਵਿੱਚ ਇਕ ਮੋੜ ਆ ਜਾਂਦਾ ਹੈ। ਗੁਰੂ ਸਾਹਿਬ ਜਦੋਂ ਤਿੰਨ ਦਿਨਾਂ ਬਾਅਦ ਪ੍ਰਗਟ ਹੋਏ ਤਾਂ ਉਨਾਂ ਪਹਿਲੇ ਹੀ ਸ਼ਬਦ ਇਹ ਕਹੇ:- "ਨਾ ਕੋਈ ਹਿੰਦੂ ਨਾ ਮੁਸਲਮਾਨ" ਭਾਵ ਨਾ ਕੋਈ ਹਿੰਦੂ ਸੱਚਾ ਹੈ ਅਤੇ ਨਾ ਮੁਸਲਮਾਨ ਸੱਚਾ ਹੈ, ਸਭ ਆਪੋ ਆਪਣੇ ਧਰਮ ਤੋਂ ਥਿੜਕੇ ਹੋਏ ਹਨ। ਦੂਜਾ ਭਾਵ ਇਹ ਲਿਆ ਜਾਂਦਾ ਹੈ ਕਿ ਕੋਈ ਜਾਤੀ ਵਖਰੇਵਾ ਨਹੀਂ ਸਭ ਮਨੁੱਖ ਬਰਾਬਰ ਹਨ ਅਤੇ ਇਕੋ ਪਰਮਾਤਮਾ ਦਾ ਰੂਪ ਹਨ।

ਇਸ ਤੋਂ ਬਾਅਦ ਗੁਰੂ ਸਾਹਿਬ ਨੇ ਆਪਣੇ ਨੌਕਰੀ ਪੇਸ਼ਾ ਜੀਵਨ ਨੂੰ ਤਿਲਾਂਜਲੀ ਦੇ ਦਿੱਤੀ। ਅਤੇ ਹਿੰਦੂ ਮੁਸਲਮਾਨਾਂ ਵਿਚ ਏਕਤਾ ਅਤੇ ਸੁਧਤਾ ਲਿਆਉਣ ਲਈ ਨਿਰੋਲ ਪ੍ਰਚਾਰ ਦਾ ਕੰਮ ਅਰੰਭ ਦਿੱਤਾ।

## ਉਦਾਸੀ ਜੀਵਨ

ਇਸ ਨਾਲ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਇਕ ਪੜਾ ਖਤਮ ਹੋ ਜਾਂਦਾ ਹੈ ਅਤੇ ਦੂਜਾ ਪੜਾ ਸ਼ੁਰੂ ਹੋ ਜਾਂਦਾ ਹੈ--ਉਦਾਸੀਆਂ ਵਾਲੇ ਜੀਵਨ ਦਾ ਹਿੱਸਾ। ਥੋੜੀ ਦੇਰ ਗੁਰੂ ਸਾਹਿਬ ਨੇ ਸੁਲਤਾਨ ਪੁਰ ਵਿਚ ਅਤੇ ਆਪਣੇ ਆਸ ਪਾਸ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਅਤੇ ਹਿੰਦੂ ਅਤੇ ਮੁਸਲਮਾਨ ਦੋਹਾਂ ਦਾ ਪਿਆਰ ਅਤੇ ਸਤਿਕਾਰ ਜਿਤਿਆ। "ਸ਼ੇਖ ਸਜਨ" ਵਰਗਿਆਂ ਨੂੰ ਸੁਧਾਰਿਆ ਅਤੇ ਫਿਰ ਲੰਬੀਆਂ ਉਦਾਸੀਆਂ ਲਈ ਨਿਕਲ ਤੁਰੇ। ਉਦਾਸੀਆਂ ਤੇ ਜਾਣ ਲੱਗੇ ਗੁਰੂ ਸਾਹਿਬ ਆਮ ਤੌਰ ਤੇ ਵਿਸ਼ੇਸ਼ ਭੇਖ ਬਣਾ ਲਿਆ ਕਰਦੇ ਸਨ।[1] ਇਹ ਉਦਾਸੀਆਂ ਜਾਂ ਯਾਤ੍ਰਾਵਾਂ ਕਿੰਨੀਆਂ ਸਨ? ਆਮ ਤੌਰ ਤੇ 4 ਉਦਾਸੀਆਂ ਬਿਆਨ ਕੀਤੀਆਂ ਜਾਂਦੀਆਂ ਹਨ[2] ਪਰ ਕਈ ਇਤਿਹਾਸਕਾਰਾਂ

---

---ਅਤੇ ਡਾ: ਕੋਹਲੀ ਦਾ ਵੀ ਇਹੋ ਵਿਚਾਰ ਹੈ। ਡਾ: ਹਰੀ ਰਾਮ ਗੁਪਤਾ ਦਾ ਵਿਚਾਰ ਹੈ ਕਿ ਗੁਰੂ ਨਾਨਕ ਇਹ ਤਿੰਨ ਦਿਨ ਇਕ ਗੁਫਾ ਵਿਚ ਸਮਾਧੀ ਲਾਕੇ ਬੈਠੇ ਰਹੇ। ਡਾ: ਦਲੀਪ ਸਿੰਘ ਦੀਪ ਦਾ ਵਿਚਾਰ ਹੈ ਕਿ ਇਹ ਤਿੰਨ ਦਿਨ ਗੁਰੂ ਸਾਹਿਬ ਆਪਣੇ ਆਉਣ ਵਾਲੇ ਜੀਵਣ ਦਾ ਪ੍ਰੋਗਰਾਮ ਬਣਾਉਂਦੇ ਰਹੇ।

1. Teja Singh and Ganda Singh. "A Short History of the Sikhs." (1,7.)
2. i Dr. S. S. Kohli. "Travells of Guru Nanak."
   ii "ਪੰਜਾਬੀ ਸਾਹਿਤ ਦਾ ਇਤਿਹਾਸ" ਭਾਸ਼ਾ ਵਿਭਾਗ ਪਟਿਆਲਾ, ਪਹਿਲੀ ਸੈਂਚੀ।
   iii Dr. Mohan Singh. "Sportsman Weekly." 9. Dec. 1957.
   iv Dr. Hari Ram Gupta's A Life sketch of Guru Nanak." In Guru Nanak, His Life, Time &Teachings." ed by Gurmukh Nihal Singh. age-40.

ਅਨੁਸਾਰ ਪੰਜ ਉਦਾਸੀਆਂ ਕੀਤੀਆਂ ਕਹੀਆਂ ਗਈਆਂ ਹਨ।[1] ਅਤੇ ਕਈ ਵਿਚਾਰਵਾਨ ਕੇਵਲ ਤਿੰਨ ਵੱਡੀਆਂ ਉਦਾਸੀਆਂ ਮੰਨਦੇ ਹਨ ਤੇ ਬਾਕੀ ਦੀਆਂ ਯਾਤ੍ਰਾਵਾਂ ਨੂੰ ਛੋਟੀਆਂ ਫੇਰੀਆਂ ਮੰਨਦੇ ਹਨ। ਜਿਹੜੀਆਂ ਗੁਰੂ ਸਾਹਿਬ ਨੇ ਕਰਤਾਰ ਪੁਰ ਵਿਚ ਆਕੇ ਟਿਕ ਜਾਣ ਤੋਂ ਬਾਅਦ ਕੀਤੀਆਂ।[2] ਪਰ ਚਾਰੇ ਦਿਸ਼ਾਵਾਂ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਹੋਇਆ, ਯਾਤ੍ਰਾਵਾਂ ਦੀ ਭੂਗੋਲਿਕ ਇਕਸੁਰਤਾ ਨੂੰ ਠੀਕ ਰੱਖਣ ਲਈ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦੀ ਹੀ ਵਧੇਰੇ ਪ੍ਰਵਾਣਿਤ ਵੰਡ ਮੰਨੀ ਜਾ ਸਕਦੀ ਹੈ ਅਤੇ ਇਹੋ ਧਾਰਨਾ ਬਹੁਤੀ ਪ੍ਰਚਲਤ ਹੈ।

## ਉਦਾਸੀਆਂ ਤੇ ਜਾਣ ਦਾ ਉਦੇਸ਼

ਗੁਰੂ ਸਾਹਿਬ ਉਦਾਸੀਆਂ ਤੇ ਕਿਉਂ ਗਏ ? ਇਸ ਦਾ ਕਾਰਨ ਭਾਈ ਗੁਰਦਾਸ ਜੀ ਇਨੁੰ ਦੱਸਦੇ ਹਨ:-

"ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ, ਹੈ ਕਰਦੀ ਸੁਣੀ ਲੁਕਾਈ।"[3]

ਅਤੇ ਗੁਰੂ ਨਾਨਕ ਦੇਵ ਜੀ ਇਸ ਕਲਪ ਰਹੀ ਦੁਨੀਆਂ ਦੇ ਸੱਚੇ ਵੈਦ ਸਨ ਇੰਨੇ ਵੱਡੇ ਕਿ ਸਾਰੇ ਜਹਾਨ ਦੀ ਮੁਕਤੀ ਉਨ੍ਹਾਂ ਨੇ ਹੀ ਕਰਨੀ ਸੀ।[4] ਇਸ ਲਈ :ਭਾਈਗੁਰਦਾਸ ਜੀ ਲਿਖਦੇ ਹਨ:-

"ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ
ਚੜ੍ਹਿਆ ਸੋਧਣਿ ਧਰਤਿ ਲੁਕਾਈ।"[5]

---

1. I ਪੁਰਾਤਨ ਜਨਮ ਸਾਖੀਕਾਰ ।
   II ਭਾਈ ਵੀਰ ਸਿੰਘ। "ਗੁਰੂ ਨਾਨਕ ਚਮਤਕਾਰ।"
2. I ਭਾਈ ਗੁਰਦਾਸ। "ਵਾਰ ਪਹਿਲੀ।"
   II ਡਾ: ਦਲੀਪ ਸਿੰਘ ਦੀਪ, "ਭਾਈ ਗੁਰਦਾਸ ਦੀ ਵਾਰ" ਪੰਨਾ-45-71.
   III ਪ੍ਰੋ: ਸਾਹਿਬ ਸਿੰਘ, "ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ" ਪੰਨਾ-20-26.
   I ਪ੍ਰੋ: ਮੋਹਨ ਸਿੰਘ, "ਨਾਨਕਾਇਣ"
3. ਵਾਰ -1, ਪਉੜੀ-24.

ਜੋ ਅਕਾਲ ਪੁਰਖ ਦੇ ਹੁੱਕਮ ਅਨੁਸਾਰ ਥਾਂਥਾਂ ਤੇ ਫਿਰ ਕੇ ਵੱਧ ਤੋਂ ਵੱਧ ਲੋਕਾਂ ਦੀ ਅਗਿਆਨਤਾ ਨੂੰ ਖਤਮ ਕਰਨਾ ਜ਼ਰੂਰੀ ਸੀ, ਲੋਕਾਂ ਨੂੰ ਅਸਲੀਅਤ ਦਾ ਰਾਹ ਦਿਖਾਉਣਾ ਲਾਜ਼ਮੀ ਸੀ।

1499 ਈ: ਵਿਚ ਉਹ ਸੁਲਤਾਨ ਪੁਰ ਤੋਂ ਲਹੌਰ ਗਏ।[1] ਥੋੜੇ ਦਿਨ ਇਥੇ ਰਹਿਕੇ ਉਹ ਐਮਨਾਬਾਦ ਚਲੇ ਗਏ। ਇਥੇ ਉਹ ਭਾਈ ਲਾਲੋ ਦੇ ਘਰ ਠਹਿਰੇ। ਫਿਰ ਉਹ ਸਿਆਲਕੋਟ ਹੁੰਦੇ ਹੋਏ ਵਾਪਸ ਤਲਵੰਡੀ ਆ ਗਏ।

## ਪਹਿਲੀ ਉਦਾਸੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 1501 ਈ: ਵਿਚ ਸੁਲਤਾਨ ਪੁਰ ਤੋਂ ਪੂਰਵ ਵੱਲ ਦੀ ਪਹਿਲੀ ਉਦਾਸੀ ਅਰੰਭ ਕੀਤੀ। ਗੁਰੂ ਸਾਹਿਬ ਮਾਝੇ ਤੋਂ ਵਿਚਰਦੇ ਖਾਲੜੇ ਪਿੰਡ ਤੋਂ ਹੋਕੇ ਗੁਰੂ ਜੀ ਲਹੌਰ ਪੁਜੇ ਅਤੇ ਜਵਾਹਰ ਮੱਲ ਦੇ ਚੁਹੱਟੇ (ਖੂਹ) ਤੇ ਡੇਰਾ ਲਾਇਆ, ਜੋ ਦੁਨੀ ਚੰਦ ਦਾ ਦਾਦਾ ਸੀ, ਲਾਗੇ ਹੀ ਇਕ ਬੁੱਚੜ ਖਾਨਾ ਸੀ ਜਿਸ ਨੂੰ ਵੇਖਕੇ ਆਪ ਨੇ "ਲਾਹੌਰ ਸ਼ੈਹਰ ਜ਼ੈਹਰ ਕੈਹਰ" ਵਾਕ ਉਚਾਰਿਆ। ਸਿਕੰਦਰ ਲੋਧੀ ਬਾਦਸ਼ਾਹ ਦੇ ਮੁਰਸ਼ਦ ਐਹਮਦ ਸ਼ਾਹ ਤੱਕੀ ਨੂੰ ਜਦ ਪਤਾ ਲਗਾ ਕਿ ਕਿਸੇ ਹਿੰਦੂ ਫਕੀਰ ਨੇ ਸ਼ਹਿਰ ਵਿਚ ਡੇਰੇ ਲਾਏ ਹੋਏ ਹਨ ਅਤੇ ਦੁੰਨੀਆਂ ਉਸ ਦੇ ਪਿਛੇ ਲੱਗ ਰਹੀ ਹੈ ਤਾਂ ਉਹ ਤਮਕ ਖਾਕੇ ਚਰਚਾ ਕਰਨ ਆਇਆ, ਥੋੜੀ ਦੇਰ ਦੀ ਗੁਰੂ ਸਾਹਿਬ ਨਾਲ ਵਾਰਤਾਲਾਪ ਪਿਛੋਂ ਇਹ ਵੇਖਕੇ ਲੋਕ ਹੈਰਾਨ ਹੋ ਗਏ ਕਿ ਜਿਸ ਨੇ ਰਾਮ ਨਾਮ ਤੋਂ ਖੁਨਸ ਖਾਕੇ ਕਬੀਰ ਨੂੰ ਗੰਗਾ ਵਿਚ ਡੋਬਣ ਦਾ ਫਤਵਾ ਦਵਾਇਆ ਸੀ ਉਹ ਅੱਜ ਆਪ ਹਿੰਦੂ ਜਾਮੇ ਵਿਚ ਪ੍ਰਗਟੇ ਗੁਰੂ ਨਾਨਕ ਦੇ ਚਰਨਾਂ ਤੇ ਸਿਜਦਾ ਕਰ ਰਿਹਾ ਹੈ।

ਲਹੌਰ ਤੋਂ ਆਪ ਪਹਿਲਾਂ ਐਮਨਾ ਬਾਦ ਪੁਜੇ ਜਿਥੇ ਕਈ ਵੱਡੇ ਵੱਡੇ ਅਮੀਰ ਅਤੇ ਧਨਾਢ ਲੋਕ ਵੱਸਦੇ ਸਨ, ਇਨ੍ਹਾਂ ਲੋਕਾਂ ਨੇ ਪਾਪ ਦੀ ਕਮਾਈ ਜੋੜ ਜੋੜ ਕੇ ਧੰਨ ਦੌਲਤ ਦੇ ਅੰਬਾਰ ਲਾਏ ਹੋਏ ਸਨ ਅਤੇ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾਣ ਲਈ ਦਾਨ, ਪੁੰਨ ਯੱਗ ਆਦਿ ਲਈ ਵੀ ਇਨ੍ਹਾਂ ਦੀ ਖਾਸੀ ਪ੍ਰਸਿੱਧੀ ਸੀ ਜਿਸ ਲਈ ਕਈ ਵੇਹਲੜ ਸਾਧੂਆਂ ਦੇ ਟੋਲੇ ਵੀ ਹਮੇਸ਼ਾਂ ਇਥੇ ਰਹਿੰਦੇ ਸਨ ਜੋ ਖੀਰ ਪੂੜੇ ਖਾਕੇ ਇਨ੍ਹਾਂ ਨੂੰ ਸਵਰਗਾਂ ਦੇ ਲਾਰੇ ਲਾਈ ਰੱਖਦੇ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੂੰ ਇਸ ਨਗਰੀ ਵਿਚ ਦੋ ਤਾਕਤਾਂ ਦਾ ਸਾਹਮਣਾ ਸੀ, ਇਕ ਉਨ੍ਹਾਂ ਦਾ ਜੋ ਗਰੀਬਾਂ ਦਾ ਲਹੂ ਪੀ ਪੀ ਕੇ ਅਮੀਰ ਬਣੇ ਸਨ ਤੇ ਦੂਜੇ ਉਹ ਜੋ ਧਰਮ ਦੀ ਠੱਗੀ ਰਚਾ ਕੇ ਮਾਣਸ ਖਾਣੇ ਲੋਕਾਂ ਦੇ ਜ਼ੁਲਮ ਵਿਚ ਵਾਧਾ ਕਰ ਰਹੇ ਸਨ।

## ਭਾਈ ਲਾਲੋ

ਇਸ ਦੇ ਨਾਲ ਹੀ ਆਪ ਇਕ ਗੁੰਮ ਨਾਮ ਹਸਤੀ ਨੂੰ ਵੀ ਦੁੰਨੀਆਂ ਦੇ ਸਾਹਮਣੇ ਪ੍ਰਗਟ ਕਰਨਾ ਚਾਹੁੰਦੇ ਸਨ ਜਿਸ ਦਾ ਨਾਮ ਲਾਲੋ ਸੀ ਅਤੇ ਤਰਖਾਣਾ ਕੰਮ ਕਰਦਾ ਸੀ, ਜਿਵੇਂ ਆਪ ਨੇ ਡੂੰਮ ਜਾਤੀ

ਦੇ ਮਰਦਾਨੇ ਨੂੰ ਭਾਈ ਦਾ ਖਿਤਾਬ ਬਖਸ਼ਕੇ ਗੁਰੂ ਸਾਹਿਬ ਨੇ ਭਾਈਚਾਰਕ ਮਾਣ ਬਖਸ਼ਿਆ ਇਸੇ ਤਰ੍ਹਾਂ, ਲਾਲੋ ਨੂੰ ਵੀ ਭਾਈ ਕਰਕੇ ਬੁਲਾਇਆ ਜੋ ਸੰਸਾਰਕ ਦੌਲਤ ਵਲੋਂ ਤਾਂ ਅਤ ਗਰੀਬ ਸੀ ਪਰ ਆਤਮਿਕ ਤੌਰ ਤੇ ਪਵਿਤਰ ਅਤੇ "ਪਾਤਸ਼ਾਹੀ ਪਾਤਸ਼ਾਹ " ਸੀ ਜਦ ਆਪ ਇਸ ਦੇ ਵੇਹੜੇ ਵਿੱਚ ਪੁਜੇ ਤਾਂ ਪਿਆਰ ਦਾ ਅਵਾਜ਼ਾ ਦਿੱਤਾ ਭਾਈ ਲਾਲੋ ਸਤਿ ਕਰਤਾਰ, ਲਾਲੋ ਹੈਰਾਨ ਸੀ ਕਿ ਇਹ ਕੌਣ ਹੈ ਜੋ ਮੇਰਾ ਨਾਮ ਜਾਣਦਾ ਹੈ ਅਤੇ ਭਾਈ ਆਖ ਕੇ ਮੈਨੂੰ ਬੁਲਾ ਰਿਹਾ ਹੈ, ਜਦ ਲਾਲੋ ਨੇ ਨੂਰਾਨੀ ਮੁਖੜੇ ਦੇ ਦਰਸ਼ਨ ਕੀਤੇ ਤਾਂ ਹਿਰਦਾ ਸ਼ਾਂਤ ਹੋ ਗਿਆ, ਛੇਤੀ ਨਾਲ ਉਸ ਨੇ ਇਕ ਅੱਧ ਟੁਟੀ ਚਾਰਪਾਈ ਵਿਛਾ ਦਿੱਤੀ ਅਤੇ ਨਿਮਾਣਿਆਂ ਨੂੰ ਮਾਣ ਦੇਣਹਾਰ ਸਤਿ ਗੁਰੂ ਉਸ ਤੇ ਬਿਰਾਜ ਗਏ ਅਤੇ ਕੋਧਰੇ ਦੀ ਰੋਟੀ ਖਾਧੀ।

ਜਦ ਕੋਧਰੇ ਦੀ ਰੋਟੀ ਅਗੇ ਆਈ ਤਾਂ ਵੇਖਕੇ ਮਰਦਾਨਾ ਸੋਚੀ ਪੈ ਗਿਆ ਕਿ ਇਹ ਸੰਘੋ ਕਿਵੇਂ ਲੰਘੇਗੀ, ਮੈਂ ਕਿਵੇਂ ਖਾਵਾਂਗਾ, ਉਸ ਦੀ ਭਾਵਨਾ ਨੂੰ ਭਾਪ ਕੇ ਗੁਰਦੇਵ ਕਹਿਣ ਲਗੇ ਮਰਦਾਨਿਆਂ ! ਖਾਕੇ ਤਾਂ ਵੇਖ ਜਦ ਬੁਰਕੀ ਮੂੰਹ ਪਾਈ ਤਾਂ ਅੰਮ੍ਰਿਤ ਵਰਗਾ ਸਵਾਦ ਸੀ।

"ਮਰਦਾਨੇ ਤਬ ਪਾਯੋ ਕੋਰਾ, ਸੁਧਾ ਸਵਾਦ ਜਨ ਆਇਆ।
ਪਰਮ ਪੁਰਖ ਪੂਰਨ ਪ੍ਰਮਾਤਮ, ਸੀ ਮੁਖ ਵਾਕ ਅਲਾਯਾ। (ਨਾ: ਪ੍ਰ:)

ਮਲਕ ਭਾਗੋ (ਜਿਸਦਾ ਪੂਰਾ ਨਾਮ ਭਾਗ ਮਲ ਸੀ ) ਜਾਤ ਦਾ ਖਤਰੀ ਸੀ ਅਤੇ ਐਮਨਾਬਾਦ ਦੇ ਹਾਕਮ ਜ਼ਾਲਮ ਖਾਨ ਦਾ ਅਹਿਲਕਾਰ ਸੀ, ਇਸ ਨੇ ਗਰੀਬਾਂ ਦਾ ਖੂੰਨ ਚੋ ਚੋ ਕੇ ਸ਼ੀਸ਼ ਮਹਿਲ ਪਾਏ ਹੋਏ ਸਨ, ਵੱਡੇ ਵੱਡੇ ਅਫਸਰਾਂ ਨਾਲ ਬਹੁਤ ਮੇਲ ਜੋਲ ਸੀ ਅਤੇ ਆਪਣੇ ਮਾੜੇ ਕੰਮਾਂ ਨੂੰ ਛੁਪਾਉਣ ਦੇ ਲਈ ਸਾਲ ਦੇ ਪਿਛੋਂ ਇਕ ਬਹੁਤ ਵੱਡਾ ਯੱਗ ਕਰ ਦਿੰਦਾਂ ਸੀ।

ਦੂਜੇ ਦਿਨ ਮਲਕ ਭਾਗੋ ਦੇ ਨੌਕਰ ਲੋਕਾਂ ਨੂੰ ਯੱਗ ਦਾ ਸੱਦਾ ਦੇਂਦੇ ਹੋਏ ਲਾਲੋ ਦੇ ਘਰ ਆ ਗਏ, ਉਨ੍ਹਾਂ ਨੇ ਗੁਰੂ ਜੀ ਨੂੰ ਵੀ ਯੱਗ ਵਿਚ ਸ਼ਾਮਲ ਹੋਣ ਲਈ ਕਿਹਾ। ਪ੍ਰੰਤੂ ਉਨ੍ਹਾਂ ਨੇ ਯੱਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਜਦੋਂ ਮਲਕ ਭਾਗੋ ਨੂੰ ਇਸ ਗੱਲ ਦਾ ਪੱਤਾ ਲੱਗਾ ਕਿ ਗੁਰੂ ਸਾਹਿਬ ਯੱਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਹਨ ਤਾਂ ਉਸਨੇ ਗੁਰੂ ਸਾਹਿਬ ਨੂੰ ਹੁੱਕਮ ਰਾਹੀਂ ਬੁਲਾ ਭੇਜਿਆ। ਗੁਰੂ ਸਾਹਿਬ ਨੇ ਇਸ ਝੂਠ ਦੇ ਗੜ੍ਹ ਨੂੰ ਤੋੜਨ ਅਤੇ ਲੋਕਾਂ ਨੂੰ ਨੇਕ ਕਮਾਈ ਦਾ ਉਪਦੇਸ਼ ਕਰਨ ਲਈ ਸੱਦਾ ਪ੍ਰਵਾਨ ਕਰ ਲਿਆ। ਗੁਰੂ ਜੀ ਠੀਕ ਸਮੇਂ ਯੱਗ ਵਿਚ ਪਹੁੰਚ ਗਏ। ਭਾਈ ਲਾਲੋ ਅਤੇ ਕੁੱਝ ਕੁ ਹੋਰ ਸੇਵਕ ਗੁਰੂ ਜੀ ਦੇ ਨਾਲ ਸਨ। ਸ਼ਹਿਰ ਵਿਚ ਅੱਗੇ ਹੀ ਇਸ ਗੱਲ ਦੀ ਚਰਚਾ ਫੈਲ ਚੁਕੀ ਸੀ ਕਿ ਬੇਦੀ ਕੁਲ ਦੇ ਵਿਚੋਂ ਖਤਰੀ ਘਰਾਣੇ ਦਾ ਇਕ ਸਾਧੂ ਲਾਲੋ ਦੇ ਘਰ ਠਹਿਰਿਆ ਹੋਇਆ ਹੈ ਅਤੇ ਲਾਲੋ ਤਰਖਾਣ ਦੇ ਹੱਥ ਦੀ ਪੱਕੀ ਰੋਟੀ ਖਾਂਦਾ ਹੈ। ਉਸ ਵੇਲੇ ਛੂਤ ਛਾਤ ਦਾ ਬੜਾ ਜ਼ੋਰ ਸੀ ਅਤੇ ਜਾਤ ਪਾਤ ਦਾ ਵਿਤਕਰਾ ਵੀ ਅੰਤ ਤੇ ਪਹੁੰਚਿਆ ਹੋਇਆ ਸੀ। ਵਰਣ ਅਵਰਣ ਦੀਆਂ ਜੜਾਂ ਪੀਡੀਆਂ ਹੋ ਚੁੱਕੀਆਂ ਸਨ, ਇਸ ਤਰ੍ਹਾਂ ਦੀ ਸਥਿਤੀ ਵਿਚ ਇਨ੍ਹਾਂ ਸੰਗਲਾਂ ਨੂੰ ਤੋੜਨਾ ਕਿੰਨਾ ਅਸੰਭਵ ਸੀ ਅਤੇ

ਉਨ੍ਹਾਂ ਨੂੰ ਤੋੜਨ ਵਾਲੇ ਨਾਲ ਸਮਾਜ ਦਾ ਕੀ ਵਰਤਾਓ ਹੋ ਸਕਦਾ ਸੀ ਇਸ ਗੱਲ ਦਾ ਅਨੁਮਾਨ ਲਾਉਣਾ ਮੁਸ਼ਕਲ ਹੈ। ਗੁਰੂ ਸਾਹਿਬ ਬਾਰੇ ਤਾਂ ਖਾਸ ਤੌਰ ਤੇ ਇਹ ਰੌਲਾ ਵੀ ਮੱਚ ਗਿਆ ਸੀ ਕਿ ਉਨ੍ਹਾਂ ਨੇ ਇਕ ਮਰਾਸੀ ਜਾਤ ਦਾ ਢਾਡੀ ਵੀ ਨਾਲ ਰਖਿਆ ਹੋਇਆ ਹੈ ਅਤੇ ਜਿਸ ਨਾਲ ਗੁਰੂ ਜੀ ਸੰਗਤ ਪੰਗਤ ਦਾ ਕੋਈ ਮਤ ਭੇਦ ਨਹੀਂ ਕਰਦੇ।

ਜਦੋਂ ਗੁਰੂ ਸਾਹਿਬ ਮਲਕ ਭਾਗੋ ਦੇ ਯੱਗ ਵਿਚ ਪੁਜੇ ਤਾਂ ਉਸਨੇ ਗੁਰੂ ਜੀ ਨੂੰ ਪੁਛਿਆ "ਸੰਤ ਜੀ ! ਮਹਾਰਾਜ ਜੀ ! ! ਮੇਰੇ ਯੱਗ ਵਿਚ ਕੀ ਖੁਨਾਮੀ ਹੈ ਜੋ ਆਪਨੇ ਯੱਗ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ?" ਮਰਾਸੀ ਨੂੰ ਭਰਾ ਕਹਿਣਾ, ਸ਼ੂਦਰ ਦਾ ਅੰਨ ਖਾਣਾ ਤੇ ਬ੍ਰਹਮ ਭੋਜ ਤੋਂ ਇਨਕਾਰ ਕਰਨਾ ਹਿੰਦੂ ਧਰਮ ਦੀ ਹੱਤਕ ਹੈ, ਕਿਰਪਾ ਕਰਕੇ ਇਸ ਸੁਆਲ ਦਾ ਉਤਰ ਦੇਕੇ ਮੇਰੀ ਤਸੱਲੀ ਕਰੋ। ਗੁਰੂ ਜੀ ਨੇ ਮਲਕ ਨੂੰ ਕਿਹਾ ਕਿ ਤੁਸਾਂ ਦਾਨ ਕਰਨਾ ਹੈ ਅਤੇ ਦਾਨ ਵਿਚ ਜਬਰਦਸਤੀ ਦਾ ਕੀ ਕੰਮ। ਜੇ ਕੋਈ ਨਹੀਂ ਖਾਂਦਾ ਤਾ ਉਸ ਨੂੰ ਜ਼ੋਰੀ ਖੁਆਉਣ ਦੀ ਕੀ ਲੋੜ ਹੈ, ਪਰ ਮਲਕ ਭਾਗੋ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਜਦੋਂ ਗੁਰੂ ਜੀ ਭਾਈ ਲਾਲੋ ਦੇ ਘਰ ਦਾ ਅੰਨ ਖਾ ਸਕਦੇ ਹਨ ਤਾਂ ਉਸਦੇ ਬ੍ਰਹਮ ਭੋਜ ਨੂੰ ਵੀ ਜ਼ਰੂਰ ਛੱਕਣ। ਆਖਰਕਾਰ ਗੁਰੂ ਜੀ ਨੇ ਕਿਹਾ ਕਿ ਤੇਰਾ ਅੰਨ ਗਰੀਬਾਂ ਦੇ ਖ਼ੂੰਨ ਨਾਲ ਭਰਿਆ ਹੋਇਆ ਹੈ ਅਤੇ ਭਾਈ ਲਾਲੋ ਦੇ ਅੰਨ ਵਿਚ ਸੱਚੀ ਕਿਰਤ ਦਾ ਦੁੱਧ ਹੈ। ਮਲਕ ਭਾਗੋ ਨੇ ਹੈਰਾਨ ਹੋਕੇ ਪੁਛਿਆ ਤਾਂ ਗੁਰੂ ਸਾਹਿਬ ਨੇ ਮਲਕ ਭਾਗੋ ਨੂੰ ਆਪਣੇ ਯੱਗ ਦਾ ਅੰਨ ਲਿਆਉਣ ਦਾ ਹੁੱਕਮ ਦਿੱਤਾ ਅਤੇ ਭਾਈ ਲਾਲੋ ਨੂੰ ਆਪਣੇ ਘਰ ਦਾ ਅੰਨ ਲਿਆਉਣ ਦਾ ਹੁਕੱਮ ਦਿੱਤਾ। ਜਦੋਂ ਦੋਵੇਂ ਜਣੇ ਆਪਣੇ ਆਪਣੇ ਘਰ ਦਾ ਅੰਨ ਲਿਆਏ ਤਾਂ ਗੁਰੂ ਸਾਹਿਬ ਨੇ ਇਕ ਹੱਥ ਵਿਚ ਮਲਕ ਭਾਗੋ ਦੀਆਂ ਪੂੜੀਆਂ ਫੜ ਲਈਆਂ ਅਤੇ ਇਕ ਹੱਥ ਵਿਚ ਭਾਈ ਲਾਲੋ ਦੇ ਘਰ ਦਾ ਅੰਨ ਫੜ ਲਿਆ। ਜਦੋਂ ਗੁਰੂ ਜੀ ਨੇ ਦੋਹਾਂ ਜਣਿਆਂ ਦੇ ਅੰਨ ਨੂੰ ਜ਼ੋਰ ਨਾਲ ਦਬਾਇਆ ਤਾ ਦੁੱਨੀਆਂ ਇਹ ਹੈਰਾਨੀਦਾਇਕ ਘਟਨਾ ਵੇਖਕੇ ਦੰਗ ਰਹਿ ਗਈ ਕਿ ਮਲਕ ਭਾਗੋ ਦੀਆਂ ਪੁੜੀਆਂ ਵਿਚੋਂ ਖ਼ੂੰਨ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋ ਦੁੱਧ ਚੋ ਰਿਹਾ ਸੀ।

ਪਾਪ ਦੀ ਕਮਾਈ ਤੋਂ ਘਿਰਨਾ ਪੈਦਾ ਕਰਨ ਲਈ ਗੁਰੂ ਜੀ ਨੇ ਹਿੰਦੂ ਮੁਸਲਮਾਨ ਦੋਹਾਂ ਨੂੰ ਇਹ ਉਪਦੇਸ਼ ਦਿੱਤਾ:-

"ਹਕ ਪਰਾਇਆ ਨਾਨਕਾ ਉਸ ਸੂਅਰੁ ਉਸੁ ਗਾਇ।
ਗੁਰੁ ਪੀਰੁ ਹਾਮੀ ਤਾ ਭਰੇ ਜਾ ਮੁਰਦਾਰੁ ਨ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ।[1] (ਮਾਝ ਦੀ ਵਾਰ)

ਰਾਵੀਓਂ ਉਰਾਰ ਹੋਕੇ ਦੱਖਣ ਵੱਲ ਨੂੰ ਜੰਗਲੋ ਜੰਗਲ ਤੁਰ ਪਏ। ਰਸਤੇ ਵਿੱਚ ਸੱਜਣ ਠੱਗ ਦਾ ਨਿਸਤਾਰਾ ਕਰਦੇ ਹੋਏ ਪਾਕ ਪੱਟਨ ਜਾ ਪਹੁੰਚੇ ਜੋ ਫਰੀਦ ਭਗਤ ਦੀ ਜਨਮ ਭੂਮੀ ਸੀ। ਇਥੇ ਇਕ ਟਿੱਬੀ ਤੇ ਬੈਠ ਕੇ ਉਨ੍ਹਾਂ ਨੇ ਇਹ ਸ਼ਬਦ ਉਚਾਰਿਆ:-

"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂੰ।"

ਉਸ ਸਮੇਂ ਸ਼ੇਖ ਬ੍ਰਹਮ ਜਿਹੜਾ ਕਿ ਸ਼ੇਖ ਫਰੀਦ ਦਾ ਗੱਦੀ ਨਸ਼ੀਨ ਸੀ , ਦਾ ਮੁਰੀਦ ਕਮਾਲ ਨਾਗੇ ਹੀ ਲਕੜਾ ਚੁਣ ਰਿਹਾ ਸੀ, ਜਿਸ ਨੇ ਨੇੜੇ ਹੋਕੇ ਇਹ ਸਲੋਕ ਧਿਆਨ ਨਾਲ ਸੁਣਿਆ ਅਤੇ ਬੇਨਤੀ ਕੀਤੀ ਕਿ ਇਕ ਵੇਰ ਫੇਰ ਸੁਣਾਉ, "ਅਰਜ ਰਖੀਅਸ ਜੀਉ ਇਸ ਰਬਾਬੀ ਕੋਉ ਹੁਕਮ ਕੀਜੈ ਜੋ ਇਹੁ ਬੈਂਤ ਫਿਰ ਆਖੈ..... ਤਾ ਮਰਦਾਨੇ ਸਲੋਕ ਫਿਰ ਦਿਤਾ ਜੋ ਕਮਾਲੇ ਸਿਖਿ ਲੈਇਆ।
(ਪੁ: ਜ: ਸਾ:)

ਸਲੋਕ ਲਿਖਕੇ "ਕਮਾਲ" ਡੇਰੇ ਆ ਗਿਆ ਅਤੇ ਆਪਣੇ ਮੁਰਸ਼ਦ ਨੂੰ ਆਕੇ ਆਖਿਆ:-

"ਤੁਸੀਂ ਤਾਂ ਆਖਦੇ ਹੋ ਜੋ ਇਕ ਖੁਦਾ ਹੈ ਤੇ ਦੂਜਾ ਪੈਗੰਬਰ ਹੈ, ਤੇ ਇਕ ਫਕੀਰ ਬਨ ਵਿਚ ਬੈਠਾ ਹੈ ਉਹ ਕਹਿੰਦਾ ਹੈ ਇਕ ਖੁਦਾ ਹੈ ਦੂਜਾ ਕੋਈ ਹੋਆ ਨਹੀਂ।"
(ਜ: ਸਾ; ਭਾ: ਮ: ਸਿੰ: ਪ: 24 )

ਇਹ ਸੁਣਕੇ ਸ਼ੇਖ ਦੇ ਮਨ ਵਿਚ ਤਮਕ ਉਠੀ ਕਿ ਕੌਣ ਹੈ ਜੋ ਨਬੀ ਦਾ ਦਰਜਾ ਘਟਾਉਣ ਦੀ ਗੁਸਤਾਖੀ ਕਰ ਰਿਹਾ ਹੈ ਅਤੇ ਉਸੇ ਵੇਲੇ ਬਹਿਸ ਕਰਨ ਲਈ ਆ ਗਿਆ। ਭਾਈ ਵੀਰ ਸਿੰਘ ਜੀ ਨੇ ਇਹ ਮਿਲਾਪ ਆਸਾ ਦੇਸ ਵਿਚ ਹੋਇਆ ਲਿਖਿਆ ਹੈ, ਪਰ ਨਾਲ ਲਿਖਿਆ ਹੈ ਕਿ ਹੋ ਸਕਦਾ ਹੈ ਅਸਾਮ ਵਿਚ ਇਹ ਫਰੀਦ ਮਿਲਿਆ ਹੋਵੇ ਜਾਂ ਕੋਈ ਹੋਰ ਹੋਵੇ। ਪ੍ਰੋ: ਕਰਤਾਰ ਸਿੰਘ ਅਨੁਸਾਰ ਸ਼ੇਖ ਬ੍ਰਹਮ ਨਾਲ ਮੁਲਾਕਾਤ ਸੱਜਣ ਦੇ ਮਿਲਾਪ ਤੋਂ ਪਿਛੋਂ ਹੀ ਹੋਈ ਹੈ ਜਦ ਮੁਲਤਾਨ ਤੋਂ ਫਿਰ ਮਿੱਟ ਗੁੰਮਰੀ ਵਲ ਆਏ। ਸਫਰ ਦੀ ਸਹੀ ਸੇਧ ਅਜੇ ਤੱਕ ਇਤਿਹਾਸਕਾਰ ਠੀਕ ਤੌਰ ਤੇ ਨਿਸਚਿਤ ਨਹੀਂ ਕਰ ਸਕੇ, ਸੰਭਵ ਹੈ ਮੁਲਤਾਨ ਤੋਂ ਹੀ ਪਾਕ ਪੱਟਣ ਆਏ ਹੋਣ।

ਗੁਰੂ ਸਾਹਿਬ ਨੇ ਸ਼ੇਖ ਨੂੰ ਸਿਧ ਕਰਕੇ ਦਸਿਆ ਕਿ ਖੁਦਾ ਇਕ ਹੈ, ਉਸ ਦਾ ਕੋਈ ਸਾਨੀ ਨਹੀਂ। ਉਸਦੀ ਪ੍ਰਾਪਤੀ ਲਈ ਕੇਵਲ ਕਲਮਾਂ ਪੜ੍ਹਣਾ ਹੀ ਕਾਫੀ ਨਹੀਂ। ਸਗੋਂ ਸਰਬ ਜੀਆਂ ਵਿਚ ਉਸ ਨੂੰ ਵਿਆਪਕ ਵੇਖਣ ਅਤੇ ਦਿਲੀ ਅਰਦਾਸ ਦੀ ਲੋੜ ਹੈ। ਸ਼ੇਖ ਨੇ ਕਿਹਾ:-

"ਇਕ ਸਾਹਿਬ ਤੇ ਦੋਇ ਹੱਦੀ। ਕੇਹੜਾ ਸੇਵੀਂ ਕੇਹੜਾ ਰੱਦੀ।"

ਗੁਰੂ ਸਾਹਿਬ ਨੇ ਉੱਤਰ ਦਿੱਤਾ:-

"ਇਕੋ ਸਾਹਿਬ ਇਕੋ ਹੱਦ। ਇਕੋ ਸੇਵੀ ਦੂਜਾ ਰੱਦ।"

ਸ਼ੇਖ ਬ੍ਰਹਮ ਉਸ ਸਮੇਂ ਮੁਸਲਿਮ ਜਗਤ ਵਿਚ ਤਕੜੀ ਹਸਤੀ ਦਾ ਮਾਲਕ ਸੀ ਅਤੇ ਖਾਸੀ ਵਿਦਵਤਾ ਰੱਖਦਾ ਸੀ, ਇਸਲਾਮ ਧਰਮ ਦੇ ਸਿਧਾਂਤ ਨੂੰ ਪ੍ਰਮੁਖ ਸਾਬਤ ਕਰਨ ਦੇ ਨਾਲ ਨਾਲ ਉਸ ਨੂੰ ਆਪਣੇ ਵਕਾਰ ਦਾ ਵੀ ਖਿਆਲ ਸੀ ਕਿ ਜੇ ਮੈਂ ਹਾਰ ਗਿਆ ਤਾਂ ਮੇਰੀ ਬੜੀ ਹੇਠੀ ਹੋਵੇਗੀ, ਇਸ ਲਈ ਉਸਨੇ ਵਾਦ ਵਿਵਾਦ ਵਿਚ ਪੂਰਾ ਤਾਣ ਲਾਇਆ ਪਰ ਜਿਉਂ ਜਿਉਂ ਉਹ ਵਾਰਤਾਲਾਪ ਕਰਦਾ ਗਿਆ ਜਗਤ ਗੁਰੂ ਦੀ ਕਿਰਪਾ ਕਟਾਖਸ਼ ਦੁਆਰਾ ਉਸ ਦੇ ਕਪਾਟ ਖੁਲ੍ਹਦੇ ਗਏ, ਤਾਂ ਫੇਰ ਕਹਿਆ ਨਾਨਕ ਜੀ ਮੈਨੂੰ ਇੱਕ ਕਾਤੀ ਲੁੜੀਦੀਂ ਹੈ ਤੇ ਕੰਨੋ ਹੋਵੈਂ ਤਾਂ ਦੇਹੁ ਇਹ ਜੇ ਸਾਰ (ਲੋਹਿ) ਦੀ ਕਾਤੀ ਨਾਲ ਜੋ ਕੁਸਦਾ ਹੈ ਸੋ ਹਲਾਲ ਥੀਂਦਾ ਹੈ, ਪਰ ਏਹੁ ਜੋ ਬੰਦਾ ਹੈ ਇਸ ਦੇ ਗਲ ਵਗੈ ਤਾਂ ਏਹੁ ਮੁਰਦਾਰ ਥੀਂਦਾ ਹੈ। ਮੈ ਕੂੰ ਸਾ ਕਾਤੀ ਦੇਹਿ ਜੈਦਾ ਕੁਠਾ ਮਾਸ ਹਲਾਲ ਥੀਐ। ਗੁਰੂ ਬਾਬੇ ਆਖਿਆ ਪੀਰ ਜੀ ਲਈਐ ਕਾਤੀ।" (ਇਕ ਪੁ: ਲਿਖਤ ਜ: ਸਾ: ਪਤ੍ਰਾ 342)

ਅਤੇ ਇਹ ਵਾਕ ਉਚਾਰਿਆ:-

"ਸਚ ਕੀ ਕਾਤੀ ਸਚੁ ਸਭੁ ਸਾਰੁ। ਘਾੜਤ ਤਿਸ ਕੀ ਅਪਰ ਅਪਾਰ।
ਸਬਦੇ ਸਾਣ ਰਖਾਈ ਲਾਇ। ਗੁਣ ਕੀ ਥੇਕੈ ਵਿਚਿ ਸਮਾਇ।
ਤਿਸਕਾ ਕੁਠਾ ਹੋਵੈ ਸੇਖੁ। ਲੋਹੂ ਲਬੁ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ। ਨਾਨਕ ਦਰਿ ਦੀਦਾਰਿ ਸਮਾਇ।2।

(ਰਾਮਕਲੀ ਕੀ ਵਾਰ ਮ: 1)

ਪੁਰਾਣੀ ਲਿਖਤੀ ਜਨਮ ਸਾਖੀ ਵਿਚ ਜਿਕਰ ਹੈ: ਕਿ

"ਫੇਰ ਬਾਬਾ ਜੀ ਉਥਹੁ ਚਲਿਆ ਦੀਪਾਲਪੁਰ ਚੂਹਣੀਆਂ ਵਿਚ ਦੇ, ਕੰਙਣ ਪੁਰ, ਕਸੂਰ, ਹੈਬਤਪੁਰ, ਪਟੀ ਵਿਚ ਦੇ ਅਗੈ ਗਏ। ਗੁਵਿੰਦਵਾਲ ਵਿਚ ਦੇ, ਵੈਰੋ ਵਾਲ ਵਿਚ ਦੇ, ਸੈਦਪੁਰ ਸਲੋਇਵਾਲ ਜਾਇ ਨਿਕਲੇ। (ਪਤ੍ਰਾ 345) ਏਥੇ ਗੁਰੂ ਸਾਹਿਬ ਦਾ ਮੇਲ ਬਾਬਰ ਨਾਲ ਵੀ ਹੋਇਆ। ਸਿਆਲਕੋਟ ਵਿਚ ਉਨਾਂ ਨੇ ਹਮਜਾ ਗੌਸ ਦਾ ਚਿਲਾ ਤੋੜਿਆ ਅਤੇ ਅਜਿਹੇ ਪਖੰਡਾਂ ਤੋਂ ਬਾਜ਼ ਆਉਣ ਦੀ ਸਿਖਿਆ ਦਿੱਤੀ। ਏਥੇ ਉਹ ਪਸਰੂਰ ਹੁੰਦੇ ਹੋਏ ਮੀਆਂ ਮਿੱਠੇ ਦੇ ਕੋਟਲੇ ਜਾ ਪਹੁੰਚੇ ਅਤੇ ਉਥੇ ਮੀਆਂ ਮਿੱਠੇ ਨਾਲ ਬਹਿਸ ਹੋਈ। ਮੀਆਂ ਮਿੱਠਾ ਸ਼ਰਾ, ਸ਼ਰੀਅਤ ਦਾ ਪੱਕਾ, ਪੰਜ ਵਕਤ ਦਾ ਨਿਮਾਜੀ ਅਤੇ ਮੱਕੇ ਨੂੰ ਰੱਬ ਦਾ ਘਰ ਮੰਨਣ ਵਾਲਾ, ਦ੍ਰਿੜ ਵਿਸ਼ਵਾਸ਼ੀ ਮੁਸਲਮਾਨ ਸੀ। ਉਸ ਨਾਲ ਚਰਚਾ ਕਰਦੇ ਹੋਏ ਗੁਰੂ ਸਾਹਿਬ ਨੇ ਉਸ ਨੂੰ ਦਸਿਆ ਕਿ ਅੱਜ ਕਲ੍ਹ ਜਿਹੜੇ ਮੁਸਲਮਾਨ ਹਨ ਉਹ ਕਾਫਰਾਂ ਤੇ (ਹਿੰਦੂਆਂ) ਤੇ ਜੁਲਮ ਕਰਨਾ

ਆਪਣਾ ਧਰਮ ਸਮਝਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਉਹ ਕਾਫਰਾਂ ਨੂੰ ਕਤਲ ਕਰਕੇ ਬਹਿਸ਼ਤ ਵਿਚ ਜਾਣਗੇ। ਹਜ਼ਰਤ ਮੁਹੰਮਦ ਉਨ੍ਹਾਂ ਦੇ ਸਾਰੇ ਗੁਨਾਹ ਖੁਦਾ ਕੋਲੋਂ ਮਾਫ ਕਰਵਾ ਦੇਣਗੇ। ਅਤੇ ਕਿਆਮਤ ਦੇ ਦਿਨ ਉਨ੍ਹਾਂ ਨੂੰ ਬਹਿਸ਼ਤ ਵਿਚ ਭਿਜਵਾਉਣਗੇ। ਪਰ ਅਸਲੀਅਤ ਇਹ ਨਹੀਂ। ਪਰ ਅਸਲੀਅਤ ਹੈ ਕੀ? ਇਸ ਬਾਰੇ ਦੱਸਦੇ ਹਨ:-

"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।"[1]

"ਹਕੁ ਪਰਾਇਆ ਨਾਨਕਾ ਉਸ ਸੂਅਰੁ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਇ ਹਰਾਮ ਮਹਿ ਹੋਇ ਹਲਾਲੁ ਨਾ ਜਾਇ।
ਨਾਨਕ ਗਲੀ ਕੂੜੀ ਕੂੜੇ ਪਲੈ ਪਾਇ।"[2]

"ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜਿ ਨਾਉ।
ਪਹਿਲਾ ਸਚੁ ਹਲਾਲੁ ਦੋਇ ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ।"[3]

ਮਨੁੱਖੀ ਉਧਾਰ ਲਈ ਇਹ ਇਕ ਅਦੁਤੀ ਆਦਰਸ਼ਕ ਅਤੇ ਸਿਧਾਂਤਕ ਮਾਰਗ ਸੀ, ਜਿਸ ਤੇ ਕਿੰਤੂ ਕਰਨਾ ਮੀਆਂ ਮਿੱਠੇ ਦੇ ਵੱਸ ਤੋਂ ਬਾਹਰ ਦੀ ਗੱਲ ਸੀ, ਉਸ ਲਈ ਤਾਂ ਆਤਮ ਮਾਰਗ ਦੀ ਇਹ ਇਕ ਨਵੀਂ ਕਿਰਣ ਸੀ ਜਿਸਨੇ ਉਸਨੂੰ ਕਾਇਲ ਕਰ ਦਿੱਤਾ, ਉਸ ਦੇ ਮਾਣ ਅਥਵਾ ਤਅੱਸਬ ਦੇ ਕੜ ਟੁੱਟ ਗਏ, ਦੀਵਾ ਪਨ ਦੀ ਬਿਸੁਧੀ ਜਿਹੀ ਹਾਲਤ ਵਿਚ ਉਸਨੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਤੇ

---

1. ਵਾਰ ਮਾਝ, ਪੰਨਾ-140.
2. ਵਾਰ ਮਾਝ, ਸਲੋਕ, ਪੰਨਾ-140-141.
3. ਵਾਰ ਮਾਝ , ਸਲੋਕ, ਪੰਨਾ-140.

ਸਿਰ ਰੱਖ ਦਿੱਤਾ ਅਤੇ ਮਿਹਰ ਬਖਸ਼ਸ਼ ਲਈ ਪ੍ਰਾਰਥਨਾ ਕੀਤੀ। ਗੁਰੂ ਸਾਹਿਬ ਨੇ ਉਸਨੂੰ ਸਮਝਾਇਆ ਕਿ ਅਸਲ ਮੁਸਲਮਾਨ ਕੌਣ ਹੁੰਦੇ ਹਨ। ਫੁਰਮਾਨ ਹੈ:-

"ਮੁਸਲਮਾਣੂ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲਮਾਨਾ ਮਾਲੁ ਮੁਸਾਵੈ।"
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਏ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤਾ ਮੁਸਲਮਾਣੁ ਕਹਾਵੈ।"[1]

ਅਸਲ ਮੁਸਲਮਾਨ ਦੀ ਇਕ ਛੋਟੀ ਜਿਹੀ ਪ੍ਰੀਭਾਸ਼ਾ ਇੰਜ ਦਿੰਦੇ ਹਨ:-

"ਮੁਸਲਮਾਣੁ ਸੋਈ ਮਲੁ ਖੋਵੈ।"[2]

"ਤਬ ਸ਼ੇਖ ਮੀਆਂ ਮਿਠੇ ਆਇ ਪੈਰ ਚੁੰਮੇ"

ਇਸ ਤੋਂ ਬਾਅਦ ਲਹੌਰ ਵਿਚ ਆਕੇ ਦੁਨੀ ਚੰਦ ਕਰੋੜੀਆਂ ਦਾ ਉਧਾਰ ਕੀਤਾ। ਜਿਹੜਾ ਕਿ ਇਸ ਵਹਿਮ ਵਿਚ ਫਸਿਆ ਹੋਇਆ ਸੀ ਕਿ ਸਾਧਾਂ, ਮੁਲਾਣਿਆਂ ਅਤੇ ਫਕੀਰਾਂ ਨੂੰ ਭੋਜਨ ਖੁਆਉਣ ਨਾਲ ਇਹ ਭੋਜਨ ਉਸ ਦੇ ਮਰੇ ਹੋਏ ਪਿਤਾ ਕੋਲ ਪਹੁੰਚ ਜਾਵੇਗਾ। ਗੁਰੂ ਜੀ ਨੇ ਉਸ ਨੂੰ ਆਵਾਗਵਣ ਦਾ ਸਿਧਾਂਤ ਸਮਝਾਇਆ।

ਇਸ ਤੋਂ ਪਿਛੋਂ ਗੁਰੂ ਸਾਹਿਬ ਕੁਰੂਕਸ਼ੇਤਰ ਆ ਨਿਕਲੇ। ਕੁਰੂਕਸ਼ੇਤਰ ਵਿਚ ਸੂਰਜ ਗ੍ਰਹਿਣ ਕਾਰਨ ਬਹੁਤ ਭਾਰੀ ਮੇਲਾ ਲੱਗਿਆ ਹੋਇਆ ਸੀ। ਇਥੋਂ ਦਾ ਪ੍ਰਸਿੱਧ ਨਾਨੂੰ ਪੰਡਿਤ ਭਵਿੱਖਤ ਪੁਰਾਣ ਵਿਚ ਆਈ ਨਾਨਕ ਅਵਤਾਰ ਬਾਰੇ ਵੇਦ ਵਿਆਸ ਦੀ ਭਵਿੱਖਬਾਣੀ ਦੀ ਟੇਕ ਲੈਕੇ ਆਪਣਾ ਨਾਮ ਨਾਨਕ ਰਖਵਾ ਕੇ ਦੁੱਨੀਆਂ ਨੂੰ ਆਪਣੇ ਪਿਛੇ ਲਾਉਣ ਦੇ ਯਤਨ ਵਿਚ ਸੀ।

ਪਰ ਗੁਰੂ ਨਾਨਕ ਸਾਹਿਬ ਦੇ ਖੁਦ ਪ੍ਰਗਟ ਹੋ ਜਾਣ ਨਾਲ ਉਸ ਦੀਆਂ ਉਮੀਦਾਂ ਉਤੇ ਪਾਣੀ ਫਿਰ ਗਿਆ। ਮੇਲੇ ਵਿਚ ਆਏ ਬਹੁਤ ਸਾਰੇ ਸਿੱਧ, ਜੋਗੀ, ਪੰਡਿਤ ਅਤੇ ਸਨਿਆਸੀ ਲੋਕ ਗੁਰੂ ਜੀ ਕੋਲ ਆ ਜੁੜੇ। ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:-

---

1. ਵਾਰ ਮਾਝ ਸਲੋਕ, ਪੰਨਾ-141.
2. ਧਨਾਸਰੀ ਪਦਾ-5, ਪੰਨਾ-662.

"ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ।
ਜੋਗੀ ਕਾਪੜੀਆ ਸਿਰ ਖੂਥੇ ਬਿਨੁ ਸਬਦੈ ਗਲਿ ਫਾਸੀ।੧।
ਸਬਦਿ ਰਤੇ ਪੂਰੇ ਬੈਰਾਗੀ।
ਅਉ ਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ। ਰਹਾਉ।
ਬ੍ਰਾਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ।
ਬਿਨ ਬੂਝੇ ਕਿਛੁ ਸੂਝੈ ਨਾਹੀ ਮਨ ਮੁਖੁ ਵਿਛੁੜਿ ਦੁਖੁ ਪਾਏ। 2।
ਸਬਦਿ ਮਿਲੇ ਸੇ ਸੂਚਾ ਚਾਰੀ ਸਾਚੀ ਦਰਗਹ ਮਾਨੇ।
ਅਨ ਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ। 3।
ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ
ਨਾਨਕ ਸਤਿ ਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ।[1]

ਇਸ ਸ਼ਬਦ ਦੀ ਇਲਾਹੀ ਸ਼ਕਤੀ ਨੇ ਉਨ੍ਹਾਂ ਦੇ ਮਨ ਉੱਜਲ ਕਰ ਦਿੱਤੇ, ਉਨ੍ਹਾਂ ਸਾਰਿਆ ਨੇ ਸੀਸ ਝੁਕਾਇ ਅਤੇ ਗੁਰ ਉਪਦੇਸ਼ ਲਿਆ। ਏਥੇ ਹੀ ਮਾਸ ਖਾਣ ਦੇ ਉੱਤੇ ਚਰਚਾ ਦਾ ਮੌਕਾ ਬਣ ਗਿਆ। ਗੁਰੂ ਸਾਹਿਬ ਨੇ ਸਾਕਾਹਾਰੀਆਂ ਅਤੇ ਮਾਸਾਹਾਰੀਆਂ ਵਿਚਲੀ ਨਫ਼ਰਤ ਨੂੰ ਦੂਰ ਕਰਨ ਦੇ ਲਈ ਇਹ ਸ਼ਬਦ ਉਚਾਰਿਆ:-

"ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ।
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ। ---"[2]

ਇਸ ਤੋਂ ਬਾਅਦ ਗੁਰੂ ਸਾਹਿਬ ਸਮਾਧੀ ਵਿਚ ਜੁੜ ਗਏ। ਸਾਰੇ ਪੰਡਿਤ ਇਕ ਦੂਜੇ ਦਾ ਮੂੰਹ ਵੇਖਣ ਲੱਗੇ। ਏਨੀ ਦੇਰ ਦੇ ਵਿਚ ਨਾਨੂੰ ਪੰਡਿਤ ਨੂੰ ਵੀ ਸੋਝੀ ਹੋ ਆਈ ਅਤੇ ਉਸਨੇ ਕਿਹਾ:-
"ਮੈਂ ਆਪਨੇ ਨਾਮ ਸੇ ਕਕਾ ਅੱਖਰ ਦੂਰ ਕਰਤਾ ਹੂੰ ਤੇ ਨਾਨੂੰ ਨਾਮ ਕਰਾਵਤਾ ਹੂੰ, ਨਾਨਕ ਜੋ ਹੈ ਸੋ ਇਹੁ ਹੈ।"[3]

---

1. ਪ੍ਰਭਾਤੀ ਪਦੇ-16, ਪੰਨਾ-1332.
2. ਵਾਰ ਮਲਾਰ, ਸਲੋਕ, ਪੰਨਾ-1289.
3. ਲਿਖਤ ਭਾਈ ਮਨੀ ਸਿੰਘ, ਪੰਨਾ-55.

ਕੁਰੂਕਸ਼ੇਤਰ ਦੀ ਧਰਤੀ ਤੇ ਗੁਰੂ ਨਾਨਕ ਸਾਹਿਬ ਦੀ ਇਸ ਮਹਾਨ ਜਿੱਤ ਨਾਲ ਅਤੇ ਨਾਨੂੰ ਪੰਡਿਤ ਦੇ ਸ਼ਰਣ ਪ੍ਰਾਪਤ ਕਰਨ ਨੇ ਗੁਰੂ ਜੀ ਦਾ ਜੱਸ ਸਾਰੇ ਦੇਸ਼ ਵਿਚ ਫੈਲਾ ਦਿੱਤਾ।

ਕੁਰੂਕਸ਼ੇਤਰ ਤੋਂ ਚੱਲਕੇ ਗੁਰੂ ਸਾਹਿਬ ਪਾਣੀਪੱਤ ਆ ਗਏ। ਏਥੇ ਉਨ੍ਹਾਂ ਨੇ ਸ਼ਾਹ ਸਰਫ ਨਾਲ ਵਿਚਾਰ ਵਟਾਂਦਰਾ ਕੀਤਾ। ਪੀਰ ਨੇ ਗੁਰੂ ਸਾਹਿਬ ਤੋਂ ਪੁਛਿਆ :-

"ਅਗਰ ਤੁਰਾ ਸੁਆਲ ਮੇ ਪੁਰਸੀਂ ਅਹਿਲਾ ਜਵਾਬ ਬਗੋ ਦਰਵੇਸੀਂ।
ਖ਼ਫਨੀ ਫਿਰਾਕਿ ਸ਼ੁਮਾ ਚਿ ਜ਼ੇਬਾਸ਼ਿ ।੧।

ਤਦ ਗੁਰੂ ਸਾਹਿਬ ਨੇ ਜਵਾਬ ਦਿੱਤਾ:-

"ਪੀਰ ਮਤ ਮੁਰੀਦ ਹੋਇ ਰਹਿਣੰ। ਖਫਨੀ ਟੋਪੀ ਮਨ ਸਬਦ ਗਹਿਣੰ।
ਸੁੰਨ ਨਗਰ ਲੈ ਬਸਤੀ ਰਹਾਈ। ਤਉ ਖਫਨੀ ਕੀ ਜੁਗਤਿ ਪਾਈ।
ਕੁਟੰਬ ਛੋਡ ਹੂਆ ਅਕੇਲਾ। ਨਾਨਕ ਪਹਿਰ ਕਫਨੀ ਭਇਆ ਸੁਹੇਲਾ।

ਪੀਰ ਨੇ ਦੂਜਾ ਪ੍ਰਸ਼ਨ ਕੀਤਾ:-

"ਅਗਰ ਤੁਰਾ ਸੁਆਲ ਮੇ ਪੁਰਸੀਂ । ਅਹਿਲਾ ਜੁਬਾਬ ਬਗੋ ਦਰਵੇਸੀਂ।
ਕਪੀਨ ਸ਼ੁਮਾ ਚਿ ਜ਼ਿਬਾਸ਼।"

ਗੁਰੂ ਸਾਹਿਬ ਨੇ ਜਵਾਬ ਦਿੱਤਾ:-

"ਗੁਰ ਸ਼ਬਦ ਦੀਖਿਆ ਮਹਿ ਸਹਿਜ ਗਹਨੰ।
ਪੰਚ ਇੰਦ੍ਰੀ ਦਿਲ ਅਟਲ ਰਹਿਨੰ।....
ਪਹਰ ਲੰਗੋਟੀ ਰਹੈ ਇਕੇਲਾ। ਉਲਟ ਲੌਂਬ ਕਾ ਪੀਵੈ ਜਲਾ।
ਬਿਲੰਦ ਮਤ ਗੁਰ ਹਿਰੀ ਛੋਟੀ । ਇਹ ਜੁਗਤ ਨਾਨਕ ਪੈਹਰ ਬੇ ਲੰਗੋਟੀ।"

ਫਿਰ ਸਰਫ ਨੇ ਪੁਛਿਆ:-

"ਅਗਰ ਤੁਰਾ ਸੁਆਲ ਮੇ ਪੁਰਸੀਂ । ਅਹਿਲਾ ਜੁਬਾਬ ਬਗੋ ਦਰਵੇਸੀਂ।
ਪਾਉ ਪੋਸ਼ ਤਿਆਗ ਚਿ ਜ਼ਿਬਾਸ਼।"

ਗੁਰੂ ਜੀ ਨੇ ਜਵਾਬ ਦਿੱਤਾ:-

"ਸਰਬ ਗਿਆਨ ਅਹਿ ਨਿਸ ਰੀਤੰ। ਪਾਵਕ ਪਵਨ ਜਾਤ ਮਨ ਕੀਤੰ।

ਧਰਨ ਤਰਵਰ ਕੀ ਰਹਿਤ ਰਹਨੀ। ਕਾਟਨ ਖੇਦਨ ਮਨ ਮਹਿ ਸਹਨੀ।
ਬਿਨ ਬ੍ਰਹਮ ਚੀਨੇ ਪਾਉ ਪੋਸ ਤਿਆਗੇ।
ਤਉ ਨਾਨਕ ਉਹੋ ਰਤਨ ਨ ਲਾਗੇ।"

ਫਿਰ ਸਰਫ ਨੇ ਪੁਛਿਆ:-

"ਅਹਿਲਾ ਜਬਾਬ ਬਗੋ ਦਰਵੇਸੀ। ਸਫਾ ਦਿਲ ਦਰਵੇਸੀ ਅਮਲ ਦਾਰਾਇ।"

ਇਸ ਪ੍ਰਸ਼ਨ ਦਾ ਉਤਰ ਗੁਰੂ ਜੀ ਨੇ ਇਹ ਦਿੱਤਾ:-

"ਜੀਵਤ ਮਰੈ ਜਾਗਤ ਫੁਨ ਸੋਵੈ ਜਾਨਤ ਆਪ ਮੁਸਾਵੈ।
ਸਫਨਾ ਸਫਾ ਹੋਇ ਮਿਲੈ ਖਾਲਕ ਕਉ ਤਉ ਦਰਵੇਸ ਕਹਾਵੈ।੧।
ਤੇਰਾ ਜਨ ਹੈ ਕੋ ਐਸਾ ਦਿਲ ਦਰਵੇਸ।
ਸਾਦੀ ਗਮੀ ਤਮਕ ਨਹੀਂ ਗੁਸਾ ਖੁਦੀ ਹਿਰਸ ਨਹੀਂ ਏਸ। ਰਹਾਉ।
ਕੰਚਨ ਖਾਕ ਬਰਾਬਰ ਦੇਖੈ ਹੱਕ ਹਲਾਲ ਪਛਾਣੈ।
ਆਈ ਤਲਬ ਸਾਹਿਬ ਕੀ ਮਾਨੈ ਅਵਰ ਤਲਬ ਨਹੀਂ ਜਾਨੈ।"

(ਪ: ਜਾ: ਸਾ: ਸ:)

ਇਸ ਤਰਾਂ ਦੇ ਕਈ ਬਚਨ ਬਿਲਾਸ ਕਰਨ ਪਿਛੋਂ ਜਦ ਸ਼ਾਹ ਸਰਫ ਦਾ ਮਨ ਸ਼ਾਂਤ ਹੋ ਗਿਆ ਤਾਂ ਅਦਬ ਨਾਲ ਸਿਜਦਾ ਕਰਕੇ ਕਹਿਣ ਲੱਗਾ:-

"ਤਿੰਨ ਪੁਛਾ ਪੰਡਿਤ ਜੋਇਸੀ। ਪੀਆ ਕਦੋਂ ਮਿਲਾਵਾ ਹੋਇਸੀ।"

ਗੁਰੂ ਜੀ ਨੇ ਉੱਤਰ ਦਿੱਤਾ:-

"ਸ਼ਾਹ ਸਰਫ ਨ ਥੀ ਉਤਾਵਾਲਾ। ਇਕ ਚੋਟ ਨ ਥੀਵਨ ਚਾਵਲਾ।"
ਦਿਉ ਦਰਸ਼ਨ ਭੁਲਾ ਬਾਵਲਾ।"

ਅਰਥਾਤ ਐ ਸ਼ਾਹ ਸਰਫ ! ਜਿਵੇਂ ਮੁਗਲੀ ਦੀ ਇਕ ਚੋਟ ਨਾਲ ਧਾਨ ਤੋਂ ਚਾਵਲ ਨਹੀਂ ਬਣ ਜਾਂਦੇ ਇਸੇ ਤਰਾਂ ਮਨ ਤੋਂ ਵੀ ਇਕੋ ਚੋਟ ਨਾਲ ਅਗਿਆਨ ਰੂਪੀ ਪਰਦਾ ਨਹੀਂ ਹਟਦਾ ਅਤੇ ਉਹ ਨਿਰਮਲ ਹੋਕੇ ਪ੍ਰਭੂ ਪ੍ਰਾਪਤੀ ਦੇ ਯੋਗ ਨਹੀਂ ਬਣ ਜਾਂਦਾ, ਇਹ ਤਾਂ ਚੋਟਾਂ ਖਾ ਖਾ ਕੇ ਹੀ ਸ਼ੁਧ ਹੁੰਦਾ ਹੈ।

"ਜੈਸੇ ਫਲ ਸਬਜ਼ ਹੋਤਾ ਹੈ ਫਿਰ ਸਨੇ ਸਨੇ ਪੀਲਾ ਹੋਤਾ ਹੈ, ਫਿਰ ਪੀਛੇ ਲਾਲ ਹੋਤਾ ਹੈ ਤਬ ਮਿਸਟਾਨ ਨਾਲ ਪੂਰਨ ਹੋਤਾ ਹੈ। ਪਹਿਲੇ ਕੌੜਾ ਹੋਤਾ ਹੈ, ਫਿਰ ਖੱਟਾ ਹੋਤਾ ਹੈ, ਫਿਰ ਮਿੱਠਾ

ਹੋਤਾ ਹੈ। ਤੈਸੇ ਹੀ ਜਗਿਆਸੀ ਕੇ ਰਿਦੇ ਮੈ ਗਯਾਨ ਕਾ ਫਲ ਕੌਰਾ ਹੋਤਾ ਹੈ।..... ਮਨ ਕੋ ਪ੍ਰੇਮ ਕਰਕੇ ਰੋਕਣਾ ਹੈ ਇਹੁ ਪੀਲਾ ਰੰਗ ਹੈ ਜਬ ਮਨ ਕੋ ਰੋਕ ਕੈ ਸਰਵਨ ਮੰਨਨ ਮੈ ਇਸ ਥਿਤ ਕੀਆ ਤਬ ਲਾਲ ਰੰਗ ਹੋਇ ਗਇਆ।.... ਜਬ ਸਨੇ ਸਨੇ ਚਾਵਲ ਛੜੀਏ ਤਬ ਸਾਬਤ ਧਾਨ ਵਿਚੋਂ ਚਾਵਲ ਨਿਕਸਤੇ ਹੈਂ, ਅਰ ਜੋ ਸ਼ੀਘਰ ਛੜੀਏ ਤਬ ਭਜ ਜਾਤੇ ਹੈਂ, ਤੈਸੇ ਹੀ ਸ਼ਬ ਸਨੇ ਸਨੇ ਸਾਧ ਸੰਗ ਮੈ ਸਤਿਨਾਮ ਮੰਤ੍ਰ ਉਚਾਰੀਏ ਤਬ ਆਤਮ ਰਸ ਸੁੱਖ ਪ੍ਰਾਪਤ ਹੋਤਾ ਹੈ। (ਗਿ: ਰ: ਪੰਨਾ-215)

ਇਹ ਬਚਨ ਸੁਣਕੇ ਸ਼ਾਹ ਸਰਫ ਮਹਾਰਾਜ ਦੇ ਚਰਨਾਂ ਨਾਲ ਲਿਪਟ ਗਿਆ। ਇਥੋਂ ਫਿਰ ਦਿੱਲੀ ਹੁੰਦੇ ਹੋਏ ਗੁਰੂ ਸਾਹਿਬ ਮਥਰਾ ਪਹੁੰਚੇ। ਜਦ ਗੁਰੂ ਸਾਹਿਬ ਇਥੇ ਆਏ ਤਾਂ ਇਥੇ ਪੂਰਨਮਾਸ਼ੀ ਦਾ ਬੜਾ ਭਾਰੀ ਮੇਲਾ ਲੱਗਾ ਹੋਇਆ ਸੀ। ਇਸ ਮੇਲੇ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆਏ ਹੋਏ ਸਨ। ਬੇਅੰਤ ਸਾਧੂ ਅਤੇ ਬ੍ਰਾਹਮਣ, ਸੰਨਿਆਸੀ ਅਤੇ ਬਾਣਪ੍ਰਸਤ ਪੁਜੇ ਹੋਏ ਸਨ।

"ਤਬ ਤਹਾ ਅਨੇਕ ਸੰਨਿਆਸੀ, ਬੈਰਾਗੀ , ਬ੍ਰਹਮਚਾਰੀ, ਜਤੀ, ਬਾਨ ਪ੍ਰਸਤੀ ਦੇਖੇ, ਬਾਹਰ ਤੇ ਤਪ ਕਰੈਂ ਅਨੇਕ ਕਰਮਾ ਕੇ ਜਾਲ ਮੈਂ ਬੰਧੇ ਹੋਇ, ਰਾਤ ਸਮੇਂ ਪ੍ਰਾਈਂ ਇਸਤ੍ਰੀਆਂ ਕੋ ਭੋਗੈਂ ਔਂਧੀ ਰਾਤ ਕੇ ਭੋਜਨ ਖਾਵੈਂ, ਦਿਨ ਕੋ ਕਹੈਂ ਹਮ ਨਿਰਾਹਾਰ ਬਰਤੀ ਹੈਂ। ਕੋਈ ਕਹੈ ਹਮ ਦੂਧਾਧਾਰੀ ਹੈਂ, ਨਾਲੇ ਧੰਨ ਇੱਕਠਾ ਕਰੈਂ, ਮਦਰਾ ਪੀਵੈਂ, ਰਾਸ ਬਨਾਵੈਂ, ਕ੍ਰੀੜਾ ਕਰੈਂ... ਐਸੀ ਅੰਧ ਧੁੰਦ ਕਲਜੁਗ ਕੀ ਦੇ ਖੀ,

(ਗਿ: ਰ: ਪੰਨਾ-224)

ਮਰਦਾਨਾ ਇਹ ਸਭ ਕੁੱਝ ਵੇਖਕੇ ਚਕ੍ਰਿਤ ਹੋ ਗਿਆ ਉਸਨੇ ਕਿਹਾ ਮਹਾਰਾਜ ਇਹ ਕਿਤਨਾ ਪਾਖੰਡ ਜਾਲ ਹੈ ਤੇ ਦੁੰਨੀਆਂ ਕਿਥੇ ਭੁਲੀ ਫਿਰਦੀ ਹੈ, ਸਾਹਿਬ ਕਹਿਣ ਲੱਗੇ ਮਰਦਾਨਿਆ ! ਇਹ ਕਲਜੁਗ ਹੈ ਅਤੇ ਇਹ ਲੋਕ ਸਮੇਂ ਦੇ ਪ੍ਰਭਾਵ ਹੇਠਾਂ ਦੱਬੇ ਦਿਨ ਬਦਿਨ ਪਾਪ ਪਾਖੰਡ ਵਿਚ ਗ੍ਰਸੇ ਜਾ ਰਹੇ ਹਨ।

ਹੋਰ ਕਲਜੁਗ ਕੋਈ ਪ੍ਰਾਣਧਾਰੀ ਵਿਅਕਤੀ ਨਹੀਂ, ਇਹ ਬਚਨ ਕਰਦੇ ਹੀ ਆਪ ਵਿਸਮਾਦ ਅਵਸਥਾ ਵਿਚ ਲੀਨ ਹੋ ਗਏ ਅਤੇ ਬੋਲੇ:-

"ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ।
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੈ ਥਾਵ ਕੈਸੇ।੧।
ਜੀਵਨ ਤਲਬ ਨਿਵਾਰ।

ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।੧। ਰਹਾਉ।
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ।
ਦਾਤਾ ਦਾਨੁ ਕਰੇ ਸੇ ਛੀਜੈ ਤਪ ਘਰਿ ਤਪੁ ਨ ਹੋਈ।

ਜੋ ਕੋ ਨਾਉ ਲਏ ਬਦਨਾਮੀ ਕਲਿ ਕੇ ਲਖਣ ਏਈ।3।"[1]

ਇਸ ਸਾਰੇ ਸ਼ਬਦ ਵਿਚ ਆਪ ਨੇ ਜੋ ਸਮੇਂ ਦੇ ਲਛਣ ਬਿਆਨ ਕੀਤੇ ਅਤੇ ਜਿਵੇਂ ਉਨ੍ਹਾਂ ਲੋਕਾਂ ਦੇ ਮਨਾਂ ਨੂੰ ਟੁੰਬਿਆ ਉਸ ਦਾ ਬੜਾ ਪ੍ਰਭਾਵ ਪਿਆ ਅਤੇ ਇਸ ਰੱਬੀ ਉਪਦੇਸ਼ ਨੂੰ ਸੁਣਕੇ ਕਈ ਸਾਧੂ ਮਹਾਰਾਜ ਦੇ ਕੋਲ ਆ ਜੁੜੇ,। 'ਗੁਰੂ ਜੀ ਨੇ ਇਹ ਉਪਦੇਸ਼ ਦਿੱਤਾ:-

"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।
ਕੀਤੀਆ ਕੇਤ ਕਹਾਣੀਆ ਕੇਤੇ ਬੇਦ ਬੀਚਾਰ।
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ।
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ।
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ।
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰ ।
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।[2]

"ਇਹ ਵਚਨ ਸਭਿ ਸੁਣ ਕੈ ਸ਼੍ਰੀ ਗੁਰੂ ਨਾਨਕ ਦੇਵ ਜੀ ਕੇ ਚਰਨੋਂ ਮੈਂ ਨਮਸ਼ਕਾਰ ਕਰਤੇ ਭਏ, ਤਬ ਸਾਹਿਬ ਕਹਿਆ ਸ਼ੁਧ ਹਿਰਦਾ ਕਰੋ, ਪਾਖੰਡ ਡਿੰਭ ਕੋ ਤਿਆਗੋ ਅਰ ਧਰਮ ਸਾਲ ਰਚ ਕੈ ਧਰਮ ਕੋ ਅਸਥਾਪਨ ਕਰੋ। ਇਹ ਵਚਨ ਗੁਰੂ ਜੀ ਕੇ ਸੁਣਕੇ ਸਭੀ ਸਿਖ ਹੋਵਤੇ ਭਏ। (ਗਿ: ਰ:)

ਏਥੇ ਕੁੱਝ ਸਮਾਂ ਰਹਿਕੇ ਦਿਵਾਲੀ ਦੇ ਸਮੇਂ ਗੁਰੂ ਸਾਹਿਬ ਉਤਰ ਪ੍ਰਦੇਸ਼ ਦੇ ਜਿਲ੍ਹਾ ਪੀਲੀ ਭੀਤ ਵਿਚ ਉਸ ਥਾਂ ਤੇ ਜਾ ਪੁਜੇ ਜਿਥੇ ਸਿੱਧਾਂ ਦਾ ਵੱਡਾ ਗੜ੍ਹ ਸੀ। ਉਸ ਨੂੰ ਗੋਰਖ ਮਤਾ ਕਹਿੰਦੇ ਸਨ। ਇਥੇ ਗੁਰੂ ਸਾਹਿਬ ਨੇ ਜੋਗੀਆਂ ਦੇ ਨਾਲ ਵਿਚਾਰ ਵਿਮਰਸ਼ ਕੀਤਾ। ਸਿੱਧਾਂ ਦੇ ਵਿਚ ਰਿਧੀਆਂ ਸਿੱਧੀਆਂ ਦਾ ਜ਼ੋਰ ਸੀ । ਇਸੇ ਦੇ ਸਿਰ ਦੇ ਉਤੇ ਉਹ ਲੋਕਾਂ ਕੋਲੋਂ ਜ਼ੋਰੀ ਦਾਨ ਇਕੱਠਾ ਕਰਦੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਦੇ ਭੇਖ ਉਤੇ ਵਿਅੰਗ ਕਰਦੇ ਹੋਏ ਉਨ੍ਹਾਂ ਨੂੰ ਦਸਿਆ ਕਿ :-

"ਜੋਗ ਨਾ ਖਿੰਥਾ ਜੋਗ ਨਾ ਡੰਡੈ ਜੋਗ ਨ ਭਸਮ ਚੜਾਈਐ"[3]

---

1. ਰਾਮ ਕਲੀ ਮਹਲਾ ੧, ਅਸਟਪਦੀ-੧, ਪੰਨਾ-902.
2. ਵਾਰ ਆਸਾ , ਪੰਨਾ-464.
3. ਸੂਹੀ ਪਦਾ-8, ਪੰਨਾ-730.

ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।੧।
ਗਲੀ ਜੋਗੁ ਨਾ ਹੋਈ।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।੧। ਰਹਾਉ।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।੨।

ਇਸ ਤੋਂ ਬਾਅਦ ਸਿੱਧਾਂ ਨੇ ਬਹੁਤ ਸਾਰੀਆਂ ਕਰਾਮਾਤਾਂ ਵਿਖਾਈਆਂ ਪਰ ਗੁਰੂ ਸਾਹਿਬ ਨੇ ਉਨ੍ਹਾਂ ਸਾਰੀਆਂ ਕਰਾਮਾਤਾਂ ਨੂੰ ਨਿਤਾਣੀਆਂ ਕਰ ਦਿੱਤਾ। ਇਸ ਤਰ੍ਹਾਂ ਜੋਗੀਆਂ ਦੀ ਰਿਧੀਆਂ ਸਿਧੀਆਂ ਦੀ ਕਮਾਈ ਦੇ ਢੌਂਗ ਨੂੰ ਖਤਮ ਕਰਕੇ ਗੁਰੂ ਸਾਹਿਬ ਰੁਹੇਲ ਖੰਡ ਜਾ ਪਹੁੰਚੇ। ਇਥੇ ਉਨ੍ਹਾਂ ਨੇ ਮੀਰ ਪਠਾਣ ਦਾ ਉਧਾਰ ਕੀਤਾ। ਇਥੋਂ ਹੁੰਦੇ ਹੋਏ ਫੇਰ ਉਹ ਹਰਦੁਵਾਰ ਜਾ ਪਹੁੰਚੇ।

ਇਥੇ ਬੇਅੰਤ ਯਾਤਰੂ ਗੰਗਾ ਵਿਚ ਨਾਉਂਦੇ ਹੋਏ ਸੂਰਜ ਵੱਲ ਨੂੰ ਪਾਣੀ ਉਛਾਲਦੇ ਹੋਏ ਨਮਸ਼ਕਾਰ ਕਰ ਰਹੇ ਸਨ। ਇਹ ਦੇਖ ਕੇ ਗੁਰੂ ਸਾਹਿਬ ਨੇ ਉਨ੍ਹਾਂ ਉਪਰ ਇਕ ਯੋਗ ਵਿਅੰਗ ਕੀਤਾ। ਉਨ੍ਹਾਂ ਦੀ ਸੂਰਜ ਤੱਕ ਪਾਣੀ ਪਹੁੰਚਾਉਣ ਦੀ ਗਲਤ ਧਾਰਨਾ ਵਿਰੁਧ ਗੁਰੂ ਸਾਹਿਬ ਨੇ ਪੂਰਬ ਦੀ ਬਜਾਏ ਪੱਛਮ ਵੱਲ ਪਾਣੀ ਉਛਾਲਣਾ ਸ਼ੁਰੂ ਕਰ ਦਿੱਤਾ। ਯਾਤਰੂਆਂ ਨੇ ਸੋਚਿਆ ਇਸ ਸਾਧੂ ਨੂੰ ਸ਼ਾਇਦ ਹਿੰਦੂ ਧਰਮ ਦੀ ਰਹੁ-ਰੀਤ ਦਾ ਪਤਾ ਨਹੀਂ। ਉਹ ਸਾਰੇ ਗੁਰੂ ਸਾਹਿਬ ਦੇ ਆਲੇ ਦੁਆਲੇ ਆ ਖੜੇ ਹੋਏ ਅਤੇ ਕਹਿਣ ਲੱਗੇ:- "ਮਹਾਤਮਾ ਜੀ ਅਸੀਂ ਤਾਂ ਸੂਰਜ ਦੇਵਤਾ ਅਤੇ ਆਪਣੇ ਪਿਤਰਾਂ ਨੂੰ ਜਲ ਸਮਰਪਣ ਕਰ ਰਹੇ ਹਾਂ। ਅਤੇ ਤੁਸੀਂ ਕਿਸ ਪਾਸੇ ਪਾਣੀ ਸੁੱਟ ਰਹੇ ਹੋ ?" ਗੁਰੂ ਜੀ ਨੇ ਕਿਹਾ:- "ਮੈਂ ਪੰਜਾਬ ਵਿਚ ਬੀਜੀ ਆਪਣੀ ਖੇਤੀ ਨੂੰ ਪਾਣੀ ਦੇ ਰਿਹਾ ਹਾਂ।" ਇਹ ਸੁਣਕੇ ਸਾਰੇ ਹੱਸ ਪਏ ਕਿ ਪਾਣੀ ਏਨੀ ਦੂਰ ਕਿਵੇਂ ਜਾ ਸਕਦਾ ਹੈ। ਗੁਰੂ ਜੀ ਕਹਿਣ ਲੱਗੇ:- "

"ਮੇਰੋ ਐਰੋ ਸਮੀਪ ਕਿਦਾਰਾ। ਤਾ ਕੇ ਪਹੁੰਚ ਨ ਸਕਈ ਬਾਰਾ।
ਤੁਮਰੇ ਪਿਤ੍ਰ ਦੂਰ ਅਧਿਕਾਈ। ਸੋ ਜਲ ਲੈ ਕੈਸੇ ਤ੍ਰਿਪਤਾਈ। (ਨਾ: ਪ੍ਰ:)

ਇਹ ਸੁਣਕੇ ਸਾਰੇ ਇਕ ਦੂਜੇ ਵਲ ਵੇਖਣ ਲੱਗ ਪਏ ਅਤੇ ਕੋਈ ਉਤਰ ਨਾ ਦੇ ਸਕੇ, ਗੁਰੂ ਜੀ ਨੇ ਕਿਹਾ ਹੇ ਪੰਡਿਤ ਜਨੋ ! ਜੋ ਪੁਰਸ਼ ਤੀਰਥ ਨਾਉਂਦਾ ਅਤੇ ਪੱਥਰ ਪੂਜਦਾ ਹੈ ਪਰ ਹਰੀ ਭਗਤੀ ਤੋਂ ਹੀਣਾ ਹੈ ਉਹ ਪਵਿਤ੍ਰ ਨਹੀਂ ਹੋ ਸਕਦਾ ਜੋ ਆਪ ਹੀ ਗੋਤੇ ਖਾ ਰਿਹਾ ਹੈ ਉਹ ਪਿਤ੍ਰਾਂ ਨੂੰ ਕਿਵੇਂ ਤਾਰੇਗਾ।[1]

1. "ਨਾਵਹਿ ਧੋਵਹਿ ਪੂਜਹਿ ਸੈਲਾ। ਬਿਨੁ ਹਰਿ ਰਾਤੇ ਮੈਲੋ ਮੈਲਾ।---"
(ਰਾਮਕਲੀ ਅਸਟਪਦੀਆਂ, ਪੰਨਾ-404)

ਇਸ ਗੱਲ ਦਾ ਪੰਡਿਤਾਂ ਉਤੇ ਬਹੁਤ ਪ੍ਰਭਾਵ ਪਿਆ। ਇਹ ਲੋਕ ਛੂਤ ਛਾਤ ਵਿਚ ਵਿਸ਼ਵਾਸ਼ ਰੱਖਦੇ ਸਨ ਅਤੇ ਕਰਮ ਕਾਂਡ ਦੇ ਬਹੁਤ ਪੱਕੇ ਸੀ। ਕੁਰੀਤੀਆਂ ਨਾਲ ਭਰੇ ਹੋਣ ਦੇ ਬਾਵਜੂਦ ਵੀ ਉਹ ਭੋਜਨ ਦੇ ਸਮੇਂ ਚੌਕੇ ਦੇ ਦੁਆਲੇ ਕਾਰਾਂ ਕੱਢ ਲੈਂਦੇ ਸਨ। ਤਾਂ ਜੁ ਭੋਜਨ ਅਪਵਿਤ੍ਰ ਨਾ ਹੋ ਜਾਵੇ। ਗੁਰੂ ਸਾਹਿਬ ਨੇ ਉਨ੍ਹਾਂ ਦੀ ਅਜਿਹੀ ਅਵਸਥਾ ਨੂੰ ਵੇਖ ਕੇ ਆਖਿਆ:-

'ਕੁਬੁਧਿ ਡੂਮਣੀ ਕੁਦਇਆ ਕਸਾਇਣ ।
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।
ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆ ਨਾਲਿ।[1]

ਇਸ ਸ਼ਬਦ ਦੀ ਧੁੰਨ ਨੇ ਕਰਮਕਾਂਡੀਆਂ ਦੀਆਂ ਅੱਖਾਂ ਖੋਹਲ ਦਿੱਤੀਆਂ। ਹਰਦੁਆਰ ਵਿਚ ਜੁੜੇ ਲੱਖਾਂ ਲੋਕਾਂ ਵਿਚ ਗੁਰੂ ਜਸ ਦੀ ਲਹਿਰ ਦੌੜ ਗਈ ਬੜੇ ਬੜੇ ਵਿਦਵਾਨ ਪਾਂਡੇ, ਖਟ ਸ਼ਾਸ਼ਤ੍ਰੀ ਅਤੇ ਤਪੱਸਵੀ ਗੁਰੂ ਨਾਨਕ ਜੀ ਦੇ ਚਰਨੀ ਆ ਲੱਗੇ, ਗੁਰੂ ਸਿਧਾਂਤ ਨੂੰ ਧਿਆਨ ਨਾਲ ਸੁਣਿਆ ਅਤੇ ਗੁਰਮਤਿ ਗਿਆਨ ਤੋਂ ਆਪਣੇ ਆਪਣੇ ਜੀਵਣ ਲਈ ਮਹਾਨ ਲਾਭ ਪ੍ਰਾਪਤ ਕੀਤਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਹ ਸਿਧਾਂਤ ਖੋਹਲ ਕੇ ਸਮਝਾਇਆ ਕਿ ਸਰੀਰਕ ਤੌਰ ਤੇ ਕਰਮਕਾਂਡੀ ਹੋਣਾ ਆਚਰਨ ਉਸਾਰੀ ਦਾ ਸਾਧਨ ਨਹੀਂ। ਸੰਸਾਰ ਦੇ ਲੱਖਾਂ ਜੀਵ ਕਰਮ ਬੰਧਨ ਦੇ ਘੇਰੇ ਵਿਚ ਹਨ ਪਰ ਜੀਵਣ ਮੁਕਤ ਉਹੀ ਹਨ ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ। ਗਿਆਨ ਘੋਟਣ ਵਾਲਿਆਂ ਦੀ ਘਾਟ ਨਹੀਂ ਤੁਰੇ ਸੁੱਚੇ ਆਚਰਨ ਦੀ ਘਾਟ ਹੈ। ਪੰਡਿਤ ਤਾਂ ਹਰ ਕੋਈ ਬਣ ਸਕਦਾ ਹੈ ਪਰਵਿਚਾਰਵਾਨ ਕੋਈ ਵਿਰਲਾ ਹੀ ਹੁੰਦਾ ਹੈ ।

ਇਥੋਂ ਗੁਰੂ ਸਾਹਿਬ ਬਨਾਰਸ ਗਏ। ਜੋ ਕਿਸੇ ਸਮੇਂ ਵੇਦ ਵਿਦਿਆ ਦਾ ਕੇਂਦਰ ਅਤੇ ਹਿੰਦੂ ਸੰਸਕ੍ਰਿਤੀ ਦਾ ਗੜ੍ਹ ਮੰਨਿਆ ਜਾਂਦਾ ਸੀ। ਇਥੋਂ ਦੇ ਪੰਡਿਤਾਂ ਦਾ ਦੇਸ਼ ਭਰ ਦੇ ਲੋਕਾਂ ਤੇ ਬੜਾ ਪ੍ਰਭਾਵ ਸੀ। ਜਦੋਂ ਇਥੋਂ ਦੇ ਪੰਡਿਤਾਂ ਨੂੰ ਗੁਰੂ ਸਾਹਿਬ ਦੀ ਆਮਦ ਦਾ ਪਤਾ ਲੱਗਾ ਤਾਂ ਉਹ ਮਿਲਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ। ਪੰਡਿਤ ਚਤਰ ਦਾਸ਼, ਗੋਪਾਲ ਦਾਸ, ਕ੍ਰਿਸ਼ਨ ਲਾਲ ਅਤੇ ਹਰੀ ਲਾਲ ਇਨ੍ਹਾਂ ਵਿਚ ਮੁੱਖ ਸਨ। ਚਤਰ ਦਾਸ ਨੇ ਆਉਂਦੇ ਹੀ ਪਹਿਲਾ ਸੁਆਲ ਇਹ ਕੀਤਾ, " ਹੇ ਸਾਧੂ ਜਨ ਤੁਹਾਡਾ ਜਾਮਾ ਹਿੰਦੂ ਜਾਪਦਾ ਹੈ ਪਰ ਆਪਦੇ ਕੋਲ ਸਾਲਗਰਾਮ, ਤੁਲਸੀ ਜਾਂ ਮਾਲਾ ਕੋਈ ਚੀਜ਼ ਨਹੀਂ। ਤੁਸੀਂ ਕਿਸ ਦੀ ਪੂਜਾ ਕਰਦੇ ਹੋ ? " ਗੁਰੂ ਸਾਹਿਬ ਬੋਲੇ:-

"ਸਾਲਗਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।੧।
ਕਾਹੇ ਕਲਰਾ ਸਿੰਚਹੁ ਜਨਮ ਗਵਾਵਹੁ।

---

1. ਸਲੋਕ ਮਹਲਾ -੧

ਕਾਚੀ ਢਹਗੁ ਦਿਵਾਲ ਕਾਹੇ ਗਚੁ ਲਾਵਹੁ।"

ਇਸ ਰੱਬੀ ਉਪਦੇਸ਼ ਨੂੰ ਸੁਣਕੇ ਪੰਡਿਤ ਵਿਸਮਾਦ ਅਵਸਥਾ ਵਿਚ ਚਲੇ ਗਏ। ਜਿਉਂ ਜਿਉਂ ਉਨਾਂ ਨੂੰ ਤਤਵ ਮਾਰਗ ਦੀ ਝਲਕ ਪੈਂਦੀ ਗਈ ਪ੍ਰਸ਼ਨੋਤ੍ਰੀ ਰੂਪ ਗੋਸ਼ਟੀ ਦੁਆਰਾ ਸਿਧਾਂਤਕ ਲੱਕਸ਼ ਪ੍ਰਾਪਤ ਕਰਦੇ ਗਏ। ਸੰਸਕ੍ਰਿਤ ਬਾਣੀ ਦੇ ਕੁੱਝ ਸਲੋਕ ਅਤੇ ਹੋਰ ਕਈ ਸ਼ਬਦ ਗੁਰੂ ਸਾਹਿਬ ਨੇ ਇਨਾਂ ਦੇ ਪਰਥਾਇ ਉਚਾਰੇ ਸਨ। ਮੇਹਰਬਾਨ ਦੀ ਜ: ਸਾਖੀ ਅਨੁਸਾਰ ਇਥੋਂ ਦਾ ਰਾਜਾ ਉਸ ਸਮੇਂ ਹਰਦਾਸ ਸੀ। ਜੋ ਗੁਰੂ ਜੀ ਦੀ ਸ਼ੋਭਾ ਸੁਣਕੇ ਨੰਗੇ ਪੈਰੀਂ ਦਰਸ਼ਨਾਂ ਨੂੰ ਆਇਆ।

"ਤਬ ਰਾਜਾ ਪਾਉ ਪਿਆਦਾ ਹੀ ਹੋਇ ਕੈ ਗੁਰੂ ਬਾਬੇ ਜੀ ਪਾਸ ਆਇਆ---ਤਬ ਰਾਜੇ ਕਹਿਆ ਹੇ ਸ੍ਰੀ ਪਾਰ ਬ੍ਰਹਮ ਬਾਬਾ ਜੀ ਮੈ ਮਹਾਂ ਪਾਪੀਆਂ ਤੇ ਪਾਪੀ ਹਾਂ, ਨਰਕੀ ਜੀਉ ਮੈ ਹਾਂ ਮੁਝ ਕਉ ਤੂ ਅਪਨੀ ਚਰਨੀ ਲਾਇ ਲੇਹਿ ਜਿ ਤੇਰੈ ਪ੍ਰਸਾਦਿ ਨਾਉ ਪ੍ਰਾਪਤ ਹੋਇ ---ਅਰ ਮੈਂ ਤਾਈ ਤੂੰ ਅਬ ਚੇਲਾ ਕਰ, ਖੜਿਆ ਭਠ ਇਹ ਰਾਜ ਪਾਟ, ਧਨ, ਬਿਭੁਤੇ, ਜੋਬਨ, ਜੀ ਮੁਝ ਕਉ ਅਬ ਅਪਨੇ ਸਾਥ ਲੈ ਚਲ ਤਬ ਬਾਬੇ ਨਾਨਕ ਜੀ ਕਹਿਆ ਜਿਏ ਰਾਜਾ---ਰਾਜ ਮਹਿ ਜੋਗ ਹੋਤਾ ਹੈ ਪਰਮੇਸਰ ਕਾ ਸਿਮਰਣ ਕਰਿ ਜਾਹਿ ਤੂ ਮੈਂ ਰਾਜ ਹੀ ਮਹਿ ਮੁਕਤ ਕੀਆ।"

ਇਹ ਸ਼ਬਦ ਸੁਣਕੇ ਰਾਜਾ ਬਹੁਤ ਖੁਸ਼ ਹੋ ਗਿਆ। ਲੋਕਾਂ ਵਿਚ ਸਭ ਤੋਂ ਵਡਾ ਭਰਮ ਇਸ ਹੜੰਬੇ (ਮਗਹਰ) ਧਰਤੀ ਸਬੰਧੀ ਇਹ ਸੀ ਕਿ ਇਥੇ ਜੋ ਵੀ ਪ੍ਰਾਣ ਤਿਆਗੇ ਗਧੇ ਦੀ ਜੂਨੀ ਪੈਂਦਾ ਹੈ ਅਤੇ ਜੋ ਕਾਸ਼ੀ ਵਿਚ ਪ੍ਰਾਣ ਤਿਆਗੇ ਉਹ ਬ੍ਰਹਮ ਲੋਕ ਨੂੰ ਜਾਂਦਾ ਹੈ।

ਇਸ ਉਪਦੇਸ਼ ਨੂੰ ਸੁਣਕੇ ਕਿ ਪਾਪੀ ਪੁਰਸ਼ ਕਾਸ਼ੀ ਵਿਚ ਮਰਕੇ ਵੀ ਨਰਕ ਤੋਂ ਨਹੀਂ ਬੱਚ ਸਕਦਾ ਅਤੇ ਧਰਮੀ ਮਗਹਰ ਵਿਚ ਮਰਕੇ ਵੀ ਪਰੀਵਾਰ ਦਾ ਉਧਾਰ ਕਰ ਸਕਦਾ ਹੈ, ਪੰਡਿਤ ਗੁਰਸਿੱਖ ਦੇ ਧਾਰਣੀ ਬਣ ਗਏ। ਕਾਸ਼ੀ ਤੋਂ ਚੱਲਕੇ ਗੁਰੂ ਸਾਹਿਬ ਪਟਨੇ ਪਹੁੰਚੇ। ਇਥੇ ਗੁਰੂ ਸਾਹਿਬ ਦਾ ਮੇਲ ਸਾਲਸ ਰਾਇ ਨਾਲ ਹੋਇਆ। ਇਥੇ ਸਾਲਸ ਰਾਇ ਅਤੇ ਰਾਜੇ ਦਾ ਉਧਾਰ ਕਰਕੇ ਗੁਰੂ ਸਾਹਿਬ ਗਯਾ ਚਲੇ ਆਏ। ਇਹ ਮਹਾਤਮਾ ਬੁੱਧ ਦਾ ਤੱਪ ਅਸਥਾਨ ਹੈ। ਇਥੇ ਗੁਰੂ ਸਾਹਿਬ ਦਾ ਮੇਲ ਬੁੱਧ ਧਰਮ ਦੇ ਅਨੁਆਈਆਂ ਨਾਲ ਹੋਇਆ। ਬੋਧੀਆਂ ਦਾ ਨਿਸਚਾ ਹੈ ਕਿ ਸੰਸਾਰ ਤੱਤਾਂ ਦੇ ਸੰਜੋਗ ਨਾਲ ਬਣਦਾ ਹੈ। ਅਤੇ ਇਨਾਂ ਦੇ ਵਿਜੋਗ ਨਾਲ ਬਿਨਸ ਜਾਂਦਾ ਹੈ। ਆਪ ਇਸ ਸਿਧਾਂਤ ਨਾਲ ਤਾਂ ਸਹਿਮਤ ਹਨ ਪਰ ਗੁਰੂ ਸਾਹਿਬ ਅਨੁਸਾਰ ਇਹ ਸਾਰੇ ਤੱਤ ਪਰਮਾਤਮਾ ਦੇ ਭੈ ਵਿਚ ਹਨ। ਉਸਦੇ ਹੁੱਕਮ ਵਿਚ ਬੰਨ੍ਹੇ ਹਨ। ਗੁਰੂ ਸਾਹਿਬ ਦਾ ਫੁਰਮਾਨ ਹੈ:-

"ਭੈ ਵਿਚਿ ਪਵਣੁ ਵਹੈ ਸਦਵਾਉ, ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ, ਭੈ ਵਿਚਿ ਧਰਤੀ ਦਬੀ ਭਾਰਿ।

ਸਗਲਿਆ ਭਉ ਲਿਖਿਆ ਸਿਰਿ ਲੇਖੁ, ਨਾਨਕ ਨਿਰਭਉ ਨਿਰੰਕਾਰੁ ਸਚੁ ਏਕ।"[1]

ਗੁਰੂ ਸਾਹਿਬ ਨੇ ਬੋਧੀਆਂ ਦੇ ਸੁੰਨ ਸ਼ਬਦ ਨੂੰ ਬਹੁਤ ਮਹੱਤਵ ਦਿੱਤਾ। ਬੋਧੀਆਂ ਅਨੁਸਾਰ ਸੁੰਨ ਦਾ ਭਾਵ ਹੈ ਅਕੱਥ।[2] ਉਹ ਵਿਸ਼ਵ ਨੂੰ ਵੀ ਸੁੰਨ ਕਹਿੰਦੇ ਹਨ ਅਤੇ ਪਰਮਾਤਮਾ ਨੂੰ ਵੀ ਸੁੰਨ ਕਹਿੰਦੇ ਹਨ।[3] ਗੁਰੂ ਸਾਹਿਬ ਨੇ ਆਖਿਆ:-

"ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ।
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ।"[4]

ਇਥੇ ਗੁਰੂ ਸਾਹਿਬ ਪਾਂਡਿਆਂ ਨੂੰ ਵੀ ਮਿਲੇ। ਇਹ ਪਾਂਡੇ ਗੁਰੂ ਸਾਹਿਬ ਨੂੰ ਕਹਿਣ ਲੱਗੇ:-

"ਤੁਮ ਕੋ ਚਾਹੀਤਾ ਹੈ ਈਹਾਂ ਪਿਤ੍ਰਾਂ ਕੋ ਪਿੰਡ ਦੇਣੇ ਗਤਿ ਕਰਵਾਣੀ ਕਿਉਂ, ਜੋ ਤੁਮ ਤੀਰਥ ਯਾਤਰਾ ਪਰ ਆਇ ਹੋ ਜੋ ਲੋਕ ਇਥੇ ਪਿੰਡ ਪਤਲ ਦੀਵਾ ਕਿਰਿਆ ਕਰਤੇ ਹੈ---ਬ੍ਰਾਹਮਣਾਂ ਕੋ ਭੋਜਨ ਦੇਤੇ ਹੈ---ਤਿਨਾ ਕੇ ਪਿਤ੍ਰ ਘੋਰ ਨਰਕ ਤੇ ਉਧਾਰ ਕੇ ਪਾਵਤੇ ਹੈਂ।" (ਗਿ: ਰ:)

ਇਹ ਸੁਣਕੇ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਸ਼ਬਦ ਉਚਾਰਿਆ:-

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ।
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।੧।
ਲੋਕਾ ਮਤ ਕੋ ਫਕੜਿ ਪਾਇ। ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।੧।ਰਹਾਉ।"
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ।
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ।
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ।
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ।[5]

---

1. ਵਾਰ ਆਸਾ, ਪੰਨਾ-464.
2. Dr. S.S. Kohli.,"Philosophy of Guru Nanak."Page-101,102.
3. S. Chaterjee , B.Datt."An Introduction to Philosophy. Page-143.
4. ਰਾਮਕਲੀ ਸਿਧ ਗੋਸਟਿ-5, ਪੰਨਾ-943.
5. ਆਸਾ ਘਰ-3, ਪੰਨਾ-358.

ਇਥੋਂ ਚੱਲਕੇ ਗੁਰੂ ਜੀ ਜਬਲਪੁਰ ਦੇ ਰਸਤੇ ਵਿੱਚ ਕੌਡਾ ਰਾਖਸ਼ ਦਾ ਉਧਾਰ ਕਰਦੇ ਹੋਏ ਨੂਰ ਸ਼ਾਹ ਦਾ ਨਿਸਤਾਰਣ ਕਰਦੇ ਹੋਏ ਅਸਾਮ ਵਿਚੋਂ ਦੀ ਜਗਨ ਨਾਥ ਪੁਰੀ ਆ ਗਏ। ਉਨ੍ਹਾਂ ਦਿਨਾਂ ਵਿਚ ਇਥੇ ਮੇਲਾ ਲੱਗਾ ਹੋਇਆ ਸੀ ਅਤੇ ਭਾਰੀ ਗਿਣਤੀ ਵਿਚ ਲੋਕ ਜੁੜੇ ਹੋਏ ਸਨ। ਇਕ ਖੁਲ੍ਹੇ ਮੈਦਾਨ ਵਿਚ ਕੁੱਝ ਲੋਕਾਂ ਦੀ ਭੀੜ ਲੱਗੀ ਵੇਖ ਕੇ ਗੁਰੂ ਸਾਹਿਬ ਉਥੇ ਜਾ ਖਲੋਤੇ ਅਤੇ ਕੀ ਵੇਖਿਆ ਕਿ ਇਕ ਜੋਗੀ ਨਾਥ ਸਮਾਧੀ ਲਾਈ ਬੈਠਾ ਹੈ ਅਤੇ ਅਗੇ ਉਸਨੇ ਇਕ ਸੰਦੂਕੜੀ ਰੱਖੀ ਹੋਈ ਹੈ। ਜਿਸ ਵਿਚ ਲੋਕੀ ਪੈਸੇ ਪਾ ਕੇ ਉਸਨੂੰ ਮਥਾ ਟੇਕੀ ਜਾਂਦੇ ਹਨ। ਥੋੜੀ ਦੇਰ ਪਿਛੋਂ ਸਮਾਧੀ ਦੁਆਰਾ ਉਹ ਸਵਰਗਪੁਰੀ ਵਿਚ ਜਾਂਦਾ ਅਤੇ ਫਿਰ ਨੇਤ੍ਰ ਖੋਲ੍ਹਕੇ ਉਥੋਂ ਦੀ ਅੱਖੀਂ ਡਿਠੀ ਕਥਾ ਬਾਰਤਾ ਸੁਣਾਂਉਂਦਾ ਸੀ, ਲੋਕੀ ਉਸ ਨੂੰ ਤ੍ਰਿਕਾਲ ਦਰਸੀ ਸਮਝ ਕੇ ਪੂਜਦੇ ਸਨ ਅਤੇ ਇਕ ਤਕੜੇ ਮਦਾਰੀ ਦੇ ਮਜਮੇ ਵਾਂਗ ਲੋਕਾਂ ਦੀ ਆਵਾਜਾਈ ਲੱਗੀ ਹੋਈ ਸੀ। ਗੁਰੂ ਸਾਹਿਬ ਜਦ ਪੁਜੇ ਤਾਂ ਜੋਗੀ ਨਾਥ ਸਵਰਗ ਯਾਤਰਾ ਕਰ ਰਿਹਾ ਸੀ, ਹਜ਼ੂਰ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਕਿ ਪੈਸਿਆਂ ਦੀ ਸੰਦੂਕੜੀ ਚੁੱਕ ਕੇ ਇਸਦੀ ਪਿੱਠ ਪਿਛੇ ਰੱਖ ਦੇਹ, ਮਰਦਾਨਾ ਝਿਜਕਿਆ ਪਰ ਹੁੱਕਮ ਮੰਨ ਕੇ ਉਸ ਨੇ ਇਸੇ ਤਰ੍ਹਾਂ ਕਰ ਦਿੱਤਾ, ਵੇਖਣ ਵਾਲੇ ਤ੍ਰਭਕੇ ਕਿ ਜੋਗੀ ਨਾਥ ਸਭ ਨੂੰ ਸਰਾਪ ਦੇਕੇ ਭਸਮ ਕਰ ਦੇਵੇਗਾ ਪਰ ਇਸ ਸਮੇਂ ਗੁਰੂ ਜੀ ਦਾ ਐਨਾ ਪ੍ਰਭਾਵ ਸੀ ਕਿ ਕੋਈ ਬੋਲ ਨਾ ਸਕਿਆ। ਜਦ ਸਾਧੂ ਨੇ ਅੱਖ ਖੋਹਲੀ ਤਾਂ ਪੈਸੇ ਗਾਇਬ ਸਨ। ਉਸ ਨੂੰ ਤ੍ਰਿਲੋਕੀ ਦੀ ਵਾਰਤਾ ਭੁੱਲ ਗਈ। ਉਹ ਕੁਰਲਾ ਉਠਿਆ ਤੇ ਕੜਕ ਕੇ ਬੋਲਿਆ "ਕਿਸ ਨੇ ਚੁੱਠਾਇ ਹੈ ਪੈਸੇ," ਬੋਲੋ ਨਹੀਂ ਤੇ ਸਭ ਕੇ ਭਸਮ ਕਰ ਦੂੰਗਾ" ਲੋਕੀ ਗੁਰੂ ਸਾਹਿਬ ਜੀ ਵੱਲ ਵੇਖ ਰਹੇ ਸਨ, ਸਾਧੂ ਵੀ ਤਾੜ ਗਿਆ ਕਿ ਇਸ ਨਵੇਂ ਆਏ ਯਾਤ੍ਰੀ ਦਾ ਹੀ ਇਹ ਕਾਰਾ ਹੈ, ਉਸਨੇ ਮਹਾਰਾਜ ਵੱਲ ਮੂੰਹ ਕਰਕੇ ਫਿਰ ਜਦ ਓਹੀ ਬੋਲ ਬੋਲੇ ਤਾਂ ਗੁਰੂ ਸਾਹਿਬ ਨੇ ਮਰਦਾਨੇ ਤੋਂ ਰਬਾਬ ਸ਼ੁਰੂ ਕਰਵਾਈ ਅਤੇ ਇਹ ਸ਼ਬਦ ਉਚਾਰਨ ਕੀਤਾ:-

"ਕਾਲ ਨਹੀ ਜੋਗ ਨਾਹੀ, ਨਾਹੀ ਸਤ ਕਾ ਢਬੁ।
ਥਾਨਸਟ ਜਗ ਭਰਸਟ ਹੋਇ, ਡੂਬਤਾ ਇਵ ਜਗੁ।
ਕਲ ਮਹਿ ਰਾਮ ਨਾਮੁ ਸਾਰੁ। ਅਖੀ ਤ ਮੀਟਹਿ।
ਨਾਕ ਪਕੜਹਿ ਠਗਣ ਕਉ ਸੰਸਾਰੁ। ਰਹਾਉ।
ਆਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।
ਮਗਰ ਪਾਛੈ ਕਛੁ ਨ ਸੂਝੈ ਇਹੁ ਪਦਮੁ ਅਲੋਅ। [1]

ਗੁਰੂ ਜੀ ਕਹਿਣ ਲਗੇ ਐ ਜੋਗੀ ਨਾਥ ! ਤੂੰ ਤਾਂ ਤਿੰਨੇ ਲੋਕਾਂ ਦੇ ਦਰਸ਼ਨਾਂ ਦਾ ਦਾਵਾ ਬੰਨ੍ਹ ਰਿਹਾ ਹੈਂ, ਕੀ ਤੈਨੂੰ ਆਪਣੀ ਪਿੱਠ ਪਿਛੇ ਪਈ ਸੰਦੂਕੜੀ ਨਹੀਂ ਦਿੱਸਦੀ ? ਇਸ ਦਾ ਜੋਗੀ

1. ਧਨਾਸਰੀ ਘਰ-੩, ਪੰਨਾ-662

ਕੋਲ ਕੋਈ ਉੱਤਰ ਨਹੀਂ ਸੀ। ਉਹ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ। ਉਸ ਦੀ ਸ਼ੋਭਾ ਤੇ ਵਡਿਆਈ ਸਭ ਖੰਭ ਲਾਕੇ ਉਡ ਗਈ। ਉਸ ਉੱਤੇ ਗੁਰੂ ਸਾਹਿਬ ਦੀ ਸਿਖਿਆ ਦਾ ਅਜਿਹਾ ਅਸਰ ਹੋਇਆ ਕਿ ਉਹ ਲੋਕ ਲਾਜ ਛੱਡਕੇ ਗੁਰੂ ਸਾਹਿਬ ਦੇ ਚਰਨੀ ਢਹਿ ਗਿਆ । ਉਸ ਦੀ ਕਾਇਆ ਪਲਟ ਗਈ। ਇਸ ਗੱਲ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸਾਰੇ ਲੋਕੀ ਆਕੇ ਗੁਰੂ ਸਾਹਿਬ ਦੇ ਚਰਨੀ ਪੈਣ ਲੱਗੇ। ਇਥੋਂ ਹੋਕੇ ਗੁਰੂ ਸਾਹਿਬ ਹੁਨ ਮੰਦਰ ਦੇ ਕੋਲ ਜਾ ਬਿਰਾਜੇ। ਇਸ ਥਾਂ ਦਾ ਨਾਮ ਅੱਜ ਕਲ੍ਹ ਮੰਗੂ ਮੱਟ ਹੈ।

ਉਸ ਸਮੇਂ ਆਰਤੀ ਹੋ ਰਹੀ ਸੀ। ਸਾਰੇ ਯਾਤਰੀ ਉਸ ਵਿਚ ਸ਼ਾਮਲ ਹੋਏ ਪਰ ਗੁਰੂ ਜੀ ਇਕ ਪਾਸੇ ਬੈਠੇ ਰਹੇ। ਸਾਧੂਆਂ ਨੇ ਇਸ ਗੱਲ ਦਾ ਬੁਰਾ ਮਨਾਇਆ । ਉਨ੍ਹਾਂ ਦੇ ਵਾਦ ਵਿਵਾਦ ਨੂੰ ਸੁਣਕੇ ਗੁਰੂ ਸਾਹਿਬ ਨੇ ਇਹੋ ਸ਼ਬਦੇ ਉਚਾਰਿਆ:-

"ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
ਧੂਪ ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।
ਕੈਸੀ ਆਰਤੀ ਹੋਏ ਭਵ ਖੰਡਨਾਂ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ।"[1]

ਇਹ ਸ਼ਬਦ ਸੁਣਾ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਪਰਮਾਤਮਾ ਦੀ ਪੂਜਾ ਵਿਚ ਮੂਰਤੀ ਪੂਜਾ ਅਤੇ ਅਵਤਾਰਵਾਦ ਦੀ ਕੋਈ ਥਾਂ ਨਹੀਂ। ਮੂਰਤੀਆਂ ਦੀ ਪੂਜਾ ਇਕ ਨਿਰਾਰਥਕ ਕਰਮ ਹੈ। ਕਿਉਂਜੋ ਪਰਮਾਤਮਾ ਕੇਵਲ ਪੱਥਰ ਦੀਆਂ ਮੂਰਤੀਆਂ ਵਿਚ ਹੀ ਨਹੀਂ, ਉਹ ਤਾਂ ਸਰਬ ਵਿਆਪਕ ਹੈ। ਉਹ ਕਿਸੇ ਇਕ ਵਿਸ਼ੇਸ਼ ਵਿਅਕਤੀ ਵਿਚ ਅਵਤਾਰ ਨਹੀਂ ਧਾਰਦਾ ਸਗੋਂ ਸਾਰਿਆਂ ਵਿਚ ਉਸੇ ਨੇ ਅਵਤਾਰ ਧਾਰਿਆ ਹੋਇਆ ਹੈ। ਗੁਰੂ ਸਾਹਿਬ ਦੇ ਅਜਿਹੇ ਬਚਨ ਸੁਣਕੇ ਲੋਕ ਬਹੁਤ ਖੁਸ਼ ਹੋਏ। ਉਹ ਸਭ ਗੁਰੂ ਸਾਹਿਬ ਦੇ ਸੇਵਕ ਬਣ ਗਏ।

ਇਸ ਤਰ੍ਹਾਂ ਪ੍ਰਸਿੱਧ ਹਿੰਦੂ ਤੀਰਥਾਂ ਉੱਤੇ ਆਪਣੇ ਮਤ ਦਾ ਪ੍ਰਚਾਰ ਕਰਕੇ ਗੁਰੂ ਸਾਹਿਬ 1520 ਈਸਵੀ ਵਿਚ ਵਾਪਸ ਤਲਵੰਡੀ ਆ ਗਏ।

## ਦੂਜੀ ਉਦਾਸੀ

ਇਸੇ ਸਾਲ (1510) ਈਸਵੀ ਵਿਚ ਗੁਰੂ ਸਾਹਿਬ ਦੱਖਣ ਵੱਲ ਦੀ ਦੂਜੀ ਉਦਾਸੀ ਲਈ

1. ਧਨਾਸਰੀ ਆਰਤੀ, ਪੰਨਾ-663.

ਚਲ ਪਏ। ਧਰਮਕੋਟ, ਬਠਿੰਡਾ ਹੁੰਦੇ ਹੋਏ ਗੁਰੂ ਸਾਹਿਬ ਸਰਸਾ ਆ ਨਿਕਲੇ । ਇਥੋਂ ਆਪ ਬੀਕਾਨੇਰ ਪਹੁੰਚੇ। ਇਥੇ ਜੈਨੀ ਸਰੇਵੜਿਆਂ ਦਾ ਮੰਦਰ ਸੀ। ਇਨ੍ਹਾਂ ਦਾ ਲੋਕਾਂ ਉਤੇ ਬਹੁਤ ਪ੍ਰਭਾਵ ਸੀ। ਇਥੋਂ ਦਾ ਰਾਜਾ ਵੀ ਜੈਨੀ ਸੀ। ਸਰੇਵੜੇ ਲੋਕ ਬੜਾ ਕੁਚੀਲ ਜੀਵਣ ਜੀਉਂਦੇ ਸਨ। ਅਹਿੰਸਾ ਦੀ ਪੂਜਾ ਇੰਨੀ ਗਿਰਾ ਦਿੱਤੀ ਗਈ ਸੀ ਕਿ ਸਰੀਰ ਦੇ ਜਰਮਾਂ ਦੀ ਜੀਵ ਹਤਿਆ ਦੇ ਡਰੋਂ ਉਹ ਇਸ਼ਨਾਨ ਤੱਕ ਨਹੀਂ ਸੀ ਕਰਦੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਕੁਚੀਲਤਾ ਵਿਚ ਮੁਕਤੀ ਨਹੀਂ ਮਿਲ ਸਕਦੀ। ਮੁਕਤੀ ਤਾਂ ਨਾਮ ਸ਼ਕਤੀ ਰਾਹੀਂ ਆਤਮ ਬਲ ਪ੍ਰਾਪਤ ਕਰਕੇ ਕੀਤੀ ਜਾ ਸਕਦੀ ਹੈ। ਉਨ੍ਹਾਂ ਨੂੰ ਨਾਮ ਦਾ ਉਪਦੇਸ਼ ਦਿੱਤਾ ਅਤੇ ਭਗਤੀ ਮਾਰਗ ਉਤੇ ਲਾਇਆ। ਸਰੇਵੜਿਆਂ ਦਾ ਮਹੰਤ ਵੀ ਚਰਨੀ ਆ ਲੱਗਾ। ਗਿਆਨ ਰਤਨਾਗਰ ਅਨੁਸਾਰ "ਤਬ ਇਸ ਸਰੇਵੜੇ ਨੇ ਗੱਲ ਵਿਚ ਪੱਲਾ ਪਾਇਕੇ ਚਰਨ ਪਕੜ ਲੀਤੇ ਗੁਰਾਂ ਕੇ, ਜੋ ਹੇ ਭਗਵੰਤ ਰੱਖ ਲੇਵੋ ਹਮ ਤੁਮਹਾਰੀ ਸਰਣ ਹੈਂ ਮੈਂ ਈਸਰ ਕਾ ਅਰਾਧਨ ਕਰੋਂਗਾ ਨਾਮ ਜਪੋਂਗਾ। "

ਸਰੇਵੜਿਆਂ ਨੂੰ ਨਾਮ ਬਾਣੀ ਨਾਲ ਜੋੜ ਕੇ ਦੀਪਾਲਪੁਰ ਪਿੰਡ ਪੁਜੇ। ਇਥੇ ਇਕ ਸੰਨਿਆਸੀ ਵਰ ਸਰਾਪ ਦਾ ਜਾਲ ਵਿਛਾ ਕੇ ਲੋਕਾਂ ਨੂੰ ਪਿਛੇ ਲਾਈ ਫਿਰਦਾ ਸੀ। ਗੁਰੂ ਸਾਹਿਬ ਨੇ ਉਸ ਨੂੰ ਸੰਨਿਆਸ ਦੇ ਅਰਥ ਸਮਝਾਏ। ਅਤੇ ਵਰ ਸਰਾਪ ਦੀ ਦਲਦਲ ਵਿਚੋਂ ਕੱਢਕੇ ਸੱਚ ਧਰਮ ਦਾ ਮਾਰਗ ਦਰਸਾਇਆ। ਫਿਰ ਆਪ ਜੈਸਲਮੇਰ ਪਹੁੰਚੇ। ਇਥੇ ਗੁੱਗੇ ਦੀ ਮਾੜੀ ਵਿਚ ਡੇਰਾ ਲਾਇਆ ਜਿਥੋਂ ਦੇ ਲੋਕ ਗੁੱਗੇ ਪੀਰ ਦੀ ਪੂਜਾ ਕਰਦੇ ਸਨ। ਗੁਰੂ ਜੀ ਨੇ ਉਸਦੀ ਅਸਲੀਅਤ ਲੋਕਾਂ ਦੇ ਸਾਹਮਣੇ ਰੱਖੀ ਅਤੇ ਇਸ ਕਲਪਤ ਪੂਜਾ ਤੋਂ ਮੋੜਿਆ। ਇਥੋਂ ਜੋਧਪੁਰ ਹੁੰਦੇ ਹੋਏ ਗੁਰੂ ਸਾਹਿਬ ਅਜਮੇਰ ਚਲੇ ਗਏ। ਇਥੇ ਉਹ ਇਕ ਪ੍ਰਸਿੱਧ ਮਹੰਤ ਨੂੰ ਮਿਲੇ ਜਿਸ ਨੇ ਹਿੰਦੂ ਤੋਂ ਮੁਸਲਮਾਨ ਬਣਕੇ ਇਕ ਰਾਜਪੂਤ ਕੰਨਿਆ ਨਾਲ ਸ਼ਾਦੀ ਕੀਤੀ ਸੀ। ਅਤੇ ਇਲਾਕੇ ਵਿਚ ਇਸਲਾਮ ਦਾ ਬਹੁਤ ਪ੍ਰਚਾਰ ਕੀਤਾ ਸੀ। ਲੋਕੀ ਇਸਦੀ ਬੜੀ ਪੂਜਾ ਕਰਦੇ ਸੀ। ਜਦ ਗੁਰੂ ਸਾਹਿਬ ਇਸ ਖਵਾਜਾ ਕੁਤਬਦੀਨ ਦੇ ਮਕਬਰੇ ਤੇ ਪਹੁੰਚੇ ਤਾਂ ਇਥੋਂ ਦੇ ਪੀਰਾਂ ਨੇ ਇਤਰਾਜ਼ ਕੀਤਾ ਕਿ ਇਥੇ ਕੇਵਲ ਮੁਸਲਮਾਨ ਹੀ ਬੈਠ ਸਕਦਾ ਹੈ ਹਿੰਦੂ ਨਹੀਂ । ਪਰ ਗੁਰੂ ਸਾਹਿਬ ਨੇ "ਮੁਸਲਮਾਨ ਕਹਾਵਣ ਮੁਸ਼ਕਲ" ਵਾਲਾ ਸ਼ਬਦ ਉਚਾਰਿਆ। ਪੀਰਾਂ ਨੇ ਆਪਣੀ ਪਵਿੱਤਰਤਾ ਜ਼ਾਹਿਰ ਕਰਨ ਦੇ ਲਈ ਆਪਣੇ ਇਸਲਾਮੀ ਕਰਮ ਕਾਂਡ ਦਾ ਵਿਸਥਾਰ ਦਿੱਤਾ। ਪਰ ਗੁਰੂ ਸਾਹਿਬ ਉਨ੍ਹਾਂ ਦੇ ਲਾਲਚੀ ਸੁਭਾ ਨੂੰ ਤਾੜ ਗਏ। ਇਸ ਲਈ ਉਨ੍ਹਾਂ ਨੇ ਸ਼ਬਦ ਉਚਾਰਿਆ:-

"ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾ।
ਦੀਦਾਰ ਪੂਰੇ ਪਾਇਸਾ ਥਾਉ ਨਹੀ ਖਾਇਕਾ।"

ਇਸ ਤਰ੍ਹਾਂ ਦੇ ਵਾਕ ਸੁਣਕੇ ਗੁਰੂ ਸਾਹਿਬ ਨੂੰ ਕਲਾਵਾਨ ਰੱਬੀ ਪੁਰਖ ਜਾਣਕੇ ਉਨ੍ਹਾਂ ਦੀ ਸ਼ਰਣ ਆ ਪਏ। ਇਥੋਂ ਨੇੜੇ ਹੀ ਉਹ ਪੁਸ਼ਕਰ ਤੀਰਥ ਜਿਥੇ ਸਵਿਤਰੀ ਬ੍ਰਹਮਾ ਦੀ ਮੂਰਤੀ ਸਥਾਪਤ ਹੈ , ਚਲੇ ਗਏ। ਇਥੇ ਦੇ ਰਾਜ ਘਰਾਣੇ ਦੇ ਉਤੇ ਗੁਰੂ ਸਾਹਿਬ ਨੇ ਆਪਣਾ ਪ੍ਰਭਾਵ ਪਾਇਆ ਅਤੇ

ਇਥੇ ਚੱਲਕੇ ਸਰੋਹੀ ਨਗਰ ਪਹੁੰਚ ਗਏ। ਇਥੋਂ ਦੇ ਰਾਜਾ ਪਰਜਾ ਨੂੰ ਨਾਮ ਉਪਦੇਸ਼ ਦੇਕੇ ਨਸੀਰਾਬਾਦ ਰਾਹੀਂ ਧਾਰ ਨਗਰੀ ਚਲੇ ਗਏ। ਇਥੋਂ ਦੇ ਰਾਜਿਆਂ ਉਤੇ ਕੰਨ ਪਾਟੇ ਜੋਗੀਆਂ ਦਾ ਪ੍ਰਭਾਵ ਸੀ। ਜਦੋਂ ਗੁਰੂ ਸਾਹਿਬ ਨੇ ਰਾਜ ਮਹਿਲ ਦੇ ਸਾਹਮਣੇ ਡੇਰਾ ਲਾਇਆ ਤਾਂ ਇਕ ਜੋਗੀ ਜਿਹੜਾ ਕਿ ਭਿਖਿਆ ਮੰਗ ਕੇ ਆਇਆ ਸੀ ਗੁਰੂ ਸਾਹਿਬ ਕੋਲ ਆਇਆ ਅਤੇ ਉਨਾਂ ਤੋਂ ਪੁਛਿਆ ਕਿ ਤੁਹਾਡੇ ਕੋਲ ਭਿਖਿਆ ਮੰਗਣ ਵਾਲਾ ਕਾਸਾ ਕਿਉਂ ਨਹੀਂ? ਏਥੇ ਗੁਰੂ ਸਾਹਿਬ ਨੇ ਜੋਗੀਆਂ ਨੂੰ ਦੱਸਿਆ ਕਿ ਲੋਕਾਂ ਦੇ ਘਰਾਂ ਤੋਂ ਮੰਗ ਮੰਗ ਕੇ ਲਿਆਉਣਾ ਅਤੇ ਉਸ ਖਾਣੇ ਨੂੰ ਖਾਣਾ ਠੀਕ ਨਹੀਂ। ਕਿਉਂਜੋ ਕੋਈ ਗ੍ਰਿਹਸਤੀ ਦੁਸ਼ਟ ਹੁੰਦਾ ਹੈ ਕੋਈ ਪਾਪੀ ਹੁੰਦਾ ਹੈ। ਜਿਸ ਤਰਾਂ ਦਾ ਅੰਨ ਉਹ ਦੇਣਗੇ ਉਸੇ ਤਰਾਂ ਦਾ ਅਸਰ ਖਾਣ ਵਾਲੇ ਦੇ ਮਨ ਤੇ ਪਏਗਾ। ਅਤੇ ਅਸ਼ੁਭ ਖਾਣੇ ਦੇ ਨਾਲ ਸ਼ੁਭ ਬਿਰਤੀ ਖਤਮ ਹੋ ਜਾਵੇਗੀ। ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:-

"ਛਾਦਨੁ ਭੋਜਨੁ ਮਾਗਤ ਮਾਗੈ। ਖੁਧਿਆ ਦੁਸਟ ਜਲੈ ਦੁਖੁ ਆਗੈ।
ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ।[1]

ਇਸ ਸ਼ਬਦ ਦੀ ਮਧੁਰ ਧੁਨੀ ਦੇ ਖਿਚੇ ਹੋਏ ਬਹੁਤ ਸਾਰੇ ਲੋਕ ਮਹਾਰਾਜ ਕੋਲ ਆ ਜੁੜੇ। ਜੋਗੀਆਂ ਨੂੰ ਫਿਕਰ ਪੈ ਗਿਆ ਕਿ ਸ਼ਾਇਦ ਇਹ ਉਹੀ ਨਾਨਕ ਤਪਾ ਹੈ ਜਿਸ ਨੇ ਗੋਰਖ ਮੱਤਿ ਵਿਚ ਸਾਡੇ ਮੱਤ ਦੇ ਲੋਕਾਂ ਤੇ ਜਿੱਤ ਪਾਈ ਸੀ। ਉਹ ਬੜੇ ਬੇਚੈਨ ਹੋਕੇ ਚਰਚਾ ਕਰਨ ਦੇ ਲਈ ਗੁਰੂ ਸਾਹਿਬ ਵੱਲ ਆ ਗਏ। ਪਰ ਗੁਰੂ ਸਾਹਿਬ ਆਪਣਾ ਸ਼ਬਦ ਮਸਤੀ ਵਿਚ ਗਾਉਂਦੇ ਗਏ। ਇਸ ਨੂੰ ਜੋਗੀਆਂ ਨੇ ਵੀ ਧਿਆਨ ਨਾਲ ਸੁਣਿਆ।

ਇਸ ਸ਼ਬਦ ਦੇ ਦੈਵੀ ਪ੍ਰਭਾਵ ਨੇ ਜੋਗੀਆਂ ਦੇ ਮਨਾਂ ਤੋਂ ਹਉਮੈ ਨੂੰ ਧੋ ਕੇ ਰੱਖ ਦਿੱਤਾ। ਫੇਰ ਉਨਾਂ ਨਾਲ ਗੁਰੂ ਜੀ ਨੇ ਗਿਆਨ ਚਰਚਾ ਵੀ ਕੀਤੀ ਅਤੇ ਜੋਗੀਆਂ ਸਮੇਤ ਸਾਰੇ ਲੋਕਾਂ ਨੂੰ ਪਰਮਾਤਮਾ ਭਗਤੀ ਵੱਲ ਲਾਇਆ।

ਗਿਆਨੀ ਗਿਆਨ ਸਿੰਘ ਅਨੁਸਾਰ ਇਥੋਂ ਗੁਰੂ ਜੀ ਦੇਵ ਗੜ੍ਹ, ਲੋਧੀਪਰ, ਅਹਿਮਦ ਨਗਰ ਅਤੇ ਬਾਂਸਵਾੜੇ ਤੋਂ ਹੁੰਦੇ ਹੋਏ ਜਾਵਰੇ ਸ਼ਹਿਰ ਜਾ ਪਹੁੰਚੇ। ਇਥੇ ਉਨਾਂ ਨੇ ਬਾਲਾ ਸੁੰਦਰੀ ਦੇਵੀ ਦੇ ਪੁਜਾਰੀਆਂ ਨੂੰ ਪਰਮਾਤਮਾ ਭਗਤੀ ਵੱਲ ਲਾਇਆ। ਉਥੋਂ ਗੁਰੂ ਜੀ ਉਜੈਨ ਚਲੇ ਗਏ। ਉਜੈਨ ਵਿਚ ਮੂਰਤੀ ਪੂਜ ਲੋਕਾਂ ਨੂੰ ਇਕੋ ਪਰਮਾਤਮਾ ਦੀ ਭਗਤੀ ਦ੍ਰਿੜ ਕਰਵਾਉਂਦੇ ਹੋਏ ਗੁਰੂ ਸਾਹਿਬ ਮਧ ਭਾਰਤ ਦੇ ਨੀਮਾੜ ਜ਼ਿਲੇ ਵਿਚ ਜਾ ਪਹੁੰਚੇ। ਇਥੇ ਓਅੰਕਾਰ ਨਾਮ ਦਾ ਇਕ ਪ੍ਰਸਿੱਧ ਹਿੰਦੂ ਮੰਦਰ ਹੈ। ਜਿਸ ਵਿਚ ਇਕ ਬਹੁਤ ਪੁਰਾਣਾ ਸ਼ਿਵ ਲਿੰਗ ਹੈ। ਇਸ ਨੂੰ ਓਅੰਕਾਰ ਕਹਿੰਦੇ ਹਨ ਅਤੇ ਇਸਨੂੰ ਭੋਗ ਮੋਖ ਦਾ ਦਾਤਾ ਕਹਿਕੇ ਲੋਕ ਇਸ ਦੀ ਪੂਜਾ ਕਰਦੇ ਹਨ। ਜਦੋਂ ਗੁਰੂ ਸਾਹਿਬ ਏਥੇ ਪਹੁੰਚੇ ਤਾਂ ਲੋਕ

1. ਰਾਮਕਲੀ ਪਦਾ-11, ਪੰਨਾ-879.

ਇਸ ਮੂਰਤੀ ਅੱਗੇ ਲੰਮੇ ਪੈ ਪੈ ਕੇ ਨਮਸਕਾਰ ਕਰ ਰਹੇ ਸਨ। ਜਦੋਂ ਗੁਰੂ ਸਾਹਿਬ ਨੇ ਇਸ ਤਰ੍ਹਾਂ ਨਾ ਕੀਤਾ ਤਾਂ ਸਾਰੇ ਲੋਕ ਭੜਕ ਉਠੇ। ਉਨ੍ਹਾਂ ਨੇ ਗੁਰੂ ਸਾਹਿਬ ਤੋਂ ਇਸ ਤਰ੍ਹਾਂ ਨਾ ਕਰਨ ਬਾਰੇ ਜਵਾਬ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਤਾਂ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ:-

"ੴ ਸਤਿਗੁਰ ਪ੍ਰਸਾਦਿ। ਓਅੰਕਾਰ ਬ੍ਰਹਮਾ ਉਤਪਤਿ।
ਓਅੰਕਾਰੁ ਕੀਆ ਜਿਨਿ ਚਿਤਿ ਓਅੰਕਾਰਿ ਸੈਲਜੁਗ ਭਏ।
ਓਅੰਕਾਰੁ ਬੇਦ ਨਿਰਮਏ।"[1]

ਅਤੇ ਉਨ੍ਹਾਂ ਨੂੰ ਸਮਝਾਇਆ ਕਿ ਓਅੰਕਾਰ ਅਸਲ ਦੇ ਵਿਚ ਸਭ ਦੀ ਆਦਿ ਹਸਤੀ ਸਰਬ ਵਿਆਪਕ ਪਰਮਾਤਮਾ ਦਾ ਹੀ ਨਾਮ ਹੈ। ਇਸ ਲਈ ਇਸ ਨੂੰ ਕਿਸੇ ਚਿੰਨ੍ਹ ਮਾਤਰ ਵਜੋਂ ਵਰਤਣਾ ਕੋਈ ਬਹੁਤੀ ਅੱਕਲਮੰਦੀ ਨਹੀਂ। ਗੁਰੂ ਸਾਹਿਬ ਨੇ ਪੂਰੀ ਓਅੰਕਾਰ ਬਾਣੀ ਲਿਖਕੇ ਸੰਗਤਾਂ ਨੂੰ ਨਿਰੰਕਾਰ ਅਕਾਲ ਪੁਰਖ ਓਅੰਕਾਰ ਦੀ ਉਪਾਸ਼ਨਾ ਦ੍ਰਿੜ ਕਰਵਾਈ।

ਫਿਰ ਉਹ ਇੰਦੌਰ ਤੋਂ ਚਲਕੇ ਬਾਲਾ ਘਾਟ ਤੋਂ ਹੁੰਦੇ ਹੋਏ ਬਰਹਾਨਪੁਰ ਪਹੁੰਚੇ। ਇਥੋਂ ਇਕੋ ਅਕਾਲ ਪੁਰਖ ਦੀ ਉਪਾਸ਼ਨਾ ਦਾ ਪ੍ਰਚਾਰ ਕਰਦੇ ਹੋਏ ਉਹ ਨਰਸਿੰਘਪੁਰ ਪਹੁੰਚੇ। ਇਥੇ ਇਕ ਵਣਜਾਰੇ ਦੇ ਇਕਲੌਤੇ ਪੁੱਤਰ ਦੀ ਮੌਤ ਸਮੇਂ ਦੁੱਖੀ ਹੋਏ ਹੋਏ ਲੋਕਾਂ ਨੂੰ ਸਿਰੀ ਰਾਗ ਵਿਚ ਇਹ ਸ਼ਬਦ ਉਚਾਰ ਕੇ ਧਰਵਾਸਾ ਦਿੱਤਾ:-

"ਪਹਿਲੈ ਪਹਿਰੈ ਰੈਣਿਕੈ ਵਣਜਾਰਿਆ ਮਿਤ੍ਰਾ।"[2]

ਇਨ੍ਹਾਂ ਲੋਕਾਂ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਅਤੇ ਗੁਰ ਸਿੱਖੀ ਦੀ ਦਾਤ ਪ੍ਰਾਪਤ ਕੀਤੀ। ਇਥੋਂ ਚੱਲਕੇ ਗੁਰੂ ਜੀ ਬਿਦਰ ਸ਼ਹਿਰ ਜਾ ਪਹੁੰਚੇ। ਬਿਦਰ ਸ਼ਹਿਰ ਤੋਂ ਨਾਨਕ ਝੇਰਾ ਪ੍ਰਬਤ ਉਤੇ ਵੀ ਗੁਰੂ ਸਾਹਿਬ ਗਏ। ਜਿਥੇ ਉਹ ਜਲਾਲਦੀਨ ਅਤੇ ਯਾਕੂਬ ਨਾਮ ਦੇ ਦੋ ਮੁਸਲਮ ਪੀਰਾਂ ਦੀ ਖਾਨਗਾਹ ਉਤੇ ਗਏ। ਇਨ੍ਹਾਂ ਪੀਰਾਂ ਦੇ ਨਾਲ ਗੱਲ ਬਾਤ ਕਰਦੇ ਸਮੇਂ ਗੁਰੂ ਜੀ ਨੇ ਸ਼ਰਈ ਕਰਮ ਕਾਂਡ ਵਿਚ ਆ ਗਈਆਂ ਊਣਤਾਈਆਂ ਨੂੰ ਦੂਰ ਕਰਨ ਦੇ ਲਈ ਦਸਦਿਆ ਹੋਇਆ ਇਹ ਸ਼ਬਦ ਉਚਾਰਿਆ:-

"ਮੁਸਲਮਾਨਾ ਸਿਫਤਿ ਸਰੀਅਤਿ, ਪੜਿ ਪੜਿ ਕਰਹਿ ਬੀਚਾਰੁ।
ਬੰਦੇ ਸੇ ਜਿ ਪਵਹਿ ਵਿਚਿ ਬੰਦੀ, ਵੇਖਣ ਕਉ ਦੀਦਾਰੁ।[3]

---

1. ਰਾਮਕਲੀ ਦਖਣੀ ਓਅੰਕਾਰ, ਪੰਨਾ-929.
2. ਸਿਰੀ ਪਹਰੇ -੧, ਪੰਨਾ-75.
3. ਵਾਰ ਆਸਾ, ਪਉੜੀ-6, ਪੰਨਾ-465.

ਗੁਰੂ ਸਾਹਿਬ ਨੇ ਕਿਹਾ "ਐ ਪੀਰੋ ਲੋਭ ਦੀ ਕਮਾਈ ਅਤੇ ਉਸਤੋਂ ਜ਼ਕਾਤ ਦੇਕੇ ਪੁੰਨ ਕਰਮ ਦੇ ਅਧਿਅਕਾਰੀ ਬਣਦੇ ਹੋ ਇਹ ਕਿਥੋਂ ਦਾ ਨਿਆ ਹੈ?" ਇਸ ਤਰ੍ਹਾਂ ਦੇ ਉਪਦੇਸ਼ ਸੁਣਕੇ ਪੀਰ ਸਤਿਗੁਰਾਂ ਦੀ ਚਰਨੀ ਲੱਗੇ ਅਤੇ ਰੱਬੀ ਰਹਿਮਤ ਦੇ ਪਾਤਰ ਬਣੇ। ਬੁਰਦਾਨ ਤੋਂ ਗੁਰੂ ਸਾਹਿਬ ਮਲਕਾ ਬੁਰਦ ਅਤੇ ਹਤਿਆ ਬਾਦ ਤੋਂ ਹੁੰਦੇ ਹੋਏ ਗੋਲਕੰਡੇ ਜਾ ਪਹੁੰਚੇ। ਇਥੋਂ ਚਲਕੇ ਉਹ ਪਾਲੀ ਪੁਰ ਆ ਗਏ। ਇਥੇ ਗੁਰੂ ਸਾਹਿਬ ਦਾ ਮੇਲ ਸਿਧਾਂ, ਨਾਥਾਂ, ਜੋਗੀਆਂ ਦੀ ਮੰਡਲੀ ਨਾਲ ਹੋਇਆ। ਉਨ੍ਹਾਂ ਨੇ ਵੀ ਗੁਰੂ ਜੀ ਨਾਲ ਵਾਦ ਵਿਵਾਦ ਕੀਤਾ। ਇਥੋਂ ਗੁਰੂ ਸਾਹਿਬ ਕੇਰਲ ਦੇ ਇਲਾਕਾ ਕਜਲੀ ਬਨ ਵਿਚ ਚਲੇ ਗਏ। ਅੰਜਨੀ ਨਦੀ ਦੇ ਨਾਲ ਨਾਲ ਫਟਕ ਸਿਲਾ, ਗਾਲਬ ਰਿਸ਼ੀ ਦੀ ਕੁੱਟੀਆ, ਬਾਲੀ ਦੀ ਮੌਤ ਦਾ ਸਥਾਨ ਆਦਿ ਥਾਵਾਂ ਤੇ ਇਕ ਪਰਮਾਤਮਾ ਦੀ ਭਗਤੀ ਦਾ ਪ੍ਰਚਾਰ ਕੀਤਾ। ਇਥੋਂ ਚਲਕੇ ਗੁਰੂ ਸਾਹਿਬ ਪਾਮ ਬਨ ਦੀਪ ਵਿਚ ਰਮੇਸ਼ਵਰਮ ਪਹੁੰਚੇ। ਇਥੋਂ ਦਾ ਆਮ ਪਾਣੀ ਖਾਰਾ ਸੀ। ਇਕ ਸਾਧੂ ਨੇ ਜਦ ਮਿੱਠੇ ਪਾਣੀ ਦੀ ਥੁੜ ਦੱਸੀ ਤਾਂ ਗੁਰੂ ਸਾਹਿਬ ਨੇ ਇਕ ਖੂਹ ਖੁਦਵਾਇਆ ਜਿਸ ਦਾ ਪਾਣੀ ਮਿੱਠਾ ਸੀ । ਜੋ ਅੱਜ ਤੱਕ ਕਾਇਮ ਹੈ। ਇਸ ਮਿੱਠੇ ਪਾਣੀ ਦੇ ਖੂਹ ਨੂੰ ਦੇਖ ਕੇ ਲੋਕੀ ਗੁਰੂ ਸਾਹਿਬ ਦੇ ਚਰਨੀ ਆ ਲੱਗੇ। ਅਤੇ ਉਨ੍ਹਾਂ ਕੋਲੋਂ ਨਾਮ ਦਾ ਉਪਦੇਸ਼ ਲਿਆ।

ਨਾਨਕ ਪ੍ਰਕਾਸ਼ ਅਤੇ ਕਈ ਹੋਰ ਲਿਖਤਾਂ ਅਨੁਸਾਰ ਇਸ ਤੋਂ ਬਾਅਦ ਗੁਰੂ ਸਾਹਿਬ ਭੂਟੰਤ ਵਲ ਗਏ ਜਿਸ ਨੂੰ ਅਜਕਲ੍ਹ ਭੂਟਾਨ ਕਿਹਾ ਜਾਂਦਾ ਹੈ। ਇਥੇ ਉਨ੍ਹਾਂ ਦਾ ਮੇਲ ਰਾਜਾ ਚੰਦੂ ਸਿੰਧੂ ਨਾਲ ਹੋਇਆ। ਇਹ ਬਹੁਤ ਵਿਸ਼ਈ ਸੀ। ਇਲਾਕੇ ਦੀ ਹਰ ਨਵੀ ਵਿਆਹੁਤਾ ਕੁੜੀ ਨੂੰ ਜਬਰਨ ਪਹਿਲਾਂ ਆਪਣੇ ਘਰ ਮੰਗਵਾ ਲੈਂਦਾ ਸੀ। ਇਸ ਰਾਜੇ ਤੋਂ ਇਹ ਬੁਰਾ ਕੰਮ ਛੁਡਾਉਣ ਲਈ ਹੀ ਗੁਰੂ ਸਾਹਿਬ ਏਥੇ ਆਏ ਸਨ। ਗੁਰੂ ਸਾਹਿਬ ਨੇ ਆਪਣਾ ਡੇਰਾ ਨਗਰੀ ਤੋਂ ਬਾਹਰ ਲਾ ਲਿਆ ਅਤੇ ਕੀਰਤਨ ਕਰਨ ਲੱਗੇ। ਬਹੁਤ ਸਾਰੇ ਲੋਕ ਦਰਸ਼ਨਾਂ ਲਈ ਆਉਣ ਲੱਗੇ। ਲੋਕਾਂ ਕੋਲੋਂ ਗੁਰੂ ਸਾਹਿਬ ਦੀ ਮਹਾਨਤਾ ਸੁਣਕੇ ਰਾਜਾ ਵੀ ਬੇਅੰਤ ਧੰਨ ਲੈਕੇ ਦਰਸ਼ਨਾਂ ਲਈ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਸਭ ਕੁੱਝ ਮੋੜ ਦਿੱਤਾ। ਅਤੇ ਕਿਹਾ ਕਿ ਇਸ ਨੂੰ ਗਰੀਬਾਂ ਵਿਚ ਵੰਡ ਦੇ। ਸਾਨੂੰ ਇਸ ਦੀ ਲੋੜ ਨਹੀਂ। ਗੁਰੂ ਜੀ ਨੇ ਰਾਜੇ ਨੂੰ ਵਿਸਥਾਰ ਸਹਿਤ ਬੁਰੀਆਂ ਵਾਸ਼ਨਾਵਾਂ ਦੇ ਨਤੀਜਿਆਂ ਤੋਂ ਜਾਣੂ ਕਰਵਾਇਆ। ਰਾਜਾ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ। ਅਤੇ ਪ੍ਰਤਿਗਿਆ ਕਰਦੇ ਹੋਏ ਨੇ ਕਿਹਾ :-

"ਹਉਂ ਅਜਾਨ ਬਹੁ ਪਾਪ ਕਮਾਤੇ ।
ਬਚਨ ਤੁਮਾਰੇ ਤੇ ਮੈ ਜਾਤੇ।
ਕਿਰਪਾ ਧਾਰ ਬਖਸ਼ੋ ਮੁਝ ਅਬ ਹੀ ।
ਬਹੁਰ ਕੁਰੀਤ ਕਰੌਂ ਨਹਿ ਕਬ ਹੀ।" (ਨਾ: ਪ੍ਰ:)

ਇਥੋਂ ਚਲਕੇ ਗੁਰੂ ਸਾਹਿਬ ਹਾਰੂ ਨਗਰ ਵਿਚ ਪਹੁੰਚੇ। ਇਥੇ ਗੁਰੂ ਜੀ ਦਾ ਮੇਲ ਜੈਨੀ ਸਰੇਵੜਿਆਂ ਨਾਲ ਹੋਇਆ। ਜਿਨ੍ਹਾਂ ਨੂੰ ਉਨ੍ਹਾਂ ਨੇ "ਸਿਰ ਖੋਹਾਇ ਪੀਅਹਿ ਮਲਵਾਣੀ" ਵਾਲਾ ਵਾਰ

ਮਾਝ ਦਾ ਸਲੋਕ ਉਚਾਰਕੇ ਉਨ੍ਹਾਂ ਦੇ ਕਪਾਟ ਖੋਲ੍ਹ ਦਿੱਤੇ। ਅਤੇ ਉਹ ਆਪਣੀ ਗਲਾਨੀ ਭਰੀ ਰਹੁ-ਰੀਤੀ ਨਾਲ ਘਿਰਨਾ ਕਰਨ ਲੱਗ ਪਏ। ਅੱਜ ਵੀ ਸੁੱਧਰੀ ਹਾਲਤ ਵਿਚ ਇਸ ਫਿਰਕੇ ਦੇ ਪੈਰੋਕਾਰ ਭਾਰਤ ਵਿਚ ਮੌਜੂਦ ਹਨ ਪਰ ਉਨ੍ਹਾਂ ਦਾ ਅਹਿੰਸਾਵਾਦ ਹੁਣ ਭਰਮਾਂ ਵਹਿਮਾਂ ਤੋਂ ਕਾਫੀ ਹੱਦ ਤੱਕ ਮੁਕਤ ਹੋ ਗਿਆ ਹੈ ।

ਇਥੋਂ ਗੁਰੂ ਸਾਹਿਬ ਸੰਗਲਾਦੀਪ (ਲੰਕਾ) ਗਏ। ਰਾਮ ਚੰਦਰ ਜੀ ਦਾ ਉਸਾਰਿਆ ਸੇਤਬੰਦ ਪੁਲ ਇਸਦੇ ਦੱਖਣੀ ਸਿਰੇ ਵੱਲ ਹੈ ਜੋ ਲੰਕਾ ਵਿਚ ਪ੍ਰਵੇਸ਼ ਕਰਨ ਲਈ ਉਨ੍ਹਾਂ ਨੇ ਨੱਲ ਅਤੇ ਨੀਲ ਨਾਮੀ ਕਾਰੀਗਰਾਂ ਦੀ ਮਦਦ ਨਾਲ ਉਸਾਰਿਆ ਸੀ। ਇਸ ਦਾ ਜ਼ਿਕਰ ਗੁਰਬਾਣੀ ਵਿਚ ਇਸ ਤਰ੍ਹਾਂ ਹੈ:-

"ਗੁਰਮੁਖਿ ਬਾਧਿਓ ਸੇਤੁ ਬਿਧਾਤੈ।
ਲੰਕਾ ਲੂਟੀ ਦੈਤ ਸੰਤਾਪੈ।
ਰਾਮ ਚੰਦਿ ਮਾਰਿਓ ਅਹਿ ਰਾਵਣੁ।
ਭੇਦੁ ਬਭੀਖਣ ਗੁਰਮੁਖ ਪਰਚਾਇਣੁ।"[1]

ਗੁਰੂ ਸਾਹਿਬ ਦੇ ਇਸ ਮੁਲਕ ਵਿਚ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਇਕ ਅਨਿੰਨ ਸੇਵਕ ਭਾਈ ਮਨ ਸੁੱਖ ਪਹਿਲਾਂ ਹੀ ਇਸ ਇਲਾਕੇ ਵਿਚ ਜਾ ਵੱਸਿਆ ਸੀ। ਇਥੋਂ ਦੀ ਪਰਜਾ ਅਤੇ ਰਾਜਾ ਸ਼ਿਵਨਾਭ ਸਨਾਤਨੀ ਵਿਚਾਰਾਂ ਦੇ ਸਨ। ਇਸ ਲਈ ਹਰ ਮਹੀਨੇ ਇਕਾਦਸ਼ੀ ਦਾ ਵਰਤ ਰੱਖਦੇ ਸਨ। ਪਰ ਭਾਈ ਮਨ ਸੁੱਖ ਗੁਰੂ ਜੀ ਦਾ ਸੇਵਕ ਹੋਣ ਕਰਕੇ ਇਕਾਦਸ਼ੀ ਦਾ ਵਰਤ ਨਹੀਂ ਸੀ ਰੱਖਦਾ। ਸਗੋਂ ਇਸਦੇ ਵਿਰੁੱਧ ਪ੍ਰਚਾਰ ਕਰਦਾ ਸੀ। ਕਿਸੇ ਨੇ ਉਸਦੇ ਵਿਰੁੱਧ ਰਾਜੇ ਕੋਲ ਸ਼ਿਕਾਇਤ ਕੀਤੀ। ਰਾਜੇ ਨੇ ਉਸਨੂੰ ਬੁਲਾਇਆ ਅਤੇ ਪੁਛਿਆ ਤੂੰ ਹਿੰਦੂ ਰਹੁ-ਰੀਤ ਦਾ ਖੰਡਨ ਕਿਉਂ ਕਰਦਾ ਹੈ? ਮਨਸੁੱਖ ਨੇ ਜਵਾਬ ਦਿੱਤਾ। :-

"ਜੋ ਪਿਛਲ ਰਾਤ ਉਠਤੇ ਹੈਂ, ਇਸਨਾਨ ਕਰਕੈ ਨਾਮ ਜਪਤੇ ਹੈਂ, ਯਥਾਸ਼ਕਤ ਥੋੜਾ ਘਣਾ ਨੇਮ ਦਾਨ ਕਰਤੇ ਹੈਂ, ਤਿਨਾ ਕੋ ਅਨਿਕ ਗਾਇਤ੍ਰੀ ਕੇ ਪਾਠ ਕਾ ਫਲ ਹੈ ਅਰ ਜੋ ਸਭ ਮੈ ਇਕ ਪਰਮੇਸਰ ਜਾਣ ਕੈ ਰਾਗ ਦੋਖ ਤੇ ਰਹਿਤ ਹੋਤੇ ਹੈਂ ਤਿਨਾ ਸ਼ਿਵ ਲਿੰਗ ਕੋ ਕਿਆ ਪੂਜਨਾ ਹੈ।"

(ਗਿ: ਰ: ਲਿਖਤ ਪਤ੍ਰਾ-253)

ਇਹ ਸੁਣਕੇ ਰਾਜੇ ਨੇ ਗੁੱਸੇ ਵਿਚ ਆਕੇ ਮਨਸੁੱਖ ਨੂੰ ਕਈ ਤਰ੍ਹਾਂ ਦੇ ਕਸ਼ਟ ਦਿੱਤੇ। ਪਰ ਮਨਸੁੱਖ ਅਡੋਲ ਰਿਹਾ ਅਤੇ ਉਸਦਾ ਵਾਲ ਤੱਕ ਵਿੰਗਾ ਨਾ ਹੋਇਆ। ਰਾਜੇ ਨੇ ਉਸਦੀ ਅਡੋਲਤਾ ਅਤੇ ਦ੍ਰਿੜ੍ਹਤਾ ਦਾ ਕਾਰਨ ਪੁਛਿਆ। ਜਿਸਦੇ ਉਤਰ ਵਿਚ ਉਸਨੇ ਕਿਹਾ ਇਹ ਸਭ ਮੇਰੇ ਗੁਰੂ ਦੇਵ ਬਾਬਾ

---

1. ਰਾਮਕਲੀ ਸਿਧ ਗੋਸਟਿ-40, ਪੰਨਾ -942)

ਨਾਨਕ ਦੀ ਕਿਰਪਾ ਹੈ। ਇਸ ਤੋਂ ਸ਼ਿਵ ਨਾਭ ਰਾਜਾ ਬਹੁਤ ਪ੍ਰਭਾਵਤ ਹੋਇਆ। ਉਹ ਅਗੇ ਹੀ ਕਿਸੇ ਪਹੁੰਚੇ ਹੋਏ ਫਕੀਰ ਦੀ ਉਡੀਕ ਵਿਚ ਸੀ ਜਿਹੜਾ ਉਸਨੂੰ ਮੁਕਤੀ ਦੇ ਸਕੇ। ਇਸ ਤਰਾਂ ਸ਼ਿਵਨਾਭ ਅਤੇ ਮਨ ਸੁੱਖ ਦੋਨੋਂ ਬੜੀ ਤੀਬਰਤਾ ਨਾਲ ਗੁਰੂ ਸਾਹਿਬ ਦੀ ਉਡੀਕ ਕਰਨ ਲੱਗੇ।

ਜਦ ਗੁਰੂ ਸਾਹਿਬ ਸੰਗਲਾਦੀਪ ਪੁੱਜੇ ਤਾਂ ਉਨਾਂ ਨੇ ਸ਼ਿਵਨਾਭ ਦੇ ਸੁੱਕੇ ਬਾਗ ਵਿਚ ਡੇਰਾ ਜਾ ਲਾਇਆ। ਇਹ ਬਾਗ ਦਿਨਾਂ ਵਿਚ ਹੀ ਲਹਿਰ ਬਹਿਰ ਹੋ ਗਿਆ। ਕਿਸੇ ਨੇ ਜਾਕੇ ਸ਼ਿਵਨਾਭ ਨੂੰ ਖਬਰ ਦਿੱਤੀ ਤਾਂ ਉਹ ਆਪ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ। ਅਤੇ ਉਨਾਂ ਨੂੰ ਮਿੰਨਤ ਨਾਲ ਆਪਣੇ ਮਹਿਲ ਵਿਚ ਲੈ ਆਇਆ। ਇਥੇ ਆਕੇ ਗੁਰੂ ਸਾਹਿਬ ਨੇ ਰਾਜੇ ਦੇ ਸਭ ਭਰਮ ਦੂਰ ਕੀਤੇ ਅਤੇ ਉਸਨੂੰ ਇਕ ਪਰਮਾਤਮਾ ਦਾ ਨਾਮ ਬਖਸ਼ ਕੇ ਇਕ ਦਾ ਅਨੁਸਾਰੀ ਕੀਤਾ।

ਇਸ ਤੋਂ ਬਾਅਦ ਗੁਰੂ ਸਾਹਿਬ ਮਾਣਕ ਗੰਗਾ ਦੇ ਕਿਨਾਰੇ ਬਣੇ ਕਤਲੇਸ਼ ਵਿਚ ਚਲੇ ਗਏ। ਇਥੇ ਗੁਰੂ ਸਾਹਿਬ ਨੇ ਭੁਲੇ ਭਟਕੇ ਲੋਕਾਂ ਨੂੰ ਸੱਚ ਦਾ ਮਾਰਗ ਵਿਖਾਇਆ। ਅਤੇ ਜੜ੍ਹ ਪੂਜਾ ਦਾ ਤਿਆਗ ਕਰਵਾਕੇ ਜੋਤ ਸਰੂਪ ਨਿਰੰਕਾਰ ਦੀ ਉਪਾਸ਼ਨਾ ਦ੍ਰਿੜ ਕਰਵਾਈ।

ਪੁਰਾਣੀਆਂ ਲਿਖਤਾਂ ਵਿਚ ਕਈ ਥਾਵਾਂ ਤੇ ਇਹ ਵੀ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਸਪਤਦੀਪ ਦੀ ਵੀ ਯਾਤਰਾ ਕੀਤੀ। ਜਿਹੜੇ ਇਸ ਪ੍ਰਕਾਰ ਹਨ:- 1. ਜੰਬੂਦੀਪ (ਰੂਸ)। 2. ਪਿਲਾਖਦੀਪ । 3. ਕ੍ਰੌਚਦੀਪ । 4. ਸ਼ਾਖਦੀਪ । 5. ਪੁਸਕਰਦੀਪ । 6. ਸ਼ਲਮਿਲਾਦੀਪ। 7. ਕੁਸ਼ਦੀਪ । ਇਨਾਂ ਸਭ ਦਵੀਪਾਂ ਵਿਚ ਗੁਰੂ ਸਾਹਿਬ ਨੇ ਵਿਸ਼ਈ ਅਤੇ ਲੰਪਟ ਪੁਰਖਾਂ ਨੂੰ ਸੁਧਾਰਿਆ ਅਤੇ ਸਤਿਨਾਮੁ ਦੇ ਅਨੁਸਾਰੀ ਬਣਾਇਆ।

ਗੁਰੂ ਸਾਹਿਬ ਦੇ ਅਫਰੀਕਾ ਜਾਣ ਦੇ ਵੀ ਸਬੂਤ ਮਿਲੇ ਹਨ। ਟਬਰੋਰਾ ਸਟੇਸ਼ਨ ਤੋਂ ਥੋੜੀ ਦੂਰ ਜੰਗਲ ਦੇ ਕੋਲ ਇਕ ਬਾਬ ਨਾਨਕਾ ਪਿੰਡ ਹੈ। ਇਥੋਂ ਦੇ ਲੋਕਾਂ ਵਿਚ ਇਕ ਪ੍ਰਸਿੱਧ ਕਥਾ ਹੈ ਕਿ ਗੁਰੂ ਸਾਹਿਬ ਜਦੋਂ ਏਥੇ ਪੁਜੇ ਤਾਂ ਭਾਈ ਮਰਦਾਨੇ ਪਾਣੀ ਮੰਗਿਆ ਅਤੇ ਲੋਕਾਂ ਨੇ ਕਿਹਾ ਕਿ ਇਥੇ ਪਾਣੀ ਦੀ ਬੜੀ ਘਾਟ ਹੈ। ਗੁਰੂ ਸਾਹਿਬ ਦੇ ਹੱਥ ਵਿਚ ਇਕ ਬਰਛਾ ਸੀ । ਉਸ ਨੂੰ ਉਨਾਂ ਨੇ ਜ਼ਮੀਨ ਵਿਚ ਮਾਰਿਆ ਅਤੇ ਉਥੋਂ ਨਿਰਮਲ ਜਲ ਦਾ ਚਸ਼ਮਾ ਫੁੱਟ ਪਿਆ ਜੋ ਅੱਜ ਤੱਕ ਮੌਜੂਦ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਕੁੱਝ ਲੋਕ ਘਬਰਾਏ ਹੋਏ ਗੁਰੂ ਸਾਹਿਬ ਕੋਲ ਆਏ ਅਤੇ ਉਨਾਂ ਨੇ ਆਪਣੀ ਪਾਣੀ ਭੁੱਖ ਨੂੰ ਦੱਸਿਆ। ਅਤੇ ਗੁਰੂ ਸਾਹਿਬ ਨੇ ਬਰਛਾ ਮਾਰਕੇ ਪਾਣੀ ਦਾ ਫੁਹਾਰਾ ਚਲਾਇਆ। ਹੋ ਸਕਦਾ ਹੈ ਅਫਰੀਕਾ ਵੀ ਸਪਤ ਦਵੀਪਾਂ ਵਿਚੋਂ ਕੋਈ ਇੱਕ ਹੋਵੇ।

ਗੁਰੂ ਸਾਹਿਬ ਨੇ ਹੋਰ ਕਿੰਨਿਆਂ ਕੁ ਮੁਲਕਾਂ ਦਾ ਦੌਰਾ ਕੀਤਾ ਕਿਹੜੀ ਬੰਦਰਗਾਹ ਰਾਹੀਂ ਵਾਪਿਸ ਦੇਸ਼ ਪਰਤੇ ਇਸ ਗੱਲ ਦਾ ਕੁੱਝ ਪੱਤਾ ਨਹੀਂ। ਹੋ ਸਕਦਾ ਹੈ ਸੰਗਲਾਦੀਪ ਰਾਹੀਂ ਵਾਪਿਸ ਆਏ ਹੋਣ। ਗੁਰੂ ਸਾਹਿਬ ਨੇ ਜੂਨਾਂ ਗੜ੍ਹ ਦੇ ਪੂਰਬੀ ਇਲਾਕੇ ਵਿਚ ਗਿਰਨਾਰ ਪ੍ਰਬਤ ਉਤੇ ਜਾਕੇ

ਪਾਂਡਿਆਂ ਵਲੋਂ ਅੰਦਰੋਂ ਅੰਦਰ ਹੋ ਰਹੀਆਂ ਕੁਰਤੀਆਂ ਨੂੰ ਰੋਕਿਆ ਅਤੇ ਲੋਕਾਂ ਨੂੰ ਈਸ਼ਵਰੀ ਗਿਆਨ ਦਿੱਤਾ। ਸੋਮ ਨਾਥ ਦੇ ਪੁਜਾਰੀ ਅਤੇ ਯਾਤਰੂਆਂ ਨੂੰ ਸੁਮਾਰਗ ਲਾਕੇ ਗੁਰੂ ਸਾਹਿਬ ਪੋਰਬੰਦਰ ਹੁੰਦੇ ਹੋਏ ਦੁਆਰਕਾ ਜਾ ਪਹੁੰਚੇ। ਇਥੇ ਨਾਉਣ ਵਾਲੇ ਗ੍ਰਿਹਸਤੀ ਲੋਕਾਂ ਕੋਲੋਂ ਕਰ ਲਿਆ ਜਾਂਦਾ ਸੀ। ਧਰਮ ਕਰਮ ਨਾ-ਮਾਤਰ ਵੀ ਨਹੀਂ ਸੀ। ਗੁਰੂ ਸਾਹਿਬ ਇਥੋਂ ਦੇ ਲੋਕਾਂ ਦਾ ਸੁਧਾਰ ਕਰਕੇ ਰਾਮੜੇ ਪਿੰਡ ਚਲੇ ਗਏ। ਜਿਥੇ ਇਹ ਰੀਤੀ ਪ੍ਰਚਲਤ ਸੀ ਕਿ ਹਰ ਯਾਤਰੂ ਇਕ ਨਿਯਤ ਠੇਕੇਦਾਰ ਕੋਲੋਂ ਆਪਣੇ ਸਰੀਰ ਦੇ ਉਤੇ ਗਰਮ ਧਾਤੂ ਨਾਲ, ਸੰਖ, ਚੱਕਰ, ਗਦਾ, ਪੱਦਮ ਦੇ ਚਿੰਨ ਲਵਾਉਂਦਾ ਸੀ। ਫਿਰ ਉਸਨੂੰ ਚੌਕੇ ਤੇ ਚੜ੍ਹਨ ਦਿੱਤਾ ਜਾਂਦਾ ਸੀ। ਗੁਰੂ ਸਾਹਿਬ ਨੇ ਉਨਾਂ ਕੋਲੋਂ ਇਹ ਫੋਕੀਆਂ ਰਸਮਾਂ ਛੁਡਵਾ ਦਿੱਤੀਆਂ ਅਤੇ ਉਨਾਂ ਨੂੰ ਅਸਲ ਮਨੁੱਖੀ ਆਦਰਸ਼ ਦਾ ਗਿਆਨ ਦਿੱਤਾ। ਇਥੋਂ ਗੁਰੂ ਸਾਹਿਬ ਬੇਟ ਦੁਆਰਕਾ ਪੁਜੇ। ਫਿਰ ਸੰਖ ਤਲਾਈ ਦੇ ਸਥਾਨ ਤੋਂ ਹੁੰਦੇ ਹੋਏ ਅੰਜਾਰ ਸ਼ਹਿਰ ਜਾ ਪਹੁੰਚੇ। ਇਥੇ ਉਨਾਂ ਦੀ ਸ਼ਿਵਗਿਰ ਪੰਡਿਤ ਦੇ ਨਾਲ ਚਰਚਾ ਹੋਈ। ਇਸ ਨੂੰ ਨਾਮ ਉਪਦੇਸ਼ ਦੇਕੇ ਗੁਰੂ ਸਾਹਿਬ ਕੱਛ ਦੇ ਇਲਾਕੇ ਵਿਚ ਆਸਾਪੁਰੀ ਸਥਾਨ ਤੇ ਜਾ ਪੁਜੇ। ਜਿਥੋਂ ਦੇ ਲੋਕ ਵਾਮ ਮਾਰਗੀ ਸਨ। ਇਸ ਮੱਤ ਦੇ ਸੰਚਾਲਕ ਸੈਣ ਲੋਕ ਸਨ। ਜੋ ਸ਼ਿਵਾ ਦੀ ਮੂਰਤੀ ਦੇ ਖੱਬੇ ਪਾਸੇ ਦੇ ਪੁਜਾਰੀ ਸਨ। ਪੁਰਾਣਿਕ ਵਿਚਾਰ ਹੈ ਕਿ ਸ਼ਿਵਾ ਦਾ ਇਕ ਰੂਪ ਅਜਿਹਾ ਹੈ ਜਿਸ ਵਿਚ ਸੱਜਾਪਾਸਾ ਪੁਰਸ਼ ਦਾ ਹੈ ਅਤੇ ਖੱਬਾ ਇਸਤ੍ਰੀ ਦਾ। ਇਸ ਨੂੰ ਅਰਧਾਰੀਸ਼ ਅਰਧਾਰੀਸ਼ਵਰ ਕਹਿੰਦੇ ਹਨ। ਸੱਜੇ ਹਿੱਸੇ ਦੇ ਪੁਜਾਰੀਆਂ ਨੂੰ ਦੱਖਣ ਅਤੇ ਖੱਬੇ ਹਿੱਸੇ ਦੇ ਪੁਜਾਰੀਆਂ ਨੂੰ ਵਾਮ ਆਖਿਆ ਜਾਂਦਾ ਹੈ। ਇਸ ਕਥਾ ਅਨੁਸਾਰ ਨਾਰੀ ਨੂੰ ਖੱਬਾ ਅੰਗ ਮੰਨਿਆ ਗਿਆ ਹੈ। ਸ਼ਾਦੀ ਸਮੇਂ ਲੜਕੀ ਨੂੰ ਹਮੇਸ਼ਾਂ ਖੱਬੇ ਪਾਸੇ ਬਿਠਾਇਆ ਜਾਂਦਾ ਹੈ। ਇਸਤ੍ਰੀ ਦਾ ਨਾਮ ਵਾਮ ਜਾ ਬਾਮ ਵੀ ਇਥੋਂ ਹੀ ਪਿਆ ਜਾਪਦਾ ਹੈ। ਵਾਮ ਦੇ ਅਰਥ ਹਨ ਖੱਬਾ, ਟੇਢਾ, ਕਾਮ। ਇਸ ਤਰਾਂ ਵਾਮ ਮਾਰਗੀ ਦੇ ਅਰਥ ਸ਼ਿਵ ਸ਼ਿਤਾਮਾ ਦੇ ਖੱਬੇ ਪਾਸੇ ਦੇ ਪੁਜਾਰੀ ਹੈ। ਇਹ ਬੜੇ ਵਿਸ਼ਈ ਲੰਪਟ ਅਤੇ ਬੁਰੇ ਚਲਨ ਵਾਲੇ ਹੁੰਦੇ ਹਨ। ਵਾਮ ਪੰਥੀਆਂ ਵਿਚ ਤਿੰਨ ਚੀਜ਼ਾਂ ਨੂੰ ਮਹੱਤਵ ਦਿੱਤਾ ਜਾਂਦਾ ਹੈ। 1. ਮਾਸ ਤੇ ਸ਼ਰਾਬ ਦੀ ਵਰਤੋਂ, 2. ਇਸਤ੍ਰੀ ਨਾਲ ਵਿਸ਼ਾ ਭੋਗ ਦੀ ਪੂਜਾ, 3. ਹਰ ਕਾਮਨਾ ਨੂੰ ਪੂਰਾ ਕਰਨ ਦਾ ਯਤਨ। ਇਨਾਂ ਦੇ ਪੰਜ ਮੰਮੇ ਧਰਮ ਦੇ ਮੁੱਖ ਅੰਗ ਹਨ। 1. ਮਦਰਾ, 2. ਮਾਸ, 3. ਮੈਥਨ, 4. 4. ਮਾਇਆ, 5. ਮੁਦ੍ਰਾ। ਗੁਰੂ ਨਾਨਕ ਦੇਵ ਜੀ ਨੇ ਵਾਮ ਮਾਰਗੀਆਂ ਨਾਲ ਐਸੇਂ ਪ੍ਰਸਤੀ ਅਤੇ ਵਿਸ਼ੇ ਵਿਕਾਰਾਂ ਦੀ ਚਰਚਾ ਛੇੜ ਕੇ ਸਿਖਿਆ ਦਿੱਤੀ ਕਿ ਸਾਰੇ ਸਰੀਰ ਨਾਸ਼ਵਾਨ ਹਨ। ਵਿਸ਼ੇ ਵਿਕਾਰ ਖਾਣ ਪੀਣ ਦੀ ਰੁਚੀ ਮਨੁੱਖੀ ਵਾਸ਼ਨਾਵਾਂ ਦਾ ਕਾਲਾ ਪੱਖ ਹੈ। ਇਸ ਤਰਾਂ ਗੁਰੂ ਜੀ ਨੇ ਉਨਾਂ ਨੂੰ ਦੁਰਾਚਾਰੀ ਜੀਵਨ ਵਿਚੋਂ ਕੱਢਿਆ। ਵਾਮ ਮਾਰਗੀ ਗੁਰੂ ਸਾਹਿਬ ਦੇ ਚਰਨਾਂ ਨਾਲ ਲਿਪਟ ਗਏ। ਗੁਰੂ ਸਾਹਿਬ ਨੇ ਸ਼ੁਭ ਕਰਨੀ ਦਾ ਮਾਰਗ ਦਰਸਾਉਂਦਿਆਂ ਹੋਇਆ ਉਨਾਂ ਨੂੰ ਇਹ ਸ਼ਬਦ ਸੁਣਾਇਆ:-

"ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ।
ਗੁਰ ਕਾ ਸਬਦ ਨਾ ਚੀਨਹੀ ਤਤੁ ਸਾਰੁ ਨਿਰੰਤਰ।"[1]

1. ਆਸਾ ਅਸਟਪਦੀ - 1, ਪੰਨਾ-419.

ਭਾਈ ਗੁਰਦਾਸ ਜੀ ਨੇ ਬਾਣੀ ਵਿਚ ਜ਼ਿਕਰ ਕੀਤਾ ਹੈ "ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਵੀ ਸੱਚਾ ਢੋਆ।" ਇਸ ਤੋਂ ਆਪਣੇ ਆਪ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਨੇ ਕੇਵਲ ਭਾਰਤ ਖੰਡ ਦੀ ਹੀ ਨਹੀਂ ਸਗੋਂ ਨੌ ਖੰਡ ਪ੍ਰਿਥਵੀ ਦੀ ਵੀ ਪਗ ਯਾਤਰਾ ਕੀਤੀ ਹੈ। ਜਿਨਾਂ ਦੇ ਨਾਮ ਮਹਾਨ ਕੋਸ਼ ਅਨੁਸਾਰ ਇਹ ਹਨ:- 1. ਭਾਰਤ, 2. ਇਲਾਵ੍ਰਿਤ, 3. ਕਿਪੁਰਖ, 4. ਭੱਦਰ, 5. ਕੇਤੁਮਾਲ, 6. ਹਰ ਵਰਖ, 7. ਹਿਰਣਯ, 8. ਰਮਜ, 9. ਕੁੱਸ਼। ਗਿਆਨੀ ਗਿਆਨ ਸਿੰਘ ਨੇ ਹਰ ਵਰਖ ਖੰਡ ਨੂੰ ਇਲਾਕਾ ਭੂਟਾਨ ਦੱਸਿਆ ਹੈ। ਹਿਰਣਯ ਖੰਡ ਨੂੰ ਨੇਪਾਲ ਫੇਰੀ ਵੀ ਮੰਨਿਆ ਜਾਂਦਾ ਹੈ। ਜਦੋਂ ਗੁਰੂ ਸਾਹਿਬ ਨੇਪਾਲ ਗਏ ਤਾਂ ਮਹਾਰਾਜਾ ਨਿਧਾਨ ਨੇ ਗੁਰੂ ਸਾਹਿਬ ਦਾ ਬਹੁਤ ਪ੍ਰਭਾਵ ਕਬੂਲਿਆ। ਕੁੱਸ਼ ਖੰਡ ਚੀਨ ਨੂੰ ਕਿਹਾ ਮੰਨਿਆ ਜਾਂਦਾ ਹੈ। ਇਸ ਮੁਲਕ ਦੇ ਦੌਰੇ ਸਮੇਂ ਗੁਰੂ ਸਾਹਿਬ ਥਾਈਲੈਂਡ ਵੀ ਗਏ। ਖਾਲਸਾ ਤਵਾਰੀਖ ਵਿਚ ਗੁਰੂ ਸਾਹਿਬ ਦਾ ਸਿਆਮ ਪੁਰ ਜਾਣਾ ਵੀ ਲਿਖਿਆ ਹੈ। ਭਾਵੇਂ ਇਥੋਂ ਕੋਈ ਨਿਸ਼ਾਨੀ ਅਜੇ ਤੱਕ ਪ੍ਰਾਪਤ ਨਹੀਂ ਹੋਈ।

ਆਖਰ 1514 ਈਸਵੀ ਵਿਚ ਗੁਰੂ ਸਾਹਿਬ ਵਾਪਿਸ ਸੁਲਤਾਨ ਪੁਰ ਆ ਗਏ। ਆਪਣੀ ਭੈਣ ਅਤੇ ਪਤਨੀ ਕੋਲ ਥੋੜਾ ਚਿਰ ਰਹਿਕੇ ਗੁਰੂ ਸਾਹਿਬ ਲਹੌਰ ਚਲੇ ਗਏ। ਇਥੋਂ ਉਹ ਰਾਵੀ ਨਦੀ ਦੇ ਕੰਢੇ ਪਹੁੰਚੇ। ਇਥੇ ਉਨਾਂ ਨੂੰ ਭਾਈ ਦੋਦਾ (ਜੱਟ) ਮਿੰਨਤ ਕਰਕੇ ਲੈ ਆਇਆ ਸੀ। ਇਹ ਜਗਾਂ ਉਸਨੇ ਗੁਰੂ ਸਾਹਿਬ ਨੂੰ ਦੇ ਦਿੱਤੀ ਸੀ। ਗੁਰੂ ਸਾਹਿਬ ਨੇ ਇਥੇ ਕਰਤਾਰ ਪੁਰ ਦੀ ਸਥਾਪਨਾ ਕੀਤੀ। ਕਰਤਾਰ ਪੁਰ ਵਿਚ ਘਰ ਬਣਾਕੇ ਗੁਰੂ ਸਾਹਿਬ ਆਪਣੇ ਪਰਵਾਰ ਨੂੰ ਏਥੇ ਲੈ ਆਏ।

## ਤੀਜੀ ਉਦਾਸੀ

1514 ਈਸਵੀ ਵਿਚ ਗੁਰੂ ਸਾਹਿਬ ਉੱਤਰ ਵੱਲ ਨੂੰ ਆਪਣੀ ਤੀਜੀ ਉਦਾਸੀ ਤੇ ਨਿਕਲ ਪਏ। ਕਰਤਾਰ ਪੁਰ ਤੋਂ ਚੱਲਕੇ ਗੁਰਦਾਸ ਪੁਰ ਵਿਚੋਂ ਦੀ ਲੰਘਦੇ ਹੋਏ ਦਸੂਹੇ ਪੁੱਜੇ। ਇਥੋਂ ਅੱਗੇ ਪਾਲਮਪੁਰ ਤੋਂ ਹੁੰਦੇ ਹੋਏ ਕਾਂਗੜੇ ਵਿਚ ਜਵਾਲਾਮੁੱਖੀ ਦੇਵੀ ਦੇ ਅਸਥਾਨ ਤੇ ਪਹੁੰਚੇ। ਇਥੇ ਮੰਦਰ ਦੇ ਵਿਚ ਇਕ ਗੋਰਖ ਡੱਬੀ ਨਾਂ ਦਾ ਇਕ ਕੁੰਡ ਹੈ। ਜਿਸ ਵਿਚ ਫੁੱਲ, ਪਤਾਸੇ, ਕੇਸਰ ਆਦਿ ਪਾਏ ਜਾਂਦੇ ਹਨ। ਇਹ ਪਾਣੀ ਰਿਝਦਾ ਰਹਿੰਦਾ ਹੈ। ਇਥੇ ਇਕ ਅਰਜਨ ਨਾਮੀ ਸਾਧੂ ਰਹਿੰਦਾ ਸੀ। ਇਸਨੂੰ ਨਾਮ ਉਪਦੇਸ਼ ਦੇਕੇ ਗੁਰੂ ਸਾਹਿਬ ਨੇ ਇਕ ਧਰਮ ਅਸਥਾਨ ਕਾਇਮ ਕੀਤਾ।

ਇਥੋਂ ਚੱਲਕੇ ਗੁਰੂ ਸਾਹਿਬ ਮੰਡੀ ਪੁਜੇ। ਇਥੇ ਇਕ ਪਹਾੜ ਦੀ ਜਲ ਧਾਰਾ ਦੀ ਝੀਲ ਹੈ। ਇਸ ਵਿਚ ਬਿਰਛਾਂ ਦੀਆਂ ਜੜਾਂ ਵਿਚ ਫਸੇ ਹੋਏ ਕਈ ਪੱਥਰ ਤਰਦੇ ਦਿਖਾਈ ਦੇਂਦੇ ਹਨ। ਪਾਂਡੇ ਲੋਕ ਇਨਾਂ ਨੂੰ ਦੇਵਤਾ ਸਿੱਧ ਕਰਕੇ ਪੂਜਾ ਦਾਨ ਲੈਂਦੇ ਸਨ। ਗੁਰੂ ਸਾਹਿਬ ਨੇ ਉਨਾਂ ਦੀ ਗਲਤ ਧਾਰਨਾਂ ਦਾ ਪੋਲ ਖੋਹਲਦੇ ਹੋਏ ਕੁਦਰਤ ਦੀ ਅਸਲੀਅਤ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ। ਅਤੇ ਸਤਿਨਾਮੁ ਦੀ ਦਾਤ ਬਖਸ਼ ਕੇ ਸਤ ਧਰਮ ਦੀ ਸੂਝ ਦਿੱਤੀ। ਰਵਾਲਸਰੋਂ ਚੱਲਕੇ ਗੁਰੂ ਸਾਹਿਬ ਚੰਬਾਂ ਰਿਆਸਤ ਵਿਚ

ਦਾਖਲ ਹੋਏ। ਇਥੋਂ ਦੇ ਗੁਜਰ ਲੋਕ ਕੁਆਰ ਜੋਗਣਾਂ (ਪਰੀਆਂ) ਦੇ ਪੁਜਾਰੀ ਸਨ। ਜੋ ਉਨ੍ਹਾਂ ਦੇ ਨਿਸਚੇ ਅਨੁਸਾਰ ਪਹਾੜਾਂ ਉਤੇ ਗੁਪਤ ਹੋਕੇ ਰਹਿੰਦੀਆਂ ਸਨ। ਗੁਰੂ ਸਾਹਿਬ ਨੇ ਉਨਾਂ ਨੂੰ ਵਹਿਮਾਂ ਭਰਮਾਂ ਤੋਂ ਕੱਢਿਆ। ਅਤੇ ਯੋਗ ਜੀਵਨ ਜੁਗਤੀ ਸਿਖਾਈ। ਇਥੋਂ ਹੁੰਦੇ ਹੋਏ ਗੁਰੂ ਸਾਹਿਬ ਖੀਰ ਗੰਗਾ ਦੇ ਕਿਨਾਰੇ ਕਿਨਾਰੇ ਕਹਿਲੂਰ ਰਿਆਸਤ ਜਾ ਪਹੁੰਚੇ। ਇਥੋਂ ਦੇ ਲੋਕਾਂ ਨੂੰ ਭਗਤੀ ਮਾਰਗ ਵਲ ਲਾਕੇ ਆਪ ਕੀਰਤ ਪੁਰ ਪੁਜੇ। ਅਤੇ ਪੀਰ ਬੁੱਢਣ ਸ਼ਾਹ ਨੂੰ ਦਰਸ਼ਨ ਦਿੱਤੇ। ਇਥੋਂ ਗੁਰੂ ਸਾਹਿਬ ਖੰਡੂਰ ਰਿਆਸਤ ਵਿਚ ਪੁਜੇ ਅਤੇ ਸਤਿਨਾਮੁ ਦਾ ਪ੍ਰਚਾਰ ਕੀਤਾ। ਜੌਹੜ ਹੁੰਦੇ ਹੋਏ ਸਰਮੌਰ ਪਹੁੰਚੇ। ਇਥੇ ਭੂੰਡੇ ਬਾਛੀ ਦਾ ਉਧਾਰ ਕੀਤਾ। ਅਤੇ ਬਹੁਤ ਸਾਰੇ ਸੇਵਕ ਬਣਾਏ। ਇਥੋਂ ਗੁਰੂ ਸਾਹਿਬ ਟ੍ਹੀਰੀ ਰਿਆਸਤ ਵਿਚ ਪਹੁੰਚੇ। ਇਥੋਂ ਦੇ ਲੋਕ ਪੂਛ ਪਹਾੜ ਨੂੰ ਪੂਜਦੇ ਸਨ ਜਿਸ ਦਾ ਸਬੰਧ ਹਨੂਮਾਨ ਨਾਲ ਹੈ। ਗੁਰੂ ਸਾਹਿਬ ਉਨ੍ਹਾਂ ਦੇ ਵਹਿਮ ਭਰਮ ਖਤਮ ਕਰਕੇ ਗੰਗੋਤਰੀ ਜਾ ਪੁਜੇ। ਇਥੇ ਪਾਂਡੇ ਅਤੇ ਕਾਵੜੀਏ ਲੋਕ ਗੰਗਾ ਨਦੀ ਦਾ ਪਾਣੀ ਪੀਣ ਲਈ ਅਤੇ ਇਸ਼ਨਾਨ ਕਰਨ ਲਈ ਬੋਤਲਾਂ ਵਿਚ ਭਰ ਭਰ ਕੇ ਦੂਰ ਦੂਰ ਤੱਕ ਲਿਜਾਕੇ ਵੇਚਦੇ ਸਨ। ਅਤੇ ਇਸੇ ਨੂੰ ਮੁਕਤੀ ਦਾ ਸਾਧਨ ਦਰਸਾਉਂਦੇ ਸਨ। ਗੁਰੂ ਸਾਹਿਬ ਨੇ ਇਨਾਂ ਲੋਕਾਂ ਨੂੰ ਇਸ ਰੀਤੀ ਤੋਂ ਵਰਜਿਆ ਅਤੇ ਉਪਦੇਸ਼ ਦਿੱਤਾ :-

"ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ।
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੋ ਖੋਜਿ ਲਹੈ।੧।[1]

ਇਥੋਂ ਗੁਰੂ ਸਾਹਿਬ ਬਦਰੀ ਨਾਥ ਗਏ। ਪੁਰਾਣੇ ਸਮਿਆਂ ਤੋਂ ਹੀ ਲੋਕੀ ਦੂਰ ਦੂਰ ਤੋਂ ਆਕੇ ਇਥੋਂ ਦੀ ਯਾਤਰਾ ਕਰਨ ਨਾਲ ਕਲਿਆਣ ਸਮਝਦੇ ਸਨ। ਗੁਰੂ ਸਾਹਿਬ ਨੇ ਇਨਾਂ ਨੂੰ ਸਤ ਧਰਮ ਦਾ ਮਾਰਗ ਦਰਸਾਇਆ ਅਤੇ ਨਾਮ ਬਾਣੀ ਦਾ ਉਪਦੇਸ਼ ਦੇਕੇ ਮੁਕਤੀ ਦੀ ਜੁਗਤ ਸਮਝਾਈ। ਇਥੋਂ ਆਪ ਹੇਮਕੁੰਡ ਗਏ। ਏਹ ਜਗਾ ਬਹੁਤ ਸਮੇਂ ਤੋਂ ਤਪੱਸਵੀ ਲੋਕਾਂ ਦੀ ਤਪੋ ਭੂਮੀ ਰਹੀ ਹੈ। ਗੁਰੂ ਨਾਨਕ ਸਾਹਿਬ ਜਦ ਇਥੇ ਪੁਜੇ ਤਾਂ ਬਹੁਤ ਸਾਰੇ ਸਿੱਧ ਸਾਧ ਘੋਰ ਤਪਸਿਆ ਕਰ ਰਹੇ ਸਨ। ਗੁਰੂ ਸਾਹਿਬ ਦਾ ਕੀਰਤਨ ਸੁਣਕੇ ਉਹ ਗੁਰੂ ਜੀ ਕੋਲ ਆ ਜੁੜੇ। ਅਤੇ ਜਦੋਂ ਉਨਾਂ ਨੂੰ ਗੁਰੂ ਸਾਹਿਬ ਦੀ ਅਸਲੀਅਤ ਬਾਰੇ ਪਤਾ ਲੱਗਿਆ ਤਾਂ ਉਹ ਬਹੁਤ ਖੁਸ਼ ਹੋਏ। ਇਨਾਂ ਵਿਚ ਬਾਮ ਦੇਵ, ਜੁਆਲਾ, ਸੰਭੂ ਅਤੇ ਸਮੁੰਡਨ ਪ੍ਰਸਿੱਧ ਅਤੇ ਮੁੱਖੀ ਸਨ। ਇਨਾਂ ਨੇ ਗੁਰੂ ਸਾਹਿਬ ਨਾਲ ਲੰਮੀ ਗੋਸ਼ਟ ਕੀਤੀ। ਗੁਰੂ ਸਾਹਿਬ ਨੇ ਸ਼ਬਦ ਉਚਾਰਿਆ :-

"ਮੇਰੀ ਸਖੀ ਸਹੇਲੀ ਸੁਨਹੁ ਭਾਇ। ਮੇਰਾ ਪਿਰੁ ਰੀਸਾਲੂ ਸੰਗਿ ਸਾਇ।

---

1. ਪ੍ਰਭਾਤੀ ਪਦਾ-6, ਪੰਨਾ-1328.

ਉਹ ਅਲਖੁ ਨਾ ਲਖੀਐ ਕਹਹੁ ਕਾਥਿ। ਗੁਰ ਸੰਗਿ ਦਿਖਾਇਓੁ ਰਾਮ ਰਾਇ।[1]

ਜਿਹੜੇ ਤਪੱਸਵੀ ਕੇਵਲ ਆਪਣੇ ਸਰੀਰ ਨੂੰ ਹੀ ਕਸ਼ਟ ਦੇ ਰਹੇ ਸਨ ਉਨ੍ਹਾਂ ਦਾ ਗੁਰੂ ਸਾਹਿਬ ਦੀ ਸਿਖਿਆ ਨਾਲ ਉਧਾਰ ਹੋ ਗਿਆ। ਅਤੇ ਉਹ ਨਾਮ ਰੰਗ ਵਿਚ ਲਿਵਲੀਨ ਹੋ ਗਏ। ਇਥੋਂ ਗੁਰੂ ਜੀ ਚੱਲਕੇ ਅਲਮੋੜਾ ਪਹਾੜ ਤੋਂ ਹੁੰਦੇ ਹੋਏ ਤਿੱਬਤ ਦੇ ਤਕਲਾ ਕੋਟ ਜਿਲੇ ਵਿਚ ਦਾਖਲ ਹੋਏ। ਇਥੇ ਦੇ ਪ੍ਰਸਿੱਧ ਮੰਦਰ ਖੇਚਰਨਾਥ ਗਏ। ਇਹ ਮੰਦਰ ਬੋਧੀਆਂ ਦਾ ਬਹੁਤ ਵੱਡਾ ਧਰਮ ਅਸਥਾਨ ਹੈ। ਜਿਥੇ ਲਾਂਬੇ ਗੁਰੂ ਦੀ ਪੂਜਾ ਰੱਬ ਮੰਨ ਕੇ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਸਰਬ ਵਿਆਪਕ ਪਰਮਾਤਮਾ ਦਾ ਗਿਆਨ ਦਿੱਤਾ। ਜਦੋਂ ਆਪਨੇ ਦੈਵੀ ਕੀਰਤਨ ਅਰੰਭ ਕੀਤਾਤਾਂ ਬਹੁਤ ਸਾਰੇ ਮਹੰਤ ਅਤੇ ਚੇਲੇ ਉਨ੍ਹਾਂ ਕੋਲ ਆ ਇਕੱਠੇ ਹੋਏ। ਅਤੇ ਭਗਤੀ ਮਾਰਗ ਦੀ ਸਿਖਿਆ ਲਈ।

ਪ੍ਰਿੰਸੀਪਲ ਕਸ਼ਮੀਰਾ ਸਿੰਘ ਦੇ ਅੱਖੀ ਡਿੱਠੇ ਬਿਆਨ ਅਨੁਸਾਰ ਇਸ ਮੰਦਰ ਦੇ ਹਾਲ ਵਿਚ ਆਦਮ ਕੱਦ ਤੋਂ ਵੀ ਉੱਚੀਆਂ ਕਾਲੇ ਪੱਥਰ ਦੀਆਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਅਤੇ ਭਾਈ ਬਾਲਾ ਦੀਆਂ ਮੂਰਤਾਂ ਸਥਾਪਤ ਹਨ। ਜਿਨ੍ਹਾਂ ਅੱਗੇ ਅੱਠੇ ਪਹਿਰ ਘਿਉ ਦੇ ਦੀਵੇ ਜਗਦੇ ਰਹਿੰਦੇ ਹਨ।[2] ਹੁਣ ਵੀ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਭਾਵੇਂ ਦੇਵੀ ਦੇਵਤਾਵਾਂ ਦੀ ਪੂਜਾ ਵੀ ਕਰਦੇ ਹਨ ਪਰ ਮੁਕਤੀ ਦਾਤਾ ਕੇਵਲ ਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ। ਇਥੋਂ ਚੱਲਕੇ ਗੁਰੂ ਸਾਹਿਬ ਸਮੇਰ ਪ੍ਰਬਤ ਤੇ ਪੁਜੇ। ਜਿਸ ਬਾਰੇ ਕਈ ਪੁਰਾਣਿਕ ਕਥਾਵਾਂ ਪ੍ਰਚਲਤ ਹਨ। ਭਾਈ ਵੀਰਸਿੰਘ ਜੀ ਲਿਖਦੇ ਹਨ " ਜਾਪਦਾ ਹੈ ਕਿ ਹਿਮਾਲੇ ਦੇ ਕੈਲਾਸ਼, ਗੁਰਲਾ ਮਾਨਧਾਰਾ ਅਤੇ ਇਨ੍ਹਾਂ ਪ੍ਰਬਤਾਂ ਦੇ ਲਾਗੇ ਦੀ ਉਹ ਧਰਤੀ ਹੀ ਸਮੇਰੂ ਬਨ ਗਈ ਹੈ, ਪਰ ਤਵਾਰੀਖ ਖਾਲਸਾ ਦੇ ਕਰਤਾ ਨੇ ਹੇਮਕੁੰਡ ਦੇ ਇਲਾਕੇ ਵਿਚੋਂ ਸੁਮੇਰ ਪ੍ਰਬਤ ਤੇ ਜਾਣਾ ਲਿਖਿਆ ਹੈ ਜਦ ਕਿ ਭਾਈ ਗੁਰਦਾਸ ਅਨੁਸਾਰ ਸਾਰੀ ਪ੍ਰਿਥਵੀ ਦੀ ਸੈਰ ਕਰਨ ਪਿਛੋਂ ਗੁਰੂ ਸਾਹਿਬ ਸੁਮੇਰ ਤੇ ਜਾਂਦੇ ਹਨ। ਮੈਕਾਲਫ ਦਾ ਵਿਚਾਰ ਹੈ ਕਿ ਸ੍ਰੀ ਨਗਰ ਤੋਂ ਹੋਕੇ ਗੁਰੂ ਸਾਹਿਬ ਸੁਮੇਰ ਗਏ। ਪਰ ਭਾਈ ਕਾਨ੍ਹ ਸਿੰਘ ਨਾਭਾ ਨੇ ਮਾਨ ਸਰੋਵਰ ਝੀਲ ਤਿੱਬਤ ਵਿਚ ਹੀ ਮੰਨੀ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਤਿੱਬਤ ਰਾਹੀਂ ਹੀ ਸੁਮੇਰ ਪ੍ਰਬਤ ਗਏ। ਇਥੇ ਗੁਰੂ ਸਾਹਿਬ ਦੀ ਸਿੱਧਾਂ ਨਾਲ ਬਹੁਤ ਭਾਰੀ ਗੋਸ਼ਟੀ ਹੋਈ। ਜਿਹੜੀ ਸਿੱਧ ਗੋਸਟਿ ਬਾਣੀ ਦੇ ਰੂਪ ਵਿਚ ਪ੍ਰਸਿੱਧ ਹੈ। ਸਿੱਧਾਂ ਵਿਚੋਂ ਈਸ਼ਰ ਨਾਮ ਦਾ ਜੋਗੀ ਗ੍ਰਹਿਸਤੀ ਸੀ। ਉਸਨੇ, ਗੋਰਖ ਨੇ, ਗੋਪੀ ਚੰਦ ਨੇ, ਚਰਪਟ ਨੇ ਅਤੇ ਭਰਥਰੀ ਨੇ ਜੋ ਪ੍ਰਸ਼ਨ ਕੀਤੇ ਉਸਦਾ ਸਾਰਅੰਸ਼ ਇਹ ਹੈ:-

---

1. ਪ੍ਰਭਾਤੀ ਪਦੇ-5, ਪੰਨਾ-1170.
2. ਪ੍ਰੋ: ਕਸ਼ਮੀਰਾ ਸਿੰਘ ਦਾ ਲੇਖ, ਰਸਾਲਾ, "ਅੰਮ੍ਰਿਤ" ਮਈ, 1931.

"   "ਸੋ ਗਿਰਹੀ ਜੋ ਨਿਗ੍ਰਹੁ ਕਰੈ। ਜਪੁ ਤਪੁ ਸੰਜਮ ਭੀਖਿਆ ਕਰੈ।
ਪੁੰਨ ਦਾਨ ਕਾ ਕਰੈ ਸਰੀਰੁ । ਸੋ ਗਿਰਹੀ ਗੰਗਾ ਕਾ ਨੀਰੁ।
ਬੋਲੈ ਈਸਰੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।
ਸੋ ਅਉਧੂਤੀ ਜੋ ਧੂਪੈ ਆਪੁ । ਭਿਖਿਆ ਭੋਜਨੁ ਕਰੈ ਸੰਤਾਪੁ ।
ਅਉਹਠ ਪਟਣ ਮਹਿ ਭਿਖਿਆ ਕਰੈ। ਸੋ ਅਉਧੂਤੀ ਸਿਵਪੁਰਿ ਚੜੈ।
ਬੋਲੈ ਗੋਰਖੁ ਸਤਿ ਸਰੂਪ । ਪਰਮ ਤੰਤ ਮਹਿ ਰੇਖ ਨ ਰੂਪ।
ਸੋ ਉਦਾਸੀ ਜਿ ਪਾਲੇ ਉਦਾਸੁ । ਅਰਧ ਉਰਧ ਕਰੇ ਨਿਰੰਜਨ ਵਾਸੁ ।
ਚੰਦ ਸੂਰਜ ਕੀ ਪਾਏ ਗੰਢਿ । ਤਿਸੁ ਉਦਾਸੀ ਕਾ ਪੜੈ ਨ ਕੰਧੁ ।
ਬੋਲੇ ਗੋਪੀ ਚੰਦੁ ਸਤਿ ਸਰੂਪੁ । ਪਰਮ ਤੰਤ ਮਹਿ ਰੇਖ ਨ ਰੂਪੁ ।
ਸੋ ਪਾਖੰਡੀ ਜਿ ਕਾਇਆ ਪਖਾਲੇ । ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ।
ਸੁਪਨੈ ਬਿੰਦੁ ਨ ਦੇਈ ਝਰਣਾ । ਤਿਸੁ ਪਾਖੰਡੀ ਜਰਾ ਨ ਮਰਣਾ ।
ਬੋਲੈ ਚਰਪਟੁ ਸਤਿ ਸਰੂਪੁ । ਪਰਮ ਤੰਤ ਮਹਿ ਰੇਖ ਨ ਰੂਪ ।[1] "

ਇਸ ਤਰਾਂ ਦਾ ਆਦਰਸ਼ਕ ਉਪਦੇਸ਼ ਜੋਗੀਆਂ ਦੀ ਹੈਂਕੜ ਨੂੰ ਕਮਜ਼ੋਰ ਤਾਂ ਕਰ ਰਿਹਾ ਸੀ ਪਰ ਕਈ ਵਾਰ ਛਿਥਾ ਪੈ ਕੇ ਦੀ ਅਵਸਥਾ ਵਿਚ ਜੋਗੀ ਫਿਰ ਰਿਧੀਆਂ ਸਿੱਧੀਆਂ ਨਾਲ ਗੁਰੂ ਸਾਹਿਬ ਨੂੰ ਹਰਾਉਣ ਦੀ ਠਾਨ ਲੈਂਦੇ ਸਨ। ਉਨ੍ਹਾਂ ਨੇ ਕਈ ਵਾਰ ਮਹਾਰਾਜ ਤੇ ਵਾਰ ਕੀਤੇ ਪਰ ਅਗਮ ਅਗਾਧ ਪੁਰਖ ਸਤਿ ਗੁਰੂ ਤੇ ਇਕ ਵੀ ਨਾ ਚਲ ਸਕਿਆ।

ਕਈ ਸਾਖੀਕਾਰਾਂ ਨੇ ਲਿਖਿਆ ਹੈ ਕਿ ਇਥੇ ਸਿੱਧਾਂ ਨੇ ਜੋ ਰਵਈਆਂ ਅਪਨਾਇਆ ਉਸ ਤੋਂ ਕੁੱਝ ਤਲਖ ਕਲਾਮੀ ਵੀ ਹੋਈ ਅਤੇ ਭੰਗਰ ਨਾਥ (ਜੋ ਬਹੁਤਾ ਹੀ ਹੰਕਾਰੀ ਸੀ) ਨੇ ਗੁਰੂ ਜੀ ਨੂੰ ਗੋਰਖ ਨਾਥ ਦਾ ਚੇਲਾ ਬਣਨ ਲਈ ਪ੍ਰੇਰਿਆ ਅਤੇ ਕਿਹਾ। ਭੰਗਰ ਨਾਥ ਨੇ ਸਰਾਪ ਦੇ ਦੇਣ ਦਾ ਡਰ ਵੀ ਦਿਖਾਇਆ। ਨਾਨਕ ਪ੍ਰਕਾਸ ਅਨੁਸਾਰ :-

"ਮਾਈ ਮੂੰਡਾ ਗੋਰਖ ਜਾਨਾ । ਅਕਲ ਨਾ ਦੀਨੀ ਪਾੜੇ ਕਾਨਾ ।
ਛੇਦ ਕਾਨ ਮੁੰਦ੍ਰਾ ਪਹਿਨਾਈ । ਢੰਭ ਹੇਤ ਸੇਲੀ ਰਾਹ ਪਾਈ ।
ਭਗਵੇ ਪਾਟ ਬਿਭੂਤ ਸਜ ਅੰਗਾ । ਕਰਿ ਝੋਲੀ ਭਿਖਿਆ ਨਿਤ ਮੰਗਾ ।
ਜੋਗ ਜੁਗਤ ਕਛ ਹੂੰ ਨਹਿ ਜਾਨੀ। ਮੂੰਡ ਮੁੰਡਾਇ ਭਏ ਅਭਿਮਾਨੀ ।

ਇਸ ਤਰਾਂ ਦੇ ਵਾਰਤਾਲਾਪ ਨਾਲ ਸਿੱਧਾਂ ਨੂੰ ਆਪਣੀ ਵਿਚਾਰਧਾਰਾ ਅਨੁਸਾਰ ਪ੍ਰੇਰ ਲੈਣਾ ਗੁਰੂ ਸਾਹਿਬ ਦੀ ਬਹੁਤ ਵੱਡੀ ਜਿੱਤ ਸੀ। ਮਾਨ ਸਰੋਵਰ ਬਾਰੇ ਕਈ ਲਿਖਤਾਂ ਤੇ ਪਤਾ ਲੱਗਦਾ ਹੈ

---

1. ਰਾਮਕਲੀ ਵਾਰ , ਮਹਲਾ-3 ਵਿਚ ਸਲੋਕ, ਪੰਨਾ-952.

ਕਿ ਇਸ ਦੇ ਚਾਰੇ ਕੋਣਿਆਂ ਤੇ ਚਾਰ ਗੁਫਾਵਾਂ ਹਨ, ਜਿਨਾਂ ਵਿਚ ਬੁੱਧ ਧਰਮ ਦੇ ਬੁੱਤਾਂ ਤੋਂ ਇਲਾਵਾ ਗੁਰੂ ਨਾਨਕ ਦੀਆਂ ਵਡੀਆਂ ਵਡੀਆਂ ਪੱਥਰ ਦੀਆਂ ਮੂਰਤਾਂ ਵੀ ਸਥਾਪਿਤ ਹਨ।

ਇਨਾਂ ਪ੍ਰਬਤਾਂ ਤੋਂ ਹੁੰਦੇ ਹੋਏ ਗੁਰੂ ਸਾਹਿਬ ਲਦਾਖ ਪਹੁੰਚੇ। ਇਥੇ ਗੁਰੂ ਸਾਹਿਬ ਨੇ ਲੇਹ ਦੇ ਅਸਥਾਨ ਤੇ ਪ੍ਰਚਾਰ ਕਰਕੇ ਗੁਰਦੁਵਾਰਾ ਸਥਾਪਿਤ ਕੀਤਾ ਜਿਹੜਾ ਅੱਜ ਤੱਕ ਸਥਾਪਿਤ ਹੈ। ਇਥੇ ਇਲਾਕੇ ਦੇ ਸਭ ਤੋਂ ਵੱਡੇ ਬੋਧੀ ਮੰਦਰ ਅੰਦਰ ਬੋਧੀ ਭਿਕਸ਼ੂਆਂ ਦੇ ਨਾਲ ਗੁਰੂ ਸਾਹਿਬ ਦੀ ਗੋਸ਼ਟੀ ਹੋਈ। ਬੋਧੀਆਂ ਨੇ ਆਪਣੀ ਹਾਰ ਮੰਨ ਲਈ ਅਤੇ ਸਿੱਖ ਧਰਮ ਨੂੰ ਅਪਣਾਇਆ। ਇਥੇ ਆਪ ਜੀ ਦੀ ਯਾਦ ਵਿਚ ਕੁੰਜਕ ਗੁੰਪਾ ਨਾਂ ਦਾ ਬਣਿਆ ਮੰਦਰ ਅੱਜ ਤੱਕ ਸਥਾਪਿਤ ਹੈ। ਇਹ ਸਾਰਾ ਇਲਾਕਾ ਉੱਚੇ ਉੱਚੇ ਪਹਾੜਾਂ ਅਤੇ ਝੀਲਾਂ ਦਾ ਇਲਾਕਾ ਹੈ। ਜਿਸਦੀ ਆਪਨੇ ਪੈਦਲ ਯਾਤਰਾ ਕੀਤੀ। ਸ਼ਰਧਾ ਤੇ ਪਿਆਰ ਦੇ ਬੱਧੇ ਬੋਧੀ ਆਪ ਨਾਲ ਹੋ ਤੁਰੇ। ਅਤੇ ਇਲਾਕੇ ਦੇ ਕਈ ਹੋਰ ਪ੍ਰਸਿੱਧ ਮੰਦਰ ਕੋਇਲ ਗੁੰਪਾ ਅਤੇ ਅਨਿਲ ਗੁੰਪਾ ਆਦਿ ਵਿਚ ਪੁੰਜ ਕੇ ਰੱਬੀ ਧਰਮ ਦਾ ਪ੍ਰਚਾਰ ਕੀਤਾ। ਬੇਅੰਤ ਲੋਕਾਂ ਨੂੰ ਪੁਰਾਣੀਆਂ ਰਹੁ-ਰੀਤਾਂ ਵਿਚੋਂ ਕੱਢਿਆ। ਉਪੁਕਤ ਮੰਦਰਾਂ ਵਿਚ ਗੁਰੂ ਸਾਹਿਬ ਦਾ ਉਚਾਰਿਆ ਮੂਲ ਮੰਤ੍ਰ ਤਿੱਬਤੀ ਬੋਲੀ ਵਿਚ ਉਕਰਿਆ ਹੋਇਆ ਹੈ। ਇਸ ਬਾਰੇ ਪ੍ਰਚਲਤ ਰਵਾਇਤ ਹੈ ਕਿ ਗੁਰੂ ਸਾਹਿਬ ਦੀ ਵਾਪਸੀ ਪਿਛੋਂ ਇਸ ਗੱਲ ਨੂੰ ਕਨੂੰਨ ਬਣਾ ਦਿੱਤਾ ਗਿਆ ਸੀ ਕਿ ਜੁਰਮ ਕਰਨ ਵਾਲੇ ਦੋਸ਼ੀ ਨੂੰ ਛੋਟੇ ਜਾਂ ਵੱਡੇ ਜੁਰਮ ਅਨੁਸਾਰ ਘੱਟ ਜਾਂ ਵੱਧ ਗਿਣਤੀ ਵਿਚ ਭੱਦਰਾਂ ਗੁਰੂ (ਗੁਰੂ ਨਾਨਕ ) ਦਾ ਉਚਾਰਿਆ ਮੂਲ ਮੰਤ੍ਰ ਪੱਥਰਾਂ ਤੇ ਉਕਰਨਾਂ ਪਵੇਗਾ। ਜੋ ਪੱਥਰ ਤਿਆਰ ਹੋਏ ਉਹ ਅੱਜ ਤੱਕ ਮਿਲਦੇ ਹਨ।[1]

ਲਦਾਖ ਤੋਂ ਅਗੇ ਗੁਰੂ ਸਾਹਿਬ ਦੇ ਜੰਕਾਰਾ ਨੱਦੀ ਦੇ ਕਿਨਾਰੇ ਕਿਨਾਰੇ ਵਿਚਰਦੇ ਹੋਏ ਅਸਕਰਦੂ ਸ਼ਹਿਰ ਵਿਚ ਗਏ। ਇਥੇ ਅੱਜ ਤੱਕ ਆਪ ਜੀ ਦੀ ਯਾਦ ਵਿਚ ਨਾਨਕ ਪੀਰ ਦਾਰਾ ਅਸਥਾਨ ਮੌਜੂਦ ਹੈ। ਇਹ ਪੀਰ ਗੌਸ ਬੁਖਾਰੀ ਦਾ ਨਿਵਾਸ ਅਸਥਾਨ ਸੀ। ਜਦੋਂ ਗੁਰੂ ਸਾਹਿਬ ਏਥੇ ਆਏ ਤਾਂ ਪੀਰ ਅਤੇ ਹਾਕਮ ਦੋਨੋਂ ਗੁਰੂ ਸਾਹਿਬ ਜੀ ਦੇ ਚਰਨੀ ਆ ਲੱਗੇ। ਅਤੇ ਨਾਮ ਉਪਦੇਸ਼ ਪ੍ਰਾਪਤ ਕੀਤਾ। ਇਸ ਮੁਲਕ ਦੇ ਕਈ ਮੁਸਲਮਾਨ ਅੱਜ ਤੱਕ ਆਪਣੇ ਆਪ ਨੂੰ ਨਾਨਕ ਪੀਰ ਦੇ ਪੈਰੋਕਾਰ ਮੰਨਦੇ ਹਨ।

ਇਸ ਇਲਾਕੇ ਵਿਚੋਂ ਨਿਕਲਕੇ ਗੁਰੂ ਸਾਹਿਬ ਕਸ਼ਮੀਰ ਵੱਲ ਤੁਰ ਪਏ। ਥਾਉਂ ਥਾਈਂ ਬਾਣੀ ਦਾ ਪ੍ਰਚਾਰ ਕਰਦੇ ਹੋਏ ਆਪ ਸ੍ਰੀ ਨਗਰ ਆ ਪਹੁੰਚੇ। ਇਥੇ ਬ੍ਰਾਹਮਣਾਂ ਪੰਡਿਤਾਂ ਨਾਲ ਵਿਚਾਰ ਵਿਮਰਸ਼ ਕੀਤਾ। ਕਸ਼ਮੀਰ ਫੇਰੀ ਸਮੇਂ ਇਕ ਪਹਾੜੀ ਉਤੇ ਡੇਰਾ ਲਾਉਣ ਬਾਰੇ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

"ਜੋ ਕਸ਼ਮੀਰ ਕਹਾਵਤ ਦੇਸਾ। ਤਹਾ ਜਾਏ ਪਹੁੰਚੇ ਜਗਤੇਸਾ।
ਪਿਖ ਪਿਹਾਰ ਇਕ ਪੁਰੀ ਸਮੀਪਾ। ਬੈਠ ਗਏ ਬੇਦੀ ਕੁਲਦੀਪਾ। "

---

1. ਗਿਆਨੀ ਊਧਮ ਸਿੰਘ ," ਗੁਰੂ ਨਾਨਕ ਜੀਵਨ- ਇਕ ਨਵੀਂ ਖੋਜ। " ਪੰਨਾ-39

ਗੁਲਮਰਗ ਹੁੰਦੇ ਹੋਏ ਗੁਰੂ ਸਾਹਿਬ ਅਵੰਤੀ ਪੁਰੇ ਚਲੇ ਗਏ। ਇਥੇ ਲਗਾਤਾਰ ਤਿੰਨ ਦਿੱਨ ਟਿਕੇ। ਅਤੇ ਜੁੰਮੀ ਨਾਮ ਦੇ ਇਯਾਲੀ ਨਾਲ ਗਲ ਬਾਤ ਕੀਤੀ। ਨਾਨਕ ਪ੍ਰਕਾਸ਼ ਅਨੁਸਾਰ:-

"ਜੇ ਤੁਮ ਹੁਤੇ ਫਕੀਰਹਿ ਸਾਚੀ। ਪੁਰਤੇ ਭਿਖਿਆ ਕਰਤੇ ਜਾਚੀ।
ਭੇਖ ਫਕੀਰ ਧਰਯੋ ਤਨ ਮਾਹੀ। ਸਾਂਚੇ ਤੁਮ ਫਕੀਰ ਹੋ ਨਾਹੀ।"

ਉਸ ਦੀ ਇਹ ਗੱਲ ਸੁਣਕੇ ਹਜ਼ੂਰ ਮੁਸਕਰਾਏ ਤੇ ਕਹਿਣ ਲੱਗੇ ਗੁਰਮੁੱਖਾ, ਤੂੰ ਇਸ ਸ਼ੱਕ ਤੇ ਬਹਿਸ ਵਿਚੋਂ ਕੀ ਲੈਣਾ ਹੈ। ਆਪਣੇ ਦੁੰਬਿਆਂ ਦੀ ਸੰਭਾਲ ਕਰ। ਜਦ ਉਹ ਵਾਪਸ ਦੁੰਬਿਆ ਕੋਲ ਗਿਆ ਤਾ ਉਹ ਸਾਰੇ ਮਰੇ ਪਏ ਸਨ, ਇਹ ਵੇਖ ਕੇ ਉਸ ਨੂੰ ਬੜੀ ਚਿੰਤਾ ਲੱਗ ਗਈ ਕਿ ਮੈਂ ਦੁੰਬਿਆਂ ਦੇ ਮਾਲਕ ਅੱਗੇ ਕੀ ਜਵਾਬ ਦਿਆਂਗਾ। ਇਨ੍ਹਾਂ ਸੋਚਾਂ ਵਿਚ ਡੁਬੇ ਨੂੰ ਖਿਆਲ ਆਇਆ ਕਿ ਸੰਭਵ ਹੈ ਇਹ ਜੰਗਲ ਵਿਚ ਬੈਠਾ ਪੁਰਖ ਕੋਈ ਵਲੀ ਅੱਲਾ ਹੀ ਹੋਵੇ ਜਿਸ ਤੇ ਝੂਠਾ ਸ਼ੱਕ ਕਰਨ ਦਾ ਮੈਨੂੰ ਇਹ ਫੱਲ ਮਿਲਿਆ ਹੈ:-

"ਕਰਤ ਬੀਚਾਰ ਰਿਦੇ ਅਸ ਆਈ। ਮੈ ਸੰਤਨ ਸਿਉਂ ਪਰਖ ਅਲਾਈ।
ਇਨ ਦੁਖਾਇ ਮੈ ਇਹ ਫਲ ਪਾਵਾ। ਕਰ ਨਿਰਨੈ ਐਸੇ ਠਹਿਰਾਵਾ। (ਨਾ: ਪ੍ਰ: )

ਇਨ੍ਹਾਂ ਸੋਚਾਂ ਵਿਚ ਹੀ ਗੁਰੂ ਮਹਾਰਾਜ ਕੋਲ ਪੁਜਿਆ ਅਤੇ ਘਿਗਿਆ ਕੇ ਬੇਨਤੀ ਕੀਤੀ ਕਿ ਮੇਰੀ ਭੁਲ ਖਿਮਾ ਕਰੋ, ਮੇਰੀ ਉਪਜੀਵਕਾ ਖਤਮ ਹੋ ਗਈ ਹੈ, ਪਤਾ ਨਹੀਂ ਦੁੰਬਿਆਂ ਦਾ ਮਾਲਕ ਮੈਨੂੰ ਕੀ ਸਜ਼ਾ ਦੇਵੇ।

"ਇਕ ਤੋਂ ਗਈ ਜੀਵਕਾ ਸਾਰੀ। ਦੁਤੀ ਗਹਿ ਨਰ ਦੇਵਹਿ ਗਾਰੀ।" (ਨਾ: ਪ੍ਰ:)

ਉਸ ਦੀ ਨਿਮ੍ਰਤਾ ਭਰੀ ਅਰਜੋਈ ਸੁਣਕੇ ਕਰਣਾਮਯ ਗੁਰਦੇਵ ਪਸੀਜੇ ਅਤੇ ਕਹਿਣ ਲੱਗੇ:-
"ਜੁੰਮਿਆ ! ਜਾਹ ਵਾਹਿਗੁਰੂ ਆਖ ਕੇ ਸਭ ਨੂੰ ਉਠਾ ਦੇਹ।"

"ਵਾਹਿ ਗੁਰੂ ਮੁਖ ਨਾਮ ਉਚਰਯੋ। ਦੁੰਬੇ ਸਰਬ ਜੀਵਾਇ ਉਠਰਿਯੋਂ।
ਸੁਨਤ ਬਚਨ ਹਿਰਦੇ ਹਰਖਾਨਾ। ਕਰ ਬੰਦਨ ਗਮਨਯੋ ਤਿਹਥਾਨਾ।
ਵਾਹਿਗੁਰੂ ਕਹਿ ਸਭਿ ਜੀਵਾਰੇ। ਉਠ ਕੇ ਚਰਨ (ਚੁਗਨ) ਲਗੇ ਪੁਨ ਸਾਰੇ।
(ਨਾ: ਪ੍ਰ: )

ਇਸ ਅਸਚਰਜ ਕੌਤਕ ਨੂੰ ਵੇਖ ਕੇ ਇਯਾਲੀ ਨੇ ਕਿਹਾ ਐ ਸਰਬ ਸ਼ਕਤੀਮਾਨ ਰੱਬ ਦੇ ਸਾਂਈ ! ਮੈਂ ਹੁਣ ਆਪ ਜੀ ਦੀ ਕਦਮ ਬੋਸੀ ਵਿਚ ਹੀ ਜੀਵਨ ਕੱਟਣਾ ਚਾਹੁੰਦਾ ਹਾਂ ਮੈਨੂੰ ਆਪਣੀ ਸ਼ਰਣ ਬਖਸ਼ੋ ਅਤੇ ਮੇਰੇ ਤੇ ਰਹਿਮ ਕਰੋ।

ਏਧਰ ਦੁੰਬਿਆ ਦੇ ਮਾਲਕ ਨੇ ਜਦ ਵੇਖਿਆ ਕਿ ਰਾਤ ਨੂੰ ਨਾ ਦੁੰਬੇ ਵਾਪਸ ਆਏ ਤੇ ਨਾ ਹੀ ਚਰਵਾਹਾ (ਇਯਾਲੀ) ਆਇਆ ਹੈ ਤਾਂ ਉਹ ਸਵੇਰ ਹੁੰਦੇ ਹੀ ਕੁੱਝ ਸਾਥੀਆਂ ਨੂੰ ਨਾਲ ਲੈਕੇ ਢੂੰਡਦਾ ਭਾਲਦਾ ਉਥੇ ਜਾ ਅੱਪੜਿਆ ਜਿਥੇ ਗੁਰਦੇਵ ਬੈਠੇ ਸਨ ਅਤੇ ਇਯਾਲੀ ਉਨਾਂ ਦੀ ਸੇਵਾ ਵਿਚ ਹਾਜ਼ਰ ਸੀ। ਸਾਰੀ ਗੱਲ ਦਾ ਪਤਾ ਲਗਣ ਤੇ ਇਲਾਕੇ ਦੇ ਇਸ ਤਕੜੇ ਮਾਲਦਾਰ ਵਿਅਕਤੀ ਨੇ ਗੁਰੂ ਜੀ ਦੇ ਚਰਨ ਫੜ ਲਏ,। ਇਹ ਸਾਰੀ ਗੱਲ ਆਸ ਪਾਸ ਦੇ ਨਗਰਾਂ ਤੱਕ ਵੀ ਫੈਲ ਗਈ। ਬਹੁਤ ਲੋਕ ਦਰਸ਼ਨਾਂ ਲਈ ਆਏ ਅਤੇ ਉਨਾਂ ਨੇ ਗੁਰੂ ਸਾਹਿਬ ਤੋਂ ਚਰਨ ਪਾਹੁਲ ਲੈਕੇ ਗੁਰ ਸਿਖੀ ਧਾਰਨ ਕੀਤੀ।

"ਸਭੀ ਲੋਕ ਮਿਲ ਚਰਨੀ ਲਾਗੇ। ਭੇਟਾ ਧਰ ਉਹ ਪਾਇਨ ਆਗੇ।
ਖੁਸ਼ੀ ਹੋਨ ਸ੍ਰੀ ਗੁਰ ਕੀ ਲਾਗੀ। ਪਾਹੁਲ ਲੈਨ ਲਗੇ ਬਡ ਭਾਗੀ।" (ਨਾ: ਪ੍ਰ:)

ਇਥੋਂ ਉਠ ਕੇ ਆਪ ਮਾਰ ਤੰਡ ਮੰਦਰ ਵਿਚ ਗਏ ਜਿਥੋਂ ਦੇ ਪਾਂਡਿਆਂ ਨੇ ਚਰਚਾ ਵਾਰਤਾ ਵਿਚ ਕਲਾਵਾਨ ਜਾਣ ਕੇ ਆਪ ਜੀ ਦੇ ਚਰਨਾਂ ਤੇ ਸੀਸ ਝੁਕਾਇਆ ਤੇ ਗੁਰਮਤਿ ਰੀਤੀ ਨੂੰ ਸਵੀਕਾਰ ਕੀਤਾ।

ਇਥੋਂ ਹੁੰਦੇ ਹੋਏ ਗੁਰੂ ਸਾਹਿਬ ਮਟਨ ਪਹੁੰਚੇ। ਇਥੇ ਗੁਰੂ ਸਾਹਿਬ ਨੂੰ ਪੁਰਾਤਨ ਕਰਮ ਕਾਂਡ ਵਿਚ ਪੱਕਾ ਬ੍ਰਹਮ ਦਾਸ ਆ ਮਿਲਿਆ ਜਿਸ ਨੇ ਕਰਮ ਧਰਮ ਮੁਕਤੀ ਅਤੇ ਵਿਦਿਆ ਬਾਰੇ ਕਈ ਪ੍ਰਸ਼ਨ ਕੀਤੇ। ਗਿਆਨ ਰਤਨਾਕਰ ਅਨੁਸਾਰ :-

"ਤਬ ਤਹਾਂ ਬਡਾ ਭਾਰਾ ਪੂਜ ਥਾਂ ਸੋ ਆਇਆ ---- ਤਬ ਤਿਸ ਪੰਡਤ ਨੇ ਸ੍ਰੀ ਗੁਰੂ ਜੀ ਕੋ ਪੂਛਾ ਤੁਮ ਕੀ ਪੜੇ ਹੋ ਤਬ ਸਾਹਿਬ ਰਾਮ ਕਲੀ ਰਾਗ ਮਹਿ ਸ਼ਬਦ ਕਿਹਾ:-

"ਕੋਈ ਪੜਤਾ ਸਹਸਾ ਕਿਰਤਾ ਕੋਈ ਪੜੈ ਪੁਰਾਨਾ।
ਕੋਈ ਨਾਮੁ ਜਪੈ ਜਪ ਮਾਲੀ ਲਾਗੈ ਤਿਸੈ ਧਿਆਨਾ।
ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ।[1]

ਗੁਰੂ ਜੀ ਨੇ ਬ੍ਰਹਮ ਦਾਸ ਨੂੰ ਸਮਝਾਇਆ ਕਿ ਪੰਡਿਤ ਜੀ ਬਹੁਤੀ ਦੁਨਿਆਵੀ ਵਿਦਿਆ ਪ੍ਰਾਪਤ ਕਰਨ ਦਾ ਕੋਈ ਲਾਭ ਨਹੀਂ। ਉਨਾਂ ਨੇ "ਪੜਿ ਪੜਿ ਗਡੀ ਲੱਧੀਆਹਿ " ਵਾਲਾ ਸ਼ਬਦ ਉਚਾਰਨ ਕੀਤਾ। ਇਹ ਸੁਣਕੇ ਬ੍ਰਹਮ ਦਾਸ ਦਾ ਹਿਰਦਾ ਦ੍ਰਵ ਗਿਆ ਅਤੇ ਉਨਾਂ ਨੇ ਬੇਨਤੀ ਕੀਤੀ ਕਿ ਮੈਨੂੰ ਨਿਵਾਜੋ। ਬ੍ਰਹਮ ਦਾਸ ਨੂੰ ਇਕ ਪਰਮਾਤਮਾ ਦੀ ਭਗਤੀ ਵਿਚ ਲਾਕੇ ਸਤਿ ਨਾਮੁ ਦਾ ਉਪਦੇਸ਼ ਕਰਕੇ ਗੁਰੂ ਸਾਹਿਬ ਅਮਰ ਨਾਥ ਪਹੁੰਚੇ। ਇਥੇ ਗੁਰੂ ਸਾਹਿਬ ਨੇ ਪ੍ਰਸਿੱਧ ਮੁਸਲਮਾਨ ਫਕੀਰ ਹਜੀਰੇ ਨਾਲ ਗੋਸਟੀ ਕੀਤੀ ਜਿਸ ਨੇ ਆਤਮ ਗਿਆਨ ਪ੍ਰਾਪਤ ਕਰਕੇ ਗੁਰੂ ਜੀ ਦੀ ਚਰਨ ਧੂੜ ਮਸਤਕ ਲਾਈ । ਘੁੰਮਦੇ ਘੁੰਮਾਦੇ ਤੋਸ਼ਾ ਮੈਦਾਨ ਪ੍ਰਬਤ ਤੇ ਜਾ ਚੜ੍ਹੇ । ਜੋ ਕਸ਼ਮੀਰ ਅਤੇ ਪੁਣਛ ਦੇ ਮੱਧ ਵਿਚ

1. ਰਾਮਕਲੀ ਪਦ -੭, ਪੰਨਾ - 876.

ਸਥਿਤ ਹੈ । ਇਥੇ ਉਨ੍ਹਾਂ ਨੇ ਪਹਾੜੀ ਬ੍ਰਾਹਮਣ ਪੰਡਿਤਾਂ ਨੂੰ ਸਿੱਖੀ ਮਾਰਗ ਤੇ ਲਾਇਆ। ਅਤੇ ਨਾਮ ਦਾ ਉਪਦੇਸ਼ ਦਿੱਤਾ। ਇਸ ਤੋਂ ਬਾਅਦ ਗੁਰੂ ਸਾਹਿਬ ਕਸਤਵਾੜ ਤੋਂ ਹੁੰਦੇ ਹੋਏ ਭਦ੍ਰਵਾ ਪੁੱਜੇ। ਇਥੇ ਇਕ ਜੋਗੀ ਨੇ ਗੁਰੂ ਸਾਹਿਬ ਨਾਲ ਖੱਟ ਕਰਮਾਂ ਦੇ ਵਿਸ਼ੇ ਤੇ ਚਰਚਾ ਛੇੜੀ ਪਰ ਆਖਰ ਗੁਰੂ ਸਾਹਿਬ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਕੇ ਇਕ ਪਰਮਾਤਮਾ ਦੀ ਭਗਤੀ ਵਿਚ ਲੱਗਿਆ ਅਤੇ ਨਾਮ ਦਾਨ ਪ੍ਰਾਪਤ ਕੀਤਾ । ਇਥੋਂ ਗੁਰੂ ਸਾਹਿਬ ਵੈਸ਼ਨੋ ਦੇਵੀ ਗਏ। ਇਥੇ ਜਿੱਤੂ ਮੱਲ ਨਾਂ ਦਾ ਇਕ ਬ੍ਰਾਹਮਣ ਗੁਰੂ ਸਾਹਿਬ ਤੋਂ ਬਹੁਤ ਪ੍ਰਭਾਵਿਤ ਹੋਇਆ। ਇਥੋਂ ਗੁਰੂ ਸਾਹਿਬ ਧਰਮ ਪ੍ਰਚਾਰ ਕਰਦੇ ਹੋਏ ਜੰਮੂ ਪਹੁੰਚੇ। ਇਥੇ ਰਘੂ ਨਾਥ ਮੰਦਰ ਦੇ ਨੇੜੇ ਆਪਜੀ ਦੀ ਯਾਦ ਵਿਚ ਇਕ ਗੁਰਦੁਵਾਰਾ ਬਣਿਆ ਹੋਇਆ ਹੈ। ਜੰਮੂ ਤੋਂ ਨਿਕਲ ਕੇ ਤਵੀ ਨੌਦੀ ਪਾਰ ਕਰਦੇ ਹੋਏ ਜਸਰੋਟਾ, ਮਾਧੋਪੁਰ, ਸੁਜਾਨਪੁਰ, ਪਠਾਨਕੋਟ ਅਤੇ ਗੁਰਦਾਸ ਪੁਰ ਹੁੰਦੇ ਹੋਏ ਸੁਲਤਾਨ ਪੁਰ ਆ ਪੁਜੇ। 1517 ਈ: ਵਿਚ ਉਹ ਕਰਤਾਰ ਪੁਰ ਪੁਜੇ।

## ਚੌਥੀ ਉਦਾਸੀ

ਕਰਤਾਰ ਪੁਰ ਵਿਚ ਥੋੜੀ ਦੇਰ ਠਹਿਰ ਕੇ ਗੁਰੂ ਸਾਹਿਬ ਆਪਣੀ ਪੱਛਮ ਵੱਲ ਦੀ ਚੌਥੀ ਉਦਾਸੀ ਤੇ ਨਿਕਲ ਤੁਰੇ। ਸੱਭ ਤੋਂ ਪਹਿਲਾਂ ਜੇਹਲਮ ਜ਼ਿਲੇ ਦੇ ਕਟਾਸ ਅਸਥਾਨ ਪੁੱਜੇ। ਇਥੇ ਹਰ ਸਾਲ ਮੇਲਾ ਲੱਗਿਆ ਕਰਦਾ ਸੀ। ਇਹ ਵੀ ਜੋਗੀਆਂ ਨਾਥੀਆਂ ਦਾ ਇਕ ਪ੍ਰਸਿੱਧ ਟਿਕਾਣਾ ਸੀ। ਜਿਥੇ ਉਨ੍ਹਾਂ ਦੀ ਬਹੁ ਗਿਣਤੀ ਇਕੱਤਰ ਹੁੰਦੀ ਸੀ। ਗੁਰੂ ਸਾਹਿਬ ਇਸ ਮੇਲੇ ਦੇ ਸਮੇਂ ਉਥੇ ਪਹੁੰਚੇ। ਗੁਰੂ ਨਾਨਕ ਦੇਵ ਜੀ ਨੂੰ ਉਥੇ ਦੇਖ ਕੇ ਨਾਥ ਜੋਗੀ ਉਨ੍ਹਾਂ ਨਾਲ ਚਰਚਾ ਛੇੜਨ ਆ ਗਏ। ਪਰ ਰੱਬੀ ਉਪਦੇਸ਼ ਦੇ ਸਾਹਮਣੇ ਉਹ ਨਿਰ-ਉਤੱਰ ਹੋ ਗਏ। ਇਸੇ ਸਮੇਂ ਗੁਰੂ ਸਾਹਿਬ ਬਾਲ ਗੁਦਾਈ ਦੇ ਟਿੱਲੇ ਤੇ ਵੀ ਪੁਜੇ। ਜੋ ਜੇਹਲਮ ਦੇ ਦੀਨਾਂ ਸਟੇਸ਼ਨ ਤੋਂ ਪੱਛਮ ਵੱਲ ਬਾਰਾਂ ਤੇਰਾਂ ਮੀਲ ਹੈ। ਇਥੇ ਗੁਰੂ ਸਾਹਿਬ ਨੇ ਰਿਧੀਆਂ ਸਿਧੀਆਂ ਦੇ ਮਾਲਕ ਬਾਲ ਗੁੰਦਾਈ ਨਾਲ ਚਰਚਾ ਕੀਤੀ ਅਤੇ ਉਸਨੇ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ। ਅਤੇ ਉਹ ਪੁੱਛਣ ਲੱਗਾ ਕਿ ਤੁਹਾਡੇ ਘਰ ਬਾਰ ਕਿਥੇ ਹਨ ? ਗੁਰੂ ਸਾਹਿਬ ਨੇ ਉਸਦੀ ਲਾਲਚੀ ਰੁੱਚੀਆਂ ਨੂੰ ਠੀਕ ਕਰਨ ਲਈ ਫੁਰਮਾਇਆ ਕਿ ਜਿਵੇਂ ਕਰਤਾਰ ਦਾ ਹੁੱਕਮ ਹੋਵੇ ਉਸ ਤਰਾਂ ਕੱਟ ਲਈਦਾ ਹੈ। ਅਤੀਤ ਨੂੰ ਅਰਾਮ ਪ੍ਰਸਤੀ ਵਿਚ ਨਹੀਂ ਪੈਣਾ ਚਾਹੀਦਾ। ਉਸਨੂੰ ਅਜੇ ਵੀ ਇਹ ਖਿਆਲ ਸੀ ਕਿ ਜਦੋਂ ਗੁਰੂ ਸਾਹਿਬ ਮੇਰਾ ਸਾਜੋ ਸਮਾਨ ਅਤੇ ਠਾਠ ਬਾਠ ਦੇਖਣਗੇ ਤਾਂ ਜ਼ਰੂਰ ਇਨ੍ਹਾਂ ਦੇ ਮਨ ਤੇ ਪ੍ਰਭਾਵ ਪਵੇਗਾ। ਜਦੋਂ ਉਸਨੇ ਸਾਰਾ ਕੁੱਝ ਧੰਨ,ਦੌਲਤ,ਬਸਤਰ,ਘੋੜੇ ਅਥਵਾ ਸ਼ਾਹੀ ਠਾਠ ਬਾਠ ਗੁਰੂ ਜੀ ਨੂੰ ਵਿਖਾਇਆ ਤਾਂ ਗੁਰੂ ਸਾਹਿਬ ਨੇ ਕਿਹਾ ਇਹ ਰਾਜਸੀ ਲੋਕਾਂ ਦੀ ਲੀਲਾ ਹੈ ਸਤਿ ਪੁਰਖਾਂ ਦੀ ਨਹੀਂ।

'ਗੁਰੂ ਕਹੈ ਸੁਣ ਬਾਲ ਗੁੰਦਾਈ। ਏਹ ਲੀਲਾ ਰਾਜਨ ਬਨਿਆਈ।
ਹਵੈ ਅਤੀਤ ਸਭ ਤਜੈ ਸਮਾਜਾ। ਇਨਹਿ ਬਿਲੋਕਨ ਕਿਹ ਹਮ ਕਾਜਾ। (ਨਾ: ਪ੍ਰ:)

ਆਖਰਕਾਰ ਬਾਲ ਗੁੰਦਾਈ ਨੇ ਗੁਰੂ ਸਾਹਿਬ ਸਾਹਮਣੇ ਮੱਥਾ ਟੇਕ ਦਿੱਤਾ। ਅਤੇ ਨਿਰ-ਅਭਿਮਾਨਤਾ ਵਿਚ ਆ ਗਿਆ। ਇਥੋਂ ਗੁਰੂ ਸਾਹਿਬ ਰੋਹਤਾਸ ਗਏ। ਰੋਹਤਾਸ ਤੋਂ ਬਾਰਾਕਜੋਈ ਅਤੇ ਡੇਰਾ ਗਾਜ਼ੀ ਖਾਂ ਤੋਂ ਹੁੰਦੇ ਹੋਏ ਇਲਾਕਾ ਰੋਹ ਵਿਚ ਜਾ ਪਹੁੰਚੇ। ਅਤੇ ਬਹੁਤ ਸਾਰੇ ਲੋਕਾਂ ਦੇ ਵਹਿਮਾਂ ਭਰਮਾਂ ਨੂੰ ਤੋੜਿਆ। ਇਥੋਂ ਗੁਰੂ ਸਾਹਿਬ ਨੁਸ਼ਹਿਰੇ ਹੁੰਦੇ ਹੋਏ ਮਿਠਨ ਕੋਟ ਦੇ ਰਸਤੇ ਰੋੜੀ ਸੱਖਰ ਜਾ ਪਹੁੰਚੇ। ਜਿਥੋਂ ਦੇ ਲੋਕ ਖ੍ਵਾਜਾ ਪੀਰ ਦੇ ਉਪਾਸ਼ਕ ਸਨ। ਗੁਰੂ ਸਾਹਿਬ ਨੇ ਏਥੇ ਬਹੁਤ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਅਸਲ ਕਿਰਤ ਕਰਨ ਦੀ ਜੁਗਤ ਸਿਖਾਈ। ਸਿੰਧ ਦਾ ਸਾਰਾ ਇਲਾਕਾ ਪੀਰਾਂ ਫਕੀਰਾਂ ਕਬਰਾਂ ਮਕਬਰਿਆਂ ਅਤੇ ਭੈਰੋਂ ਆਦਿ ਦੇ ਪੁਜਾਰੀਆਂ ਦਾ ਸੀ। ਇਨ੍ਹਾਂ ਸਾਰਿਆ ਵਿਚ ਗੁਰੂ ਸਾਹਿਬ ਨੇ ਨਾਮ ਬਾਣੀ ਦਾ ਪ੍ਰਚਾਰ ਕੀਤਾ। ਅਤੇ ਲੋਕਾਂ ਨੂੰ ਗੁਰਮਤਿ ਮਾਰਗ ਦ੍ਰਿੜਾਇਆ। ਇਸੇ ਪ੍ਰਭਾਵ ਸਦਕਾ ਸਿੰਧੀ ਲੋਕ ਅੱਜ ਵੀ ਗੁਰੂ ਨਾਨਕ ਦੇਵ ਜੀ ਦੇ ਬਹੁਤ ਸ਼ਰਧਾਲੂ ਹਨ। ਇਥੋਂ ਗੁਰੂ ਸਾਹਿਬ ਕਰੌਚੀ ਚਲੇ ਗਏ। ਇਥੋਂ ਗੁਰੂ ਸਾਹਿਬ ਅਰਬ ਲਈ ਰਵਾਨਾ ਹੋ ਗਏ। ਜਦੋਂ ਗੁਰੂ ਸਾਹਿਬ ਰਸਤੇ ਵਿਚ ਜਾਂਦੇ ਠਹਿਰੇ ਤਾਂ ਸ਼ਾਹ ਸਰਫ ਨਾਂ ਦਾ ਇਕ ਫਕੀਰ ਆਪ ਜੀ ਨੂੰ ਆ ਮਿਲਿਆ। ਜਿਸਨੇ ਪ੍ਰਸ਼ਨ ਕੀਤਾ:-

"ਅਵਲ ਫਕੀਰੀ ਚੀਸਤ, ਆਰਰ ਫਕੀਰੀ ਚੀਸਤ। ਭਾਵ--(ਐ ਵਲੀ ਹਿੰਦ ਬਾਬਾ ਨਾਨਕ) ਆਪ ਦੀ ਫਕੀਰੀ ਦਾ ਆਦਿ ਕੀ ਹੈ ਅਤੇ ਅੰਤ ਕੀ। ਹਜ਼ੂਰ ਨੇ ਉਤਰ ਦਿੱਤਾ।:-

"ਅਵਲ ਫਕੀਰੀ ਫਨਾਹ ਅਸਤ। ਆਖਰ ਫਕੀਰੀ ਬਕਾ ਅਸਤ। ਅਰਥਾਤ - ਸੰਸਾਰ ਨੂੰ ਨਾਸ਼ਵੰਤ ਸਮਝਣਾ ਇਹ ਸਾਡੀ ਫਕੀਰੀ ਦਾ ਆਦਿ ਹੈ ਅਤੇ ਬਾਕੀ ਸਤਾ ਰੂਪ ਰੱਬ ਦੀ ਹਸਤੀ ਵਿਚ ਸਮਾ ਜਾਣਾ ਅੰਤ।"

ਇਸ ਤਰ੍ਹਾਂ ਦੇ ਬਚਨ ਸੁਣਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹੇ ਗੁਰੂ ਸਾਹਿਬ ਦੇ ਚਰਨਾਂ ਤੇ ਸਿਰ ਰੱਖ ਦਿੱਤਾ।

ਜਦੋਂ ਗੁਰੂ ਸਾਹਿਬ ਮੱਕੇ ਪਹੁੰਚੇ ਉਥੇ ਹੱਜ ਕਾਰਨ ਬਹੁਤ ਭੀੜ ਸੀ। ਭਾਈ ਮਰਦਾਨੇ ਦਾ ਵੀ ਹੱਜ ਕਰਨ ਨੂੰ ਜੀਅ ਕੀਤਾ। ਆਗਿਆ ਲੈ ਕੇ ਅੰਦਰ ਲੰਘਣ ਲੱਗਾ ਤਾਂ ਮੁਜੌਰਾਂ ਨੇ ਉਸਦੀਆਂ ਅੱਖਾਂ ਤੇ ਪੱਟੀ ਬੰਨ੍ਹ ਦਿੱਤੀ। ਮਰਦਾਨਾ ਅੰਦਰ ਜਾਕੇ ਅੱਧ ਰਸਤਿਓ ਹੀ ਵਾਪਿਸ ਮੁੜ ਆਇਆ ਅਤੇ ਗੁਰੂ ਸਾਹਿਬ ਤੋਂ ਪੁਛਣ ਲੱਗਾ:-

"ਨਾਮ ਮੁਜਾਵਰ ਜੋ ਤਿਹ ਮਾਹੀ। ਅੰਤਰ ਜਾਨ ਦੇਤ ਸੋ ਨਾਹੀ।
ਨੈਨ ਮੂੰਦ ਹਮ ਤੂੰ ਤਹਿ ਜੈ ਹੈ। ਇਹ ਬਿਧ ਮੁਖ ਤੇ ਬਚਨ ਅਲੈ ਹੈ।
ਮੈ ਸੁਣ ਹਟ ਆਯੋ ਪਾਸਾ। ਪੂਰਨ ਤੂਰਨ ਕੀਜੈ ਆਸਾ।" (ਨਾ: ਪ੍ਰ: )

ਗੁਰੂ ਸਾਹਿਬ ਕਹਿਣ ਲੱਗੇ ਤੂੰ ਹੁਣ ਜਾਹ ਤੈਨੂੰ ਕੋਈ ਨਹੀਂ ਦੇਖੇਗਾ। ਮਰਦਾਨੇ ਨੇ ਵਾਪਿਸ

ਆਕੇ ਦੱਸਿਆ ਕਿ ਉਥੇ ਤਾਂ ਸਿਵਾਏ ਇਕ ਕਾਲੇ ਪੱਥਰ ਦੇ ਕੁੱਝ ਵੀ ਨਹੀਂ। ਰਾਤ ਨੂੰ ਜੱਦ ਅਰਾਮ ਕਰਨ ਦਾ ਵੇਲਾ ਆਇਆ ਤਾਂ ਗੁਰੂ ਸਾਹਿਬ ਮੱਕੇ ਵੱਲ ਪੈਰ ਕਰਕੇ ਸੌਂ ਗਏ। ਮੁਸਲਮਾਨਾਂ ਨੂੰ ਇਸ ਗੱਲ ਤੇ ਬੜਾ ਗੁੱਸਾ ਆਇਆ। ਇਕ ਹਾਜੀ ਦਰਵੇਸ਼ ਨੇ ਆਕੇ ਗੁਰੂ ਸਾਹਿਬ ਨੂੰ ਪੁਛਿਆ ਕਿ ਤੂੰ ਪਰਮਾਤਮਾ ਦੇ ਘਰ ਵੱਲ ਲੱਤਾਂ ਕਿਉਂ ਕੀਤੀਆਂ ਹਨ? ਤੂੰ ਮੁਸਲਮਾਨ ਹੈਂ ਕਿ ਹਿੰਦੂ ?"ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਮੁਲਾਂ ਜੀਵਨ ਜੀ ਨਾ ਮੈਂ ਹਿੰਦੂ ਹਾਂ ਨਾ ਮੁਸਲਮਾਨ ਹਾਂ, ਮੈਂ ਬੰਦਾ ਇਕ ਰੰਗੀ ਹਾਂ ਜਿ ਭੁਲਾ ਹਾਂ ਤਾਂ ਤੂੰ ਪੈਰ ਸਿੱਧੇ ਕਰ ਛੱਡ , ਜਿਤ ਰੁਕ ਖੁਦਾਇ ਨਹੀਂ, ਤਾਂ ਮੁਲਾਂ ਜੀਵਨ ਗੁਰੂ ਬਾਬੇ ਦੀਆਂ ਲੱਤਾਂ ਪਕੜਿ ਕਰਿ ਫੇਰੀਆ, ਤਾਂ ਨਾਲੇ ਮੱਕੇ ਮੈਹਰਾਬੇ ਦਾ ਮੇਹਰਾ ਵੀ ਫਿਰਿਆ ਅਗੇ ਮਸੀਤ ਕਾ ਮੂੰਹ ਪੂਰਬ ਵਲ ਆਹਾ ਫਿਰ ਕਰ ਤੇਤਰ ਕੁੰਟ ਹੋਇ ਖੜੋਤਾ।"

ਆਮ ਤੌਰ ਤੇ ਮੱਕੇ ਦੇ ਫਿਰਨ ਬਾਰੇ ਮੁਸਲਮਾਨ ਲੋਕ ਮੰਨਣ ਤੋਂ ਇਨਕਾਰ ਕਰਦੇ ਹਨ। ਪਰ ਉਨ੍ਹਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ ਹੀ ਮੱਕਾ ਦੋ ਵਾਰੀ ਆਪਣੀ ਥਾਂ ਤੋਂ ਹਿੱਲਦਾ ਹੈ। ਇਕ ਵਾਰੀ ਰਾਵੀਆ ਸੂਫੀ ਸੰਤਣੀ ਦੇ ਲਈ ਅਤੇ ਇਕ ਵਾਰੀ ਹਜ਼ਰਤ ਇੰਬਨ ਦੇ ਲਈ।

ਜਦੋਂ ਮੱਕੇ ਦੀ ਇਹ ਘਟਨਾ ਵਾਪਰੀ ਤਾਂ ਉਸ ਸਮੇਂ ਸਾਰੇ ਪਾਸੇ ਰੌਲਾ ਪੈ ਗਿਆ। ਕਾਜ਼ੀ ਮੁਲਾਣੇ ਅਤੇ ਹਾਜੀ ਸਭ ਇਕੱਠੇ ਹੋਕੇ ਗੁਰੂ ਸਾਹਿਬ ਨੂੰ ਨਮਸ਼ਕਾਰ ਕਰਨ ਲੱਗੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਰੱਬ ਸਿਰਫ ਕਾਬੇ ਵਿਚ ਹੀ ਨਹੀਂ ਸਗੋਂ ਸਰਵ ਵਿਆਪਕ ਹੈ। ਉਸ ਤੱਕ ਪਹੁੰਚਣ ਲਈ ਉਸ ਦੇ ਸਰਵ ਵਿਆਪਕ ਸ਼ਬਦ ਰੂਪ ਵਿਚ ਨਾਮ ਸਿਮਰਨ ਰਾਹੀਂ ਲੀਨ ਹੋ ਜਾਣਾ ਹੈ। ਅਤੇ ਨਾਮ ਦੀ ਪ੍ਰਾਪਤੀ ਗੁਰੂ ਕੋਲੋਂ ਹੁੰਦੀ ਹੈ। ਬਹੁਤ ਸਾਰਿਆਂ ਹਾਜ਼ੀਆਂ ਨੇ ਗੁਰੂ ਸਾਹਿਬ ਤੋਂ ਸਿਖਿਆ ਲਈ। ਅਤੇ ਸਤਿਨਾਮੁ ਦੇ ਉਪਾਸ਼ਕ ਹੋਏ। ਇਸ ਸਮੇਂ ਗੁਰੂ ਸਾਹਿਬ ਦੇ ਨਾਲ ਕਾਜ਼ੀਆਂ ਨੇ ਬਹੁਤ ਵੱਡੀ ਬਹਿਸ ਕੀਤੀ। ਉਨ੍ਹਾਂ ਨੇ ਮੁੱਖ ਵਿਸ਼ੇ ਇਹ ਰੱਖੇ-:- 1 ਹਿੰਦੂ ਮਜ਼੍ਹਬ ਵੱਡਾ ਹੈ ਕਿ ਮੁਸਲਮਾਨ? 2. ਇਸਲਾਮੀ ਸ਼ਰਾ ਅਨੁਸਾਰ ਕਲਮਾਂ ਪੜ੍ਹੇ ਬਿਨ੍ਹਾਂ ਜੀਵ ਨੂੰ ਬਹਿਸਤੀ ਪ੍ਰਾਪਤ ਨਹੀਂ ਹੋ ਸਕਦੀ। ਫੇਰ ਹਿੰਦੂ ਕਿਵੇਂ ਮੁਕਤ ਹੋ ਜਾਂਦੇ ਹਨ। 3. ਮੋਮਨ ਪਾਕ ਹੈ ਅਤੇ ਕਾਫਰ ਨਾਪਾਕ। 4. ਮੁਹੰਮਦ ਖੁਦਾ ਦਾ ਰਸੂਲ ਹੈ। ਉਸਦੀ ਸਿਫਾਰਸ਼ ਬਿਨ੍ਹਾਂ ਜੀਵ ਰੱਬ ਦੀ ਦਰਗਾਹ ਵਿਚ ਦਾਖਲ ਨਹੀਂ ਹੋ ਸਕਦਾ।

ਗੁਰੂ ਸਾਹਿਬ ਨੇ ਉਤੱਰ ਦਿੱਤਾ:- ਜਿਹੜੇ ਵੀ ਮਨੁੱਖ ਆਪਣੇ ਧਰਮ ਵਿਚ ਪੱਕੇ ਹਨ ਅਤੇ ਅਸਲੀਅਤ ਨੂੰ ਪਹਿਚਾਣਦੇ ਹਨ ਉਹ ਵੱਡੇ ਹਨ। ਨਹੀਂ ਤਾਂ ਸਭ ਛੋਟੇ ਹਨ। ਆਪਣੀ ਅਸਲੀਅਤ ਨੂੰ ਪਛਾਨਣ ਵਾਲੇ ਹੀ ਪਰਮਾਤਮਾ ਦੀ ਦਰਗਾਹ ਵਿਚ ਦਾਖਲ ਹੋ ਸਕਦੇ ਹਨ। ਹਰ ਵਿਅਕਤੀ ਆਪਣੇ ਆਪਣੇ ਕੰਮਾਂ ਅਨੁਸਾਰ ਹੀ ਨਰਕ ਜਾਂ ਸੁਵਰਗ ਭੋਗਦਾ ਹੈ। ਅਤੇ ਪੈਗੰਬਰ ਬਾਰੇ ਗਿਆਨ ਦਿੰਦੇ ਹੋਏ ਉਨ੍ਹਾਂ ਨੇ ਦਸਿਆ ਕਿ ਸਾਰੇ ਪੈਗੰਬਰ ਅਤੇ ਅਵਤਾਰ ਰੱਬ ਦੇ ਪੈਦਾ ਕੀਤੇ ਜੀਵ ਹਨ। ਜਿਨ੍ਹਾਂ ਵਿਚੋਂ ਕੋਈ ਵੀ ਰੱਬ ਦਾ ਦੋਸਤ ਜਾਂ ਮਸੀਹਾ ਨਹੀਂ ਹੋ ਸਕਦਾ। ਇਸ ਲਈ ਕਿਸੇ ਇਕ ਨੂੰ ਰੱਬ ਦਾ ਰਸੂਲ ਨਹੀਂ

ਮੰਨਿਆ ਜਾ ਸਕਦਾ । ਅਤੇ ਹਿੰਦੂ ਮੁਸਲਮਾਨ ਦੀ ਪਵਿਤਰਤਾ ਬਾਰੇ ਉਨ੍ਹਾਂ ਨੇ ਦੱਸਿਆ ਕਿ ਇਕੋ ਪਰਮਾਤਮਾ ਦੇ ਸਭ ਇਕੋ ਜਿਹੇ ਬੰਦੇ ਹਨ ਅਤੇ ਸਭ ਆਪਣੇ ਕਰਮਾਂ ਕਾਰਨ ਪਵਿੱਤਰ ਜਾਂ ਅਪਵਿੱਤਰ ਹਨ। ਕੋਈ ਧਰਮ ਆਪਣੇ ਤੌਰ ਤੇ ਜੀਵਾਂ ਨੂੰ ਪਵਿੱਤਰ ਜਾਂ ਅਪਵਿੱਤਰ ਨਹੀਂ ਬਣਾ ਸਕਦਾ । ਸ਼ਰੀਅਤ ਬਾਰੇ ਗੁਰੂ ਸਾਹਿਬ ਨੇ ਆਖਿਆ ਕਿ ਸੱਚੀ ਸੁੰਨਤ ਕੇਵਲ ਜੱਤੀ ਰਹਿਣ ਦੇ ਵਿਚ ਹੈ । ਜਿਹੜਾ ਮਨੁੱਖ ਆਪਣੇ ਜੱਤ ਸੱਤ ਨੂੰ ਕਾਇਮ ਰੱਖਦਾ ਹੈ ਉਹ ਖਾਸ ਬੰਦਾ ਹੈ।

ਜੋ ਪੀਰ ਉਸ ਸਮੇਂ ਗੁਰੂ ਨਾਨਕ ਦੇ ਮੁਰੀਦ ਬਣੇ ਉਨ੍ਹਾਂ ਵਿਚ ਉਚ ਦੇ ਪੀਰ ਵੀ ਸਨ ਜਿਨ੍ਹਾਂ ਨੇ ਪਿਛੋਂ ਇਹ ਅਸੂਲ ਹੀ ਬਣਾ ਲਿਆ ਸੀ ਕਿ ਕੋਈ ਮੋਮਨ ਲੱਬਾਂ ਦੇ ਵਾਲ ਨਾ ਕਟਾਏ। ਹੁਣ ਤੱਕ ਉਚ ਸ਼ਰੀਫ ਦੀ ਗੱਦੀ ਤੇ ਬੈਠਣ ਵਾਲੇ ਪੀਰ ਲਈ ਹੁਕਮਨ ਪਾਬੰਦੀ ਹੈ ਕਿ ਬਜ਼ੁਰਗ ਪੀਰਾਂ ਦੇ ਬਾਬਾ ਨਾਨਕ ਨਾਲ ਕੀਤੇ ਵਾਇਦੇ ਅਨੁਸਾਰ ਲੱਬਾਂ ਨਹੀਂ ਕਟਾ ਸਕਦਾ।

ਇਸ ਵਿਚਾਰ ਗੋਸ਼ਟੀ ਦਾ ਸਾਰੇ ਕਾਜ਼ੀਆਂ ਦੇ ਮਨ ਤੇ ਅਜਿਹਾ ਪ੍ਰਭਾਵ ਗਿਆ ਕਿ ਉਹ ਸਾਰੇ ਸੱਚ ਦੀ ਅਵਾਜ਼ ਅਗੇ ਝੁਕਣ ਲਈ ਮਜਬੂਰ ਹੋ ਗਏ। ਉਸ ਸਮੇਂ ਪੀਰ ਬਹਾਵਦੀਨ ਨੇ ਕਿਹਾ ਐ ਪੀਰ ਜਲਾਲ ਦੀਨ ਨਾਨਕ ਸ਼ਾਹ ਪੀਰਾਂ ਦਾ ਪੀਰ ਹੈ ਇਸ ਤੋਂ ਕੁੱਝ ਹੋਰ ਪੁਛਣਾ ਬੇਅਦਬੀ ਹੈ।

ਇਨ੍ਹਾਂ ਮੁੱਖੀ ਪੀਰਾਂ ਦੇ ਮਨ ਵਿਚ ਗੁਰੂ ਮਹਾਰਾਜ ਲਈ ਸ਼ਰਧਾ ਤੇ ਸਤਿਕਾਰ ਦਾ ਅਸਰ ਕੁਦੱਰਤੀ ਤੌਰ ਤੇ ਹੱਜ ਕਰਨ ਆਏ ਲੋਕਾਂ ਤੇ ਵੀ ਪੈਣਾ ਸੀ ਜੋ ਭਾਰੀ ਗਿਣਤੀ ਵਿਚ ਹਜ਼ੂਰ ਕੋਲ ਆ ਜੁੜੇ। ਦੁੱਨੀਆਂ ਦੇ ਇਤਿਹਾਸ ਵਿਚ ਇਹ ਇਕ ਅਜੂਬਾ ਸੀ ਕਿ ਜਿਸ ਦੇਸ਼ ਵਿਚ ਹਿੰਦੂ ਜਾਤੀ ਦਾ ਕੋਈ ਮਨੁੱਖ ਪੈਰ ਤੱਕ ਨਹੀਂ ਰੱਖ ਸਕਦਾ ਸੀ ਅਤੇ ਜਿਹੜਾ ਮਨੁੱਖ ਉਥੇ ਜਾਂਦਾ ਸੀ ਉਸਨੂੰ ਸ਼ਰੇ ਆਮ ਮਾਰ ਦਿੱਤਾ ਜਾਂਦਾ ਸੀ। ਉਸ ਵਿਚ ਜਗਤ ਗੁਰੂ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਪ੍ਰਵੇਸ਼ ਹੀ ਕੀਤਾ ਸਗੋਂ ਨਿਰੰਕਾਰੀ ਧਰਮ ਸਿਧਾਂਤ ਦਾ ਅਜਿਹਾ ਸਿੱਕਾ ਜਮਾਇਆ ਕਿ ਉਹ ਲੋਕ ਮਹਾਰਾਜ ਦੇ ਮੁਰੀਦ ਬਣ ਗਏ। ਇਹ ਬਹੁਤੇ ਪੰਜਾਬ ਤੋਂ ਹੀ ਗਏ ਸਨ ਇਸ ਲਈ ਗੋਸਟ ਵੀ ਜ਼ੁਵੱਲੀ ਪੰਜਾਬੀ ਬੋਲੀ ਵਿਚ ਹੋਈ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਮਦੀਨੇ ਚਲੇ ਗਏ।

ਗਿਆਨ ਰਤਨਾਗਰ ਦਾ ਲੇਖਕ ਲਿਖਦਾ ਹੈ , "ਤਹਾਂ ਚਾਰ ਈਮਾਮ ਥੇ ਤਿਨਾਂ ਸਭਨਾਂ ਸਲਾਹੁ ਕੀਤੀ ਕਿ ਇਸ ਨਾਨਕ ਸਾਹੁ ਨੇ ਸੇਖ ਮਸਾਇਕ ਸਯਦ ਪੀਰ ਸਭ ਜੀਤੇ ਹੈ, ਜਿ ਇਸ ਕੋ ਦੀਨ ਮੈ ਲੈ ਆਈਏ ਤੋ ਹਮਾਰਾ ਦੀਨ ਬਡਾ ਹੋਇ ਜਾਵੈਗਾ" ਇਸ ਤੋਂ ਜ਼ਾਹਿਰ ਹੈ ਕਿ ਉਹਨਾਂ ਪੀਰਾਂ ਫਕੀਰਾਂ ਨੇ ਮਹਾਰਾਜ ਨੂੰ ਆਪਣੇ ਮਤ ਵਿਚ ਲਿਆਨ ਲਈ ਬੜਾ ਯਤਨ ਕੀਤਾ ਪਰ ਉਹ ਇਸ ਮੰਤਵ ਵਿਚ ਸਫਲ ਨਾ ਹੋ ਸਕੇ, ਹੁਣ ਉਹਨਾਂ ਨੇ ਫੈਸਲਾ ਰੁਕਨ ਦੀਨ ਤੱਕ ਛੱਡ ਦਿੱਤਾ ਕਿ ਜਿਵੇਂ ਉਹ ਕਹੇ ਉਸ ਤੇ ਅਮਲ ਕੀਤਾ ਜਾਵੇ ਰੁਕਨ ਦੀਨ ਨੇ ਜੋ ਫੈਸਲਾ ਸੁਣਾਇਆ ਉਹ ਇਹ ਸੀ ਕਿ ਗੁਰੂ ਨਾਨਕ ਜਗਤ ਵਿਚ ਸੱਚਾ ਫੁਰਮਾਨ ਲੈਕੇ ਆਇਆ ਹੈ। ਇਸ ਤਰਾਂ ਇਸਲਾਮ ਧਰਮ ਦੇ ਮੋਢੀ ਮੁਲਾਣਿਆਂ ਪੀਰਾਂ

ਫਕੀਰਾਂ ਅਤੇ ਹਾਜੀਆਂ ਨੂੰ ਰੱਬੀ ਸਿਧਾਂਤ ਦੇ ਮਾਰਗੀ ਬਣਾ ਕੇ ਗੁਰੂ ਜੀ ਮੱਕਾ ਮਦੀਨਾ ਛੱਡ ਕੇ ਰੂਮ ਦੇਸ਼ ਜਾ ਪੁੱਜੇ। ਇਥੋਂ ਦੇ ਲੋਭੀ ਬਾਦਸ਼ਾਹ ਦਾ ਉਧਾਰ ਕੀਤਾ। ਨਾਨਕ ਪ੍ਰਕਾਸ਼ ਅਨੁਸਾਰ:-

"ਰੋਮ ਵਲਾਇਤ ਜਹਾਂ ਮਹਾਨਾ। ਪਾਤਸ਼ਾਹ ਕਾਰੂ ਤਿਹ ਥਾਂਨਾਂ।
ਤਿਨ ਕੇ ਸੁਖ ਦੇਨੇ ਕੇ ਹੇਤਾ। ਪੁਰ ਪ੍ਰਵਿਸੇ ਬੇਦੀ ਕੁਲ ਕੇਤਾ।
ਕਾਰੂ ਕੇਰ ਦੁਰਗ ਜਹਿ ਭਾਰੀ। ਤਿਸ ਕੇ ਬੈਠੇ ਜਾਇ ਅਗਾਰੀ।" (ਨਾ: ਪ੍ਰ:)

ਗੁਰੂ ਸਾਹਿਬ ਕਾਰੂ ਦੇ ਕਿਲੇ ਕੋਲ ਜਾ ਬੈਠੇ ਅਤੇ ਪੱਥਰ ਰੋੜੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਲੋਕੀ ਪੁੱਛਣ ਲੱਗੇ ਕਿ ਇਨ੍ਹਾਂ ਪੱਥਰਾਂ ਨੂੰ ਕੀ ਕਰੋਗੇ। ਪਰ ਗੁਰੂ ਸਾਹਿਬ ਨੇ ਕੋਈ ਜਵਾਬ ਨਾ ਦਿੱਤਾ। ਉਹ ਆਪਣੀ ਧੁੰਨ ਵਿਚ ਪੱਥਰ ਢੋਂਦੇ ਰਹੇ। ਜਦੋਂ ਕਾਰੂ ਨੂੰ ਪੱਤਾ ਲੱਗਾ ਤਾਂ ਉਹ ਵੀ ਦੇਖਣ ਆ ਗਿਆ। ਉਸ ਨੇ ਪੁਛਿਆ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਦਰਗਾਹ ਵਿਚ ਇਨ੍ਹਾਂ ਦੀ ਲੋੜ ਪਵੇਗੀ । ਕਾਰੂ ਹੱਸ ਪਿਆ ਅਤੇ ਕਹਿਣ ਲੱਗਾ, "ਫਕੀਰ ਸਾਂਈ ਦਰਗਾਹ ਵਿਚ ਇਹ ਕਿਵੇਂ ਲੈ ਜਾਵੋਗੇ?" ਗੁਰੂ ਸਾਹਿਬ ਨੇ ਕਿਹਾ ਜਿਨ੍ਹਾਂ ਗੱਡਿਆਂ ਤੇ ਤੂੰ ਆਪਣੀ ਦੌਲਤ ਰੱਖ ਕੇ ਲੈ ਜਾਏਗਾ ਉਨ੍ਹਾਂ ਤੇ ਸਾਡੇ ਪੱਥਰ ਵੀ ਰੱਖ ਲਈ । ਇਹ ਇਕ ਅਜਿਹਾ ਢੰਗ ਸੀ ਜਿਸ ਨੇ ਕਾਰੂ ਦੇ ਕਠੋਰ ਹਿਰਦੇ ਨੂੰ ਬਹੁਤ ਠੋਕਰ ਲਾਈ। ਨਾਲ ਹੀ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:- "ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਰ" ਸ਼ਬਦ ਦੀ ਕਲਾਤਮਕ ਸ਼ਕਤੀ ਨੇ ਕਾਰੂ ਨੂੰ ਦਿੱਲ ਤੱਕ ਝੰਜੋੜ ਦਿੱਤਾ। ਉਸ ਨੂੰ ਸਾਰਾ ਜੱਗਤ ਨਾਸ਼ਵਾਨ ਜਾਪਣ ਲੱਗ ਪਿਆ । ਕੀਤੇ ਪਾਪ ਅੱਖਾਂ ਅੱਗੇ ਆ ਗਏ। ਉਹਦਾ ਸਿਰ ਚੱਕਰਾ ਗਿਆ। ਅਤੇ ਉਹ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ। ਗੁਰੂ ਸਾਹਿਬ ਨੇ ਉਸਨੂੰ ਉਪਦੇਸ਼ ਕੀਤਾ ਕਿ ਇਸ ਦੁੱਨੀਆਂ ਵਿਚ ਰਹਿੰਦੇ ਹੋਏ ਨੇਕ ਨੀਤੀ ਨਾਲ ਰਹਿਣਾ ਚਾਹੀਦਾ ਹੈ। ਕਿਉਂਜੋ ਨੇਕ ਨੀਤੀ ਨਾਲ ਜੀਆ ਜੀਵਨ ਹੀ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਚੜ੍ਹਦਾ ਹੈ। ਉਂਜ ਤਾਂ ਸਾਰੀ ਦੁੱਨੀਆਂ ਨਾਸ਼ਵਾਨ ਹੈ। ਅਤੇ ਉਸਨੂੰ ਮਾਨਸਿਕ ਸ਼ਾਂਤੀ ਲਈ ਹੁੱਕਮ ਦਿੱਤਾ ਕਿ ਉਹ ਆਪਣੀ ਸਾਰੀ ਜੋੜੀ ਹੋਈ ਮਾਇਆ ਨੂੰ ਗਰੀਬਾਂ ਵਿਚ ਵੰਡ ਦੇਵੇ। ਅਤੇ ਲੰਗਰ ਖੋਲ੍ਹ ਦੇਵੇ। ਇਹ ਸੁਣਕੇ ਸਾਰੇ ਦੇਸ਼ ਵਿਚ ਲੰਗਰ ਜਾਰੀ ਕਰਵਾ ਦਿੱਤੇ। ਉਹ ਸੱਚਾ ਸਿੱਖ ਬਣ ਗਿਆ।

ਇਥੋਂ ਗੁਰੂ ਸਾਹਿਬ ਬਗਦਾਦ ਦੇ ਵਿਚ ਚਲੇ ਗਏ। ਉਸ ਵੇਲੇ ਇਹ ਇਸਲਾਮ ਧਰਮ ਦਾ ਬੜਾ ਵੱਡਾ ਗੜ੍ਹ ਸੀ। ਅਤੇ ਖਲੀਫਾ ਹਾਰੂ ਰਸ਼ੀਦ ਦੀ ਰਾਜਧਾਨੀ ਸੀ। ਗੁਰੂ ਸਾਹਿਬ ਨੇ ਸ਼ਹਿਰੋਂ ਬਾਹਰ ਜਾ ਡੇਰਾ ਲਾਇਆ। ਸਵੇਰੇ ਅੰਮ੍ਰਿਤ ਵੇਲੇ ਰਾਗ ਆਸਾ ਦਾ ਅਲਾਪ ਕੀਤਾ। ਅਤੇ ਭਾਈ ਮਰਦਾਨੇ ਨੇ ਰਬਾਬ ਦੀਆਂ ਤਾਰਾਂ ਨਾਲ ਸੁਰੀਲੀ ਅਵਾਜ਼ ਰਾਹੀਂ ਜਦੋਂ "ਬਲਿਹਾਰੀ ਗੁਰ ਆਪਨੇ ਦਿਉਹਾੜੀ ਸਦਵਾਰ" ਦੀ ਧੁੰਨ ਲਾਈ ਤਾਂ ਆਸੇ ਪਾਸੇ ਤੋਂ ਲੰਘਦੇ ਬਹੁਤ ਸਾਰੇ ਲੋਕ ਗੁਰੂ ਸਾਹਿਬ ਕੋਲ ਆ ਜੁੜੇ। ਸ਼ਹਿਰ ਵਿਚ ਵੀ ਗੱਲ ਧੁੰਮ ਗਈ ਕਿ ਕੋਈ ਫਕੀਰ ਆਇਆ ਹੈ ਜੋ ਸ਼ਰਾ

ਦਾ ਉਲੰਘਨ ਕਰਕੇ ਰਾਗ ਅਲਾਪ ਰਿਹਾ ਹੈ, ਜਦੋਂ ਕਿ ਇਸਲਾਮ ਧਰਮ ਦੇ ਵਿਚ ਰਾਗ ਗਾਇਨ ਕਰਨਾ ਮਨ੍ਹਾ ਹੈ। ਬਗਦਾਦ ਵਿਚ ਪੀਰ ਦਸਤਗੀਰ ਦੀ ਗੱਦੀ ਇਸਲਾਮ ਧਰਮੀਆਂ ਦੀ ਇਕ ਤਕੜੀ ਟੇਕ ਸੀ। ਦਸਤਗੀਰ ਦਾ ਅਸਲ ਨਾਮ ਪੀਰ ਜਲਾਲ ਸੀ। ਦਸਤਗੀਰ ਉਸ ਦਾ ਉਪ ਨਾਮ ਸੀ ਅਤੇ ਉਹ ਦਸਤਗੀਰ ਨਾਂ ਤੇ ਹੀ ਪ੍ਰਸਿੱਧ ਸੀ।

ਮਹਾਰਾਜ ਦੇ ਅਲਾਪੇ ਰਾਗ ਦੀ ਗੱਲ ਜਦ ਦਸਤਗੀਰ ਨੇ ਸੁਣੀ ਤਾਂ ਉਸ ਨੇ ਆਪਣੇ ਪੁੱਤਰ ਜੁਲ ਜੁਲਾਲ ਖਾਂਨ ਦੀ ਅਗਵਾਈ ਵਿਚ ਕੁੱਝ ਮੁੱਖੀ ਬੰਦੇ ਪਤਾ ਕਰਨ ਲਈ ਭੇਜੇ। ਜਿਨ੍ਹਾਂ ਨੂੰ ਰਾਹ ਵਿਚ ਭਾਈ ਮਰਦਾਨਾ ਮਿਲਿਆ ਜੋ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਦਾ ਜਾ ਰਿਹਾ ਸੀ। ਉਸ ਦੇ ਮੂੰਹੋਂ ਪੀਰਾਂ ਨੇ ਜਦ "ਪਤਾਲਾ ਪਾਤਾਲ ਲਖ ਅਗਾਸਾ ਅਗਾਸ" ਤੁੱਕ ਸੁਣੀ ਤਾਂ ਉਨ੍ਹਾਂ ਨੂੰ ਸ਼ੱਕ ਪੈ ਗਿਆ ਕਿ ਇਹ ਮੁਸਲਮਾਨ ਨਹੀਂ ਹੋ ਸਕਦਾ ਜੋ ਲੱਖਾਂ ਪਾਤਾਲ ਕਹਿੰਦਾ ਹੈ ਜਦ ਕਿ ਇਸਲਾਮੀ ਕਿਤਾਬਾਂ ਵਿਚ 14 ਤਬਕ ਲਿਖੇ ਹਨ। ਪੀਰ ਦਸਤਗੀਰ ਦੀ ਗੱਦੀ ਦੀਆਂ ਕਈ ਸ਼ਾਖਾਂ ਹਿੰਦ ਵਿਚ ਵੀ ਸਨ ਜਿਸ ਪਰਸਪਰ ਸਾਂਝ ਕਾਰਨ ਇਹ ਲੋਕ ਕੁੱਝ ਕੁੱਝ ਹਿੰਦੁਸਤਾਨੀ ਭਾਸ਼ਾ ਸਮਝਦੇ ਸਨ। ਇਨ੍ਹਾਂ ਨੇ ਕਰੋਧ ਵਿਚ ਆਕੇ ਕੜਕਵੀਂ ਅਵਾਜ਼ ਵਿਚ ਭਾਈ ਮਰਦਾਨੇ ਨੂੰ ਕਿਹਾ ਤੂੰ ਕੌਣ ਹੈਂ ਜੋ ਇਸਲਾਮ ਦੀ ਇਸ ਪਾਕ ਧਰਤੀ ਤੇ ਚੌਦਹ ਤਬਕ ਦੀ ਜਗ੍ਹਾਂ ਲੱਖਾਂ ਪਾਤਾਲ ਕਹਿ ਰਿਹਾ ਹੈਂ। ਭਾਈ ਮਰਦਾਨਾ ਵੇਖਣ ਨੂੰ ਮੁਸਲਮਾਨ ਹੀ ਜਾਪਦਾ ਸੀ ਅਤੇ ਉਸ ਤੇ ਹਿੰਦੂ ਹੋਣ ਦਾ ਕਿਸੇ ਨੂੰ ਵੀ ਸ਼ੱਕ ਨਹੀਂ ਸੀ ਪੈਂਦਾ। ਪਰ ਇਸ ਤੁੱਕ ਤੋਂ ਪੀਰਾਂ ਨੂੰ ਸ਼ੱਕ ਪੈ ਗਿਆ। ਭਾਈ ਮਰਦਾਨੇ ਨੇ ਪਹਿਲੇ ਪ੍ਰੇਮ ਸਹਿਤ ਜਪੁਜੀ ਸਾਹਿਬ ਦਾ ਪਾਠ ਪੂਰਾ ਕੀਤਾ ਜਿਸ ਨੂੰ ਨਾਂ ਚਾਹੁੰਦੇ ਹੋਏ ਵੀ ਪੀਰ ਮੌਲਾਣੇ ਸੁਣਦੇ ਰਹੇ। ਭਾਈ ਮਰਦਾਨੇ ਨੇ ਜਪੁਜੀ ਸਾਹਿਬ ਦੇ ਪਾਠ ਦਾ ਭੋਗ ਪਾਕੇ ਦਸਿਆ ਕਿ ਮੈਂ ਬਾਬੇ ਨਾਨਕ ਦਾ ਨਾਚੀਜ਼ ਢਾਡੀ ਹਾਂ ਤੇ ਇਹ ਉਨ੍ਹਾਂ ਦੀ ਉਚਾਰੀ ਹੋਈ ਪਾਕ ਕਲਾਮ "ਜਪੁਜੀ" ਹੈ ਜੋ ਮੈਂ ਪੜ੍ਹ ਰਿਹਾ ਹਾਂ। ਉਹ ਕਬਰਸਤਾਨ ਵਿਚ ਬੈਠੇ ਹਨ ਤੁਸੀਂ ਉਨ੍ਹਾਂ ਨਾਲ ਗਲ ਬਾਤ ਕਰ ਸਕਦੇ ਹੋ। ਇਹ ਲੋਕ ਪਹਿਲੇ ਹੀ ਗੁਰੂ ਜੀ ਵਲ ਆ ਰਹੇ ਸਨ। ਅਗੇ ਉਨ੍ਹਾਂ ਨੂੰ ਕੇਵਲ ਰਾਗ ਅਲਾਪਣ ਦਾ ਇਤਰਾਜ਼ ਸੀ ਅਤੇ ਹੁਣ ਲੱਖ ਪਾਤਾਲ ਵਾਲੀ ਗੱਲ ਵੀ ਸਾਹਮਣੇ ਆ ਗਈ ਜੋ ਉਨ੍ਹਾਂ ਦੇ ਵਿਚਾਰ ਅਨੁਸਾਰ ਗਲਤ ਅਤੇ ਇਤਰਾਜ਼ ਯੋਗ ਸੀ। ਮੁਸਲਮਾਨ ਭਰਾਵਾਂ ਵਿਚ ਇਹ ਕਮਜ਼ੋਰੀ ਹੈ ਕਿ ਸ਼ਰਾਂ ਦੇ ਨਾਂ ਤੇ ਛੇਤੀ ਭੜਕ ਪੈਂਦੇ ਹਨ। ਬਗਦਾਦ ਵਿਚ ਕੇਵਲ ਸ਼ਰਾ ਦੀ ਵਿਰੋਧਤਾ ਦਾ ਹੀ ਨਹੀਂ ਦਸਤਗੀਰ ਦੀ ਪੀਰੀ ਮੁਰੀਦੀ ਨੂੰ ਵੀ ਢਾਹ ਲੱਗਣ ਦਾ ਡਰ ਸੀ। ਇਸ ਲਈ ਉਸ ਦੇ ਭੇਜੇ ਹੋਏ ਲੋਕਾਂ ਨੇ ਗੁਰੂ ਜੀ ਨੂੰ ਰਾਗ ਗਾਇਨ ਕਰਨ ਤੋਂ ਰੋਕਿਆ। ਪਰ ਉਹ ਰੱਬੀ ਧਿਆਨ ਵਿਚ ਗੁਰਬਾਣੀ ਗਾਇਨ ਕਰਦੇ ਰਹੇ।

ਇਹ ਵੇਖ ਕੇ ਗੁੱਸੇ ਅਤੇ ਅਗਿਆਨਤਾ ਵਿਚ ਭੱਟਕੇ ਹੋਏ ਲੋਕਾਂ ਨੇ ਪੀਰ ਪਾਸ ਸ਼ਿਕਾਇਤ ਕੀਤੀ। ਮੌਲਾਣਿਆਂ ਨੇ ਫਤਵਾ ਲਾ ਦਿੱਤਾ ਕਿ ਜੋ ਸ਼ਰਾਂ ਦੇ ਉਲਟ ਚਲੇ ਉਸ ਨੂੰ ਮਾਫ ਨਹੀਂ ਕਰਨਾ ਚਾਹੀਦਾ। ਉਸ ਨੂੰ ਪੱਥਰ ਮਾਰ ਮਾਰ ਕੇ ਮਾਰ ਦੇਣਾ ਚਾਹੀਦਾ ਹੈ। ਪੀਰ ਨੇ ਵੀ ਇਸ ਗੱਲ ਦੀ

ਇਜਾਜ਼ਤ ਦੇ ਦਿੱਤੀ। ਕਿਉਂਜੋ ਅੱਜ ਜੇ ਇਕ ਬੰਦਾ ਹੁੱਕਮ ਦੀ ਉਲੰਘਣਾ ਕਰਦਾ ਹੈ ਤਾਂ ਕੱਲ੍ਹ ਨੂੰ ਹੋਰ ਵੀ ਕੋਈ ਕਰ ਸਕਦਾ ਹੈ।

ਪੀਰਾਂ ਦਾ ਇਹ ਹੁੱਕਮ ਸੁਣਕੇ ਬਹੁਤ ਸਾਰੇ ਲੋਕ ਇੱਟਾਂ ਪੱਥਰ ਚੁੱਕ ਕੇ ਲੈ ਆਏ। ਉਨ੍ਹਾਂ ਨੇ ਗੁਰੂ ਜੀ ਤੇ ਹੱਲਾ ਬੋਲ ਦਿੱਤਾ। ਸਭ ਨੇ ਐਨੇ ਪੱਥਰ ਮਾਰੇ ਜਿਨ੍ਹਾਂ ਦੇ ਢੇਰ ਵਿਚ ਗੁਰੂ ਜੀ ਅਤੇ ਮਰਦਾਨੇ ਦੀਆਂ ਦੇਹਾਂ ਹੀ ਛੁੱਪ ਗਈਆ ਜਦ ਉਹ ਪਿਛੇ ਮੁੜੇ ਤਾਂ ਫਿਰ ਕੀਰਤਨ ਦੀ ਅਵਾਜ਼ ਆਈ। ਗੁਰੂ ਜੀ ਮਰਦਾਨੇ ਸਾਹਿਤ ਪੱਥਰਾਂ ਦੇ ਢੇਰ ਤੇ ਬੈਠੇ ਕੀਰਤਨ ਕਰ ਰਹੇ ਸਨ। ਇਸ ਤਰ੍ਹਾਂ ਤਿੰਨ ਵਾਰ ਉਨ੍ਹਾਂ ਨੇ ਕੀਤਾ ਤੇ ਤਿੰਨੋ ਵਾਰ ਗੁਰੂ ਜੀ ਪੱਥਰਾਂ ਤੇ ਬੈਠੇ ਕੀਰਤਨ ਕਰਦੇ ਵੇਖੇ। ਉਸ ਸਮੇਂ ਸਾਰੇ ਪੀਰ ਦੇ ਕੋਲ ਚਲੇ ਗਏ। ਸਾਰੀ ਗੱਲ ਜਦ ਪੀਰ ਨੂੰ ਦੱਸੀ ਤਾਂ ਉਹ ਆਪ ਚੱਲਕੇ ਆਇਆ। ਪੀਰ ਨਾਲ ਉਸਦਾ ਪੁੱਤਰ ਅਤੇ ਇਕ ਮੌਲਵੀ ਅਬਦੁਲ ਰਹਿਮਾਨ ਵੀ ਸੀ ਜਦ ਇਨ੍ਹਾਂ ਤਿੰਨਾਂ ਦੀ ਹੱਲਾ ਸ਼ੇਰੀ ਤੇ ਲੋਕਾਂ ਨੇ ਫਿਰ ਪੱਥਰ ਚੁਕੇ ਤਾਂ ਗੁਰੂ ਜੀ ਨੇ ਜ਼ੋਰ ਦਾ ਨਾਹਰਾ ਲਾਇਆ ਜਿਸਦੇ ਬੋਲ ਭਾਈ ਮਨੀ ਸਿੰਘ ਅਨੁਸਾਰ ਇਹ ਸਨ:-

'ਘੁਰ ਬਰ ਆਕਾਲ, ਸਤਿ ਸ੍ਰੀ ਆਕਾਲ।  
ਚਿਤ ਚਰਨ ਨਾਮ, ਘਰ ਘਰ ਪ੍ਰਣਾਮ ।  
ਪ੍ਰਭੂ ਕਿਰਪਾਲ, ਜੋ ਸਰਬੰ ਦਇਆਲ ।  
ਜੋ ਸਰਬੰ ਪ੍ਰਤਪਾਲ।"

ਇਹ ਰੱਬੀ ਨਾਹਰਾ ਸੁਣਕੇ ਲੋਕਾਂ ਦੀਆਂ ਪੱਥਰ ਮਾਰਨ ਲਈ ਉਲਰੀਆਂ ਬਾਹਵਾਂ ਸੁੰਨ ਹੋ ਗਈਆਂ। ਅਤੇ ਸਰੀਰ ਪੱਥਰ ਵਾਂਗ ਅਚੱਲ ਹੋ ਗਏ।

"ਜਬ ਮਨ ਬਿਖੈ ਚਾਹਿਤ ਸਭ ਮਾਰਾ ।  
ਤਿਹ ਛਿਣ ਸ੍ਰੀ ਪ੍ਰਭ ਕੀਨ ਹੁੰਕਾਰਾ।  
ਠਾਂਢੀ ਰਹੀ ਉਚੇਰੀ ਬਾਹੈ।  
ਉਤਰਹਿ ਤਰ ਨਾ ਉਤਾਰਯੋ ਚਾਹੈ। (ਨਾ: ਪ੍ਰ:)

330063

ਇਸ ਘਟਨਾ ਨੇ ਬਗਦਾਦ ਵਿਚ ਹਲ ਚੱਲ ਪੈਦਾ ਕਰ ਦਿੱਤੀ। ਪੀਰ ਜਮਾਲ ਦੀਨ, ਕਰਮ ਦੀਨ, ਗੌਸ ਦੀਨ, ਇਮਾਮ ਜਾਫਰ , ਕਮਾਲ ਦੀਨ ਅਤੇ ਅਮਾਮ ਸਾਫੀ ਵੀ ਆ ਗਏ। ਜਿਨ੍ਹਾਂ ਨੇ ਇਹ ਕੌਤਕ ਅੱਖੀ ਵੇਖਿਆ ਸੀ। ਗੁਰੂ ਜੀ ਅਜੇ ਵੀ ਗੁਰਬਾਣੀ ਦਾ ਅਲਾਪ ਕਰ ਰਹੇ ਸਨ। ਉਨ੍ਹਾਂ ਪੀਰਾਂ ਨੇ ਆਪਣੇ ਕੰਨਾਂ ਵਿਚ ਉਂਗਲਾਂ ਪਾ ਲਈਆਂ। ਕਿਉਂਕਿ ਉਹ ਰਾਗ ਨਹੀਂ ਸੁਣਨਾ ਚਾਹੁੰਦੇ ਸਨ। ਪਰ ਉਨ੍ਹਾਂ ਦੀਆਂ ਉਂਗਲਾਂ ਕੰਨਾਂ ਨਾਲ ਚਿਪਕ ਗਈਆਂ। ਦਸਤਗੀਰ ਨੂੰ ਜਦੋਂ ਪੱਤਾ ਲਗਿਆ ਤਾਂ ਉਹ ਆਪ ਚੱਲਕੇ ਆਇਆ। ਉਸਦੇ ਨਾਲ ਅਬਦਲ ਰਹਿਮਾਨ ਮੌਲਵੀ ਅਤੇ ਉਸਦਾ ਆਪਣਾ ਪੁਤਰ ਜੁਲ ਜੁਲਾਲ

ਵੀ ਸੀ। ਇਨਾਂ ਨੇ ਨਿਮ੍ਰਤਾ ਨਾਲ ਅਰਜ਼ ਕੀਤੀ ਕਿ ਐ ਵਲੀ ਅੱਲਾ ਨਗਰੀ ਤੇ ਰਹਿਮ ਕਰ ਅਤੇ ਇਨਾਂ ਲੋਕਾਂ ਦੇ ਗੁਨਾਹ ਬਖਸ਼ ਦੇ। ਦਸਤਗੀਰ ਦੀ ਬੇਨਤੀ ਸੁਣਕੇ ਗੁਰੂ ਸਾਹਿਬ ਨੇ ਨੇਤ੍ਰ ਖੋਲ੍ਹੇ। ਅਤੇ ਗਹੁ ਨਾਲ ਉਸ ਵੱਲ ਵੇਖਿਆ। ਪੀਰ ਤੇ ਜਾਦੂ ਵਰਗਾ ਅਸਰ ਹੋ ਗਿਆ। ਉਸ ਨੇ ਆਪਣੇ ਅੰਦਰ ਇਕ ਝਰਨਾਟ ਮਹਿਸੂਸ ਕੀਤੀ ਅਤੇ ਅਨੁਭਵ ਕਰ ਲਿਆ ਕਿ ਫਕੀਰ ਰੱਬੀ ਰੰਗ ਵਿਚ ਰੰਗਿਆ ਕੋਈ ਦੈਵੀ ਪੁਰਖ ਹੈ। ਉਸਨੇ ਆਪਣੀ ਅਤੇ ਆਪਣੇ ਸਾਥੀਆਂ ਦੀ ਭੁੱਲ ਬਖਸ਼ਾਈ। ਅਤੇ ਸੁੰਨ ਹੋਏ ਲੋਕਾਂ ਨੂੰ ਠੀਕ ਕਰਵਾਇਆ। ਫਿਰ ਉਨਾਂ ਨੇ ਗੁਰੂ ਸਾਹਿਬ ਕੋਲੋਂ ਪੁਛਿਆ ਕਿ ਤੁਸੀਂ ਚੋਦਾਂ ਦੀ ਬਜਾਏ ਲੱਖਾਂ ਪਾਤਾਲ ਆਕਾਸ਼ ਕਿਉਂ ਕਹੇ ਹਨ। ਅਤੇ ਮਨ ਨੂੰ ਚੰਚਲ ਕਰਨ ਵਾਲਾ ਰਾਗ ਕਿਉਂ ਅਲਾਪਿਆ ਹੈ ? ਗੁਰੂ ਸਾਹਿਬ ਨੇ ਕਿਹਾ ਕਿ ਰਾਗ ਰੂਹ ਦੀ ਖੁਰਾਕ ਹੈ ਇਸ ਵਿਚ ਜੇ ਗੰਦੇ ਗੀਤ ਗਾਉ ਤਾਂ ਮਨ ਨੂੰ ਚੰਚਲ ਕਰਦਾ ਹੈ ਪਰ ਜੇ ਨਿਰੰਕਾਰ ਦੀ ਕੀਰਤੀ ਕੀਤੀ ਜਾਵੇ ਤਾਂ ਇਹ ਜੀਵਾਂ ਦਾ ਉਧਾਰ ਕਰਦਾ ਹੈ। ਇਹ ਗੱਲ ਦਾ ਜਵਾਬ ਦੇਕੇ ਗੁਰੂ ਸਾਹਿਬ ਨੇ ਦੂਜੀ ਗੱਲ ਦਾ ਜਵਾਬ ਦਿੱਤਾ। ਕਿ ਤੁਸੀਂ ਜੋ ਚੋਦਾਂ ਲੋਕਾਂ ਦੀ ਗੱਲ ਕਰਦੇ ਹੋ ਇਹ ਅਲਪ ਸੋਝੀ ਦਾ ਸੂਚਕ ਹੈ। ਜਿਸਨੂੰ ਜਿਨਾਂ ਗਿਆਨ ਹੋਵੇ ਉਨਾਂ ਹੀ ਉਹ ਦੱਸ ਸਕਦਾ ਹੈ। ਧਰਤੀਆਂ ਅਤੇ ਅਕਾਸ਼ ਲੱਖਾਂ ਨਹੀਂ ਸਗੋਂ ਬੇਅੰਤ ਹਨ।

ਪੀਰ ਕਹਿਣ ਲੱਗੇ ਕਿ ਸਾਨੂੰ ਇਨਾਂ ਲੱਖਾਂ ਅਕਾਸ਼ਾਂ ਪਾਤਾਲਾਂ ਦੇ ਦਰਸ਼ਨ ਕਰਾਉ। ਕਹਿੰਦੇ ਨੇ ਗੁਰੂ ਸਾਹਿਬ ਨੇ ਪੀਰ ਦੇ ਲੜਕੇ ਜੁਲ ਜੁਲਾਲ ਖਾਨ ਨੂੰ ਹੱਥ ਤੋਂ ਫੜ ਕੇ ਲੱਖਾਂ ਅਕਾਸ਼ਾਂ ਪਾਤਾਲਾਂ ਦੇ ਦਰਸ਼ਨ ਕਰਵਾਏ। ਇਸ ਸਮੇਂ ਇਲਾਕੇ ਦਾ ਹਾਕਮ ਖਲੀਫਾ ਬੱਕਰ ਵੀ ਦਰਸ਼ਨ ਕਰਨ ਲਈ ਹਾਜ਼ਰ ਹੋਇਆ। ਉਸ ਨੇ ਪੁੱਤਰ ਦੀ ਮੁਰਾਦ ਨਾ ਪੂਰੀ ਹੋਣ ਕਾਰਨ ਕਈ ਪੀਰਾਂ ਫਕੀਰਾਂ ਨੂੰ ਕੈਦ ਕਰ ਦਿੱਤਾ ਸੀ। ਗੁਰੂ ਸਾਹਿਬ ਕੋਲੋਂ ਉਸਨੂੰ ਪੁੱਤਰ ਦੀ ਮੰਗ ਕੀਤੀ। ਤਾਂ ਗੁਰੂ ਸਾਹਿਬ ਨੇ ਕਿਹਾ ਕਿ ਉਹ ਕੈਦ ਕੀਤੇ ਪੀਰਾਂ ਫਕੀਰਾਂ ਨੂੰ ਛੱਡ ਦੇਵੇ। ਰਾਜੇ ਬੱਕਰ ਨੇ ਕੈਦ ਕੀਤੇ ਹੋਏ ਸਾਰੇ ਪੀਰ ਫਕੀਰ ਛੱਡ ਦਿੱਤੇ। ਅਤੇ ਗੁਰੂ ਸਾਹਿਬ ਨੂੰ ਕਿਹਾ ਕਿ ਆਪ ਉਦੋਂ ਤੱਕ ਇਥੇ ਹੀ ਰਹੋ। ਗੁਰੂ ਸਾਹਿਬ ਉਹਦੀ ਬੇਨਤੀ ਮੰਨ ਕੇ ਉਥੇ ਰਹਿਣ ਲਗੇ। ਸਮਾਂ ਪਾਕੇ ਉਸ ਦੇ ਘਰ ਇਕ ਲੜਕਾ ਹੋਇਆ। ਇਸ ਤੋਂ ਇਲਾਵਾ ਵੀ ਬਹੁਤ ਸਾਰੇ ਲੋਕਾਂ ਦਾ ਗੁਰੂ ਸਾਹਿਬ ਨੇ ਉਧਾਰ ਕੀਤਾ। ਬਹਿਲੋਲ ਨਾਮ ਦਾ ਫਕੀਰ ਵੀ ਆਪਦਾ ਚੇਲਾ ਬਣਿਆ। ਜਿਸਨੇ ਗੁਰੂ ਸਾਹਿਬ ਦੇ ਵਾਪਿਸ ਚਲੇ ਜਾਣ ਦੇ ਬਾਅਦ ਵੀ 60 ਵਰ੍ਹੇ ਦੇ ਲੱਗ ਪੱਗ ਭਗਤੀ ਕੀਤੀ। ਅਤੇ ਉਸ ਨੇ ਇਕ ਖੁਤਬਾ ਲਿਖਵਾਇਆ ਜਿਹੜਾ ਅੱਜ ਤੱਕ ਕਾਇਮ ਹੈ। ਇਸ ਵਿਚ ਇਸ ਤਰਾਂ ਲਿਖਿਆ ਗਿਆ ਹੈ:-

'ਏਥੇ ਬਚਨ ਕੀਤੇ ਹਿੰਦੂ ਫਕੀਰ ਗੁਰੂ ਨਾਨਕ ਨੇ ਫਕੀਰ ਬਹਿਲੋਲ ਨਾਲ ਅਤੇ ਇਹ 60 ਸਿਆਲੇ ਜਦੋਂ ਤੋਂ ਕਿ ਗੁਰੂ ਜੀ ਇਰਾਕ ਤੋਂ ਵਾਪਿਸ ਚਲੇ ਗਏ। ਬਹਿਲੋਲ ਦੀ ਰੂਹ ਮਾਲਕ (ਗੁਰੂ ਨਾਨਕ ) ਦੇ ਚਰਨਾ ਵਿਚ ਟਿੱਕੀ ਰਹੀ। ਜਿਵੇਂ ਮਧੂ ਭਰੇ ਪਹੁ ਪ੍ਰਕਾਸ਼ ਨਾਲ ਚਮਕੇ ਗੁਲਾਬ ਉਤੇ ਸ਼ਹਿਦ ਦੀਮੱਖੀ ਟਿਕੀ ਹੁੰਦੀ ਹੈ।"

ਇਹ ਸਾਰੇ ਤਵਾਰੀਖੀ ਹਵਾਲੇ ਅਤੇ ਪ੍ਰਤੱਖ ਸਬੂਤ ਦੱਸਦੇ ਹਨ ਕਿ ਗੁਰੂ ਸਾਹਿਬ ਨੇ ਅਰਬ ਦੇਸ਼ ਵਿਚ ਬੜੀਆਂ ਕਠਨਾਈਆਂ ਦਾ ਸਾਹਮਣਾ ਕਰਦੇ ਹੋਏ ਕਾਫੀ ਸਮਾਂ ਵਿਚਰ ਕੇ ਰੱਬੀ ਧਰਮ ਦਾ ਪ੍ਰਚਾਰ ਕੀਤਾ ਅਤੇ ਬੜੇ ਬੜੇ ਇਸਲਾਮ ਧਰਮੀ, ਆਲਮ ਫਾਜ਼ਲ ਲੋਕਾਂ, ਪੀਰਾਂ ਫਕੀਰਾਂ, ਅਤੇ ਰਾਜੇ ਰਾਣੀਆਂ ਨੂੰ ਰੱਬੀ ਸ਼ਕਤੀ ਅਰਥਾਤ ਨਾਮ ਬਾਣੀ ਦੇ ਬਲ ਦੁਆਰਾ ਸਿੱਖ ਧਰਮ ਦੇ ਝੰਡੇ ਹੇਠਾਂ ਲਿਆਂਦਾ।

ਬਗਦਾਦ ਵਿਚ ਨਾਮ ਬਾਣੀ ਦੀ ਜੋਤ ਜਗਾ ਕੇ ਗੁਰੂ ਸਾਹਿਬ ਸੋਆਸ ਨਾਮੀ ਇਕ ਹੋਰ ਇਲਾਕੇ ਵਿਚ ਪੁਜੇ। ਜਿਥੇ ਦੇ ਲੋਕ ਕਿਸੇ ਵੀ ਗੈਰ ਮਜ਼ਬ ਮਨੁੱਖ ਨੂੰ ਮਾਰ ਦਿੰਦੇ ਸਨ। ਗੁਰੂ ਸਾਹਿਬ ਨੇ ਇਸ ਥਾਂ ਤੇ "ਰਾਤੀ ਹੋਵਨਿ ਕਾਰੀਆ ਸੁਪੇਦਾ ਸੇਵੰਨਿ" ਸ਼ਬਦ ਸੂਹੀ ਰਾਗ ਵਿਚ ਉਚਾਰਿਆ। ਅਤੇ ਮਰਦਾਨੇ ਨੇ ਆਪਣੀ ਸੁਰੀਲੀ ਅਵਾਜ਼ ਨਾਲ ਅਲਾਪਿਆ। ਤਾਂ ਬਹੁਤ ਸਾਰੇ ਲੋਕ ਗੁਰੂ ਸਾਹਿਬ ਕੋਲ ਆ ਜੁੜੇ। ਗੁਰੂ ਸਾਹਿਬ ਨੂੰ ਉਹ ਲੋਕ ਮਾਰ ਦੇਣਾ ਚਾਹੁੰਦੇ ਸਨ। ਪਰ ਉਹ ਆਪ ਹੀ ਸ਼ਬਦ ਬਾਣ ਨਾਲ ਘਾਇਲ ਹੋ ਗਏ। ਵਿਚਾਰ ਗੋਸ਼ਟੀ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਸਾਡੇ ਮੌਲਾਣੇ ਕਹਿੰਦੇ ਹਨ , ਜੋ ਕਾਫਰ ਨੂੰ ਮਾਰਨ ਨਾਲ ਪਾਪ ਬਖਸ਼ੇ ਜਾਂਦੇ ਹਨ। ਅਤੇ ਬਹਿਸ਼ਤ ਵਿਚ ਥਾ ਮਿਲਦੀ ਹੈ। ਗੁਰੂ ਸਾਹਿਬ ਨੇ ਉਨ੍ਹਾਂ ਲੋਕਾਂ ਨੂੰ ਸਮਝਾਇਆ ਕਿ ਹਰ ਮਨੁੱਖ ਵਿਚ ਰੱਬੀ ਜੋਤ ਦਾ ਜਲਵਾ ਹੈ। ਅਤੇ ਸਾਰੇ ਮਨੁੱਖ ਇਕੋ ਪ੍ਰਮਾਤਮਾ ਦੇ ਪੈਦਾ ਕੀਤੇ ਹਨ। ਉਨ੍ਹਾਂ ਨੇ ਸ਼ਬਦ ਉਚਾਰਿਆ :-

"ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ।" [1]

ਇਸ ਸ਼ਬਦ ਦਾ ਅਸਰ ਲੋਕ ਮਨਾਂ ਉੱਤੇ ਅਜੇਹਾ ਪਿਆ ਕਿ ਉਨ੍ਹਾਂ ਦੀ ਰਾਖਸ਼ ਬੁੱਧੀ ਦੇਵ ਬੁੱਧੀ ਵਿਚ ਬਦਲ ਗਈ। ਰਾਜੇ ਨੇ ਵੀ ਡੌਂਡੀ ਪਿਟਵਾ ਦਿੱਤੀ ਕਿ ਕੋਈ ਕਿਸੇ ਨੂੰ ਦੁੱਖ ਨਾ ਦੇਵੇ। ਇਥੋਂ ਚੱਲਕੇ ਗੁਰੂ ਸਾਹਿਬ ਰੂਸ ਦੇ ਉਰਕੰਦ ਸ਼ਹਿਰ ਵਿਚ ਪਹੁੰਚੇ। ਇਥੇ ... ਸੀਰਾਜ਼ ਨਾਂ ਦਾ ਇਕ ਫਕੀਰ ਰਹਿੰਦਾ ਸੀ ਜੋ ਬਹੁਤ ਵੱਡੀ ਉਮਰ ਦਾ ਸੀ। ਅਤੇ ਉਸਨੂੰ ਇਸ ਗੱਲ ਦਾ ਬਹੁਤ ਹੰਕਾਰ ਸੀ । ਗੁਰੂ ਸਾਹਿਬ ਨੇ ਉਸ ਦੀ ਮਾਨਸਿਕ ਅਵਸਥਾ ਨੂੰ ਭਾਪ ਕੇ ਇਹ ਸ਼ਬਦ ਉਚਾਰਿਆ :-"ਕੋਟਿ ਕੋਟੀ ਮੇਰੀ ਅਰਜਾ ਪਵਣ ਪੀਅਣ ਅਪਿਆਉ।" ਇਹ ਸ਼ਬਦ ਸੁਣਕੇ ਉਹ ਪੀਰ ਗੁਰੂ ਸਾਹਿਬ ਦੇ ਚਰਨੀ ਆ ਲੱਗਿਆ। ਅਤੇ ਇਕ ਲਾਲ ਭੇਟ ਕੀਤਾ। ਗੁਰੂ ਸਾਹਿਬ ਨੇ ਪੁਛਿਆ ਕਿ ਸੀਰਾਜ ਇਹ ਲਾਲ ਤੈਨੂੰ ਕਿਥੋਂ ਮਿਲਿਆ ਹੈ? ਉਸਨੇ ਇਸ਼ਾਰਾ ਕਰਕੇ ਕਿਹਾ ਕਿ ਇਸ ਪਹਾੜ ਤੋਂ। ਜਦੋਂ ਸਿੱਧ ਨੇ ਪਹਾੜ ਵੱਲ ਦੇਖਿਆ ਤਾਂ ਉਸਦੇ ਕੰਨ ਵਿਚ ਗੁਰੂ ਸਾਹਿਬ ਦੀ ਅਵਾਜ਼ ਪਈ ਕਿ ਇਹ ਤਾਂ ਸਾਰਾ ਪਹਾੜ ਹੀ ਲਾਲਾਂ ਦਾ ਹੈ। ਅਤੇ ਸਿੱਧ ਨੂੰ ਸੱਚ ਮੁੱਚ ਹੀ ਪਹਾੜ ਲਾਲਾਂ ਨਾਲ ਚਮਕਦਾ ਦਿਸਿਆ। ਉਹ ਇਹ ਕੌਤਕ ਦੇਖਕੇ ਹੈਰਾਨ ਹੋ ਗਿਆ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਇਨ੍ਹਾਂ ਲਾਲਾਂ ਦੀ

---

1. ਵਾਰ ਸਿਰੀ, ਪਉੜੀ-3, ਪੰਨਾ-83.

ਮਹਾਨਤਾ ਭਿਖ ਸਾਧ ਲਈ ਉਨੀਂ ਹੀ ਹੈ ਜਿੰਨੀ ਪਹਾੜ ਦੇ ਹੋਰ ਪੱਥਰਾਂ ਦੀ। ਇਨ੍ਹਾਂ ਪੱਥਰਾਂ ਨੂੰ ਸੰਭਾਲਣ ਦੇ ਨਾਲੋਂ ਚੰਗਾ ਇਹ ਹੈ ਕਿ ਆਪਣੇ ਮਨ ਅੰਦਰਲੇ ਨਾਮ ਰੂਪੀ ਲਾਲ ਦੀ ਸੰਭਾਲ ਕੀਤੀ ਜਾਵੇ। ਇਥੋਂ ਗੁਰੂ ਜੀ ਤਾਸ਼ਕੰਦ ਆਦਿ ਥਾਵਾਂ ਤੋਂ ਹੁੰਦੇ ਹੋਏ ਕੋਕਾਨ ਦੇਸ਼ ਗਏ। ਇਥੋਂ ਗੁਰੂ ਸਾਹਿਬ ਸੀਰ ਦਰਿਆ ਦੇ ਕਿਨਾਰੇ ਕਿਨਾਰੇ ਬਹੁਤ ਸਾਰੇ ਨਗਰਾਂ ਵਿਚ ਲੋਕਾਂ ਨੂੰ ਨਾਮ ਉਪਦੇਸ਼ ਦੇਂਦੇ ਹੋਏ ਕਰਮੀਨੇ ਸ਼ਹਿਰ ਪੁਜੇ। ਇਥੋਂ ਦਾ ਪੀਰ ਸਾਦਕ ਸ਼ਾਹ ਬੜਾ ਕਰਾਮਾਤੀ ਸਿੱਧ ਸੀ। ਉਸਨੇ ਚਰਚਾ ਵਾਰਤਾ ਕੀਤੀ ਪਰ ਗੁਰੂ ਸਾਹਿਬ ਦਾ ਤੇਜ ਨਾ ਝੱਲ ਸਕਿਆ। ਅਤੇ ਆਖਰ ਗੁਰਚਰਨੀ ਪੈ ਗਿਆ ਅਤੇ ਸਿਖਿਆ ਧਾਰਨ ਕੀਤੀ। ਕਰਮੀਨੇ ਤੋਂ ਗੁਰੂ ਸਾਹਿਬ ਹੌਲੀ ਹੌਲੀ ਬੁਖਾਰੇ ਆ ਗਏ। ਇਥੇ ਅਫਜਲ ਕਾਂਦ੍ਰੀਆਨਾਂ ਦੇ ਫਕੀਰ ਨਾਲ ਚਰਚਾ ਕਰਕੇ ਉਸਨੂੰ ਨਾਮ ਦਾ ਧਾਰਨੀ ਬਣਾਇਆ। ਬੁਖਾਰੇ ਤੋਂ ਬਲਖ ਸ਼ਹਿਰ ਗਏ। ਬਲਖ ਸ਼ਹਿਰ ਤੋਂ ਗੁਰੂ ਸਾਹਿਬ ਕਾਬਲ ਸ਼ਹਿਰ ਪੁੱਜੇ। ਸ਼ਹਿਰੋਂ ਬਾਹਰ ਇਕ ਬਾਗ ਵਿਚ ਬਾਬਰ ਦੇ ਪੁਰਾਣੇ ਮਹਿਲਾਂ ਕੋਲੋ ਮਸਜਿਦ ਵਿਚ ਆਸਣ ਲਾਕੇ ਬਿਰਾਜਮਾਨ ਹੋ ਗਏ। ਕੁੱਝ ਮੌਲਾਣੇ ਆਕੇ ਪੁੱਛਣ ਲੱਗੇ :-

"ਇਹ ਤੁਰਕਨ ਕੇ ਥਾਨ ਮਹਾਨਾ। ਬੈਸੇ ਨਹਿ ਤੁਮ ਕਰੋ ਪਿਆਨਾ।" (ਨਾ: ਪ੍ਰ:)

ਗੁਰੂ ਜੀ ਕਹਿਣ ਲੱਗੇ ਅਸੀਂ ਮੁਸਾਫਰ ਹਾਂ ਤੇ ਥਕਾਵਟ ਕਾਰਣ ਇਥੇ ਟਿਕ ਗਏ ਹਾਂ ਰਾਤ ਕੱਟ ਕੇ ਚਲੇ ਜਾਵਾਂਗੇ:-

"ਮੁਲਾ ਕਹੈ ਰਹੁ ਨਹਿ ਬੈਸੇ । ਹਿੰਦੂ ਰਹਿਨੇ ਦਿਊਂ ਨ ਕੈਸੇ।
---ਹਿੰਦੂ ਕੋ ਕਿਆ ਕਾਂਮ ਮਸੀਤੀ। ਉਠ ਕਰ ਚਲੋ ਜਾਉ ਕੁਰੀਤੀ ।
ਜੇ ਮਮ ਬਾਤ ਨ ਮਾਨੋ ਕਾਈ। ਪਕਰ ਬਾਂਹ ਮੈ ਦਿਉਂ ਉਠਾਈ।" (ਨਾ: ਪ੍ਰ:)

ਮੌਲਵੀ ਦੇ ਗੁੱਸੇ ਭਰੇ ਸ਼ਬਦ ਸੁਣਕੇ ਗੁਰੂ ਜੀ ਨੇ ਕਿਹਾ ਕਿ ਐ ਮੌਲਵੀ ਇਹ ਸਾਰੀ ਧਰਤੀ ਪਰਮਾਤਮਾ ਦੀ ਹੈ ਅਤੇ ਸਾਰੇ ਜੀਵ ਵੀ ਉਸੇ ਦੇ ਪੈਦਾ ਕੀਤੇ ਹਨ। ਪਰ ਮੌਲਵੀ ਕਹਿਣ ਲੱਗਾ ਨਹੀਂ ਇਹ ਖੁਦਾ ਦਾ ਘਰ ਹੈ। ਇਸ ਵਿਚ ਹਿੰਦੂ ਨਹੀਂ ਆ ਸਕਦਾ। ਕਿਉਂਜੋ ਉਹ ਕਾਫਰ ਹੈ। ਗੁਰੂ ਸਾਹਿਬ ਨੇ ਕਿਹਾ ਕਿ ਪਰਮਾਤਮਾ ਦਾ ਘਰ ਤਾਂ ਸਥਿਰ ਅਤੇ ਅਬਨਾਸ਼ੀ ਹੈ। ਪਰ ਇਹ ਘਰ ਤਾਂ ਅਸਥਿਰ ਹੈ ਅਤੇ ਨਾਸ਼ਵਾਨ ਹੈ। ਅਤੇ ਇਸ ਦੀਆਂ ਕੰਧਾਂ ਕਦੇ ਵੀ ਗਿਰ ਸਕਦੀਆਂ ਹਨ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਇਹ ਬਚਨ ਕਹਿਕੇ ਮਸੀਤ ਦੀ ਕੰਧ ਉਤੇ ਬੈਠ ਗਏ ਅਤੇ ਸਾਰੀ ਮਸੀਤ ਘੁੰਮਦੀ ਜਾਪਣ ਲੱਗੀ। ਇਹ ਵੇਖਕੇ ਮੌਲਾਣੇ ਬੜੇ ਹੈਰਾਨ ਹੋਏ। ਹੋਰ ਲੋਕ ਵੀ ਬਹੁਤ ਇਕੱਠੇ ਹੋ ਗਏ। ਅਤੇ ਗੁਰੂ ਸਾਹਿਬ ਨੂੰ ਸੀਸ ਨਿਵਾਣ ਲੱਗੇ। ਮਸਜਿਦ ਘੁੰਮਣ ਪਿਛੋਂ ਜਿਥੇ ਬੈਠਕੇ ਆਪਨੇ ਲੋਕਾਂ ਨੂੰ ਉਪਦੇਸ਼ ਕੀਤਾ ਸੀ ਉਥੇ ਅੱਜ ਇਕ ਥੜਾ ਬਣਿਆ ਹੋਇਆ ਹੈ। ਸ਼ਹਿਰ ਵਿਚ ਵੀ ਕਈ ਗੁਰਦੁਵਾਰੇ ਅੱਜ ਤੱਕ ਮੌਜੂਦ ਹਨ। ਇਥੋਂ ਗੁਰੂ ਸਾਹਿਬ ਘੜੂਕਾ ਨਾਂ ਦੀ ਜਗ੍ਹਾ ਤੇ ਚਲੇ ਗਏ। ਜਿਥੇ ਇਕ ਪੀਰ ਨੇ

ਤੱਪ ਕਰਨ ਸਮੇਂ ਨਿਸਚਾ ਕੀਤਾ ਸੀ ਕਿ ਮੈਂ ਤਾਂ ਬੋਲਾਂਗਾ ਜੇ ਕੋਈ ਮਹਾਪੁਰਖ ਆਪਣੀ ਕਲਾਮ ਦੇ ਜ਼ੋਰ ਨਾਲ ਮੈਨੂੰ ਬੁਲਾਵੇ। ਕਈ ਪੀਰ ਫਕੀਰ ਜ਼ੋਰ ਲਾਉਂਦੇ ਰਹੇ। ਪਰ ਪੀਰ ਦੀ ਸਮਾਧ ਨਾ ਖੁਲ੍ਹੀ। ਜਦੋਂ ਗੁਰੂ ਸਾਹਿਬ ਉੱਥੇ ਪੁਜੇ ਤਾਂ ਉਨ੍ਹਾਂ ਨੇ ਇਹ ਸ਼ਬਦ ਉਚਾਰਿਆ :-

"ਸੁਰਤੀ ਸੁਰਤਿ ਰਲਾਈਐ ਏਤੁ
ਤਨ ਕਰਿ ਤੁਲਹਾ ਲੰਘਹਿ ਜੇਤੁ।"[1]

ਇਸ ਸ਼ਬਦ ਦਾ ਮਿੱਠਾ ਅਲਾਪ ਸੁਣਕੇ ਘਤੂਕਾ ਪੀਰ ਦੀ ਸਮਾਧ ਖੁਲ੍ਹ ਗਈ। ਉਸਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਨਾਮ ਉਪਦੇਸ਼ ਲੈਕੇ ਜੀਵਨ ਭਰ ਗੁਰੂ ਸਾਹਿਬ ਨੂੰ ਆਪਣਾ ਗੁਰੂ ਮੰਨਿਆ। ਇਥੋਂ ਗੁਰੂ ਸਾਹਿਬ ਕੰਧਾਰ ਵੱਲ ਰਵਾਨਾ ਹੋ ਗਏ। ਕੰਧਾਰ ਆਕੇ ਗੁਰੂ ਸਾਹਿਬ ਦਾ ਫਕੀਰ ਅਲੀਯਾਰ ਦੇ ਨਾਲ ਮੇਲ ਹੋਇਆ । ਉਸ ਨੇ ਗੁਰੂ ਸਾਹਿਬ ਨਾਲ ਇਸ ਪ੍ਰਕਾਰ ਦੇ ਸੁਆਲ ਜਵਾਬ ਕੀਤੇ। :-

ਪ੍ਰਸ਼ਨ :- ਐ ਦਰਵੇਸ਼ ਅਜ਼ ਕੁਜਾਈ ਵ ਚੇਹ ਦਾਰੀ।
ਭਾਵ :- ਕਿਥੋਂ ਦੇ ਰਹਿਣ ਵਾਲੇ ਹੋ ਤੇ ਨਾਮ ਕੀ ਹੈ।
ਉਤਰ :- ਮਨ ਅਜ਼ ਖਿਤਾਇ ਪੰਜਾਬ ਵ ਨਾਮਮ ਨਿਰੰਕਾਰੀ।
ਭਾਵ :- ਸਾਡਾ ਸਰੀਰ ਧਾਰਨ ਦਾ ਇਲਾਕਾ ਪੰਜਾਬ ਅਤੇ ਨਾਮ (ਨਾਨਕ) ਨਿਰੰਕਾਰੀ ਹੈ।
ਪ੍ਰਸ਼ਨ :- ਮਾਇਨੇ ਨਿਰੰਕਾਰੀ ਨ ਫਾਹਿ ਦੀਮਮ।
ਭਾਵ :- ਮੈਂ ਨਿਰੰਕਾਰੀ ਦੇ ਮਾਇਨੇ ਨਹੀਂ ਸਮਝ ਸਕਿਆ।
ਉਤਰ :- ਨਿਰੰਕਾਰ ਨਾਮ ਖੁਦਾਇ ਅਸਤ ਨਿਰੰਕਾਰੀ ਮਨਸੂਬ ਬਿਦਾਯਾਮ ਬੰਦਾ ਖੁਦਾਇਮ।
ਭਾਵ :- ਨਿਰੰਕਾਰ ਦੇ ਅਰਥ ਨਿਰਆਕਾਰ ਖੁਦਾ ਹਨ ਅਤੇ ਨਿਰੰਕਾਰੀ ਦਾ ਭਾਵ ਉਸ ਨਾਲ ਸਿੱਧਾ ਸਬੰਧ ਰੱਖਣ ਵਾਲਾ ਖੁਦਾ ਦਾ ਬੰਦਾ ।
ਪ੍ਰਸ਼ਨ :- ਰਾਹ ਨੁਮਾਇ ਤੋਕੀਸਤ ।
ਭਾਵ :- ਤੁਸਾਡਾ ਰਾਹਨੁਮਾ (ਗੁਰੂ) ਕੌਣ ਹੈ।
ਉਤਰ :- ਖੁਦਾਇ ਮਨ, "ਮੇਰਾ ਗੁਰੂ ਖੁਦਾ (ਵਾਹਿਗੁਰੂ) ਹੈ।
ਪ੍ਰਸ਼ਨ :- ਖੁਦਾਇ ਵ ਚਿਹ ਯਾਫ਼ਤੀ।
ਭਾਵ:-ਆਪ ਦੇ ਖਿਆਲ ਵਿਚ ਖੁਦਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।
ਉਤਰ :- ਬਤੱਰਕ ਖੁਦੀਏ ਖੁਦ, ਬਤੱਰਕ ਮਾ ਮਵਾਇ ਅੱਲਾ।
ਭਾਵ :- ਖੁਦ ਪ੍ਰਸਤੀ ਅਥਵਾ ਖੁਦੀ ਦਾ ਤਿਆਗ ਕਰਨ ਅਤੇ ਅੱਲਾ (ਪਰਮੇਸ਼ਵਰ) ਤੋਂ ਬਿਨਾਂ ਸਭ ਕੁੱਝ ਛੱਡਣ ਨਾਲ।

ਇਸ ਵਿਚਾਰ ਗੋਸ਼ਟੀ ਨੇ ਫਕੀਰ ਦੇ ਮਨ ਉਤੇ ਬਹੁਤ ਚੰਗਾ ਅਸਰ ਕੀਤਾ। ਅਤੇ ਉਹ ਗੁਰੂ

1. ਰਾਮਕਲੀ ਪਦੇ-7, ਪੰਨਾ-878.

ਸਾਹਿਬ ਦੇ ਚਰਨੀ ਡਿੱਗ ਪਿਆ। ਅਤੇ ਉਸ ਨੇ ਨਾਮ ਦਾਨ ਪ੍ਰਾਪਤ ਕੀਤਾ। ਵਲੀ ਦੇ ਝੁੱਕਣ ਦੀ ਦੇਰ ਸੀ ਕਿ ਆਮ ਜੰਤਾ ਗੁਰੂ ਸਾਹਿਬ ਦੇ ਉਪਦੇਸ਼ ਲਈ ਆ ਗਈ। ਇਥੇ ਗੁਰੂ ਸਾਹਿਬ ਨੂੰ ਸ਼ਾਹ ਸਰਫ਼ ਨਾਂ ਦਾ ਫਕੀਰ ਵੀ ਮਿਲਿਆ ਜੋ ਕਿ ਗੁਰੂ ਸਾਹਿਬ ਨੂੰ ਅਗੇ ਵੀ ਮਿਲ ਚੁੱਕਾ ਸੀ। ਕੰਧਾਰ ਤੋਂ ਘੁੰਮਦੇ ਘੁੰਮਾਉਂਦੇ ਗੁਰੂ ਸਾਹਿਬ ਹਜ਼ਾਰੇ ਪੁੱਜੇ। ਇਸ ਸਰਹੱਦੀ ਜ਼ਿਲ੍ਹੇ ਵਿਚ ਕਈ ਖੂੰਖਾਰ ਡਾਕੂ ਸਨ। ਅਤੇ ਕਈ ਬੜੀ ਸਰਲ ਅਤੇ ਸ਼ੁੱਧ ਵਾਲੇ ਲੋਕ ਸਨ। ਗੁਰੂ ਸਾਹਿਬ ਨੇ ਦੋਹਾਂ ਧਿਰਾਂ ਨੂੰ ਰੱਬ ਦੀ ਹੋਂਦ ਦਾ ਅਹਿਸਾਸ ਕਰਵਾਇਆ। ਇਥੋਂ ਹੁੰਦੇ ਹੋਏ ਗੁਰੂ ਸਾਹਿਬ ਹਸਨ ਅਬਦਾਲ ( ਪੰਜਾ ਸਾਹਿਬ ) ਪੁਜੇ। ਇਥੇ ਇਕ ਬਹੁਤ ਵੱਡਾ ਤਪੱਸਵੀ ਹਸਨ ਖਾਨ ਸੀ ਜਿਸਨੇ ਬਹੁਤ ਸਾਰੀਆਂ ਕਰਾਮਾਤਾਂ ਪ੍ਰਾਪਤ ਕੀਤੀਆਂ ਹੋਈਆਂ ਸਨ। ਪਰ ਉਹ ਹੰਕਾਰੀ ਬਹੁਤ ਸੀ। ਜਦੋਂ ਗੁਰੂ ਸਾਹਿਬ ਉਸ ਪਹਾੜੀ ਦੇ ਨੇੜੇ ਪਹੁੰਚੇ ਜਿਥੇ ਹਸਨ ਦਾ ਨਿਵਾਸ ਸੀ ਤਾਂ ਮਰਦਾਨੇ ਨੂੰ ਬੜੀ ਪਿਆਸ ਲੱਗੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹਸਨ ਜਾਂ ਵਲੀ ਕੰਧਾਰੀ ਕੋਲ ਪਾਣੀ ਲਈ ਭੇਜਿਆ। ਪਰ ਉਸਨੇ ਪਾਣੀ ਪਿਆਉਣ ਤੋਂ ਇਨਕਾਰ ਕਰ ਦਿੱਤੀ। ਮਰਦਾਨਾ ਗੁਰੂ ਜੀ ਦੇ ਹੁੱਕਮ ਅਨੁਸਾਰ ਦੋ ਵਾਰੀ ਫੇਰ ਪਾਣੀ ਪੀਣ ਆਇਆ ਪਰ ਵਲੀ ਨੇ ਇਕ ਕਾਫਰ ਨੂੰ ਪਾਣੀ ਪਿਆਉਣ ਤੋਂ ਇਨਕਾਰ ਕਰ ਦਿੱਤਾ। ਮਰਦਾਨਾ ਬਿਹਬਲ ਹੋਕੇ ਗੁਰੂ ਜੀ ਦੇ ਚਰਨਾਂ ਤੇ ਜਾ ਡਿੱਗਾ। ਤਾਂ ਗੁਰੂ ਸਾਹਿਬ ਨੇ ਹੱਥ ਵਿਚ ਫੜੀ ਸੋਟੀ ਪਹਾੜੀ ਦੇ ਮੁੱਢ ਤੇ ਜ਼ੋਰ ਨਾਲ ਮਾਰੀ ਅਤੇ ਉਥੋਂ ਸੀਤਲ ਜਲ ਦਾ ਝਰਨਾ ਵਹਿ ਨਿਕਲਿਆ। ਵਲੀ ਕੰਧਾਰੀ ਦੇ ਚਸ਼ਮੇ ਦਾ ਸਾਰਾ ਪਾਣੀ ਇੱਧਰ ਆ ਗਿਆ। ਵਲੀ ਕੰਧਾਰੀ ਨੇ ਇਹ ਦੇਖ ਕੇ ਇਕ ਵੱਡਾ ਸਾਰਾ ਪਹਾੜ ਆਪਣੀ ਸਿੱਧੀ ਦੇ ਜ਼ੋਰ ਨਾਲ ਗੁਰੂ ਸਾਹਿਬ ਵੱਲ ਰੇੜ ਦਿੱਤਾ। ਜਿਸਨੂੰ ਗੁਰੂ ਸਾਹਿਬ ਨੇ ਸਤਿ ਕਰਤਾਰ ਕਹਿਕੇ ਆਪਣੇ ਪੰਜੇ ਨਾਲ ਰੋਕ ਦਿੱਤਾ। ਗੁਰੂ ਸਾਹਿਬ ਦਾ ਪੰਜਾ ਉਸ ਪੱਥਰ ਵਿਚ ਇਸ ਤਰ੍ਹਾਂ ਧੱਸ ਗਿਆ ਜਿਵੇਂ ਉਹ ਗੁੰਨਿਆ ਹੋਇਆ ਆਟਾ ਹੋਵੇ। ਇਹ ਦੇਖਕੇ ਵਲੀ ਕੰਧਾਰੀ ਗੁਰੂ ਸਾਹਿਬ ਕੋਲ ਦੌੜਿਆ ਆਇਆ ਅਤੇ ਆਉਂਦਾ ਹੀ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਅਤੇ ਆਪਣੀ ਭੁਲ ਬਖਸ਼ਾਈ। ਉਸਨੇ ਮੰਗ ਕੀਤੀ ਕਿ ਮੈਨੂੰ ਰੱਬੀ ਉਪਦੇਸ਼ ਦੀ ਦਾਤ ਦਿਉ। ਤਾਂ ਗੁਰੂ ਸਾਹਿਬ ਨੇ ਫੁਰਮਾਇਆ ਕਿ ਬੇਫਾਇਦਾ ਦੀ ਹਾਉਮੈ ਨੂੰ ਤਿਆਗ ਦੇ। ਹਮੇਸ਼ਾਂ ਪਰਮਾਤਮਾ ਦੇ ਨਾਮ ਨੂੰ ਯਾਦ ਕਰ। ਇਸ ਤਰ੍ਹਾਂ ਤੇਰਾ ਜੀਵਨ ਸਫਲਾ ਹੋ ਜਾਵੇਗਾ।

ਇਥੋਂ ਗੁਰੂ ਸਾਹਿਬ ਵਲੀ ਕੰਧਾਰੀ ਦਾ ਉਧਾਰ ਕਰਕੇ ਰਾਵਲਪਿੰਡੀ ਦੇ ਰਸਤੇ ਸੁਲਤਾਨ ਪੁਰ ਆ ਪਹੁੰਚੇ। ਜਿਥੇ ਕੁੱਝ ਦੇਰ ਬੇਬੇ ਨਾਨਕੀ ਜੀ ਕੋਲ ਰਹਿਕੇ ਅਤੇ ਆਪਣੇ ਪਿਆਰੇ ਸਿੱਖ ਭਾਈ ਲਾਲੋ ਜੀ ਕੋਲ ਜਾ ਪੁਜੇ। ਇਨ੍ਹਾਂ ਦਿਨਾਂ ਵਿਚ ਹੀ ਗੁਰੂ ਸਾਹਿਬ ਦਾ ਏਥੇ ਬਾਬਰ ਨਾਲ ਮੇਲ ਹੋਇਆ। ਉਸ ਦੀਆਂ ਫੌਜਾਂ ਦੀ ਕੀਤੀ ਤਬਾਹੀ ਦੇਖ ਕੇ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ:-

"ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ

ਮਹਲਾ ਅੰਦਰਿ ਹੋਦੀਆ ਹੁਣ ਬਹਣਿ ਨ ਮਿਲਨਿ ਹਦੂਰਿ ।੧।---[1]

ਐਮਨਾਬਾਦ ਦੇ ਉਜਾੜ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:-

"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਿਨਾਈ।
ਕਹਾ ਸੁ ਤੇਗ ਬੰਦ ਗਾਡੇਰੜ ਕਹਾ ਸੁ ਲਾਲ ਕਵਾਈ।
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ।੧।
ਇਹੁ ਜਗੁ ਤੇਰਾ ਤੂ ਗੋਸਾਈ।
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਈ।੧। ਰਹਾਉ ।[2]

ਬਾਬਰ ਦੇ ਜੁਲਮ ਨੂੰ ਦੇਖ ਕੇ ਗੁਰੂ ਜੀ ਨੇ ਇੰਜ ਲਿਖਿਆ ਹੈ:-

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਮੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ ।
ਕਰਤਾ ਤੂੰ ਸਭਨਾ ਕਾ ਸੋਈ ।
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ।੧। ਰਹਾਉ ।"[3]

ਕਹਿੰਦੇ ਹਨ ਕਿ ਏਥੇ ਗੁਰੂ ਸਾਹਿਬ ਨੂੰ ਬਾਬਰ ਨੇ ਕੈਦ ਵੀ ਕੀਤਾ। ਅਤੇ ਉਨ੍ਹਾਂ ਕੋਲੋਂ ਚੱਕੀ ਚਲਵਾਈ। ਪਰ ਉਨ੍ਹਾਂ ਦਾ ਅੰਗਮੀ ਨੂਰ ਦੇਖਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਗੁਰੂ ਸਾਹਿਬ ਨੂੰ ਸਮੇਤ ਹੋਰ ਕੈਦੀਆਂ ਦੇ ਛੱਡ ਦਿੱਤਾ। ਐਮਨਾਬਾਦ ਤੋਂ ਆਪ ਕਰਤਾਰ ਪੁਰ ਆ ਗਏ। ਕੁੱਝ ਸਮਾਂ ਏਥੇ ਟਿਕ ਕੇ ਸ਼ੁਭ ਕਰਮ ਧਰਮ ਦਾ ਪ੍ਰਚਾਰ ਕਰਦੇ ਰਹੇ । ਹੁਣ ਤੱਕ ਗੁਰੂ ਸਾਹਿਬ ਦੀ ਬਹੁਤ ਮਸ਼ਹੂਰੀ ਹੋ ਚੁੱਕੀ ਸੀ। ਇਸ ਲਈ ਕਰਤਾਰਪੁਰ ਵਿਚ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਦਾ ਤਾਂਤਾ ਬੱਝ ਗਿਆ। ਇਸ ਸਮੇਂ ਗੁਰੂ ਸਾਹਿਬ ਨੇ ਉਦਾਸੀ ਲਿਬਾਸ ਉਤਾਰ ਦਿੱਤਾ ਅਤੇ ਗ੍ਰਿਹਸਤੀਆਂ ਵਾਲੇ ਬਸਤਰ ਪਹਿਨ ਲਏ। ਗੁਰੂ ਜੀ ਆਪਣੇ ਹੱਥੀ ਖੇਤੀ ਕਰਨ ਲੱਗੇ। ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ:-" ਬਾਬਾ ਆਇਆ ਕਰਤਾਰ ਪੁਰ ਭੇਖ ਉਦਾਸੀ ਸਕਲ ਉਤਾਰਾ। ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ। "

---

1. ਆਸਾ ਅਸਟਪਦੀ-12, ਪੰਨਾ-417-418.
2. ਆਸਾ ਅਸਟਪਦੀ-12, ਪੰਨਾ-417-418.
3. ਆਸਾ ਪਦਾ-5, ਪੰਨਾ-360.

ਗੁਰੂ ਸਾਹਿਬ ਦੀ ਅਚੱਲ ਵਟਾਲੇ ਵਿਚ ਹੋਈ ਸਿੱਧਾਂ ਨਾਲ ਚਰਚਾ ਇਤਿਹਾਸ ਪ੍ਰਸਿੱਧ ਹੈ। ਅਚੱਲ ਦਾ ਭਾਵ ਹੈ ਅਡੋਲ ਭਾਵ ਪਹਾੜ। ਇਸ ਕਰਕੇ ਹੋ ਸਕਦਾ ਹੈ ਕਿ ਇਹ ਬਹਿਸ ਕੈਲਾਸ਼ ਪ੍ਰਬਤ ਤੇ ਹੋਈ ਹੋਵੇ। ਅੱਚਲ ਵਟਾਲੇ ਵਿਚ ਸ਼ਿਵਰਾਤਰੀ ਤੇ ਬਹੁਤ ਭਾਰਾ ਮੇਲਾ ਲੱਗਦਾ ਹੁੰਦਾ ਸੀ। ਇਕ ਵਾਰ ਅਜੇਹੇ ਮੇਲੇ ਦੇ ਸਮੇਂ ਗੁਰੂ ਨਾਨਕ ਵੀ ਅਚੱਲ ਵਟਾਲੇ ਆਏ। ਕੁੱਝ ਸਿੱਧ ਜਿਹੜੇ ਕਿ ਪਹਾੜਾਂ ਤੇ ਰਹਿੰਦੇ ਸਨ ਉਹ ਮੇਲੇ ਦੇ ਸਮੇਂ ਇਥੇ ਆ ਜਾਂਦੇ ਹਨ। ਅਤੇ ਲੋਕਾਂ ਕੋਲੋਂ ਆਪਣੀ ਸਿੱਧੀ ਦੇ ਜ਼ੋਰ ਨਾਲ ਧੰਨ ਪਦਾਰਥ ਲੈਕੇ ਚਲੇ ਜਾਂਦੇ ਸਨ। ਜਦੋਂ ਉਨਾਂ ਨੂੰ ਪਤਾ ਲੱਗਾ ਕਿ ਨਾਨਕ ਤੱਪਾ ਆਇਆ ਹੈ ਤਾਂ ਉਨਾਂ ਵਿਚ ਹੱਲ ਚੱਲ ਮੱਚ ਗਈ। ਅਤੇ ਉਹ ਗੁਰੂ ਸਾਹਿਬ ਦੇ ਨਾਲ ਗੋਸ਼ਟ ਕਰਨ ਆ ਗਏ। ਸਿੱਧਾਂ ਨਾਲ ਹੋਏ ਪ੍ਰਸ਼ਨ ਉਤੱਰ ਸਿੱਧ ਗੋਸ਼ਟਿ ਬਾਣੀ ਵਿਚ ਦਰਜ ਹਨ। ਕੁੱਝ ਪ੍ਰਸ਼ਨ ਇਸ ਤਰਾਂ ਹਨ:-

ਪ੍ਰਸ਼ਨ ਸਿਧਾਂ ਵਲੋਂ:- ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ।

ਉਤਰ :- ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿ ਗੁਰ ਭਾਏ।

ਪ੍ਰਸ਼ਨ :- ਦੁਨੀਆ ਸਾਗਰੁ ਦੁਤਰੁ ਤਰੀਐ ਕਿਤੁ ਕਰਿ ਪਾਈਐ ਪਾਰੋ ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ।

ਉਤਰ :- ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵਸਾਗਰ ਤਰੀਐ ਨਾਨਕ ਨਾਮੁ ਵਖਾਣੇ।

ਪ੍ਰਸ਼ਨ :- ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ।

ਉਤਰ :- ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ।

ਪ੍ਰਸ਼ਨ :- ਦਰਸਨ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ।
ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ।

ਉਤਰ :- ਅੰਤਰਿ ਸਬਦੁ ਨਿਰੰਤਰਿ ਮੁੰਦ੍ਰਾ ਹਉਮੈ ਮਮਤਾ ਦੂਰਿ ਕਰੀ।
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ।

ਪ੍ਰਸ਼ਨ :- ਕਵਨੁ ਸੁ ਆਵੈ ਕਵਨੁ ਸੁ ਜਾਇ ।
ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ।

ਉਤਰ :- ਮਨ ਮੁਖਿ ਬਿਨਸੈ ਆਵੈ ਜਾਇ । ਨਾਨਕ ਗੁਰਮੁਖਿ ਸਾਚਿ ਸਮਾਇ ।

ਪ੍ਰਸ਼ਨ :- ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ।
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ।

ਉੱਤਰ :- ਗੁਰਮੁਖਿ ਖੋਜਤ ਭੇਖ ਉਦਾਸੀ । ਦਰਸਨ ਕੈ ਤਾਈ ਭੇਖ ਨਿਵਾਸੀ ।

ਪ੍ਰਸ਼ਨ :- ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ।
ਕਾਹੇ ਕਉ ਤੁਝੁ ਇਹੁ ਮਨੁ ਲਾਇਆ ।

ਉੱਤਰ :- ਸਤਿ ਗੁਰ ਕੈ ਜਨਮੇ ਗਵਨੁ ਮਿਟਾਇਆ ।
ਅਨਹਤਿ ਰਾਤੇ ਇਹੁ ਮਨੁ ਲਾਇਆ ।

ਪ੍ਰਸ਼ਨ :- ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥

ਉੱਤਰ :- ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ।

ਪ੍ਰਸ਼ਨ :- ਕਵਣ ਮੂਲੁ ਕਵਣ ਮਤਿ ਵੇਲਾ ।
ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ ।

ਉੱਤਰ :- ਪਵਨ ਅਰੰਭੁ ਸਤਿਗੁਰ ਮਤਿ ਵੇਲਾ । ਸਬਦੁ ਗੁਰੂ ਸੁਰਤਿ ---

ਪ੍ਰਸ਼ਨ :- ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ।
ਗਿਆਨ ਕੀ ਮੁੰਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ।

ਉੱਤਰ :- ਬਿਨ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ।
ਸਬਦ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ।

ਪ੍ਰਸ਼ਨ :- ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ।
ਕਹਾ ਬਸੈ ਸੋ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ।

ਉੱਤਰ :- ਇਹੁ ਮਨ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ।
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ।

ਪ੍ਰਸ਼ਨ :- ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈ ਠੈ ਰਹਿਤਾ ।
ਨਾਭ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਿਤਾ ।

ਉੱਤਰ :- ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ।

ਨਾਭਿ ਕਮਲੁ ਅਸਥੰਭੁ ਨ ਹੋਤਾ ਤਾ ਨਿਜ ਘਰਿ ਬਸਤਉ ਪਵਨ ਅਨੁਰਾਗੀ ।

ਪ੍ਰਸ਼ਨ :- ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ।

ਉੱਤਰ :- ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ।

ਇਸ ਤਰਾਂ ਆਤਮ ਗਿਆਨ ਭਰਪੂਰ ਇਸ ਵਿਚਾਰ ਵਿਮਰਸ਼ ਤੋਂ ਸਿੱਧ ਬਹੁਤ ਪ੍ਰਭਾਵਿਤ ਹੋਏ। ਅਤੇ ਆਖਰ ਵਿਚ ਗੁਰੂ ਸਾਹਿਬ ਦੇ ਚਰਨੀ ਲੱਗ ਗਏ। ਸਿੱਧਾਂ ਦੀ ਇਹ ਆਖਰੀ ਹਾਰ ਸੀ।

ਅਚੱਲ ਦੇ ਮੇਲੇ ਪਿਛੋਂ ਗੁਰੂ ਸਾਹਿਬ ਚਣਯੋਨ ਦੇ ਪੀਰ ਬਰਹਾਂਸ਼ ਸ਼ਾਹ ਨੂੰ ਨਾਮ ਉਪਦੇਸ਼ ਦੇਕੇ ਮੁਲਤਾਨ ਜਾ ਪੁੱਜੇ। ਇਹ ਪੀਰਾਂ ਫਕੀਰਾਂ ਦਾ ਸੋਲਵੀਂ ਸਦੀ ਦਾ ਇਕ ਵੱਡਾ ਗੜ੍ਹ ਸੀ। ਜਦੋਂ ਗੁਰੂ ਸਾਹਿਬ ਮੁਲਤਾਨ ਪਹੁੰਚੇ ਤਾਂ ਪੀਰਾਂ ਵਿਚੋਂ ਸ਼ੇਖ ਰੁਕਨਦੀਨ ਨੇ ਇਕ ਦੁੱਧ ਦਾ ਕਟੋਰਾ ਨੱਕੋ ਨੱਕ ਭਰ ਕੇ ਗੁਰੂ ਜੀ ਕੋਲ ਭੇਜਿਆ ਜਿਸਦਾ ਭਾਵ ਸੀ ਕਿ ਮੁਲਤਾਨ ਤਾਂ ਅੱਗੇ ਹੀ ਪੀਰਾਂ ਫਕੀਰਾਂ ਨਾਲ ਇਸ ਕਟੋਰੇ ਵਾਂਗ ਭਰਿਆ ਪਿਆ ਹੈ। ਤੁਸੀਂ ਕਿਸੇ ਹੋਰ ਜਗਾ ਜਾਕੇ ਡੇਰਾ ਲਾਓ । ਗੁਰੂ ਸਾਹਿਬ ਨੇ ਕਟੋਰੇ ਉੱਤੇ ਚਮੇਲੀ ਦਾ ਫੁੱਲ ਰੱਖ ਦਿੱਤਾ । ਜਿਸ ਦਾ ਭਾਵ ਸੀ ਕਿ ਅਸੀਂ ਤੁਹਾਡੇ ਵਿਚ ਆਕੇ ਐਨੀ ਅਸਾਨੀ ਨਾਲ ਹੀ ਟਿੱਕ ਜਾਵਾਂਗੇ ਜਿਵੇਂ ਦੁੱਧ ਉੱਤੇ ਫੁੱਲ । ਇਸ ਉੱਤਰ ਤੋਂ ਪੀਰ ਬਹੁਤ ਪ੍ਰਭਾਵਿਤ ਹੋਏ ਅਤੇ ਉਨਾਂ ਨੇ ਗੁਰੂ ਸਾਹਿਬ ਦਾ ਬੜਾ ਆਦਰ ਭਰਿਆ ਸਵਾਗਤ ਕੀਤਾ। ਕੁੱਝ ਇਸਲਾਮੀ ਸ਼ਰਾ ਬਾਰੇ ਚਰਚਾ ਵੀ ਛਿੜੀ। ਪਰ ਉਹ ਗੁਰੂ ਸਾਹਿਬ ਸਾਹਮਣੇ ਟਿੱਕ ਨਾ ਸਕੇ। ਅਤੇ ਆਖਰਕਾਰ ਚਰਨੀ ਲੱਗ ਕੇ ਬੇਨਤੀ ਕੀਤੀ ਕਿ ਐ ਨਾਨਕ , " ਹਮ ਨੇ ਤੱਪ ਕੀਆ ਹੈ ਅਗ ਕਰਕੇ ਦੇਹਾਂ ਕੋ ਖੀਣ ਵੀ ਕਰ ਦੀਆ ਹੈ ਪਰ ਵਾਸ਼ਨਾਂ ਨਹੀਂ ਮਿਟਦੀਆਂ । ਇਹ ਕੀ ਕਾਰਣ ਹੈ ? ਤਬ ਸਾਹਿਬ ਕਿਹਾ ਜਹਾਂ ਤੀਕ ਸੱਪ ਨਾ ਮਾਰੀਏ ਤਹਾਂ ਖੁੱਡ ਦੇ ਪੁਟਿਆ ਕਿਆ ਹੋਤਾ ਹੈ । ਤੈਸੇ ਹੀ ਜਹਾਂ ਤੀਕ ਮਨ ਨਾ ਮਾਰੀਏ ਤਹਾਂ ਤੀਕ ਤਨ ਨੂੰ ਦੁੱਖੀ ਕੀਤਿਆ ਕਿਆ ਹੋਤਾ ਹੈ ।" (ਗਿਆਨ ਰਤਨਾਗਰ )

ਇਸ ਤਰਾਂ ਦਾ ਉਪਦੇਸ਼ ਸੁਣਕੇ ਪੀਰਾਂ ਨੇ ਆਪਣੀ ਭੁੱਲ ਦੀ ਖਿੱਮਾਂ ਮੰਗੀ। ਅਤੇ ਮੁਰੀਦ ਬਣਕੇ ਨਾਮ ਉਪਦੇਸ਼ ਪ੍ਰਾਪਤ ਕੀਤਾ। ਮੁਲਤਾਨ ਫੇਰੀ ਪਿਛੋਂ ਗੁਰੂ ਸਾਹਿਬ ਵਾਪਿਸ ਕਰਤਾਰ ਪੁਰ ਆ ਗਏ। ਇਥੇ ਸੰਗਤਾਂ ਦੀ ਗਹਿਮਾਂ ਗਹਿਮ ਫਿਰ ਹੋ ਗਈ । ਭਾਈ ਗੁਰਦਾਸ ਜੀ ਇਸ ਤਰਾਂ ਲਿਖਦੇ ਹਨ:-

"ਜਿਆਰਤ ਕਰ ਮੁਲਤਾਨ ਦੀ ਫਿਰ ਕਰਤਾਰ ਪੁਰੇ ਨੂੰ ਆਯਾ ।
ਚੜ੍ਹੇ ਸਵਾਈ ਦਹ ਦਿਹੀ ਕਲਜੁਗ ਨਾਨਕ ਨਾਮ ਧਿਆਯਾ ।
ਵਿਣ ਨਾਵੈ ਹੋਰ ਮੰਗਣਾ ਸਿਰ ਦੁਖ ਦੇ ਦੁਖ ਸਬਾਯਾ ।
ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ ।

(ਵਾਰ ਪਹਲੀ )

ਜਿਵੇਂ ਕਿ ਅਸੀਂ ਦੇਖਿਆ ਹੈ ਕਿ ਆਪਣੀਆਂ ਯਾਤ੍ਰਾਵਾਂ ਦੇ ਦੌਰਾਨ ਗੁਰੂ ਸਾਹਿਬ ਮਧ ਏਸ਼ੀਆ ਵਿੱਚ- ਸਾਊਦੀ ਅਰਬ, ਇਰਾਕ, ਸੀਰੀਆ, ਫੈਲਸਟਾਈਨ, ਮਿਸਰ, ਤੁਰਕੀ, ਇਰਾਨ, ਰੂਸ, ਤੁਰਕਸਤਾਨ ਅਤੇ ਅਫ਼ਗਾਨਿਸਤਾਨ ਵੀ ਗਏ । ਇਨਾਂ ਦੇਸ਼ਾਂ ਵਿੱਚ ਉਹ ਇਸਲਾਮ ਤੋਂ ਇਲਾਵਾ ਦੂਜੇ ਮਧ ਏਸ਼ੀਆ ਦੇ ਧਰਮਾਂ ਪਾਰਸੀ, ਯਹੂਦੀ ਅਤੇ ਇਸਾਈ- ਦੇ ਕੇਂਦਰਾਂ ਵਿੱਚ ਵੀ ਜ਼ਰੂਰ ਗਏ ਹੋਣਗੇ ।

ਭਾਵੇਂ ਇਨਾਂ ਧਰਮਾਂ ਦੇ ਅਨੁਆਈਆਂ ਨਾਲ ਹੋਈ ਗਲ ਬਾਤ ਬਹੁਤੀ ਸਪੱਸ਼ਟ ਰੂਪ ਵਿੱਚ ਸਾਹਮਣੇ ਨਹੀਂ ਆਉਂਦੀ । ਫਿਰ ਵੀ ਅਸੀਂ ਇਨਾਂ ਧਰਮਾਂ ਦਾ ਅਧਿਐਨ ਕਰਦੇ ਹੋਏ ਗੁਰੂ ਸਾਹਿਬ ਦੇ ਵਿਚਾਰਾਂ ਨਾਲ ਇਨਾਂ ਦੀ ਸਮਾਨਤਾ ਦੇਖਣ ਦਾ ਯਤਨ ਕਰਾਂਗੇ ।[1]

## ਯਹੂਦੀ ਧਰਮ

ਯਹੂਦੀ ਧਰਮ ਮੱਧ ਏਸ਼ੀਆ ਦਾ ਸਭ ਤੋਂ ਪੁਰਾਣਾ ਧਰਮ ਹੈ । ਇਹ ਦੂਰ ਦੂਰ ਤੱਕ ਫੈਲੇ ਹੋਏ ਦੋ ਧਰਮਾਂ- ਈਸਾਈ ਅਤੇ ਇਸਲਾਮ ਦਾ ਜਨਮਦਾਤਾ ਹੈ । ਜੇਰਸਲਮ ਇਸ ਦਾ ਮੁੱਖ ਕੇਂਦਰ ਹੈ । ਯਹੂਦੀ ਧਰਮ ਇਜ਼ਰਾਇਲ ਦੇ ਲੋਕਾਂ ਦੇ ਚੁਣੇ ਹੋਏ ਲੋਕਾਂ ਦਾ ਧਰਮ ਹੈ । ਇਸ ਧਰਮ ਦੇ ਮੂਲ ਸਿਧਾਂਤ ਦੋ ਹਨ:- ਏਕੀਸ਼ਰਵਾਦ ਅਤੇ ਇਜ਼ਰਾਇਲ ਦੀ ਚੁਣੀ ਹੋਈ ਧਰਤੀ । ਰੱਬ ਕੇਵਲ ਇੱਕ ਹੈ ਜੋ ਸਰਵ-ਵਿਆਪਕ ਹੈ, ਸਰਵ ਗਿਆਤਾ, ਸਰਵਸ਼ਕਤੀਮਾਨ ਅਮਰ, ਨਿਆਂਕਾਰੀ ਅਤੇ ਦਿਆਲੂ ਹੈ । ਉਸ ਨੇ ਆਦਮੀ ਨੂੰ ਆਪਣੇ ਪਰਛਾਵੇਂ ਵਿਚੋਂ ਸਿਰਜਿਆ ਹੈ । ਆਦਮੀ ਪਰਮਾਤਮਾ ਦੇ ਪਿਆਰ ਅਤੇ ਕਿਰਪਾ ਸਦਕਾ ਸੰਪੂਰਨਤਾ ਪ੍ਰਾਪਤ ਕਰ ਸਕਦਾ ਹੈ । ਜੇ ਮਨੁੱਖ ਆਪਣਾ ਜੀਵਨ ਠੀਕ ਤਰਾਂ ਜੀਊਣਾਂ ਚਾਹੁੰਦਾ ਹੈ ਤਾਂ ਉਸ ਨੂੰ ਸਦਾਚਾਰਕ ਤੌਰ ਤੇ ਨਿਯਮਬੱਧ ਰਹਿਣਾ ਚਾਹੀਦਾ ਹੈ । ਰੱਬ ਤੇ ਮਨੁੱਖ ਦੇ ਵਿਚਾਲੇ ਕਿਸੇ ਵਿਚੋਲੇ ਦੀ ਜ਼ਰੂਰਤ ਨਹੀਂ । ਮੂਰਤੀ ਪੂਜਾ ਅਤੇ ਬਹੁਦੇਵ-ਵਾਦ ਨੂੰ ਨਿੰਦਿਆ ਗਿਆ ਹੈ । ਮਨੁੱਖ ਜੀਵ ਦਾ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਹੈ । ਆਪੇ ਦਾ ਤ੍ਰਿਸਕਾਰ ਕਰਨਾ ਪਾਪ ਹੈ, ਸਵੈ-ਕੁਰਬਾਨੀ ਪੁੰਨ ਹੈ ।

ਆਤਮਾ ਰੱਬ ਦਾ ਸਾਰ ਹੈ ਅਤੇ ਰੱਬ ਵਾਂਗੂ ਇਹ ਅਮਰ ਹੈ, ਵਿਸ਼ਵ ਨੂੰ ਰੱਬ ਨੇ "ਕੁੱਝ ਨਹੀਂ" ਵਿਚੋਂ ਆਪਣੇ ਸ਼ਬਦ ਦੁਆਰਾ ਪੈਦਾ ਕੀਤਾ ਹੈ । ਰੱਬੀ ਰੱਬ ਦੀ ਸਿਰਜਨਾ ਵੀ ਚੰਗੀ ਹੈ । ਜਿਹੜਾ ਕੋਈ ਰੱਬ ਦੀ ਇਛਾ ਤੋਂ ਅਗਾਂਹ ਜਾਂਦਾ ਹੈ ਉਹ ਪਾਪ ਕਮਾਉਂਦਾ ਹੈ । ਜਦੋਂ ਆਦਮੀ ਦੈਵੀ ਰਾਹ ਛਡ

---

1. Dr. S.S. Kohli.,"Philosophy of Guru Nanak."Page-104.

ਕੇ ਆਪਣੀਆਂ ਇੰਦ੍ਰੀਆਂ ਪਿਛੇ ਜਾਂਦਾ ਹੈ ਤਾਂ ਬੁਰਾਈ ਪੈਦਾ ਹੋ ਜਾਂਦੀ ਹੈ। ਇਸ ਬੁਰਾਈ ਦੀ ਹੋਂਦ ਮਨੁੱਖਾਂ ਲਈ ਇਕ ਪ੍ਰਕਾਰ ਦਾ ਇਮਤਿਹਾਨ ਹੈ। ਪਰਮਾਤਮਾ ਦਾ ਨਾਮ ਪਵਿੱਤਰ ਹੈ, ਇਸ ਲਈ ਉਸ ਦਾ ਉਚਾਰਨ ਨਹੀਂ ਕਰਨਾ ਚਾਹੀਦਾ ਤਾਂ ਜੁ ਕਿਤੇ ਅਪਵਿੱਤਰ ਨਾ ਹੋ ਜਾਵੇ। ਮਨੁੱਖ ਨੂੰ ਆਪਣਾ ਜੀਵਨ ਰਾਹ ਅਪਨਾਉਣ ਲਈ ਅਜ਼ਾਦ ਇਛਾ ਸ਼ਕਤੀ ਦਿੱਤੀ ਗਈ ਹੈ। ਸੱਚੀ ਅਤੇ ਸੁਆਰਥ ਰਹਿਤ ਪ੍ਰਾਰਥਨਾ ਸਾਨੂੰ ਪਰਮਾਤਮਾ ਕੋਲ ਲੈ ਜਾਂਦੀ ਹੈ। ਜ਼ੁਲਮਾਂ ਦਾ ਪਛਤਾਵਾ ਰੱਬ ਨਾਲ ਪਿਆਰ ਅਤੇ ਮਨੁੱਖਤਾ ਦੀ ਸੇਵਾ ਮਨੁੱਖ ਲਈ ਲਾਜ਼ਮੀ ਚੀਜ਼ਾਂ ਹਨ।

ਮੋਜ਼ਿਜ਼ ਯਹੂਦੀ ਧਰਮ ਦਾ ਪਹਿਲਾ ਮਸੀਹ ਸੀ। ਰੱਬ ਨੇ ਉਸ ਰਾਹੀਂ ਚੁਣੇ ਹੋਏ ਲੋਕਾਂ ਨੂੰ ਦੱਸ ਹੁੱਕਮ ਦਿੱਤੇ। ਇਹ ਦਸ ਹੁੱਕਮ ਸਦਾਚਾਰ ਦਾ ਅਧਾਰ ਹਨ। ਮੋਜ਼ਿਜ਼ ਦੀ ਕਿਤਾਬ ਨੂੰ "ਤੌਰਾਹ" ਜਾਂ ਓਲਡ ਟੈਸਟਾਮੈਂਟ ਕਿਹਾ ਜਾਂਦਾ ਹੈ। ਅਤੇ ਡੇਵਿਡ ਦੀ ਪੁਸਤਕ ਨੂੰ ਜਾਬੂਰ ਕਿਹਾ ਜਾਂਦਾ ਹੈ। ਇਹ ਦੋਵੇਂ ਪੁਸਤਕਾਂ ਮੱਧ ਏਸ਼ੀਆ ਦੀਆਂ ਚਾਰ ਪਵਿੱਤਰ ਪੁਸਤਕਾਂ (ਬਾਈਬਲ, ਕੁਰਾਨ, ਤੌਰਾਹ, ਜਾਬੂਰ ) ਵਿੱਚ ਸ਼ਾਮਲ ਹਨ। ਗੁਰੂ ਸਾਹਿਬ ਇਨ੍ਹਾਂ ਪੁਸਤਕਾਂ ਵਲ ਸੰਕੇਤ ਦੇਣ ਲਈ (ਕਤੇਬ) ਸ਼ਬਦ ਵਰਤਦੇ[1] ਹਨ।

ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਇਨ੍ਹਾਂ ਵਿਚਾਰਾਂ ਵਿਚੋਂ ਕੁੱਝ ਇਕ ਨਾਲ ਵਿਭਿੰਨਤਾ ਹੈ ਅਤੇ ਕੁੱਝ ਇਕ ਨਾਲ ਸਮਾਨਤਾ ਹੈ। ਪਹਿਲੀ ਗੱਲ ਤਾਂ ਇਹ ਕਿ ਗੁਰੂ ਸਾਹਿਬ ਜੀ ਮਨੁੱਖਤਾ ਦੀ ਏਕਤਾ ਵਿਚ ਵਿਸ਼ਵਾਸ਼ ਰੱਖਦੇ ਹਨ। ਗੁਰੂ ਸਾਹਿਬ ਅਨੁਸਾਰ ਕੋਈ ਵੀ ਰੱਬ ਦੇ ਵਿਸ਼ੇਸ਼ ਚੁਣੇ ਹੋਏ ਬੰਦੇ ਨਹੀਂ । ਸਭ ਰੱਬ ਦੇ ਬੱਚੇ ਹਨ ।[2] ਰੱਬ ਦਾ ਭੈ ਸਭ ਲਈ ਮੰਨਣਾ ਲਾਜ਼ਮੀ ਹੈ ਅਤੇ ਭੈ ਬਿਨ੍ਹਾਂ ਕੋਈ ਵੀ ਸੰਸਾਰ ਦੇ ਭਵਜਲ ਨੂੰ ਪਾਰ ਨਹੀਂ ਕਰ ਸਕਦਾ।[3] ਹਰ ਕੋਈ ਉਸ ਦਾਤੇ ਕੋਲੋਂ ਦਾਤਾਂ ਮੰਗਦਾ ਹੈ.ਤੇ ਉਹ ਇਕੱਲਾ ਹੀ ਸਭ ਨੂੰ ਸਭ ਕੁੱਝ ਦੇਂਦਾ ਹੈ।[4] ਉਹ ਹਰ ਇਕ ਦੇ ਅੰਦਰ ਹੈ ਇਸ ਲਈ ਉਹ ਹਰ ਇਕ ਲਈ ਹੈ। ਇਸ ਲਈ ਕਿਸੇ ਇਕ ਕੌਮ ਨੂੰ ਚੁਣੀ ਹੋਈ ਕੌਮ ਨਹੀਂ ਕਿਹਾ ਜਾ ਸਕਦਾ । ਪਰਮਾਤਮਾ ਲਈ ਕੋਈ ਧਰਤੀ ਪਵਿੱਤਰ ਨਹੀਂ ਕਿਉਂਜੋ ਉਹ ਹਰ ਥਾਂ ਵਿਆਪਕ ਹੈ ।[5] ਰੱਬੀ ਅਨੁਭਵ ਲਈ ਰੱਬ ਦੇ ਨਾਮ ਦਾ ਸਿਮਰਨ ਕਰਨਾ ਸਭ ਤੋਂ ਉਤਮ ਹੈ। ਇਹ ਨਾਮ ਕੇਵਲ

---

1. "ਵੇਦ ਕਤੇਬੀ ਭੇਦ ਨਾ ਜਾਤਾ" (ਮਾਰੂ ਸੋਹਲੇ-2, ਪੰਨਾ-1021.)
2. "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ।" (ਆਸਾ ਪਦੇ-3, ਪੰਨਾ -349.)
3. ਭੈ ਬਿਨ ਕੋਈ ਨ ਲੰਘਸਿ ਪਾਰਿ । (ਗਉੜੀ ਪੰਨਾ-151 )
4. ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ । (ਸਿਰੀ ਪਦਾ-11, ਪੰਨਾ- 18.)
5. ਸਰਬ ਨਿਰੰਤਰ ਆਪੇ ਆਪ।" (ਆਸਾ , ਪੰਨਾ-412.)

ਗੁਰੂ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹ ਸਾਨੂੰ ਰਾਹ ਦਿਖਾਉਂਦਾ ਹੈ ਅਤੇ ਗਿਆਨ ਦੀ ਰੋਸ਼ਨੀ ਦਿੰਦਾ ਹੈ।

ਪਰ ਕਈ ਵਿਚਾਰਾਂ ਵਿਚ ਸਮਾਨਤਾ ਵੀ ਹੈ । ਜਿਵੇਂ ਦੋਨੋਂ -ਯਹੂਦੀ ਅਤੇ ਸਿੱਖ ਮਤ ਏਕੀਸ਼ਵਰਦਾਵੀ ਧਰਮ ਹਨ। ਦੋਨੋਂ ਮੂਰਤੀ ਪੂਜਾ ਅਤੇ ਬਹੁਦੇਵ-ਵਾਦ ਦੇ ਵਿਰੋਧੀ ਹਨ। ਦੋਨੋਂ ਮਨੁੱਖ ਦੇ ਸਦਾਚਾਰ ਅਤੇ ਠੀਕ ਹੁੱਕਮ ਵਿਚ ਵਿਸ਼ਵਾਸ਼ ਰੱਖਦੇ ਹਨ। ਪਰ ਗੁਰੂ ਨਾਨਕ ਦੇਵ ਜੀ ਦੇ ਧਰਮ ਵਿਚ ਜੋ ਰਹਸ ਅਤੇ ਅਧਿਆਤਮਿਕਤਾ ਹੈ ਉਹ ਯਹੂਦੀ ਧਰਮ ਵਿਚ ਨਹੀਂ। ਬਹੁਤ ਦੇਰ ਬਾਅਦ ਲਗਪਗ 13ਵੀਂ ਸਦੀ ਵਿਚ ਆਕੇ ਯਹੂਦੀ ਧਰਮ ਵਿਚ ਇਕ ਰਹਸਵਾਦੀ ਲਹਿਰ ਚਲੀ ਪਰ ਇਹ ਰਹਸ ਧਾਰਮਿਕ ਪੁਸਤਕਾਂ ਦੇ ਸ਼ਬਦਾਂ ਅਤੇ ਅੰਕਾਂ ਦੇ ਛਪੇ ਹੋਏ ਅਰਥਾਂ ਤੱਕ ਹੀ ਸੀਮਤ ਸੀ। ਉਹ ਆਤਮਿਕ ਉਚਿਆਈਆਂ ਜਿਹੜੀਆਂ ਗੁਰੂ ਸਾਹਿਬ ਨੇ ਛੂਹੀਆਂ ਹਨ, ਯਹੂਦੀ ਮੱਤ ਵਿਚ ਨਹੀਂ। ਯਹੂਦੀ ਧਰਮ ਇਕ ਪੁਜਾਰੀ ਜਗਤ ਨੂੰ ਕਾਇਮ ਕਰਦਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਪੁਜਾਰੀ ਸ਼੍ਰੇਣੀ ਦੀ ਵਿਰੋਧਤਾ ਕੀਤੀ ਹੈ ਅਤੇ ਸਭ ਮਨੁੱਖਾਂ ਵਿਚ ਭਰਾਤਰੀ ਭਾਵ ਦੀ ਭਾਵਨਾ ਪੈਦਾ ਕੀਤੀ ਹੈ। ਯਹੂਦੀ ਧਰਮ ਰਸਮਾਂ ਦਾ ਧਰਮ ਹੈ ਜਦ ਕਿ ਸਿੱਖ ਮਤ ਦਾ ਸੁਭਾ ਅਧਿਆਤਮਿਕ ਹੈ।

## ਪਾਰਸੀ ਧਰਮ

ਇਸ ਧਰਮ ਦੇ ਬਾਨੀ ਜ਼ੋਰੋਸ਼ਟਰ ਹਨ। ਇਨ੍ਹਾਂ ਨੇ ਪਰਸੀਆ ਵਿਚ ਇਸ ਧਰਮ ਦੀ ਨੀਂਹ ਰੱਖੀ। ਇਸ ਧਰਮ ਦੀਆਂ ਧਾਰਮਿਕ ਪੁਸਤਕਾਂ ਨੂੰ "ਜਿੰਦਾ ਅਵੇਸਤਾ" ਕਿਹਾ ਜਾਂਦਾ ਹੈ ਜਿਨ੍ਹਾਂ ਵਿਚ ਜ਼ੋਰੋਸ਼ਟਰ ਨੂੰ ਬਿਆਨ ਕਰਦੀਆਂ ਕਥਾਵਾਂ ਦਾ ਵਰਣਨ ਹੈ। ਜ਼ੋਰੋਸ਼ਟਰ ਅਨੁਸਾਰ ਦੋ ਤਰ੍ਹਾਂ ਦੀਆਂ ਆਤਮਾਵਾਂ ਹਨ--ਅਹੁਰਮਾਜ਼ਦਾ ਅਤੇ ਅਹਰੀਮਨ । ਅਹੁਰਮਾਜ਼ਦਾ ਅਕਲਮੰਦੀ ਅਤੇ ਅਮਰ ਰੋਸ਼ਨੀ ਦਾ ਲਖਾਇਕ ਹੈ ਅਤੇ ਅਹਰੀਮਨ ਬੁਰੀ ਆਤਮਾ ਹੈ। ਇਨ੍ਹਾਂ ਦੋਨੋਂ ਆਤਮਾਵਾਂ ਦਾ ਜਨਮ ਜੁੜਵਾ ਹੀ ਹੋਇਆ। ਇਹ ਵਿਚਾਰਾਂ, ਸ਼ਬਦਾਂ ਅਤੇ ਕੰਮਾਂ ਵਿਚ ਚੰਗੀ ਅਤੇ ਮੰਦੇ ਰੂਪ ਵਿਚ ਨਾਲ ਨਾਲ ਹੀ ਰਹਿੰਦੇ ਹਨ। ਜਿਹੜੇ ਅਕਲਮੰਦ ਹਨ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਠੀਕ ਕੀ ਹੈ ਪਰ ਬੇਅਕਲਾਂ ਨੂੰ ਪਤਾ ਨਹੀਂ ਲਗਦਾ।[1] ਅਹੁਰਮਾਜ਼ਦਾ ਜਾਂ ਪਵਿੱਤਰ ਆਤਮਾ ਚੰਗਾਈ ਦਾ ਪਸਾਰ ਕਰਦੀ ਹੈ ਅਤੇ ਬੁਰੀ ਆਤਮਾ ਅਹਰੀਮਨ, ਬੁਰਾਈ ਦਾ ਪਸਾਰ ਕਰਦੀ ਹੈ। ਅਹੁਰਮਾਜ਼ਦਾ ਰੋਸ਼ਨੀ ਹੈ ਅਤੇ ਅਹਰੀਮਨ ਹਨੇਰਾ ਹੈ। ਅਹੁਰਮਾਜ਼ਦਾ ਸਚਾਈ ਦੀ ਪ੍ਰਤੀਨਿਧ ਕਰਦੀ ਹੈ ਪਰ ਅਹਰੀਮਨ ਝੂਠ ਦੀ, ਉਂਜ ਚੰਗਾਈ ਦੇ ਵੀ ਸੱਤ ਰੂਪ ਹਨ- ਸਤ ਆਤਮਾਵਾਂ ਹਨ ਅਤੇ ਬੁਰਾਈ ਦੀਆਂ ਵੀ ।

1. Ys. xxx.

ਅਹੁਰਮਾਜ਼ਦਾ ਸਰਵ ਵਿਆਪਕ ਹੈ, ਸਰਵ-ਗਿਆਤਾ ਹੈ ਅਤੇ ਸਰਵ ਸ਼ਕਤੀਮਾਨ ਹੈ । ਉਹ ਸਿਰਜਨਾ ਕਰਦਾ ਹੈ ਅਤੇ ਸਿਰਜਨਾ ਦੀ ਪਾਲਨਾ ਕਰਦਾ ਹੈ । ਉਸ ਵਿੱਚ ਬਹੁਤ ਸਾਰੇ ਗੁਣ ਹਨ । ਉਹ ਸੱਚਾ ਦੋਸਤ ਹੈ, ਦਿਆਲੂ ਰਾਜਾ ਹੈ, ਪਿਤਾ ਹੈ । ਅੰਤ ਤੇ ਉਹੋ ਵਿਆਪਕ ਹੋਵੇਗਾ ਅਤੇ ਵਿਸ਼ਵ ਨੂੰ ਪੂਰਨਤਾ ਵੱਲ ਲੈ ਜਾਵੇਗਾ । ਅਹਰੀਮਨ ਆਖਿਰ ਅਹੁਰਮਾਜ਼ਦਾ ਦੀ ਹਾਰ ਮੰਨ ਲਵੇਗਾ । ਇਸ ਤਰ੍ਹਾਂ ਚੰਗਿਆਈ ਅਤੇ ਬੁਰਾਈ ਵਿਚਲੀ ਲੜਾਈ ਖਤਮ ਹੋ ਜਾਵੇਗੀ ।

ਗੁਰੂ ਨਾਨਕ ਦੇਵ ਜੀ ਪਾਰਸੀ ਧਰਮ ਦੇ ਦ੍ਵੈਤਵਾਦ ਨੂੰ ਮਨਜ਼ੂਰ ਨਹੀਂ ਕਰਦੇ । ਉਹ ਕੇਵਲ ਇੱਕੋ ਰੱਬ ਵਿੱਚ ਵਿਸ਼ਵਾਸ਼ ਰੱਖਦੇ ਹਨ । ਜਿਹੜਾ ਚੰਗਿਆਈ ਅਤੇ ਬੁਰਾਈ ਦੋਹਾਂ ਦਾ ਕਰਤਾ ਹੈ । ਜਪੁਜੀ ਵਿੱਚ ਗੁਰੂ ਸਾਹਿਬ ਚੰਗੀ ਅਤੇ ਮੰਦੀ ਦੋਵੇਂ ਤਰ੍ਹਾਂ ਦੀ ਸਿਰਜਨਾ ਦਾ ਬਿਆਨ ਕਰਕੇ ਕਰਤਾ ਅੱਗੇ ਨਮਸਕਾਰ ਕਰਦੇ ਹਨ ਕਿ ਹੇ ਕਰਤਾਰ ਇਹ ਦੋਵੇਂ ਤੇਰੀ ਹੀ ਸਿਰਜਨਾ ਹਨ । ਪਾਰਸੀ ਮੰਦਰਾਂ ਵਿੱਚ ਪਵਿੱਤਰ ਅੱਗ ਹਮੇਸ਼ਾਂ ਬਲਦੀ ਰੱਖੀ ਜਾਂਦੀ ਹੈ ਜਿਸ ਦੇ ਸੱਤ ਰੰਗ ਉਨ੍ਹਾਂ ਦੇ ਸੱਤ ਦੇਵ ਰੂਪਾਂ ਦੀ ਪ੍ਰਤੀਨਿਧਤਾ ਕਰਦੀ ਹੈ । ਹਰ ਘਰ ਵਿੱਚ ਵੀ ਪਵਿੱਤਰ ਅੱਗ ਬਲਦੀ ਰੱਖੀ ਜਾਂਦੀ ਹੈ । ਪਾਰਸੀਆਂ ਨੂੰ ਅੱਗ ਦੇ ਪੁਜਾਰੀ ਕਿਹਾ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਨੇ ਮੱਧ ਏਸ਼ੀਆ ਵਿੱਚ ਕਈ ਅੱਗ ਦੀ ਪੂਜਾ ਕਰਨ ਵਾਲੇ ਮੰਦਰਾਂ ਦੀ ਯਾਤਰਾ ਕੀਤੀ ।[1] ਅਤੇ ਪੁਜਾਰੀਆਂ ਵਿੱਚ ਆਪਣੇ ਧਰਮ ਦਾ ਪ੍ਰਚਾਰ ਕੀਤਾ । ਉਹ ਹਰ ਪ੍ਰਕਾਰ ਦੇ ਕਰਮ ਕਾਂਡ ਦੇ ਵਿਰੋਧੀ ਸਨ । ਗੁਰੂ ਨਾਨਕ ਦੇਵ ਜੀ ਪਾਰਸੀਆਂ ਦੇ ਬਹੁਦੇਵਵਾਦ ਨਾਲ ਵੀ ਸਹਿਮਤ ਨਹੀਂ ਸਨ । ਬੇਸ਼ੱਕ ਉਹ ਵਿਸ਼ਵ ਵਿੱਚ ਹੋ ਰਹੀ ਚੰਗਿਆਈ ਅਤੇ ਬੁਰਾਈ ਦੇ ਘੋਲ ਨੂੰ ਮੰਨਦੇ ਸਨ ਪਰ ਉਨ੍ਹਾਂ ਅਨੁਸਾਰ ਅਸਲ ਵਿੱਚ ਚੰਗਾ ਮਾੜਾ ਕੁੱਝ ਨਹੀਂ, ਕੇਵਲ ਪਰਮਾਤਮਾ ਦਾ ਹੁਕਮ ਚੰਗਾ ਹੈ ।[2]

## ਈਸਾਈ ਮੱਤ

ਈਸਾਈਆਂ ਨੂੰ ਗੁਰੂ ਸਾਹਿਬ ਕੇਵਲ ਮੱਧ ਏਸ਼ੀਆ ਵਿੱਚ ਹੀ ਨਹੀਂ, ਸਗੋਂ ਕੇਰਲਾ ਵਿੱਚ ਵੀ ਮਿਲੇ ।[3] ਡਾ: ਕੋਹਲੀ ਜੀ ਦਾ ਵਿਚਾਰ ਹੈ ਕਿ ਗੁਰੂ ਨਾਨਕ ਰੋਮ ਵੀ ਗਏ ਅਤੇ ਉਸ ਸਮੇਂ ਦੇ ਪੋਪ ਨੂੰ ਵੀ ਮਿਲੇ ।[4]

---

1. Dr. S.S. Kohli., "Philosophy of Guru Nanak." Page-110.
2. ਹਮ ਨਹੀ ਚੰਗੇ ਬੁਰਾ ਨਹੀ ਕੋਇ
   ਪ੍ਰਣਵਤਿ ਨਾਨਕੁ ਤਾਰੇ ਸੋਇ ।" (ਸੂਹੀ ਚਉਪਦੇ-2, ਪੰਨਾ-728)
3. Dr. S.S. Kohli., "Philosophy of Guru Nanak." Page-110.
4. ਓਹੀ ।

ਈਸਾ ਮਸੀਹ ਦੇ ਜਨਮ ਨਾਲ ਯਹੂਦੀਆਂ ਦੀ ਪੁਰਾਣੀ ਭਵਿਸ਼ ਬਾਣੀ ਕਿ ਧਰਤੀ ਉਤੇ "ਮਸੀਹ" ਆਵੇਗਾ ਅਤੇ "ਰੱਬ ਦਾ ਰਾਜ" ਕਾਇਮ ਕਰੇਗਾ, ਪੂਰੀ ਹੋ ਗਈ। ਅਸਲ ਵਿਚ ਇਸਾਈ ਮੱਤ ਯਹੂਦੀ ਮਤ ਦਾ ਹੀ ਇਤਿਹਾਸਕ ਵਿਕਾਸ ਹੈ। ਇਹ ਪੁਰਾਣੇ ਯਹੂਦੀ ਸੰਤਾਂ ਦੇ ਸਦਾਚਾਰਕ ਏਕੀਸ਼ਵਰਵਾਦ ਨੂੰ ਮੰਨਦਾ ਹੈ। ਪਰ ਜਿਥੇ ਈਸਾਈ ਮਤ ਵਿਚ ਰੱਬ ਦਾ ਸੰਕਲਪ ਏਕੀਸਰਵਾਦੀ ਹੈ ਉਥੇ ਇਹ ਤ੍ਰਿੱਕੇ ( Trinity ) ਵਿਚ ਵੀ ਵਿਸ਼ਵਾਸ ਰੱਖਦਾ ਹੈ। ਇਸ ਤ੍ਰਿੱਕੇ ਵਿਚ ਪਿਤਾ ( ਰੱਬ ) ਪੁੱਤਰ (ਈਸਾ ਮਸੀਹ ) ਅਤੇ ਪਵਿੱਤਰ ਆਤਮਾ ਹਨ। ਇਨ੍ਹਾਂ ਤਿੰਨਾਂ ਨੂੰ "ਇੱਕ" ਵੀ ਮੰਨਿਆ ਜਾਂਦਾ ਹੈ।

ਈਸਾਈਆਂ ਦਾ ਮਤ ਹੈ ਕਿ ਮਨੁੱਖ ਠੀਕ ਜਾਂ ਗਲਤ ਚੋਣ ਕਰਨ ਲਈ ਸੁਤੰਤਰ ਹੈ। ਮਨੁੱਖ ਆਪਣੇ ਆਦਿ ਪਾਪ ਕਾਰਨ ਗਿਰ ਗਿਆ ਹੈ। ਪਾਪ ਅਤੇ ਸਵੈ ਗਿਲਾਨੀ ਵਿਚ ਜਕੜੇ ਮਨੁੱਖ ਸਬਰ, ਵਿਸ਼ਵਾਸ਼ ਅਤੇ ਪਿਆਰ ਨਾਲ ਮੁਕਤੀ ਪ੍ਰਾਪਤ ਕਰ ਸਕਦੇ ਹਨ। ਉਹ ਈਸਾ ਮਸੀਹ ਵਿਚ ਰੱਬੀ ਕਿਰਪਾ ਨੂੰ ਸਵੀਕਾਰ ਕਰਦਾ ਹੈ। ਇਹ ਵਿਸ਼ਵਾਸ਼ ਇਕ ਈਸਾਈ ਦੀ ਗੰਦਗੀ ਨੂੰ ਦੂਰ ਕਰਦਾ ਹੈ। ਈਸਾ ਮਸੀਹ ਦੈਵੀ ਅਤੇ ਸੰਪੂਰਨ ਹੈ। ਉਸ ਦੀ ਆਤਮਾ ਬੱਚੇ ਵਰਗੀ ਹੈ। ਉਸ ਨੇ ਮਨੁੱਖ ਦੀ ਖਾਤਰ ਹੀ ਜਨਮ ਧਾਰਨ ਕੀਤਾ।

ਈਸਾ ਮਸੀਹ ਸਭ ਦਾ ਰਖਿਅਕ ਹੈ ਅਤੇ ਸਭ ਲੋਕਾਂ ਨੂੰ ਪਾਪਾਂ ਤੋਂ ਮੁਕਤ ਕਰਦਾ ਹੈ। ਉਹ ਮਨੁੱਖਤਾ ਨੂੰ ਉਚਾ ਚੁੱਕਦਾ ਹੈ ਅਤੇ ਲੋਕਾਂ ਦੀ ਅਗਿਆਨਤਾ ਨੂੰ ਘੱਟ ਕਰਦਾ ਹੈ। ਉਹ ਆਪਣੀ ਕੁਰਬਾਨੀ ਦੇਕੇ ਮਨੁੱਖਤਾ ਦਾ ਸੁਧਾਰ ਕਰਦਾ ਹੈ।

ਈਸਾ ਮਸੀਹ ਦਾ ਕੁਰਬਾਨੀ ਦੇਣਾ ਇਕ ਪ੍ਰਕਾਰ ਨਾਲ ਮੁੜ ਅਵਤਾਰ ਧਾਰਨ ਕਰਨਾ ਹੈ। ਈਸਾ ਮਸੀਹ ਮਰਨ ਤੋਂ ਬਾਅਦ ਉਠੇ ਅਤੇ ਉਠ ਕੇ ਰੱਬ ਕੋਲ ਚਲੇ ਗਏ। ਇਸ ਸਮੇਂ ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਦਾ ਮੇਲ ਹੋ ਗਿਆ। ਤਿੰਨੇ ਇਕ ਹੋ ਗਏ। ਈਸਾ ਮਸੀਹ ਦੇ ਇੰਜ ਜਾਣ ਤੋਂ ਬਾਅਦ "ਚਰਚ" ਨੂੰ ਇਕ ਪ੍ਰਕਾਰ ਦਾ ਸਰੀਰ ਮੰਨਿਆ ਜਾਣ ਲੱਗ ਪਿਆ ਜਿਸ ਵਿਚ ਪਵਿੱਤਰ ਆਤਮਾ ਦਾ ਨਿਵਾਸ ਹੈ। ਜਦੋਂ ਚਰਚ ਵਿਚ ਈਸਾਈ ਇਕੱਠੇ ਹੁੰਦੇ ਹਨ ਤਾਂ ਉਥੇ ਈਸਾ ਦੀ ਆਤਮਾ ਨੂੰ ਅਨੁਭਵ ਕਰਦੇ ਹਨ।

ਈਸਾਈ ਚਰਚ-ਰਸਮਾਂ ਨੂੰ ਮਹਾਨਤਾ ਦਿੰਦਾ ਹੈ। ਰੋਮਨ ਕੈਥੋਲਿਕ ਚਰਚ-ਵਿਚ 7 ਰਸਮਾਂ ਨੂੰ ਪ੍ਰਵਾਨ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਦੋ ਸਭ ਈਸਾਈਆਂ ਲਈ ਲਾਜ਼ਮੀ ਹਨ। ਦੁਨੀਆਂ ਦੇ ਅਖੀਰ ਤੇ ਹਰ ਇਕ ਗੱਲ ਦਾ ਫੈਸਲਾ ਹੋਵੇਗਾ। ਜਿਨ੍ਹਾਂ ਉਤੇ ਕਿਰਪਾ ਹੋਵੇਗੀ ਉਹ ਸਵਰਗਾਂ ਵਿੱਚ ਜਾਣਗੇ ਅਤੇ ਦੂਜੇ ਨਰਕਾਂ ਵਿਚ।

ਈਸਾਈਆਂ ਦੇ ਸਦਾਚਾਰਕ ਨਿਯਮ ਮਨੁੱਖ ਅਤੇ ਰੱਬ ਦੇ ਸਬੰਧ ਸੰਕਲਪ ਤੋਂ ਨਿਕਲੇ ਹਨ। ਸਭ ਇਨਸਾਨਾਂ ਦਾ ਪਿਤਾ ਰੱਬ ਹੈ, ਇਸ ਲਈ ਸਭ ਮਨੁੱਖ ਭਰਾ ਭਰਾ ਹਨ। ਪਿਆਰ ਸਭ ਤੋਂ ਵਡਾ

ਸਦਾਚਾਰ ਹੈ। ਪਰਮਾਤਮਾ ਦੀ ਪੂਜਾ ਨਿਜੀ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਸਮੂਹਿਕ ਰੂਪ ਵਿਚ ਵੀ। ਪੂਜਾ ਕਰਾਉਣ ਵਿਚ ਪੁਜਾਰੀ ਦਾ ਪ੍ਰਮੁੱਖ ਸਥਾਨ ਹੈ। ਗੁਰੂ ਨਾਨਕ ਦੇਵ ਜੀ ਤ੍ਰਿੱਕੇ ਵਿਚ ਵਿਸ਼ਵਾਸ਼ ਨਹੀਂ ਕਰਦੇ। ਉਹ ਕੇਵਲ ਇਕੋ ਰੱਬ ਵਿਚ ਵਿਸ਼ਵਾਸ਼ ਕਰਦੇ ਹਨ। ਜਿਸ ਦਾ ਕੋਈ ਰਿਸ਼ਤੇਦਾਰ ਨਹੀਂ। ਅਤੇ ਜਿਹੜਾ ਕਿਸੇ ਦੀ ਸਲਾਹ ਨਹੀਂ ਲੈਂਦਾ। ਉਨ੍ਹਾਂ ਅਨੁਸਾਰ ਸਾਰੀਆਂ ਰਸਮਾਂ ਅਤੇ ਕਰਮ ਕਾਂਡ ਫਜ਼ੂਲ ਹੈ। ਸਦਾਚਾਰ ਦਾ ਅਧਾਰ ਆਤਮਿਕਤਾ ਹੈ। ਜੋ ਸਥਾਨ ਈਸਾਈਮੱਤ ਵਿਚ ਈਸਾ ਮਸੀਹ ਦਾ ਹੈ ਉਹ ਸਥਾਨ ਸਿੱਖੀ ਵਿਚ ਗੁਰੂ ਜੀ ਦਾ ਹੈ। ਈਸਾ ਮਸੀਹ ਵਾਂਗੂ ਗੁਰੂ ਵੀ ਹਰ ਸੰਗਤ ਦੇ ਸਮੂਹ ਵਿਚ ਹਾਜ਼ਰ ਹੈ। ਪਰ ਈਸਾ ਮਸੀਹ ਰੱਬ ਦਾ ਪੁੱਤਰ ਹੈ। ਜਦ ਕਿ ਗੁਰੂ ਉਹ ਹੈ ਜਿਸ ਨੇ ਆਪਣੇ ਅੰਦਰ ਰੱਬ ਨੂੰ ਪ੍ਰਾਪਤ ਕਰ ਲਿਆ ਹੈ। ਈਸਾ ਦੇ ਪੁਨਰ ਜਨਮ ਅਤੇ ਮੁੜ ਉਠ ਕੇ ਤੁਰ ਪੈਣ ਦਾ ਸਿਧਾਂਤ ਵੀ ਈਸਾਈ ਮੱਤ ਦੇ ਆਪਣੇ ਨਿਵੇਕਲੇ ਹਨ। ਕਿਰਪਾ ਦਾ ਦੈਵੀ ਸਿਧਾਂਤ ਦੋਹਾਂ ਧਰਮਾਂ ਵਿਚ ਸਾਂਝਾ ਹੈ। ਪਰ ਸਿੱਖੀ ਕਰਮ ਸਿਧਾਂਤ ਅਤੇ ਆਵਾਗਵਣ ਵਿਚ ਵਿਸ਼ਵਾਸ਼ ਕਰਦੀ ਹੈ। ਇਸਾਈਆਂ ਲਈ ਇਹ ਬਿਲਕੁਲ ਓਪਰਾ ਸਿਧਾਂਤ ਹੈ। ਇਸਾਈਆਂ ਦਾ ਮੁਕਤੀ ਦਾ ਸਿਧਾਂਤ ਕੁੱਝ ਸਿੱਖੀ ਦੇ ਸਿਧਾਂਤ ਨਾਲ ਮਿਲਦਾ ਹੈ। ਬਾਈਬਲ ਜਾਂ ਨੀਊ ਟੈਸਟਾਮੈਂਟ ਇਸਾਈਆਂ ਦੀ ਧਰਮ ਪੁਸਤਕ ਹੈ। ਇਸ ਵਿਚ ਕਈਆਂ ਸੰਤਾਂ ਦੀਆਂ ਧਾਰਮਿਕ ਸਰੁਤੀਆਂ ਹਨ। ਇਸਾਈਆਂ ਦਾ ਸਿਰਜਨਾ ਸਿਧਾਂਤ ਯਹੂਦੀਆਂ ਵਾਲਾ ਹੀ ਹੈ। ਇਸ ਅਨੁਸਾਰ ਪਹਿਲੇ ਦਿਨ ਪਰਮਾਤਮਾ ਨੇ ਧਰਤੀ ਅਤੇ ਅਕਾਸ਼ ਬਣਾਏ। ਦੂਜੇ ਦਿਨ ਹਵਾ ਅਤੇ ਪਾਣੀ ਬਣਾਏ। ਤੀਜੇ ਦਿਨ ਸਾਵਾ ਘਾਹ, ਪੰਛੀ ਅਤੇ ਫਲਾਂ ਦੇ ਦ੍ਰਖਤ ਬਣਾਏ। ਚੌਥੇ ਦਿਨ ਰੋਸ਼ਨੀ, ਸੂਰਜ, ਚੰਦ ਅਤੇ ਤਾਰੇ ਬਣਾਏ। ਪੰਜਵੇਂ ਦਿਨ ਚਲਣ ਫਿਰਨ ਵਾਲੇ ਜਾਨਵਰ, ਪੰਖਾਂ ਵਾਲੇ ਵੱਡੇ ਪੰਛੀ, ਵੱਡੇ ਸਮੁੰਦਰੀ ਜਾਨਵਰ ਬਣਾਏ। ਛੇਵੇਂ ਦਿਨ ਮੈਦਾਨੀ ਜਾਨਵਰ ਗਾਵਾਂ, ਮੱਝਾਂ, ਕੀੜੇ ਮਕੌੜੇ, ਜੰਗਲੀ ਜਾਨਵਰ ਅਤੇ ਆਦਮੀ ਬਣਾਏ। ਇੰਜ ਦੁੱਨੀਆਂ ਛੇ ਦਿਨਾਂ ਵਿਚ ਸਾਜੀ ਗਈ। ਸੱਤਵੇ ਦਿਨ ਰੱਬ ਨੇ ਅਰਾਮ ਕੀਤਾ।[1]

ਇਸ ਦੇ ਮੁਕਾਬਲੇ ਤੇ ਗੁਰੂ ਸਾਹਿਬ ਦਾ ਮੱਤ ਹੈ, :-

"ਸਾਚੇ ਤੇ ਪਵਨਾ ਭਏ, ਪਵਨੈ ਤੇ ਜਲ ਹੋਇ।"
ਜਲ ਤੇ ਤ੍ਰਿਭਵਨ ਸਾਜਿਆ, ਘਟਿ ਘਟਿ ਜੋਤਿ ਸਮੋਇ।[2]

---

1. ਬਾਈਬਲ (ਪੁਰਾਣਾ ਰੂਪ)
2. ਸਿਰੀ ਪਦੇ, ਪੰਨਾ-19.

ਗੁਰੂ ਨਾਨਕ ਪੈਦਵਾਦੀ ਸਿਧਾਂਤ ਅਤੇ ਚਰਚ ਦੇ ਸਿਧਾਂਤ ਦੀ ਵੀ ਪ੍ਰੋੜਤਾ ਨਹੀਂ ਕਰਦੇ।

1515 ਈਸਵੀ ਵਿਚ ਗੁਰੂ ਨਾਨਕ ਜੀ ਤਿੱਬਤ ਗਏ। ਇਸ ਸਮੇਂ ਚੀਨ ਵਿਚ ਨਾਨਕਿੰਗ ਤੱਕ ਗਏ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਹਿਰ ਦਾ ਨਾਮ ਵੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਹੀ ਰੱਖ ਦਿੱਤਾ ਗਿਆ ਸੀ।[1]

ਉਸ ਸਮੇਂ ਚੀਨ ਦੇ ਮੁੱਖ ਧਰਮ ਕਨਫੀਊਸ਼ੀਅਸ ਮੱਤ, ਤਾਓ ਮੱਤ ਅਤੇ ਬੁੱਧ ਮੱਤ ਸਨ। ਬੁੱਧ ਮੱਤ ਤਾਂ ਭਾਰਤੀ ਧਰਮ ਹੈ। ਜਿਸ ਬਾਰੇ ਅਸੀਂ ਪਿਛੇ ਵਿਚਾਰ ਕਰ ਚੁੱਕੇ ਹਾਂ। ਪਰ ਕਨਫੀਊਸੀਅਸਇਜ਼ਮ ਅਤੇ ਤਾਓਇਜ਼ਮ ਚੀਨ ਦੇ ਆਪਣੇ ਧਰਮ ਹਨ।

## ਕਨਫੀਊਸੀਅਸ ਮੱਤ

ਕਨਫੀਊਸੀਅਸ ਮੱਤ ਦਾ ਅਧਾਰ ਕਨਫੀਊਸੀਅਸ ਦੀਆਂ ਦਿੱਤੀਆਂ ਸਿਖਿਆਵਾਂ ਹਨ। ਉਹ ਪਰੰਪਰਾਵਾਦੀ ਸੀ। ਉਸਨੇ ਧਰਮ ਦੀ ਬਜਾਏ ਸਮਾਜ ਅਤੇ ਰਾਜ ਬਾਰੇ ਵਧੇਰੇ ਵਿਚਾਰ ਕੀਤੀ ਹੈ। "ਅਨਰੇਕਟਸ" ਦੀ ਡੋਕਟਰਾਈਨ ਆਵ ਦੀ ਮੀਨ, ਦੀ ਗਰੇਟ ਲਰਨਿੰਗ, ਅਤੇ ਦੀ ਬੁੱਕ ਆਵ ਮੀਨਸੀਅਸ ਇਸ ਦੀਆਂ ਮਸ਼ਹੂਰ ਕਿਤਾਬਾਂ ਹਨ। ਮੀਨਸੀਅਸ ਕਨਫੀਊਸੀਅਸ ਤੋਂ ਦੂਜੇ ਦਰਜੇ ਦਾ ਵਿਚਾਰਵਾਨ ਸੀ। ਕਨਫੀਊਸੀਅਸ ਦੀਆਂ ਕਿਤਾਬਾਂ ਦੋ ਭਾਗਾਂ ਵਿਚ ਹਨ। 1. ਕਿੰਗ, 2. ਸ਼ੂ। ਕਿੰਗ ਵਿਚੋਂ ਕੇਵਲ ਇਕ ਹੀ ਕਨਫੀਊਸੀਅਸ ਦੀ ਆਪਣੀ ਲਿਖੀ ਹੋਈ ਹੈ। (ਪੱਤਝੜ ਅਤੇ ਬਹਾਰ) ਬਾਕੀ ਦੀਆਂ ਹੋਰਾਂ ਨੇ ਸੰਪਾਦਿਤ ਕੀਤੀਆਂ ਹੋਈਆਂ ਹਨ।

ਕਨਫੀਊਸੀਅਸ ਨੇ ਸਮਾਜ ਅਤੇ ਰਾਜ ਵਿਚ ਨਿਭਾਈ ਜਾਣ ਵਾਲੀ ਨੈਤਿਕਤਾ ਨੂੰ ਮੁੱਖ ਰੱਖਿਆਂ ਹੈ। ਉਸ ਦਾ ਕਹਿਣਾ ਹੈ ਕਿ ਇਕ ਰਾਜੇ ਨੂੰ ਰਾਜਾ ਮੰਤਰੀ ਨੂੰ ਮੰਤਰੀ ਪਿਤਾ ਨੂੰ ਪਿਤਾ ਅਤੇ ਪੁੱਤਰ ਨੂੰ ਪੁੱਤਰ ਹੀ ਕਹਿਣਾ ਚਾਹੀਦਾ ਹੈ। "ਲੀ" (ਸਦਾਚਾਰਕ ਸਿਧਾਂਤ") ਨੂੰ ਹਰ ਇਕ ਨੂੰ ਮੰਨਣਾ ਚਾਹੀਦਾ ਹੈ। ਮਨੁੱਖ ਦਾ ਦ੍ਰਿਸ਼ਟੀਕੋਣ ਠੀਕ ਅਤੇ ਮਾਨਵਵਾਦੀ ਹੋਵੇ। ਉਸ ਨੇ ਠੀਕ ਅਕਲ ਗ੍ਰਹਿਣ ਕੀਤੀ ਹੋਵੇ। ਹਰ ਵਿਅਕਤੀ ਦੀ ਵਿਡੱਤਣ ਲਈ ਗਿਆਨ ਦੀ ਪ੍ਰਾਪਤੀ ਬਹੁਤ ਜ਼ਰੂਰੀ ਹੈ। ਗਿਆਨ ਨੂੰ ਚਿੰਗ ਕਿਹਾ ਹੈ। ਭਾਵ ਵਿਸ਼ਵ ਅਤੇ ਸਥਿਤ ਪ੍ਰਸਥਿਤੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ ਦਾ ਗਿਆਨ। ਇਹ ਧਰਮ ਵਿਸ਼ਵ ਦੀ ਅਸਲੀਅਤ ਦਾ ਅਧਿਅਨ ਕਰਨ ਦੀ ਬਜਾਏ ਮਨੁੱਖੀ ਸੰਬਧਾਂ ਬਾਰੇ

---

1. Dr. S.S. Kohli.,"Philosophy of Guru Nanak." page-120.

ਵਿਚਾਰ ਕਰਦਾ ਹੈ। ਨੇਕੀ, ਪਿਆਰ, ਪਰਸੁਆਰਥੀਪੁਣਾ, ਨਿਆਂ ਅਤੇ ਦਿਆਲਤਾ ਦੇ ਗੁਣ ਹਰ ਮਨੁੱਖ ਨੂੰ ਗ੍ਰਹਿਣ ਕਰਨੇ ਚਾਹੀਦੇ ਹਨ। ਰੱਬ ਅਤੇ ਸਵੱਰਗ ਬਾਰੇ ਫਿਕਰ ਕਰਨ ਦੀ ਲੋੜ ਨਹੀਂ । ਕਨਫੀਊਸੀਅਸ ਆਤਮਾਵਾਂ ਵਿਚ ਵੀ ਵਿਸ਼ਵਾਸ਼ ਰੱਖਦਾ ਹੈ। ਉਹ ਹਨ ਸ਼ੈਨ (ਦੇਵੀ) ਅਤੇ ਕਵੇਈ (ਸ਼ੈਤਾਨ) । ਸੂਰਜ ਚੰਦ, ਤਾਰੇ, ਬੱਦਲ, ਗਰਜ, ਹਵਾਵਾਂ, ਨੱਦੀਆਂ, ਮੀਂਹ, ਪਹਾੜ ਵਿਸ਼ਵ ਦੇ ਸਭ ਤੋਂ ਵਡੇ ਸ਼ੈਨ "ਯੋਗ" ਦੇ ਅੰਗ ਹਨ। ਵਿਸ਼ਵ ਦੀ ਬੁਰਾਈ ਦੀ ਆਤਮਾ "ਯਿਨ" ਹੈ। ਜਿਸ ਵਿਚ ਅਨੇਕਾਂ ਕਵੇਈ (ਛੋਟੀਆਂ ਬੁਰਾਈ ਦੀਆਂ ਆਤਮਾਵਾਂ) ਹਨ। ਅਕਾਸ਼ ਪ੍ਰਮੁੱਖ ਦੇਵਤਾ ਹੈ। ਅਤੇ ਹੋਰ ਆਤਮਾਵਾਂ ਨੂੰ ਤੇ ਉਨਾਂ ਦੇ ਕੰਮਾ ਨੂੰ ਕਾਬੂ ਕਰਦਾ ਹੈ। ਰਾਜਾ ਅਕਾਸ਼ ਦਾ ਪੁੱਤਰ ਹੁੰਦਾ ਹੈ। ਅਤੇ ਰਾਜ ਧਰਮ ਦਾ ਮੁੱਖੀਆਂ ਹੁੰਦਾ ਹੈ। ਕਨਫੀਊਸੀਅਸ ਵਿਸ਼ਵ ਕਰਤਾ ਵਿਚ ਵਿਸ਼ਵਾਸ਼ ਨਹੀਂ ਕਰਦਾ। ਅਕਾਸ਼ ਤੋਂ ਬਾਅਦ ਧਰਤੀ ਦਾ ਸਥਾਨ ਹੈ। ਯੋਗ ਵਿਚ ਆਉਂਦੇ ਦੇਵਤਾਵਾਂ ਦੀ ਪੂਜਾ ਕੀਤੀ ਜਾਂਦੀ ਹੈ ਤਾਂ ਜੋ ਰਾਜਾ ਅਤੇ ਪਰਜਾ ਖੁਸ਼ ਰਹੇ। ਪਿਤਰਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ।

ਇਸ ਧਰਮ ਦਾ ਸਦਾਚਾਰ ਤਾਂ ਗੁਰੂ ਨਾਨਕ ਦੇਵ ਜੀ ਦੇ ਧਰਮ ਨਾਲ ਮੇਲ ਖਾਦਾਂ ਹੈ। ਪਰ ਗੁਰੂ ਨਾਨਕ ਸ਼ੈਨ, ਕਵੇਈ ਆਦਿ ਦੇ ਸੰਕਲਪ ਅਤੇ ਇਸਦੇ ਕਰਮ ਕਾਂਡ ਨਾਲ ਸਹਿਮਤ ਨਹੀਂ। ਇਸ ਦਾ ਦੇਵੀ ਦੇਵਤਿਆਂ ਦਾ ਸ਼ੰਕਲਪ ਇਸਨੂੰ ਬਹੁ-ਦੇਵ ਵਾਦੀ ਧਰਮ ਬਣਾਉਂਦਾ ਹੈ।

## ਤਾਓਇਜ਼ਮ

ਤਾਓਇਜ਼ਮ ਨੂੰ ਲਾਉਤਜ਼ੇ ਨੇ ਚਲਾਇਆ । ਇਸਦੀ ਪਵਿੱਤਰ ਪੁਸਤਕ "ਤਾਓ-ਤੇਹ-ਕਿੰਗ" (ਤਾਓ ਅਤੇ ਉਸਦੇ ਗੁਣ) । ਇਹ ਲਾਉਤਜ਼ੇ ਦੀ ਲਿਖੀ ਹੋਈ ਹੈ। ਉਹ ਕਨਫੀਊਸੀਅਸ ਦਾ ਸਮਕਾਲੀ ਸੀ। ਇਹ ਧਰਮ ਪੁਸਤਕ ਦੋ ਹਿਸਿਆਂ ਵਿਚ ਵੰਡੀ ਹੋਈ ਹੈ। 1. ਤਾਓ ਨਾਲ ਸੰਬੰਧਤ । 2. ਤੇਹ ਨਾਲ ਸੰਬੰਧਤ। ਤਾਓ ਦਾ ਭਾਵ ਹੈ "ਅਮਰ ਰਾਹ" ਇਹ ਇਕ ਰਹੱਸ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਸਭ ਅਰੰਭਾਂ ਅਤੇ ਦਰਮਿਆਨਾਂ ਦੀ ਨਿਗਰਾਨੀ ਕਰਦਾ ਹੈ। ਭਾਵੇਂ ਇਹ ਅਕਰਤਾ ਜਾਪਦਾ ਹੈ। ਵਿਸ਼ਵ ਇਸੇ ਵਿਚੋਂ ਪੈਦਾ ਹੁੰਦਾ ਹੈ। ਪਰ ਤਾਂ ਵੀ ਉਹ ਕਰਤਾ ਨਹੀਂ। ਉਹ ਹਰ ਚੀਜ਼ ਕਰਦਾ ਹੈ। ਤਾਂ ਵੀ ਉਹ ਸਥਿਰ ਹੈ । ਤੇਹ ਅਵਿਅੱਕਤੀਗੱਤ ਅਤੇ ਇਕ ਰੱਸ ਹੈ। ਉਹ ਚੰਗਾਈ ਅਤੇ ਬੁਰਾਈ ਤੋਂ ਉਪਰ ਹੈ। ਉਸਨੂੰ ਕੁਦਰਤ ਕਿਹਾ ਜਾ ਸਕਦਾ ਹੈ। ਤਾਓ ਵਿਚੋਂ ਤੇਹ ਦਾ ਜਨਮ ਹੁੰਦਾ ਹੈ। ਜਿਥੇ ਤਾਓ ਖਤਮ ਹੁੰਦਾ ਹੈ ਉਥੋਂ ਤੇਹ ਦਾ ਅਰੰਭ ਹੋ ਜਾਂਦਾ ਹੈ। ਵਿਸ਼ਵ ਦੀਆਂ ਵਿਭਿੰਨ ਅਤੇ ਨੇਕ ਚੰਗਿਆਈਆਂ ਇਸ ਤੇਹ ਦੇ ਵਿਭਿੰਨ ਅਤੇ ਅਨੇਕ ਰੂਪ ਹਨ।

ਲਾਉਤਜ਼ੇ ਦੀਆਂ ਸਿਖਿਆਵਾਂ ਵਿਚ ਸਰੀਰਕ ਵਿਗਿਆਨ ਅਤੇ ਰਾਜਨੀਤੀ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸਰੀਰਕ ਵਿਗਿਆਨ ਦੇ ਸੰਬੰਧ ਵਿਚ ਲੰਮੀ ਉਮਰ ਅਤੇ ਮੌਤ ਬਾਰੇ ਵਿਚਾਰ ਕਰਦਾ

ਹੈ। ਇਕ ਤਾਓਵਾਦੀ ਅਮਰ ਜੀਵਨ ਪ੍ਰਾਪਤ ਕਰ ਸਕਦਾ ਹੈ। ਮੌਤ ਤੋਂ ਭਾਵ ਵਿਨਾਸ਼ ਨਹੀਂ । ਬਹੁਤਾ ਚਿਰ ਜੀਉਣ ਲਈ ਸਾਹਾਂ ਨੂੰ ਨਿਯਮਤ ਕਰਨਾ ਹੁੰਦਾ ਹੈ। ਰਾਜਨੀਤੀ ਦੇ ਸਬੰਧ ਵਿਚ ਲਾਉਜ਼ੇ ਦਾ ਸਿਧਾਂਤ "ਲੇਜੀ ਫੇਅਰ" ( Laissez faire ) ਹੈ। ਉਹ ਦਰਬਾਰੀਆਂ ਦੇ ਐਸ਼ ਭਰੇ ਜੀਵਨ ਅਤੇ ਲੋਕਾਂ ਦੀ ਲੁੱਟ ਖੁਸੁੱਟ ਬਾਰੇ ਵੀ ਵਿਚਾਰ ਕਰਦਾ ਹੈ। ਉਹ ਲੜਾਈ ਨੂੰ ਨਫਰਤ ਕਰਦਾ ਹੈ। ਉਹ ਕਹਿੰਦਾ ਹੈ ਕਿ ਅਕਲਮੰਦਾਂ ਦਾ ਸਬੰਧ ਰਾਜਨੀਤੀ ਨਾਲ ਹੋਣਾ ਚਾਹੀਦਾ ਹੈ।

ਸ਼ੁਰੂ ਵਿਚ ਤਾਓਇਜ਼ਮ ਨੇ ਅਕਰਤਾ ਹੋਣ ਦੀ ਦਰਸ਼ਨ ਨੀਤੀ ਅਪਣਾਈ । ਬਾਅਦ ਵਿਚ ਕੀਮੀਆਗਿਰੀ ਦੇ ਜਾਦੂ ਦਾ ਰੂਪ ਧਾਰਨ ਕਰ ਗਈ। ਇਸ ਵਿਚ ਅਨੇਕਾਂ ਕੁਦਰਤੀ ਅਤੇ ਖਗੋਲਿਕ ਦੇਵਤਿਆਂ ਅਤੇ ਚੰਗੀਆਂ ਅਤੇ ਮੰਦੀਆਂ ਆਤਮਾਵਾਂ ਦੀ ਪੂਜਾ ਕੀਤੀ ਜਾਂਦੀ ਹੈ। ਸਭ ਤੋਂ ਵਡੇ ਦੇਵਤਾ ਨੂੰ ਸ਼ੇਗ-ਤੋ ਜਾਂ ਯੂ-ਹੁਆਂਗ ਕਿਹਾ ਜਾਂਦਾ ਹੈ। ਉਸ ਤੋਂ ਬਾਅਦ ਕ੍ਰਮਸ਼ , ਤਾਓਚੁ, ਧਰਤੀ, ਪਹਾੜਾਂ, ਦਵੀਪਾਂ, ਭੱਠੀਆਂ, ਦਰਵਾਜਿਆਂ, ਸਿਹਤ, ਕਿਸਮਤ , ਵਪਾਰ ਆਦਿ ਦੇ ਵੀ ਦੇਵਤੇ ਹਨ। ਦੇਵੀ ਜੀਉੜਿਆਂ ਨੂੰ ਖੁਸ਼ ਕਰਨ ਲਈ ਤਾਓਵਾਦੀ ਪੁਜਾਰੀ ਬਹੁਤ ਸਾਰੇ ਕਰਮ ਕਾਂਡ ਨਿਭਾਉਂਦਾ ਹੈ।

ਪਰ ਗੁਰੂ ਨਾਨਕ ਦੇਵ ਜੀ ਇਕ ਰੱਬ ਵਿਚ ਵਿਸ਼ਵਾਸ਼ ਰੱਖਦੇ ਹਨ। ਜੋ ਕਿ ਅੰਤਰ ਵਿਆਪਕ ਵੀ ਹੈ ਅਤੇ ਬਾਹਰ ਵਿਆਪਕ ਵੀ ਹੈ। ਜੋ ਸਾਰੇ ਵਿਸ਼ਵ ਦਾ ਕਰਤਾ ਵੀ ਹੈ। ਤਾਓ ਮੱਤ ਅੰਤਮ ਸੱਚ ਦਾ ਵੀ ਇਕ ਸੰਕਲਪ ਦੇਂਦਾ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਇਸ ਦੇ ਪੁਜਾਰੀਵਾਦ ਅਤੇ ਕਰਮ ਕਾਂਡ ਨਾਲ ਵੀ ਮੇਲ ਨਹੀਂ ਖਾਂਦੀ।

## ਸ਼ਿੰਟੋ

ਇਹ ਧਰਮ ਜਪਾਨ ਵਿਚ ਪ੍ਰਚਲਤ ਹੈ। ਇਸ ਨੂੰ ਕਾਮੀ -ਨੋ-ਮਿਚੀ (ਦੇਵਤਿਆਂ ਦਾ ਰਾਹ) ਵੀ ਕਹਿੰਦੇ ਹਨ। ਇਸ ਧਰਮ ਨੂੰ ਇਕ ਅਧੂਰਾ ਅਨੇਕ ਈਸ਼ਵਰਵਾਦੀ ਧਰਮ ਕਿਹਾ ਜਾਂਦਾ ਹੈ। ਮੁੱਖ ਦੇਵੀ ਸੂਰਜ ਦੇਵੀ ਹੈ। ਜਿਹੜੀ ਅਕਾਸ਼ ਉਤੇ ਰਾਜ ਕਰਦੀ ਹੈ। ਕੋਈ ਵੀ ਉੱਤਮ ਦੇਵ ਜਾਂ ਰੱਬ ਨਹੀਂ। ਦੋ ਕਿਸਮ ਦੇ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ। 1. ਕੁਦੱਰਤੀ ਦੇਵਤੇ । 2. ਮਨੁੱਖੀ ਦੇਵਤੇ । ਕੁਦਰੱਤੀ ਦੇਵਤਿਆਂ ਵਿਚ ਸੂਰਜ ਦੇਵੀ ਤੋਂ ਬਾਅਦ ਅਕਾਸ਼ ਸਭ ਤੋਂ ਵੱਧ ਮਹੱਤਵ ਪੂਰਨ ਮੰਨਿਆ ਜਾਂਦਾ ਹੈ। ਮਨੁੱਖੀ ਦੇਵਤਿਆਂ ਵਿਚ ਸੁਆਣਾ ਦੇਵ,ਲੜਾਈ ਦੇਵ, ਹਾਥੀ ਮਨ,ਅਤੇ ਹੋਰ ਮਿਥਿਹਾਸਕ ਨਾਇਕ ਆ ਜਾਂਦੇ ਹਨ। ਇਕ ਫਾਲਿਕ ਦੇਵ ਵੀ ਹਨ। ਦੇਵਾਂ ਦੀ ਇਸ ਵਿਭਿੰਨਤਾ ਕਾਰਨ ਸ਼ਿੰਟੋ ਧਰਮ ਵਿਚ ਪੁਜਾਰੀਆਂ ਦਾ ਪ੍ਰਮੁੱਖ ਸਥਾਨ ਹੈ। ਮੀਕਾਰੋ ਦੇਵ ਪ੍ਰਮੁੱਖ ਪੁਜਾਰੀ ਹੈ। ਪੂਜਾ ਕਰਨ ਦੇ ਲਈ ਪ੍ਰਾਰਥਨਾਵਾਂ ਦਾ ਜਾਪ ਕੀਤਾ ਜਾਂਦਾ ਹੈ। ਅਤੇ ਮੰਦਰਾਂ ਵਿਚ ਦੇਵਾਂ ਅਤੇ ਦੇਵੀਆਂ ਨੂੰ ਸਤਿਕਾਰ ਪੇਸ਼ ਕੀਤਾ ਜਾਂਦਾ ਹੈ। ਕੁੱਝ ਪਵਿੱਤਰ ਰਸਮਾਂ ਮੰਨੀਆਂ ਗਈਆਂ ਹਨ। ਜਿਹੜੀਆਂ ਵਖੋ ਵੱਖਰੇ ਸਮਿਆਂ ਤੇ

ਨਿਭਾਈਆਂ ਜਾਂਦੀਆਂ ਹਨ। ਸ਼ਿੰਟੋ ਧਰਮ ਦੇ ਵਿਚ ਹਰ ਵਸਤੂ ਦਾ ਅਲੱਗ ਦੇਵਤਾ ਹੈ। ਸਾਰੀਆਂ ਵਸਤੂਆਂ ਦੇ ਵੱਖੋ ਵੱਖਰੇ ਰੂਪ ਵਿਚ ਵੀ ਦੇਵਤੇ ਹਨ। ਅਤੇ ਸਮੂਹੇ ਤੌਰ ਤੇ ਵੀ ਇਕ ਦੇਵਤਾ ਹੈ। ਇੰਜ ਇਕ ਸੱਚਾ ਸ਼ਿੰਟੋਵਾਦੀ ਕਾਮੀਆਂ ਦੇ (ਦੇਵਤਿਆਂ ਦੇ) ਇਕ ਸਮੁੰਦਰ ਵਿਚ ਰਹਿੰਦਾ ਹੈ। ਉਸ ਦੇ ਚਾਰੇ ਪਾਸੇ ਵੀ ਕਾਮੀ ਹਨ। ਅਤੇ ਉਹ ਆਪ ਵੀ ਕਾਮੀ ਹੈ ਕਾਮੀ ਦੇ ਵਿਚ ਹੀ ਜੀ ਰਿਹਾ ਹੈ। ਇੰਜ ਜੇ ਇਨ੍ਹਾਂ ਸਾਰਿਆਂ ਕਾਮੀਆਂ ਦੀ ਸਮੂਹੇ ਕਾਮੀ ਵਿਚ ਅਭੇਦ ਮੰਨ ਲਿਆ ਜਾਵੇ ਤਾਂ ਸ਼ਿੰਟੋ ਧਰਮ ਅਦਵੈਤਵਾਦੀ ਧਰਮ ਬਣ ਜਾਂਦਾ ਹੈ। ਅਤੇ ਅਨੇਕ ਈਸ਼ਵਰਵਾਦੀ ਦੀ ਬਜਾਏ ਏਕਈਸ਼ਵਰਵਾਦੀ ਜਾਪਣ ਲੱਗ ਪੈਂਦਾ ਹੈ।

ਸ਼ਿੰਟੋ ਮਿਥਿਹਾਸ ਬਹੁਤ ਵਿਸ਼ਾਲ ਹੈ। ਅਨੇਕਾਂ ਦੇਵਤਿਆਂ ਦਾ ਜਨਮ ਆਦਿ ਧੁੰਧਲਕੇ ਵਿਚੋਂ ਹੋਇਆ। ਇਜਨਾਗੀ (ਦੇਵਤਾ) ਅਤੇ ਇਜਨਾਮੀ (ਦੇਵੀ) ਨੇ ਜਪਾਨ ਦ੍ਵੀਪ ਨੂੰ ਹੋਂਦ ਵਿਚ ਲਿਆਕੇ ਅਨੇਕਾਂ ਦੇਵਾਂ ਨੂੰ ਹੋਂਦ ਵਿਚ ਲਿਆਂਦਾ।

ਗੁਰੂ ਨਾਨਕ ਦੇਵ ਜੀ ਦਾ ਮੱਤ ਏਕਈਸ਼ਵਰਵਾਦੀ ਹੈ। ਉਹ ਪੁਜਾਰੀਵਾਦ ਨੂੰ ਵੀ ਨਹੀਂ ਮੰਨਦੇ ਅਤੇ ਕਰਮ ਕਾਂਡ ਨੂੰ ਵੀ ਕੋਈ ਮਹੱਤਵ ਨਹੀਂ ਦੇਂਦੇ। ਗੁਰੂ ਨਾਨਕ ਵਿਚਾਰਧਾਰਾ ਵਿਚ ਅਰੁਤੀਆਂ ਅਤੇ ਰਸਮਾਂ ਨੂੰ ਵੀ ਕੋਈ ਮਾਨਤਾ ਨਹੀਂ ਦਿੱਤੀ ਗਈ। ਇੰਜ ਗੁਰੂ ਨਾਨਕ ਦੇਵ ਜੀ ਦਾ ਧਰਮ ਸ਼ਿੰਟੋ ਧਰਮ ਤੋਂ ਬਹੁਤ ਵਿਭਿੰਨ ਹੈ।

ਭਾਵੇਂ ਸਾਡੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਗੁਰੂ ਨਾਨਕ ਦੇਵ ਜੀ ਜਪਾਨ ਵੀ ਗਏ। ਪਰ ਇਸ ਗੱਲ ਦੀ ਸੰਭਾਵਨਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਚੀਨ ਗਏ ਤਾਂ ਕੋਈ ਸ਼ਿੰਟੋ ਧਰਮ ਦਾ ਅਨੁਆਈ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਹੋਵੇ।[1]

ਇਹ ਬੜੀ ਅਜੀਬ ਅਤੇ ਬੇਮਿਸਾਲ ਗੱਲ ਹੈ ਕਿ ਕਿਸੇ ਵੀ ਧਰਮ ਦੇ ਆਗੂ, ਪੀਰ, ਫਕੀਰ, ਸਿੱਧ, ਨਾਥ, ਜੋਗੀ, ਜੰਗਮ, ਪੰਡਿਤ, ਮੌਲਾਣੇ ਕੋਲੋਂ ਗੁਰੂ ਸਾਹਿਬ ਨੂੰ ਹਾਰ ਨਹੀਂ ਹੋਈ। ਇਕ ਵੀ ਅਜਿਹਾ ਵਿਅੱਕਤੀ ਸਾਰੇ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦਾ ਜਿਸਨੇ ਗੁਰੂ ਸਾਹਿਬ ਦੇ ਸਿਧਾਂਤ ਦਾ ਦਲੀਲ ਨਾਲ ਖੰਡਨ ਕੀਤਾ ਹੋਵੇ। ਜਾਂ ਉਸ ਨੂੰ ਅਪਨਾਉਣ ਤੋਂ ਇਨਕਾਰ ਕੀਤਾ ਹੋਵੇ। ਗੁਰੂ ਜੀ ਆਪਣੀਆਂ ਲੰਮੀਆਂ ਉਦਾਸੀਆਂ ਤੋਂ ਬਾਅਦ 18 ਸਾਲ ਕਰਤਾਰ ਪੁਰ ਦੇ ਵਿਚ ਸੰਗਤੀ ਜੀਵਨ ਬਤੀਤ ਕਰਨ ਤੋਂ ਬਾਅਦ 70 ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਜਾਂਨਸ਼ੀਨ ਥਾਪ ਕੇ ਜੋਤੀ ਜੋਤ ਸਮਾ ਗਏ ।

---

1. Dr. S.S. Kohli.,"Philosophy of Guru Nanak." Page-126.

## ਪ੍ਰਕਰਣ ਦੂਜਾ

## "ਹੋਰਾਂ ਧਰਮਾਂ ਵਿਚ "ਅੰਤਮ ਸੱਚ" ਦਾ ਸੰਕਲਪ"

ਹਿੰਦੂ ਧਰਮ ਵਿਚ, ਜੈਨ ਧਰਮ ਵਿਚ, ਬੁੱਧ ਧਰਮ ਵਿਚ, ਈਸਾਈ ਧਰਮ ਵਿਚ, ਯਹੂਦੀ ਧਰਮ ਵਿਚ, ਇਸਲਾਮ ਧਰਮ ਵਿਚ, ਪਾਰਸੀ ਧਰਮ ਵਿਚ, ਤਾਓ ਧਰਮ ਵਿਚ, ਕਨਫੀਊਸ਼ੀਅਸ ਧਰਮ ਵਿਚ, ਜਪਾਨ ਦੇ ਸ਼ਿੰਟੋ ਧਰਮ ਵਿਚ ।

***

ਪ੍ਰਕਰਣ-2.

## "ਦੂਜੇ ਧਰਮਾਂ ਵਿੱਚ "ਅੰਤਮ ਸੱਚ" ਦਾ ਸੰਕਲਪ"

ਅੱਜ ਤੱਕ ਕੋਈ ਵੀ ਮਨੁੱਖ ਦੇਸ਼ ਜਾਂ ਕੌਮ ਅਜਿਹੀ ਨਹੀਂ ਹੋਈ ਜਿਸਦਾ ਕੋਈ ਨਾ ਕੋਈ ਧਰਮ ਨਾ ਹੋਵੇ। ਹਰ ਧਰਮ ਕਿਸੇ ਨਾ ਕਿਸੇ ਮਹਾਨ ਅੰਤਮ ਸੱਚ ਉੱਤੇ ਨਿਰਭਰ ਹੁੰਦਾ ਹੈ। ਜਿਸਨੂੰ ਸਮਝਣਾ ਹੀ ਹਰ ਧਰਮ ਦਾ ਉਦੇਸ਼ ਹੁੰਦਾ ਹੈ। ਸਾਰੇ ਧਰਮਾਂ ਦੇ ਅੰਤਮ ਸੱਚ ਆਪਣੇ ਗੁਰੂ ਰੂਪ ਵਿਚ ਬਹੁਤ ਸਮਾਨਤਾ ਰੱਖਦੇ ਹਨ। ਭਾਵੇਂ ਉਨ੍ਹਾਂ ਤੱਕ ਪਹੁੰਚਣ ਦੇ ਢੰਗ ਜਾਂ ਮਾਰਗ ਵੱਖੋ ਵੱਖਰੇ ਹਨ। "ਅੰਤਮ ਸੱਚ ਦੀ ਅਸਲੀਅਤ ਬਾਰੇ ਉਹ ਲੋਗ ਪਗ ਇਕ ਮੱਤ ਹੁੰਦੇ ਹਨ। ਘੱਟੋ ਘੱਟ ਸਾਡੇ ਕੋਲ ਉਨ੍ਹਾਂ ਦੀ ਭਿੰਨਤਾ ਦੇਖਣ ਦਾ ਕੋਈ ਸਾਧਨ ਨਹੀਂ ਕਿਉਂਜੋ ਸਾਰਿਆਂ ਦੀ ਅੰਤਮ ਸੱਚ ਨੂੰ ਬਿਆਨ ਕਰਨ ਵਾਲੀ ਯੋਗ ਭਾਸ਼ਾ "ਚੁੱਪ" ਹੈ।"[1]

ਪਰ ਤਾਂ ਵੀ ਹਰ ਧਰਮ ਇਸਨੂੰ ਕਿਸੇ ਨਾ ਕਿਸੇ ਰੂਪ ਵਿਚ ਬਿਆਨ ਕਰਨ ਦਾ ਯਤਨ ਕਰਦਾ ਹੀ ਹੈ। ਕਿਉਂਜੋ ਇਕ ਸੰਕਲਪ ਦੇਕੇ ਹੀ ਲੋਕਾਂ ਨੂੰ ਉਸ ਵੱਲ ਖਿਚਿਆ ਜਾ ਸਕਦਾ ਹੈ। ਇਹ ਗੱਲ ਅਲੱਗ ਹੈ ਕਿ ਹਰ ਧਰਮ ਆਪਣੇ ਅੰਤਮ ਸੱਚ ਨੂੰ ਆਪਣੇ ਵੱਖਰੇ ਦ੍ਰਿਸ਼ਟੀਕੋਣ ਰਾਹੀਂ ਵੇਖਦਾ ਹੈ ਅਤੇ ਬਿਆਨ ਕਰਦਾ ਹੈ। ਹਰ ਇਕ ਦੇ ਅੰਤਮ ਸੱਚ ਦੇ ਨਾਲ ਆਤਮਿਕਤਾ ਦਾ ਸਬੰਧ ਜੁੜਿਆ ਹੁੰਦਾ ਹੈ। ਵਿਸ਼ਵ ਵਿਚ ਅਨੇਕਾਂ ਧਰਮ ਹਨ। ਪਰ ਪ੍ਰਮੁੱਖ ਧਰਮ 11 ਮੰਨੇ ਗਏ ਹਨ।[2]

1. ਚਾਰ ਭਾਰਤੀ ਧਰਮ :- 1. ਹਿੰਦੂ ਧਰਮ, 2. ਜੈਨ ਧਰਮ, 3. ਬੁੱਧ ਧਰਮ, 4. ਸਿੱਖ ਧਰਮ।

2. ਚਾਰ ਮੱਧ ਏਸ਼ੀਆਈ ਅਤੇ ਯੂਰਪੀਨ ਧਰਮ :- 1. ਈਸਾਈ ਧਰਮ , 2. ਯਹੂਦੀ ਧਰਮ, 3. ਇਸਲਾਮ ਧਰਮ, 4. ਪਾਰਸੀ ਧਰਮ।

3. ਤਿੰਨ ਚੀਨ ਅਤੇ ਜਪਾਨ ਦੇ ਧਰਮ:- 1. ਤਾਓ ਧਰਮ, 2. ਕਨਫੀਊਸ਼ੀਅਨ ਧਰਮ, 3. ਜਪਾਨ

---

1. I T.R.V. Murti,"The Central Philosophy of Buddhism." Page-220.
   II ਬ੍ਰਹਮ ਨੂੰ ਵਿਅਕਤ ਕਰਨ ਲਈ "ਚੁੱਪ" ਦੀ ਮਹਾਨਤਾ ਬਾਰੇ Dr. Radhakrishnan -- Introduction to"Bhagvad Gita" ਵਿੱਚ ਲਿਖਦੇ ਹਨ:-

   "The austerity of silence is the only way in which we can bring out the inadaquacy of our halting description and imperfect standards.

2. Dr. S.S. Kohli.,"Philosophy of Guru Nanak." Page-123.

ਦਾ ਸਿੱਟੇ ਧਰਮ ।

ਹਰ ਧਰਮ ਦਾ ਉਦੇਸ਼ ਮਨੁੱਖ ਨੂੰ ਉੱਤਮ ਜੀਵਨ ਜੀਉਣ ਦੀ ਵਿਧੀ ਸਿਖਾਣਾ ਹੁੰਦਾ ਹੈ। ਹਰ ਧਰਮ ਅਜਿਹੀਆਂ ਸਖਸ਼ੀਅਤਾਂ ਦੁਆਰਾ ਚਲਾਇਆ ਗਿਆ ਹੈ ਜਿਨ੍ਹਾਂ ਨੇ ਦਿਸਦੇ ਅਪੂਰਨ ਜੀਵਨ ਦੀ ਸੰਪੂਰਨ ਅਸਲੀਅਤ ਨੂੰ ਭਾਲਣ ਦਾ ਯਤਨ ਕੀਤਾ। ਫਿਰ ਇਸ ਸੰਪੂਰਨ ਅਸਲੀਅਤ ਨੂੰ ਲੋਕਾਂ ਸਾਹਮਣੇ ਰੱਖਦੇ ਉਨ੍ਹਾਂ ਨੂੰ ਵੀ ਅਪੂਰਨਤਾ ਅਤੇ ਤੋਟ ਵਲੋਂ ਸੰਪੂਰਨਤਾ ਅਤੇ ਭਰਪੂਰਤਾ ਵੱਲ ਪ੍ਰੇਰਨ ਦਾ ਯਤਨ ਕੀਤਾ ਹੈ। ਮਨੁੱਖ ਨੂੰ ਉਸਦੇ ਰੋਜ਼ਾਨਾ ਜੀਵਨ ਦੇ ਦੁੱਖਾਂ ਕਲੇਸ਼ਾਂ ਅਤੇ ਔਗੁਣਾਂ ਤੋਂ ਬਚਾਉਣ ਦਾ ਯਤਨ ਕੀਤਾ ਹੈ। ਇਕ ਧਰਮ ਵੇਤਾ ਜਦੋਂ ਦਿਸਦੇ ਦੀ ਅਸਲੀਅਤ ਨੂੰ ਲੱਭਣ ਦਾ ਯਤਨ ਕਰਦਾ ਹੈ ਤਾਂ ਆਖਰਕਾਰ ਉਹ ਇਕ ਨਿਸਚਿਤ ਪੜਾ ਉਤੇ ਪਹੁੰਚ ਜਾਂਦਾ ਹੈ। ਜਿਹੜਾ ਉਸ ਅਨੁਸਾਰ ਜੀਵਨ ਦੀ ਸੁੰਦਰਤਾ, ਓਜ, ਗਿਆਨ, ਅਤੇ ਆਨੰਦ ਦਾ ਅੰਤਮ ਪੜਾ ਹੁੰਦਾ ਹੈ। ਜਿਸ ਵਿਚ ਕਿਸੇ ਹੋਰ ਵਧੇਰੇ ਵਿਕਾਸ ਜਾਂ ਸੁਧਾਰ ਦੀ ਗੁਜਾਂਇਸ਼ ਨਹੀਂ ਰਹਿ ਗਈ ਹੁੰਦੀ । ਇਥੇ ਆਕੇ ਉਸ ਦੀ ਬੁੱਧੀ ਆਪਣੀ ਸੰਪੂਰਨਤਾ ਤੇ ਪਹੁੰਚਕੇ ਕਿਸੇ "ਬੁੱਧੀ ਤੋਂ ਉਪਰਲੇ" ਅਕੱਥ ਸੱਚ ਨੂੰ ਅਨੁਭਵ ਕਰਦੀ ਹੈ। ਇਥੇ ਆਕੇ ਬੁੱਧੀ ਦਾ ਕੰਮ ਖਤਮ ਹੋ ਜਾਂਦਾ ਹੈ ਅਤੇ ਇਕ ਅਨੋਖੇ ਆਤਮਿਕ ਅਨੁਭਵ ਦਾ ਅਰੰਭ ਹੋ ਜਾਂਦਾ ਹੈ। ਇਹ ਅਜਿਹੀ ਅਵਸਥਾ ਅੰਤਮ ਸੱਚ ਦੀ ਪ੍ਰਾਪਤੀ ਵੱਲ ਨੂੰ ਲਿਜਾਂਦੀ ਹੈ। ਇੰਜ ਆਪਣੀ ਨਿਸਚਿਤਤਾ ਦੇ ਅੰਤ ਤੱਕ ਪਹੁੰਚਿਆ ਵਿਚਾਰ ਹੀ ਕਿਸੇ ਧਰਮ ਦਾ ਅੰਤਮ ਸੱਚ ਹੈ। ਅੰਤਮ ਸੱਚ ਵਿਚ ਏਕਤਾ ਜਾਂ ਅਨੇਕਤਾ ਬਾਰੇ ਅਨੇਕ ਵਿਚਾਰਧਾਰਾਂ ਹੋਂਦ ਵਿਚ ਆ ਚੁੱਕੀਆਂ ਹਨ। ਕਈ ਧਰਮ ਅੰਤਮ ਸੱਚ ਵਿਚ ਏਕਤਾ ਦੇ ਅਨੁਸਾਰੀ ਹਨ। ਅਤੇ ਇਕੋ ਅੰਤਮ ਸੱਚ ਵਿਚ ਵਿਸ਼ਵਾਸ਼ ਕਰਦੇ ਹਨ। ਜਦ ਕਿ ਅਜਿਹੇ ਧਰਮ ਵੀ ਹਨ ਜਿਹੜੇ ਅੰਤਮ ਸੱਚ ਵਿਚ ਅਨੇਕਤਾ ਦਾ ਅਨੁਭਵ ਕਰਦੇ ਹੋਏ ਏਕਤਾ ਵੱਲ ਨੂੰ ਆਉਂਦੇ ਹਨ। ਅਤੇ ਕਈ ਵਾਰ ਅੰਤਮ ਸੱਚ ਦੀ ਅਨੇਕਤਾ ਵਿਚ ਵੀ ਵਿਸ਼ਵਾਸ਼ ਰੱਖਦੇ ਹਨ।

ਚਾਰਲਸ ਹਾਰਟਸਨ ਅਤੇ ਵਿਲੀਅਮ ਐਲ. ਰੀਜ਼[1] ਵਿਸ਼ੇਵਿਚਾਰਵਾਨਾਂ ਦੀਆਂ ਅੰਤਮ ਸੱਚ ਬਾਰੇ ਵਿਚਾਰਧਾਰਾਵਾਂ ਨੂੰ ਇਸ ਤਰ੍ਹਾਂ ਨਿਆਯੁਕਤ ਕਰਦੇ ਹਨ :- (ਇਥੇ ਉਨ੍ਹਾਂ ਦੀ ਪੁਸਤਕ ਦੀ ਵਿਸ਼ੇ ਸੂਚੀ ਦਾ ਪੰਜਾਬੀ ਅਨੁਵਾਦ ਦਿੱਤਾ ਜਾਂਦਾ ਹੈ )

---

1. I Charles Hartshosne and William.L. "Philosophers Speak of GOd."

Contents:-

1. ਪੁਰਾਤਨ ਏਕੀਸ਼ਵਰਵਾਦ :-

ਇਹ ਬਹੁਤ ਸਾਰੇ ਵਾਦ ਵਿਵਾਦ ਦਾ ਤੱਤ ਸਾਰ ਹੈ। ਇਸ ਅਨੁਸਾਰ ਅੰਤਮ ਸੱਚ ਅਸੀਮ ਵੀ ਹੈ ਅਤੇ ਸੁਸੀਮ ਵੀ। ਇਹ ਚੇਤਨ ਹੈ, ਵਿਸ਼ਵ ਗਿਆਤਾ ਹੈ, ਵਿਸ਼ਵ-ਸਮੇਤ ਹੈ। ਅੰਤਮ ਸੱਚ ਦਾ ਇਹ ਸੰਕਲਪ ਮਿਸਰ ਦੇ ਅਖਨਾਤੂਨ, ਪ੍ਰਾਚੀਨ ਹਿੰਦੂ ਗ੍ਰੰਥਾਂ, ਚੀਨ ਦੇ ਲਾਓਜ਼ੇ ਯਹੂਦੀ ਈਸਾਈ ਧਰਮ ਪੁਸਤਕਾਂ ਅਤੇ ਪਲੈਟੋ ਦਾ ਹੈ।

2. ਅਰਸਤੂ ਦਾ ਈਸ਼ਵਰਵਾਦ:-

ਇਸ ਅਨੁਸਾਰ "ਅੰਤਮ ਸੱਚ ਇਕ ਸਦੀਵੀ ਚੇਤੰਨਤਾ ਹੈ ਪਰ ਇਹ ਵਿਸ਼ਵ ਗਿਆਤਾ ਜਾਂ ਵਿਸ਼ਵ ਸਮੇਤ ਨਹੀਂ।"

3. ਸਨਾਤਨ **ਈਸ਼ਵਰਵਾਦ** :-

ਇਸ ਅਨੁਸਾਰ "ਅੰਤਮ ਸੱਚ" ਅਨੰਤ ਚੇਤਨਾ ਹੈ, ਵਿਸ਼ਵ ਗਿਆਤਾ ਹੈ ਪਰ ਵਿਸ਼ਵ ਸਮੇਤ ਨਹੀਂ। ਇਹ ਵਿਚਾਰਧਾਰਾ ਫੀਲੋ, ਆਗਸਟਾਈਨ, ਐਨਸਹਨ, ਅਲ-ਗਜ਼ਾਲੀ, ਮੈਇਮੋਨੀਦਸ, ਐਕੁਈਨਜ਼, ਦੇਸਕਰੇਤਸ, ਲਿਬਨਿਜ਼, ਕਾਂਤ, ਚਾਨਿੰਗ ਅਤੇ ਵੋਨ ਹੁਗਲ ਦਾ ਹੈ।

4. ਸਨਾਤਨ **ਸਰਬੀਸ਼ਵਰਵਾਦ**:-

ਇਸ ਅਨੁਸਾਰ "ਅੰਤਮ ਸੱਚ" ਅਨੰਤ ਚੇਤਨਾ ਹੈ, ਸਾਰੀ ਦੁੱਨੀਆਂ ਨੂੰ ਜਾਣਨ ਵਾਲਾ ਹੈ, ਵਿਸ਼ਵ ਇਸ ਵਿਚ ਹੈ (ਜਿਥੋਂ ਤੱਕ ਵਿਸ਼ਵ "ਅਸਲ" ਹੈ)। ਇਹ ਵਿਚਾਰਧਾਰਾ ਅਸ਼ਵਘੋਸ਼ ,

---

1. "Ancient or Quasi Panthism:

In aninciation of themes ( E T C K W- God as Eternal, Temporal, consciousness, knowing and including the world.)

2. Aristotalian Theism (E C-God as Eternal consciousness (not knowing or including world.)

3. Classical Theism (E.C.K.- God as Eternal Consciousness, knowing (but not including the world.) Philo, Augustine, Ansehn, all-Ghazzali, Maimonides, Aquinas, Descrates, Leibniz, Kant, Channing, Von Hugel."

4. Classical Pantheism (E.C.K.W.- God as Eternal, consciousness knowing and including world (so for as Real) Asvaghos ,

ਸ਼ੰਕਰ, ਰਾਮਾਨੁਜ, ਸਪਾਈਨੋਜਾ, ਰੋਏਸੀ ਅਤੇ ਜੈਫਰਜ ਦੀ ਹੈ।

5. ਮੁਕਤੀਵਾਦ:-

ਇਸ ਅਨੁਸਾਰ ਅੰਤਮ ਸੱਚ ਇਕ ਅਨੰਤਤਾ ਹੈ। ਇਹ ਵਿਚਾਰ ਪਲੋਟੀਨਸ ਦਾ ਹੈ।

6. ਸੁਸੀਮ ਈਸਵਰਵਾਦ :-

ਇਸ ਅਨੁਸਾਰ ਅੰਤਮ ਸੱਚ ਅਨੰਤ ਸੁਸੀਮ ਚੇਤਨਾ ਹੈ। ਵਿਸ਼ਵ-ਸਮੇਤ ਨਹੀਂ ਪਰ ਵਿਸ਼ਵ ਗਿਆਤਾ ਹੈ। ਇਹ ਸੰਕਲਪ ਸੋਈਨਸ ਅਤੇ ਲੀਕੁਈਰ ਦਾ ਹੈ।

ਇਹ ਤਾਂ ਹਨ "ਅੰਤਮ ਸੱਚ" ਬਾਰੇ ਸਨਾਤਨੀ ਵਿਚਾਰ। ਆਧੁਨਿਕ ਵਿਚਾਰਾਂ ਨੂੰ ਇਸ ਤਰਾਂ ਨਿਯਮਤ ਕੀਤਾ ਹੈ:-

1. ਆਧੁਨਿਕ ਸਰਬੀਸਵਰਵਾਦ:-

ਇਸ ਅਨੁਸਾਰ "ਅੰਤਮ ਸੱਚ" ਅਨੰਤ-ਸੁਸੀਮ, ਚੇਤਨ, ਵਿਸ਼ਵ ਗਿਆਤਾ ਹੈ। ਵਿਸ਼ਵ ਉਸਦੀ ਹੋਂਦ ਵਿੱਚ ਸਥਿਤ ਹੈ ਪਰ ਸੁਭਾਵ ਵਿੱਚ ਨਹੀਂ। ਇਹ ਸੰਕਲਪ ਸੈਲਿੰਗ ਫੈਚਨਰ, ਪੀਅਰਸਿ, ਪੀਫੀਅਡੀਰੀਰ, ਵਾਰੀਸਕੋ, ਵਾਈਟਹੈਡ, ਬਰਡੀਅਏਵ, ਇਕਬਾਲ, ਸ਼ਵੈਟਜ਼ਰ, ਬਬਰ, ਰਾਧਾ ਕ੍ਰਿਸ਼ਨ, ਵੇਈਸ ਅਤੇ ਵਾਟਸ ਦਾ ਹੈ।

---

-- Sankra **Ramanuja**, Spinoza, Roycee. Jeffers."

5. **Encinationism** - (E-God as Bose Eternity, the One) Plotinus.

6. Temporal Theism (E.T.C.K.- God as Eternal- **Temporal consciousness**, knowing (but not including) the world.) Soinus, Lequier."

1. Modern Pantheism:-

**(E.T.C.K.W.-** God as Eternal Temporal Consciousness, Knowing **and** including the world in His own **Actuality (but not in** His essence): Schelling, Pechner, Pierce, Pffeiderer Varisca, Whitehead, Berdyav, Iqbal, **Schweitzer**, Buber, Radhakrishnan, Weiss, Watts.

2. ਸੀਮਤ ਸਰਬੀਸਵਰਵਾਦ:

ਇਸ ਅਨੁਸਾਰ "ਅੰਤਮ ਸੱਚ" ਅਨੰਤ-ਸੁਸੀਮ ਚੇਤਨਾ ਹੈ। ਸੀਮਤ ਰੂਪ ਵਿੱਚ ਵਿਸ਼ਵ ਗਿਆਤਾ ਅਤੇ ਵਿਸ਼ਵ-ਸਮੇਤ ਹੈ। ਇਹ ਸੰਕਲਪ ਜੇਮਜ਼, ਈਹਰੇਨਫੇਲਜ਼, ਅਤੇ ਬਰਾਈਟਮੈਨ ਦਾ ਹੈ।

3. ਅਤਿ ਸੀਮਤ ਸਰਬੀਸਵਰਵਾਦ

ਇਸ ਅਨੁਸਾਰ "ਅੰਤਮ ਸੱਚ" ਬਿਲਕੁਲ ਸੁਸੀਮ ਚੇਤਨਾ ਹੈ ਜੋ ਵਿਸ਼ਵ-ਗਿਆਤਾ ਹੈ। ਜਾਂ ਸੀਮਤ ਰੂਪ ਵਿੱਚ ਵਿਸ਼ਵ-ਗਿਆਤਾ ਹੈ। ਇਹ ਸੰਕਲਪ ਅਲਗਜ਼ੈਂਡਰ, ਬਰਮਨ, ਐਮਜ਼, ਅਤੇ ਕਾਟੇਲ ਦਾ ਹੈ।

4. ਅਤਿ ਸੀਮਤ ਈਸਰਵਾਦ

ਇਸ ਅਨੁਸਾਰ "ਅੰਤਮ ਸੱਚ" ਨਿਰੋਲ ਸੁਸੀਮ ਹੈ ਨਾ ਚੇਤਨ ਹੈ ਅਤੇ ਨਾ ਵਿਸ਼ਵ ਗਿਆਤਾ। ਇਹ ਸੰਕਲਪ ਵੀਅਮਨ ਦਾ ਹੈ।

ਇਹ ਸੰਕਲਪ ਕਿਥੋਂ ਤੱਕ ਠੀਕ ਹਨ ਅਤੇ ਕਿਥੋਂ ਤੱਕ ਗਲਤ ? ਇਸ ਵਿਚਾਰ ਵਲ ਨਾ ਜਾਂਦੇ ਹੋਏ ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਕਿਵੇਂ ਵਿਸ਼ਵ ਦੇ ਹਰ ਧਰਮ ਦੇ ਵਿਚਾਰਵਾਨਾਂ ਨੇ ਹਰ ਸਮੇਂ ਕਿਸੇ ਨਾ ਕਿਸੇ ਰੂਪ ਵਿਚ "ਅੰਤਮ ਸੱਚ" ਦਾ ਸੰਕਲਪ ਕਿਆਸਿਆ ਹੀ ਹੈ। ਜਿਥੋਂ ਤੱਕ ਕਿਸੇ ਦੀ ਸੋਚ ਅਤੇ ਆਤਮਿਕ ਪਹੁੰਚ ਹੈ ਉਥੋਂ ਤੱਕ ਹੀ ਉਨ੍ਹਾਂ ਦਾ ਬ੍ਰਹਮ ਦਾ (ਅੰਤਮ ਸੱਚ" ਦਾ) ਸੰਕਲਪ

---

2. Liited Pantheism :

E.T.C.K.W.-God as Eternal-temporal, consciousness, knowing or Partially knowing and partialy including the world) James, Ehrenfels, Brithtman---"

3. Extreme Temporalistic Pantheism (T.C.R.-God as Purely Temporal Conciousness, knowing or partially knowing the world.) :Alexander, Berman, ames, Cattell.

4. Extreme Temporalistic Theism.

(T. -God as purely Temporal (but not concious and not knowing the world.) :Wieman.

ਵਿਕਸਤ ਹੈ । ਇਹ ਗੱਲ ਵਧੇਰੇ ਸਪੱਸ਼ਟ ਹੋ ਜਾਵੇਗੀ ਜਦੋਂ ਅਸੀਂ ਵਿਸ਼ਵ ਦੇ ਵੱਖੋ ਵੱਖਰੇ ਧਰਮਾਂ ਅਨੁਸਾਰ ਉਨ੍ਹਾਂ ਦਾ ਵੱਖੋ ਵੱਖਰਾ ਅੰਤਮ ਸੱਚ ਦਾ ਸੰਕਲਪ ਵੇਖਾਂਗੇ ।

## ਬੁੱਧ ਧਰਮ ਦਾ "ਅੰਤਮ ਸੱਚ" ਦਾ ਸੰਕਲਪ

ਆਮ ਰਾਇ ਹੈ ਕਿ ਬੁੱਧ ਮੱਤ ਦਾ ਅੰਤਮ ਸੱਚ ਦਾ ਕੋਈ ਵਿਸ਼ੇਸ਼ ਸੰਕਲਪ ਨਹੀਂ । ਕਿਉਂਜੋ ਬੁੱਧ ਨੇ ਅਕੱਥ ਨੂੰ ਕਥਨ ਕਰਨ ਦਾ ਯਤਨ ਨਹੀਂ ਕੀਤਾ। ਉਸ ਨੇ ਕੇਵਲ ਨਿਰਵਾਣ ਬਾਰੇ ਗੱਲ ਕੀਤੀ ਹੈ । ਪਰ ਮਹਾਤਮਾ ਬੁੱਧ ਦੀ ਪਰਮਾਤਮਾ ਪ੍ਰਤੀ ਚੁੱਪ ਦਾ ਮਤਲਬ ਰੱਬ ਦੀ ਹੋਂਦ ਤੋਂ ਇਨਕਾਰ ਨਹੀਂ । ਇਸ ਦਾ ਮਤਲਬ ਤਾਂ ਇਹ ਹੈ "ਉਸ ਚੀਜ਼ ਬਾਰੇ ਕੀ ਸਿਖਿਆ, ਕਿਹਾੜਾ ਗਿਆਨ ਦਿੱਤਾ ਜਾ ਸਕਦਾ ਹੈ ਜਿਸਨੂੰ ਕਿ ਸ਼ਬਦ ਬਿਆਨ ਹੀ ਨਹੀਂ ਕਰ ਸਕਦੇ?" ਭਾਵੇਂ ਬਾਅਦ ਵਿਚ ਇਸ "ਬਿਆਨ ਨਾ ਹੋ ਸਕਣ ਵਾਲੀ ਚੀਜ਼ " ਨੂੰ ਬੁੱਧ ਮੱਤ ਵਿਚ "ਸੁੰਨ" ਨਾਮ ਦੇ ਦਿੱਤਾ ਗਿਆ ।

"ਸੁੰਨ" ਤੋਂ ਵਧੇਰੇ ਕਰਕੇ ਭਾਵ ਲਿਆ ਜਾਂਦਾ ਹੈ "ਕੁੱਝ ਵੀ ਨਹੀਂ" ਪਰ ਅਸਲ ਵਿਚ "ਸੁੰਨ" ਦਾ ਭਾਵ ਹੈ ਅਨਿਸਚਿਤਤਾ,ਅਕੱਥ । ਬੋਧੀ ਭਾਵੇਂ ਵਿਸ਼ਵ ਦੇ ਲਈ ਵੀ "ਸੁੰਨ" ਸ਼ਬਦ ਹੀ ਵਰਤਦੇ ਹਨ । ਵਿਸ਼ਵ ਵੇਖਣ ਵਿਚ ਸੱਤ (ਹੋਂਦ ਵਾਲਾ) ਜਾਪਦਾ ਹੈ । ਪਰ ਜਦੋਂ ਅਸੀਂ ਇਸਦੀ ਅਸਲੀਅਤ ਨੂੰ ਪਰਖ ਲੈਂਦੇ ਹਾਂ ਤਾਂ ਇਹ ਨਾਸ਼ਵਾਨ ਨਜ਼ਰ ਆਉਂਦਾ ਹੈ। ਇਸ ਲਈ ਨਾ ਇਹ ਸੱਤ ਹੈ ਅਤੇ ਨਾ ਅੱਸਤ ।[1] ਨਾ ਹੀ ਸੱਤ- ਅੱਸਤ ਹੈ । ਇਸ ਲਈ ਇਹ "ਸੁੰਨ" ਹੈ । "ਸੁੰਨ" ਭੌਤਿਕ ਵਿਸ਼ਵ ਦੇ ਪਿਛੇ ਇਕ ਅਸੀਮ ਨਿਰਗੁਣ ਸ਼ਕਤੀ ਵੀ ਹੈ। ਜਿਸਦਾ ਗਿਆਨ ਨਿਰਵਾਣ ਪ੍ਰਾਪਤ ਕਰ ਲੈਣ ਤੋਂ ਬਾਅਦ ਹੁੰਦਾ ਹੈ। ਇਸ ਅਸੀਮ ਅਤੇ ਨਿਰਗੁਣ ਸ਼ਕਤੀ ਦੀ ਹੋਂਦ ਬਾਰੇ ਮਹਾਤਮਾ ਬੁੱਧ ਦੇ ਉਹ ਕਥਨ ਪ੍ਰਮਾਣ ਵਜੋਂ

---

1. Sarvadarsana - sangraha, chap.ii.

"--everything we know of is dependent on some condition. Hence it cannot be real. Again it cannot be said to be unreal. Because an unreal thing, like a castle in the air can never come into existence. To say that it is both real and unreal or that it is neither real nor unreal, would be unintelligible jargon." Sūnyatā is the name for this indeterminable & indescribable.

ਮੰਨੇ ਜਾਂਦੇ ਹਨ ਜਿਨ੍ਹਾਂ ਅਨੁਸਾਰ ਉਹ ਕਹਿੰਦੇ ਹੁੰਦੇ ਸਨ ਕਿ ਉਨ੍ਹਾਂ ਨੇ ਇਕ ਨਿੱਗਰ ਸਚਾਈ ਅਨੁਭਵ ਕੀਤੀ ਹੈ, ਜਿਸਨੂੰ ਬਹਿਸ ਨਾਲ ਸਮਝਿਆ ਸਮਝਾਇਆ ਨਹੀਂ ਜਾ ਸਕਦਾ।[1]

ਨਾਗਾਰੁਜਨ ਵਿਸ਼ਵ ਅਤੇ ਇਸ ਅਸੀਮੀ ਸ਼ਕਤੀ ਬਾਰੇ ਦਸਦੇ ਹੋਏ ਲਿਖਦੇ ਹਨ:-

"ਬੁੱਧ ਦੀਆਂ ਸਿਖਿਆਵਾਂ ਦਾ ਧਰਮ ਦੋ ਸਚਾਈਆਂ ਉਤੇ ਨਿਰਭਰ ਕਰਦਾ ਹੈ। ਇਕ ਹੈ ਸਾਮਵਰਤੀ ਸਤਯ ( ਵਿਸ਼ਵਕ ਸੱਚ ) ਜਿਸਦਾ ਸਬੰਧ ਆਮ ਲੋਕਾਂ ਨਾਲ ਹੈ। ਦੂਜਾ ਹੈ ਅਸੀਮ, ਨਿਰਗੁਣ, ਅੰਤਮ ਸੱਚ (ਪਰਮਾਰਥ ਸੱਚ)। ਜਿਹੜੇ ਇਨ੍ਹਾਂ ਦੋਨਾਂ ਸਚਾਈਆਂ ਵਿਚਲੇ ਫਰਕ ਨੂੰ ਨਹੀਂ ਸਮਝਦੇ ਉਹ ਬੁੱਧ ਦੀਆਂ ਸਿਖਿਆਵਾਂ ਦੇ ਰਹੱਸ ਨੂੰ ਨਹੀਂ ਸਮਝ ਸਕਦੇ।[2] ਪਹਿਲਾ ਸੱਚ ਦੂਜੇ ਅੰਤਮ ਸੱਚ ਦੀ ਪ੍ਰਾਪਤੀ ਲਈ ਕੇਵਲ ਇਕ ਪੜਾ ਹੈ। ਅੰਤਮ ਸੱਚ ਦਾ ਅਨੁਭਵ ਨਿਰਵਾਣ ਦਾ ਅਨੁਭਵ ਹੈ। ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸਨੂੰ ਕੇਵਲ ਨੇਤੀ ਨੇਤੀ ਕਹਿਕੇ ਸੁਝਾਇਆ ਜਾ ਸਕਦਾ ਹੈ। ਨਾਗਾਰੁਜਨ ਇਸਨੂੰ ਨੇਤੀ ਨੇਤੀ ਕਹਿੰਦੇ ਹੋਏ ਇਸ ਤਰ੍ਹਾਂ ਬਿਆਨ ਕਰਦੇ ਹਨ:-

"ਉਹ ਜਿਸਨੂੰ ਸਧਾਰਨ ਰੂਪ ਵਿੱਚ ਜਾਣਿਆ ਨਹੀਂ ਜਾ ਸਕਦਾ, ਨਾ ਨਵਾਂ ਬਣਾਇਆ ਜਾ ਸਕਦਾ ਹੈ। ਨਾ ਵਿਨਾਸ਼ ਕੀਤਾ ਜਾ ਸਕਦਾ ਹੈ। ਨਾ ਦਬਾਇਆ ਜਾ ਸਕਦਾ ਹੈ। ਨਾ ਸਿਰਜਿਆ ਜਾ ਸਕਦਾ ਹੈ। ਉਸਨੂੰ ਨਿਰਵਾਣ ਕਹਿੰਦੇ ਹਨ।[3] ਜੋ ਕੁੱਝ ਨਿਰਵਾਣ ਹੈ ਉਹੋ ਕੁੱਝ "ਤਥਾਗਤ" ਅਰਥਾਤ

---

1. Vide Prof. Radhakrishnan's article, "The teaching of Buddha by speech and silence." in Hibbert's "Journal" April, 1934.
2. Mādhyamika - Sastra, chap. 24, Karikas, 8-9.:-

"There are two truths, on which Buddha's teaching of Dharma depends, one is impirical ( Samvrti Satys) and meant for the ordinary people, another is the transcendental or absolutely true one (Pārmartha Satya) Those who do not know the distinction between these two kinds of truth, cannot understand they profound mystery of Buddha's teachings."

3. Mādhyamika - Sastra, chap. 25, Karikā - 3. :-

"That which is not known (ordinarily) not acquired anew, not destrpyed, not suppressed, not generated is called nirvāna."

ਨਿਰਵਾਣ ਪ੍ਰਾਪਤ ਕਰਨ ਵਾਲਾ ਹੈ।

ਅਨੰਤ ਦੀ ਅਸਲੀਅਤ ਵਿਚ ਹੀ ਵਿਸ਼ਵ ਦੀ ਭੌਤਿਕਤਾ ਉਲਝੀ ਹੋਈ ਹੈ। ਅਨੰਤ ਬਸ ਅਨੰਤ ਹੈ। ਉਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ। ਕਿਉਂਜੋ ਸਭ ਤਰਾਂ ਦੀ ਸੋਚ ਸਾਪੇਖ ਹੈ। ਜਦੋਂ ਕੋਈ ਅਨੰਤ ਬਾਰੇ ਸੋਚਦਾ ਹੈ ਤਾਂ ਉਸ ਦੀ ਸੋਚ ਵਿੱਚ ਆ ਜਾਣ ਵਾਲਾ ਸਾਪੇਖ ਹੋ ਜਾਂਦਾ ਹੈ। ਇਸ ਬਾਰੇ ਇਕ ਸੂਤਰ ਹੈ:-

'ਓ ਸਾਰੀਪੁਤ, ਇਥੇ, ਇਸ ਖਲਾ ਵਿੱਚ ਕੋਈ ਰੂਪ ਨਹੀਂ, ਕੋਈ ਦ੍ਰਿਸ਼ ਨਹੀਂ, ਕੋਈ ਨਾਮ ਨਹੀਂ , ਕੋਈ ਸੰਕਲਪ ਨਹੀਂ, ਕੋਈ ਗਿਆਨ ਨਹੀਂ।"[1]

ਨਾਗਾਰਜੁਨ ਅਨੁਸਾਰ:-

ਉਸ ਨੂੰ ਅੱਖਾਂ ਦੇਖ ਨਹੀਂ ਸਕਦੀਆਂ, ਮਨ ਉਸ ਬਾਰੇ ਸੋਚ ਨਹੀਂ ਸਕਦਾ, ਇਹ ਉੱਤਮ ਸਚਾਈ ਹੈ, ਜਿਥੇ ਮਨੁੱਖ ਨਹੀਂ ਪਹੁੰਚ ਸਕਦਾ। ਇਸ ਨੂੰ ਖਲਾ ਵੀ ਨਹੀਂ ਕਿਹਾ ਜਾ ਸਕਦਾ, ਅਤੇ "ਨਾ ਖਲਾ" ਵੀ ਨਹੀਂ ਕਿਹਾ ਜਾ ਸਕਦਾ, ਨਾ ਦੋਵੇਂ ਕੁੱਝ ਕਿਹਾ ਜਾ ਸਕਦਾ ਇਸ ਬਾਰੇ ਸੰਕੇਤ ਦੇਣ ਲਈ ਇਸਨੂੰ "ਸੁੰਨ" ਕਹਿ ਦਿੱਤਾ ਜਾਂਦਾ ਹੈ। ਸੁੰਨ ਕਾਰਨ ਹੀ ਵਿਸ਼ਵ ਦੀ ਹੋਂਦ ਸੰਭਵ ਹੈ। ਇਸ ਤੋਂ ਬਿਨਾਂ ਵਿਸ਼ਵ ਕੁੱਝ ਵੀ ਨਹੀਂ। ਇੱਕ ਸੂਤਰ ਹੈ:-

'ਓ ਸੁਭੂਤੀ, ਸਾਰੇ ਧਰਮ 'ਸੁੰਨ ਵਿੱਚ ਹੀ ਆਸਰਾ ਲੈਂਦੇ ਹਨ। ਉਹ ਇਸ ਆਸਰੇ ਨੂੰ ਬਦਲ ਨਹੀਂ ਸਕਦੇ।[2] ਸੁੰਨ ਤਾਂ ਉਸ ਦਾ ਲਖਾਇਕ ਹੈ ਜਿਸ ਦਾ ਕੋਈ ਕਾਰਨ ਨਹੀਂ, ਜੋ ਦੇਖਣ, ਸੋਚਣ ਤੋਂ ਪਰੇ ਹੈ, ਜੋ ਪੈਦਾ ਨਹੀਂ ਕੀਤਾ ਜਾ ਸਕਦਾ, ਜੋ ਅਜੂਨੀ ਹੈ, ਅਮਾਪ ਹੈ।[3] ਅਨੰਤ ਨਾ ਸਤ ਹੈ ਨਾ ਅਸੱਤ ਹੈ, ਨਾ ਦੋਵੇਂ ਸਤ-ਅਸੱਤ ਹੈ ਅਤੇ ਨਾ ਸਤ-ਅਸੱਤ ਤੋਂ ਭਿੰਨ ਹੈ।[4] ਭਾਵੇਂ ਅਨੰਤ ਸਾਰੀਆਂ ਸੀਮਾਵਾਂ ਤੋਂ ਉਪਰ ਹੈ ਅਤੇ ਸੁਸੀਮ ਚੇਤਨਾ ਦੁਆਰਾ ਵਿਚਾਰਿਆ ਨਹੀਂ ਜਾ ਸਕਦਾ, ਤਾਂ ਵੀ ਮਨੁੱਖੀ ਮਨ ਵਿਚ ਵਸਦੀ ਚੇਤਨਾ ਰਾਹੀਂ ਇਹ ਆਪਣੇ ਆਪ ਨੂੰ ਭੌਤਿਕ ਵਿਸ਼ਵ ਦੇ ਰੂਪ ਵਿਚ ਵਿਅਕਤ ਕਰਦਾ ਹੈ। ਜੇ ਸਾਪੇਖ ਸਿਧਾਂਤ "ਅਵਿਦਿਆ" ਵਿਚ ਸਥਿਰ ਤਤੱਵ ਦੀ ਹੋਂਦ ਨਾ ਹੋਵੇ ਤਾਂ ਮਨੁੱਖ ਸਮਦਰਸੀ ਹੋਕੇ ਪਰਮਾਰਥ ਨੂੰ ਪ੍ਰਾਪਤ ਨਾ

x x

1. ਵਡਾ "ਪਰਜਨਾਪਾਰਮੀਤਾਹਰਦੀਆ" ਸੂਤਰ, ਪੰਨਾ-148- "ਸੇਕਰਡ ਬੁਕਸ ਆਫ ਈਸਟ"
2. "ਅਸਟਾਸਾਹ ਸਸੀਕ ਪਰਜਨਾਪਾਰਮੀਤ" ਚੈਪਟਰ-18, ਸੀਕਰਡ ਬੁਕਸ ਆਫ ਈਸਟ।
3. "ਅਸਤੀਨਾਸਾਤੀ ਉਭੇਅ ਅਨੁਭਾਵਿਧਇਤੀ " ਕਾਂਡ ਸੰਕੋਟੀਵੀਨੀਰਮੁਕਤਮ ਸੁੰਨੀਅਤਵਮ।" ਮਾਧਵ, "ਸਰਵਦਰਸਨ ਸੰਗ੍ਰਹਿ"
3. "ਸੁੰਨੀਅਮ ਤਾਤਤਵਮ " (ਸਰਵਦਰਸਨ ਸੰਗ੍ਰਹਿ)

ਕਰ ਸਕੇ।

ਇਸ ਤਰਾਂ, ਵਿਸ਼ਵ ਦੀ ਦੂਹਰੀ ਸਚਾਈ ਦੇ ਸੰਕਲਪ, ਅਨੰਤ ਦੇ "ਨੇਤੀ ਨੇਤੀ" ਦੇ ਵਰਣਨ, ਅਤੇ ਅਨੰਤ ਆਪੇ ਨਾਲ ਮਿਲਕੇ ਨਿਰਵਾਣ ਪ੍ਰਾਪਤ ਕਰਣ ਦੇ ਸਿਧਾਂਤਾਂ ਸਦਕਾ ਮਾਧਿਅਮਿਕਾ ਵੇਦਾਂਤ ਦੇ ਕਾਫੀ ਨੇੜੇ ਆ ਜਾਂਦੀ ਹੈ।

## "ਜੈਨ ਧਰਮ ਦਾ "ਅੰਤਮ ਸੱਚ" ਦਾ ਸੰਕਲਪ"

ਜੈਨ ਧਰਮ ਅਨੁਸਾਰ ਵਿਸ਼ਵ ਦਾ ਅੰਤਮ ਸੱਚ ਇਕ ਰੱਬ ਨਹੀਂ ਸਗੋਂ ਅਨੇਕ ਆਤਮਾਵਾਂ ਹਨ। ਮਾਦੇ ਦੀ ਹਰ ਚੀਜ਼ ਵਿਚ ਇਸ ਦੀ ਇਕ ਆਪਣੀ ਆਤਮਾ ਸਮਾਈ ਹੋਈ ਹੈ। ਇਨ੍ਹਾਂ ਅਨੁਸਾਰ ਹਰ ਵਸਤੂ ਅਨੰਤ-ਧਰਮਕਾਮ ਵਸਤੂ ਹੈ। ਭਾਵ ਹਰ ਚੀਜ਼ ਜੋ ਕੁੱਝ ਵੀ ਹੈ, ਆਪਣੇ ਹਾਂ ਵਾਚਕ ਅਤੇ ਨਾਹਵਾਚਕ ਗੁਣਾਂ ਸਦਕਾ ਹੈ। "ਹਾਂ ਵਾਚਕ" ਗੁਣ ਉਹ ਹਨ ਜਿਹੜੇ ਉਸ ਚੀਜ਼ ਵਿਚ ਹਨ। ਨਾਹ ਵਾਚਕ ਗੁਣ ਉਹ ਹਨ ਜਿਹੜੇ ਉਸ ਚੀਜ਼ ਵਿਚ ਨਹੀਂ। ਇਹ ਨਾਹਵਾਚੀ ਗੁਣ ਇਕ ਵਸਤੂ ਨੂੰ ਉਸ ਦੇ ਹਾਂ ਵਾਚੀ ਗੁਣਾਂ ਸਮੇਤ, ਉਸਨੂੰ ਹੋਰ ਸਭ ਨਾਲੋਂ ਵਖਰਾਉਂਦੇ ਹਨ। ਇਸ ਲਈ ਹਾਂ ਵਾਚੀ ਗੁਣਾਂ ਦੇ ਮੁਕਾਬਲੇ ਨਾਹ ਵਾਚੀ ਗੁਣਾ ਦੀ ਗਿਣਤੀ ਬੇਹੱਦ ਜਿਆਦਾ ਹੈ।[1] ਇਸ ਲਈ ਜੱਦ ਅਸੀਂ ਕਿਸੇ ਇਕ ਚੀਜ਼ ਦੇ ਹਾਂ ਵਾਚੀ ਗੁਣਾ ਨੂੰ ਅਤੇ ਉਨ੍ਹਾਂ ਸਾਰੀਆਂ ਚੀਜ਼ਾਂ - ਜਿਹੜੀਆਂ ਕਿ ਇਸ ਚੀਜ਼ ਵਿਚ ਨਹੀਂ, ਦੇ ਗੁਣਾਂ ਨੂੰ ਪਰਖੀਏ ਤਾਂ ਸਾਡੇ ਸਾਹਮਣੇ ਉਸ ਚੀਜ਼ ਦੇ ਬੇਸ਼ੁਮਾਰ ਗੁਣ ਆ ਜਾਂਦੇ ਹਨ। ਇਸੇ ਲਈ ਜਦੋਂ ਕੋਈ ਵਿਸ਼ਵ ਦੀ ਇਕ ਚੀਜ਼ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਸਾਰੇ ਵਿਸ਼ਵ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਜਿਸ ਆਤਮਾ ਨੂੰ ਇਹ ਸਮੁੱਚਾ ਗਿਆਨ ਪ੍ਰਾਪਤ ਹੋ ਜਾਵੇ, ਉਹ ਮੁਕਤ ਹੋ ਜਾਂਦੀ ਹੈ।

ਹਰ ਗੁਣ-ਧਾਰਣੀ ਚੀਜ਼ ਨੂੰ "ਦ੍ਰਵ" ਕਿਹਾ ਜਾਂਦਾ ਹੈ। ਇੱਕ "ਦ੍ਰਵ" ਦੇ ਦੋ ਤਰਾਂ ਦੇ ਗੁਣ ਹਨ-ਲਾਜ਼ਮੀ ਅਤੇ ਆਰਜ਼ੀ। ਚੇਤਨਾ ਆਤਮਾ ਦਾ ਲਾਜ਼ਮੀ ਗੁਣ ਹੈ ਇਸ ਲਈ ਇਹ ਹਮੇਸ਼ਾਂ ਇਸ ਦੇ ਨਾਲ ਰਹਿੰਦਾ ਹੈ। ਪਰ ਆਰਜ਼ੀ ਗੁਣ ਆਉਂਦੇ ਜਾਂਦੇ ਰਹਿੰਦੇ ਹਨ। ਜਿਵੇਂ:-ਇਛਾਵਾਂ, ਇਰਾਦੇ, ਖੁਸ਼ੀਆਂ, ਦੁੱਖ, ਸੁੱਖ, ਆਤਮਾ ਦੇ ਆਰਜ਼ੀ ਗੁਣ ਹਨ। ਆਰਜ਼ੀ ਗੁਣ ਬਦਲਣਸ਼ੀਲ ਹਨ। (ਪਰੀਯਾਇਆ)।

ਵਿਸ਼ਵ ਅਨੇਕ ਦ੍ਰਵਾਂ ਦਾ ਬਣਿਆ ਹੋਇਆ ਹੈ। ਇਨ੍ਹਾਂ ਸਭ ਦ੍ਰਵਾਂ ਵਿਚ ਸਦਾ ਅਮਰ ਰਹਿਣ ਵਾਲੇ ਲਾਜ਼ਮੀ ਗੁਣ ਵੀ ਹਨ ਅਤੇ ਬਦਲਣਸ਼ੀਲ ਆਰਜ਼ੀ ਗੁਣ ਵੀ ਹਨ। ਇਸ ਲਈ ਅਮਰਤਾ ਅਤੇ

---

1. **Gunaratna on Saddarsan, Verse 55. Page-214.**

**"Stokah Svaparyāh Paraparyāyastu Vyāvrttirūpa anantā, -------**

ਬਦਲਣਸ਼ੀਲਤਾ ਦੋਵੇਂ "ਅਸਲੀਅਤ" ਹਨ। "ਅਸਲੀਅਤ" ਵਿਚ ਤਿੰਨ ਚੀਜ਼ਾਂ ਹਨ- ਅਟੱਲਤਾ, ਵਿਕਾਸ ਅਤੇ ਵਿਨਾਸ਼ ।

ਦ੍ਰਵ ਦੋ ਤਰ੍ਹਾਂ ਦੇ ਹਨ- ਵਿਕਾਸਸ਼ੀਲ ਅਤੇ ਵਿਕਾਸ ਰਹਿਤ। ਹੋਰ ਸਭ ਦ੍ਰਵ ਵਿਕਾਸਸ਼ੀਲ ਹਨ ਕੇਵਲ "ਸਮਾ" ਇਕ ਅਜਿਹਾ ਦ੍ਰਵ ਹੈ ਜਿਹੜਾ ਵਿਕਾਸਸ਼ੀਲ ਨਹੀਂ। ਜੈਨੀਆਂ ਦਾ ਅੰਤਿਮ ਸੱਚ [1] ਆਤਮਾਵਾਂ ਦੀ ਬਜਾਏ ਜੇ "ਦ੍ਰਵ" ਨੂੰ ਕਿਹਾ ਜਾਵੇ ਤਾਂ ਵਧੇਰੇ ਢੁਕਵਾਂ ਹੋਵੇਗਾ। ਜਿਵੇਂ ਕਿ ਹੇਠਲੇ ਨਕਸ਼ੇ ਤੋਂ ਸਪਸ਼ਟ ਹੁੰਦਾ ਹੈ:-




ਇਸ ਤਰ੍ਹਾਂ ਜੈਨੀਆਂ ਅਨੁਸਾਰ "ਆਤਮਾ" ਵੀ ਇਕ "ਦ੍ਰਵ" ਹੈ ਪਰ ਚੇਤਨ ਦ੍ਰਵ । ਚੇਤਨਤਾ

---

---anantebhyo, dravyebhyo, njānrttitual."

1. Satischandra Chatterjee & Dhirendramohan Datta."An Introduction to Indian Philosophy." Page-92.

ਆਤਮਾ ਦਾ ਸਾਰ ਤੱਤ ਹੈ।[1] ਇਹ ਆਤਮਾ ਦੇ ਸੁਭਾ ਅਤੇ ਮਿਆਰ ਅਨੁਸਾਰ ਬਦਲਦੀ ਰਹਿੰਦੀ ਹੈ। ਕਈ ਆਤਮਾਵਾਂ ਵਿਚ ਘਟ ਚੇਤਨਤਾ ਹੁੰਦੀ ਹੈ ਅਤੇ ਕਈਆਂ ਵਿਚ ਵੱਧ। ਘੱਟ ਤੋਂ ਘੱਟ ਚੇਤਨਾ ਵਾਲੀ ਆਤਮਾ ਨੂੰ ਸਭ ਤੋਂ ਨੀਵੇਂ ਦਰਜੇ ਤੇ ਰੱਖੀਏ ਤਾਂ ਜਿਉਂ ਜਿਉਂ ਚੇਤਨਾ ਵਧੇਰੇ ਜਾਗ੍ਰਤ ਹੁੰਦੀ ਜਾਂਦੀ ਹੈ ਤਿਉਂ ਤਿਉਂ ਆਤਮਾ ਵਧੇਰੇ ਵਧੀਆਂ ਹੁੰਦੀ ਜਾਂਦੀ ਹੈ। ਸਭ ਤੋਂ ਉੱਤਮ ਆਤਮਾ ਸੰਪੂਰਨ ਆਤਮਾ ਹੈ ਜਿਸ ਨੇ ਸਭ ਕਰਮਾਂ ਨੂੰ ਜਿੱਤ ਲਿਆ ਹੁੰਦਾ ਹੈ, ਜੋ ਸਰਵ-ਗਿਆਤਾ ਹੋ ਗਈ ਹੁੰਦੀ ਹੈ।[2]

ਆਤਮਾ ਹੀ ਚੀਜ਼ਾਂ ਬਾਰੇ ਜਾਣਕਾਰੀ ਲੈਂਦੀ ਹੈ, ਕੰਮ ਕਰਦੀ ਹੈ, ਖੁਸ਼ੀ ਮਾਣਦੀ ਅਤੇ ਦੁੱਖ ਅਨੁਭਵ ਕਰਦੀ ਹੈ, ਆਪਣੇ ਆਪ ਨੂੰ ਅਤੇ ਹੋਰਾਂ ਨੂੰ ਰੋਸ਼ਨ ਕਰਦੀ ਹੈ। ਆਤਮਾ ਅਮਰ ਹੈ ਪਰ ਇਹ ਬਦਲਣਸ਼ੀਲ ਅਤੇ ਵਿਕਾਸਸ਼ੀਲ ਹੈ। ਇਸਦੇ ਕੰਮਾਂ ਅਨੁਸਾਰ ਇਸ ਨੂੰ ਸਰੀਰ ਮਿਲਦਾ ਹੈ। ਬਦਲਦੇ ਸਰੀਰਾਂ ਅਨੁਸਾਰ ਇਹ ਵੀ ਬਦਲਦੀ ਹੈ। ਇਹ ਸਰੀਰ ਨਾਲੋਂ ਵੱਖਰੀ ਹੈ ਅਤੇ ਇਸ ਦੀ ਹੋਂਦ ਇਸ ਦੀ "ਚੇਤਨਤਾ" ਤੋਂ ਆਪਣੇ ਆਪ ਹੀ ਸਿੱਧ ਹੋ ਜਾਂਦੀ ਹੈ।[3]

ਜਿਵੇਂ ਰੋਸ਼ਨੀ ਸਭ ਪਾਸੇ ਇਕੋ ਤਰ੍ਹਾਂ ਫੈਲਦੀ ਹੈ, ਇਸੇ ਤਰ੍ਹਾਂ ਆਤਮਾ ਵੀ ਆਪਣੇ ਸਰੀਰ ਵਿਚ ਪੂਰੀ ਤਰ੍ਹਾਂ ਸਭ ਪਾਸੇ ਫੈਲ ਜਾਂਦੀ ਹੈ। ਪਰ ਇਹ ਫੈਲਾਵ ਅਤਿ ਸੂਖਸ਼ਮ ਹੈ, ਮਾਦੇ ਦੇ ਫੈਲਾਵ ਵਰਗਾ ਨਹੀਂ। ਆਤਮਾ ਅਕਾਸ਼ ਅਤੇ ਰੋਸ਼ਨੀ ਵਿਚ ਵੀ ਹੁੰਦੀ ਹੈ।

ਮੁਕਤ ਆਤਮਾਵਾਂ ਮਾਦਾ ਤੋਂ ਬਿਲਕੁਲ ਰਹਿਤ ਹੁੰਦੀਆਂ ਹਨ। ਉਹ ਨਿਰ ਉਪਾਧੀ ਹੁੰਦੀਆਂ ਹਨ ਅਤੇ ਸ਼ੁਧ ਹੋਂਦ ਦਾ, ਅਨੰਤ ਚੇਤਨਾ ਦਾ ਜੀਵਨ ਜੀਉਂਦੀਆਂ ਹਨ। ਉਨ੍ਹਾਂ ਵਿਚ ਅਨੰਤ ਗਿਆਨ, ਅਨੰਤਵੀਰਯ, ਅਤੇ ਅਨੰਤ ਸੁੱਖ ਹੈ। ਸਾਰਾ ਸੰਸਾਰ ਜੀਵ ਅਤੇ ਮਾਦੇ ਦਾ ਆਪਸੀ ਮੇਲ ਹੀ ਹੈ।[4]

## "ਹਿੰਦੂ ਮੱਤ ਦਾ "ਅੰਤਮ ਸੱਚ" ਦਾ ਸੰਕਲਪ"

"ਹਿੰਦੂ ਮੱਤ, ਅਜਿਹਾ ਏਕੀਸ਼ਵਰਵਾਦੀ ਹੈ ਜਿਹੜਾ ਕਿ ਅਨੇਕ ਹੈ।"[5] ਮਾਰਕਸ ਬੈਸ਼ ਦੇ ਇਹ

---

1. i Gunarattan on "Saddarshan" Page-47. "Cetanā - Laksano jivah."
 ii Tattvarthadhigama- Sūtra, 2.8. "Upayogo Laksanam."
2. "Vanaspatyantānam ekam," Tattvarthadhigam Sutra. -2.22.
3. i ਨੀਆਇਆਵਤਾਰ, ਕਵਿਤ-31.
 ii ਦਰਵੀਅ ਸੰਗ੍ਰਹਿ, ਕਵਿਤ-2,
4. Dr. Radhakrishan, "Indian Philosophy." Page-324.
5. Marcus Bach, "Majer Religions of the World." Contents:-
 Hinduism:-Religion of the one God who is many.

ਸ਼ਬਦ ਸਮੁੱਚੇ ਹਿੰਦੂ ਮਤ ਦਾ ਅੰਤਮ ਸੱਚ ਦਾ ਸੰਕਲਪ ਬਿਆਨ ਕਰ ਦੇਂਦੇ ਹਨ। ਭਾਵ ਹਿੰਦੂ ਇਕ ਰੱਬ ਵਿਚ ਵਿਸ਼ਵਾਸ਼ ਰੱਖਦੇ ਹਨ। ਸਭ ਦੇਵੀ ਦੇਵਤੇ ਇਸੇ ਦਾ ਰੂਪ ਹਨ ਅਤੇ ਇਸ ਇਕੋ ਰੱਬ ਦੀਆਂ ਵਖੋ ਵੱਖਰੀਆਂ ਸ਼ਕਤੀਆਂ ਨੂੰ ਪ੍ਰਤੀਬਿੰਬਤ ਕਰਦੇ ਹਨ। ਇਹ ਬ੍ਰਹਮ ਨਿਰਗੁਣ ਵੀ ਹੈ। ਸਰਗੁਣ ਵੀ ਹੈ ਅਤੇ ਨਿਰਗੁਣ-ਸ਼ਰਗੁਣ ਵੀ ਹੈ। ਉਹ ਵਿਸ਼ਵ ਅੰਦਰ ਵਿਆਪਕ ਹੈ, ਵਿਸ਼ਵ ਤੋਂ ਬਾਹਰ ਵੀ ਵਿਆਪਕ ਹੈ, ਅਤੇ ਇਸ ਸਭ ਕਾਸੇ ਤੋਂ ਨਿਰਲੇਪ ਆਪਣੀ ਨਿਰਗੁਣ ਅਵਸਥਾ ਵਿੱਚ ਵੀ ਕਾਇਮ ਰਹਿੰਦਾ ਹੈ। ਉਹ ਵਿਸ਼ਵ ਕਰਤਾ ਹੈ, ਵਿਸ਼ਵ ਨੂੰ ਮਾਣਦਾ ਹੈ ਅਤੇ ਵਿਸ਼ਵ ਤੋਂ ਨਿਰਲੇਪ ਵੀ ਹੈ। ਵਿਸ਼ਵ ਦੀ ਚਾਲਕ ਸ਼ਕਤੀ ਵੀ ਹੈ ਪਰ ਅਕਰਤਾ ਵੀ ਹੈ। ਸਭ ਨੂੰ ਦੇਖਦਾ ਹੈ ਪਰ ਸਭ ਵਲੋਂ ਬੇਪਰਵਾਹ ਵੀ ਹੈ। ਬ੍ਰਹਮ ਦਾ ਇਹ ਸਰੂਪ ਉਪਨਿਸ਼ਦਾਂ ਅਤੇ ਵੇਦਾਂ ਵਿਚ ਵਰਣਨ ਕੀਤਾ ਗਿਆ ਹੈ। ਇਸ ਦਾ ਵਧੇਰੇ ਵਿਸਥਾਰ ਇਸ ਖੋਜ ਨਿਬੰਧ ਦੇ ਦੂਜੇ ਭਾਗ ਦੇ ਤੀਜੇ ਅਤੇ ਚੌਥੇ ਅਧਿਆਵਾਂ ਵਿੱਚ ਕੀਤਾ ਗਿਆ ਹੈ।

## "ਪਾਰਸੀ ਧਰਮ ਦਾ "ਅੰਤਮ ਸੱਚ" ਦਾ ਸੰਕਲਪ"

ਪਾਰਸੀ ਧਰਮ ਮੱਧ ਏਸ਼ੀਆ ਅਤੇ ਯੂਰਪ ਦੇ ਚਾਰ ਧਰਮਾਂ ਵਿਚੋਂ ਇਕ ਹੈ। ਇਹ ਚੰਗਾਈ ਦੀ ਹੋਂਦ ਵੀ ਮੰਨਦਾ ਹੈ ਅਤੇ ਬੁਰਿਆਈ ਦੀ ਅਸਲੀਅਤ ਨੂੰ ਵੀ ਮੰਨਦਾ ਹੈ। ਭਾਵੇਂ ਅਖੀਰ ਵਿਚ ਜਿੱਤ ਚੰਗਿਆਈ ਦੀ ਹੀ ਹੁੰਦੀ ਹੈ। ਇਸੇ ਲਈ ਕਿਹਾ ਗਿਆ ਹੈ ਕਿ "ਪਾਰਸੀ ਧਰਮ ਚੰਗਿਆਈ ਅਤੇ ਬੁਰਾਈ ਦਾ ਧਰਮ ਹੈ।[1] ਯੋਰੋਸਟਰ ਇਨ੍ਹਾਂ ਦਾ ਮਸੀਹ ਹੈ, ਇਸ ਲਈ ਪਾਰਸੀ ਧਰਮ ਨੂੰ ਯੋਰੋਸਟਰ ਦਾ ਧਰਮ ਵੀ ਕਿਹਾ ਜਾਂਦਾ ਹੈ।

ਪਾਰਸੀ "ਅਹੁਰ ਮਾਜ਼ਦਾ" ਦੀ ਪੂਜਾ ਕਰਦੇ ਹਨ ਜਿਸ ਦਾ ਮਤਲਬ ਹੈ "ਪਰਮਾਤਮਾ ਅਮਰ ਰੋਸ਼ਨੀ ਹੈ।" ਪਾਰਸੀਆਂ ਅਨੁਸਾਰ ਵਿਸ਼ਵ ਦੇ "ਅੰਤਮ ਸੱਚ" ਵਿਚ 7 ਦੇਵਤੇ ਹਨ ਅਤੇ ਇਨ੍ਹਾਂ ਸੱਤਾਂ ਦੇਵਾਂ ਦਾ ਵਿਰੋਧ ਕਰਨ ਲਈ 7 ਸ਼ੈਤਾਨ ਹਨ। ਜਿਹੜੇ ਇਕ ਦੂਜੇ ਦਾ ਵਿਰੋਧ ਕਰਦੇ ਰਹਿੰਦੇ ਹਨ, ਪਰ ਅਖੀਰ ਵਿਚ ਜਿੱਤ ਚੰਗਿਆਈ ਦੇ ਦੇਵਤਿਆਂ ਦੀ ਹੁੰਦੀ ਹੈ ਤੇ ਫਿਰ ਸਭ ਪਾਸੇ "ਅਹੁਰ ਮਾਜ਼ਦਾ" ਦਾ ਰਾਜ ਹੋ ਜਾਂਦਾ ਹੈ।

ਸੱਤ ਦੇਵਤੇ ਜਿਨ੍ਹਾਂ ਨੂੰ ਪਾਰਸੀ "ਅਮੇਸਾ ਸਪਨੇਤਮ" ਕਹਿੰਦੇ ਹਨ, ਇਹ ਹਨ:-

1. ਅਹੁਰ ਮਾਜ਼ਦਾ (ਅਮਰ ਰੋਸ਼ਨ ਪਰਮਾਤਮਾ)
2. ਆਸ਼ਹ (ਠੀਕਤਾ ਅਤੇ ਨਿਆਂ ਦਾ ਗਿਆਨ)

---

1. Marcus Bach ,"Major Religions of the World." Contents:- "Zoroasterianism:- Religion of Good and evil."

3. ਵੋਹੁਮਾਨਾਹ (ਚੰਗਿਆਈ ਅਤੇ ਪਿਆਰ ਭਰਿਆ ਮਨ)
4. ਕਸ਼ਾਥਰਾ (ਆਤਮ-ਸ਼ਕਤੀ)
5. ਅਰਮੇਇਤੀ (ਵਿਸ਼ਵਾਸ਼ ਅਤੇ ਪਵਿੱਤਰਤਾ)
6. ਹਾਉਰਾਵਾਤਾਤ (ਸਿਹਤ ਅਤੇ ਸੰਪੂਰਨਤਾ)
7. ਅਮੇਰੇਤਾਤ (ਅਮਰਤਾ)

ਅਤੇ ਇਨਾਂ ਦੇ ਵਿਰੋਧੀ ਸੱਤ ਸ਼ੈਤਾਨ ਕੁਮਾਰ ਇਹ ਹਨ:-

1. ਐਂਗਰ ਮੈਇਨ ਜਾਂ ਅਹਰੀਮਨ (ਹਨੇਰੇ ਦਾ ਰਾਜਕੁਮਾਰ)
2. ਧਰੁਜ (ਝੂਠ ਦਾ ਪ੍ਰਤੀਨਿਧ)
3. ਟੇਕ (ਬੁਰਾ ਮਨ)
4. ਦੁਸ਼ਕਸ਼ਾਥਰਾ (ਬੁਜ਼ਦਿੱਲੀ)
5. ਤਰੋਮਤੀ (ਝੂਠੀ ਬਹਾਨੇ ਸਾਜ਼ੀ)
6. ਅਵੇਤਾਤ (ਦੁੱਖ)
7. ਮੇਰੇਥਿਨ (ਮਾਰ ਵੱਢ)

ਇਹ ਕੁੱਝ ਵੇਖਕੇ ਆਮ ਤੌਰ ਤੇ ਪਾਰਸੀਆਂ ਨੂੰ ਬਹੁਦੇਵ ਪੂਜ ਕਹਿ ਦਿੱਤਾ ਜਾਂਦਾ ਹੈ। ਪਰ ਅਸਲ ਵਿੱਚ ਅਜਿਹਾ ਨਹੀਂ। ਕਿਉਂਜੋ ਉਨਾਂ ਦੇ ਘਰਾਂ ਜਾਂ ਮੰਦਰਾਂ ਵਿਚ ਕੋਈ ਚਿੰਨ ਨਹੀਂ। ਸਿਰਫ ਇਕ "ਪਵਿੱਤਰ ਅਗਨੀ" ਗੁਪਤ ਰੂਪ ਵਿਚ ਹਮੇਸ਼ਾਂ ਲਈ ਬਲਦੀ ਰਹਿੰਦੀ ਹੈ। ਇਹ ਅਗਨੀ ਆਪਣੀ ਰੋਸ਼ਨੀ ਅਤੇ ਆਪਣੇ ਸੱਤਾਂ ਰੰਗਾਂ ਕਾਰਨ ਪਾਰਸੀਆਂ ਦੇ ਅਹੁਰਮਾਜ਼ਦਾ ਅਤੇ "ਅਮੇਸਾ ਸਪਨੇਤਮ" ਦੀ ਪ੍ਰਤੀਨਿਧਤਾ ਕਰਦੀ ਹੈ। ਇੰਜ ਉਹ ਹਿੰਦੂਆਂ ਵਾਂਗ "ਇਕ" ਵਿਚ ਹੀ ਅਨੇਕਤਾ ਨੂੰ ਵੇਖਦੇ ਹਨ। ਜਦੋਂ ਕੋਈ ਪਾਰਸੀ ਇਨਾਂ ਸੱਤਾਂ ਦੇਵਾਂ ਦੀ ਗਲ ਕਰਦਾ ਹੈ ਤਾਂ ਅਸਲ ਵਿਚ ਉਸ ਦਾ ਭਾਵ ਇੱਕੋ ਰੱਬ ਦੇ ਵੱਖੋ ਵੱਖਰੇ ਗੁਣਾਂ ਤੋਂ ਹੁੰਦਾ ਹੈ, ਜਿਵੇਂ ਇਕੋ ਅਗਨੀ ਦੀ ਲਾਟ ਦੇ ਵੱਖੋ ਵੱਖਰੇ ਰੰਗ ਹਨ। ਇਸ ਖਿਆਲ ਨੂੰ ਇੰਜ ਦਸਿਆ ਗਿਆ ਹੈ:-

ਅਸੀਂ ਚੰਗਿਆਈ ਦੀਆਂ ਚੰਗੀਆਂ, ਮਜ਼ਬੂਤ ਹਿਤਕਾਰੀ, ਰਖਿਅਕ ਆਤਮਾਵਾਂ ਦੀ ਪੂਜਾ ਕਰਦੇ ਹਾਂ ਜੋ ਕਿ ਹਮੇਸ਼ਾਂ ਲਾਭ ਪਹੁੰਚਾਉਣ ਵਾਲੀਆਂ ਹਨ, ਆਪਣੀਆਂ ਆਲੋਚਨਾਤਮਿਕ ਨਜ਼ਰਾਂ ਨਾਲ ਸਭ ਤੇ ਰਾਜ ਕਰਨ ਵਾਲੀਆਂ ਹਨ।" ਉੱਚੀ ਸ਼ਕਤੀ ਵਾਲੀਆਂ ਹਨ, ਤੇਜ਼ ਹਨ, "ਅਮਰ ਸੱਚ" ਦੇ ਜੀਉਂਦੇ ਸਰੂਪ ਹਨ, ਜਿਹੜੀਆਂ ਸੱਤੇ ਇਕ ਖਿਆਲ ਦੀਆਂ ਹਨ, ਸੱਤੇ ਇਕੋ ਸ਼ਬਦ ਦੀਆਂ ਹਨ, ਸੱਤੇ ਇਕ ਕੰਮ ਦੀਆਂ ਹਨ, ਜਿਨਾਂ ਦਾ ਮਨ ਇਕੋ ਹੈ, ਬੋਲੀ ਇਕੋ ਹੈ, ਕੰਮ ਇਕੋ ਹਨ ਅਤੇ ਜਿਨਾਂ ਦਾ ਮਾਲਕ ਅਤੇ ਸੁਆਮੀ ਇਕੋ ਹੈ- ਕਰਤਾ- ਅਹੁਰਮਾਜ਼ਦਾ ।"[1]

1. Fravardin Yasht 82-3.:-

"ਅਹੁਰ ਮਾਜ਼ਦਾ" ਦੇ ਵਿਭਿੰਨ ਗੁਣਾਂ ਨੂੰ ਇੰਜ ਬਿਆਨ ਕੀਤਾ ਗਿਆ ਹੈ:-

"ਓ ਪਵਿੱਤਰ ਜ਼ਾਰਾਥੁਸਟਰਾ, ਮੇਰਾ ਪਹਿਲਾ ਨਾਮ "ਅਹਮ" ਹੈ।
ਮੇਰਾ ਦੂਜਾ ਨਾਮ "ਡੰਗਰਾਂ ਦੇ ਵੱਗ ਦੇਣ ਵਾਲਾ"ਹੈ।
ਮੇਰਾ ਤੀਜਾ ਨਾਮ ਹੈ "ਇਕ ਸ਼ਕਤੀਸ਼ਾਲੀ"
ਮੇਰਾ ਚੌਥਾ ਨਾਮ ਹੈ "ਸੰਪੂਰਨ ਪਵਿੱਤਰਤਾ"
ਮੇਰਾ ਪੰਜਵਾਂ ਨਾਮ ਹੈ "ਮਾਜ਼ਦਾ ਦੀ ਸਿਰਜੀ ਸਾਰੀ ਚੰਗਿਆਈ"। ਪਵਿੱਤਰ ਸਿਧਾਂਤ ਦਾ ਪੁੱਤਰ।
ਮੇਰਾ ਛੇਵਾਂ ਨਾਮ ਹੈ "ਬੁੱਧੀ"
ਮੇਰਾ ਸੱਤਵਾਂ ਨਾਮ ਹੈ "ਬੁੱਧੀ ਵਾਲਾ"
ਮੇਰਾ ਅੱਠਵਾਂ ਨਾਮ ਹੈ "ਗਿਆਨ"
ਮੇਰਾ ਨੌਵਾਂ ਨਾਮ ਹੈ "ਗਿਆਨਵਾਨ"
ਮੇਰਾ ਦਸਵਾਂ ਨਾਮ ਹੈ "ਆਨੰਦ"
ਮੇਰਾ ਗਿਆਰਵਾਂ ਨਾਮ ਹੈ "ਆਨੰਦ ਦਾਤਾ"
ਮੇਰਾ ਬਾਰਵਾਂ ਨਾਮ ਹੈ "ਅਹੁਰ (ਸਰਵ ਗਿਆਨ ਅਤੇ ਬੁੱਧੀ)
ਮੇਰਾ ਤੇਰਵਾਂ ਨਾਮ ਹੈ "ਬੇਹੱਦ ਕ੍ਰਿਪਾਲੂ"
ਮੇਰਾ ਚੌਦਵਾਂ ਨਾਮ ਹੈ "ਨਿਰਮਲ (ਬੁਰਿਆਈ ਰਹਿਤ)
ਮੇਰਾ ਪੰਦਰਵਾਂ ਨਾਮ ਹੈ "ਅਜਿੱਤ"
ਮੇਰਾ ਸੋਲਵਾਂ ਨਾਮ ਹੈ "ਸੱਚਾ ਸੌਦਾ ਕਰਨ ਵਾਲਾ"
ਮੇਰਾ ਸਤਾਰਵਾਂ ਨਾਮ ਹੈ "ਸਰਵਦ੍ਰਿਸ਼ਟਾ"
ਮੇਰਾ ਅਠਾਰਵਾਂ ਨਾਮ ਹੈ "ਸੁਖ ਦਾਰੂ"
ਮੇਰਾ ਉਨੀਵਾਂ ਨਾਮ ਹੈ "ਕਰਤਾ"
ਮੇਰਾ ਵੀਹਵਾਂ ਨਾਮ ਹੈ "ਮਾਜ਼ਦਾ (ਸਰਵ ਵਿਆਪਕ)।"[1]

---

---"We worship the good, strong, beneficient guardian spirits of the righteous immortal benefactors the rulers with their watchful eyes, the high powerful, swift living ones of everlasting truth, who are seven of one thought, who are seven of one word, who are seven of one deed, whose mind is the same, whose speech is the same whose deeds are the same, whose master the Ruler is the same, the creator- Aher Mazada."

1. "The Religion of Good Life" by Sir R. Masani, Page-56-57.:-

ਇੰਜ ਭਾਵੇਂ "ਅਹੁਰ ਮਾਜ਼ਦਾ" ਨੂੰ ਉਚੱਤਮ ਆਤਮਿਕ ਸਥਿਤੀ ਵਿਚ ਰੱਖਿਆ ਗਿਆ ਹੈ ਪਰ ਤਾਂ ਵੀ ਇਸ ਦੀ ਚੰਗਿਆਈ ਦੇ ਵੱਖੋ ਵੱਖਰੇ ਗੁਣਾਂ ਦਾ ਮਾਨਵੀਕਰਣ ਕਰਕੇ, ਉਨਾਂ ਨੂੰ ਦੈਵੀ ਰੂਪ ਦਿੱਤਾ ਗਿਆ ਹੈ। ਜਿਨਾਂ ਨੂੰ ਪਾਰਸੀ ਦੇਵੀ ਦੇਵਤਿਆਂ ਦੇ ਰੂਪ ਵਿੱਚ ਵੀ ਪੂਜਦੇ ਹਨ।

ਅਹੁਰ ਮਾਜ਼ਦਾ ਉਚੱਤਮ ਮਾਲਕ ਹੈ, ਵਿਸ਼ਵ ਦਾ ਕਰਤਾ ਅਤੇ ਪਾਲਕ ਹੈ ਅਤੇ ਸਭ ਚੰਗਿਆਈਆਂ ਦਾ ਮੁਜ਼ਸਮਾ ਹੈ। ਜੋਰਾਸ਼ਟਰ ਦੀਆਂ ਗਾਥਾਵਾਂ ਵਿਚ ਉਸਨੂੰ ਇੰਜ ਬਿਆਨ ਕੀਤਾ ਗਿਆ ਹੈ :-

---

My first name is "I am'O holy Zarathusthtra."

My second name is the Giver of herds,"

My third name is the Strong one."

My fourth name is Perfect Holiness."

My fifth name is the All-Good Created."by Mazda, the offspring of the holy principle.

My sixth name is Understanding.

My seventh name is He that Possesseth Knowledge.

My eighteth name is Knowledge.

My ninth name is that who possessth Knowledge.

My tenth name is blessing.

My eleventh name is He that causeth blessing.

My twelvth name is "The All Wise."

My thirteenth name is "The Most Beneficient."

My fourteenth name is He in whom there is no harm.

My fifteenth name is the unconquerable.

My sixteenth name is He that maketh the ture Account.

My seventeenth name is the "All seeing."

My eighteenth name is the Healing.

MY Ninteenth name is the creator.

My twenteenth name is the Mazda. (Omnicient)

"ਮੈਂ ਸੱਚੇ ਦਿਲੋਂ ਤੈਨੂੰ ਵਿਸ਼ਵ ਦਾ ਪਹਿਲਾ ਕਰਤਾ ਮੰਨਦਾ ਹਾਂ- ਚੰਗੀ ਵਿਚਾਰ ਦੇ ਪਿਤਾ ਦੇ ਰੂਪ ਵਜੋਂ, ਠੀਕਤਾ ਦੇ ਸੱਚੇ ਜਨਮਦਾਤਾ ਦੇ ਰੂਪ ਵਜੋਂ ਮਨੁੱਖਤਾ ਦੇ ਕੰਮਾਂ ਦੀ ਅਗਵਾਈ ਕਰਨ ਵਾਲੇ ਆਗਵਾਨ ਦੇ ਰੂਪ ਵਜੋਂ ।[1] ਉਹ ਕਰਤਾ, ਮਾਲਕ ਅਤੇ ਵਿਸ਼ਵ ਦਾ ਰਾਖਾ ਹੈ, ਉਹ ਅਰੂਪ, ਅਦ੍ਰਿਸ਼ਟ, ਸਰਵਵਿਆਪਕ, ਸਰਵਗਿਆਤਾ, ਸਰਵਦ੍ਰਿਸ਼ਟਾ, ਅਨਾਦੀ ਅਤੇ ਅਨੰਤ ਹੈ।[2]

## "ਯਹੂਦੀ ਧਰਮ ਦਾ "ਅੰਤਮ ਸੱਚ" ਦਾ ਸੰਕਲਪ"

ਯਹੂਦੀ ਧਰਮ ਵਿਚ "ਅੰਤਮ ਸੱਚ" ਬਾਰੇ ਕੋਈ ਨਿਸਚਿਤ ਅਤੇ ਸਪਸ਼ਟ ਸੰਕਲਪ ਨਹੀਂ ਦਿੱਤਾ ਗਿਆ । ਪਰ ਇਸ ਧਰਮ ਦੀਆਂ ਧਾਰਮਿਕ ਪੁਸਤਕਾਂ, ਜੀਵਨੀਆਂ ਅਤੇ ਅਨੁਆਈਆਂ, ਸਭ ਦੀ ਪ੍ਰਕ੍ਰਿਤੀ ਤੋਂ ਇਸ ਦਾ ਅਹਿਸਾਸ ਹੁੰਦਾ ਹੈ।

ਇਸ "ਅਹਿਸਾਸ" ਅਨੁਸਾਰ ਅੰਤਮ ਸੱਚ ਦਾ ਸੰਕਲਪ ਇੰਜ ਸਪਸ਼ਟ ਹੁੰਦਾ ਹੈ:-

"ਉਹ ਵਿਸ਼ਵ ਦਾ ਕਰਤਾ ਹੈ, ਮਨੁੱਖਾਂ ਦਾ ਪਿਤਾ ਹੈ, ਵਿਸ਼ਵ ਦਾ ਹਾਕਮ ਹੈ ਅਤੇ ਸੱਚਾ ਨਿਆਧੀਸ਼ ਹੈ। ਉਹ ਦਿਆਲੂ ਕ੍ਰਿਪਾਲੂ ਅਤੇ ਪਿਆਰ ਕਰਨ ਵਾਲਾ ਹੈ। ਉਹ ਸੱਤ ਹੈ ਅਤੇ ਇਕ ਹੈ। ਉਸਦਾ ਰੂਪ ਸੰਗਠਿਤ ਹੈ। ਉਹ ਅਮਰ ਹੈ। ਉਹ ਇਕੱਲਾ ਹੀ ਪੂਜਾ ਦੇ ਯੋਗ ਹੈ। ਉਹ ਪੈਗੰਬਰਾਂ ਵਿਚ ਪ੍ਰਗਟ ਹੁੰਦਾ ਹੈ। ਮੋਜ਼ਿਜ਼ ਸਭ ਤੋਂ ਵੱਡਾ ਪੈਗੰਬਰ ਹੈ। ਰੱਬ ਨੇ ਮੋਜ਼ਿਜ਼ ਕੋਲ ਤੋਰਾਹ (ਸਦਾਚਾਰਕ ਲਿਖਤੀ ਕਨੂੰਨ) ਪ੍ਰਗਟ ਕੀਤਾ। ਰੱਬ ਸਰਵ-ਗਿਆਤਾ ਹੈ, ਜੀਵਾਂ ਨੂੰ ਉਨਾਂ ਦੇ ਕੰਮਾਂ ਅਨੁਸਾਰ ਇਨਾਮ ਜਾਂ ਸਜਾ ਦੇਂਦਾ ਹੈ। ਮਨੁੱਖਾਂ ਨੂੰ ਸ਼ੁਧ ਜੀਵਨ ਜੀਊਣ ਲਈ ਪ੍ਰੇਰਦਾ ਹੈ।[3]

---

1. "I sincerely regarded Thee as the First Actor in the universe, as the father of Reason (good mind) as the true originator of the Right Law (righteousness), as the Governor over the actions of mankind."

   Ishar Singh."The philosophy of Guru Nanak." Page-55.

2. do.

3. In Edward. J. Jury-"The Great Religions of the Modern World." Artical of Abraham. A. Newman "Judhiism" Page-232-237.

ਇਹ ਸ਼ੁਭ ਹਿਬਰੂ (ਯਹੂਦੀ) ਸੰਕਲਪ ਹੈ। ਰੱਬ ਨੇ ਇਜ਼ਰਾਇਲ ਦੀ ਭੂਮੀ ਨੂੰ ਆਪਣੀ ਭੂਮੀ ਬਣਾਇਆ ਹੈ ਅਤੇ ਇਜ਼ਰਾਇਲ ਦੇ ਸਾਰੇ ਮਨੁੱਖ ਰੱਬ ਦੇ ਚੁਣੇ ਹੋਏ ਖਾਸ ਬੰਦੇ ਹਨ।[1] ਜਿਉਂ ਜਿਉਂ ਇਜ਼ਰਾਇਲ ਦੀਆਂ ਇਤਿਹਾਸਕ ਹੱਦਾਂ ਵਿਸ਼ਾਲ ਹੁੰਦੀਆਂ ਗਈਆਂ, ਤਿਉਂ ਤਿਉਂ ਉਨ੍ਹਾਂ ਦਾ ਰੱਬ ਦਾ ਸੰਕਲਪ ਵੀ ਵਿਕਸਤ ਹੁੰਦਾ ਗਿਆ। ਆਪਣੇ ਸਮੇਂ ਦੇ ਇਕ ਕਬੀਲੇ ਦਾ ਦੇਵਤਾ ਕੌਮਾਂ ਦਾ ਰੱਬ ਬਣ ਗਿਆ। ਇਸ ਵਿਕਾਸ ਲਈ ਰੱਬ ਨੇ ਆਪ ਹੀ ਭਵਿਸ਼ਬਾਣੀ ਵੀ ਕੀਤੀ ਸੀ। ਜਦੋਂ ਰੱਬ ਨੇ ਸਾਰੀ ਸਿਰਜਨਾ ਦਾ ਖਾਤਮਾ ਕਰਕੇ, "ਨੂਹ" ਦੀ ਖਾਨਦਾਨੀ ਵਧਾ ਕੇ ਨਵੀਂ ਦੁੱਨੀਆਂ ਸਿਰਜੀ ਤਾਂ ਉਸਨੇ ਅਬਰਾਹਮ ਨੂੰ ਸੁਪਨੇ ਵਿਚ ਆਕੇ ਕਿਹਾ:-

"ਤੂੰ ਆਪਣੇ ਦੇਸ਼, ਸਬੰਧੀਆਂ ਅਤੇ ਮਾਪਿਆਂ ਕੋਲੋਂ ਦੂਰ ਇਕ ਅਜਿਹੀ ਧਰਤੀ ਉਤੇ ਚਲਾ ਜਾ ਜਿਹੜੀ ਮੈਂ ਤੈਨੂੰ ਦਿਖਾਉਂਦਾ ਹਾਂ। ਮੈਂ ਤੇਰੇ ਲਈ ਇਕ ਬਹੁਤ ਵਡੀ ਕੌਮ ਬਣਾ ਦਿਆਂਗਾ ਅਤੇ ਤੇਰੇ ਨਾਮ ਨੂੰ ਬਹੁਤ ਪ੍ਰਸਿੱਧ ਕਰ ਦਿਆਂਗਾ, ਤੇ ਤੂੰ ਫਿਰ ਦੂਜਿਆ ਉਤੇ ਕਿਰਪਾ ਕਰਨ ਵਾਲਾ ਦਾਤਾ ਬਣੇਗਾ। ਕਿਉਂਜੋ ਮੈਂ ਉਨ੍ਹਾਂ ਉਤੇ ਕਿਰਪਾ ਕਰਾਂਗਾ ਜਿਹੜੇ ਤੇਰੇ ਨਾਲ ਖੁਸ਼ ਹੋਣਗੇ, ਅਤੇ ਉਨ੍ਹਾਂ ਨੂੰ ਸਰਾਪ ਦਿਆਂਗਾ ਜਿਹੜੇ ਤੇਰੀ ਨਿੰਦਿਆ ਕਰਨਗੇ ਕਿਉਂਜੋ ਤੇਰੇ ਵਿਚੋਂ ਦੁੱਨੀਆਂ ਦੇ ਸਾਰੇ ਪਰੀਵਾਰਾਂ ਉਤੇ ਕਿਰਪਾ ਕਰ ਦਿੱਤੀ ਗਈ ਹੈ।[2]

"ਰੱਬ" ਦਾ ਇਕ ਕਬੀਲੇ ਨਾਲ ਸਬੰਧਤ ਹੋਣਾ- ਰੱਬ ਦੇ ਇਨ੍ਹਾਂ ਸ਼ਬਦਾਂ ਤੋਂ ਸਪਸ਼ਟ ਹੁੰਦਾ ਹੈ:-

"ਮੈਂ ਬੜੇ ਨਿਸਚਿਤ ਰੂਪ ਵਿਚ ਆਪਣੇ ਲੋਕਾਂ ਦੀ ਮੁਸੀਬਤ ਵੇਖ ਚੁੱਕਾ ਹਾਂ, ਜਿਹੜੇ ਹੁਣ ਮਿਸਰ ਵਿਚ ਗੁਲਾਮਾਂ ਦੇ ਮਾਲਕਾਂ ਅਧੀਨ ਹੋ ਚਿਲਾ ਰਹੇ ਹਨ। ਮੈਂ ਉਨ੍ਹਾਂ ਦੇ ਦਰਦਾਂ ਨੂੰ ਜਾਣਦਾ ਹਾਂ

---

1. "Isreal chose Yahweh to be their God, and Yahweh chose Isreal to be his people." Markus Bach, "Major Religions of the World." cp- Judhism- ."

2. Genesis 12: 1-3, "Gospal of Iszeal Duncan Greenless. Page-20. "Go for yourself out of your country from your relatives and your father's houses, to the land that I will show you, and I will make of you a great nation and bless you and make your name great and you will be a blessing (to others) For I will bless those who bless you and curse the (One) who curses you, for in you shall all families of the earth be blessed."

ਅਤੇ ਉਹਨਾਂ ਨੂੰ ਮਿਸਰੀਆਂ ਦੀ ਗੁਲਾਮੀ ਤੋਂ ਬਚਾਉਣ ਲਈ ਆਇਆ ਹਾਂ ।---- ਇਸ ਲਈ ਮੈਂ ਤੈਨੂੰ (ਮੋਜ਼ਿਜ਼ ਨੂੰ ) ਫਾਰੋਹਾ ਕੋਲ ਭੇਜਦਾ ਹਾਂ ਤਾਂ ਜੁ ਤੂੰ ਮੇਰੇ ਲੋਕਾਂ ਨੂੰ ਇਜ਼ਰਾਇਲ ਦੇ ਬੱਚਿਆਂ ਨੂੰ ਮਿਸਰ ਵਿਚੋਂ ਕੱਢ ਕੇ ਲਿਆ ਸਕੇਂ।[1]

ਜਦੋਂ ਮੋਜ਼ਿਜ਼ ਆਪਣੇ ਲੋਕਾਂ ਨੂੰ ਮਿਸਰ ਵਿਚੋਂ ਕੱਢਕੇ ਇਜ਼ਰਾਇਲ ਲਿਜਾਣ ਵਿੱਚ ਸਫਲ ਹੋ ਗਿਆ ਤਾਂ ਯਾਹਵੇਹ (ਰੱਬ) ਮੋਜ਼ਿਜ਼ ਨੂੰ ਸੀਨਾਈ ਪਰਬਤ ਉਤੇ ਮਿਲਿਆ ਅਤੇ ਉਸਨੂੰ ਪਹਿਲਾਂ ਕਨੂੰਨ ( First Law ) ਇੰਜ ਦਿੱਤਾ:-

ਮੈਂ ਯਾਵੇਹ ਹਾਂ ਤੁਹਾਡਾ ਰੱਬ---ਮੇਰੀ ਬਜਾਏ ਤੁਸੀ ਹੋਰ ਕਿਸੇ ਰੱਬ ਨੂੰ ਨਹੀਂ ਮੰਨਣਾ, ਨਾ ਤੁਸੀਂ ਮੇਰੀ ਕੋਈ ਮੂਰਤੀ ਬਨਾਉਣੀ ਹੈ, ਨਾ ਤੁਸੀਂ ਫਜ਼ੂਲ ਵਿਚ ਯਾਵੇਹ - ਆਪਣੇ ਰੱਬ ਦਾ ਨਾਮ ਲਈ ਹੀ ਜਾਣਾ ਹੈ--- ਪਰ ਸੱਤਵੇਂ ਦਿੱਨ ਨੂੰ ਇਹ ਪਵਿੱਤਰ ਨਾਮ ਯਾਦ ਰੱਖਣਾ ਕਦੇ ਨਾ ਭੁਲੋ ।[2] ਆਪਣੇ ਮਾਂ ਬਾਪ ਦਾ ਸਤਿਕਾਰ ਕਰੋ----

"ਆਤਮਾ" ਰੱਬ ਦਾ ਸਾਰ ਹੈ ਅਤੇ ਰੱਬ ਵਾਂਗੂ ਹੀ ਅਮਰ ਹੈ। ਰੱਬ "ਕੁੱਝ ਨਹੀਂ" ਵਿਚੋਂ ਆਪਣੇ ਸ਼ਬਦ ਨਾਲ ਵਿਸ਼ਵ ਦੀ ਸਿਰਜਨਾ ਕਰਦਾ ਹੈ। ਰੱਬ ਚੰਗਾ ਹੈ, ਇਸ ਲਈ ਉਸਦੀ ਸਿਰਜਨਾ ਵੀ ਚੰਗੀ ਹੈ। ਕੋਈ ਸ਼ੈਤਾਨ ਜਾਂ ਨਰਕ ਨਹੀਂ ਜਿਹੜਾ ਕੋਈ ਰੱਬ ਦੀ ਇੱਛਾ ਦੇ ਉਲਟ ਜਾਂਦਾ ਹੈ,

---

1. Yahweh said: "I have surely seen the distress of my people who are (now) in Egypt and heard their cry under their slave drivers, yes, I know their pains and have come down to rescue them from the --- Egyptians. --- So then come and I will send you to Pharoah so that you may bring my people, the children of Isreal, out of Egypt." (Exodus 3.7-8,10.)

2. God spoke all these things,saying:-

"I am Yahweh Your God,---you shall have no other God before Me, nor shall you make any carved image for yourself--- nor shall you take in vain the name of Yahweh your God---but remember the seventh day to keep it holy-- Honour your father and your mother."- Exodus 20: 1-8,12-17-

ਉਹ ਪਾਪੀ ਹੋ ਜਾਂਦਾ ਹੈ।[1] ਰੱਬ ਦਾ ਨਾਮ ਪਵਿੱਤਰ ਹੈ, ਇਸ ਲਈ ਇਸ ਦਾ ਉਚਾਰਨ ਨਹੀਂ ਕਰਨਾ ਚਾਹੀਦਾ, ਤਾਂ ਜੁ ਕਿਤੇ ਮੈਲਾ ਨਾ ਹੋ ਜਾਵੇ।[2]

ਯਹੂਦੀਆਂ ਅਨੁਸਾਰ ਪਵਿੱਤਰ ਆਤਮਾ ਨੇ ਅਜੇ ਆਉਣਾ ਹੈ ਅਤੇ ਉਹ ਸਾਰੇ ਇਸ ਦੀ ਉਡੀਕ ਕਰਦੇ ਹਨ।

## "ਈਸਾਈ ਮੱਤ ਦਾ "ਅੰਤਮ ਸੱਚ" ਦਾ ਸੰਕਲਪ"

ਈਸਾ ਮਸੀਹ ਦੇ ਜਨਮ ਲੈਣ ਨਾਲ ਯਹੂਦੀਆਂ ਦੀ ਭਵਿਸ਼ਬਾਣੀ ਕਿ ਮਸੀਹ ਆਵੇਗਾ ਅਤੇ ਧਰਤੀ ਉਤੇ ਰੱਬ ਦਾ ਰਾਜ ਕਾਇਮ ਕਰੇਗਾ, ਪੂਰੀ ਹੋ ਜਾਂਦੀ ਹੈ। ਅਸਲ ਵਿਚ ਈਸਾਈ ਮੱਤ ਯਹੂਦੀ ਮੱਤ ਦਾ ਹੀ ਇਤਿਹਾਸਕ ਵਿਕਾਸ ਹੈ।[3]

ਈਸਾਈ ਮੱਤ ਯਹੂਦੀ ਪੈਗੰਬਰਾਂ ਦੇ ਏਕੀਸਰਵਾਦ ਦੇ ਸਿਧਾਂਤ ਨੂੰ ਮੰਨਦਾ ਹੈ। ਇਸ ਅਨੁਸਾਰ ਵਿਸ਼ਵ ਵਿਚ ਅੰਤਮ ਸਚਾਈ ਦੇ ਤਿੰਨ ਰੂਪ ਹਨ:- ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ। ਦੂਜੇ ਸ਼ਬਦਾਂ ਵਿਚ ਰੱਬ (God) ਮਸੀਹ (ਰੱਬ ਦਾ ਪੁੱਤਰ) ਅਤੇ ਪਵਿੱਤਰ ਆਤਮਾ (holy ghost) ਇਹ ਤਿੰਨੇ ਮਿਲਕੇ ਈਸਾਈ ਰੱਬ ਦੇ ਸੰਕਲਪ ਨੂੰ ਪੂਰਾ ਕਰਦੇ ਹਨ। ਇਸ ਤ੍ਰਿੱਕੇ ਦੀ ਵਿਆਖਿਆ ਬਾਰੇ ਕਾਫੀ ਭੇਦ ਭਾਵ ਹਨ। ਇਸ ਨੂੰ "ਇੱਕ ਤੱਤ ਵਿਚ ਤਿੰਨ ਵਿਅਕਤੀ" (Three persons in one substance) ਵੀ ਕਿਹਾ ਗਿਆ ਹੈ।[4]

ਅਸਲ ਵਿਚ ਈਸਾਈ ਮੱਤ "ਈਸਾ ਮਸੀਹ" ਵਿਚ ਰੱਬ ਦੇ ਪ੍ਰਗਟ ਹੋਣ ਦਾ ਧਰਮ ਹੈ।[5] ਈਸਾ ਮਸੀਹ ਆਪ ਵੀ ਲਿਖਦੇ ਹਨ:-

"ਮੈਂ ਹੀ ਜੀਵਨ ਮਾਰਗ ਅਤੇ ਸਚਾਈ ਹਾਂ---ਇਬਰਾਹਾਮ ਤੋਂ ਪਹਿਲਾਂ ਮੈਂ ਸੀ, ਮੈਂ ਅਤੇ ਪਿਤਾ ਇਕ ਹਾਂ---ਮੈਂ ਪਿਤਾ ਵਿਚ ਹਾਂ ਪਿਤਾ ਮੇਰੇ ਵਿਚ ਹੈ----ਸਾਰੀਆਂ ਚੀਜ਼ਾਂ ਜੋ ਪਿਤਾ ਕੋਲ

---

1. Abraham A Newman's artical "Judhism" in "The Great Religion of the Modern World." edited by Edward. J. Jury. (Page-229;230.
2. Dr. S.S. Kohli, "Philosophy of Guru Nanak." Page-105.
3. Dr. S.S. Kohli, "Philosophy of Guru Nanak," Page-110.
4. Dr. S.S. Kohli, "Philosophy of Guru Nanak," Page-111.
5. Marcus Bach, "Major Religions of the World." Contents.

ਹਨ, ਮੇਰੀਆਂ ਹਨ। ਮੈਂ ਪਿਤਾ ਕੋਲੋਂ ਹੀ ਆਇਆ ਹਾਂ।[1]

ਜੋ ਕੁੱਝ ਈਸਾ ਮਸੀਹ ਹੈ ਉਹੋ ਕੁੱਝ ਈਸਾਈਆਂ ਦਾ (ਰੱਬ) ਦਾ ਸੰਕਲਪ ਹੈ।[2] ਰੱਬ ਸਾਰੀ ਦੁਨੀਆਂ ਦੀ ਸਿਰਜਨਾ ਕਰਦਾ ਹੈ। ਜੋ ਕੁੱਝ ਮਨੁੱਖਾਂ ਲਈ ਕਰ ਸਕਣਾ ਅਸੰਭਵ ਹੈ, ਉਹੋ ਕੁੱਝ ਕਰ ਸਕਣਾ ਰੱਬ ਲਈ ਸੰਭਵ ਹੈ।[3] ਮਸੀਹ ਮਨੁੱਖਤਾ ਦਾ ਰਾਖਾ ਹੈ, ਲੋਕਾਂ ਦੇ ਪਾਪਾਂ ਦਾ ਪ੍ਰਾਸਚਿਤ ਕਰਵਾਉਂਦਾ ਹੈ, ਮਨੁੱਖਤਾ ਨੂੰ ਉਚਿਆਂ ਚੁੱਕਦਾ ਹੈ, ਲੋਕਾਂ ਦੀ ਅਗਿਆਨਤਾ ਖਤਮ ਕਰਦਾ ਹੈ। ਆਪਣੇ ਬਲੀਦਾਨ ਨਾਲ ਲੋਕਾਂ ਦਾ ਸੁਧਾਰ ਕਰਦਾ ਹੈ। ਈਸਾ ਦੇ ਬਲੀਦਾਨ ਨਾਲ ਪਿਤਾ ਅਤੇ ਪੁੱਤਰ ਦਾ ਮੇਲ ਹੋ ਜਾਂਦਾ ਹੈ ਅਤੇ ਤ੍ਰਿੱਕਾ (Trinity) ਇਕ ਹੋ ਜਾਂਦਾ ਹੈ।

ਈਸਾ ਦੇ ਸੂਲੀ ਚੜ੍ਹ ਜਾਣ ਬਾਅਦ ਚਰਚ ਨੂੰ ਅਜਿਹਾ ਸਰੀਰ ਸਮਝਿਆ ਜਾਣ ਲੱਗ ਪਿਆ ਜਿਥੇ ਪਵਿੱਤਰ ਆਤਮਾ ਦਾ ਵਾਸਾ ਹੈ। ਚਰਚ ਦੇ ਪਵਿੱਤਰ ਇਕੱਠ ਵਿਚ ਈਸਾ ਮਸੀਹ ਦੀ ਹੋਂਦ ਨੂੰ ਅਨੁਭਵ ਕੀਤਾ ਜਾਂਦਾ ਹੈ।

ਜਿਵੇਂ ਪਿਤਾ ਪੁੱਤਰ ਵਿਚ ਕੋਈ ਫਰਕ ਨਹੀਂ ਹੁੰਦਾ, ਇਸੇ ਤਰ੍ਹਾਂ ਰੱਬ ਅਤੇ ਈਸਾ ਮਸੀਹ ਵਿਚ ਵੀ ਕੋਈ ਭੇਦ ਨਹੀਂ। ਰੱਬ ਗਿਆਨ ਸਰੂਪ ਹੈ ਅਤੇ ਸਭ ਜੀਵਾਂ ਨੂੰ ਗਿਆਨ ਦੇਂਦਾ ਹੈ।[4] ਉਹ ਦੇਵਤਿਆਂ ਦੀ ਪੂਜਾ ਨਾਲ ਖੁਸ਼ ਨਹੀਂ ਹੁੰਦਾ।[5] ਉਹ ਸ੍ਰਵ ਵਿਆਪਕ ਅਤੇ ਸਰਵ-ਗਿਆਤਾ ਹੈ। ਉਹ ਸਭ ਦੋਸ਼ੀਆਂ ਅਤੇ ਕਸੂਰਵਾਰਾਂ ਨੂੰ ਖਤਮ ਕਰ ਦੇਂਦਾ ਹੈ। ਸਭ ਨੂੰ ਉਨ੍ਹਾਂ ਦੇ ਕੰਮਾਂ ਅਨੁਸਾਰ ਨਿਆਂ ਦੇਂਦਾ ਹੈ।[6]

ਉਹ ਸਭ ਦਾ ਪਿਤਾ ਹੈ, ਸਭ ਦਾ ਮਾਲਕ ਹੈ, ਪਵਿੱਤਰ ਹੈ, ਸਭ ਦੇਵੀ ਦੇਵਤਿਆਂ ਤੋਂ ਉਪਰ ਹੈ।[7] ਉਸ ਦਾ ਹੁੱਕਮ ਸਰਵ ਵਿਆਪਕ ਹੈ।[8] ਉਹ ਮਨੁੱਖਾਂ ਦੀ ਭਰਾਤਰੀਪਤਾ ਉਤੇ ਖੁਸ਼ ਹੁੰਦਾ ਹੈ।

---

1. John 14.6, 8:58, 10.30,1.18; 15,28.
2. Grant Allen,"The Evolution of the idea of God." Page-140.
3. Mathew, 19: 20-26.
4. Berakot. Page-58?. On Gentiles.
5. Abbdoh Zarah. 546.
6. The Book of the Covenont Exodus 21.2-23:11.
7. The Code of Holiness." Leviticus 19:26-35.
8. The Twelve Testaments : Lev: Commends.

ਉਹ ਪਿਆਰ ਸਰੂਪ ਹੈ।[1] ਉਹ ਧਰਤੀ ਅਤੇ ਅਕਾਸ਼ ਦੀ ਸਿਰਜਣਾ ਕਰਦਾ ਹੈ, ਉਹ ਸਭ ਤੋਂ ਉੱਤਮ ਹੈ।[2] ਉਹ ਸੱਤ ਸਰੂਪ ਹੈ।[3] ਰੱਬ ਮਨ ਮਰਜੀ ਦਾ ਮਾਲਕ ਹੈ, ਉਸ ਦੀ ਮਰਜੀ ਨੂੰ ਜਾਣਿਆਂ ਨਹੀਂ ਜਾ ਸਕਦਾ। ਉਸ ਦਾ ਭੈ ਸਰਵ ਵਿਆਪਕ ਹੈ।[4]

ਰੱਬ, ਕਿਉਂਜੋ ਛੇਆਂ ਦਿਨਾਂ ਵਿੱਚ ਦੁਨੀਆਂ ਸਿਰਜਕੇ ਸੱਤਵੇ ਦਿਨ ਅਰਾਮ ਕਰਦਾ ਹੈ ਇਸ ਲਈ ਹਫਤੇ ਦੇ ਛੇ ਦਿਨ ਕੰਮ ਦੇ ਅਤੇ ਸਤਵਾਂ ਐਤਵਾਰ ਛੁੱਟੀ ਦਾ ਦਿਨ ਹੁੰਦਾ ਹੈ।

ਇਕ ਵਾਰ ਈਸਾ ਮਸੀਹ ਦੇ ਚੇਲਿਆਂ ਵਿਚੋਂ ਇਕ- ਫਿਲਿਪ - ਨੇ ਪੁਛਿਆ- "ਮਾਲਕ ਸਾਨੂੰ "ਪਿਤਾ" ਦਿਖਾਓ, ਅਤੇ ਅਸੀਂ ਸੰਤੁਸ਼ਟ ਹੋ ਜਾਵਾਂਗੇ, ਤਾਂ ਈਸਾ ਮਸੀਹ ਨੇ ਜਵਾਬ ਦਿੱਤਾ:-

ਕੀ ਤੁਸੀ ਇੰਨੀ ਦੇਰ ਤੋਂ ਮੇਰੇ ਨਾਲ ਨਹੀਂ ਰਹਿੰਦੇ ਆ ਰਹੇ ਜੁ ਤੁਸੀਂ ਅਜੇ ਤੱਕ ਮੈਨੂੰ ਜਾਣ ਨਹੀਂ ਸਕੇ। ਉਹ ਜਿਸ ਨੇ ਮੈਨੂੰ ਦੇਖ ਲਿਆ ਹੈ, ਉਸ ਨੇ ਰੱਬ ਨੂੰ ਦੇਖ ਲਿਆ।[5]

ਈਸਾ ਮਸੀਹ ਨੇ ਆਪਣੇ ਅਨੁਆਈਆਂ ਨੂੰ ਸਿਖਿਆ ਦਿੱਤੀ ਕਿ ਉਹ ਗੁਪਤ ਥਾਵਾਂ ਉੱਤੇ ਜਾਕੇ ਪ੍ਰਾਰਥਨਾ ਕਰਨ ਕਿਉਂਜੋ ਰੱਬ ਗੁਪਤ ਥਾਵਾਂ ਵਿੱਚ ਦੇਖਦਾ ਹੈ। ਸੋ ਪਰਮਾਤਮਾ ਭਾਵੇਂ ਸਵਰਗਾਂ ਵਿਚ ਵੱਸਦਾ ਹੈ।[6] ਪਰ ਉਹ ਸਭ ਥਾਵਾਂ ਤੇ ਦੇਖਦਾ ਹੈ। ਰੱਬ ਦਾ ਇਕ ਨਿਸਚਿਤ ਵਿਅਕਤੀਗਤ ਹੈ ਜਿਹੜਾ ਕਿ ਸਵਰਗਾਂ ਵਿਚ ਬੜੇ ਉੱਤਮ ਸਥਾਨ ਤੇ ਨਿਵਾਸ ਕਰਦਾ ਹੈ। ਉਹ ਆਪਣੇ ਪੁੱਤਰ ਈਸਾ ਮਸੀਹ ਅਤੇ ਸਾਰੀ ਮਨੁੱਖਤਾ ਲਈ ਪਿਆਰ ਨਾਲ ਭਰਿਆ ਹੋਇਆ ਹੈ। ਉਸ ਨੇ ਮੁੱਢਲੇ ਪੈਗੰਬਰ ਮੋਜਿਜ ਨਾਲ ਸੀਨਾਈ ਪ੍ਰਬਤ ਉੱਤੇ ਗੱਲਾਂ ਵੀ ਕੀਤੀਆਂ ਸਨ।

ਸੋ ਈਸਾਈਆਂ ਅਨੁਸਾਰ ਰੱਬ ਇਕ ਅਜਿਹਾ ਅੰਤਮ ਸੱਚ ਨਹੀਂ ਜਿਸ ਨੂੰ ਉਸ ਦੇ ਅਨੇਕ ਗੁਣਾਂ ਕਾਰਨ ਜਾਣਿਆ ਨਾ ਜਾ ਸਕੇ ਸਗੋਂ ਇਕ ਵਿਅੱਕਤੀਗਤ "ਰੱਬ" ਹੈ ਜਿਹੜਾ ਆਪਣੇ ਮਨ ਪਸੰਦ ਦੀਆਂ

---

1. The twelve Testaments- Joseph Commends Unity.
2. The story of Bel.
3. The Dispute of the Courtiers. Erdros 3.1-4:42.
4. On Friendliness - Berakot. 179.
5. Gospel of St. John (14-8,9.)
6 Gospel of St. Mathew. (6-9-10.)

ਚੀਜ਼ਾਂ ਚੁਣਦਾ ਹੈ।[1] ਅਤੇ ਆਪਣੇ ਮਨ ਪਸੰਦ ਪੈਗੰਬਰ ਨਾਲ ਗੱਲਾਂ ਕਰਦਾ ਹੈ।

ਪਰ ਤਾਂ ਵੀ ਈਸਾਈ ਏਕੀਸ਼ਵਰਵਾਦੀ ਹਨ। ਉਹ ਈਸ਼ਵਰ ਜਿਹੜਾ ਸਾਰੀ ਸਿਰਜਨਾ ਕਰਦਾ ਹੈ, ਸਾਰੀ ਸ੍ਰਿਸ਼ਟੀ ਵਿਚ ਵਿਆਪ ਰਿਹਾ ਹੈ, ਸਰਬ-ਗਿਆਤਾ ਹੈ, ਸਭ ਦੇ ਸਭ ਕੰਮਾਂ ਦੀ ਸਾਰ ਰੱਖਦਾ ਹੈ ਅਤੇ ਚੰਗੇ ਮੰਦੇ ਅਨੁਸਾਰ ਚੰਗਾ ਮੰਦਾ ਫ਼ਲ ਦੇਂਦਾ ਹੈ। ਸਾਰੇ ਵਿਸ਼ਵ ਨੂੰ ਆਪਣੇ ਦੈਵੀ ਨਿਯਮ ਅਨੁਸਾਰ ਚਲਾਉਂਦਾ ਹੈ। ਜਿਹੜਾ ਵਿਸ਼ਵ ਸਿਰਜਨਾ ਤੋਂ ਪਹਿਲਾਂ ਵੀ ਸੀ, ਜਿਸ ਨਾਲ ਉਸ ਵੇਲੇ "ਸ਼ਬਦ" ਵੱਸਦਾ ਸੀ। ਉਦੋਂ ਰੱਬ ਸ਼ਬਦ ਸੀ ਅਤੇ "ਸ਼ਬਦ" ਹੀ ਰੱਬ ਸੀ।[2] ਸ਼ਬਦ (ਹੁਕਮ) ਨਾਲ ਹੀ ਰੱਬ ਸਾਰੀ ਸਿਰਜਨਾ ਕਰਦਾ ਹੈ।

## "ਇਸਲਾਮ ਮੱਤ ਦਾ "ਅੰਤਮ ਸੱਚ"ਦਾ ਸੰਕਲਪ"

ਇਸਲਾਮ ਵੀ ਏਕੀਸ਼ਵਰਵਾਦੀ "ਅੰਤਮ ਸੱਚ" ਵਿਚ ਵਿਸ਼ਵਾਸ਼ ਰੱਖਦਾ ਹੈ। ਇਨ੍ਹਾਂ ਅਨੁਸਾਰ ਅਲਾਹ ਤੋਂ ਬਿਨ੍ਹਾਂ ਹੋਰ ਕੋਈ ਰੱਬ ਨਹੀਂ। "ਅਲਾ" ਅੰਤਮ ਸੱਚ ਦਾ ਜਾਤੀ ਨਾਮ ਏ। ਜਿਸ ਦਾ ਭਾਵ ਹੈ ਪੂਜਣਯੋਗ, ਪਿਆਰਨ ਯੋਗ, ਕਹਿਣਾਮੰਨਣ ਯੋਗ, ਜਿਹੜਾ ਵਿਸ਼ਵ ਉਤੇ ਰਾਜ ਕਰਦਾ ਹੈ। ਪ੍ਰਾਰਥਨਾ ਸੁਣਦਾ ਹੈ, ਬੁਰਾਈ ਤੋਂ ਰਾਖੀ ਕਰਦਾ ਹੈ, ਜ਼ਰੂਰਤਾਂ ਪੂਰੀਆਂ ਕਰਦਾ ਹੈ, ਜਿਹੜਾ ਨਜ਼ਰਾਂ ਤੋਂ ਓਹਲੇ ਹੈ, ਅਤੇ ਸਮਝ ਤੋਂ ਉਪਰ ਹੈ।[3]

ਇਸ ਅੰਤਮ ਸੱਚ ਦੇ 100 ਸਿਫ਼ਾਤੀ ਨਾਮ ਹਨ। ਇਹ ਸਿਫ਼ਾਤੀ (ਗੁਣਵਾਚੀ) ਨਾਮ ਆਪਣੇ ਆਪ ਹੀ ਪਰਮਾਤਮਾ ਦਾ ਇੱਕ ਸੰਕਲਪ ਪੇਸ਼ ਕਰਦੇ ਹਨ। ਜਿਵੇਂ :-

1. (ਅਜੀਜ਼) ਭਾਵ ਉਹ ਸੱਭ ਦਾ ਪਿਆਰਾ ਹੈ।
2. (ਅਜੀਮ) ਭਾਵ ਉਹ ਸ੍ਰੋਮਣੀ ਹੈ।

---

1. ਜਿਵੇਂ ਈਸਾ ਨੂੰ ਉਸ ਨੇ ਆਪਣਾ ਪੁੱਤਰ ਬਨਾਉਣ ਲਈ ਚੁਣਿਆ, ਮੋਜ਼ਿਜ਼ ਨੂੰ ਆਪਣਾ ਪੈਗੰਬਰ ਬਨਾਉਣ ਲਈ ਚੁਣਿਆ, ਅਤੇ ਇਜ਼ਰਾਇਲ ਨੂੰ ਆਪਣੀ ਧਰਤੀ ਬਨਾਉਣ ਲਈ ਚੁਣਿਆ।
   i Gospel of St. John. (17-415.)
   ii Gospel of St. John. (14-25-26)
2. Gospel of St. John. (1-1-5.)
   "In the beginning was the word, and the word was with God, and the word was God. He was in the beginning with God.---
3. Ibn Manzur, Lisan-al-'Arab, root' alh.

3. (ਅਦਲ) ਭਾਵ ਉਹ ਇਨਸਾਫ ਸਰੂਪ ਹੈ ।
4. (ਅਫੂਵ) ਭਾਵ ਉਹ ਸਭ ਦੇ ਗੁਨਾਹ ਮੁਆਫ ਕਰਨ ਵਾਲਾ ਹੈ।
5. (ਅਲੀ) ਭਾਵ ਉਹ ਸਰਵ ਸ੍ਰੇਸ਼ਟ ਹੈ।
6. (ਅੱਵਲ) ਭਾਵ ਸਭ ਤੋਂ ਪਹਿਲਾਂ ਉਹ ਹੈ ਤੇ
7. (ਆਖਿਰ) ਭਾਵ ਸਭ ਤੋਂ ਅੰਤਮ ਵੀ ਉਹ ਹੈ।
8. (ਸ਼ਹੀਦ) ਉਹ ਮਨੁੱਖਾਂ ਦੇ ਸਭ ਕੰਮਾਂ ਦਾ ਗਵਾਹ ਹੈ।
9. (ਸ਼ਕੂਰ) ਉਹ ਸੱਚ ਦਾ ਕਦਰਦਾਨ ਹੈ।
10 (ਅਲੀਮ) ਉਹ ਪੂਰਨ ਗਿਆਨ ਰੱਖਦਾ ਹੈ।
11 (ਸੈਤਾਰ) ਉਹ ਜੀਵਾਂ ਦੀ ਇੱਜਤ ਦੀ ਰਾਖੀ ਕਰਦਾ ਹੈ।
12 (ਸਬੂਰ) ਉਹ ਸਬਰ ਸਰੂਪ ਹੈ।
13 (ਗਨੀ) ਉਹ ਬੇਪਰਵਾਹ ਹੈ।
14 (ਸੈਮੀਅ) ਪਰ ਤਾਂ ਵੀ ਸਭ ਦੀ ਸੁਣਨ ਵਾਲਾ ਹੈ।
15 (ਸਲਾਮ) ਉਹ ਹਮੇਸ਼ਾਂ-ਰਹਿਣਾ ਹੈ।
16 (ਹਸੀਬ) ਉਹ ਸਭ ਦੇ ਕੰਮਾਂ ਦਾ ਹਿਸਾਬ ਕਰਦਾ ਹੈ।
17 (ਹੁੱਕਮ) ਉਹ ਸਭ ਨੂੰ ਆਪਣੇ ਹੁੱਕਮ ਵਿਚ ਰੱਖਣ ਵਾਲਾ ਹੁੱਕਮ ਸਰੂਪ ਹੈ।
18 (ਹਕੀਮ) ਉਹ ਸਭ ਦੇ ਦੁੱਖ ਦੂਰ ਕਰਦਾ ਹੈ।
19 (ਹੱਕ) ਉਹ ਸੱਤ ਸਰੂਪ ਹੈ।
20 (ਹਲੀਮ) ਉਹ ਸਭ ਨਾਲ ਸਹਿਨਸ਼ੀਲਤਾ ਨਾਲ ਪੇਸ਼ ਆਉਂਦਾ ਹੈ।
21 (ਹਾਫਿਜ) ਉਹ ਸਭ ਦਾ ਰਖਿਅਕ ਹੈ ।
22 (ਕਹਾਰ) ਉਹ ਹੀ ਸਭ ਦਾ ਵਿਨਾਸ ਕਰਨ ਵਾਲਾ ਹੈ।
23 (ਕਬੀਰ) ਉਹ ਸਭ ਤੋਂ ਵੱਡਾ ਹੈ।
24 (ਹਮੀਦ) ਉਹ ਸਭ ਤੋਂ ਸਲਾਹੇ ਜਾਣ ਯੋਗ ਹੈ।
25 (ਹਯ) ਉਹ ਅਮਰ ਜੀਵਨ ਹੈ।
26 (ਕਰੀਮ) ਉਹ ਸਭ ਤੋਂ ਵੱਡਾ ਦਾਤਾ ਹੈ।
27 (ਕਵੀਯ) ਉਹ ਬਹੁਤ ਪ੍ਰਬਲ, ਬਹੁਤ ਬਲਵਾਨ ਹੈ।
28 (ਕਾਦਿਰ) ਉਹ ਕੁਦਰਤ ਦਾ ਮਾਲਕ ਹੈ।
29 (ਕਾਬਿਜ਼) ਉਹ ਜੁਲਮ ਰੋਕਣ ਵਾਲਾ ਹੈ।
30 (ਕੁਦੂਸ) ਉਹ ਪਵਿੱਤਰ ਹੈ।
31 (ਕਾਇਮ) ਉਹ ਨਿਆਸਰਿਆਂ ਨੂੰ ਕਾਇਮ ਕਰਨ ਵਾਲਾ ਹੈ।

32 (ਖਬੀਰ) ਉਸ ਨੂੰ ਹਰ ਪਾਸੇ ਦੀ ਖ਼ਬਰ ਹੈ।

33 (ਖਾਫ਼ਿਜ਼) ਜਦੋਂ ਉਸ ਦੀ ਮਰਜ਼ੀ ਹੁੰਦੀ ਹੈ ਤਾਂ ਉਹ ਮਨੁੱਖਾਂ ਨੂੰ ਉਚਿਉਂ ਨੀਵੇਂ ਕਰ ਦਿੰਦਾ ਹੈ।

34 (ਖਾਲਿਕ) ਉਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ।

35 (ਜਬਾਰ) ਉਹ ਜ਼ਬਰ ਵਾਲਾ ਹੈ।

36 (ਗਫ਼ੂਰ) ਉਹ ਸ਼ਕਤੀਸ਼ਾਲੀ ਹੈ।

37 (ਜਲੀਲ) ਉਹ ਪ੍ਰਕਾਸ਼ ਸਰੂਪ ਹੈ।

38 (ਜਾਮਿਅ) ਉਹ ਸਭ ਦੇ ਗੁਣਾ ਨੂੰ ਜਮਾ੍ਹ ਕਰਦਾ ਹੈ।

39 (ਜਾਰ) ਉਹ ਚਾਹੇ ਤਾਂ ਆਪ ਹੀ ਨੁਕਸਾਨ ਵੀ ਕਰ ਦਿੰਦਾ ਹੈ।

40 (ਬਾਸੀਰ) ਉਹ ਬਹੁਤ ਧਿਆਨ ਨਾਲ ਸਭ ਨੂੰ ਦੇਖਦਾ ਹੈ।

41 (ਖ਼ੁਦਾ) ਉਹ ਆਪਣੇ ਆਪ ਨੂੰ ਆਪੇ ਹੀ ਪੈਦਾ ਕਰਦਾ ਹੈ।

42 (ਤੌਵਾਬ) ਉਹ ਮਨੁੱਖਾਂ ਦੀ ਤੌਬਾ ਮਨਜ਼ੂਰ ਕਰਦਾ ਹੈ।

43 (ਨਾਫ਼ਿਅ) ਉਹ ਮਨੁੱਖਾਂ ਨੂੰ ਆਪਣੀ ਕਿਰਪਾ ਨਾਲ ਲਾਭ ਪਹੁੰਚਾਉਂਦਾ ਹੈ।

44 (ਨੂਰ) ਉਹ ਅਮਰ ਰੋਸ਼ਨੀ ਹੈ।

45 (ਫ਼ਤਾਹ) ਉਹ ਫ਼ਤਹਿ ਬਖ਼ਸ਼ਣ ਵਾਲਾ ਹੈ।

46 (ਬਦੀਅ) ਉਹ ਨਿੱਤ ਨਵੀਂ ਰਚਨਾ ਕਰਦਾ ਹੈ।

47 (ਬਸੀਰ) ਉਹ ਨੇਕੀ ਕਰਦਾ ਹੈ।

48 (ਬਾਇਸ) ਉਹ ਮੁਰਦਿਆਂ ਵਿਚ ਪ੍ਰਾਣ ਪਾ ਦਿੰਦਾ ਹੈ।

49 (ਬਾਸਿਤ) ਉਹ ਬਹੁਤ ਦਾਤਾਂ ਦੇਂਦਾ ਹੈ।

50 (ਬਾਕੀ) ਉਹ ਨਿਰਗੁਣ ਵੀ ਹੈ।

51 (ਬਾਤਿਨ) ਉਹ ਗੁਪਤ ਰਹਿੰਦਾ ਹੈ।

52 (ਬਾਰੀ) ਉਹ ਸਭ ਜੀਵਾਂ ਨੂੰ ਪੈਦਾ ਕਰਦਾ ਹੈ।

53 (ਮਜੀਦ) ਉਹ ਆਦਿ।

54 (ਮਤੀਨ) ਦ੍ਰਿੜ੍ਹ।

55 (ਮਲਿਕ) ਉਹ ਬਾਦਸ਼ਾਹ ਹੈ।

56 (ਮਾਜਿਦ) ਹੋਰਾਂ ਨੂੰ ਗਿਆਨ ਦਿੰਦਾ ਹੈ।

57 (ਮਾਨਿਆ) ਬੁਰੇ ਕੰਮਾਂ ਤੋਂ ਰੋਕਦਾ ਹੈ।

58 (ਮਾਲਿਕ-
-ਮਲਿਕ) ਉਹ ਦੇਸਪਤੀ ਹੈ।

59 (ਮੁਆਖਿਰ) ਉਹ ਬੁਰਿਆਈਆਂ ਨੂੰ ਖ਼ਤਮ ਕਰਨ ਵਾਲਾ ਹੈ।

60 (ਮੁਅੱਤੀ) ਉਹ ਦਾਨੀ ਹੈ।

61 (ਮੁਇਜ਼) ਉਹ ਸਭ ਨੂੰ ਵਡਿਆਈ ਦੇਂਦਾ ਹੈ।

62 (ਮੁਈਦ) ਉਹ ਸਿਰਜਣਾ ਦਾ ਵਿਨਾਸ ਕਰਕੇ ਮੁੜ ਇਸ ਦੀ ਰਚਨਾ ਕਰਦਾ ਹੈ।

63 (ਮੁਸੱਵਿਰ) ਇੰਜ ਉਹ ਸਭ ਸੂਰਤਾਂ ਦਾ ਰਚਣਹਾਰ ਹੈ।

64 (ਮੁਹਈ) ਉਹ ਪ੍ਰਾਣਦਾਤਾ ਹੈ।

65 (ਮੁਹਸ਼) ਉਹ ਸਾਰੀ ਥਾਂ ਤੇ ਫੈਲਿਆ ਹੋਇਆ ਹੈ।

66 (ਮੁਹਮਿਨ) ਉਹ ਨਿਗਾਹਬਾਨ ਹੈ।

67 (ਮੁਕਸਿਤ) ਉਹ ਮੁਨਸਿਫ਼, ਹੈ।

68 (ਮੁਕਤਦਿਰ) ਉਹ ਇਖਤਿਆਰ ਵਾਲਾ ਹੈ।

69 (ਮੁਕੀਤ) ਰੋਜ਼ੀ ਦੇਣ ਵਾਲਾ ਹੈ।

70 (ਮੁਜਿਲ) ਉਹ ਬੇਪਰਵਾਹ ਕਰਨ ਵਾਲਾ ਹੈ।

71 (ਮੁੱਕਦਿਮ) ਉਹ ਸਭ ਦਾ ਆਗਵਾਨ ਹੈ।

72 (ਮੁਜੀਬ) ਉਹ ਅਰਦਾਸ ਕਬੂਲ ਕਰਦਾ ਹੈ।

73 (ਮੁਤਆਲੀ) ਉਹ ਮਹਾਨ ਹੈ ਅਤੇ ਵਡਿਆਈ ਵਾਲਾ ਹੈ।

74 (ਮੁਕੱਤਬਿਰ) ਉਹ ਪਾਪੀਆਂ ਨੂੰ ਸਜਾ ਦਿੰਦਾ ਹੈ।

75 (ਮੁੰਤਕਿਮ) ਉਹ ਸਭ ਨੂੰ ਹੁੱਕਮ ਵਿਚ ਰੱਖਦਾ ਹੈ।

76 (ਮੁਨਇਮ) ਉਹ ਹਰ ਚੀਜ਼ ਦਾ ਅਰੰਭ ਕਰਨ ਵਾਲਾ ਹੈ।

77 (ਮੁਬਦੀ) ਉਹ ਸਭ ਨੂੰ ਮਾਰਨ ਵਾਲਾ ਹੈ।

78 (ਮੁਮੀਤ) ਉਹ ਅਮਨ ਵਰਤਾਣ ਵਾਲਾ ਹੈ।

79 (ਮੋਮਿਨ) ਉਹ ਅਮਨ ਦੇਣ ਵਾਲਾ ਹੈ।

80 (ਰਊਫ਼) ਉਹ ਮਿਹਰਬਾਨ ਹੈ।

81 (ਰਸੀਦ) ਉਹ ਸਿੱਧਾ ਰਾਹ ਦਿਖਾਉਣ ਵਾਲਾ ਹੈ।

82 (ਰਹਮਾਨ) ਉਹ ਕਿਰਪਾਲੂ ਹੈ।

83 (ਰਹੀਮ) ਉਹ ਦਿਆਲੂ ਹੈ।

84 (ਰਾਫਿਆ) ਉਹ ਨਿਗਾਹਬਾਨੀ ਕਰਨ ਵਾਲਾ ਹੈ।

85 (ਲਤੀਫ) ਉਹ ਸੂਖਸ਼ਮ ਹੈ।

86 (ਵਹਾਬ) ਉਹ ਦਾਤਾ ਹੈ।

87 (ਵਕੀਲ) ਉਹ ਕਾਰਸਾਜ਼ ਹੈ।

88 (ਵਦੂਦ) ਉਹ ਸਭ ਨੂੰ ਪਿਆਰ ਕਰਨ ਵਾਲਾ ਹੈ।

89 (ਵਲੀ) ਉਹ ਮਾਲਕ ਹੈ।
90 (ਵਾਸਿਆ) ਉਹ ਸਭ ਨੂੰ ਖੁਲ੍ਹ ਦੇਣ ਵਾਲਾ ਹੈ।
91 (ਵਾਹਿਦ) ਉਹ ਸਭ ਤੋਂ ਅਦੁਤੀ ਅਤੇ ਇਕੱਲਾ ਹੈ।
92 (ਵਾਜਿਦ) ਉਹ ਸੱਭ ਕਾਸੇ ਦਾ ਰਾਖਾ ਹੈ।
93 (ਵਾਰਿਸ) ਉਹ ਸਿਰਜਨਾ ਤੋਂ ਬਾਅਦ ਵਿਚ ਵੀ ਕਾਇਮ ਰਹਿੰਦਾ ਹੈ।
94 (ਵਾਲੀ) ਉਹ ਸਭ ਦਾ ਮਾਲਕ ਹੈ।
95 (ਸਮਦ) ਉਹ ਬੇਪਰਵਾਹ ਹੈ।
96 (ਜਾਹਰ) ਉਹ ਪ੍ਰਗਟ ਰੂਪ ਵਿਚ ਵੀ ਹੈ।
97 (ਬੁਗਨੀ) ਉਹ ਨੇਕੀ ਕਰਨ ਵਾਲਾ ਹੈ।
98 (ਰਕੀਬ) ਉਹ ਨਿਗਾਹਬਾਨੀ ਕਰਨ ਵਾਲਾ ਹੈ।
99 (ਰਜ਼ਾਕ) ਉਹ ਸਭ ਨੂੰ ਰੋਜ਼ੀ ਦੇਣ ਵਾਲਾ ਹੈ।
100 (ਜ਼ੁਲੇ ਜਲਾਲੇ ਵਲ ਇਕਰਾਮ)[1] ਉਹ ਬਜ਼ੁਰਗੀ ਅਤੇ ਮਹਿੰਮਾ ਵਾਲਾ ਹੈ।

ਇਹ ਸਰਬ ਸਮਰੱਥ, ਰਾਖਾ, ਮਾਲਕ ਅਤੇ ਸਰਬ ਉੱਤਮ ਹੈ (ਅਲ-ਰੱਬ)। ਉਹ ਆਪਣੇ ਆਪ ਨੂੰ "ਕੁੱਝ ਨਹੀਂ" ਵਿਚੋਂ ਪੈਦਾ ਕਰਦਾ ਹੈ (ਅਲਬਰੀ) ਅਤੇ ਫਿਰ ਸਾਰੇ ਵਿਸ਼ਵ ਦੀ ਸਿਜਨਾ ਕਰਦਾ ਹੈ (ਅਲਬੱਦੀ) ਅਤੇ ਇਸਨੂੰ ਅਰਾਮ ਦੇਂਦਾ ਹੈ (ਅਲਤਾਬਤ) ਕੁਰਾਨ ਸ਼ਰੀਫ ਦਾ ਮੁੱਖ ਸੰਕਲਪ ਇਹੋ ਹੀ ਹੈ ਕਿ ਅਲਾ ਹੀ ਇਲਾਹੀ ਰੱਬ ਹੈ। ਉਸ ਦੇ ਸਾਰੇ ਕੰਮ ਪਿਆਰ ਭਰੇ ਹਨ ਭਾਵੇਂ ਇਹ ਕੰਮ ਸਿਰਜਨਾ ਦਾ ਹੈ, ਭਾਵੇਂ ਰਾਜ ਕਰਨ ਦਾ, ਭਾਵੇਂ ਅਗਵਾਈ ਕਰਨ ਦਾ, ਭਾਵੇਂ ਰੱਖਿਆ ਕਰਨ ਦਾ, ਭਾਵੇਂ ਦਾਤਾਂ ਦੇਣ ਦਾ, ਭਾਵੇਂ ਲਾਭ ਪਹੁੰਚਾਉਣ ਦਾ, ਭਾਵੇਂ ਪ੍ਰਾਰਥਨਾ ਮੰਨਣ ਦਾ, ਭਾਵੇਂ ਪਾਪ ਮੁਆਫ ਕਰਨ ਦਾ।[2] ਕੁਰਾਨ ਸ਼ਰੀਫ ਵਿੱਚ ਬਹੁਤ ਸਾਰੇ ਅਜਿਹੇ ਬੰਦ ਹਨ, ਜਿਨਾਂ ਵਿੱਚ ਦਰਸਾਇਆ ਗਿਆ ਹੈ ਕਿ ਰੱਬ ਆਦਮੀ ਨਾਲੋਂ ਬਹੁਤ ਮਹਾਨ ਹੈ, ਸਮੁੱਚੇ ਵਿਸ਼ਵ ਨਾਲੋਂ ਮਹਾਨ ਹੈ। ਉਹ ਸੰਪੂਰਨ ਹੈ ਅਤੇ ਮਨੁੱਖੀ ਕਲਪਨਾ ਦੀਆਂ ਸੀਮਾਵਾਂ ਤੋਂ ਉਪਰ ਹੈ।[3]

ਰੱਬ ਇਕ ਵਿਅਕਤੀਗਤ ਹੋਂਦ ਹੈ। ਕੁਰਾਨ ਸ਼ਰੀਫ ਵਿਚ ਕਈ ਥਾਵਾਂ ਤੇ ਰੱਬ ਨੂੰ ਗੱਲਾਂ ਕਰਦਿਆਂ ਵੀ ਦੱਸਿਆ ਗਿਆ ਹੈ। ਮਿਸਾਲ ਵਜੋਂ:- ਅਤੇ ਮੈਂ ਤਹਾਨੂੰ ਚੁਣਿਆ ਹੈ, ਇਸ ਲਈ ਉਸਨੂੰ

---

1. ਡਾ: ਕਾਲਾ ਸਿੰਘ ਬੇਦੀ, "ਗੁਰੂ ਨਾਨਕ ਸ਼ਬਦ ਰਤਨਾਕਰ" ਪੰਨਾ-29-30.
2. Dr. Abdul Haq Ansari's "Faith and Practice." in "Islam" edited Punjabi University Patiala. Page-4,5.
3. Quran II: 255., xxix:67.

ਸੁਣੈ ਜਿਸ ਨੂੰ ਮੈਂ ਤ੍ਰੇਰਿਤ ਕੀਤਾ ਹੋਵੇ। ---ਮੇਰੇ ਤੋਂ ਬਿਨਾਂ, ਹੋਰ ਕੋਈ ਰੱਬ ਨਹੀਂ, ਇਸ ਲਈ ਮੇਰੀ ਪੂਜਾ ਕਰੋ ਅਤੇ ਮੈਨੂੰ ਯਾਦ ਰੱਖੋ।[1]

ਇਸਲਾਮ ਦਾ ਰੱਬ ਅਜਿਹਾ ਹੈ ਜਿਹੜਾ ਸਭ ਕੁੱਝ ਜਾਣਦਾ ਹੈ, ਚੁਣਦਾ ਹੈ, ਇੱਛਾ ਕਰਦਾ ਹੈ, ਜੋ ਪਾਲਦਾ ਹੈ, ਭੋਜਨ ਦੇਂਦਾ ਹੈ, ਦਾਤਾਂ ਬਖਸ਼ਦਾ ਹੈ, ਜਿਹੜਾ ਰੱਖਿਆ ਕਰਦਾ, ਮਦਦ ਕਰਦਾ ਅਤੇ ਧਿਆਨ ਰੱਖਦਾ ਹੈ, ਜਿਹੜਾ ਸੰਪੂਰਨਤਾ ਵੱਲ ਦੀ ਅਗਵਾਈ ਕਰਦਾ ਹੈ----[2]

ਰੱਬ ਦੀ ਚੰਗਿਆਈ ਬਾਰੇ ਮੁਸਲਮਾਨਾਂ ਵਿੱਚ ਦੋ ਵਿਚਾਰਧਾਰਾਵਾਂ ਹਨ। ਪਹਿਲੀ ਧਾਰਾ ਅਨੁਸਾਰ ਰੱਬ ਤੋਂ ਇਲਾਵਾ ਇਕ ਸਦਾਚਾਰਕ ਮਿਆਰ ਹੈ, ਇਸ ਨਾਲ ਸੰਬੰਧਤ ਹੋਣ ਕਾਰਨ ਰੱਬ ਚੰਗਾ ਹੈ। ਦੂਜੀ ਧਾਰਾ ਅਨੁਸਾਰ ਰੱਬ ਆਪ ਹੀ ਚੰਗਿਆਈ ਸਰੂਪ ਹੈ, ਚੰਗਿਆਈ ਦਾ ਉੱਤਮ ਮਿਆਰ ਹੈ। ਪਹਿਲੀ ਵਿਚਾਰਧਾਰਾ ਮੁਤਾਜ਼ੀਲੀਤੀਆਂ ਦੀ ਹੈ ਅਤੇ ਦੂਜੀ ਆਸਾਰੀਤੀਆਂ ਦੀ ਹੈ। ਡਾ: ਅਬਦੁਲ ਹੱਕ ਅਨਸਰੀ ਇਕ ਤੀਜੀ ਵਿਚਾਰਧਾਰਾ ਵੀ ਪੇਸ਼ ਕਰਦੇ ਹਨ। ਇਸ ਅਨੁਸਾਰ ਚੰਗਿਆਈ ਇਕ ਸਾਪੇਖ ਸੰਕਲਪ ਹੈ। ਰੱਬ ਨੇ ਮਨੁੱਖ ਦਾ ਸੁਭਾ ਅਜਿਹਾ ਬਣਾਇਆ ਹੈ ਕਿ ਉਹ ਸਭ ਤੋਂ ਉਚੀ ਚੰਗਿਆਈ ਰੱਬ ਵਿਚ ਹੀ ਵੇਖਦਾ ਹੈ ਅਤੇ ਉਸੇ ਦੀ ਪੂਜਾ ਅਰਚਨਾ ਕਰਦਾ ਹੈ।[3]

ਭਾਵੇਂ ਮੁਸਲਮਾਨ ਇਕ ਰੱਬ ਵਿਚ ਵਿਸ਼ਵਾਸ਼ ਰੱਖਦੇ ਹਨ। ਪਰ ਅਸਲ ਵਿਚ ਉਹ ਕੁਰਾਨ ਸ਼ਰੀਫ ਦੇ ਪੁਜਾਰੀ "ਕੁਰਾਨਿਸ਼ਟ" ਹਨ।[4] ਅਮਰੀਕਨ ਵਿਚਾਰਵਾਨ ਮਾਰਕਸ ਬੈਸ਼ ਇਸਲਾਮ ਨੂੰ "ਇਕ ਪੁਸਤਕ ਦਾ ਧਰਮ"[5] ਕਹਿੰਦੇ ਹਨ। ਕੁਰਾਨ ਸ਼ਰੀਫ ਦੇ ਵਿਰੁੱਧ ਕੋਈ ਇੱਕ ਵੀ ਸ਼ਬਦ ਨਹੀਂ ਬੋਲ ਸਕਦਾ। ਅਤੇ ਇਸ ਦੇ ਇਕ ਵੀ ਸ਼ਬਦ ਬਾਰੇ ਕਿੰਤੂ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਹ ਇਲਾਹੀ ਗਿਆਨ ਹੈ ਜਿਹੜਾ ਅਲਾ ਨੇ ਆਪ ਆਪਣੇ ਮਸੀਹ "ਹਜ਼ਰਤ ਮੁਹੰਮਦ" ਨੂੰ ਦਿੱਤਾ।

ਭਾਵੇਂ ਇਸਲਾਮ ਦੇਵਤਿਆਂ ਦੀ ਪੂਜਾ ਦੀ ਵਿਰੋਧਤਾ ਕਰਦਾ ਹੈ ਪਰ ਤਾਂ ਵੀ ਇਸ ਵਿਚ ਦੇਵਤਿਆਂ ਦਾ ਵਰਨਣ ਹੈ। ਪ੍ਰਮੁੱਖ ਦੇਵਤੇ ਇਹ ਹਨ:- ਜੈਬਰਾਇਲ, ਮਾਇਕਲ, ਅਜਰਾਇਲ ਅਤੇ

---

1. Quran xxi 13-15.
2. Dr. Abdul Haq Ansari.,"Faith and Practice: Theology and Ethics" In "Islam" pb. Punjabi University Patiala. Page-4.
3. Ibid. Page-6.
4. Edward J. Jury, "The Great Religions of the Modern World.Page-185
5. Marcus Bach, "The Major Religions of the World." Contents.

"Islam." Religion of the Book.

ਇਸਰਾਫ਼ਿਲ । ਇਨ੍ਹਾਂ ਤੋਂ ਇਲਾਵਾ ਜਿੰਨ ਵੀ ਹਨ। ਇਕ ਬੁਰੀ ਸ਼ਕਤੀ "ਸ਼ੈਤਾਨ" ਵੀ ਹੈ ਜਿਸ[1] ਕਾਰਨ ਮਨੁੱਖ ਨੂੰ ਸਵਰਗਾਂ ਦੇ ਬਾਗ਼ ਵਿਚੋਂ ਨਿਕਲਕੇ ਧਰਤੀ ਉਤੇ ਆਉਣਾ ਪਿਆ।

ਕਿਆਮਤ ਵਾਲੇ ਦਿਨ ਰੱਬ ਸਭ ਦਾ ਇਨਸਾਫ਼ ਕਰੇਗਾ । ਇਸ ਦਿਨ ਸਾਰੇ ਮੁਰਦੇ ਕਬਰਾਂ ਵਿਚੋਂ ਨਿਕਲਕੇ ਰੱਬ ਦੇ ਦਰਬਾਰ ਵਿਚ ਆ ਜਾਣਗੇ ਅਤੇ ਆਪਣੇ ਕੀਤੇ ਕੰਮਾਂ ਅਨੁਸਾਰ ਇਨਾਮ ਜਾਂ ਸਜ਼ਾ ਪਾਣਗੇ। ਇਸ ਦਿਨ ਹਜ਼ਰਤ ਮੁਹੰਮਦ ਰੱਬ ਅਤੇ ਮਨੁੱਖਾਂ ਵਿਚ ਇਕ ਵਿਚੋਲੇ ਦਾ ਕੰਮ ਕਰਨਗੇ। ਜਿਨ੍ਹਾਂ ਮਨੁੱਖਾਂ ਨੇ "ਹਜ਼ਰਤ ਮੁਹੰਮਦ" ਤੇ ਈਮਾਨ ਲਿਆਂਦਾ ਸੀ, ਉਨ੍ਹਾਂ ਦੀ ਹਜ਼ਰਤ ਮੁਹੰਮਦ ਰੱਬ ਕੋਲ ਸਿਫਾਰਸ਼ ਕਰਨਗੇ ਤੇ ਰੱਬ ਉਨ੍ਹਾਂ ਦੇ ਸਭ ਗੁਨਾਹ ਮੁਆਫ਼ ਕਰਕੇ ਉਨ੍ਹਾਂ ਨੂੰ ਸਵਰਗਾਂ ਵਿਚ ਭੇਜ ਦੇਵੇਗਾ। ਪਰ ਜਿਨ੍ਹਾਂ ਨੇ "ਹਜ਼ਰਤ ਮੁਹੰਮਦ" ਉਤੇ ਵਿਸ਼ਵਾਸ਼ ਨਹੀਂ ਲਿਆਂਦਾ, ਉਨ੍ਹਾਂ ਦੀ ਸਿਫਾਰਸ਼ ਉਹ ਨਹੀਂ ਕਰਨਗੇ । ਇਸ ਕਾਰਨ ਰੱਬ ਉਨ੍ਹਾਂ ਦੇ ਗੁਨਾਹ ਮੁਆਫ਼ ਨਹੀਂ ਕਰੇਗਾ। ਸਗੋਂ ਉਨ੍ਹਾਂ ਨੂੰ, ਉਨ੍ਹਾਂ ਦੇ ਗੁਨਾਹਾਂ ਦੀ ਸਜ਼ਾ ਭੁਗਤਾਉਣ ਲਈ ਨਰਕਾਂ ਵਿਚ ਭੇਜ ਦੇਵੇਗਾ।

## "ਕਨਫ਼ੀਊਸੀਅਸ ਮਤ ਦਾ "ਅੰਤਮ ਸੱਚ" ਦਾ ਸੰਕਲਪ"

ਕਨਫੀਊਸੀਅਸ ਫ਼ਿਲੌਸਫੀ ਬ੍ਰਹਿਮੰਡ ਦਾ ਅਧਿਅਨ ਕਰਨ ਦੀ ਬਜਾਏ "ਮਨੁੱਖੀ ਸਬੰਧਾਂ" ਦਾ ਅਧਿਅਨ ਕਰਨ ਵਲ ਵਧੇਰੇ ਰੁਚਿਤ ਹੈ।[2] ਕਨਫੀਊਸੀਅਸ ਨੂੰ ਇਹ ਬੜਾ ਬੇਹੂਦਾ ਲਗਦਾ ਸੀ ਕਿ ਦੁੱਨੀਆਂ ਦੁੱਖੀ ਹੋਵੇ ਜਦ ਕਿ ਇਸ ਨੂੰ ਭਰਾਤਰੀ ਭਾਵ ਅਤੇ ਸੁਭ ਇਛਾ ਨਾਲ ਸੁੱਖਾਂ ਭਰੀ ਕੀਤਾ ਜਾ ਸਕਦਾ ਹੈ। ਉਸ ਨੂੰ ਇਹ ਗੱਲ ਬਿਲਕੁਲ ਬੇਲੋੜੀ ਜਾਪਦੀ ਸੀ ਕਿ ਮਨੁੱਖ ਦੇ ਸੁਭਾ ਵਿਚ ਇੰਨੇ ਪਾਪ ਹੋਣ ਜਦ ਕਿ ਉਸ ਦਾ ਅਸਲ ਸੁਭਾ ਚੰਗਿਆਈ ਹੈ। ਉਹ ਇਸ ਗੱਲ ਨੂੰ ਵੀ ਨਫ਼ਰਤ ਕਰਦਾ ਸੀ ਕਿ ਇੰਨੀ ਬੇਨਿਆਈ ਹੋਵੇ, ਜੱਦ ਕਿ ਸਾਨੂੰ ਪਤਾ ਹੈ ਕਿ ਅਸੀਂ ਲਾਜ਼ਮੀ ਤੌਰ ਤੇ ਇਕੱਠੇ ਰਹਿਣਾ ਹੈ, ਤੇ ਫਿਰ ਸਾਰਿਆਂ ਨੇ ਇਕ ਦਿਨ ਮਰਨਾ ਹੈ ਅਤੇ ਧਰਤੀ ਨੂੰ ਆਉਣ ਵਾਲੀਆਂ ਪੀੜੀਆਂ ਲਈ ਖਾਲੀ ਕਰਨਾ ਹੈ।

ਕਿਸੇ ਨੇ ਉਸ ਨੂੰ ਦੇਵ ਪੂਜਾ ਬਾਰੇ ਪੁਛਿਆ ਤਾਂ ਉਸ ਨੇ ਜਵਾਬ ਦਿੱਤਾ:-

" ਤੁਸੀਂ ਦੇਵਤਿਆਂ ਦੀ ਸੇਵਾ ਕਿਵੇਂ ਕਰ ਸਕਦੇ ਹੋ। ਜੇ ਤੁਹਾਨੂੰ ਮਨੁੱਖਾਂ ਦੀ ਸੇਵਾ ਨਹੀਂ ਕਰਨੀ ਆਉਂਦੀ ?"

---

1. Dr. S.S. Kohli.,"Philosophy of Guru Nanak." Page-120.
2. Dr. S.S. Kohli.,"Philosophy of Guru Nanak." Page-122.

ਮੌਤ ਬਾਰੇ ਪੁੱਛਣ ਤੇ ਉਸ ਨੇ ਜਵਾਬ ਦਿੱਤਾ:-

"ਅਸੀਂ ਅਜੇ ਆਪਣੇ ਇਸ ਜੀਵਨ ਨੂੰ ਹੀ ਨਹੀਂ ਜਾਣਦੇ, ਮੌਤ ਬਾਰੇ ਅਸੀਂ ਕਿਵੇਂ ਕੁੱਝ ਜਾਣ ਸਕਦੇ ਹਾਂ?"

ਇਕ ਨੇਕ ਪੁਰਸ਼ ਦੀ ਪ੍ਰੀਭਾਸ਼ਾ[1] ਦਿੰਦੇ ਹੋਏ ਉਸ ਨੇ ਕਿਹਾ:-

"ਨੇਕ ਪੁਰਸ਼ ਉਹ ਹੈ ਜਿਸਨੂੰ ਆਪਣੀਆਂ ਤ੍ਰੁਟਤਾਈਆਂ ਉਤੇ ਅਫਸੋਸ ਹੋਵੇ।"

ਉਸ ਦਾ ਵਿਚਾਰ ਸੀ ਕਿ ਜਿੰਨਾਂ ਜ਼ਿਆਦਾ ਕੋਈ ਮਨੁੱਖ ਚੰਗੇ ਵਿਚਾਰ ਵਿਚਾਰਦਾ ਹੈ ਉਨਾਂ ਹੀ ਉਸ ਦਾ ਆਪਣਾ ਆਪਾ ਤੇ ਉਸ ਦੇ ਚੁਗਿਰਦੇ ਵਸਦਿਆਂ ਦਾ ਸੰਸਾਰ ਸੁਹਣਾ ਹੁੰਦਾ ਜਾਂਦਾ ਹੈ।

ਉਹ "ਲੀ" (ਹੁੱਕਮ) ਵਿਚ ਵਿਸ਼ਵਾਸ਼ ਰੱਖਦਾ ਸੀ। "ਲੀ" ਦਾ ਭਾਵ ਹੈ ਸਦਾਚਾਰਕ ਨਿਯਮ, ਠੀਕਤਾ, ਚੰਗਿਆਈ ਵਿਚ ਵਿਸ਼ਵਾਸ਼, ਅਤੇ ਅਤਿ ਅਧਿਕ ਸ਼ੁਧਤਾ ਵਿਚ ਵਿਸ਼ਵਾਸ਼। ਉਸ ਦਾ ਕਹਿਣਾ ਹੈ ਕਿ "ਅਸਲ ਮਨੁੱਖ ਆਪਣੇ ਅਸਲ ਆਪੇ ਨੂੰ ਪਛਾਣੇ, ਅਤੇ "ਲੀ" ਨਾਲ ਅਭੇਦ ਹੋ ਜਾਵੇ"। ਜੋ ਮਨੁੱਖ ਇੰਜ ਕਰਦਾ ਹੈ, ਦੁੱਨੀਆਂ ਉਸ ਦੇ ਪਿਛੇ ਲਗਦੀ ਹੈ।

ਸਦਾਚਾਰ ਮਨੁੱਖ ਦੀ ਉਤਰਤਮ ਚੰਗਿਆਈ ਹੈ ਅਤੇ ਲੀ (ਹੁੱਕਮ) ਹੀ ਪਰਮਾਤਮਾ ਦਾ ਇਕੋ ਇਕ ਕਨੂੰਨ ਹੈ। ਪਰਮਾਤਮਾ (ਸਿੰਗ) ਦ੍ਰਿਸ਼ਟਮਾਨ ਚੀਜ਼ਾਂ ਅਤੇ ਸਮੂਹ ਬ੍ਰਹਿਮੰਡ ਦੀਆਂ ਤਾਕਤਾਂ ਦਾ ਸੰਗ੍ਰਹਿ ਹੈ।

ਉਹ ਇਕ ਰੱਬ ਦੀ ਪੂਜਾ ਕਰਨ ਦੀ ਬਜਾਏ ਬਜੁਰਗਾਂ ਦੀ ਪੂਜਾ ਦੇ ਹੱਕ ਵਿਚ ਸੀ। ਉਹ ਦੇਵੀ ਦੇਵਤਿਆਂ ਵਿੱਚ ਵੀ ਵਿਸ਼ਵਾਸ਼ ਰੱਖਦਾ ਸੀ। ਵਿਸ਼ਵ ਦੇ ਮਹਾਨ ਦੇਵ-ਸੂਰਜ, ਚੰਦ, ਤਾਰੇ, ਬੱਦਲ, ਗਰਜ, ਹਨੇਰੀ, ਨੱਦੀਆਂ, ਮੀਂਹ, ਪਹਾੜ ਇਸੇ ਦੇ ਹਿੱਸੇ ਹਨ। "ਯਿਨ" ਵਿਸ਼ਵ ਬੁਰਿਆਈ ਦੀ ਆਤਮਾ ਹੈ। ਇਸ ਵਿਚੋਂ ਬੇਅੰਤ "ਕਵੀ" (ਛੋਟੀਆਂ ਆਤਮਾਵਾਂ) ਨਿਕਲਦੀਆਂ ਹਨ। "ਅਕਾਸ" ਪ੍ਰਮੁੱਖ ਦੇਵ ਹੈ ਜੋ ਸਭ ਕੰਮਾਂ ਦੀਆਂ ਦੇਵੀਆਂ ਨੂੰ ਕਾਬੂ ਕਰਕੇ ਠੀਕ ਸਿਰ ਰੱਖਦਾ ਹੈ। "ਰਾਜਾ" ਇਸ ਧਰਤੀ ਦਾ ਅਤੇ ਅਕਾਸ਼ ਦੇਵ ਦਾ ਪੁੱਤਰ ਹੈ। ਕਨਫੀਊਸੀਅਸਵਾਦ ਦੁੱਨੀਆਂ ਤੋਂ ਪਰ੍ਹਾਂ ਦੇ ਕਿਸੇ ਦੇਵਤੇ ਵਿਚ ਵਿਸ਼ਵਾਸ਼ ਨਹੀਂ ਰੱਖਦਾ, ਜਿਸ ਨੂੰ ਕਿ ਇਸ ਵਿਸ਼ਵ ਦਾ ਕਰਤਾ ਕਿਹਾ ਜਾ ਸਕੇ।

---

1. Thorndika, L,"Short Historh of Civilization,"Page-254. New York. ed. 1926.

ਇਸ ਧਰਮ ਅਨੁਸਾਰ ਧਰਤੀ ਵੀ ਇਕ ਦੇਵਤਾ ਹੈ।[1] ਇੰਜ ਕਨਫੀਊਸੀਅਸ ਦਾ ਧਰਮ "ਬਹੁਦੇਵ-ਪੂਜਾਵਾਦ" ਦਾ ਧਰਮ ਹੈ।

## "ਤਾਓ ਮੱਤ ਦਾ "ਅੰਤਮ ਸੱਚ" ਦਾ ਸੰਕਲਪ"

"ਤਾਓ" ਦਾ ਅਰਥ ਹੈ ਅਮਰ ਮਾਰਗ, ਜੀਵਨ ਦਾ ਮਾਰਗ, ਵਿਕਾਸ ਦਾ ਮਾਰਗ।[2] "ਤਾਓ "ਅਕੱਥ ਹੈ। ਇਹ ਬੁੱਧੀ ਦੀ ਪਕੜ ਵਿੱਚ ਨਹੀਂ ਆਉਂਦਾ। ਇਸ ਨੂੰ ਕੇਵਲ ਆਤਮਾ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। ਇਹ ਕੇਵਲ ਵਿਸ਼ਵ ਦਾ ਹੀ ਅਰੰਭ ਨਹੀਂ ਸਗੋਂ ਹਰ "ਆਰੰਭ" ਇਸੇ ਦੇ ਪ੍ਰਬੰਧ ਅਧੀਨ ਹੁੰਦਾ ਹੈ। ਇਹ ਸਭ ਚੀਜ਼ਾਂ ਦਾ ਕਰਤਾ ਹੈ ਜਦ ਕਿ ਦੇਖਣ ਵਿੱਚ ਇਹ ਕੁੱਝ ਵੀ ਨਹੀਂ ਕਰਦਾ। "ਵਿਸ਼ਵ" ਇਸ ਵਿਚੋਂ ਪੈਦਾ ਹੁੰਦਾ ਹੈ ਪਰ ਤਾਂ ਵੀ ਇਹ ਕਰਤਾ ਨਹੀਂ। ਸਭ ਕੰਮ, ਗਤੀਆਂ ਪੈਦਾ ਕਰਦਾ ਹੈ, ਪਰ ਉਹ ਹਮੇਸ਼ਾਂ ਸਥਿਰ ਹੈ। ਆਪਣੇ ਆਪ ਤੋਂ ਆਪ ਹੀ ਪੈਦਾ ਹੁੰਦਾ ਹੈ। ਉਹ ਚੰਗਿਆਈ ਅਤੇ ਬੁਰਿਆਈ ਤੋਂ ਉਪਰ ਹੈ। ਉਸ ਨੂੰ ਕੁਦਰਤ ਕਿਹਾ ਜਾ ਸਕਦਾ ਹੈ।

ਤਾਓ ਵਿਚੋਂ "ਤੇਹ" ਨਿਕਲਦਾ ਹੈ। ਜਿਥੇ "ਤਾਓ" ਦਾ ਖੇਤਰ ਖਤਮ ਹੁੰਦਾ ਹੈ, ਉਥੋਂ ਤੇਹ ਦਾ ਅਰੰਭ ਹੋ ਜਾਂਦਾ ਹੈ। ਵਖੋ ਵੱਖਰੀਆਂ ਚੰਗਿਆਈਆਂ "ਤੇਹ" ਦੇ ਰੂਪ ਹਨ।

ਇੰਜ "ਤੇਹ" ਸਾਰੀਆਂ ਸਦਾਚਾਰਕ ਚੰਗਿਆਈਆਂ ਦਾ ਸੋਮਾ ਹੈ। ਇਹ ਨਿਰਪੱਖ ਹੈ, ਕਿਸੇ ਨਾਲ ਦ੍ਵੈਤ ਭਾਵ ਨਹੀਂ ਰੱਖਦਾ। ਸਭ ਨਾਲ ਨਿਆਂ ਕਰਦਾ ਹੈ। ਤਾਓ ਬਿਲਕੁਲ ਨਿਯਮਬਧ ਹੈ। ਇਸ ਲਈ ਵਿਸ਼ਵ ਵਿੱਚ ਕੋਈ ਟਕਰਾਵ ਨਹੀਂ। ਸਾਰੀਆਂ ਚੀਜ਼ਾਂ ਪਰਸਪਰ ਫਰਮਾਬਰਦਾਰੀ ਵਿੱਚ ਕੰਮ ਕਰ ਰਹੀਆਂ ਹਨ। ਤਾਓ ਨਿਰਮਾਣ ਹੈ, ਪਰ ਮਹਾਨ ਹੈ। ਇਹ ਸਭ ਤੋਂ ਉਪਰ ਹੈ। ਸਾਰੀਆਂ ਚੀਜ਼ਾਂ ਆਪਣੀ ਹੋਂਦ ਲਈ ਇਸ ਉਤੇ ਨਿਰਭਰ ਹਨ। ਪਰ ਤਾਂ ਵੀ ਇਹ ਕਿਸੇ ਕਿਸਮ ਦੀ

---

1. Dr. S.S. Kohli. "Philosophy of Guru Nanak." Page-122-123.
2. Brown, Brain, "The Wisdom of China." Page-85-120.

"Truth is the law of God---truth means the realisation of our being and moral law means the law of our being. Truth is that by which things outside of us have existence---This absolute truth is indestructible. Being indestructible it is eternal. Being eternal it is self-existent. Being self-existent it is infinite--- It is transcendental and intelligent, without being consicous-- Because it is infinite and eternal it tills all existence.

ਪ੍ਰਸੰਸਾ ਨਹੀਂ ਚਾਹੁੰਦਾ। ਇਹ ਸਾਰੇ ਜੀਵਾਂ ਦੀ ਪਾਲਨਾ ਕਰਦਾ ਹੈ ਅਤੇ ਸਭ ਨੂੰ ਪਿਆਰ ਕਰਦਾ ਹੈ। ਪਰ ਤਾਂ ਵੀ ਕਿਸੇ ਨੂੰ ਆਪਣਾ ਅਹਿਸਾਨਮੰਦ ਨਹੀਂ ਬਣਾਉਂਦਾ। ਇਹ ਕਦੇ ਕੋਈ ਇਛਾ ਨਹੀਂ ਕਰਦਾ।[1]

ਤਾਓ ਦੀ ਪ੍ਰਵਿਰਤੀ ਨੂੰ ਲਾਓਜੇ ( **Leotze** ) ਇੰਜ ਵਿਅਕਤ ਕਰਦੇ ਹਨ:-

"ਉਹ "ਤਾਓ" ਜਿਸ ਨੂੰ ਕੋਈ ਨਾਮ ਦਿੱਤਾ ਜਾ ਸਕੇ, ਅਸਲ "ਤਾਓ" ਨਹੀਂ। ਅਰੂਪ ਦੀ ਅਸਲੀਅਤ ਅਤੇ ਸਰੂਪ ਦੀ ਛਿੰਨ-ਭੰਗਰਤਾ ਤੋਂ ਸਭ ਵਾਕਫ ਹਨ। ਜਿਹੜੇ ਪ੍ਰਾਪਤੀ ਦੇ ਰਾਹ ਉਤੇ ਚਲ ਰਹੇ ਹੁੰਦੇ ਹਨ ਉਹ ਇਨਾਂ ਚੀਜ਼ਾਂ ਦਾ ਖਿਆਲ ਨਹੀਂ ਕਰਦੇ। ਪਰ ਆਮ ਲੋਕ ਇਸ ਨੂੰ ਬਿਆਨ ਕਰਨ ਦਾ ਯਤਨ ਕਰਦੇ ਹਨ। "ਪ੍ਰਾਪਤੀ" ਤੋਂ ਬਾਅਦ ਇਸ ਨੂੰ ਬਿਆਨ ਕਰ ਸਕਣਾ ਅਸੰਭਵ ਹੈ। ਅਤੇ ਇਸ ਦਾ ਕੀਤਾ ਜਾਂਦਾ ਬਿਆਨ ਇਸ ਗੱਲ ਦਾ ਸੂਚਕ ਹੈ ਕਿ ਅਜੇ ਪ੍ਰਾਪਤੀ ਨਹੀਂ ਹੋਈ। ਵਿਅਕਤ ਤਾਓ ਦੀ ਕੋਈ ਮਾਦਾ ਕੀਮਤ ਨਹੀਂ। ਇਸ ਲਈ ਇਸ ਦੀ ਹੋਂਦ ਬਾਰੇ ਬਹਿਸ ਕਰਨ ਨਾਲੋਂ ਚੁੱਪ ਜ਼ਿਆਦਾ ਬੇਹਤਰ ਹੈ। ਇਸ ਨੂੰ ਸ਼ਬਦਾਂ ਰਾਹੀਂ ਵਿਅਕਤ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਬਾਰੇ ਕੁੱਝ ਕਹਿਣ ਦੀ ਬਜਾਏ ਚੁੱਪ ਰਹਿਣਾ ਜ਼ਿਆਦਾ ਬੇਹਤਰ ਹੈ। ਇਹੋ ਸਭ ਤੋਂ ਵੱਡੀ ਪ੍ਰਾਪਤੀ ਹੈ।[2]

ਪਰ ਤਾਂ ਵੀ ਤਾਓ ਧਰਮ ਵਿਚ ਹੋਰ ਦੇਵੀ ਦੇਵਤਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ।

---

1\. i Dr. S.S. Kohli.,"The Philosophy of Guru Nanak." Page-123.
 ii Marcus Bach., "The Majer Religions of the World" cp."Confusion-ism and Taoism.

2\. Sooth Hill: The Three Religions of China. (2nd edition. 1923.) Page-56.57. cp. "Leotze."

"The Tao which can be named is not the true Tao. The reality of the formless, the unreality of that which has form-is known to all. Those who are on the road to attainment care not for these things, but the people at large discuss it. Attainment implies non-discussion, discussion implies non attainment. Manifested Tao has no objective Value, hence silence is better than argument. It cannot be translated into speech, better than say nothing at all. This called the great attainment."

ਇੰਜ ਤਾਓ ਧਰਮ ਏਕੀਸ਼ਵਰਵਾਦੀ ਹੁੰਦਾ ਹੋਇਆ ਵੀ ਬਹੁਦੇਵ-ਪੂਜਾਵਾਦੀ ਹੈ।[1]

## "ਸ਼ਿੰਟੋ ਧਰਮ ਦਾ "ਅੰਤਮ ਸੱਚ" ਦਾ ਸੰਕਲਪ"

ਇਹ ਦੇਵਤਿਆਂ ਦੇ ਰਾਹ ਦਾ ਧਰਮ ਹੈ ਜੋ ਜਪਾਨ ਵਿਚ ਪ੍ਰਚਲਤ ਹੈ। ਇਸ ਦੀ ਗੁੰਝਲਦਾਰ ਵਿਭਿੰਨਸ਼ੀਲਤਾ ਕਾਰਨ ਬਹੁਤ ਭਰਮ ਭੁਲੇਖੇ ਪੈਦਾ ਹੋਏ ਹੋਏ ਹਨ। ਕੋਈ ਇਸ ਨੂੰ ਬਹੁਦੇਵਵਾਦੀ[2] ਧਰਮ ਕਹਿੰਦਾ ਹੈ ਅਤੇ ਕੋਈ ਏਕੀਸ਼ਵਰਵਾਦੀ[3] ਇਸ ਧਰਮ ਦੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਦਾ ਕੋਈ ਪੀਰ ਪੈਗੰਬਰ, ਰਾਖਾ, ਜਾਂ ਧਰਮ ਸ਼ਾਸਤ੍ਰ ਜਾਂ ਪੁਸਤਕ ਨਹੀਂ। ਇਸ ਦੇ "ਮੰਦਰ" ਹੀ ਇਸ ਦਾ ਸਭ ਕੁੱਝ ਹਨ। ਇਸ ਦੇ ਲੱਗ ਪਗ 30 ਕ੍ਰੋੜ ਉਪਾਸ਼ਕ ਹਨ ਅਤੇ 100000 ਮੰਦਰ ਹਨ। ਹਿੰਦੂ ਮਤ ਵਾਂਗ ਇਸ ਨੂੰ ਹਰ ਦੇਵਤੇ ਵਿਚ ਵਿਸ਼ਵਾਸ਼ ਰੱਖਣ ਵਾਲਾ ਧਰਮ ਕਿਹਾ ਜਾਂਦਾ ਹੈ। ਇਸ ਅਨੁਸਾਰ "ਕਾਮੀ" ਇਕ ਸ਼ਕਤੀ ਹੈ, ਜਿਹੜੀ ਵਿਸ਼ਵ ਵਿਚ ਅਤੇ ਵਿਸ਼ਵ ਤੋਂ ਬਾਹਰ ਹਰ ਚੀਜ਼ ਨੂੰ ਸਿਰਜਦੀ, ਪਾਲਦੀ ਅਤੇ ਸਭ ਦੀ ਅਗਵਾਈ ਕਰਦੀ ਹੈ। "ਕਾਮੀ" ਰੱਬ ਹੈ, ਅਤੇ "ਕਾਮੀ" ਹੀ ਦੇਵਤੇ ਹਨ। "ਕਾਮੀ" ਜੀਵਨ ਦਾ ਸਾਰ ਅੰਸ਼ ਹੈ, ਸ਼ਕਤੀ ਹੈ, ਕਾਰਨ ਹੈ, ਕਾਰਜ ਹੈ, ਭੂਤ, ਵਰਤਮਾਨ, ਅਤੇ ਭਵਿੱਖਤ ਹੈ। ਅਕਾਸ਼, ਸਮਾਂ, ਖਲਾ ਅਤੇ ਅਕਾਲ ਸੱਭ ਕੁੱਝ "ਕਾਮੀ" ਹੈ।

ਦੁੱਨੀਆਂ ਨੂੰ "ਕਾਮੀ" ਨੇ ਸਿਰਜਿਆ ਹੀ ਨਹੀਂ ਸਗੋਂ ਦੁੱਨੀਆਂ ਆਪ ਹੀ ਕਾਮੀ ਹੈ। ਸ਼ਿੰਟੋਵਾਦੀਆਂ ਅਨੁਸਾਰ ਸਿਰਜਨਾ ਅਤੇ ਸਿਰਜਨਹਾਰ ਵਿਚ ਕੋਈ ਅੰਤਰ ਨਹੀਂ। ਆਦਮੀ ਅਤੇ ਦੇਵਤੇ, ਮਾਦਾ ਅਤੇ ਆਤਮਿਕ ਗੁਣਾਂ ਵਿਚ ਕੋਈ ਭਿੰਨਤਾ ਨਹੀਂ। ਸਾਰੇ ਇੱਕ ਹੀ ਹਨ। ਸਭ ਵਿਚ ਚੇਤਨਾ ਦੀ ਅਮਰ ਲਹਿਰ ਲਹਿਰਦੀ ਹੈ।[4]

ਚੀਜ਼ਾਂ ਦੇ "ਦ੍ਵੈਤਵ" ਵਿੱਚ ਭਿੰਨਤਾ ਹੋ ਸਕਦੀ ਹੈ ਪਰ ਇਹ ਭਿੰਨਤਾ ਡਿਗਰੀ ਦੀ ਹੈ, ਕਿਸਮ ਦੀ ਨਹੀਂ।

---

1. **Dr. S.S. Kohli. "Philosophy of Guru Nanak." Page-122.**
2. i **Daniel Clarence Holton's artical on Shintoism in "The Great Religions of The Modern World. Page-142-150.**
   ii **Dr. S.S. Kohli. "Philosophy of Guru Nanak." Page-123.**
3. **Marcus Bach.,"Major Religions of the World." cp. "Shinto." - Religion of the way of the gods."**
4. **Ibid.**

ਇੱਕ ਸੱਚੇ ਸਿੰਟੋਵਾਦੀ ਲਈ ਬੁਰਾਈ ਵੀ ਬੁਰਾਈ ਨਹੀਂ। ਕੇਵਲ ਇਕ ਭੁਲੇਖਾ ਹੈ। ਮਨੁੱਖ ਦਾ ਸੀਮਤ ਦ੍ਰਿਸ਼ਟੀਕੋਣ ਹੀ ਉਸ ਨੂੰ ਇਸ ਚੀਜ਼ ਲਈ ਉਕਸਾਉਂਦਾ ਹੈ ਕਿ ਉਹ ਬੁਰਾਈ ਨੂੰ ਕਾਮੀ ਨਾਲੋਂ ਭਿੰਨ ਸਮਝੇ। ਜਦੋਂ ਸਿੰਟੋ ਕਹਾਣੀਆਂ ਬੁਰਾਈ ਬਾਰੇ ਗੱਲ ਕਰਦੀਆਂ ਹਨ ਤਾਂ ਉਹ ਭੇਸ ਬਦਲੇ ਹੋਏ ਕਾਮੀ ਬਾਰੇ ਗੱਲ ਕਰਦੀਆਂ ਹਨ, ਜਿਨ੍ਹਾਂ ਦਾ ਕੋਈ ਉਦੇਸ਼ ਹੁੰਦਾ ਹੈ, ਜੇ ਕੋਈ ਸਿਖਿਆ ਦੇਣੀ ਚਾਹੁੰਦੇ ਹਨ।

ਇੱਕ ਸੱਚਾ ਸਿੰਟੋਵਾਦੀ ਦੈਵੀਤਵ ਦੇ ਇੱਕ ਸਮੁੰਦਰ ਵਿੱਚ ਰਹਿੰਦਾ ਹੈ। "ਕਾਮੀ" (ਰੱਬ) ਹਰ ਜਗ੍ਹਾ ਹੈ ਅਤੇ ਹਰ "ਜਗ੍ਹਾ" ਕਾਮੀ ਹੈ। "ਕਾਮੀ" ਹਰ ਚੀਜ਼ ਵਿਚ ਹੈ ਅਤੇ ਹਰ "ਚੀਜ਼" ਕਾਮੀ ਹੈ। "ਕਾਮੀ" ਸਿੰਟੋਵਾਦੀ ਵਿੱਚ ਹੈ ਅਤੇ "ਸਿੰਟੋਵਾਦੀ" ਕਾਮੀ ਵਿੱਚ ਹੈ।

ਪਰ ਇਸ ਦਾ ਮਤਲਬ ਇਹ ਨਹੀਂ ਕਿ ਸਿੰਟੋਵਾਦੀ ਯਥਾਰਥਵਾਦੀ ਨਹੀਂ ਹੁੰਦਾ। ਸਗੋਂ ਇਹ ਸਭ ਕੁੱਝ ਉਸ ਨੂੰ ਵਧੇਰੇ "ਅਸਲਵਾਦੀ" ਬਣਾ ਦੇਂਦਾ ਹੈ। ਉਸ ਨੂੰ ਅਸਲ ਵਿੱਚ ਹੀ ਇਹ ਗੱਲ ਯਾਦ ਰਹਿੰਦੀ ਹੈ ਕਿ ਜ਼ਿੰਦਗੀ ਦਾ ਸਾਰ ਦੈਵੀਤਤਵ ਹੈ। ਜਪਾਨੀ ਬਾਦਸ਼ਾਹ ਨੂੰ ਵੀ ਕਾਮੀ ਮੰਨਕੇ ਉਸ ਦੀ ਪੂਜਾ ਕਰਦੇ ਰਹੇ ਹਨ।

ਉਨ੍ਹਾਂ ਦੇ ਮੰਦਰਾਂ ਵਿੱਚ ਦੇਵਤਾਕ ਹੁੰਦੇ ਹਨ, ਜਿਨ੍ਹਾਂ ਨੂੰ ਉਹ "ਤੋਰੀ" ਕਹਿੰਦੇ ਹਨ। ਇਹ ਧਰਤੀ ਅਤੇ ਸਵਰਗ ਨੂੰ ਮਿਲਾਣ ਵਾਲੇ ਪੁਲ ਹਨ, ਅਤੇ ਕਾਮੀ ਦੇ ਲਖਾਇਕ ਹਨ। ਦੇਵਾਂ ਦੀ ਚਮਕਦੀ ਸੁੰਦਰਤਾ,[1] ਮਨੁੱਖੀ ਦਿੱਲ ਦਾ ਅੰਦਰੂਨੀ ਸੁਰਲੱਪ, ਮਨੁੱਖੀ ਆਤਮਾ ਦੇ ਅਖੁੱਲ ਰਹੱਸ, ਇਹ ਸਭ ਕਾਮੀ ਹਨ।

---

1. **Marcus Bach. "The Major Religions of the World." cp."Shintoism."**

# ਪ੍ਰਕਰਣ ਤੀਜਾ

## "ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਥਿਤੀ- ਵਿਸ਼ੇਸ਼ ਕਰਕੇ ਬ੍ਰਹਮ ਦੀ ਸਰਵ ਵਿਆਪਕ ਹੋਂਦ ਦੇ ਸੰਦਰਭ ਵਿਚ।"

ਕੌਮਾਂਤਰੀ ਸਥਿਤੀ, ਭਾਰਤ ਦੀ ਰਾਜਸੀ ਸਥਿਤੀ, ਸਮਾਜਿਕ ਸਥਿਤੀ, ਆਰਥਿਕ ਸਥਿਤੀ।

***

## ਪ੍ਰਕਰਣ-3.

## ਗੁਰੂ ਨਾਨਕ ਸਮੇਂ ਦੀ ਸਥਿਤੀ- ਵਿਸ਼ੇਸ਼ ਕਰਕੇ ਬ੍ਰਹਮ ਦੀ ਸਰਵ ਵਿਆਪਕ ਹੋਂਦ ਦੇ ਸੰਦਰਭ ਵਿੱਚ।

ਕੀ ਰੱਬ ਇਤਿਹਾਸ ਨਾਲ ਸਬੰਧਤ ਹੈ ? ਇਸ ਦਾ ਜਵਾਬ ਸ੍ਰੀ ਗੁਰੂ ਨਾਨਕ ਦੇਵ ਜੀ ਹਾਂ ਵਿੱਚ ਦਿੰਦੇ ਹਨ।[1] ਇਤਿਹਾਸ ਪਰਮਾਤਮਾ ਦੇ ਹੁੱਕਮ ਦਾ ਹੀ ਲੜੀਵਾਰ ਵਰਤਾਰਾ ਹੈ। ਇਤਿਹਾਸ ਆਪਣੇ ਆਪ ਵਿੱਚ ਹੀ ਬ੍ਰਹਮ ਦਾ ਪ੍ਰਕਾਸ਼ ਹੈ।[2] ਕਿਉਂਜੋ ਸਚਾਈ ਦੇ ਦੋਰੂਪ ਹਨ:- ਇਕ ਅਕਾਲ, ਅਬਦਲ ਅਤੇ ਸਥਿਰ ਅਤੇ ਦੂਜਾ ਸਾਮਿਅਕ, ਬਦਲਣਸ਼ੀਲ ਅਤੇ ਅਸਥਿਰ । ਦੋਨਾਂ ਵਿਚੋਂ ਕਿਸੇ ਇਕ ਨੂੰ ਅਣਗੌਲਿਆ ਕਰਨਾ ਸਚਾਈ ਨੂੰ ਹੀ ਗਲਤ ਕਰਨਾ ਹੈ। ਸਥਿਰਤਾ ਅਸਥਿਰਤਾ ਤੋਂ ਬਿਨਾਂ, ਅਤੇ ਅਸਥਿਰਤਾ ਸਥਿਰਤਾ ਤੋਂ ਬਿਨਾਂ, ਕੋਈ ਮਹੱਤਵ ਨਹੀਂ ਰੱਖਦੀ।[3] ਨਾਲੇ ਸਮਾਂ ਕੋਈ ਤਾਤਵਿਕ ਸਚਾਈ ਨਹੀਂ ਸਗੋਂ ਲਾਜ਼ਮੀ ਰੂਪ ਵਿਚ ਸਵੈ ਸੁਚੇਤਨ ਬੁੱਧੀ ਦਾ ਕ੍ਰਮ ਹੈ।[4] ਭੂਤ ਦਾ ਇਤਿਹਾਸ ਬੁੱਧੀ-ਕ੍ਰਮ ਵਿਚੋਂ ਲੰਘਕੇ ਸਥਿਰ ਹੋ ਜਾਂਦਾ ਹੈ ਪਰ ਵਰਤਮਾਨ ਦਾ ਇਤਿਹਾਸ ਅਸਥਿਰ ਹੈ ਅਤੇ ਭਵਿੱਖਤ ਅਨਿਸਚਿਤ। ਕਿਉਂਜੋ ਗਤੀਸ਼ੀਲ ਸਿਰਜਨਾ ਤੋਂ ਪਹਿਲਾਂ ਬ੍ਰਹਮ ਸਥਿਰ ਸੀ। ਨਿਹਚਲ ਸੀ ਤੇ ਸਿਰਜਨਾ ਕਰਕੇ ਗਤੀਸ਼ੀਲ ਹੋ ਗਿਆ। ਸੋ ਇਸ ਵਰਤਮਾਨ ਦੀ ਗਤੀਸ਼ੀਲ ਸਿਰਜਨਾ ਦਾ ਭਵਿੱਖ ਸਿਰਜਨਹਾਰ ਅਨੁਸਾਰ ਭਾਵੇਂ ਨਿਸਚਿਤ ਹੈ ਪਰ ਸਿਰਜਨਾ ਲਈ ਅਨਿਸਚਿਤ ਹੈ। ਪਰ ਬ੍ਰਹਮ ਵਰਤਮਾਨ ਵਿਚ ਆਪਣੀ ਗਤੀਸ਼ੀਲ ਅਵਸਥਾ ਦੇ ਹੁੰਦੇ ਹੋਏ ਵੀ ਆਪਣੀ ਸਥਿਰ ਅਵਸਥਾ ਵਿੱਚ ਕਾਇਮ ਹੈ। ਇਸ ਲਈ ਵਰਤਮਾਨ ਦੇ ਅਸਥਿਰ ਇਤਿਹਾਸ ਵਿਚ ਅਜੇ ਵੀ ਕੁੱਝ ਅਜਿਹੇ ਨਿਯਮ ਅਤੇ ਅਸੂਲ ਹੁੰਦੇ ਹਨ ਜੋ ਸਥਿਰ ਹਨ। ਗੁਰੂ ਨਾਨਕ ਦੇਵ ਜੀ ਦਾ ਜੀਵਨ ਭੂਤ ਦੀ ਘਟਨਾ ਹੋਣ ਕਾਰਨ ਸਾਡੇ ਲਈ ਅੱਜ ਸਥਿਰ ਹੋ ਗਿਆ ਹੈ ਪਰ ਗੁਰੂ ਨਾਨਕ ਦੇਵ ਜੀ ਦੇ ਲਈ ਇਹ ਵਰਤਮਾਨ ਸੀ ਅਤੇ ਅਸਥਿਰ ਸੀ।

ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ (1469) ਉਸ ਵੇਲੇ ਸਾਰੇ ਸੰਸਾਰ ਵਿਚ ਹੀ

---

1. **Adhayatam Svarupi Dr. Mohan Singh's "Guru Nanak's answer to-is God involved in History" in "Guru Nanak. His Life, Time & Teachings." Page-184.**
2. **Aurthur W. Munk. "History and God." :- History seems a manifestation of the Ultimate. Page-952.**
3. **Ibid. Page-83.**
4. **"Time is not an antological fact but is essentiolly a function of Self Conscious intelligence." "Metaphysics" by Borden P. Bawne. Page-178.**

ਇਕ ਨਵੇਂ ਯੁੱਗ ਦਾ ਨਿਰਮਾਣ ਹੋ ਰਿਹਾ ਸੀ ।[1] ਯੂਰਪ ਵਿੱਚ ਜਰਮਨੀ ਦੇ ਮਿ: ਮਾਰਟਨ ਲੂਥਰ ਕੈਥੋਲਿਕ ਧਰਮ ਦੇ ਪ੍ਰਚਲਤ ਘਿਨੌਣੇ ਹੋ ਚੁੱਕੇ ਰੂਪ ਵਿਰੁੱਧ ਜਹਾਦ ਖੜਾ ਕਰ ਰਹੇ ਸਨ ਅਤੇ ਪਰੋਟੈਸਟੈਂਟ ਮੱਤ ਨੂੰ ਸਥਾਪਿਤ ਕਰ ਰਹੇ ਸਨ । ਇਕ ਨਵੀਂ ਧਾਰਮਿਕ, ਰਾਜਨੀਤਕ, ਸਦਾਚਾਰਕ ਅਤੇ ਸਮਾਜਿਕ ਚੇਤਨਾ ਪੈਦਾ ਹੋ ਰਹੀ ਸੀ । ਯੂਰਪੀਅਨ ਯਾਤਰੀ ਦੂਰ ਦੂਰ ਦੀ ਦੁੱਨੀਆਂ ਨੂੰ ਖੋਜ ਰਹੇ ਸਨ । 1492 ਈ: ਵਿੱਚ ਕੋਲੰਬਸ ਨੇ ਅਮਰੀਕਾ ਦੀ ਖੋਜ ਕੀਤੀ । 1498 ਈ: ਵਿੱਚ ਵਾਸਕੋਡੇ ਗਾਮਾ ਨੇ ਪੁਰਤਗਾਲ ਤੋਂ ਲੈਕੇ ਭਾਰਤ ਆਉਣ ਦਾ ਸਮੁੰਦਰੀ ਰਾਹ ਲਭਿਆ । ਫਰਡੀਨੈਂਡ ਮੈਗਲਨ ਨੇ ਸਾਰੀ ਦੁੱਨੀਆਂ ਦੇ ਆਲੇ ਦੁਆਲੇ ਪਹਿਲਾ ਸਮੁੰਦਰੀ ਸਫਰ ਕੀਤਾ । ਇੰਗਲੈਂਡ ਆਪਣੀ ਮਹਾਨ ਰਾਣੀ ਅਲਿਜ਼ਬੈਥ ਅਧੀਨ ਬੇਹੱਦ ਤਰੱਕੀ ਕਰ ਰਿਹਾ ਸੀ ; ਅਤੇ ਗਾਉਂਦੇ ਪੰਛੀਆਂ ਦਾ ਆਹਲਣਾ ( Nest of singing birds ) ਬਣਿਆ ਹੋਇਆ ਸੀ । ਸ਼ੇਕਸਪੀਅਰ ਮਨੁੱਖੀ ਮਨ ਦੀਆਂ ਗਹਿਰਾਈਆਂ ਨੂੰ ਆਪਣੇ ਨਾਟਕਾਵਾਂ ਅਤੇ ਕਵਿਤਾਵਾਂ ਰਾਹੀਂ ਪੇਸ਼ ਕਰ ਰਿਹਾ ਸੀ ।

ਭਾਰਤ ਵਿੱਚ ਇਹ ਸਮਾਂ ਧਾਰਮਿਕ ਪੁਨਰ ਜਾਗ੍ਰਤੀ ਦਾ ਸਮਾਂ ਸੀ । ਭਗਤੀ ਲਹਿਰ ਆਪਣੇ ਸਿਖਰ ਤੇ ਸੀ, ਸਭ ਜਾਤਾਂ ਵਿੱਚ ਸਮਾਜਿਕ ਅਤੇ ਅਧਿਆਤਮਿਕ ਚੇਤਨਤਾ ਪ੍ਰਬਲ ਹੋ ਰਹੀ ਸੀ । ਨੀਵੀਆਂ ਜਾਂਤਾਂ ਆਪਣੇ ਉੱਤੇ ਹੁੰਦੇ ਉੱਚੀਆਂ ਜਾਤਾਂ ਦੇ ਤਸ਼ੱਦਦ ਵਿਰੁੱਧ ਆਵਾਜ਼ ਉੱਚੀ ਕਰ ਰਹੀਆਂ ਸਨ । ਪਰ ਉੱਚੀਆਂ ਜਾਤਾਂ ਦਾ ਵੀ ਅਤੇ ਸਾਰੀ ਜਾਤ ਦਾ ਵੀ ਆਪਣੇ ਅਧੀਨ ਜਾਤਾਂ ਪ੍ਰਤੀ ਜ਼ੁਲਮ ਵੀ ਸਿਰੇ ਤੇ ਹੀ ਪਹੁੰਚਿਆ ਹੋਇਆ ਸੀ । ਸਮਾਜ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ । ਉੱਚੀਆਂ ਜਾਤਾਂ ਜਿਨ੍ਹਾਂ ਵਿੱਚ ਬ੍ਰਾਹਮਣ, ਖਤਰੀ ਆ ਜਾਂਦੇ ਸਨ ਤੇ ਸਭ ਤੋਂ ਉੱਚੀ ਸ਼੍ਰੇਣੀ ਹਾਕਮ ਮੁਸਲਮਾਨ ਸ਼੍ਰੇਣੀ ਸੀ । ਦੂਜੀ ਸ਼੍ਰੇਣੀ ਵਿੱਚ ਵੈਸ਼ ਅਤੇ ਸ਼ੂਦਰ ਸਨ ਜਿਨ੍ਹਾਂ ਦੀ ਹਾਲਤ ਬੜੀ ਤਰਸਨਾਕ ਸੀ।

---

1. ਵਲਾਇਤ ਵਾਲੀ ਪੁਰਾਤਨ ਜਨਮ ਸਾਖੀ, ਮੇਹਰਬਾਨ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਤੇ ਖਾਲਸਾ ਸਮਾਚਾਰ ਅੰਮ੍ਰਿਤਸਰ ਦੀ ਛਾਪੀ "ਮਹਿਮਾ ਪ੍ਰਕਾਸ਼" ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮ ਤਿੱਥੀ ਵਿਸਾਖੀ ਸੁਦੀ-3, ਸੰਮਤ 1526 (15 ਅਪ੍ਰੈਲ, 1469) ਦਿੱਤੀ ਗਈ ਹੈ । ਪਰ ਭਾਈ ਬਾਲੇ ਵਾਲੀ ਜਨਮ ਸਾਖੀ, ਨਾਨਕ ਪ੍ਰਕਾਸ਼ ਅਤੇ ਹੋਰ ਪਿਛਲੇਰੇ ਸਿੱਖ ਕਾਲ ਦੀਆਂ ਰਚਨਾਵਾਂ ਵਿੱਚ ਤਿੱਥੀ ਕੱਤਕ ਦੀ ਪੂਰਨਮਾਸ਼ੀ ਸੰਮਤ 1526 (23 ਨਵੰਬਰ,1469) ਦਿੱਤੀ ਗਈ ਹੈ। ਪਰ ਸਭ ਇਸ ਗੱਲ ਤੇ ਸਹਿਮਤ ਹਨ ਕਿ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿਚ 70 ਸਾਲ, 4 ਮਹੀਨੇ, 7 ਦਿਨ ਰਹੇ। ਲੱਗ ਪੱਗ ਸਾਰੀਆਂ ਸਿੱਖ ਰਚਨਾਵਾਂ ਵਿੱਚ ਗੁਰੂ ਸਾਹਿਬ ਦੇ ਪ੍ਰਲੋਕ ਸਿਧਾਰਨ ਦੀ ਤਾਰੀਖ ਅੱਸੂ ਵਦੀ 10, ਸੰਮਤ 1526 (22 ਸਤੰਬਰ, 1539) ਦਿੱਤੀ ਗਈ ਹੈ । ਇਸ ਹਿਸਾਬ ਨਾਲ ਗੁਰੂ ਸਾਹਿਬ ਦੀ ਜਨਮ ਤਾਰੀਖ 15 ਅਪ੍ਰੈਲ 1469 (ਵਿਸਾਖ ਸੁਦੀ-3, ਸੰਮਤ, 1526) ਠੀਕ ਨਿਕਲਦੀ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਰਜ਼ੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਪੰਜ ਸੋ ਸਾਲਾ ਜਨਮ ਦਿਨ 23 ਨਵੰਬਰ 1969 ਨੂੰ ਹੀ ਮਨਾਇਆ ਗਿਆ।

ਰਾਮਾ ਨੰਦ ਅਤੇ ਕਬੀਰ ਉੱਤਰ ਪ੍ਰਦੇਸ਼ ਵਿੱਚ, ਨਾਮ ਦੇਵ, ਏਕਾ ਨਾਥ ਮਹਾਰਾਸ਼ਟਰ ਵਿੱਚ ਭਗਤੀ ਲਹਿਰ ਦੇ ਆਗੂਵਾਨਾਂ ਦੇ ਰੂਪ ਵਿੱਚ ਬਹੁਤ ਸ਼ਲਾਘਾਯੋਗ ਕੰਮ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਭਗਤੀ ਲਹਿਰ ਦੇ ਭਗਤ ਵਲਭਚਾਰੀਆਂ (1449, ਗੁਜਰਾਤ) ਚੈਤਨਯ ਮਹਾ ਪ੍ਰਭੂ (1486-1533) ਬੰਗਾਲ) ਮੀਰਾ ਬਾਈ (1449, ਜੋਧਪੁਰ) ਕਵੀ ਤੁਲਸੀਦਾਸ (1532) ਹੋਏ ਹਨ।

ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਹੀ ਭਾਰਤ ਵਿੱਚ ਮੁਸਲਮਾਨੀ ਰਾਜ ਸਥਾਪਿਤ ਹੋ ਚੁੱਕਾ ਸੀ। ਮੁਸਲਮਾਨ ਰਾਜੇ ਹੋਣ ਦੇ ਨਾਲ ਕਟੜ ਧਰਮ ਪਰਚਾਰਿਕ ਵੀ ਸਨ। ਇਸ ਲਈ ਉਨ੍ਹਾਂ, ਹਿੰਦੂਆਂ ਦੇ ਧਰਮ ਨੂੰ ਹਾਨੀ ਪਹੁੰਚਾ ਕੇ ਆਪਣਾ ਧਰਮ ਫੈਲਾਉਣ ਲਈ ਹਿੰਦੂਆਂ ਨੂੰ ਧਾਰਮਿਕ, ਰਾਜਸੀ, ਆਰਥਿਕ, ਸਮਾਜਿਕ ਖੇਤ੍ਰਾਂ ਵਿੱਚ ਹਰ ਤਰ੍ਹਾਂ ਨੰਗਾ ਕਰਨ ਦੀ ਨੀਤੀ ਅਪਣਾ ਲਈ।[1] ਮੁਸਲਮਾਨ ਹਾਕਮਾਂ ਦੇ ਹਿੰਦੂਆਂ ਪ੍ਰਤੀ ਜ਼ਿਆਦਤੀ ਭਰੇ ਰਵੱਈਏ ਦਾ ਬਿਆਨ ਅਮੀਰ ਖੁਸਰੋ ਦੀ ਤਵਾਰੀਖ-ਏ-ਦਾਊਦੀ ਅਤੇ ਤਵਾਰੀਖ -ਏ-ਇਲਾਹੀ ਵਿਚ, ਇਬਨ ਅਸੀਰ ਦੀ ਕਾਮਿਲੁ-ਤ-ਤਵਾਰੀਖ ਵਿਚ, ਹਸਨ ਨੀਜ਼ਾਮੀ ਨਾਇਸੈਰਪੁਰੀ ਦੀ ਤਾਜ-ਉਲ-ਮਾਸੀਰ, ਮਿਨਹਾਜ-ਉਲ-ਸੀਰਾਜਦੀ ਤਬਕਾਤ-ਈ-ਨਸੀਰੀ, ਅਬਦੁਲਾ ਵਸਫ ਦੀ ਤਾਜਿਆਤ-ਉਲ-ਅਮਸਰ ਵਾ ਤਾਜਰੀਅਦ-ਉਲ-ਅਸਰ ਵਿੱਚ ਆਮ ਮਿਲਦਾ ਹੈ।[2]

## ਰਾਜਸੀ ਸਥਿਤੀ

ਗੁਰੂ ਸਾਹਿਬ ਦੇ ਜੀਵਨ ਦੌਰਾਨ ਤਿੰਨ ਅਫਗਾਨ ਸਮਰਾਟ ਬਦਲੇ। 1469 ਈ: ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਤਾਂ ਦਿੱਲੀ ਵਿੱਚ ਬਹਿਲੋਲ ਲੋਧੀ (1451-89) ਦਾ ਰਾਜ ਸੀ, ਜਿਸ ਨੇ ਸਈਯਦ ਵੰਸ਼ ਨੂੰ ਖਤਮ ਕਰਕੇ ਲੋਧੀ ਵੰਸ਼ ਦੀ ਨੀਂਹ ਰੱਖੀ। ਉਸ ਦੇ ਅਧੀਨ ਪੰਜਾਬ, ਦੁਆਬ, ਜੌਨਪੁਰ, ਅਵਧ-ਬਿਹਾਰ ਦਾ ਇਕ ਹਿੱਸਾ, ਤਿਰਹਟ ਅਤੇ ਸਤਲੁਜ ਤੇ ਬੁੰਦੇਲਖੰਡ ਦੇ ਇਲਾਕੇ ਸਨ।[3] ਬਹਿਲੋਲ ਲੋਧੀ ਅਕਲਮੰਦ ਸਮਰਾਟ ਸੀ। ਆਪਣੀਆਂ ਸਮਾਜਿਕ ਮਿਲਣੀਆਂ ਵਿਚ ਉਹ ਸਭ ਨਾਲ ਬਰਾਬਰੀ ਦਾ ਵਰਤਾਵ ਕਰਦਾ ਹੋਇਆ ਆਪ ਵੀ ਤਖਤ ਉਤੇ ਬੈਠਣ ਦੀ ਬਜਾਏ ਆਪਣੇ

---

1. "ਦੀ ਜੀਸਟਸ ਐਂਡ ਦੀ ਗਰੇਟ ਮੁਗਲ" ਵਿਚ ਸਰ ਐਡਵਰਡ ਮੈਕਲਾਗਨ ਲਿਖਦੇ ਹਨ:-

"ਮੈਂ ਆਪਣੀ ਸਮੁੰਦਰੀ ਯਾਤਰਾ-ਸਮੁੰਦਰੀ ਤੱਟ ਤੋਂ ਫਤਹਪੁਰ ਤੱਕ, ਵਿੱਚ ਸਭ ਥਾਵਾਂ ਤੇ ਦੇਖਿਆ ਕਿ ਮੁਸਲਮਾਨਾਂ ਨੇ ਹਿੰਦੂਆਂ ਦੇ ਸਾਰੇ ਮੰਦਰ ਢਾਹ ਦਿੱਤੇ ਸਨ।" ਪੰਨਾ-28.

2. Dr. S.S. Kohli.,"Philosophy of Guru Nanak."Page-16.

3. Mahajan, "India Since 1526 A.D.

ਸਰਦਾਰਾਂ ਦੇ ਨਾਲ ਦਰੀ ਉਤੇ ਹੀ ਬੈਠਦਾ ਅਤੇ ਸਭ ਨਾਲ ਬੈਠੇ ਬਿਠਾਏ ਹੀ ਵਿਚਾਰ ਵਟਾਂਦਰਾ ਕਰਦਾ।[1] ਬਹਿਲੋਲ ਲੋਧੀ 1489 ਈ: ਵਿਚ ਮਰ ਗਿਆ, ਜਦੋਂ ਗੁਰੂ ਸਾਹਿਬ ਦੀ ਉਮਰ ਕੋਈ 20 ਸਾਲ ਦੀ ਸੀ। ਉਸ ਤੋਂ ਬਾਅਦ ਸਿਕੰਦਰ ਲੋਧੀ ਗੱਦੀ ਉਤੇ ਬੈਠਾ ਜਿਸ ਨੇ 1517 ਤੱਕ ਰਾਜ ਕੀਤਾ। ਉਹ ਬੜਾ ਕਟੜ ਮੁਸਲਮਾਨ ਸੀ। ਇਸ ਲਈ ਉਸ ਨੇ ਹਿੰਦੂਆਂ ਪ੍ਰਤੀ ਬੜੀ ਕੱਟੜ ਨੀਤੀ ਅਪਣਾ ਲਈ। ਸਭ ਹਿੰਦੂ ਮੰਦਰ ਢੁਹਾਕੇ ਉਨ੍ਹਾਂ ਦੀ ਥਾਂ ਤੇ ਮਸਜਦਾਂ ਬਣਵਾ ਦਿੱਤੀਆਂ ।[2] ਸਿਕੰਦਰ ਲੋਧੀ ਤੋਂ ਬਾਅਦ ਇਬਰਾਹਿਮ ਲੋਧੀ (1517-1526) ਗੱਦੀ ਉਤੇ ਬੈਠਾ। ਉਹ ਇਕ ਨਿਰਬਲ ਸੁਲਤਾਨ ਸੀ। ਉਸ ਦੇ ਅਧੀਨ ਦੇਸ਼ ਵਿਚ ਬਹੁਤ ਗੜਬੜ ਹੋਣ ਲੱਗ ਪਈ। ਉਸ ਦੇ ਰਾਜ ਦੀ ਸਥਿਤੀ ਨੂੰ ਐਰਸਕਾਈਨ ਇੰਜ ਵਿਅਕਤ ਕਰਦੇ ਹਨ:- ਸਾਮਰਾਜ ਇਕ ਅਜ਼ਾਦ ਸ੍ਵੈ-ਨਿਰਭਰ, ਰਿਆਸਤਾਂ ਅਤੇ ਜਾਗੀਰਾਂ ਦਾ ਸਮੂਹ ਸੀ। ਜਿਨ੍ਹਾਂ ਉਤੇ ਜਾਂ ਤਾਂ ਕੋਈ ਜੱਦੀ ਜਾਗੀਰਦਾਰ ਰਾਜ ਕਰਦਾ ਸੀ ਜਾਂ ਦਿੱਲੀ ਤੋਂ ਭੇਜਿਆ ਕੋਈ ਨੁਮਾਇੰਦਾ।[3] ਉਸ ਦੇ ਗੁਸੈਲੇ ਸੁਭਾ ਕਾਰਨ ਉਸ ਦੇ ਗਵਰਨਰ ਉਸ ਨਾਲ ਨਰਾਜ ਹੋ ਗਏ ਸਨ। ਪੰਜਾਬ ਦੇ ਗਵਰਨਰ ਦੌਲਤ ਖਾਨ ਲੋਧੀ ਨੇ ਬਾਬਰ ਨਾਲ ਮਿਲਕੇ ਰਾਜਸੀ ਸਾਜਸ਼ ਘੜਣੀ ਸ਼ੁਰੂ ਕਰ ਦਿੱਤੀ ਅਤੇ ਬਾਬਰ ਨੂੰ ਦਿੱਲੀ ਰਾਜ ਉਤੇ ਹਮਲਾ ਕਰਨ ਦਾ ਸੱਦਾ ਦਿੱਤਾ। ਸਿਟੇ ਵਜੋਂ ਬਾਬਰ ਨੇ 1526 ਈ: ਵਿਚ ਪਾਣੀਪੱਤ ਦੀ ਪਹਿਲੀ ਲੜਾਈ ਵਿਚ ਇਬਰਾਹਿਮ ਲੋਧੀ ਨੂੰ ਹਰਾ ਦਿੱਤਾ ਅਤੇ ਆਪ ਦਿੱਲੀ ਦਾ ਬਾਦਸ਼ਾਹ ਬਣ ਬੈਠਾ। ਅਤੇ ਮੁਗਲ ਵੰਸ ਦੀ ਨੀਂਹ ਰੱਖੀ ।

ਗੁਰੂ ਸਾਹਿਬ ਦੱਸਦੇ ਹਨ ਕਿ ਬਾਬਰ ਨੇ ਭਾਰਤ ਵਿਚ ਆਕੇ ਬਹੁਤ ਤਬਾਹੀ ਮਚਾਈ, ਭਾਰਤੀ ਕੁੜੀਆਂ ਦੀ ਬੇਇੱਜ਼ਤੀ ਕੀਤੀ, ਲੁਟਮਾਰ ਕੀਤੀ, ਸ਼ਰਮ ਧਰਮ ਨੂੰ ਕੂੰਜ ਵਾਂਗ ਲਾਹ ਸੁਟਿਆ, ਸਾਰੇ ਸਭਿਆਚਾਰ ਨੂੰ ਮਿੱਟੀ ਵਿਚ ਰੋਲ ਦਿੱਤਾ। ਕੇਵਲ ਹਿੰਦੂਆਂ ਨੂੰ ਹੀ ਨਹੀਂ ਸਗੋਂ ਅਫਗਾਨਾਂ ਮੁਸਲਮਾਨਾਂ ਨੂੰ ਵੀ ਬਹੁਤ ਤਸੀਹੇ ਝੱਲਣੇ ਪਏ।[4]

---

1. **Illiat and Deussan, "Abdula Tarikh-A-Dandi"Vol.4,Page-437-60.**
2. **J.C. Powell Prince.,"A History of India."**
3. i **Illiat and Deussan-"Abdula-Tarikh-A-Dandi." Vol.4.Page-437-40.**
   ii **W. Erskine.,"History of India under Babur and Haymayun."**
4. 1. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
   ਆਪੈ ਦੋਸ ਨ ਦੇਈ ਕਰਤਾ ਜਮੁ ਕਰਿ ਮੁਗਲ ਚੜਾਇਆ।
   ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨ ਆਇਆ।" (ਆਸਾ- ਪੰਨਾ-722.)

   2. ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ।
   ਸਰਮ ਧਰਮ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ। -------

ਡਾ: ਈਸ਼ਵਰੀ ਪ੍ਰਸਾਦਿ ਲਿਖਦੇ ਹਨ ਕਿ ਸੋਲਵੀਂ ਸਦੀ ਦੇ ਅਰੰਭ ਵਿਚ ਭਾਰਤ ਇੱਕ ਰਿਆਸਤਾਂ ਦਾ ਅਜਿਹਾ ਸਮੂਹ ਸੀ ਜਿਹੜਾ ਕਿਸੇ ਵੀ ਸ਼ਕਤੀਸ਼ਾਲੀ ਵਿਦੇਸ਼ੀ ਹਮਲਾਵਰ ਦੀ ਹਵਸ ਦਾ ਖਾਜਾ ਬਣਨ ਲਈ , ਆਪਣੀ ਅੰਤਰਿਕ ਸਥਿਤੀ ਕਾਰਨ ਤਿਆਰ ਹੀ ਸੀ। ਅਤੇ ਬਾਬਰ ਨੇ

---

--- ਕਾਜੀਆ ਬਾਮਣਾ ਕੀ ਗਲਿ ਥਕੀ ਅਗਦੁ ਪੜੈ ਸੈਤਾਨ ਵੇ ਲਾਲੋ । (ਤਿਲੰਗ ਪਦਾ-32, ਪੰਨਾ-360

3. ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ।
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ।
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ।
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ।
ਇਕ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ ।
ਗਰੀ ਛੁਹਾਰੇ ਖਾਦੀਆ ਮਾਣਨਿ ਸੇਜੜੀਆ ।
ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ ।
ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ।
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ।---
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ।
ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ।
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ।" (ਆਸਾ ਅਸਟਪਦੀ-ਪੰਨਾ-417)

4. ਕਹਾ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ।
ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ।
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ।
ਇਸ ਜਰੁ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ।
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ।
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ।
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ।
ਥਾਨੁ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ।
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ।
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ । ----

ਯੋਗ ਮੌਕਾ ਹੱਥੋਂ ਨਾ ਜਾਣ ਦਿੱਤਾ।[1]

ਦਿੱਲੀ ਰਾਜ ਤੋਂ ਇਲਾਵਾ ਖਾਨਦੇਸ਼, ਕਸ਼ਮੀਰ, ਗੁਜਰਾਤ, ਬੰਗਾਲ ਅਤੇ ਸਿੰਧ ਹੋਰ ਮੁਸਲਮਾਨੀ ਰਿਆਸਤਾਂ ਸਨ। ਮੇਵਾੜ, ਬਿਜੈ ਨੱਗਰ ਅਤੇ ਤ੍ਰੇਗੀਨਾ ਹਿੰਦੂ ਰਿਆਸਤਾਂ ਸਨ।

ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਰਾਜਿਆਂ ਨੂੰ ਉਨ੍ਹਾਂ ਦੀ ਨਿਰਦੈਤਾ ਕਾਰਨ "ਕਸਾਈ"[2] ਕਹਿੰਦੇ ਹਨ। ਜਿਵੇਂ ਸ਼ੇਰ ਆਪਣੇ ਤੋਂ ਨਿਰਬਲ ਆਪਣੀ ਹੀ ਜੰਗਲ ਦੀ ਪਰਜਾ ਨੂੰ ਮਾਰ ਮੁਕਾਉਂਦਾ ਹੈ। ਇਸੇ ਤਰ੍ਹਾਂ ਇਸ ਸਮੇਂ ਦੇ ਰਾਜੇ ਆਪਣੀ ਹੀ ਪਰਜਾ ਨੂੰ ਲੁੱਟ ਰਹੇ ਸਨ। ਰਾਜਿਆਂ ਦੇ ਕਰਮਚਾਰੀ ਸ਼ਿਕਾਰੀ ਕੁੱਤਿਆਂ ਵਾਂਗ ਜੰਤਾਂ ਦੇ ਪਿਛੇ ਝਪਟ ਪੈਂਦੇ ਸਨ। ਬਿਨ੍ਹਾਂ ਕਿਸੇ ਮੌਕੇ-ਬੇ-ਮੌਕੇ, ਸਮੇਂ ਕੁ ਸਮੇਂ ਦੀ ਪਰਵਾਹ ਕੀਤਿਆਂ।[3] ਮੁਸਲਮਾਨ ਇਤਿਹਾਸਕਾਰ ਮੁਹੰਮਦ ਲਤੀਫ ਅਨੁਸਾਰ ਚਾਰੇ ਪਾਸੇ ਭ੍ਰਿਸ਼ਟਾਚਾਰ, ਧੋਖਾ, ਫਰੇਬ ਜ਼ੋਰਾਂ ਤੇ ਸੀ। ਸਾਰੇ ਪਾਸੇ ਅਸ਼ਾਂਤੀ ਫੈਲੀ ਹੋਈ ਸੀ। ਦਿਨ ਦਿਹਾੜੇ ਕੱਤਲਾਂ ਅਤੇ ਡਾਕਿਆਂ ਦੀਆਂ ਵਾਰਦਾਤਾਂ ਆਮ ਸਨ। ਅਣਖ, ਸਚਾਈ ਅਤੇ ਰੁਤਬਾ ਬਜ਼ਾਰਾਂ ਵਿੱਚ ਵਿਕਦੇ ਸਨ। ਭਾਈ ਗੁਰਦਾਸ ਵੀ ਇਸ ਸਮੇਂ ਦੀ ਅਰਾਜਕਤਾ ਦਾ ਅਜਿਹਾ ਹੀ ਬਿਆਨ ਦਿੰਦੇ ਹਨ।[4]

---

--- ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ।
ਜਿਨ ਕੀ ਚੀਰੀ ਦਰਗਾਹ ਪਾਟੀ ਤਿਨਾ ਮਰਣਾ ਭਾਈ।
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।
ਇਕ ਨਾ ਪੇਰਣ ਸਿਰ ਖੁਰ ਪਾਟੇ ਇਕਨਾ ਪਾਸ ਮਸਾਣੀ।
ਜਿਨ ਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣਿ ਵਿਹਾਣੀ।"

(ਆਸਾ ਅਸਟਪਦੀ-12, ਪੰਨਾ-418.)

1. ਅਵਿਨਾਸ਼ ਚੰਦਰ ਅਰੋੜਾ., "ਭਾਰਤੀ ਇਤਿਹਾਸ ਦਾ ਮੁਗਲ ਅਤੇ ਬ੍ਰਿਟਿਸ਼ ਕਾਲ" ਪੰਨਾ-4.
2. ਕਲਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ" (ਵਾਰ ਮਾਝ ਸਲੋਕ-, ਪੰਨਾ-145.)
3. ਰਾਜੇ ਸੀਹ ਮੁਕਦਮ ਕੁਤੇ ਜਾਇ ਜਗਾਇਨ ਬੈਠੇ ਸੁਤੇ।
ਚਾਕਰ ਨਹ ਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।
ਜਿਥੈ ਜੀਆ ਹੋਸੀ ਸਾਰ। ਨਕੀ ਵਢੀ ਲਾਇਤਬਾਰ।

(ਵਾਰ ਮਲਾਰ ਸਲੋਕ-, ਪੰਨਾ-1288.)

4. ਕਲ ਆਈ ਕੁਤੇ ਮੂਹੀ ਖਾਜ ਹੁਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਬਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ।
ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ। -------

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤੀ ਸਮਾਜ ਦੋ ਪ੍ਰਮੁੱਖ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ- ਹਿੰਦੂ ਅਤੇ ਮੁਸਲਮਾਨ । ਮੁਸਲਮਾਨ ਰਾਜਸੀ ਸ਼੍ਰੇਣੀ ਹੋਣ ਕਾਰਨ ਸਮਾਜ ਵਿਚ ਵਿਸ਼ੇਸ਼ ਮਾਣ ਦੇ ਹੱਕਦਾਰ ਸਮਝੇ ਜਾਂਦੇ ਸਨ। ਰਾਜ ਦੇ ਵੱਡੇ ਵੱਡੇ ਆਹੁਦੇ ਇਨ੍ਹਾਂ ਕੋਲ ਹੀ ਸਨ। ਹਿੰਦੂਆਂ ਦੀ ਹਾਲਤ ਬੜੀ ਖਰਾਬ ਸੀ। ਇਨ੍ਹਾਂ ਨੂੰ "ਜ਼ਿੰਮੀ" (ਦਾਸ ਜਾਂ ਘੱਟੀਆਂ ਦਰਜੇ ਦੇ ਸ਼ਹਿਰੀ) ਕਿਹਾ ਜਾਂਦਾ ਸੀ । ਇਨ੍ਹਾਂ ਉੱਤੇ ਛੇ ਰੁਪੈ ਪ੍ਰਤੀ ਜੀਅ ਜਜ਼ੀਆਂ ਲਗਿਆ ਹੋਇਆ ਸੀ। ਇਸ ਤੋਂ ਇਲਾਵਾ ਯਾਤਰਾ ਕਰ, ਤੀਰਥ ਕਰ ਆਦਿ ਖਾਸ ਟੈਕਸ ਲੱਗੇ ਹੋਏ ਸਨ।[1]

ਹਿੰਦੂ ਆਪਣੇ ਆਪ ਵਿਚ ਵੀ ਅਨੇਕ ਅਧੀਨ ਸ਼੍ਰੇਣੀਆਂ, ਚਾਰ ਜਾਤਾਂ, ਅਨੇਕਾਂ ਗੋਤਾਂ ਵਿਚ ਵੰਡੇ ਹੋਏ ਸਨ। ਉਨ੍ਹਾਂ ਨੇ ਮੁਸਲਮਾਨਾਂ ਪ੍ਰਤੀ ਸਮਾਜਿਕ ਨਾ-ਮਿਲਵਰਤਣ ਦੀ ਨੀਤੀ ਧਾਰਣ ਕੀਤੀ ਹੋਈ ਸੀ। ਉਨ੍ਹਾਂ ਵਿਚ ਬਹੁਤ ਧਾਰਮਿਕ ਵਹਿਮ ਭਰਮ ਪ੍ਰਚਲਤ ਸਨ। ਬੁੱਤ ਪੂਜਾ ਆਮ ਸੀ । ਲੋਕ ਗਰੀਬੀ ਅਗਿਆਨਤਾ ਅਤੇ ਦ੍ਰਿਦਰਤਾ ਦੇ ਸ਼ਿਕਾਰ ਸਨ। ਮੁਸਲਮਾਨ ਉਨ੍ਹਾਂ ਨੂੰ "ਬੁੱਤ ਪ੍ਰਸਤ ਕਾਫਰ" ਕਹਿੰਦੇ ਸਨ, ਉਨ੍ਹਾਂ ਨਾਲ ਨਫਰਤ ਕਰਦੇ ਸਨ, ਉਨ੍ਹਾਂ ਦੇ ਪੂਜਾ ਅਸਥਾਨਾਂ ਨੂੰ ਢਾਹੁਣਾ ਆਪਣਾ ਧਾਰਮਿਕ ਫਰਜ਼ ਸਮਝਦੇ ਸਨ।

ਬਾਬਰ ਆਪਣੀ ਸਵੈ-ਜੀਵਨੀ ਵਿਚ ਹਿੰਦੂਆਂ ਬਾਰੇ ਦੱਸਦਾ ਹੈ ਕਿ ਹਿੰਦੂ ਮਾਲ- ਮਹਿਕਮੇ ਦੇ ਨੀਵੇਂ ਦਰਜੇ ਦੇ ਕਰਮਚਾਰੀ, ਦਸਤਕਾਰ ਅਤੇ ਕਾਰੀਗਰ ਕਾਮਿਆਂ ਦਾ ਕੰਮ ਲੱਖਾਂ ਦੀ ਤਾਦਾਦ ਵਿਚ ਕਰਦੇ ਸਨ। ਉਨ੍ਹਾਂ ਦੀ ਹਾਲਤ ਬੜੀ ਘੱਟੀਆ ਅਤੇ ਤਰਸਨਾਕ ਸੀ। ਉਹ ਪੂਜਾ ਪਾਠ ਕਰਨ ਲਈ ਸੁਤੰਤਰ ਨਹੀਂ ਸਨ। ਲੜਾਈਆਂ ਵਿਚ ਵਧੇਰੇ ਨੁਕਸਾਨ ਹਿੰਦੂਆਂ ਨੂੰ ਉਠਾਣਾ ਪੈਂਦਾ ਸੀ ।[2]

---

---ਸੇਵਕ ਬੈਠਨ ਘਰਾ ਵਿਚ ਗੁਰ ਉਠ ਘਰੀ ਤਿਨਾੜੇ ਜਾਈ ।
ਕਾਜੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ ।
ਇਸਤ੍ਰੀ ਪੁਰਖੈ ਦਾਮੁਹਿਤ ਭਾਵੈ ਆਇ ਕਿਥਾਉਂ ਜਾਈ ।
ਵਰਤਿਆ ਪਾਪ ਸਭਸ ਜਗ ਮਾਹੀ ।" (ਵਾਰ -2, ਪਉੜੀ-30.)

1. **Indu Bhushan Banerjee- "Evolution of the Khalsa.**

2. ਤੁਜ਼ਕ - ਏ- ਬਾਬਰੀ ।

ਵੱਖ ਵੱਖ ਜਾਤੀਆਂ ਦੇ ਲੋਕਾਂ ਵਿੱਚ ਕੋਈ ਪਰਸਪਰ ਮਿਲਾਪ ਨਹੀਂ ਸੀ। ਹਿੰਦੂਆਂ ਵਿਚੋਂ ਅਣਖ ਅਤੇ ਮਾਣ ਖਤਮ ਹੋ ਗਿਆ ਸੀ। ਬ੍ਰਾਹਮਣ ਸਦਾਚਾਰਕ ਤੌਰ ਤੇ ਬਹੁਤ ਨੀਵੇਂ ਗਿਰ ਗਏ ਹੋਏ ਸਨ। ਅਤੇ ਬਾਕੀ ਦੀਆਂ ਸਭ ਹਿੰਦੂ ਸ਼੍ਰੇਣੀਆਂ ਨੂੰ ਕੇਵਲ ਆਪਣੇ ਸੁਆਰਥ ਦੀ ਪੂਰਤੀ ਲਈ ਵਰਤਦੇ ਸਨ। ਉਨ੍ਹਾਂ ਨੇ ਧਰਮ ਨੂੰ ਕੇਵਲ ਰੀਤਾਂ ਰਿਵਾਜਾਂ ਅਤੇ ਵਹਿਮਾਂ ਭਰਮਾਂ ਤੱਕ ਹੀ ਸੀਮਤ ਕਰ ਦਿੱਤਾ ਸੀ। ਛੂਤ ਛਾਤ ਬਹੁਤ ਸੀ। ਲੋਕੀ ਦ੍ਰੱਖਤਾਂ ਦੀ ਪੂਜਾ ਵੀ ਕਰਦੇ ਸਨ।

ਮੁਸਲਮਾਨਾਂ ਦਾ ਸਮਾਜਿਕ ਦਰਜਾ ਉੱਚਾ ਸੀ ਕਿਉਂਜੋ ਹਾਕਮ ਜਮਾਤ ਸੀ। ਉਹ ਵੀ ਤਿੰਨ ਸ਼੍ਰੇਣੀਆਂ ਵਿੱਚ ਵੰਡੇ ਹੋਏ ਸੀ--ਅਮੀਰ (ਸ਼ੇਖ, ਕਾਜੀ, ਹਾਕਮ ) ਮੱਧ ਸ਼੍ਰੇਣੀ ਅਤੇ ਗੁਲਾਮ। ਇਸਤ੍ਰੀਆਂ ਨੂੰ ਆਦਮੀ ਨਾਲੋਂ ਬਹੁਤ ਨੀਵਾਂ ਸਮਝਿਆ ਜਾਂਦਾ ਸੀ। ਸੁੰਦਰ ਹਿੰਦੂ ਲੜਕੀਆਂ ਨੂੰ ਮੁਸਲਮਾਨ ਹਾਕਮ ਆਪਣੇ ਹਰਮਾਂ ਵਿਚ ਧੱਕੇ ਜ਼ੋਰੀ ਲੈ ਜਾਂਦੇ ਸਨ। ਇਸ ਧੱਕੇਸ਼ਾਹੀ ਤੋਂ ਬਚਣ ਲਈ ਲੜਕੀ ਨੂੰ ਛੋਟੀ ਉਮਰ ਵਿੱਚ ਹੀ ਸਹੁਰੇ ਘਰ ਭੇਜ ਦਿੱਤਾ ਜਾਂਦਾ ਸੀ। ਆਮ ਧਾਰਨਾ ਪ੍ਰਚਲਤ ਸੀ ਕਿ "ਇਸਤ੍ਰੀ ਘਰ ਬੈਠੀ ਲੱਖ ਦੀ , ਬਾਹਰ ਗਈ ਕੱਖ ਦੀ।"

ਵਧੇਰੇ ਕਰਕੇ ਇਸਤ੍ਰੀ ਨੂੰ ਕਾਮ ਪੂਰਤੀ ਦਾ ਸਾਧਨ ਹੀ ਸਮਝਿਆ ਜਾਂਦਾ ਸੀ। ਇਸਤ੍ਰੀ ਵਿਦਿਆ ਦਾ ਰਿਵਾਜ ਬਹੁਤ ਘੱਟ ਸੀ। ਬਹੁਤ ਵਾਰ ਕੁੜੀ ਨੂੰ ਜੰਮਦੀ ਨੂੰ ਮਾਰ ਦਿੱਤਾ ਜਾਂਦਾ ਸੀ। ਹਿੰਦੂ ਅਤੇ ਮੁਸਲਮਾਨ ਦੋਨੋਂ ਵਰਗਾਂ ਦੀਆਂ ਔਰਤਾਂ ਪਰਦਾ ਕਰਦੀਆਂ ਸਨ।

ਇਸਲਾਮ ਨੇ ਹਿੰਦੂ ਸਮਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਸਨ। ਇਸ ਬਾਰੇ ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ:-

"ਹਿੰਦੂ ਧਰਮ ਦਾ ਪਵਿੱਤਰ ਜਾਮਾ ਵਿਅਰਥ ਅਤੇ ਫੋਕੇ ਕਰਮ ਕਾਂਡਾਂ , ਪੁਜਾਰੀਆਂ ਦੀਆਂ ਖੁਦਗਰਜੀਆਂ ਅਤੇ ਲੋਕਾਂ ਦੀ ਅਗਿਆਨਤਾ ਕਾਰਣ ਸੁੱਕ ਚੁੱਕਾ ਸੀ। ਹਿੰਦੂ ਧਰਮ ਦੀ ਪਵਿੱਤਰਤਾ ਨਾਵਾਂ ਦੇ ਵਿਤਕਰਿਆਂ ਦੇ ਭਾਰ ਹੇਠਾਂ ਦੱਬ ਚੁੱਕੀ ਸੀ।"[1]

ਮੁਸਲਮਾਨੀ ਰਾਜ ਨੇ ਹਿੰਦੂਆਂ ਦੇ ਪਹਿਨਣ ਅਤੇ ਖਾਣ ਤੇ ਵੀ ਰੋਕਾਂ ਲਾ ਦਿੱਤੀਆਂ ਸਨ।[2] ਹਿੰਦੂ ਅਤੇ ਮੁਸਲਮਾਨ ਆਪਸ ਵਿਚ ਖਹਿਬੜਦੇ ਸਨ, ਧਾਰਮਿਕ ਖੇਤਰ ਵਿਚ ਵੀ ਅਤੇ ਸਮਾਜਿਕ ਖੇਤਰ ਵਿੱਚ ਵੀ। ਜੀਵਨ ਹਰ ਤਰ੍ਹਾਂ ਮੁਸ਼ਕਲਾਂ ਨਾਲ ਭਰਿਆ ਸੀ। ਇਥੋਂ ਤੱਕ ਕਿ ਇਸਤ੍ਰੀ ਪੁਰਖ ਦਾ ਆਪਸੀ ਸਬੰਧ ਵੀ ਬੜੇ ਨੀਵੇਂ ਸੱਤਰ ਉਤੇ ਪਹੁੰਚ ਚੁੱਕਾ ਸੀ।[3]

---

1. **Gokal Chand Narang.,"Transformation of Sikhism." Page-20.**
2. ਕਿਰਪਾਲ ਸਿੰਘ ਨਾਰੰਗ, "ਮੁਗਲਾਂ ਦਾ ਇਤਿਹਾਸ"
3. ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ (ਵਾਰ ਆਸਾ-, ਪੰਨਾ-468.)

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਸਮਾਜਿਕ ਗਿਰਾਵਟ ਵਿਰੁੱਧ ਅਵਾਜ਼ ਉਠਾਈ, ਸਮਾਜਿਕ ਜੀਵਨ ਵਿਚ ਉਸ ਦੇ ਮਹੱਤਵ ਬਾਰੇ ਦੱਸਿਆ ਕਿ ਕਿਵੇਂ ਇਸਤ੍ਰੀ ਤੋਂ ਬਿਨਾਂ ਆਦਮੀ ਅਧੂਰਾ ਹੈ। ਇਸਤ੍ਰੀ ਦੀ ਸਰਵੋਤਮਤਾ ਦਰਸਾਉਂਦੇ ਹੋਏ ਲਿਖਿਆ :-

"ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ"[1] ਗੁਰੂ ਸਾਹਿਬ ਦਸਦੇ ਹਨ ਕਿ ਗਿਆਨ ਵਿਹੀਨ, ਅੰਨੀ ਹੋਈ ਹੋਈ ਪਰਜਾ ਮੁਰਦਿਆਂ ਵਰਗਾ ਜੀਵਨ ਜੀਉ ਰਹੀ ਸੀ। ਜਿਹੜੇ ਆਪਣੇ ਆਪ ਨੂੰ ਗਿਆਨੀ ਕਹਾਉਂਦੇ ਸਨ ਉਨਾਂ ਦਾ ਕੰਮ ਬੱਸ ਇਹ ਸੀ ਕਿ ਗਾ ਲੈਣਾ, ਵਾਜੇ ਵਜਾ ਲੈਣੇ ਅਤੇ ਨੱਚ ਲੈਣਾ, ਬੁਝਾਰਤਾ ਪਾ ਲੈਣੀਆਂ, ਲੋਕ ਗੀਤ ਗਾ ਲੈਣੇ, ਵਾਰਾਂ ਗਾ ਲੈਣੀਆਂ। ਪੰਡਤ ਵੀ ਮੂਰਖ ਸਨ ਜਿਨਾਂ ਨੂੰ ਕੋਈ ਕਿਸੇ ਕਿਸਮ ਦਾ ਗਿਆਨ ਨਹੀਂ ਸੀ ਬੱਸ ਧੰਨ ਨਾਲ ਹੀ ਪਿਆਰ ਸੀ। ਹਰ ਤਰਾਂ ਦੇ ਧਰਮੀ ਕਹਾਉਣ ਵਾਲੇ ਮਨੁੱਖ ਅਧਰਮ ਹੀ ਕਮਾਉਂਦੇ ਸਨ।[2] ਮੁਸਲਮਾਨਾਂ ਦੀ ਚੌਧਰ ਸੀ ਉਹ ਧਾਰਮਿਕ ਕੰਮਾਂ ਅਤੇ ਸੰਕਲਪਾਂ ਵਿਚ ਵੀ ਆਪਣੀ ਚੌਧਰ ਛਾਂਟਦੇ ਸਨ। ਅਤੇ ਆਪਣੀ ਬੋਲੀ ਦਾ ਜ਼ੋਰੀ ਪ੍ਰਚਾਰ ਕਰਦੇ ਸਨ।[3] ਹਿੰਦੂ ਡਰਦੇ ਮਾਰੇ ਤੇ ਕਈ ਵਾਰ ਰਾਜ ਮਾਣ ਪ੍ਰਾਪਤ ਕਰਨ ਲਈ ਮੁਸਲਮਾਨਾਂ ਦੀ ਨਕਲ ਕਰਦੇ ਸਨ।

---

1. ਵਾਰ ਆਸਾ , ਸਲੋਕ, ਪੰਨਾ-473.

2. ਪਰਜਾ ਅੰਧੀ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ।
ਊਚੇ ਬੂਝਹਿ ਵਾਦਾ ਗਾਵਹਿ ਜੋਧਾ ਦਾ ਵਚਾਰੁ ।
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ।
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰ ।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ ।
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ।
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ । (ਵਾਰ ਆਸਾ, ਸਲੋਕ,ਪੰਨਾ-464 )

3. ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ।
ਦੇਵਲ ਦੇਵਤਿਆ ਕਰ ਲਾਗਾ ਐਸੀ ਕੀਰਤਿ ਚਾਲੀ ।
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ।
ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ ।"

(ਬਸੰਤ ਹਿੰਡੋਲ, ਅਸਟਪਦੀ-3, ਪੰਨਾ-1180.)

## ਆਰਥਿਕ ਹਾਲਤ

ਪੰਜਾਬ ਸ਼ੁਰੂ ਤੋਂ ਹੀ ਖੇਤੀ ਬਾੜੀ ਪ੍ਰਧਾਨ ਦੇਸ਼ ਰਿਹਾ ਹੈ। ਗੁਰੂ ਸਾਹਿਬ ਦੇ ਸਮੇਂ ਖੇਤੀ ਬਾੜੀ, ਵਪਾਰ ਅਤੇ ਸਰਕਾਰੀ ਨੌਕਰੀ ਤਿੰਨ ਹੀ ਪ੍ਰਮੁੱਖ ਧੰਧੇ ਸਨ। ਵੱਡੀਆਂ ਸਰਕਾਰੀ ਨੌਕਰੀਆਂ ਮੁਸਲਮਾਨਾਂ ਲਈ ਸੁਰੱਖਿਅਤ ਸਨ, ਭਾਵੇਂ ਕਿਸੇ ਕਿਸੇ ਹਿੰਦੂ ਨੂੰ ਵੀ ਕਦੀ ਕਦਾਈਂ ਵੱਡੀ ਅਸਾਮੀ ਉਤੇ ਲਾ ਦਿੱਤਾ ਜਾਂਦਾ ਸੀ ।

ਪੰਜਾਬ ਦੇ ਲੋਕ ਮਿਹਨਤੀ ਹਨ ਅਤੇ ਧਰਤੀ ਉਪਜਾਊ ਹੈ। ਕੁੱਝ ਦੇਰ ਅਮਨ ਰਹਿਣ ਤੋਂ ਬਾਅਦ ਹੀ ਲੋਕਾਂ ਦੀ ਆਰਥਿਕ ਹਾਲਤ ਚੰਗੀ ਹੋ ਜਾਂਦੀ ਸੀ। ਆਮ ਤੌਰ ਤੇ ਹਮਲਾਵਰ ਕਿਸਾਨਾਂ ਨੂੰ ਤੰਗ ਨਹੀਂ ਸਨ ਕਰਦੇ ਕਿਉਂਜੋ ਉਨਾਂ ਨੂੰ ਮਾਲੀਏ ਲਈ ਕਿਸਾਨਾਂ ਉਤੇ ਨਿਰਭਰ ਹੋਣਾ ਪੈਂਦਾ ਸੀ। ਕੁੱਝ ਉਦਯੋਗ ਵੀ ਪ੍ਰਚਲਤ ਸਨ ਜਿਵੇਂ ਸਰਕਾਰ ਦੇ ਫੌਜੀ ਸਮਾਨ ਅਤੇ ਸ਼ਾਹੀ ਸਮਾਨ ਤਿਆਰ ਕਰਨ ਦੇ ਉਦਯੋਗ ਅਤੇ ਪਿੰਡਾਂ ਦੇ ਘਰੇਲੂ ਉਦਯੋਗ ਜਿਵੇ:- ਕੱਪੜਾ ਬੁਣਨਾ, ਮਿੱਟੀ ਦੇ ਭਾਂਡੇ ਬਣਾਉਣਾ ਲੱਕੜੀ ਦਾ ਕੰਮ, ਦਰੀਆਂ ਖੇਸ ਆਦਿ ਬਣਾਉਣਾ ।

ਆਵਾਜਾਈ ਦੇ ਸਾਧਨ ਮੁਸ਼ਕਿਲ ਹੋਣ ਕਾਰਨ ਵਪਾਰ ਬਹੁਤਾ ਪ੍ਰਫੁਲਤ ਨਹੀਂ ਹੋ ਸਕਿਆ। ਅਮਨ ਸਮੇਂ ਅਰਬ ਨਾਲ ਘੋੜਿਆਂ ਦਾ ਵਪਾਰ ਕੀਤਾ ਜਾਂਦਾ ਸੀ। ਭਾਰਤ ਤੋਂ ਖੰਡ, ਕੱਚਾ ਮਾਲ, ਮਸਾਲੇ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਬਾਹਰ ਜਾਂਦੀਆਂ ਸਨ ।

ਗੁਰੂ ਸਾਹਿਬ ਦੀ ਰਚੀ ਬਾਣੀ ਬਾਣੀ ਤੋਂ ਪਤਾ ਲੱਗਦਾ ਹੈ ਕਿ ਪੰਜਾਬੀਆਂ ਦੀ ਆਰਥਿਕ ਹਾਲਤ ਇੰਨੀ ਕੁ ਚੰਗੀ ਹੋ ਸੀ ਕਿ ਉਹ ਆਪਣਾ ਪਰਵਾਰਿਕ ਜੀਵਨ ਅਰਾਮ ਨਾਲ ਗੁਜਾਰ ਸਕਣ- ਗਿਰੀ ਛੁਹਾਰੇ ਖਾ ਸਕਣ, ਮੋਤਸਰੀਆਂ ਪਹਿਨ ਸਕਣ, ਮਹਿਲਾਂ ਵਰਗੇ ਘਰਾਂ ਵਿਚ ਰਹਿ ਸਕਣ ।

## ਧਾਰਮਿਕ ਸਥਿਤੀ

ਗੁਰੂ ਸਾਹਿਬ ਦੇ ਸਮੇਂ ਪੰਜਾਬ ਵਿਚ ਪ੍ਰਮੁੱਖ ਧਰਮ ਹਿੰਦੂ ਧਰਮ ਅਤੇ ਇਸਲਾਮ ਸੀ । ਪਰ ਇਨਾਂ ਤੋਂ ਇਲਾਵਾ ਜੈਨ ਧਰਮ, ਬੁੱਧ ਧਰਮ[1], ਯੋਗ ਮੱਤ, ਭਗਤੀ ਮਤ ਅਤੇ ਕੁੱਝ ਹੱਦ ਤੱਕ ਪੁਰਾਤਨ ਭਾਰਤੀ ਛੇ ਦਰਸ਼ਨ ਪ੍ਰਚਲਤ ਸਨ। ਗੁਰੂ ਸਾਹਿਬ ਦੀ ਬਾਣੀ ਵਿੱਚ ਇਨਾਂ ਸਭਨਾਂ ਦੇ ਪ੍ਰਚਲਤ ਹੋਣ

---

1. J.S. Grewal.,"Guru Nanak in History " Page-107.

ਬਾਰੇ ਸੰਕੇਤ ਮਿਲਦੇ ਹਨ।[1] ਪਰ ਇਹ ਸਾਰੇ ਧਰਮ ਸਿਵਾਏ ਇਸਲਾਮ ਤੋਂ, ਨਿਵਾਣ ਵੱਲ ਜਾ ਰਹੇ ਸਨ। ਅਤੇ ਆਪਣਾ ਅਸਲ ਮਾਰਗ ਛੱਡਕੇ ਕੁਰਾਹੇ ਪੈ ਗਏ ਹੋਏ ਸਨ। ਪੰਡਤ ਪੜ੍ਹ ਪੜ੍ਹ ਕੇ ਕੁੜ੍ਹ ਗਏ ਸਨ। ਤੀਰਥਾਂ ਤੇ ਜਾ ਜਾਕੇ ਖਰਾਬ ਹੋ ਗਏ ਸਨ। ਜੋਗੀ ਅਨੇਕ ਤਰਾਂ ਦੇ ਭੇਖ ਕਰ ਕਰ ਕੇ ਆਪਣੇ ਸਰੀਰ ਨੂੰ ਦੁੱਖ ਦੇਣ ਲੱਗੇ ਹੋਏ ਸਨ ਆਪਣੇ ਆਪ ਨੂੰ ਭੁੱਖੇ ਰੱਖਦੇ ਸਨ, ਪਰ ਜਦੋਂ ਬਹੁਤ ਦੁੱਖੀ ਹੋਣ ਤੇ ਵੀ ਕੁੱਝ ਨਹੀਂ ਸੀ ਬਣਦਾ ਤਾਂ ਦਵੈਤ ਵਾਦੀ ਹੋ ਜਾਂਦੇ ਤੇ ਪਰਮਾਤਮਾ ਪ੍ਰਾਪਤੀ ਦੇ ਅਸਲ ਮਾਰਗ ਤੋਂ ਖੁੰਝ ਜਾਂਦੇ ਸਨ। ਨਾਂਗੇ ਸਾਧੂ ਨੰਗੇ ਰਹਿ ਰਹਿ ਕੇ ਸਰੀਰਾਂ ਨੂੰ ਤੰਗ ਕਰ ਰਹੇ ਸਨ। ਸਨਿਆਸੀ ਮੋਨ ਧਾਰ ਕੇ ਸਗੋਂ ਆਪਣੇ ਆਪ ਨੂੰ ਗੁਰੂ ਕਿਰਪਾ ਤੋਂ ਦੂਰ ਲਿਜਾ ਰਹੇ ਸਨ। ਜੈਨੀ ਨੰਗੇ ਪੈਰੀ ਤੁਰ ਤੁਰ ਕੇ, ਸਿਰ ਵਿਚ ਸੁਆਹ ਖੇਹ ਪਾਕੇ ਆਪਣੀ ਬੁੱਧੀ ਮਲੀਨ ਕਰ ਰਹੇ ਸਨ।[2] ਮੁਸਲਮਾਨ ਪੀਰ ਮੜ੍ਹੀਆਂ ਮਸਾਣਾਂ ਵਿੱਚ ਰਹਿਕੇ ਆਪਾ ਗਾਲ ਰਹੇ ਸਨ।

---

1. I ਇਸਲਾਮੀ, ਹਿੰਦੂ ਧਰਮ, ਯੋਗਮੱਤ, ਭਗਤੀ ਬਾਰੇ ਲਿਖਦੇ ਹਨ:-

"ਮੁਸਲਮਾਨ ਸਿਫਤਿ ਸਰੀਅਤ ਪੜਿ ਪੜਿ ਕਰਹਿ ਬੀਚਾਰੁ ।
ਬੰਦੇ ਸੇ ਜਿ ਪਾਵਹਿ ਵਿਚ ਬੰਦੀ ਵੇਖਣ ਕਉ ਦੀਦਾਰ ।
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ।
ਤੀਰਥ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹੁਕਾਰੁ ।
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮ ਕਰਤਾਰੁ ।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ।
ਸਤੀਆ ਮਨਿ ਸੰਤੋਖ ਉਪਜੈ ਦੇਣੈ ਕੈ ਵੀਚਾਰਿ ।
ਦੇ ਦੇ ਮੰਗੇ ਸਹਸਾ ਗੂਣਾ ਸੋਭ ਕਰੈ ਸੰਸਾਰੁ ।
ਚੋਰਾ ਜਾਰਾ ਤੇ ਕੂੜਿਆਰਾ ਖਾਰਾਬਾ ਵੇਕਾਰ ।
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ।
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ।
ਓਇ ਜਿ ਆਖਹਿ ਸੁ ਤੂੰ ਹੈ ਜਾਣਹਿ ਤਿਨਾ ਭਿ ਤੇਰੀ ਸਾਰੁ ।
ਨਾਨਕ ਭਗਤਾ ਭੁਖ ਸਲਾਹੁਣ ਸਚੁ ਨਾਮ ਆਧਾਰ ।
ਸਦਾ ਅਨੰਦਿ ਰਹੰਹਿ ਦਿਨ ਰਾਤੀ ਗੁਣ ਵੰਤਿਆ ਪਾਛਾਰ ।

(ਵਾਰ ਆਸਾ-6, ਪੰਨਾ-465.)

II ਛੇਆਂ ਦਰਸਨਾ ਬਾਰੇ ਲਿਖਦੇ ਹਨ:-

"ਛੇ ਘਰ ਛੇ ਗੁਰ ਛੇ ਉਪਦੇਸ ਗੁਰ ਗੁਰ ਏਕੋ ਵੇਸ ਅਨੇਕ" ਗੁਟਕਾ ਦੀਪਕੀ, ਪੰਨਾ-12.

ਮੁਸਲਮਾਨਾਂ ਦੇ ਭਾਰਤ ਵਿੱਚ ਦਾਖਲ ਹੋਣ ਨਾਲ ਹੀ ਹਿੰਦੂਆਂ ਦੀ ਧਾਰਮਿਕ ਅਜ਼ਾਦੀ ਖਤਮ ਹੋ ਗਈ ਸੀ। ਹਠ ਧਰਮੀ ਮੌਲਾਣਿਆਂ ਨੇ ਹਿੰਦੂਆਂ ਦਿਆਂ ਮੰਦਰਾਂ ਅਤੇ ਹੋਰ ਸਭ ਧਾਰਮਿਕ ਸਥਾਨਾਂ ਉੱਤੇ ਕਰ ਲਗਾ ਦਿੱਤੇ ਸਨ।[1] ਸਿਕੰਦਰ ਲੋਧੀ ਭਾਵੇਂ ਰਾਜਨੀਤਿਕ ਖੇਤ੍ਰ ਵਿਚ ਬਹੁਤ ਸਮਝਦਾਰ ਸੀ ਪਰ ਧਾਰਮਿਕ ਪੱਖ ਤੋਂ ਬਹੁਤ ਕੱਟੜ ਸੀ। ਮੈਕਾਲਫ ਨੇ ਤਾਰੀਖ-ਇ-ਦਾਊਦੀ ਦੀ ਇਕ ਘਟਨਾ ਦੱਸੀ ਹੈ ਕਿ ਸਿਕੰਦਰ ਲੋਧੀ ਕੁਰੂਕਸ਼ੇਤਰ ਦੇ ਮੇਲੇ ਤੇ ਇਕੱਠੇ ਹੋਣ ਵਾਲੇ ਹਿੰਦੂਆਂ ਨੂੰ ਕਤਲ ਕਰਨਾ ਚਾਹੁੰਦਾ ਸੀ। ਮਲਕ-ਉਲ-ਉਲਮਾ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਹ ਉਸੇ ਨੂੰ ਕਤਲ ਕਰਨ ਲਈ ਤਿਆਰ ਹੋ ਗਿਆ ਭਾਵੇਂ ਬਾਅਦ ਵਿੱਚ ਉਸੇ ਦੀ ਗੱਲ ਮੰਨ ਲਈ।[2] ਫਰਿਸ਼ਤਾ ਵੀ ਇਸ ਕਟੜਤਾ ਦੀ ਹਾਮੀ ਭਰਦਾ ਹੈ।[3] ਇਸ ਕਟੜਤਾ ਦੀ ਪ੍ਰਚੰਡਤਾ ਤੋਂ ਬਚਣ ਲਈ ਛੋਟੀਆਂ ਸ਼੍ਰੇਣੀਆਂ ਦੇ ਹਿੰਦੂ ਇਸਲਾਮ ਧਰਮ ਨੂੰ ਕਬੂਲ ਕਰ ਰਹੇ ਸਨ। ਪਰ ਮੁਸਲਮਾਨ ਸੂਫੀ ਫਕੀਰਾਂ ਦੀ ਪ੍ਰੇਮ ਭਰੀ ਬਾਣੀ ਚੰਗੀ ਚੰਗੀ ਹਿੰਦੂਆਂ ਨੂੰ ਵੀ ਪ੍ਰਭਾਵਿਤ ਕਰ ਰਹੀ ਸੀ।[4]

ਪਰ ਤਾਂ ਵੀ ਹਿੰਦੂ ਅਤੇ ਮੁਸਲਿਮ ਦੋਨਾਂ ਦੀ ਧਾਰਮਿਕ ਖਿਚੋਤਾਣ ਚਲਦੀ ਰਹਿੰਦੀ ਸੀ। ਦੋਨੋਂ ਰਾਹੋਂ ਕੁਰਾਹ ਹੋ ਚੁੱਕੇ ਸਨ। ਭਾਈ ਗੁਰਦਾਸ ਦਸਦੇ ਹਨ:-

---

--2. ਲਿਖਿ ਲਿਖਿ ਪੜਿਆ ਤੇਤਾ ਕੜਿਆ। ਬਹੁ ਤੀਰਥ ਭਵਿਆ ਤੇਤੋ ਲਵਿਆ।
ਬਹੁ ਭੇਖ ਕੀਆ ਦੇਹੀ ਦੁਖ ਦੀਆ। ਸਹੁ ਵੇ ਜੀਆ ਅਪਣਾ ਕੀਆ।
ਅੰਨ ਨ ਖਾਇਆ ਸਾਦ ਗਵਾਇਆ। ਬਹੁ ਦੁਖ ਪਾਇਆ ਦੂਜਾ ਭਾਇਆ।
ਬਸਤ੍ਰ ਨ ਪਹਿਰੈ ਅਹਿਨਿਸ ਕਹਰੈ। ਪਗ ਉਪੇਤਾਣਾ ਅਪਣਾ ਕੀਆ ਕਮਾਣਾ।
ਅਲੁ ਮਲੁ ਖਾਈ ਸਿਰਿ ਛਾਈ ਪਾਈ। ਮੂਰਖ ਅੰਧੇ ਪਤਿ ਗਵਾਈ।
ਵਿਣੁ ਨਾਵੈ ਕਿਛੁ ਥਾਇ ਨ ਪਾਈ। ਰਹੈ ਬੇਬਾਣੀ ਮੜੀ ਮਸਾਣੀ।
ਅੰਧੁ ਨ ਜਾਣੈ ਫਿਰਿ ਪਛੁਤਾਣੀ। ਸਤਿਗੁਰ ਭੇਟੇ ਸੋ ਸੁਖੁ ਪਾਏ।
ਹਰਿ ਕਾ ਨਾਮੁ ਮੰਨਿ ਵਸਾਏ। ਨਾਨਕ ਨਦਰਿ ਕਰੇ ਸੋ ਪਾਏ।
ਆਸ ਅੰਦੇਸੇ ਤੇ ਨਿਹਕੇਵਲੁ। ਹਉਮੈ ਸਬਦਿ ਜਲਾਏ।"

(ਵਾਰ ਆਸਾ-20, ਸ਼ਲੋਕ, ਪੰਨਾ-467.)

1. Dr. S.S. Kohli.,"Philosophy of Guru Nanak." Page-24 .
2. Macauliffe,"The Sikh Religion." Vol.1.,Page-170 .
3. Tarikh -I-Daudi--Briggs-Vol.1. Page-585-586.
4. Fuwaid-at-Fuwad, Page-102-107.

"ਚਾਰਿ ਵਰਨ ਚਾਰਿ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ ।
ਗੰਗ ਬਨਾਰਸ ਹਿੰਦੂਆਂ ਮੱਕਾ ਕਾਹਬਾ ਮੁਸਲਮਾਣੇ ।
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹ ਭੁਲਾਣੇ ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ ।
ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ ।
ਸਿਰੋ ਨ ਮਿਟੇ ਆਵਣ ਜਾਣੇ ।" (ਪਉੜੀ-21, ਵਾਰ-1.)

ਅਤੇ ਪਾਖੰਡੀ ਸਾਧੂਆਂ ਬਾਰੇ ਲਿਖਦੇ ਹਨ:-

"ਕੋਇ ਨ ਕਿਸੇ ਵਰਜਈ ਸੋਈ ਕਰੈ ਜੋਈ ਮਨ ਭਾਵੈ।
ਕਿਸੈ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜੀ ਪੁਜਾਵੈ ।
ਤੰਤ੍ਰ ਮੰਤ੍ਰ ਪਾਖੰਡ ਕਰ ਕਲਾ ਕ੍ਰੋਧ ਬਹੁ ਵਾਦ ਵਧਾਵੈ ।
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ ।
ਕੋਈ ਪੂਜੈ ਚੰਦਰ ਸੂਰ ਕੋਈ ਧਰਤ ਅਕਾਸ ਮਨਾਵੈ ।
ਪਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ ।
ਫੋਕਟ ਧਰਮੀ ਭਰਮ ਭੁਲਾਵੈ ।"

ਪਰ ਅਜਿਹੀ ਸਥਿਤੀ ਨੂੰ ਭਗਤੀ ਲਹਿਰ ਅਤੇ ਸੂਫੀ ਫਕੀਰ ਸੁਖਾਲੀ ਕਰਨ ਦੇ ਯਤਨ ਕਰ ਰਹੇ ਸਨ ।

# ਪ੍ਰਕਰਣ ਚੌਥਾ

## ਅੰਤਮ

ਭਾਵ ਵਿਆਖਿਆ, ਦਰਸਨ ਵਿਚ ਇਸਦਾ ਸਥਾਨ, ਗੁਰੂ ਨਾਨਕ ਅਨੁਸਾਰ ਅੰਤਮ, ਅੰਤਮ ਦਾ ਸਰੂਪ, ।

***

# " ਭਾਗ ਦੂਜਾ "

(ਖੋਜ ਨਿਬੰਧ)

***

# ਗੁਰੂ ਨਾਨਕ ਦੇਵ ਜੀ ਦਾ ਬ੍ਰਹਮ ਦਾ ਸੰ

## ਭਾਗ ਦੂਜਾ

ਪ੍ਰਕਰਣ ਚੌਥਾ :-

"ਅੰਤਮ"

ਪ੍ਰਕਰਣ ਪੰਜਵਾ :-

"ਜਤਿ"

ਪ੍ਰਕਰਣ ਛੇਵਾਂ :-

"ਬ੍ਰਹਮ ਸ਼ਬਦਾਰਥ ਅਤੇ ਵਿਆਖਿਆ"

ਪ੍ਰਕਰਣ ਸਤਵਾਂ :-

"ਨਿਰਗੁਣ ਬ੍ਰਹਮ"

ਪ੍ਰਕਰਣ ਅੱਠਵਾਂ :-

"ਸਰਗੁਣ ਬ੍ਰਹਮ"

ਪ੍ਰਕਰਣ ਨੌਵਾਂ :-

"ਬ੍ਰਹਮ ਅਤੇ ਜੀਵ"

ਪ੍ਰਕਰਣ ਦਸਵਾਂ :-

"ਬ੍ਰਹਮ ਅਤੇ ਮਾਇਆ"

ਪ੍ਰਕਰਣ ਗਿਆਰਵਾਂ :-

"ਪਿੰਡ ਅਤੇ ਬ੍ਰਹਿਮੰਡ ਵਿਚ ਬ੍ਰਹਮ"

ਪ੍ਰਕਰਣ ਬਾਰਵਾਂ :-

"ਬ੍ਰਹਮ ਦੇ ਨਾਮ"

ਪ੍ਰਕਰਣ ਤੇਰਵਾਂ :-

"ਬ੍ਰਹਮ ਦੇ ਗੁਣ"

ਪ੍ਰਕਰਣ ਚੌਦਵਾਂ:-

"ਬ੍ਰਹਮ ਦੀ ਪ੍ਰਾਪਤੀ"

ਪ੍ਰਕਰਣ ਪੰਦਰਵਾਂ:-

"ਮੂਲ ਮੰਤਰ ਦਾ ਅਲੋਚਨਾਤਮਿਕ ਅਧਿਐਨ"

ਅੰਤਿਕਾ:-

ਚੋਣਵੀਆਂ ਪੁਸਤਕਾਂ ਦੀ ਸੂਚੀ:-

***

ਪ੍ਰਕਰਣ--4.

## ਅੰਤਮ

"ਅੰਤਮ" ਦਾ ਭਾਵ ਹੈ ਆਖਰੀ, ਧੁਰ ਸਿਰੇ ਦਾ। ਇਹ ਪਦ ਵਿਸ਼ੇਸ਼ਣ ਰੂਪ ਵਿਚ ਵੀ ਵਰਤਿਆ ਜਾਂਦਾ ਹੈ ਅਤੇ ਨਾਮ ਰੂਪ ਵਿਚ ਵੀ। ਦੋਨਾਂ ਸੂਰਤਾਂ ਵਿਚ ਇਸਦੇ ਕਿੰਨੇ ਸਾਰੇ ਸਾਪੇਖਕ ਪਰ ਵਿਭਿੰਨ ਅਰਥ ਹੁੰਦੇ ਹਨ।[1]

ਦਰਸ਼ਨ ਵਿਚ ਜਦੋਂ ਨਾਮ ਰੂਪ ਵਜੋਂ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਹੁੰਦਾ ਹੈ ਸਾਰੀ ਸਿਰਜਨਾ ਦਾ "ਮੂਲ"।[2] ਇਥੇ ਇਹ ਗਲ ਸਪਸ਼ਟ ਕਰ ਦੇਣੀ ਯੋਗ ਹੋਵੇਗੀ ਕਿ ਇਸ "ਮੂਲ" ਨੂੰ ਵਿਅਕਤ ਕਰਨ ਵਾਲੇ ਦੋ ਅੰਗਰੇਜ਼ੀ ਸ਼ਬਦ "**Absolute**" ਅਤੇ "**Ultimate**"[3] ਜਦੋਂ "ਅੰਤਮ" ਨਾਲ ਸਬੰਧਤ ਰੂਪ ਵਿਚ ਵਰਤੇ ਜਾਂਦੇ ਹਨ ਤਾਂ ਦੋਨੋਂ ਸਮਅਰਥੇ ਹੋ ਜਾਂਦੇ ਹਨ। ਇਸ ਲਈ ਇਥੇ "ਅੰਤਮ" ਦੀ ਵਿਆਖਿਆ ਨੂੰ ਵਧੇਰੇ ਸਪਸ਼ਟ ਕਰਨ ਲਈ "**Absolute**" ਅਤੇ "**Ultimate**" ਦੋਨਾਂ ਦੇ ਕੋਸ਼ ਅਰਥ ਵਰਤੇ ਗਏ ਹਨ।

"ਅੰਤਮ" ਪਦ ਦੇ ਅਰਥਾਂ ਦਾ ਸਾਹਿਤਿਕ ਸਪਸ਼ਟੀ ਕਰਨ ਕਰਨ ਲਈ ਨਿਖੇਧਵਾਦੀ ਢੰਗ ਵੀ ਵਰਤਿਆ ਜਾ ਸਕਦਾ ਹੈ ਅਤੇ ਸਾਖਸ਼ਾਤਵਾਦੀ ਢੰਗ ਵੀ ਵਰਤਿਆ ਜਾ ਸਕਦਾ ਹੈ (ਨੇਤੀ ਨੇਤੀ ਤੇ ਸੇਤੀ ਸੇਤੀ) ਭਾਸ਼ਾ-ਵਿਗਿਆਨਕ ਤੌਰ ਤੇ ਇਸ ਪਦ ਦੇ ਅਰਥਾਂ ਵਿਚ ਅਭਾਵਾਤਮਿਕਤਾ ਦੀ ਭਾਅ ਹੈ। ਭਾਵ "ਅੰਤਮ" ਜਿਸ ਨੂੰ ਆਪਣੀ ਹੋਂਦ ਲਈ ਜਾਂ ਆਪਣੇ ਅਰਥਾਂ ਲਈ ਪੂਰਕ ਤੱਥਾਂ ਜਾਂ ਕਾਰਨਾਂ ਨੂੰ ਵਿਚਾਰ ਗੋਚਰ ਕਰਨ ਦੀ ਜ਼ਰੂਰਤ ਨਹੀਂ। ਇਸ ਪਦ ਦੀ ਵਰਤੋਂ ਕਰਨ ਵਾਲਾ ਇਸ ਗੱਲੋਂ ਸੰਤੁਸ਼ਟ

---

1. Webster's New Twentieth Century Dictionary of English Language (Unabridged) P-1982.
2. James Mark Baldwin., "Dictionary of Philosophy and Psychology." Vol II New edition (1960) P-723,
3. i Absolute, The: (In metaphysics) Most broadly terminus or Ultimate." "Dogobert D Runes" "Dictionary of Philosophy."P-125.

   ii "When we use the term absolute in this connecxion we have in mind primarily the general ideas of all-containing, ultimate." "James Hasting" "Encyclopedia of Religion and Ethics"Vol-1,P-44

ਹੁੰਦਾ ਹੈ ਕਿ ਉਸ ਨੇ ਇਕ ਅਜਿਹਾ ਨਿਸ਼ੇਧਵਾਰੀ ਸ਼ਬਦ ਵਰਤਿਆ ਹੈ ਜਿਸ ਦਾ ਵਰਣਤ ਹੋ ਸਕਣ ਵਾਲੀਆਂ, ਸੁਸੀਮ ਵਸਤਾਂ ਨਾਲ ਕੋਈ ਸਬੰਧ ਨਹੀਂ । "ਅੰਤਿਮ" ਪਦ ਅੰਤਤਾ ਤੇ ਅਨੰਤਤਾ ਦੇ ਵਿਚਾਲੇ ਇਕ ਕੜੀ ਹੈ। "ਅਪਰਤੱਖ" ਦਾ ਆਪਣੀ ਸਹਾਇਕ ਹੈ।[1]

ਜੋ ਕੁੱਝ "ਅੰਤਿਮ" ਹੈ ਉਹ ਕੇਵਲ ਕਿਸੇ ਵਿਸ਼ੇਸ਼ ਸਮੇਂ ਜਾਂ ਹਾਲਾਤ ਵਿੱਚ ਹੀ "ਅੰਤਿਮ" ਨਹੀਂ ਸਗੋਂ ਸਰਵ ਸਮਿਆਂ ਲਈ- "ਅੰਤਿਮ" ਹੈ । ਜਿਵੇਂ ਮਰਜ਼ੀ ਇਸ ਨੂੰ ਤੋੜਨ ਮਰੋੜਨ ਦੀ ਕੋਸ਼ਿਸ਼ ਕੀਤੀ ਜਾਵੇ, ਇਹ ਆਪਣੇ ਮੂਲ ਤੱਤ ਨੂੰ ਕਾਇਮ ਰੱਖੇਗਾ ਅਤੇ ਬਾਹਰੀ ਸਾਪੇਖਕ ਸਬੰਧਾਂ ਸਦਕਾ ਕੋਈ ਆਂਤਰਿਕ ਤਬਦੀਲੀ ਨਹੀਂ ਹੋਣ ਦੇਵੇਗਾ । "ਅੰਤਿਮ" ਦਾ ਇਥੇ ਭਾਵ ਹੁੰਦਾ ਹੈ ਬਸ "ਉਹ" ਜਿਹੜਾ ਹਰ ਪ੍ਰਕਾਰ ਦੇ ਸਬੰਧਾਂ ਤੋਂ ਉਪਰ ਹੈ। ਮਿਸਾਲ ਵਜੋਂ ਜਦੋਂ ਅਸੀਂ "ਅੰਤਿਮ" ਸੱਚ" ਜਾਂ "ਅੰਤਿਮ ਹੋਂਦ" ਬਾਰੇ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਹੁੰਦਾ ਹੈ ਕਿ ਕਿਸੇ ਵੀ ਰੂਪ ਵਿਚ ਸਬੰਧਾਂ ਦੀ ਤਬਦੀਲੀ ਭਾਵੇਂ ਜਿੰਨੀ ਮਰਜ਼ੀ ਹੋਈ ਜਾਵੇ ਪਰ ਇਸ ਦੀ ਸਥਿਰ ਸੁਤੰਤਰਤਾ ਨਹੀਂ ਬਦਲੇਗੀ । ਆਖਿਰ ਵਿਚ ਇਹੋ ਸਭ ਕਾਸੇ ਦਾ ਅਟੱਲ ਰੂਪ ਹੁੰਦਾ ਹੈ ।

ਅਧਿਆਤਮਵਾਦ ਵਿੱਚ ਇਸ ਨੂੰ ਸਭ ਨਿਰੂਪਣਾਂ ( Pradications )ਦੇ ਅਧਾਰ ਦੇ ਰੂਪ ਵਿਚ ਵਰਤਿਆ ਜਾਂਦਾ ਹੈ । ਇਸ ਲਈ ਇਹ ਆਪ ਕੋਈ "ਨਿਰੂਪਣ" ਬਣ ਸਕਣ ਤੋਂ ਅਸਮਰੱਥ ਹੈ । ਜਦੋਂ ਅਸੀਂ ਪਦ "ਅੰਤਿਮ" ਨੂੰ ਇਸ ਰੂਪ ਵਿਚ ਵਰਤਦੇ ਹਾਂ ਤਾਂ ਸਾਡੇ ਮਨ ਵਿਚ ਸੰਪੂਰਣ, ਸਰਵੱਤਰਤਾ ( All containing ) ਦਾ ਖਿਆਲ ਸੁਭਾਵਕ ਹੀ ਹੁੰਦਾ ਹੈ । ਇਸ ਨੂੰ ਅਸੀਂ ਸਭ ਕਾਰਜਾਂ ਦੇ ਇਕੋ ਇਕ ਅਧਾਰ ਰੂਪ ਵਿਚ ਵਰਤਦੇ ਹਾਂ । ਇਸ ਤਰ੍ਹਾਂ ਆਭਾਵਾਤਮਿਕ ਅਤੇ ਸੁਭਾਵਾਤਮਿਕ ਗੁਣ ਇਸ ਨੁਕਤੇ ਤੇ ਆਕੇ ਇਕੱਠੇ ਹੋ ਜਾਂਦੇ ਹਨ । ਗੁਰੂ ਸਾਹਿਬ ਇਸ "ਅੰਤਿਮ" ਲਈ "੧" ਅੰਕ ਦੀ ਵਰਤੋਂ ਕਰਦੇ ਹਨ । ਜਿਸ ਦੇ ਓ ਰੂਪ ਬਾਰੇ ਗੁਰੂ ਸਾਹਿਬ ਲਿਖਦੇ ਹਨ:-

"ਅਸੰਖ ਨਾਵ ਅਸੰਖ ਥਾਵ ।
ਅਗੰਮ ਅਗੰਮ ਅਸੰਖ ਲੋਅ ।
ਅਸੰਖ ਕਹਹਿ ਸਿਰਿ ਭਾਰੁ ਹੋਇ ।"[2]

ਇਸ ਰੂਪ ਵਿਚ "ਅੰਤਿਮ" ਸ਼ਬਦ ਸਭ ਨਾਲੋਂ ਵੱਧ ਪ੍ਰੰਫਲਾ ਹੋ ਜਾਂਦਾ ਹੈ । ਅਸਲ ਵਿੱਚ ਅਧਿਆਤਮਵਾਦ ਵਿਚ ਇਹ ਇਕ ਸਮੱਸਿਆ ਦੇ ਰੂਪ ਵਿਚ ਵਿਚਾਰਿਆ ਜਾਂਦਾ ਹੈ, ਇਕ ਅਨੁਮਾਨ ਜਾਂ ਧਾਰਨਾਂ ਦੇ

---

1. James Mark Baldwin.,"Dictionary of Philosophy and Psychology Vol. II. New Edition (1960), P-723.

2. ਜਪੁਜੀ -19, ਪੰਨਾ-4.

ਰੂਪ ਵਿਚ ਨਹੀਂ ।

ਇਥੇ ਤਾਂ ਇਹ ਵੇਖਿਆ ਜਾਂਦਾ ਹੈ ਕਿ ਕੀ ਅੰਤਮ ਵਿਅਕਤੀਗਤ ਹੈ, ਜਾਂ ਕਾਰਨ ਹੈ , ਸਤ ਹੈ ਜਾਂ ਅਸੱਤ ਹੈ । ਇਥੇ ਇਹ ਸੁਤੰਤਰ, ਬੰਧਨ-ਰਹਿਤ, ਸੰਪੂਰਨ ਹੋਂਦ ਹੈ । ਇਕ ਅਜੇਹੀ ਹੋਂਦ ਜਿਸ ਦੀ ਹੋਂਦ ਦਾ ਕੋਈ ਕਾਰਨ ਨਹੀਂ ।[1] ਜੋ ਸੈਭੰ ਹੈ ।[2] ਜੋ ਸਵੈ-ਨਿਰਭਰ ਹੈ, ਨਿਰਪੇਖ ਹੈ, ਜਿਸ ਵਿਚ ਸਭ ਕੁੱਝ ਸੰਮਿਲਤ ਹੈ, ਜਿਸ ਨੇ ਸਭ ਨੂੰ ਆਪਣੀ ਪਕੜ ਵਿਚ ਰੱਖਿਆ ਹੋਇਆ ਹੈ ਜੋ ਅਸਲੀਅਤ ਦਾ ਕੁਲਸਾਰ ਹੈ। ਜੋ ਵਿਸ਼ਵ ਦੀ ਹੋਂਦ ਦਾ ਆਦਿ ਕਾਰਨ ਹੈ,[3] ਆਪਣੇ ਆਪ ਤੋਂ ਆਪ ਹੀ ਹੈ। ਵਿਸ਼ਵ ਦਾ ਆਸਰਾ ਹੈ ਅਨੰਤ ਸ਼ਕਤੀ ਪੈਦਾ ਕਰਨ ਵਾਲਾ ਹੈ । ਜੋ ਸਾਰੀਆਂ ਸਥਿਤੀਆਂ ਅਤੇ ਸੀਮਾਵਾਂ ਤੋਂ ਮੁਕਤ ਹੈ ।[4] ਜਿਸ ਨੂੰ ਕਠੋਪਨਿਸ਼ਦ ਵਿਚ ਯਮ "ॐ" (ਓਮ) ਕਹਿ ਕੇ ਸੰਬੋਧਨ ਕਰਦਾ ਹੈ ।[5] ਜਿਸ ਬਾਰੇ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਉਹ :-

"੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ, ਗੁਰਪ੍ਰਸਾਦਿ"[6] ਹੈ। ਜੋ:-

"ਆਦਿ ਸਚ ਜੁਗਾਦਿ ਸਚ ।
ਹੈ ਭੀ ਸਚ ਨਾਨਕ ਹੋਸੀ ਭੀ ਸਚ"[7]

ਆਮ ਤੌਰ ਤੇ ਅਧਿਆਤਮਵਾਦ ਦੇ ਅੰਤਮ ਅਤੇ ਕਿਸੇ ਧਰਮ ਦੇ "ਰੱਬ" ਵਿਚ ਇਕ ਫਰਕ ਹੁੰਦਾ ਹੈ। ਕਿਉਂਜੋ ਧਰਮ ਦੇ "ਰੱਬ" ਵਿਚ ਕਿਸੇ ਨਾ ਕਿਸੇ ਰੂਪ ਵਿਚ ਸ਼ਖਸੀਅਤ ਉਲਝੀ ਹੁੰਦੀ ਹੈ, ਘਟੋ ਘੱਟ ਆਤਮਿਕਤਾ ਤਾਂ ਹੁੰਦੀ ਹੀ ਹੈ ਪਰ ਅਧਿਆਤਮਵਾਦ ਜਾਂ ਆਤਮ-ਤੱਤ ਸ਼ਾਸਤ੍ਰ ਦਾ "ਅੰਤਮ" ਇਨ੍ਹਾਂ ਗੱਲਾਂ ਤੋਂ ਸੁਤੰਤਰ ਹੁੰਦਾ ਹੈ। ਭਾਵੇਂ ਦੋਵੇਂ ਇਕੋ ਅਧਾਰ ਦੀ ਗੱਲ ਕਰ ਰਹੇ ਹੁੰਦੇ ਹਨ ਪਰ ਧਰਮ ਕਿਸੇ ਇੱਕ

---

1. Webster's New Twentieth Century Dictionary of the English Language (Unabridged) . Second Edition (1962), Page-7.
2. ਮੂਲ ਮੰਤਰ - ਗੁ: ਗ੍ਰ: ਸ: ਪੰਨਾ-1.
3. Vergilius Ferm with 190 Authorities "Encyclopeadia of Religion
4. The International Reference Work "The Encyclopeadia Americana. Vol. 1, Page-53.
5. Rohit Mehta "The Call of the Upanishads." Page-65.
6. ਗੁਰੂ ਗਰੰਥ ਸਾਹਿਬ , ਪੰਨਾ-1.
7. ਗੁਰੂ ਗਰੰਥ ਸਾਹਿਬ, ਪੰਨਾ-1.

ਵਰਗ ਨਾਲ ਬੰਨਿਆ ਹੁੰਦਾ ਹੈ। ਕਿਉਂਜੋ ਇਸ ਨੇ ਕੁੱਝ ਮਨੁੱਖੀ ਜ਼ਰੂਰਤਾਂ ਨੂੰ ਪੂਰਨਾ ਹੁੰਦਾ ਹੈ। ਜਦ ਕਿ ਅਧਿਆਤਮਵਾਦ ਦਾ ਕਿਸੇ ਵਰਗ ਨਾਲ ਕੋਈ ਸਬੰਧ ਨਹੀਂ। ਕਈ ਵਾਰੀ ਇਸ ਤਰਾਂ ਹੁੰਦਾ ਹੈ ਕਿ ਅਧਿਆਤਮਵਾਦ ਦਾ ਵਿਧੀ ਪੂਰਵਕ ਕੱਢਿਆ ਸਿੱਟਾ ਧਾਰਮਿਕ ਸੁਚੇਤਨਤਾ ਦੀਆਂ ਲੋੜਾਂ ਪੂਰਦਾ ਹੈ। ਪਰ ਆਮ ਰਵਾਜ ਧਰਮ ਦਾ ਰੱਬ ਅਤੇ ਅਧਿਆਤਮਵਾਦ ਦਾ ਅੰਤਮ ਇਕੋ ਭਾਵ ਦੇ ਪ੍ਰਯਾਇਵਾਚੀ ਹੋ ਜਾਂਦੇ ਹਨ।[1]

ਅੰਤਮ ਦੀ ਸਮੱਸਿਆ ਦਾ ਹੱਲ ਇਕ "ਵਿਆਖਿਆ" ਹੈ ਕਾਢ ਨਹੀਂ ਕਿਉਂਜੋ ਇਹ ਗੱਲ ਮੰਨੀ ਗਈ ਹੈ ਕਿ ਅੰਤਮ ਦਾ ਗਿਆਨ ਸਰੂਤੀ ਗਿਆਨ ਹੈ ਜੋ ਆਪਣੇ ਆਪ ਉਤਰਦਾ ਹੈ ਅਤੇ ਜੋ ਹਰ ਸਮੇਂ ਵਿਆਪਕ ਹੈ।[2]

'ਵਿਅਕਤੀਗਤ ਰੂਪ ਵਿਚ, ਗੁਰੂ ਸਾਹਿਬ ਦਾ ਮੱਤ ਹੈ ਕਿ ਅੰਤਮ ਨੂੰ ਕੋਈ ਨਹੀਂ ਜਾਣਦਾ। ਜੇ ਉਸ ਨੂੰ ਬਹੁਤ ਵੱਡਾ ਕਹਿ ਦੇਈਏ ਤਾਂ ਉਹ ਉਸਤੋਂ ਵੀ ਵਡੇਰਾ ਜਾਪਣ ਲੱਗ ਪੈਂਦਾ ਹੈ। ਉਹ ਵੱਡਾ ਹੈ, ਉਸਦਾ ਟਿਕਾਣਾ ਵੀ ਉੱਚਾ ਹੈ, ਨਾਮ ਵੀ ਉੱਚਾ ਹੈ।' ਫਿਰ ਵੱਡੀ ਗੱਲ ਇਹ ਕਿ ਇਸ ਵਿਚ ਦਵੈਤ ਨਹੀਂ। ਜੇ ਕੋਈ ਹੋਰ ਉਸ ਜਿਡਾ ਵੱਡਾ ਹੋਵੇ, ਤਾਂ ਉਹ ਹੀ ਉਸ ਉਚੇ ਨੂੰ ਜਾਣ ਸਕਦਾ ਹੈ।[3] ਆਪਣੇ ਆਪ ਨੂੰ ਕੇਵਲ ਉਹ ਆਪ ਹੀ ਜਾਣਦਾ ਹੈ। 'ਜੀਵ ਤਾਂ ਉਸ ਉਤੇ ਵਿਚਾਰ ਵੀ ਨਹੀਂ ਕਰ ਸਕਦਾ, ਉਸ ਤੋਂ ਇਕ ਵਾਰ ਕੁਰਬਾਨ ਜਾਣ ਜੋਗਾ ਵੀ ਨਹੀਂ। ਪਰ ਤਾਂ ਵੀ ਉਸ ਦੀ ਹੋਂਦ ਹੈ ਜੋ ਹਮੇਸ਼ਾਂ ਅਟੱਲ ਹੈ, ਭਾਵੇਂ ਉਸਦਾ ਕੋਈ ਆਕਾਰ ਨਹੀਂ।[4] ਗੁਰੂ ਸਾਹਿਬ ਦਾ ਤਾਂ ਮੱਤ ਹੈ ਕਿ "ਅੰਤਮ" ਬਾਰੇ ਲੇਖਿਆਂ ਵਿਚ ਪੈਣਾ ਹੀ ਨਹੀਂ ਚਾਹੀਦਾ ਕਿਉਂਜੋ ਉਹ ਅਲੇਖ ਹੈ ਅਤੇ ਅਲੇਖ ਦੇ ਕੀਮਾਂ ਨੂੰ ਮਾਪ ਤੋਲ ਨਾਲ ਮਿਣਿਆਂ ਨਹੀਂ ਜਾ ਸਕਦਾ।'[5]

---

1. James Hastings., "Encyclopeadia of Religion and Ethics." Vol.1, Page-44.
2. Ibid.
3. ਏਹੁ ਅੰਤੁ ਨ ਜਾਣੈ ਕੋਇ। ਬਹੁਤਾ ਕਹੀਐ ਬਹੁਤਾ ਹੋਇ।
   ਵਡਾ ਸਾਹਿਬੁ ਊਚਾ ਥਾਉ। ਊਚੇ ਉਪਰਿ ਊਚਾ ਨਾਉ।
   ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕਉ ਜਾਣੈ ਸੋਇ।
   ਜੇਵਡੁ ਆਪਿ ਜਾਣੈ ਆਪਿ ਆਪਿ " (ਜਪੁਜੀ-24, ਪੰਨਾ-5)
5. ਕੁਦਰਤਿ ਕਵਣ ਕਹਾ ਵੀਚਾਰੁ। ਵਾਰਿਆ ਨ ਜਾਵਾ ਏਕ ਵਾਰੁ।
   ਜੋ ਤੁੱਧ ਭਾਵੈ ਸਾਈ ਭਲੀ ਕਾਰ। ਤੂ ਸਦਾ ਸਲਾਮਤਿ ਨਿਰੰਕਾਰੁ। (ਜਪੁਜੀ-1, ਪੰਨਾ-4,)
6. ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ। (ਜਪੁਜੀ-22, ਪੰਨਾ-4)

ਅਧਿਆਤਮਵਾਦ ਵਿਚ ਆਮ ਤੌਰ ਤੇ ਅੰਤਿਮ ਦੀ ਸਮੱਸਿਆ ਦੇ ਦੋ ਹਿੱਸੇ ਮੰਨੇ ਜਾਂਦੇ ਹਨ:-

1. ਅੰਤਿਮ ਨਾਲ ਸਬੰਧਤ ਸਾਡਾ ਗਿਆਨ ।
2. ਅੰਤਿਮ ਨੂੰ ਹੋਂਦ ਵਿਚ ਲਿਆਉਣ ਵਾਲੇ ਸਿਧਾਂਤਾਂ ਦਾ ਸਰੂਪ ।

ਅੰਤਿਮ ਬਾਰੇ ਸੋਚਣਾ ਤਦ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਇਸ ਨੂੰ ਇਕ ਸਿਰਾ ਮੰਨੀਏ ਜਿਸ ਨਾਲ ਸਾਡਾ ਗਿਆਨ ਦੂਜੇ ਸਿਰੇ ਦੇ ਰੂਪ ਵਿਚ ਸਬੰਧਤ ਹੋਵੇ । ਪਰ ਸਾਡਾ ਗਿਆਨ ਅਸਲੀਅਤ ਦੇ ਤੁਲ ਨਹੀਂ । ਇਹ ਸਾਪੇਖਿਕ ਹੈ ਅਤੇ ਮੁਢਲੇ ਰੂਪ ਵਿਚ ਹੀ ਅਧੂਰਾ ਅਤੇ ਅਸਮਰੱਥ ਹੈ ਕਿਉਂਜੋ ਇਹ ਕੇਵਲ ਦ੍ਰਿਸ਼ਟਮਾਨ ਚੀਜ਼ਾਂ ਤੱਕ ਹੀ ਸੀਮਤ ਹੁੰਦਾ ਹੈ ਜੋ ਕਿ ਅਸਲ ਵਿਚ "ਅੰਤਿਮ" ਦਾ ਪ੍ਰਤੀਬਿੰਬ ਹਨ । ਇਸ ਤਰ੍ਹਾਂ ਪ੍ਰਤੀਬਿੰਬਤ ਦੇ ਪ੍ਰਤੀਬਿੰਬਤ ਗਿਆਨ ਰਾਹੀਂ ਅੰਤਿਮ ਨੂੰ ਵਿਅਕਤ ਨਹੀਂ ਕੀਤਾ ਜਾ ਸਕਦਾ। ਪਰ ਜਿਵੇਂ ਮਨੋਵਿਗਿਆਨਕ ਤੌਰ ਤੇ ਗਿਆਨ ਦਾ ਸੋਮਾ ਅਨੁਭਵ ਕਰਨ ਲਈ ਇਕ ਗਿਆਨ ਤੋਂ ਉਚੇਰਾ ਅਨੁਭਵ ਦਾ ਮਿਆਰ ਹੈ ਇਸੇ ਪ੍ਰਕਾਰ "ਅੰਤਿਮ" ਦਾ ਅਨੁਭਵ ਕਰਨ ਲਈ ਵੀ ਸਾਪੇਖ ਤੋਂ ਉਪਰ ਅਨੁਭਵ ਦਾ ਮਿਆਰ ਹੈ ।

ਪਰ ਤਾਂ ਵੀ ਇਸ ਅਨੁਭਵ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । 'ਗੁਰੂ ਸਾਹਿਬ ਦਸਦੇ ਹਨ ਕਿ ਜਿਹੜੇ "ਅੰਤਿਮ" ਨੂੰ ਵਿਚਾਰਦੇ ਵਿਚਾਰਦੇ ਉਸ ਤੱਕ ਪਹੁੰਚ ਵੀ ਜਾਂਦੇ ਹਨ ਉਹ ਵੀ ਉਸ ਦਾ ਅੰਤ ਨਹੀਂ ਪਾ ਸਕਦੇ । ਆਖਰ ਉਹ ਵੀ ਉਸੇ ਦਾ ਅੰਗ ਹਨ । ਇਸ ਲਈ "ਅੰਤਿਮ" ਤੱਕ ਪਹੁੰਚਕੇ "ਅੰਤਿਮ" ਵਿਚ ਹੀ ਅਭੇਦ ਹੋ ਜਾਂਦੇ ਹਨ । ਜਿਵੇਂ ਨਦੀਆਂ ਅਤੇ ਨਾਲੇ ਸਮੁੰਦਰ ਤੱਕ ਪਹੁੰਚ ਕੇ ਇਸੇ ਵਿਚ ਅਭੇਦ ਹੋ ਜਾਂਦੇ ਹਨ ।[1] ਸਾਡਾ ਗਿਆਨ ਤਾਂ ਸਿਰਫ ਇਹੋ ਆਖ ਸਕਦਾ ਹੈ:-

"ਅਮੁਲੋ ਅਮੁਲੁ ਆਖਿਆ ਨ ਜਾਇ"[2]

ਅਧਿਆਤਮਵਾਦ ਅਨੁਸਾਰ "ਅੰਤਿਮ" ਦੀ ਪਰਿਭਾਸ਼ਾ ਆਖਰ ਵਿਚ ਉਨ੍ਹਾਂ ਲਾਜ਼ਮੀ ਤੱਤਾਂ ਤੇ ਜ਼ੋਰ ਦੇਕੇ ਨਿਸਚਿਤ ਕੀਤੀ ਜਾਂਦੀ ਹੈ ਜਿਹੜੇ ਇਸ ਦੇ ਅਰਥਾਂ ਨੂੰ ਯੋਗਿਤ ਕਰਨ ਦੀ ਸਮੱਸਿਆ ਵਿਚ ਸ਼ਾਮਲ ਹੁੰਦੇ ਹਨ । "ਤੱਤ" ਹਨ:- ਆਤਮ ( **Subject** ) ਅਤੇ ਅਨਾਤਮ ( **Object** ) ਹਨ ।

---

1. I ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ।
ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ । (ਜਪੁਜੀ -23, ਪੰਨਾ-5.)
II ਕੀਮਤਿ ਪਾਇ ਨ ਕਹਿਆ ਜਾਇ । ਕਹਣੈ ਵਾਲੇ ਤੇਰੇ ਰਹੇ ਸਮਾਇ।"(ਆਸਾ ਪਦੇ-2, 349)
III ਸਿਰੀ ਪਦੇ-2, ਪੰਨਾ-14,15.
2. ਜਪੁਜੀ -26, ਪੰਨਾ-5,6.

ਸਮੱਸਿਆ ਹੈ ਆਤਮ ਦਾ ਅਨਾਤਮ ਨਾਲ ਇਕ "ਏਕਤਾ" ਵਿਚ ਸਬੰਧ । ਇਹ "ਏਕਤਾ" ਇਨ੍ਹਾਂ ਤੱਤਾਂ ਦੇ ਕੇਵਲ "ਸਬੰਧ" ਨੂੰ ਹੀ ਪਕੜਦੀ ਹੈ, ਸਬੰਧ ਭਾਵੇਂ ਕਿਹੋ ਜਿਹਾ ਹੋਵੇ । ਸਮੱਸਿਆ ਇਸ "ਏਕਤਾ" ਨੂੰ ਇਨ੍ਹਾਂ ਸਬੰਧਤ ਤੱਤਾਂ ਸਮੇਤ ਨਿਸਚਿਤ ਕਰਨ ਦੀ ਹੈ ।

ਅਸੀਂ ਆਪਣਾ ਅਧਾਰ ਆਤਮ ਦੀ ਕ੍ਰਿਆਸ਼ੀਲਤਾ ਅਤੇ ਅਮਲ ਨੂੰ ਵੀ ਬਣਾ ਸਕਦੇ ਹਾਂ ਅਤੇ ਇਸ ਅਧਾਰ ਤੋਂ ਦਿਖਾ ਸਕਦੇ ਹਾਂ ਕਿ ਬਾਹਰੀ ਅਨਾਤਮਿਕ ਵਿਸ਼ਵ ਆਂਤਰਿਕ ਆਤਮਿਕ ਕਾਰਜਸ਼ੀਲਤਾ ਦੇ ਦਾਇਰੇ ਵਿਚੋਂ ਆਉਂਦਾ ਹੈ। ਇਸ ਸਮੱਸਿਆ ਵਿਚ ਉਹ ਸਭ ਕੁੱਝ ਆ ਜਾਂਦਾ ਹੈ ਜੋ ਇਸ "ਏਕਤਾ" ਨੂੰ ਘੋਸ਼ਿਤ ਕਰਦਾ ਹੈ ਅਤੇ ਜਿਸ ਦੇ ਸਦਕਾ ਅਨਾਤਮ ਅਤੇ ਆਤਮ ਨੂੰ ਇਕੱਠਿਆਂ ਹੋਣਾ ਹੀ ਪੈਂਦਾ ਹੈ। ਅਸੀਂ ਇਸ ਨਤੀਜੇ ਉੱਤੇ ਵੱਖੋ ਵੱਖਰੇ ਢੰਗਾਂ ਰਾਹੀਂ ਪੁਜ ਸਕਦੇ ਹਾਂ, ਪਰ ਪ੍ਰਮੁੱਖ ਸਿਧਾਂਤ ਹਮੇਸ਼ਾਂ ਇਕ ਹੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

"ਹਰਿ ਕਾ ਮੰਦਰੁ ਸੋਹਣਾ , ਕੀਆ ਕਰਣੈਹਾਰਿ ।
ਰਵਿ ਸਸਿ ਦੀਪ ਅਨੂਪ ਜੋਤਿ, ਤ੍ਰਿਭਵਣਿ ਜੋਤਿ ਅਪਾਰ ।
ਹਾਟ ਪਟਣ ਗੜ ਕੋਠੜੀ , ਸਚੁ ਸਉਦਾ ਵਾਪਾਰ ।
ਗਿਆਨ ਅੰਜਨ ਭੈ ਭੰਜਨਾ , ਦੇਖ ਨਿਰੰਜਨ ਭਾਇ ।
ਗੁਪਤੁ ਪ੍ਰਗਟੁ ਸਭ ਜਾਣੀਐ , ਜੇ ਮਨੁ ਰਾਖੈ ਠਾਇ ।"[1]

'"ਹਰਿ ਦਾ ਮੰਦਰ" ਭਾਵ ਦ੍ਰਿਸ਼ਟਮਾਨ ਸਿਰਜਨਾ, ਜਾਂ "ਅਨਾਤਮ" ਤੱਤ ਦਾ ਕਾਰਨ "ਅੰਤਿਮ" ਦਾ ਆਤਮ ਤੱਤ ਹੈ। ਆਤਮ ਅਨਾਤਮ ਵਿਚ ਰਵ ਰਿਹਾ ਹੈ । ਅਨਾਤਮ ਦੀ ਕਾਰਜਸ਼ੀਲਤਾ ਵੀ ਅੰਦਰ ਰਵ ਰਹੇ ਆਤਮ ਤੇ ਅਧਾਰਿਤ ਹੈ । ਇਨ੍ਹਾਂ ਦੋਨਾਂ ਨੂੰ ਆਪਸ ਵਿਚ ਇਕ ਰੱਖਣ ਵਾਲੇ "ਅੰਤਿਮ" ਦਾ ਗਿਆਨ ਪ੍ਰਾਪਤ ਕਰਨ ਦਾ ਢੰਗ ਹੈ "ਪਿਆਰ" ਜੇ ਜੀਵ ਆਪਣੇ ਮਨ ਵਿਚ ਨਿਰੰਜਨ "ਅੰਤਿਮ" ਪ੍ਰਤੀ ਭੈ, ਭਉ ਅਤੇ ਲਗਨ ਸਦਕਾ ਮਨ ਨੂੰ ਇਕਾਗਰ ਕਰ ਲਵੇ ਤਾਂ ਉਸ ਨੂੰ ਸੂਝ ਹੋ ਜਾਂਦੀ ਹੈ ਕਿ ਅਸਲ ਵਿਚ ਆਤਮ ਅਨਾਤਮ ਤੱਤ ਇਕੋ "ਅੰਤਿਮ" ਦਾ ਹੀ ਸਰੂਪ ਹਨ ।'

ਕਈ ਵਾਰ ਅਨਾਤਮ ਨੂੰ ਆਤਮ ਦੀ ਹੋਂਦ ਵਿਚ ਇਸ ਤਰ੍ਹਾਂ ਅਭੇਦ ਕਰ ਦਿੱਤਾ ਜਾਂਦਾ ਹੈ ਕਿ ਵਿਭਿੰਨਤਾ ਦਾ ਸਰੂਪ ਹੀ ਖ਼ਤਮ ਹੋ ਗਿਆ ਜਾਪਦਾ ਹੈ। ਸ਼ੰਕਰਾਚਾਰੀਆ ਦਾ ਅਦ੍ਵੈਤ ਇਸ ਤਰ੍ਹਾਂ ਹੀ ਕਰਦਾ ਹੈ । ਗੁਰੂ ਸਾਹਿਬ ਵੀ ਇੰਜ ਹੀ ਕਰਦੇ ਜਾਪਦੇ ਹਨ ਜਦ ਉਹ ਲਿਖਦੇ ਹਨ:-

---

1. ਸਿਰੀ ਅਸਟਪਦੀ-7, ਪੰਨਾ-57.

"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ।
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ।
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ।"[1]

ਕਈ ਵਾਰ ਅਨਾਤਮ ਦੀ ਭਿੰਨ ਹੋਂਦ ਨੂੰ ਸੁਰੱਖਿਅਤ ਹੀ ਸਮਝ ਲਿਆ ਜਾਂਦਾ ਹੈ ਅਤੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਿਹੜੀ ਵਿਭਿੰਨਤਾ ਇਸ ਵਿਚ ਹੈ ਉਸ ਦਾ ਅਧਾਰ ਆਤਮ ਦੀ ਕ੍ਰਿਆਸ਼ੀਲਤਾ ਦੇ ਦਾਇਰੇ ਵਿਚ ਹੀ ਆ ਜਾਂਦਾ ਹੈ । ਅਨਾਤਮ ਨੂੰ ਪੂਰੀ ਤਰ੍ਹਾਂ ਆਤਮ ਰਾਹੀਂ ਹੀ ਨਿਸ਼ਚਿਤ ਕੀਤਾ ਜਾਂਦਾ ਹੈ । ਇਸ ਨੂੰ ਆਤਮਵਾਦੀ ਆਦਰਸ਼ਵਾਦ ਕਿਹਾ ਜਾਂਦਾ ਹੈ ।[2] ਇਸ ਦੇ ਦੋ ਰੂਪ ਹਨ:-

ਅਸੀਂ ਅਨਾਤਮਿਕ ਦੀ ਅਨਾਤਮਿਕਤਾ ਨੂੰ ਇਕ ਅਸਲੀਅਤ ਦੇ ਰੂਪ ਵਿਚ ਮੰਨੀਏ ਅਤੇ ਇਸ ਦੀ ਵਿਲੱਖਣਤਾ ਨੂੰ ਆਤਮਿਕ ਜੀਵਨ ਦੇ ਆਦਰਸ਼ਕ ਤੱਤਾਂ ਤੇ ਨਿਰਧਾਰਤ ਕਰੀਏ । ਇਹ ਮੁਢਲੇ ਰੂਪ ਵਿਚ ਬਾਹਰੀ ਵਿਸ਼ਵ ਦੇ ਸਰੂਪ ਵਿਚ ਆਤਮਿਕ ਆਂਤਰਿਕ ਵਿਸ਼ਵ ਦੇ ਰੂਪਮਾਨ ਹੋਣ ਦੇ ਸਬੰਧ ਵਿਚ ਵਾਪਰਦਾ ਹੈ। ਇਸ ਆਤਮਿਕ ਆਦਰਸ਼ਵਾਦ ਦੇ ਇਤਿਹਾਸਕ ਪ੍ਰਗਟਾ ਨੂੰ ਬਰਕਲੇ ਨੇ ਅਪਣਾਇਆ ਹੈ।[3] 'ਗੁਰੂ ਨਾਨਕ ਦੇਵ ਜੀ ਵੀ ਆਤਮਿਕ ਤੇ ਅਨਾਤਮਿਕ ਵਿਚਲੀ ਏਕਤਾ ਨੂੰ ਨਿਰਧਾਰਤ ਕਰਨ ਦੀ ਇਸ ਸਮੱਸਿਆ ਦਾ ਬਿਆਨ ਕਰਦੇ ਜਾਪਦੇ ਹਨ ਜਦ ਉਹ ਲਿਖਦੇ ਹਨ:-'

"ਸਭ ਤੇਰੀ ਕੁਦਰਤਿ ਤੂ ਕਾਦਿਰੁ ਕਰਤਾ ਪਾਕੀ ਨਾਈ ਪਾਕੁ ।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ।"[4]

ਦੂਜੇ ਪਾਸੇ ਅਨਾਤਮਿਕਤਾ ਨੂੰ ਆਤਮਿਕਤਾ ਦੇ ਆਪ ਮੁਹਾਰੇ ਅੰਤਮੇ ਕਾਰਜ ਦੇ ਸਿੱਟੇ ਦੇ ਰੂਪ ਵਿਚ ਦੇਖਿਆ ਜਾਂਦਾ ਹੈ । ਭਾਵ ਆਤਮਿਕਤਾ ਦੀ ਸਵੈ ਵਿੱਤਮ ਕਰਮਸ਼ੀਲਤਾ ਸਦਕਾ ਆਪਣੇ ਆਪ ਹੀ ਅਨਾਤਮਿਕਤਾ ਪੈਦਾ ਹੋ ਗਈ । ਫੀਸ਼ੇ ਇਸੇ ਤਰ੍ਹਾਂ ਦੇ ਆਤਮਿਕ ਆਦਰਸ਼ਵਾਦ ਦਾ ਅਨੁਸਾਰੀ ਹੈ।[5] 'ਆਤਮ ਅਨਾਤਮ ਵਿਚਾਲੇ ਏਕਤਾ ਨੂੰ ਨਿਰਧਾਰਤ ਕਰਨ ਵਾਲੇ ਇਸ ਆਤਮਿਕ ਆਦਰਸ਼ਵਾਦ ਦੀ

---

1. ਸਿਰੀ ਪਦਾ-25, ਪੰਨਾ-23.
2. **Encyclopeadia of Religion and Ethics. Vol. 1, Page-44.**
3. **Ibid .**
4. ਵਾਰ ਆਸਾ-3, ਪੰਨਾ-464.
5. (2)

ਝਲਕ ਗੁਰੂ ਸਾਹਿਬ ਦੀਆਂ ਇਨ੍ਹਾਂ ਸਤਰਾਂ ਵਿਚ ਦੇਖੀ ਜਾ ਸਕਦੀ ਹੈ:-

"ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ।
ਬਾਝੁ ਕਲਾ ਆਡਾਣੁ ਰਹਾਇਆ ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ।"[1]

ਭੌਤਿਕਵਾਦ ਰਾਹੀਂ ਭੌਤਿਕ ਤੱਤ ਅਤੇ ਭੌਤਿਕ ਸ਼ਕਤੀ ਨੂੰ ਹੀ ਮੂਲ ਤੱਤ ਮੰਨਕੇ ਵੀ ਇਸ "ਏਕਤਾ" ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ ਜਾਂਦਾ ਹੈ ਪਰ ਅਜਿਹੇ ਭੌਤਿਕਵਾਦ ਦੀ ਧਾਰਮਿਕ ਅਧਿਆਤਮਵਾਦ ਵਿਚ ਕੋਈ ਥਾਂ ਨਹੀਂ । ਪੱਛਮੀ ਦਾਰਸ਼ਨਿਕਾਂ :- ਸ਼ੈਲਿੰਗ ( **Schelling** ) ਸਪਾਈਨੋਜ਼ਾ ( **Spinoza** ) ਅਤੇ ਹੀਗਲ ( **Hegal** ) ਨੇ ਵੀ ਇਸ ਏਕਤਾ ਨੂੰ ਵੱਖੋ ਵੱਖਰੇ ਢੰਗਾਂ ਰਾਹੀਂ ਨਿਸਚਿਤ ਕਰਨ ਦਾ ਯਤਨ ਕੀਤਾ ਹੈ ਜਿਹੜੇ ਆਪਣੇ ਨਿਤਾ ਵਿਚ ਕਾਫੀ ਹੱਦ ਤੱਕ ਅਧਿਆਤਮਿਕ ਅਤੇ ਧਾਰਮਿਕ ਹੋ ਜਾਂਦੇ ਹਨ ।[2]

'ਸ਼ੈਲਿੰਗ ਅਨੁਸਾਰ ਅਨਾਤਮਿਕ ਅਤੇ ਆਤਮਿਕ ਦੋਨੋਂ ਇਕੋ ਜਿੰਨੀ ਮਹਾਨਤਾ ਰੱਖਦੇ ਹਨ ਕਿਉਂਜੋ ਦੋਨੋਂ ਅਸਲ ਵਿਚ ਇਕ "ਏਕਤਾ" ਉਤੇ ਅਧਾਰਿਤ ਹਨ। ਇਸ ਸਿਧਾਂਤ ਦੀ ਪ੍ਰੋੜਤਾ ਅਸੀਂ ਗੁਰੂ ਸਾਹਿਬ ਦੀਆਂ ਇਨ੍ਹਾਂ ਸੱਤਰਾਂ ਵਿਚ ਸਾਹਿਬ ਵੇਖ ਸਕੀਏ :-

"ਤੇਰੇ ਜੀਅ ਜੀਆ ਕਾ ਤੋਹਿ।"

"ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁ
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁ ।"[3]

ਸਪਾਈਨੋਜ਼ਾ ਅਨੁਸਾਰ ਸਾਰਾ 'ਅਨਾਤਮਕ ਜਾਂ ਬਾਹਰੀ ਵਿਸ਼ਵ ਇਕੋ, ਇੱਕ ਅਸਲੀਅਤ ਦੇ ਵੱਖੋ ਵੱਖਰੇ ਪ੍ਰਗਟਾ ਢੰਗ ਹਨ। ਇਹ ਢੰਗ ਆਮ ਤੌਰ ਤੇ ਵੱਖੋ ਵੱਖਰੇ ਹੁੰਦੇ ਹਨ ਪਰ ਇਕੋ ਅਸਲੀਅਤ ਉਤੇ ਅਧਾਰਿਤ ਹੋਣ ਕਾਰਨ ਸਮੁੱਚੇ ਰੂਪ ਵਿਚ ਇਕ ਦੂਜੇ ਦੇ ਬਰਾਬਰ ਹੁੰਦੇ ਹਨ। ਜਿਹੜੇ ਆਖਰ ਅੰਤ ਵਿਚ ਜਾਕੇ ਇਕ ਹੀ ਹੋ ਜਾਂਦੇ ਹਨ । 'ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਸੱਤਰਾਂ ਵਿਚ ਅਸੀਂ ਇਸ ਸਿਧਾਂਤ ਦੀ ਝਾਅ ਦੇਖ ਸਕਦੇ ਹਾਂ:-'

---

1. ਮਾਰੂ ਸੋਹਲੇ -3, ਪੰਨਾ-1036.
2. E R E Vol. 1., Page-45,46 a
3. ਸਿਰੀ ਪਦੇ-30, 31, ਪੰਨਾ-24, 25.

"ਏਤਾ ਸੁਰਤਿ ਜੇਤੇ ਹੈ ਜੀਅ ਸੁਰਤਿ ਵਿਹੂਣਾ ਕੋਇ ਨ ਕੀਅ ।
ਜੇਹੀ ਸੁਰਤਿ ਤੇਹਾ ਤਿਨ ਰਾਹੁ ਲੇਖਾ ਇਕੋ ਆਵਹੁ ਜਾਹੁ "[1]

"ਆਪੇ ਪਟੀ ਕਲਮ ਆਪਿ ਉਪਰਿ ਲੇਖ ਭੀ ਤੂ
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ।"[2]

ਹੀਗਲ ਦਾ ਵਿਚਾਰ ਹੈ ਕਿ ਬਾਹਰੀ ਅਨਾਤਮਿਕ ਵਿਸ਼ਵ ਪ੍ਰਨ ਰੂਪ ਵਿਚ ਆਤਮਿਕ ਆਤਮਾ ਦੇ ਸੁਭਾ ਦਾ ਅਪੂਰਨ ਪ੍ਰਗਟਾ ਹੈ। ਆਤਮਾ ਪ੍ਰਕ੍ਰਿਤੀ ਵਿਚੋਂ ਉਤਾਹ ਉਠਕੇ ਇਸ ਨੂੰ ਅਨੁਭਵ ਕਰਦੀ ਹੋਈ ਪ੍ਰਕ੍ਰਿਤੀ ਦੀ ਅਸਲ ਮਹਾਨਤਾ ਨੂੰ ਕਾਬੂ ਵਿਚ ਰੱਖਦੀ ਹੈ। ਪਲੈਟੋ ਅਰਸਤੂ ਅਤੇ ਲਿਬਨਿਜ਼ ( **Leibniz** ) ਦੇ ਵੀ ਅਜਿਹੇ ਹੀ ਵਿਚਾਰ ਰਹੇ ਹਨ ਭਾਵੇਂ ਇਸ ਵਿਚਾਰ ਨੂੰ ਬਹੁਤੀ ਸਪਸ਼ਟਤਾ ਨਾਲ ਹੀਗਲ ਨੇ ਹੀ ਪੇਸ਼ ਕੀਤਾ । ਇਸ ਪ੍ਰਕਾਰ ਦਾ ਪੂਰਕ ਵਿਚਾਰ ਗੁਰੂ ਸਾਹਿਬ ਦੀਆਂ ਇਹ ਸਤਰਾਂ ਸ਼ਾਇਦ ਪ੍ਰਗਟ ਕਰਨ:-

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।
ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।"[3]

ਭਾਰਤੀ ਦਾਰਸ਼ਨਿਕਤਾ ਦੇ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਦਾ "ਅੰਤਿਮ" ਦਾ ਸਿਧਾਂਤ ਪ੍ਰਗਟ ਲਈ ਅਸੀਂ ਜੋਜ਼ ਹੋਮਰਿੰਗ ਵਾਂਗ[4] ਇਹ ਕਲਪਨਾ ਕਰ ਲੈਂਦੇ ਹਾਂ ਕਿ ਭਾਰਤੀ ਦਾਰਸ਼ਨਿਕ ਤਿੰਨ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ:-

1. ਨਾਸਤਿਕ
2. ਆਸਤਿਕ
3. ਅੰਤਿਮਵਾਦੀ ( **Absolutist.** )

ਚਾਰਵਾਕਾਂ ਦੇ ਕੁੱਝ ਫਿਰਕੇ ਜਿਹੜੇ ਵਿਸ਼ਵ ਦੇ ਕਿਸੇ ਅਧਾਰ ਵਿਚ ਵਿਸ਼ਵਾਸ਼ ਨਹੀਂ ਰੱਖਦੇ ਅਤੇ "ਅੰਤਿਮ" ਬਾਰੇ ਕੋਈ ਰਾਇ ਨਹੀਂ ਰੱਖਦੇ ਉਹ ਨਾਸਤਿਕ ਹਨ । ਸਾਂਖ, ਯੋਗ, ਨਿਆਇ

---

1. ਸਿਰੀ ਪਦੇ-30, ਪੰਨਾ-24.
2. ਵਾਰ ਮਲਾਰ-28 , ਪੰਨਾ-1291.
3. ਵਾਰ ਆਸਾ -1 , ਪੰਨਾ-463.
4. **Encyclopeadia of Religion and Ethics., Vol.1.,Page-47.**

ਵਿਸ਼ੇਸ਼ਕਾ, ਮਿਮਾਂਸਾ ਅਤੇ ਵੇਦਾਂਤ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ "ਅੰਤਮ" ਦੇ ਸਿਧਾਂਤ ਨੂੰ ਮੰਨਦੇ ਹਨ ਉਹ ਆਸਤਿਕ । ਨਿਆਏ ਵਿਸ਼ੇਸ਼ਕਾ ਅਨੁਸਾਰ ਭੌਤਿਕ ਅਣੂ, ਅਕਾਸ਼, ਘਣਾ ਅਤੇ ਸਮਾਂ ਬਾਹਰੀ ਅਨਾਤਮਿਕ ਵਿਸ਼ਵ ਦੇ ਅੰਤਮ ਤੱਤ ਹਨ ਅਤੇ ਆਤਮਾਵਾਂ ਆਂਤਰਿਕ ਆਤਮਿਕ ਵਿਸ਼ਵ ਦੀਆਂ "ਅੰਤਮ" ਹੋਂਦਾਂ ਹਨ। ਸਾਂਖ ਅਤੇ ਯੋਗ ਅਨੁਸਾਰ "ਪ੍ਰਕ੍ਰਿਤੀ" ਬਾਹਰੀ ਵਿਸ਼ਵ ਦੀ ਸਥਿਰ "ਅੰਤਮ" ਹੈ ਅਤੇ "ਪੁਰਸ਼" ਆਂਤਰਿਕ ਵਿਸ਼ਵ ਦਾ "ਅੰਤਮ" ਹੈ। ਮਿਮਾਂਸਾ ਅਤੇ ਵੇਦਾਂਤ ਅਨੁਸਾਰ ਬਾਹਰੀ ਅਤੇ ਆਂਤਰਿਕ ਵਿਸ਼ਵ ਦੀ "ਅੰਤਮ ਹੋਂਦ" ਕੇਵਲ ਇਕੋ ਇਕ ਸਰਵਵਿਆਪਕ, ਨਿਰਗੁਣ, ਸਰਗੁਣ ਬ੍ਰਹਮ ਹੈ। ਬੋਧੀ ਜਿਹੜੇ ਨਾਂ ਤਾਂ ਵਿਸ਼ਵ ਦੇ ਬਾਹਰੀ ਅਨਾਤਮਿਕ ਪੱਖ ਤੇ ਜ਼ੋਰ ਦੇਂਦੇ ਹਨ ਅਤੇ ਨਾ ਆਂਤਰਿਕ ਅਨਾਤਮਿਕ ਪੱਖ ਉਤੇ ਜ਼ੋਰ ਦੇਂਦੇ ਹਨ। ਭਾਵ ਨਾਂ ਇਸ ਨੂੰ "ਸਤ" ਨਾ "ਅਸਤ" ਤੇ ਨਾ "ਸਤ ਅਸਤ" ਹੀ ਕਹਿੰਦੇ ਹਨ ਸਗੋਂ ਇਸ ਸਤ ਅਸਤ[1] ਦੇ ਝਗੜੇ ਨੂੰ ਛੱਡਕੇ ਇਨ੍ਹਾਂ ਦੋਹਾਂ ਤੋਂ ਅਗਾਹ ਜਾਂਦੇ ਹਨ ਉਹ ਅੰਤਮਵਾਦੀ ਜਾਂ ਪਰਮਸ਼ਕਤੀਵਾਦੀ ਹਨ ।

ਗੁਰੂ ਨਾਨਕ ਦੇਵ ਜੀ ਇਨ੍ਹਾਂ ਤਿੰਨਾਂ ਵਿਚਾਰਧਾਰਾਵਾਂ ਵਿਚ ਵੀ ਹਨ ਅਤੇ ਇਨ੍ਹਾਂ ਤਿੰਨਾਂ ਨਾਲੋਂ ਵੱਖ ਵੀ ਹਨ । ਗੁਰੂ ਨਾਨਕ ਦੇਵ ਜੀ ਨਿਆਏ-ਵਿਸ਼ੇਸ਼ਕਾ ਵਾਂਗ ਬਾਹਰੀ ਵਿਸ਼ਵ ਵਿਚ ਭੌਤਿਕ ਤੱਤਾਂ ਦੀ ਹੋਂਦ ਨੂੰ ਬਾਹਰੀ ਵਿਸ਼ਵ ਦੀ ਸਿਰਜਨਾ ਦੇ ਕਾਰਨ ਰੂਪ ਵਜੋਂ ਮੰਨਦੇ ਹਨ। ਪਰ ਇਹ "ਤੱਤ" ਆਪਣੇ ਆਪ ਵਿਚ "ਅੰਤਮ" ਨਹੀਂ ਸਗੋਂ ਇਨ੍ਹਾਂ ਤੱਤਾਂ ਦੀ ਸਿਰਜਨਾ ਦਾ ਕਾਰਨ "ਅੰਤਮ" ਹੈ । ਜਿਹੜਾ ਇਨ੍ਹਾਂ ਵਿਚ ਵੀ ਵਿਆਪਕ ਹੈ ਤੇ ਇਨ੍ਹਾਂ ਤੋਂ ਬਾਹਰ ਵੀ ਹੈ । ਇਹ "ਤੱਤ" ਇਸ ਅੰਤਮ ਦੇ ਹੁੱਕਮ ਨਾਲ ਹੋਂਦ ਵਿਚ ਆਉਂਦੇ ਤੇ ਆਪਣਾ ਕੰਮ ਕਰਦੇ ਹਨ ।[2] ਗੁਰੂ ਸਾਹਿਬ ਆਂਤਰਿਕ ਵਿਸ਼ਵ ਵਿਚ ਆਤਮਾਵਾਂ ਦੀ ਹੋਂਦ ਨੂੰ "ਅਮਰ" ਤੱਤ ਦੇ ਰੂਪ ਵਿਚ ਮੰਨਦੇ ਹਨ ਪਰ ਇਹ "ਆਤਮਾਵਾਂ" ਵੀ ਆਪਣੇ ਆਪ ਵਿਚ "ਅੰਤਮ" ਨਹੀਂ ਸਗੋਂ "ਅੰਤਮ" ਦਾ ਇਕ ਅੰਸ਼ ਹਨ । ਅਤੇ ਆਪਣੀ ਹੋਂਦ ਲਈ ਅੰਤਮ ਦੇ ਹੁੱਕਮ ਉਤੇ ਅਧਾਰਤ ਹਨ।[3] ਜਦੋਂ ਕੋਈ ਬਾਹਰੀ ਵਿਸ਼ਵ ਦਾ ਜੀਵ ਆਪਣੀ ਅੰਤਰ ਖੋਜ ਸਦਕਾ ਇਸ "ਅੰਤਮ" ਦੀ ਅਸਲੀਅਤ ਨੂੰ ਭਾਲ ਲਵੇ ਤਾਂ ਉਹ ਆਤਮਾ ਅਤੇ "ਅੰਤਮ" (ਪਰਮਾਤਮਾ) ਨੂੰ ਇਕ ਕਰ ਲੈਂਦਾ ਹੈ।[4] ਇਸ ਤਰ੍ਹਾਂ ਆਤਮਾ ਦੀ ਅਸਲੀਅਤ ਨੂੰ ਜਾਣਕੇ "ਅੰਤਮ" ਸਰੂਪ ਹੋ ਜਾਂਦਾ

---

1. **James Hastings E.R.E. Vol.1., Page-47.**
2. ਜਲ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ
ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ।"(ਪ੍ਰਭਾਤੀ ਅਸਟਪਦੀ-1, ਪੰਨਾ-1345)
3. ਹੁਕਮੀ ਹੋਵਨਿ ਆਕਾਰ----(ਜਪੁਜੀ-2, ਪੰਨਾ-1.)
4. ਆਤਮਾ ਪਰਮਾਤਮਾ ਏਕੋ ਕਰੈ-----" (ਧਨਾਸਰੀ, ਪਦਾ-2, ਪੰਨਾ-661.)

ਹੈ।[1] 'ਆਤਮਾ ਰੂਪੀ ਬੂੰਦ "ਅੰਤਮ" ਰੂਪੀ ਸਾਗਰ ਵਿੱਚ ਸਮਾ ਜਾਂਦੀ ਹੈ ਅਤੇ ਅੰਤਮ ਰੂਪੀ ਸਾਗਰ ਆਤਮਾਂ ਰੂਪੀ ਬੂੰਦ ਵਿੱਚ ਸਮਾ ਜਾਂਦਾ ਹੈ।[2] ਇਸ ਤਰਾਂ, ਗੁਰੂ ਸਾਹਿਬ ਅਨੁਸਾਰ ਆਤਮਾਵਾਂ ਹਨ ਅਤੇ ਅਮਰ ਹਨ, ਅੰਤਮ ਦੀਆਂ ਹੀ ਅੰਸ਼ ਹਨ ਅਤੇ ਆਪਣੇ ਆਪ ਨੂੰ ਅੰਤਮ ਵਿੱਚ ਹੀ ਅਭੇਦ ਕਰ ਸਕਣ ਦੇ ਸਮਰੱਥ ਹਨ ਅਤੇ ਅਭੇਦਤਾ ਦਾ ਕਾਰਜ ਕੇਵਲ ਆਤਮਾ ਵਲੋਂ ਹੀ ਨਹੀਂ ਸਗੋਂ ਅੰਤਮ ਵਲੋਂ ਵੀ ਹੁੰਦਾ ਹੈ।

ਸਾਂਖ ਅਤੇ ਯੋਗ ਵਾਂਗ ਪੁਰਸ਼ ਅਤੇ ਪ੍ਰਕ੍ਰਿਤੀ ਜਾਂ ਸ਼ਿਵ ਸ਼ਕਤੀ ਨੂੰ ਵੀ ਮੰਨਦੇ ਹਨ।[3] ਪਰ ਗੁਰੂ ਸਾਹਿਬ ਅਨੁਸਾਰ ਇਹ ਆਪਣੇ ਆਪ ਵਿੱਚ ਅੰਤਮ ਦਾ ਸਰਗੁਣ ਸਰੂਪ ਹੀ ਹਨ।[4] ਨਿਰੋਲ ਅੰਤਮ ਨਹੀਂ। ਅੰਤਮ ਦੀ ਰਜ਼ਾ ਸਦਕਾ ਹੀ ਨਿਰਗੁਣ ਤੋਂ ਸਰਗੁਣ ਰੂਪ ਹੋਂਦ ਵਿੱਚ ਆਉਂਦਾ ਹੈ ਜਿਹੜਾ ਨਰ ਅਤੇ ਮਾਦਾ ਤਾਕਤਾਂ ਵਿੱਚ ਦੋ ਭਾਗ ਹੋਕੇ ਸਾਰੀ ਸਿਰਜਨਾ ਨੂੰ ਦ੍ਰਿਸ਼ਟਮਾਨ ਰੂਪ ਬਖਸ਼ਦਾ ਹੈ।

ਮਿਮਾਂਸਾ ਅਤੇ ਵੇਦਾਂਤ ਵਾਂਗ ਬ੍ਰਹਮ ਦੀ ਨਿਰਗੁਣ -ਸਰਗੁਣ ਵਿੱਚ ਸਰਵ ਵਿਆਪਕ ਇਕੋ ਇੱਕ ਹੋਂਦ ਦੀ ਵਿਚਾਰਧਾਰਾ ਨੂੰ ਵੀ ਮੰਨਦੇ ਹਨ।[5] ਪਰ ਨਾਲ ਹੀ ਸਰਗੁਣ ਸਰੂਪ ਜਾਂ ਬਾਹਰੀ ਵਿਸ਼ਵ ਵਿੱਚ ਦ੍ਰਿਸ਼ਟਮਾਨ ਹੋ ਰਹੀ ਅਖੰਡ ਅੰਤਮ ਦੀ ਖੰਡਤਾ ਨੂੰ ਵੀ ਮੰਨਦੇ ਹਨ।[6] ਅੰਤਮ ਦੇ ਕੋਲ ਇਸ ਖੰਡਤਾ ਦੇ ਅਕਾਰ (ਨਕਸ਼) ਹਨ (ਇਸ ਗੱਲ ਦਾ ਅਹਿਸਾਸ ਸੱਚ ਖੰਡ ਵਿੱਚ ਜਾਕੇ ਹੁੰਦਾ ਹੈ)। ਦ੍ਰਿਸ਼ਟਮਾਨ ਖੰਡਤਾ ਵਿੱਚ ਅਦ੍ਰਿਸ਼ਟਮਾਨ ਅੰਤਮ ਦਾ ਅਖੰਡ ਹੁਕਮ ਵਰਤ ਰਿਹਾ ਹੈ। ਅਤੇ ਇਕ ਜੀਵਨ ਗਤੀ ਪ੍ਰਦਾਨ ਕਰ ਰਿਹਾ ਹੈ।[7] ਖੰਡਤਾ ਨੂੰ ਗੁਰੂ ਸਾਹਿਬ ਦੋ ਰੂਪਾਂ ਵਿੱਚ ਵੇਖਦੇ ਹਨ। 1. ਸਮੁੱਚੇ ਤੌਰ ਤੇ ਸ਼ਿਵ ਸ਼ਕਤੀ ਦੇ ਮੇਲ ਦੇ ਰੂਪ ਵਿੱਚ। 2. ਵਿਅਕਤੀ ਗਤ ਤੌਰ ਤੇ ਆਤਮਾ ਦੇ ਰੂਪ ਵਿੱਚ।[8] ਪਰ ਇਸ ਜ਼ਾਹਰੀ ਖੰਡਤਾ ਦੇ ਹੁੰਦੇ ਹੋਏ ਵੀ ਅਸਲ ਵਿੱਚ ਅੰਤਮ ਅਖੰਡ ਹੈ, ਇਕ ਹੈ, ਉਹ ਨਿਰਗੁਣ ਵੀ ਹੈ, ਸਰਗੁਣ ਵੀ ਹੈ ਤੇ ਨਿਰਗੁਣ-ਸਰਗੁਣ ਤੋਂ ਉਪਰ ਵੀ ਹੈ। ਗੁਰੂ ਸਾਹਿਬ ਦਾ ਕਥਨ ਹੈ:-

---

1. ਜਿੰਨੀ ਆਤਮ ਚੀਨਿਆ ਪਰਮਾਤਮੁ ਸੋਈ" (ਆਸਾ ਅਸਟਪਦੀ-20, ਪੰਨਾ-421.)
2. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ। (ਰਾਮਕਲੀ ਪਦਾ-9, ਪੰਨਾ-878.)
3. ਜਹ ਦੇਖਾ ਤਹਿ ਰਵਿ ਰਹੇ ਸਿਵ ਸਕਤੀ ਕਾ ਮੇਲ। (ਸਿਰੀ ਪਦੇ-18, ਪੰਨਾ-21.)
4. ਚਾਰਿ ਪਦਾਰਥ ਲੈ ਜਗਿ ਜਨਮਿਆ
   ਸਿਵ ਸਕਤੀ ਘਰਿ ਵਾਸੁ ਧਰੇ। (ਮਾਰੂ ਅਸਟਪਦੀ-2, ਪੰਨਾ-1044)
5. । ਅੰਤਰਿ ਬਾਹਰਿ ਏਕੁ ਪਛਾਣੈ---" (ਰਾਮਕਲੀ ਦਖਣੀ ਓਅੰਕਾਰ-5, 931)
   ।। ਜੇਤਾ ਸਬਦੁ ਸੁਰਤਿ ਧੁਨਿ ਤੇਤੀ, ਜੇਤਾ ਰੂਪੁ ਕਾਇਆ ਤੇਰੀ।
   ਤੂ ਆਪੇ ਰਸਨਾ ਆਪੇ ਬਸਨਾ, ਅਵਰੁ ਨ ਦੂਜਾ ਕਹਉ ਮਾਈ।
   ਸਾਹਿਬ ਮੇਰਾ ਏਕੋ ਹੈ ਏਕੋ ਹੈ, ਭਾਈ ਏਕੋ ਹੈ।" (ਆਸਾ ਪਦਾ-5, ਪੰਨਾ-350)
6. ਤਿਸ ਵਿਚ ਜੀਅ ਜੁਗਤਿ ਕੇ ਰੰਗ। ਤਿਨਕੇ ਨਾਮ ਅਨੇਕ ਅਨੰਤ।" (ਜਪੁਜੀ-ਪੰਨਾ-1.)

-----

"ਗੁਣ ਏਹੋ ਹੋਰੁ ਨਾਹੀ ਕੋਇ ।
ਨਾ ਕੋ ਹੋਆ ਨਾ ਕੋ ਹੋਇ ।"[1]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ "ਅੰਤਮ" ਦੇ ਸੰਕਲਪ ਵਿਚ ਕਿਸੇ ਧਾਰਮਿਕ ਰੱਬ ਦੇ ਸੰਕਲਪ ਵਾਂਗ ਸ਼ਖਸੀ ਵਿਸ਼ੇਸ਼ਤਾ ਵੀ ਨਹੀਂ । ਇਹ ਹਰ ਪ੍ਰਕਾਰ ਦੇ ਵਾਦ ਤੋਂ ਉਪਰ ਅਤੇ ਅਗਾਹ ਹੈ । ਇਸ ਤਰ੍ਹਾਂ ਗੁਰੂ ਸਾਹਿਬ ਛੇਓ ਦਰਸ਼ਨਾਂ ਨੂੰ "ਅੰਤਮ" ਨਾਲ ਹੀ ਸਬੰਧਤ ਗਿਆਨ ਮੰਨਦੇ ਹਨ। ਛਿਆਂ ਦੀਆਂ ਗਿਆਨ ਧਾਰਾਵਾਂ ਨੂੰ ਅਪਣਾਉਂਦੇ ਹਨ ਕਿਉਂਜੋ ਇਨ੍ਹਾਂ ਸਾਰਿਆਂ ਦਾ ਸਬੰਧ "ਅੰਤਮ" ਨਾਲ ਹੈ। ਜੋ ਜੀਵ ਯੋਗ ਜੋਗ ਕ੍ਰਿਆ ਰਾਹੀਂ "ਅੰਤਮ" ਵਿਚ ਲੀਨ ਹੋ ਜਾਂਦਾ ਹੈ ਉਸ ਨੂੰ ਆਪਣੇ ਆਪ ਹੀ ਛੇ ਦਰਸ਼ਨਾਂ ਦਾ ਗਿਆਨ ਹੋ ਜਾਂਦਾ ਹੈ।[2] ਇਹ ਛੇ ਦਰਸ਼ਨ "ਅੰਤਮ" ਦੇ ਸਰਗੁਣ ਸਰੂਪ ਦੇ ਗਿਆਨ ਨੂੰ ਬਣਾਉਂਦੇ ਹਨ। ਗੁਰੂ ਸਾਹਿਬ ਲਿਖਦੇ ਹਨ:-

"ਅਹਿਨਿਸਿ ਸੁੰਨਿ ਸਮਾਧਿ ਸਮਾਵੈ----
ਛਿਅ ਦਰਸਨ ਕੀ ਸੋਝੀ ਪਾਇ । (ਰਾਮਕਲੀ ਚਉਪਦੇ-5, ਪੰਨਾ-878.)

ਸੋ "ਸੁੰਨਿ" ਸਮਾਧਿ" ਜਾਂ "ਸੁੰਨ ਸਮਾਧ" ਅੰਤਮ ਦਾ ਸਰੂਪ ਹੈ। "ਸੁੰਨ ਸਮਾਧ" ਅਸਲ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ ਕਿਉਂਜੋ ਇਹ "ਅਗੰਮ" ਹੈ।[3] ਫਿਰ ਇਸ ਅਵਸਥਾ ਨੂੰ ਪਹੁੰਚੇ ਹੋਏ ਵਿਅਕਤੀ ਦੀ ਹਾਲਤ ਦੱਸੀ ਜਾ ਸਕਦੀ ਹੈ ਕਿ ਉਹ ਭਗਤੀ ਭਾਵ ਵਿਚ ਰਹਿਕੇ ਪ੍ਰਭੂ ਦੇ ਭੈ ਵਿਚ ਚਲਦਾ ਹੈ, ਅਮੋਲਕ ਸੰਤੋਖ ਨਾਲ ਰਜਿਆ ਰਹਿੰਦਾ ਹੈ, ਉਹ ਅੰਤਮ ਵਿਚ ਧਿਆਨ ਲਗਾਈ ਰੱਖਦਾ ਹੈ ਤੇ ਫਿਰ ਧਿਆਨ ਰੂਪ ਹੀ ਹੋ ਜਾਂਦਾ ਹੈ। ਅਜਿਹੀ ਸ਼ਖਸੀਅਤ ਦੇ ਬੋਲ ਅੰਮ੍ਰਿਤ ਬੋਲ ਹੁੰਦੇ ਹਨ । ਉਹ ਮਾਇਆ ਦੀਆਂ ਆਸ਼ਾਵਾਂ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਵਲੋਂ ਨਿਰਾਸ ਹੁੰਦਾ ਹੈ ।

---

1-7. ਸਚ ਖੰਡਿ ਵਸੈ ਨਿਰੰਕਾਰੁ ਕਰਿ ਕਰਿ ਵੇਖੈ ਨਦਰਿ ਨਿਹਾਲ ।
ਤਿਥੈ ਖੰਡ ਮੰਡਲ ਵਰਭੰਡਜੇ ਕੋ ਕਥੈ ਤਹਿ ਅੰਤ ਨ ਅੰਤ ।
ਤਿਥੈ ਲੋਅ ਲੋਅ ਆਕਾਰ, ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।" ਜਪੁਜੀ, ਪੰਨਾ-8.

8. ਜਹ ਦੇਖਾ ਤਹਿ ਰਵਿ ਰਹੇ ਸਿਵ ਸਕਤੀ ਕਾ ਮੇਲੁ
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ।" (ਸਿਰੀ ਪਦੇ-18, ਪੰਨਾ-21.)

1. ਆਸਾ ਪਦਾ 2, ਪੰਨਾ-349.
2. ਰਾਮਕਲੀ ਚਉਪਦੇ-5, ਪੰਨਾ-878.
3. ਤਾ ਕੀ ਗਤਿ ਮਿਤਿ ਅਵਰੁ ਨ ਜਾਣੈ
ਗੁਰ ਬਿਨੁ ਸਮਝ ਨ ਹੋਈ ।" (ਰਾਮਕਲੀ ਚਉਪਦੇ-9, ਪੰਨਾ-879.)

# ਪ੍ਰਕਰਣ ਪੰਜਵਾਂ

## "ਸਤਿ"

ਭਾਵਾਰਥ, ਅੰਤਮ ਸੱਚ ਦਾ ਸਰੂਪ, ਵਿਸ਼ਵ ਸੱਚ ਅਤੇ ਅੰਤਮ ਸੱਚ, ਕੂੜ, ਸਤਿ ਦੇ ਤਿੰਨ ਰੂਪ, ਸਤਿ ਦਾ ਅੰਤਮ ਸਰੂਪ ।

***

ਪ੍ਰਕਰਣ--5.

## ਸਤਿ

ਸਤਿ (**Reality.** ) ਸ਼ਬਦ ਦਾ ਧਾਤੂ ਸੰਸਕ੍ਰਿਤ (ਅਸ) ਹੈ ਜਿਸ ਤੋਂ ਭਾਵ ਹੈ ਹੋਣਾ ਜਾਂ ਹੋਂਦ ਵਾਲਾ । ਸੋ "ਸਤਿ" ਦਾ ਭਾਵ ਹੈ ਉਹ ਜਿਸ ਦੀ ਹੋਂਦ ਹੈ । "ਸਤਿ" ਦੀ ਸਮੱਸਿਆ ਦੇ ਸਬੰਧ ਵਿਚ ਪਹਿਲਾਂ ਦੋ ਗੱਲਾਂ ਦਾ ਨਿਰਨਾ ਕਰਨਾ ਪੈਂਦਾ ਹੈ ।1. "ਸਤਿ" ਦਾ ਸੁਭਾ, 2. ਸਤਿ ਦੀ ਕਸਵੱਟੀ ।[1] ਸਤਿ ਦਾ ਸੁਭਾ ਕੀ ਹੈ ? ਜੋ ਸਦਾ ਨਿਤਯ" ਹੈ ।[2] ਸਤਿ ਦੀ ਕਸਵੱਟੀ ਆਮ ਜੰਤਾ ਦੀ ਵੱਖਰੀ ਹੈ, ਫਿਲਾਸਫਰਾਂ ਦੀ ਵੱਖਰੀ ਹੈ ਅਤੇ ਧਾਰਮਿਕ ਦਾਰਸ਼ਨਿਕਾਂ ਦੀ ਵੱਖਰੀ ਹੈ। ਆਮ ਜੰਤਾਂ ਲਈ "ਸਤਿ" ਉਹ ਹੈ ਜੋ ਇਸ ਉਤੇ ਕਿਸੇ ਅਖਤਿਆਰੀ ਸ਼ਕਤੀ ਨੇ ਕਾਨੂੰਨ ਬਣਾਕੇ ਲਾਗੂ ਕਰ ਦਿੱਤਾ ਹੈ ਜਾਂ ਜਿਹੜੀ ਗੱਲ ਉਨਾਂ ਨੇ ਆਪ ਸਮਾਜਿਕ ਸਮਝੌਤੇ ਰਾਹੀਂ ਨਿਰਧਾਰਿਤ ਕਰ ਲਈ ਹੈ, ਜਾਂ ਜੋ ਉਨਾਂ ਦੇ ਅੰਤਰੀਵ ਵਿਚੋਂ ਜਜ਼ਬਾਤਾਂ ਅਤੇ ਫੁਰਨਿਆਂ ਰਾਹੀਂ ਸੁਤੇ ਸਿੱਧ ਉਗਮਦਾ ਹੈ, ਜਾਂ ਜੋ ਕੁੱਝ ਸੁਤੇ ਸਿਧ ਹੀ , ਸਪਸ਼ਟ ਤੌਰ ਤੇ ਸਤਿ ਹੈ । ਫਿਲਾਸਫਰਾਂ ਦੀਆਂ ਸਤਿ ਦੀਆਂ ਕਸਵੱਟੀਆਂ ਤਿੰਨ ਸਿਧਾਂਤਾਂ ਉਤੇ ਅਧਾਰਿਤ ਹਨ:- 1. ਸੰਸਲੇਸ਼ਣ ਸਿਧਾਂਤ ( **Choerence Theory.** ) 2. ਅਨੁਸਰਣ ਸਿਧਾਂਤ (**Correspondence Theory.** ) ਯਥਾਰਥਿਕ ਸਿਧਾਂਤ (**Pragmatic Theory.** ) । ਪਰ ਇਨਾਂ ਸਿਧਾਂਤਾਂ ਉਤੇ ਚਲਦੇ ਹੋਏ ਵੀ ਉਹ "ਸਤਿ" ਦੇ ਇਕ ਨਿਸਚਿਤ ਸੰਕਲਪ ਉਤੇ ਨਹੀਂ ਪਹੁੰਚਦੇ, ਭਾਵੇਂ ਉਨਾਂ ਦੀਆਂ ਕਸਵੱਟੀਆਂ ਇਕ ਦੂਜੀ ਤੋਂ ਵਧੇਰੇ ਭਿੰਨ ਨਹੀਂ । ਧਾਰਮਿਕ ਦਾਰਸ਼ਨਿਕ ਉਪਰੋਕਤ ਦੋਨਾਂ ਸ਼੍ਰੇਣੀਆਂ ਦੀਆਂ ਕਸਵੱਟੀਆਂ ਨੂੰ ਨਿਕਾਰਕੇ ਇਨਾਂ ਤੋਂ ਵੱਖ ਹੀ ਆਪਣਾ "ਸਤਿ" ਦਾ ਸੰਕਲਪ ਨਿਰਧਾਰਿਤ ਕਰਦੇ ਹਨ ।[3]

ਸਾਡਾ ਸਬੰਧ ਧਾਰਮਿਕ ਦਾਰਸ਼ਨਿਕਾਂ ਦੇ ਸਤਿ ਨਾਲ ਹੈ। ਦਾਰਸ਼ਨਿਕਤਾ ਵਿਚ ਜਦੋਂ ਅਸੀਂ ਸਤਿ ਸ਼ਬਦ ਨੂੰ "ਅੰਤਿਮ" ਨਾਲ ਜੋੜਕੇ "ਅੰਤਿਮ ਸਤਿ" ਪਦ ਦੇ ਰੂਪ ਵਿਚ ਵਰਤਦੇ ਹਾਂ ਤਾਂ ਇਸ ਦਾ ਭਾਵ ਹੁੰਦਾ ਹੈ "ਅੰਤਿਮ ਦੀ ਹੋਂਦ" । ਉਪਨਿਸ਼ਦਾਂ ਵਿਚ "ਅੰਤਿਮ" ਦੀ ਹੋਂਦ ਦਾ ਸੰਕੇਤ ਹੋਣ ਲਈ "ਸਤਯੰ " ਸ਼ਬਦ ਵਰਤਿਆ ਗਿਆ ਹੈ।[4] ਗੀਤਾ ਵਿਚ "ਸਤਯ"[5] ਅਤੇ ਗੁਰਬਾਣੀ ਵਿਚ ਸਤਿ, ਜਾਂ ਸੱਚ । 'ਅੰਤਿਮ ਦੀ ਹੋਂਦ ਨੂੰ ਪ੍ਰਗਟ ਕਰਵਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਮੂਲ ਮੰਤਰ ਵਿਚ ਹੀ ਲਿਖਦੇ ਹਨ:-'

---

1. **Vergilius Ferm with 190. Authorities" Encyclopeadia of Relidion." Page-796.**
2. ਭਾਈ ਕਾਨ੍ਹ ਸਿੰਘ ਨਾਭਾ , "ਮਹਾਨ ਕੋਸ਼" ਪੰਨਾ-102.
3. **E.R. Page-796.**
4. **Tait Up. 2.6.1., Kāth Up. 6. 12.**
5. ਗੀਤਾ -10, 20-30.

"੧ ਓ ਸਤਿਨਾਮ -------"[1]

ਸੋ ਗੁਰੂ ਨਾਨਕ ਦੇਵ ਜੀ ਨੇ "ਆਤਮ" ਨੂੰ ਸਤਿ ਹੀ ਕਿਹਾ ਹੈ ਅਤੇ ਸਤਿ ਨੂੰ ਨਾਮ ਕਰਕੇ ਅਪਣਾਇਆ ਹੈ।"

ਸੰਕਰਾਚਾਰੀਆ ਅਨੁਸਾਰ "ਆਤਮ" ਨੂੰ "ਸਤਿ" ਕਹਿਣ ਦਾ ਭਾਵ ਹੈ ਕਿ ਉਹ ਅਸਤਿ ਨਹੀਂ ਹੈ। ਉਸ ਦੀ ਹੋਂਦ ਕਦੀ ਰੁਕਦੀ ਨਹੀਂ, ਕਿਉਂਜੋ ਉਹ ਆਪਣੀ ਹੋਂਦ ਲਈ ਕਿਸੇ ਉਤੇ ਨਿਰਭਰ ਨਹੀਂ। ਉਹ ਆਪਣੇ ਤੋਂ ਬਾਹਰੋਂ ਕੋਈ ਵਸਤੂ ਨਹੀਂ ਲੈਂਦਾ।[2] ਭਾਈ ਵੀਰ ਸਿੰਘ ਜੀ ਮੂਲ ਮੰਤਰ ਵਿਚ ਆਉਂਦੇ "ਸਤਿ" ਪਦ ਨੂੰ ੧ ਦਾ ਟੀਕਾ ਕਰਿੰਦੇ ਹਨ।[3] "ਰਿਗ ਵੇਦ ਵਿਚ ਸਤਿ ਤੋਂ ਭਾਵ ਹੈ ਅਸਲੀ ਕਾਇਮ, ਤ੍ਰੈਕਾਲ ਹੋਂਦ ਵਾਲਾ,"[4] ਉਪਨਿਸ਼ਦਾਂ ਵਿਚ ਵੀ "ਸਤਿ" ਤੋਂ ਭਾਵ ਤ੍ਰੈਕਾਲ ਸਥਿਰ ਹੋਂਦ ਵਾਲਾ ਲਿਆ ਗਿਆ ਹੈ।[5] ਫੇਰ ਸਤਿ ਵਿਸ਼ਨੂ ਰਾਮ ਚੰਦਰ ਆਦਿ ਦੇਵਤਿਆਂ ਲਈ ਵੀ ਵਰਤਿਆ ਗਿਆ। ਫੇਰ ਸਤਿਖੰਡ (ਸਚੁ ਖੰਡ) ਸਤਿਯੁਗ, ਸਤਿਗੁਣ ਆਦਿ ਪਦਾਂ ਲਈ ਵਰਤਿਆ ਗਿਆ।[6]

ਅਧਿਆਤਮਿਕ ਤੌਰ ਤੇ ਸਤਿ ਉਹੋ ਹੈ ਜੋ ਹਮੇਸ਼ਾਂ ਸਥਿਰ ਹੈ, ਇਕ ਰਸ ਹੈ, ਨਿਤ ਨਵਾਂ ਹੈ, ਹਮੇਸ਼ਾਂ ਸੰਗਠਿਤ ਹੈ। ਗੁਰੂ ਨਾਨਕ ਦੇਵ ਜੀ ਦਸਦੇ ਹਨ:-

"ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ"[7]

ਇਹ "ਸਚ" ਹਮੇਸ਼ਾਂ ਹੀ ਸੱਚ ਰਹਿੰਦਾ ਹੈ। ਜਦੋਂ ਕੁੱਝ ਵੀ ਦ੍ਰਿਸ਼ਟਮਾਨ ਨਹੀਂ ਹੁੰਦਾ ਉਦੋਂ ਵੀ ਇਹ ਸਚ ਰਹਿੰਦਾ ਹੈ, ਜਦੋਂ ਸਮੇਂ ਦਾ ਅਰੰਭ ਹੋਣ ਲਗਦਾ ਹੈ ਉਦੋਂ ਵੀ ਸੱਚ ਹੁੰਦਾ ਹੈ। ਸਮੇਂ ਦੇ ਵਿਚ ਹੁਣ ਵੀ ਇਹ ਸੱਚ ਹੈ। ਅਤੇ ਆਉਣ ਵਾਲੇ ਸਮੇਂ ਵਿਚ ਵੀ ਸੱਚ ਹੀ ਰਹੇਗਾ।[8] ਇਹ ਸੱਚ

---

1. ਗੁ: ਗ੍ਰੰ: ਸਾ: , ਪੰਨਾ-1.
2. J.K.S.J. "The Development of the Gita Concept of God." P-43.
3. ਸ੍ਰੀ: ਗੁ: ਗ੍ਰੰ: ਸਾ: , ਪੰਨਾ-10-11.
4. ਡਾ: ਸ਼ੇਰ ਸਿੰਘ, "ਜਪੁਜੀ ਦਰਸ਼ਨ" ਪੰਨਾ-78.
5. Mand. Up. 1., Tait. Up. 2.1.1. Brih. Up. 1.6.,3.
6. ਡਾ: ਸ਼ੇਰ ਸਿੰਘ, "ਜਪੁਜੀ ਦਰਸ਼ਨ" ਪੰਨਾ-78.
7. ਵਾਰ ਰਾਮਕਲੀ-17, ਪੰਨਾ-955.
8. ਜਪੁਜੀ, ਪੰਨਾ-1.

ਆਪਣੇ ਆਪ ਵਿਚ ਵਿਲੱਖਣ ਹੈ । ਇਸ ਦੀ ਵਿਲੱਖਣਤਾ ਨੂੰ ਗੁਰੂ ਸਾਹਿਬ ਇਸ ਤਰਾਂ ਰੂਪਮਾਨ ਕਰਦੇ ਹਨ ।

"੧ ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।"[1] ਭਾਵ ਸੱਚ ਜਾਂ ਹੋਂਦ ੧ ਹੈ ਅਤੇ ਦ੍ਰਿਸ਼ਟਮਾਨ ਸ੍ਰਿਸ਼ਟੀ ਆਪਣੀ ਅਨੇਕਤਾ ਸਮੇਤ ਇਸ ੧ ਦਾ ਹੀ ਵਿਆਪਕ ਰੂਪ ਹੈ ।[2] ਇਹ ਨਾਮ **ਜਾਂ** ਸ਼ਬਦ ਰੂਪ ਵਿਚ **ਵੀ** ਹੈ ।[3] "ਸਤਿ" ਸ੍ਰਿਸ਼ਟੀ ਦਾ ਕਰਤਾ ਹੈ ।[4] ਸਾਰੀ ਸਿਰਜਨਾ ਵਿਚ ਵਿਆਪਣ ਵਾਲਾ ਵੀ ਹੈ ਅਤੇ ਸਿਰਜਨਾ ਦੀ ਪਾਲਨਾ ਵੀ ਕਰਦਾ ਹੈ, ਰਖਿਆ ਵੀ ਕਰਦਾ ਹੈ ।[5] ਆਪਣੇ ਹਰ ਪ੍ਰਕਾਰ ਦੇ ਕਰਮ ਜਾਂ ਕ੍ਰਿਤੀ ਵਿਚ ਨਿਰਭਉ ਅਤੇ ਨਿਰਵੈਰ ਹੈ,[6] ਸਮਿਆਂ ਤੋਂ ਰਹਿਤ ਹੈ।[7] ਪਰ ਤਾਂ ਵੀ ਸਮਿਆਂ ਵਿਚ ਰੂਪਮਾਨ ਹੁੰਦਾ ਹੈ ।[8] ਸਮਿਆਂ ਵਿਚ ਰੂਪਮਾਨ ਹੋਣ ਵਾਲਾ ਹੁੰਦੇ ਹੋਏ ਵੀ ਅਜੂਨੀ ਹੈ ।[9] ਆਪਣੇ ਆਪ ਹੀ ਆਪਣੇ ਆਪੇ ਤੋਂ ਹੋਂਦ ਵਿਚ ਆਉਂਦਾ ਹੈ ।[10] ਇਸ ਨੂੰ ਕੇਵਲ ਗੁਰੂ ਦੀ ਕਿਰਪਾ ਸਦਕਾ ਹੀ ਸਮਝਿਆ ਜਾ ਸਕਦਾ ਹੈ । ਉਹ ਆਪ ਹੀ ਸਭ ਦਾ ਸਭ ਤੋਂ ਵਡਾ ਗੁਰੂ ਹੈ । "ਸਤਿ" ਦਾ ਕ੍ਰਿਪਾਲੂ ਹੋਣਾ ਸੁਭਾ ਹੀ

---

1. ਗੁ: ਗ੍ਰੰ: ਸਾ: , ਪੰਨਾ-1.
2. ਆਪੇ ਪਟੀ ਕਲਮ ਆਪਿ ਉਪਰਿ ਲੇਖ ਭਿ ਤੂ ।
   ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ।" (ਵਾਰ ਮਲਾਰ-28 , ਪੰਨਾ-129.)
3. "ਜੇਤਾ ਕੀਤਾ ਤੇਤਾ ਨਾਉ" (ਜਪੁਜੀ -21, ਪੰਨਾ-4.)
4. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ (ਵਾਰ ਆਸਾ -4 , ਪੰਨਾ-463.)
5. ਤੂ ਕਰਤਾ ਪੁਰਖ ਅਗੰਮ ਹੈ ਆਪਿ ਸ੍ਰਿਸਟਿ ਉਪਾਤੀ ।
   ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ।
   ਤੂ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ।" (ਵਾਰ ਮਾਝ -1, ਪੰਨਾ-138.)
6. । ਨਾਨਕ ਨਿਰਭਉ ਨਿਰੰਕਾਰੁ ਹੋਰ ਕੇਤੇ ਰਾਮ ਰਵਾਲ" (ਵਾਰ ਆਸਾ-4, ਪੰਨਾ-464.)
   ।। ਜੁਗਿ ਜੁਗਿ ਥਾਪਿ ਸਦਾ ਨਿਰਵੈਰ । (ਰਾਮਕਲੀ ਓਅੰਕਾਰ-15, ਪੰਨਾ-931.)
7. ਤੂ ਅਕਾਲ ਪੁਰਖ ਨਾਹਿ ਸਿਰਿ ਕਾਲਾ । (ਮਾਰੂ ਸੋਹਲੇ-1, ਪੰਨਾ-1138.)
8. ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ । (ਮਾਰੂ ਮਹਲਾ-5, ਪੰਨਾ-1092.)
9. ਨਾ ਤਿਸੁ ਬਾਪੁ ਨ ਮਾਇ ਜਿਨਿ ਤੂ ਜਾਇਆ । (ਵਾਰ ਮਲਾਰ-2, ਪੰਨਾ-1279.)
10. ਥਾਪਿਆ ਨ ਜਾਇ ਕੀਤਾ ਨ ਹੋਇ ਆਪੇ ਆਪਿ ਨਿਰੰਜਨੁ ਸੋਇ ।" (ਜਪੁਜੀ-5, ਪੰਨਾ-2)

ਹੈ । ਸਤਿ ਸਭ ਤੇ ਕਿਰਪਾ ਕਰਦਾ ਹੈ ।[1]

ਇਹ ਤਾਂ ਹੈ " ਅੰਤਮ ਸਤਿ" ਜਿਸ ਦੀ ਸਮਰੱਥਾ ਨੂੰ ਭਾਈ ਗੁਰਦਾਸ ਇਸ ਤਰ੍ਹਾਂ ਰੂਪਮਾਨ ਕਰਦੇ ਹਨ:-

"ਕੂੜ ਕਪਟ ਹਥਿਆਰ ਜਿਉਂ , ਸਚ ਰਖਵਾਲਾ ਸਿਲਹ ਸੰਜੋਆ ।
ਕੂੜ ਵੈਰੀ ਨਿਤ ਜੋਹਦਾ , ਸੱਚ ਸੁਮਿੱਤ ਹਿਮਾਇਤਿ ਹੋਆ ।
ਸੂਰਬੀਰ ਵਰਿਆਮ ਸੱਚ, ਕੂੜ ਕੂੜਾਵਾ ਕਰਦਾ ਢੋਆ ।
ਨਿਹਚਲ ਸੱਚ ਸੁਥਾਇ ਹੈ , ਲਰਜੈ ਕੂੜ ਕੁਥਾਇ ਖੜੋਆ ।
ਸੱਚ ਫੜ ਕੂੜ ਪਛਾੜਿਆ , ਚਾਰ ਚੱਕ ਵੇਖਣ ਤ੍ਰੈ ਲੋਆ ।
ਕੂੜ ਕਪਟ ਰੋਗੀ ਸਦਾ, ਸੱਚ ਸਦਾ ਹੀ ਨਵਾਂ ਨਿਰੋਆ ।
ਸਚ ਸੱਚਾ , ਕੂੜ ਕੂੜ ਵਿਗੋਆ ।"[2]

ਭਾਈ ਗੁਰਦਾਸ ਜੀ ਦੀ ਉਪਰੋਕਤ ਵਾਰ ਦੀ ਪਉੜੀ ਜਿਥੇ "ਸੱਚ" ਦੀ ਸਮਰੱਥਾ ਨੂੰ ਬਿਆਨ ਕਰਦੀ ਹੈ, ਉਥੇ ਨਾਲ ਹੀ ਇਸ ਦੇ ਮੁਕਾਬਲੇ ਤੇ ਇਕ ਹੋਰ "ਚੀਜ਼" "ਕੂੜ" ਦਾ ਵੀ ਵਿਖਿਆਨ ਕਰਦੀ ਹੈ । ਜੇ ਸਤਿ "੧ ਓ" ਹੈ ਤਾਂ ਫਿਰ ਇਹ ਕੂੜ ਕੀ ਚੀਜ਼ ਹੋਇਆ ?

ਇਸ ਸੁਆਲ ਦਾ ਜਵਾਬ ਲੱਭਣ ਤੋਂ ਪਹਿਲਾਂ ਅਸੀਂ ਇਕ ਗੱਲ ਹੋਰ ਵਿਚਾਰ ਲਈਏ ਕਿ "ਗਿਆਨ ਰਤਨਾਵਲੀ " ਵਿਚ ਭਾਈ ਮਨੀ ਸਿੰਘ ਜੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਕਰਦੇ ਹੋਏ "ਸਚ" ਨੂੰ ਤਿੰਨ ਰੂਪਾਂ ਵਿਚ ਸਾਹਮਣੇ ਲਿਆਉਂਦੇ ਹਨ । ਕੁਛੁ ਪੰਥ ਦੇ ਜਿਗਿਆਸੀਆਂ ਨੂੰ ਉਪਦੇਸ਼ ਦਿੰਦੇ ਹੋਏ ਗੁਰੂ ਸਾਹਿਬ ਦੇ ਮੁੱਖੋਂ ਇਸ ਤਰ੍ਹਾਂ ਕਹਾਇਆ ਗਿਆ ਹੈ:-

"ਬਚਨ ਹੋਇਆ "ਭਾਈ ! ਸੱਚਿਆ ਰਹਿਣਾ , ਸੱਤਨਾਮ ਦਾ ਜਾਪ ਜਪਣਾ, ਆਪਸ ਵਿਚ ਮਿਲੋ ਤਾਂ "ਕਰਤਾਰ, ਕਰਤਾਰ" ਕਹਿਣਾ, ਅਰ ਜੇ ਹੋਰ ਕੋਈ ਤੁਹਾਨੂੰ, ਕਰਤਾਰ ਕਰਤਾਰ ਕਹੇ ਤਾਂ ਅੱਗੋਂ ਤੁਸਾਂ ਉਸ ਨੂੰ ਸੱਤ ਕਰਤਾਰ ਕਹਿਣਾ ।"[3]

---

1. I ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ" (ਧਨਾਸਰੀ , ਪੰਨਾ-661.)
   II ਜੈਸੀ ਨਦਰਿ ਕਰੇ ਤੈਸਾ ਹੋਇ ,
   ਵਿਣੁ ਨਦਰੀ ਨਾਨਕ ਨਹੀ ਕੋਇ ।" (ਧਨਾਸਰੀ , ਪੰਨਾ-661.)
   III ਅਪਰੰਪਰ ਪਾਰਬ੍ਰਹਮੁ ਪਰਮੇਸਰੁ , ਨਾਨਕ ਗੁਰ ਮਿਲਿਆ ਸੋਈ ਜੀਉ"(ਸੋਰਠਿ ਪਦਾ-11, 580)
2. ਭਾਈ ਗੁਰਦਾਸ , ਵਾਰ-30.
3. ਭਾਈ ਮਨੀ ਸਿੰਘ, ਗਿਆਨ ਰਤਨਾਵਲੀ -ਟੀਕਾ ਸਤਾਈਵੀਂ ਪਉੜੀ ਦਾ ।

ਸੋ ਇਕ ਸੱਚ ਤੁਹ ਜਿਸ ਦਾ ਸਬੰਧ ਮਨੁੱਖ ਦੀ ਜੀਵਨ ਰਹਿਣੀ ਨਾਲ ਹੈ, ਇਸ ਸੱਚ ਦਾ ਸਬੰਧ ਨਾਮ ਜਪਣ ਨਾਲ ਹੈ ਅਤੇ ਇਕ ਸੱਚ ਕਰਤਾਰ ਨਾਲ ਸਬੰਧਤ ਹੈ। ਕਰਤਾਰ ਨਾਲ ਸਬੰਧਤ ਸੱਚ ਤਾਂ ਹੋ ਗਿਆ "ਅੰਤਿਮ ਸਤਿ", ਜਪਣ ਨਾਲ ਸਬੰਧਤ ਸੱਚ ਹੋਇਆ ਅੰਤਿਮ ਦਾ ਨਾਮ, ਸ਼ਬਦ ਰੂਪ ਸੱਚ, ਪਰ ਜੀਵਨ ਰਹਿਣੀ ਨਾਲ ਸਬੰਧਤ ਸੱਚ ਕਿਹੜਾ ਹੈ ?

ਇਨ੍ਹਾਂ ਹੋਰਾਂ ਸੁਆਲਾਂ ਦਾ ਜਵਾਬ ਤਦ ਮਿਲਦਾ ਹੈ ਜਦ ਅਸੀਂ ਗੁਰੂ ਸਾਹਿਬ ਦੀ ਇਸ ਵਿਚਾਰਧਾਰਾ ਤੇ ਗੌਰ ਕਰਦੇ ਹਾਂ ਕਿ "ਅੰਤਿਮ ਸੱਚ" ਦੀ ਸਿਰਜਨਾ ਵੀ ਸੱਚੀ ਕਰਦਾ ਹੈ।[1] ਪਰ ਇਸ ਸਿਰਜਨਾ ਵਿਚ ਬਹੁਤ ਕੁੱਝ ਅਜਿਹਾ ਹੈ ਜੋ "ਅੰਤਿਮ ਸੱਚ" ਦੇ ਉਪਰੋਕਤ ਗੁਣਾਂ ਤੇ ਪੂਰਾ ਨਹੀਂ ਉਤਰਦਾ। ਗੁਰੂ ਸਾਹਿਬ ਲਿਖਦੇ ਹਨ:-

"ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ,
ਜਿਸੁ ਤੂ ਦੇਹਿ ਤਿਸੁ ਮਿਲੈ ਸਚੁ ਤ ਤਿੰਨੀ ਸਚੁ ਵਰਤਾਇਆ ,
ਸਤਿਗੁਰਿ ਮਿਲਿਐ ਸਚੁ ਪਾਇਆ , ਜਿਨ ਕੈ ਹਿਰਦੈ ਸਚੁ ਵਸਾਇਆ ,
ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ,
ਵਿਚਿ ਦੁਨੀਆ ਕਾਹੇ ਆਇਆ ।"[2]

ਸੱਚੇ ਸਾਹਿਬ ਨੇ ਸਭ ਪਾਸੇ ਸਚੋ ਸੱਚ ਵਰਤਾਇਆ ਹੈ ਪਰ ਤਾਂ ਵੀ "ਜਿਸੁ ਤੂ ਦੇਹਿ ਤਿਸੁ ਮਿਲੈ ਸਚੁ ਤਾ ਤਿੰਨੀ ਸਚੁ ਵਰਤਾਇਆ" ਅਤੇ "ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ।" ਸੋ ਜਿਸ ਦਾ ਸਬੰਧ ਉਨ੍ਹਾਂ ਵਿਰਲਿਆਂ ਨਾਲ ਨਹੀਂ ਜਿਨ੍ਹਾਂ ਨੂੰ ਸਚਾ ਸਾਹਿਬ ਆਪ ਸੱਚ ਬਖਸ਼ਕੇ ਉਨ੍ਹਾਂ ਦਾ ਵਾਸਾ ਸੱਚ ਵਿਚ ਕਰ ਦਿੰਦਾ ਹੈ, ਸਗੋਂ ਮੂਰਖਾਂ ਅਤੇ ਮਨਮੁੱਖਾਂ ਨਾਲ ਹੈ ਜਿਹੜੇ "ਸੱਚ" ਨੂੰ ਨਹੀਂ ਜਾਣਦੇ, "ਉਹ ਕੂੜ" ਵੀ ਹੈ। ਇਸ "ਕੂੜ" ਨੂੰ ਅਸੀਂ "ਅਸਤ" ਕਹਿ ਨਹੀਂ ਸਕਦੇ। ਕਿਉਂਕਿ ਅਸਤ ਦਾ ਭਾਵ ਹੈ "ਜੋ ਕੁੱਝ ਨਹੀਂ" ਜਿਸ ਦੀ ਕੋਈ ਹੋਂਦ ਨਹੀਂ।[3] ਇਹੋ "ਕੂੜ" ਹੈ ਜਿਸ ਨੂੰ ਭਾਈ ਗੁਰਦਾਸ ਜੀ ਉਪਰੋਕਤ ਆਪਣੀ ਵਾਰ ਵਿਚ "ਕੂੜ" ਕਹਿੰਦੇ ਹਨ। "ਕੂੜ" ਭਾਵ ਕੂਟ, ਮਿਥਿਆ, ਮਾਇਆ[4], ਜਿਸ ਦੀ ਹੋਂਦ ਹੈ ਪਰ "ਸਤਿ" ਨਹੀਂ ਸਗੋਂ ਸਤਿ ਦੇ ਪਰਛਾਵੇਂ ਦੇ ਰੂਪ ਵਿਚ, ਇਕ ਝੂਠ, ਇਕ ਨਕਲ ਦੇ ਰੂਪ ਵਿਚ, ਇਕ ਭੁਲਾਵੇ ਅਤੇ ਭੁਲੇਖੇ ਦੇ ਰੂਪ ਵਿੱਚ।

---

1. ਸਚੇ ਤੇਰੇ ਖੰਡ ਸਚੇ ਬ੍ਰਹਿਮੰਡ -------- (ਵਾਰ ਆਸਾ ਸਲੋਕ, ਪੰਨਾ-463.)
2. ਵਾਰ ਆਸਾ, ਸਲੋਕ, ਪੰਨਾ-466.
3. ਗੀਤਾ 2 , 13.
4. ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-249 ਤੇ ਕੂੜ ਦਾ ਅਰਥ "ਕੂਟ" ਅਤੇ ਪੰਨਾ 258 ਤੇ ਕੂਟ ਦੇ ਅਰਥ ਛਲ, ਛਲੀਆ, ਬਣਾਉਟੀ, ਨਕਲੀ।

ਸਿਰਜਨਾ ਨੂੰ ਸਚੇ ਦੀ ਸੱਚੀ ਕਿਰਤ ਕਿਹਣ ਵਾਲੇ ਗੁਰੂ ਸਾਹਿਬ ਆਪ ਹੀ ਲਿਖਦੇ ਹਨ:-

"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ।
ਕੂੜੁ ਮੰਡਪ ਕੂੜੁ ਮਾੜੀ, ਕੂੜੁ ਬੈਸਣਹਾਰ ।
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰ ।
ਕੂੜੁ ਕਾਇਆ, ਕੂੜੁ ਕਪੜੁ ਕੂੜ ਰੂਪੁ ਅਪਾਰੁ ।
ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ।
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ।
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰ ।
ਨਾਨਕ ਵਖਾਣੈ ਬੇਨਤੀ ਤੁਧ ਬਾਝੈ ਕੂੜੋ ਕੂੜ ।"[1]

ਇਹ ਸਭ "ਕੂੜ" ਕਿਉਂ ਹੈ ? ਕਿਉਂਜੋ "ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।" ਜਗਤ ਦਾ "ਚਲਣਹਾਰ" ਹੋਣਾ ਇਸ ਨੂੰ ਕੂੜ ਬਣਾਉਂਦਾ ਹੈ । ਸੋ ਜਗਤ ਦੀ "ਅਸਥਿਰਤਾ" ਕਾਰਨ ਜਗਤ ਉਹ ਕੁੱਝ ਬਣ ਸਕਣ ਦੇ ਸਮਰੱਥ ਨਹੀਂ ਜੋ ਕੁੱਝ "ਅੰਤਿਮ ਸਤਿ" ਹੈ । ਬੇਸ਼ੱਕ ਜਗਤ ਰਚਨਾ ਸੁਹਣੀ ਹੈ, ਮਿੱਠੀ ਹੈ, ਮੋਹ ਭਰੀ ਹੈ ਪਰ ਤਾਂ ਵੀ ਆਪਣੀ ਅਸਥਿਰਤਾ ਕਾਰਨ ਇਹ ਆਪਣੇ ਵਿਚ ਖਚਤ ਹੋਣ ਵਾਲਿਆਂ ਨੂੰ ਕਿਸੇ ਸਿਰੇ ਨਹੀਂ ਪਹੁੰਚਾ ਸਕਦੀ । ਸਗੋਂ ਮਾਇਆ ਦੇ ਭਵ-ਸਾਗਰ , ਭੁਲੇਖਿਆਂ, ਭੁਲਾਵਿਆਂ ਦੀ ਘੁੰਮਣੀਆਂ ਵਿਚ ਡੋਬ ਦੇਂਦੀ ਹੈ । ਇਸੇ ਲਈ ਗੁਰੂ ਸਾਹਿਬ ਜੀ ਬੇਨਤੀ ਕਰਦੇ ਹਨ ਕਿ "ਤੁਧ ਬਾਝੈ ਕੂੜੋ ਕੂੜ"।

ਫਿਰ ਇਹ ਦੁਨੀਆਂ ਦਾ ਸੱਚ ਮੁੱਢ ਅਤੇ ਅਜੂਨੀ ਨਹੀਂ । "ਅੰਤਿਮ ਸਤਿ" ਇਸ ਦੀ ਹੋਂਦ ਦਾ ਕਾਰਨ ਹੈ । "ਅੰਤਿਮ ਸਤਿ" ਦੀ ਰਜ਼ਾ ਹੁੰਦੀ ਹੈ ਤਾਂ ਉਹ ਆਪਣੇ ਹੁੱਕਮ ਨਾਲ ਇਸ ਨੂੰ ਹੋਂਦ ਵਿਚ ਲਿਆਉਂਦਾ ਹੈ, ਆਪਣੇ ਹੁੱਕਮ ਵਿਚ ਹੀ ਇਸ ਦੀ ਹੋਂਦ ਨੂੰ ਕਾਇਮ ਰੱਖਦਾ ਹੈ ਅਤੇ ਹੁੱਕਮ ਵਿਚ ਹੀ ਸੱਭ ਕਾਰਜ ਕਰਦਾ ਕਰਵਾਉਂਦਾ ਇਸ ਨੂੰ ਖਤਮ ਕਰ ਦੇਂਦਾ ਹੈ ।[2] ਇਸ ਤਰਾਂ, ਵਿਸ਼ਵ ਦਾ ਸੱਚ

---

1. ਵਾਰ ਆਸਾ-10, ਪੰਨਾ-468.
2. । ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।
   ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ।
   ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ।
   ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ।
   ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ।" ( ਜਪੁਜੀ-2, ਪੰਨਾ-1. )
   ।। ਜਿਵ ਜਿਵ ਹੁਕਮ ਤਿਵੈ ਤਿਵ ਕਾਰ, ਵੇਖੈ ਵਿਗਸੈ ਕਰਿ ਬੀਚਾਰ" (ਜਪੁਜੀ-7 ਪੰਨਾ-8

"ਪਰ ਆਸਰਿਤ ਸੱਚ" ਹੋਇਆ ਜਿਸ ਦਾ ਆਪਣਾ ਆਪਣੇ ਆਪ ਕਰਕੇ ਕੋਈ ਮਹੱਤਵ ਨਹੀਂ । ਜੇ ਏਸ ਦਾ ਆਪਣੇ ਆਪ ਕਾਰਨ ਕੋਈ ਮਹੱਤਵ ਨਹੀਂ ਤਾਂ ਆਪਣੇ ਆਪ ਹੀ ਇਸ ਦੀ ਕੋਈ ਅਸਲੀਅਤ ਨਾ ਹੋਈ । ਇਸ ਦੇ ਸਭ ਕਰਮ ਧਰਮ ਕਰਮ ਕੁਨਾਵਾਂ ਹੋਏ । ਕਿਉਂਜੋ ਕੀ ਪਤਾ ਕਿੱਧਰ ਕੀ ਹੋ ਜਾਣਾ ਹੈ ? ਕਿਵੇਂ ਹੋ ਜਾਣਾ ਹੈ ? ਕਿਉਂ ਹੋ ਜਾਂਣਾ ਹੈ ?

ਸੋ ਕੁੱਲੀਆਂ "ਕੂੜ" ਕੇਵਲ ਇਸ ਭਾਵ ਵਿਚ ਹੈ ਕਿ ਇਹ ਝੂਠੀ , ਨਕਲੀ ਅਸਲੀਅਤ ਹੈ । ਇਸ ਦੀ ਹੋਂਦ ਜਾਂ ਇਸ ਦਾ ਸਤਿ ਕਨਾਵੇ ਵਾਲਾ ਹੈ । ਕਿਉਂਜੋ ਇਸ ਦੀ ਅਸਲੀਅਤ ਦੀ ਹੋਂਦ ਜਾਂ (ਸਤਿ) ਇਸ ਦੀ ਆਪਣੀ ਨਹੀਂ ਸਗੋਂ ਕਿਸੇ ਵਲੋਂ ਇਸ ਨੂੰ ਸੌਂਪੀ ਗਈ ਹੈ ਜੋ ਆਪਣੇ ਆਪ ਵਿਚ ਸੁਤੰਤਰ ਨਹੀਂ । ਇਹ ਉਧਾਰ ਲਈ ਗਈ ਅਸਲੀਅਤ ਹੈ । ਇਹ ਸੱਚ ਪਰਤੰਤਰ ਸੱਚ ਹੈ । ਜਦੋਂ ਗੁਰੂ ਸਾਹਿਬ ਵਿਸ਼ਵ ਨੂੰ "ਸੱਚ ਕਹਿੰਦੇ ਹਨ ਤਾਂ ਅੰਤਮ ਸੱਚ ਨੂੰ "ਸੱਚਾ ਪਾਤਿਸਾਹ" ਆਖਦੇ ਹਨ:-

"ਸਚੇ ਤੇਰੇ ਖੰਡ ਸਚੇ ਬ੍ਰਹਮੰਡ --------
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ"[1]

ਭਾਵ ਇਸ ਸਾਰੇ ਸੱਚ ਨੂੰ ਕਾਬੂ ਕਰਨ ਵਾਲਾ "ਸਚਾ ਪਾਤਿਸਾਹ" ਹੈ । ਸੋ "ਵਿਸ਼ਵ ਦੇ ਸੱਚ ਅਤੇ ਸੱਚੇ ਪਾਤਿਸਾਹ" ਵਿਚ ਫਰਕ ਹੈ । ਉਪਨਿਸ਼ਦਾਂ ਵਿਚ ਵੀ ਜਦੋਂ ਜਗਤ ਨੂੰ "ਮਿਥਿਆ" ਕਹਿਣ ਦੀ ਬਜਾਏ "ਸਤਿ" ਕਿਹਾ ਜਾਂਦਾ ਹੈ ਤਾਂ ਅੰਤਮ ਸਤਿ ਨੂੰ ਸਤਿਆਸਿਆਸਤਿਯਮ"[2] ਭਾਵ ਸਚਾਈਆਂ ਦੀ ਸਚਾਈ ਕਿਹਾ ਜਾਂਦਾ ਹੈ । ਗੁਰੂ ਸਾਹਿਬ ਵਧੇਰੇ ਕਰਕੇ, ਜਗਤ ਨੂੰ ਇਕੱਲਾ ਸੱਚ ਕਹਿਣ ਦੀ ਬਜਾਏ ਸੱਚੇ ਦਾ "ਸਾਚਾ ਖੇਲ" ਕਰਕੇ ਲਿਖਦੇ ਹਨ।[3]

ਇਸ ਹਿਸਾਬ ਨਾਲ ਜੇ ਅਸੀਂ ਵਿਸ਼ਵ ਨੂੰ "ਸੱਚ" ਜਾਂ "ਕੂੜ" ਕਹੀਏ ਤਾਂ ਕੋਈ ਬਹੁਤਾ ਫਰਕ ਨਹੀਂ ਪੈਂਦਾ ਜਾਪੇ ਜਗਤ ਨੂੰ "ਸਤਿ" ਕਹਿਣ ਦਾ ਭਾਵ ਇਹ ਬਿਲਕੁਲ ਨਹੀਂ ਹੁੰਦਾ ਕਿ "ਵਿਸ਼ਵ ਸਤਿ" ਅੰਤਮ ਸਤਿ ਵਾਂਗ ਹੀ ਸਤਿ ਹੈ ।

"ਜੇ "ਸਤਿ" ਦੇ ਵਿਲੱਖਣ ਗੁਣ ਹਨ ਤਾਂ ਕੂੜ ਦੇ ਵਿਲੱਖਣ ਔਗੁਣ ਹਨ । ਇਨ੍ਹਾਂ ਔਗੁਣਾਂ ਬਾਰੇ ਗੁਰੂ ਸਾਹਿਬ ਇਸ ਤਰ੍ਹਾਂ ਲਿਖਦੇ ਹਨ:-

---

1. ਵਾਰ ਆਸਾ-ਸਲੋਕ-2, ਪੰਨਾ-463.
2. **Br. Up. 2.1.20.**
3. ਸੂਹੀ ਛੰਤ-2, ਪੰਨਾ-764.

"ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ।
ਊਚੇ ਕੂਕਹਿ ਵਾਦਾ ਗਾਵਹਿ ਮੰਗਹਿ ਮੋਖ ਦੁਆਰੁ ।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ।
ਸਭ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ।
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ।"[1]

ਇਸ ਤਰ੍ਹਾਂ, "ਕੂੜ" ਜਾਂ ਮਾਇਆ ਦੇ ਖੇਤਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜੇ ਵਿਸ਼ੇ ਅਗਿਆਨਤਾ, ਪਾਖੰਡ ਦਵੈਤ ਅਤੇ ਹਉਮੈ ਆਦਿ ਸਭ ਮਾਨਸੀ ਅਧਾਰ ਵਾਲੀਆਂ ਵਸਤਾਂ ਆ ਜਾਂਦੀਆਂ ਹਨ । ਪੰਜ ਕੂੜ ਅਤੇ ਤਿੰਨ ਗੁਣ ਇਸ ਸਮੁੱਚੀ ਸਿਰਜਨਾ ਨੂੰ ਹੋਂਦ ਵਿਚ ਲਿਆਉਣ ਦਾ ਕਾਰਨ ਹਨ ।[2] ਪਰ ਇਨ੍ਹਾਂ ਨੂੰ ਹੋਂਦ ਵਿਚ ਲਿਆਉਣ ਦਾ ਕਾਰਨ ਵੀ ਅੰਤਿਮ ਸਤਿ ਹੈ । ਸੋ ਇਹ ਵੀ ਕੂੜ ਜਾਂ ਮਾਇਆ ਵਿਚ ਸ਼ਾਮਲ ਹੋ ਗਏ । ਇਸ ਕੂੜ ਜਾਂ ਮਾਇਆ ਦੇ ਫੈਲਾਵਿਆਂ ਭਰੇ ਸ਼ਹੁ ਸਾਗਰ ਵਿਚ ਵੀ ਜਿਹੜਾ ਕਿਸੇ ਸਚਿਰਤਾ ਵਿਚ ਆਉਂਦਾ ਹੈ ਕਿਸੇ ਸਚਿਰਤਾ ਨੂੰ ਆਪਣਾ ਜੀਵਨ ਅਧਾਰ ਬਣਾਉਂਦਾ ਹੈ । ਕਿਸੇ ਪ੍ਰਤੱਖ ਹੋਂਦ ਉਤੇ ਆਪਣੀ ਜੀਵਨ ਰਹਿਣੀ ਨੂੰ ਆਸਰਿਤ ਕਰਦਾ ਹੈ । ਉਹੋ ਉਸ ਦਾ ਜੀਵਨ ਰਹਿਣੀ ਦਾ ਸੱਚ ਹੈ ਜਿਸ ਦਾ ਬਿਆਨ ਉਪਰ ਆਈ ਬਾਣੀ ਮਨੀ ਸਿੰਘ ਜੀ ਦੀ ਗਿਆਨ ਰਤਨਾਵਲੀ ਵਿਚ ਕੀਤੀ ਗਈ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਟੀਕਾਕਾਰੀ ਵਿਚ ਆਇਆ ਹੈ ।

ਜੀਵਨ ਰਹਿਣੀ ਦਾ ਸੱਚ, ਸਿਮਰਨ ਦੇ ਸੱਚ ਨਾਲ ਜੋੜਦਾ ਹੈ ਅਤੇ ਸਿਮਰਨ ਦਾ ਸੱਚ ਅੰਤਿਮ ਸੱਚ ਨਾਲ ਜੋੜਦਾ ਹੈ । "ਅੰਤਿਮ ਸੱਚ" ਜਿਸ ਬਾਰੇ ਗੁਰੂ ਸਾਹਿਬ ਦਾ ਫੁਰਮਾਨ ਹੈ ਕਿ :-

"ਸਤਿ ਸੁਹਾਣੁ ਸਦਾ ਮਨਿ ਚਾਉ"[3]

---

1. ਵਾਰ ਆਸਾ, ਸਲੋਕ-22, ਦਸਵੀਂ ਪਉੜੀ ਬਾਅਦ, ਪੰਨਾ-468-69.
2. । ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ"

(ਪ੍ਰਭਾਤੀ ਅਸਟਪਦੀ-7, ਪੰਨਾ-1345.)

।। ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ" (ਵਾਰ ਆਸਾ-3, ਪੰਨਾ-464.)

3. ਜਪੁਜੀ-21, ਪੰਨਾ-4.

ਭਾਵ ਜੋ ਸਦਾ ਹੀ, ਹਮੇਸ਼ਾਂ ਹੀ ਸਤਿ ਚਿਤ ਆਨੰਦ ਸਰੂਪ ਹੈ। ਤਾਵੇਂ ਆਪਣੇ ਸਰਗੁਣ ਸਰੂਪ ਵਿਚ ਇਹ ਸੱਚ ਬੁਰਾ ਤੇ ਭਲਾ ਦੋ ਰੂਪ ਹੋਕੇ ਵਰਤ ਰਿਹਾ ਹੈ।[1] ਪਰ ਤਾਂ ਵੀ ਸੱਚ ਹਮੇਸ਼ਾਂ ੧ ਹੀ ਹੈ ਇਸ ਨੂੰ ਕਦੇ ਮੈਲ ਨਹੀਂ ਲੱਗਦੀ , ਭਰਮ ਅਤੇ ਭਓ ਨਹੀਂ ਵਿਆਪਦੇ।[2] ਸਗੋਂ "ਸੱਚ" ਨੂੰ ਪਛਾਣ ਲੈਣ ਵਾਲੇ ਨੂੰ ਆਪਣੇ ਆਪ ਹੀ ਜੀਵਨ ਦੀ ਸਾਰੀ ਸੁੱਚ ਅਤੇ ਸੰਜਮ ਦੀ ਪਛਾਣ ਹੋ ਜਾਂਦੀ ਹੈ।[3] "ਸੱਚ" ਹੀ ਇਕ ਅਜਿਹੀ ਭੇਟ ਹੈ ਜਿਹੜੀ "ਅੰਤਮ ਸੱਚ" ਅਗੇ ਇਕ ਜੀਵ ਪੇਸ਼ ਕਰ ਸਕਦਾ ਹੈ।[4]

ਇਸ "ਸੱਚ" ਦੀ ਸਥਿਰਤਾ ਅਜਿਹੀ ਹੈ ਜਿਸ ਵਿਚ ਕੂੜ ਦੀ ਦ੍ਰਿਸ਼ਟਮਾਨ ਅਸਥਿਰਤਾ ਸਦਕਾ ਕੋਈ ਫਰਕ ਹੀ ਨਹੀਂ ਆਉਂਦਾ। ਇਸ ਸੱਚ ਵਿਚ ਨਾ ਕੋਈ ਕਦੇ ਘਾਟਾ ਹੁੰਦਾ ਹੈ ਨਾ ਵਾਧਾ ਹੁੰਦਾ ਹੈ, ਨਾ ਇਸ ਵਿਚ ਕੋਈ ਆਉਂਦਾ ਹੈ, ਨਾ ਜਾਂਦਾ ਹੈ।[5] ਇਹ ਸਰਬ ਸਚਿਆਂ ਦਾ ਸੱਚ ਹੈ।

---

1. ਏਕ ਬੁਰਾ ਭਲਾ ਸਚੁ ਏਕੈ" (ਰਾਮਕਲੀ ਅਸਟਪਦੀਆ-4 , ਪੰਨਾ-905 )
2. ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ" (ਬਿਲਾਵਲ ਥਿਤੀ-12, ਪੰਨਾ-840.)
3. ਸਚਿ ਸੁਚਿ ਸੰਜਮ ਸਾਚੁ ਪਛਾਣੈ। (ਬਿਲਾਵਲ ਥਿਤੀ-16, ਪੰਨਾ-840.)
4. ਸਾਚੁ ਭੇਟ ਬੈਸਣ ਕਉ ਥਾਉ " (ਰਾਮਕਲੀ ਪਦੇ-8, ਪੰਨਾ-878.)
5. ਨਾ ਕੋ ਆਵੈ ਨ ਕੋ ਜਾਇ" (ਰਾਮਕਲੀ ਚਉਪਦੇ-8, ਪੰਨਾ-878.)

## ਪ੍ਰਕਰਣ ਤੇਰਾਂ

## "ਬ੍ਰਹਮ ਸ਼ਬਦਾਰਥ ਅਤੇ ਵਿਆਖਿਆ"

ਅਰਥ, ਅਰਥ ਵਿਕਾਸ, ਮਹੱਤਵ ਪੂਰਨ ਸ਼ਬਦ ਕਿਉਂ ? ਬ੍ਰਹਮ ਦੇ ਰੂਪ- ਨਿਰਗੁਣ ਅਤੇ ਸਰਗੁਣ , ਬ੍ਰਹਮ ਸ਼ਬਦ ਸਭ ਤੋਂ ਉਪਯੁਕਤ ਕਿਉਂ?

***

## ਪ੍ਰਕਰਣ-6.

## ਬ੍ਰਹਮ ਸ਼ਬਦਾਰਥ ਅਤੇ ਵਿਆਖਿਆ

ਭਾਰਤੀ ਦਰਸ਼ਨ ਵਿੱਚ ਵਿਸ਼ਵ ਦੇ "ਅੰਤਮ ਸੱਚ" ( **Ultimate Reality.** ) ਨੂੰ ਬ੍ਰਹਮ ਕਹਿੰਦੇ ਹਨ।[1] ਸੋ "ਬ੍ਰਹਮ" ਆਤਮ ਅਨਾਤਮ, ਅੰਤਰਮੁਖੀਤਾ ਅਤੇ ਬਾਹਰਮੁਖੀਤਾ, ਕਾਰਣ ਅਤੇ ਕਾਰਜ, ਕਾਰਜ ਅਤੇ ਉਦੇਸ਼, ਸਭ ਦਾ ਹਮੇਸ਼ ਰਹਿਣਾ, ਸਥਿਰ, ਮੂਲ ਅਧਾਰ ਹੈ। ਇਹ ਸਤ ਚਿੱਤ ਆਨੰਦ ਸਰੂਪ ਹੈ।[2] ਇਹ ਇਕ ਅਤੇ ਅਦ੍ਵੈਤ ਹੈ। ਜੀਵ ਆਤਮਾ ਵੀ ਆਪਣੇ ਅਸਲ ਸਰੂਪ ਵਿੱਚ ਇਸ ਨਾਲ ਅਭੇਦ ਹੈ। ਅਨੇਕਤਾਮਈ ਵਿਸ਼ਵ ਇਸ ਬ੍ਰਹਮ ਜਾਂ ਆਤਮਾ ਦਾ ਹੀ ਮਾਇਆ ਜਾਂ ਅਵਿਦਿਆ ਕਾਰਨ ਹੋਂਦ ਵਿਚ ਆਇਆ ਭੁਲਾਵਾਂ ਪਾਤ੍ਰ ਪ੍ਰਗਟਾ ਹੈ। ਪੱਛਮੀ ਵਿਚਾਰਵਾਨਾਂ ਨੇ ਇਸ ਦੀ ਕਾਫੀ ਚੰਗੀ ਵਿਆਖਿਆ ਕੀਤੀ ਹੈ। ਡਿਕਸ਼ਨਰੀ ਆਫ ਫਿਲਾਸਫੀ ਅਨੁਸਾਰ "ਅਵਿਕਤੀਗਤ, ਇੱਕ, ਏਕਤਾਵਾਦੀ, (**Pantheistic.**) ਵਿਸ਼ਵ ਆਤਮਾ, ਜਿਸ ਨਾਲ ਮਿਲਾਪ ਪ੍ਰਾਪਤ ਕਰਨਾ ਉਪਨਿਸ਼ਦਾਂ ਅਤੇ ਵੇਦਾਂ ਵਿੱਚ ਉੱਤਮ ਆਦਰਸ਼ ਮੰਨਿਆ ਗਿਆ ਹੈ।[3] ਜੀਵ ਇਸ ਤੱਕ ਬ੍ਰਹਿਮੰਡ ਦੀ ਅਸਲੀਅਤ ਦੀ ਬਾਹਰਮੁੱਖੀ ਖੋਜ ਕਰਕੇ ਵੀ ਪਹੁੰਚ ਸਕਦਾ ਹੈ ਜਿਵੇਂ ਬ੍ਰਿਹਦਆਰਣਿਕ ਉਪਨਿਸ਼ਦ ਵਿੱਚ "ਬਾਲਾਕੀ" ਅਤੇ "ਅਜਾਤਸ਼ਤਰੂ" ਦੀ ਵਾਰਤਾਲਾਪ ਤੋਂ ਪ੍ਰਗਟ ਹੁੰਦਾ ਹੈ ਅਤੇ "ਪਿੰਡ ਦੀ ਅਸਲੀਅਤ ਦੀ ਅੰਤਰਮੁੱਖੀ ਖੋਜ ਕਰਕੇ, ਜਾਗਰਿਤ, ਸੁਪਨ ਅਤੇ ਸੁੱਖਪਤੀ ਅਵਸਥਾ ਦੇ ਗਿਆਨ ਰਾਹੀਂ ਵੀ ਪਹੁੰਚ ਸਕਦਾ ਹੈ, ਜਿਵੇਂ ਮਾਂਡੂਕੀਆ ਉਪਨਿਸ਼ਦ ਵਿੱਚ ਕਥੱਨ ਕੀਤਾ ਗਿਆ ਹੈ। ਜੀ. ਏ. ਗਾਸਕਲ ਦੀ

---

1. Dr. Surinder Singh. Kohli.,"Out Lines of Sikh Thought." Page-18.
"In Indian Philosophy., the ultimate reality is called Brahman."
cp. "The Concept of Brahman.

2. i Taitt. Up. ii,i.-" Satyam-jnanam Anantam brahma."
ii Brhi. Up. iii,9,29.- Vijnanma nandam brahma.

3. Dagobert D. Runes.,"The Dictionary of Philosophy. Page-41.

"Brahman- The impersonal pantheistic world soul, the absolute union with which is the highest goal of the upanishads . (E.V.) and Vedic (E.V.)"

ਵਿਆਖਿਆ ਇਸ ਨੂੰ ਹੋਰ ਸਪਸ਼ਟ ਕਰਦੀ ਹੈ ।[1] ਉਸ ਅਨੁਸਾਰ ਬ੍ਰਹਮ ਇੱਕ ਚਿੰਨ ਹੈ, ਉੱਚਤਮ ਆਤਮਾ ਦਾ, ਇੱਕ ਅੰਤਮ ਹੋਂਦ, ਜਾਂ ਵਿਅਕਤ ਪਰਮਾਤਮਾ , ਸਭ ਦਾ ਉੱਚਤਮ ਆਪਾ । ਆਦਿ ਕਾਲ ਵਿੱਚ ਇਹ ਸੱਭ ਕੁੱਝ ਬ੍ਰਹਮ ਸੀ । ਅਨੰਤ, ਉਪਰ, ਹੇਠਾ, ਸਭ ਪਾਸੇ । ਇਹ ਅਨੰਤ ਉੱਚਤਮ ਆਪਾ ਸੈਂ ਹੈ । ਅਸੀਮ ਅਜੂਨੀ ਅਕੱਥ, ਅਲੱਖ ਹੈ । ਅਕਾਸ਼ ਵਾਂਗ ਸਰਵ ਵਿਆਪਕ ਹੈ, ਸਾਰੀ ਸਿਰਜਨਾ ਦੇ ਅੰਤ ਤੇ ਉਹ ਇਕੱਲਾ ਹੀ ਚੇਤੰਨ ਰਹਿ ਜਾਂਦਾ ਹੈ ।

ਇੰਜ ਬ੍ਰਹਮ ਵਿਸ਼ਵ ਤੋਂ ਪਹਿਲਾਂ ਵੀ ਹੈ, ਵਿਸ਼ਵ ਵਿੱਚ ਵੀ ਅਤੇ ਵਿਸ਼ਵ ਤੋਂ ਬਾਅਦ ਵੀ ਹੈ । ਵਿਸ਼ਵ ਦੇ ਦੌਰਾਨ ਉਹ ਵਿਸ਼ਵ ਦਾ ਮੂਲ ਅਧਾਰ ਹੈ, ਵਿਸ਼ਵ ਵਿੱਚ ਸਰਵ-ਵਿਆਪਕ ਹੈ, ਵਿਸ਼ਵ ਦੇ ਜੀਵਾਂ ਲਈ ਪ੍ਰਾਪਤੀ ਦਾ ਸਭ ਤੋਂ ਵੱਡਾ ਲਕਸ਼ ਹੈ, ਜਿਸ ਨੂੰ ਉਹ ਆਪਣੇ ਅੰਦਰੋਂ ਵੀ ਪ੍ਰਾਪਤ ਕਰ ਸਕਦੇ ਹਨ ਅਤੇ ਬਾਹਰੋਂ ਬ੍ਰਹਿਮੰਡ ਵਿਚੋਂ ਵੀ । ਜੀਵ ਅਤੇ ਬ੍ਰਹਿਮੰਡ ਦੇ ਸਬੰਧ ਵਿੱਚ ਕਈ ਵਾਰ ਬ੍ਰਹਮ ਨੂੰ ਬ੍ਰਹਮ-ਆਤਮਾ ਵੀ ਕਹਿ ਲਿਆ ਜਾਂਦਾ ਹੈ ਕਿਉਂਜੋ ਉਹ ਵਿਸ਼ਵ ਆਤਮਾ ਹੋਣ ਦੇ ਨਾਲ ਹੀ ਜੀਵਾਂ ਦਾ ਉੱਚਤਮ ਆਪਾ ਜਾਂ ਆਤਮਾ ਵੀ ਹੈ । ਪਰ ਜੀਵ ਤੇ ਇਨ੍ਹਾਂ ਦਾ ਨਿਮਨ ਆਪਾ ਜਾਂ ਹਉਮੈ, ਭਰਮ ਭੁਲਾਵੇ ਭਰਿਆ ਵਿਸ਼ਵ ਪ੍ਰਗਟਾ ਅਤੇ ਮਾਇਆ, ਇਹ ਸਭ ਵੀ "ਬ੍ਰਹਮ" ਤੋਂ ਬਾਹਰ ਨਹੀਂ ਸਗੋਂ ਸਾਪੇਖਕ ਤੌਰ ਤੇ ਨਿਮਨ ਦ੍ਰਿਸ਼ਟੀ ਕੋਣ ਤੋਂ ਵੇਖਿਆਂ ਇਕ ਪ੍ਰਕਾਰ ਨਾਲ ਨਿਮਨ- ਬ੍ਰਹਮ ਹੈ । ਬ੍ਰਹਮ ਅਤੇ ਆਤਮਾ ਵੀ ਦੋ ਨਹੀਂ ਸਗੋਂ ਇਕੋ ਅਸਲੀਅਤ ਹਨ । ਇਕੋ ਬ੍ਰਹਮ - ਆਤਮਾ ਰੰਗਾਂ-ਰੰਗ ਦੇ ਵਿਸ਼ਵ ਅਤੇ ਜੀਵਾਂ ਦੀ ਅਨੇਕਤਾ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ ।

"ਬ੍ਰਹਮ" ਸ਼ਬਦ ਇਨ੍ਹਾਂ ਵਿਸ਼ਾਲ ਅਰਥਾਂ ਤੱਕ ਝੱਟ ਪੱਟ ਹੀ ਨਹੀਂ ਪਹੁੰਚਿਆ, ਸਗੋਂ ਹੌਲੀ ਹੌਲੀ ਅਰਥ ਵਿਕਾਸ ਕਰਦਾ ਹੋਇਆ ਇਸ ਅੰਤਮ ਪੜਾਅ ਤੇ ਪਹੁੰਚਿਆ ਹੈ । ਰਿਗਵੇਦ ਵਿੱਚ

---

1. G. A. Gaskel.,"Dictionary of All Scriptures and Myths. Page-123.

Brahman:- A symble of the Supreme Spirit, the one Absolute Being or it may be, the manifested God- the higher Self of all- In the beginning Brahman was all this. He was one and infinite, above and below and everywhere. Infinite---the Highest Self is not to be fixed. He is unlimited, unborn not to be reasoned about, not to be conceived. He is like Ether (everywhere) and at the destruction of the universe he alone is awake."

"ਅੰਤਮ ਸੱਚ" ਨੂੰ ਬ੍ਰਹਮ ਨਾਮ ਨਹੀਂ ਸੀ ਦਿੱਤਾ ਗਿਆ । ਸਗੋਂ ਇਸ ਨੂੰ ਪਰਜਾਪਤੀ, ਅਦਿਤੀ, ਵਿਸ਼ਵਕਰਮਾ , ਹਿਰਨੀਯਗਰਭ ਜਾਂ "ਕ" ਜਾਂ ਬ੍ਰਹਸਪਤੀ ਆਦਿ ਨਾਮਾਂ ਰਾਹੀਂ ਵਿਅਕਤ ਕੀਤਾ ਜਾਂਦਾ ਸੀ ।[1]

ਰਿਗ ਵੇਦ ਦੇ ਸਮੇਂ "ਬ੍ਰਹਮ" ਸ਼ਬਦ ਦੀ ਵਰਤੋਂ ਕਿਨ੍ਹਾਂ ਅਰਥਾਂ ਵਿੱਚ ਹੁੰਦੀ ਸੀ ? ਇਸ ਬਾਰੇ ਕਈ ਵਿਚਾਰ ਪ੍ਰਚੱਲਤ ਹਨ । ਇੱਕ ਮੱਤ ਹੈ ਕਿ ਰਿਗ ਵੇਦ ਵਿੱਚ ਬ੍ਰਹਮ ਸ਼ਬਦ ਪ੍ਰਾਰਥਨਾ, ਜਾਂ ਇਸ ਦੇ ਪ੍ਰਭਾਵ ਨੂੰ ਵਿਅਕਤ ਕਰਦਾ ਸੀ । ਬਾਅਦ ਵਿੱਚ ਇਹ ਸ਼ਬਦ ਇਸ "ਪ੍ਰਭਾਵ" ਪਿਛਲੀ ਅਸਲ ਸਤਾ ਨੂੰ ਵਿਅਕਤ ਕਰਨ ਲੱਗ ਪਿਆ । ਅੰਤ ਉਪਨਿਸ਼ਦਾਂ ਵਿੱਚ ਇਸ ਦੀ ਵਰਤੋਂ "ਅੰਤਮ ਸੱਚ" ਨੂੰ ਵਿਅਕਤ ਕਰਨ ਲਈ ਕੀਤੀ ਜਾਣ ਲੱਗ ਪਈ ।"[2] ਦੂਜਾ ਮੱਤ ਹੈ ਕਿ ਰਿਗ ਵੇਦ ਦੇ ਸਮੇਂ ਇਹ "ਰਹੱਸਮਈ ਸ਼ਕਤੀ ਦਾ ਸੰਕੇਤਕ" ਮੰਨਕੇ ਵਰਤਿਆ ਜਾਂਦਾ ਸੀ । ਇਸ ਨੂੰ ਵਿਭਿੰਨ ਰਸਮਾਂ ਅਤੇ ਯੱਗਾਂ ਦੁਆਰਾ ਬੁਲਾਇਆ ਜਾ ਸਕਦਾ ਸੀ। ਜਦੋਂ ਲੋਕਾਂ ਦਾ ਧਿਆਨ ਕਰਮਕਾਂਡਾਂ ਅਤੇ ਯੱਗਾਂ ਵਲੋਂ ਘੱਟ ਕੇ ਵਿਚਾਰ-ਵਿਮਰਸ਼ਤਾ ਵੱਲ ਵੱਧ ਗਿਆ ਤਾਂ ਉਨ੍ਹਾਂ ਨੇ ਕੁੱਝ ਵਿਸ਼ੇਸ਼ ਯੱਗਾਂ ਦੇ ਉਨ੍ਹਾਂ ਰੂਪਕਾਂ ਨੂੰ ਬ੍ਰਹਮ ਕਹਿਣਾ ਸ਼ੁਰੂ ਕਰ ਦਿੱਤਾ , ਜਿਨ੍ਹਾਂ ਦੇ ਨਿਭਾ ਵੇਲੇ ਵਿਸ਼ੇਸ਼ ਨਿਯਮ ਦੇ ਮਰਿਯਾਦਾ ਪਾਲਨ ਕਰਨੇ ਪੈਂਦੇ ਸਨ। ਹੌਲੀ ਹੌਲੀ ਅਰਥ ਵਿਕਾਸ ਹੁੰਦਾ ਗਿਆ । ਕੇਨਾ ਉਪਨਿਸ਼ਦ ਵਿੱਚ ਦੇਵਤਿਆਂ ਦੀਆਂ ਸਾਰੀਆਂ ਸ਼ਕਤੀਆਂ ਦਾ ਆਧਾਰ "ਬ੍ਰਹਮ" ਕਿਹਾ ਗਿਆ । ਅੰਤ ਮਨੁੱਖ ਦੀ ਅੰਤਰ ਆਤਮਾ ਦੇ ਉੱਤਮ ਸੱਚ ਨੂੰ ਬ੍ਰਹਮ ਕਿਹਾ ਜਾਣ ਲੱਗ ਪਿਆ ।[3] ਇਕ ਹੋਰ ਮੱਤ ਹੈ ਕਿ ਰਿਗ ਵੇਦ ਵਿੱਚ ਬ੍ਰਹਮ ਨੂੰ ਦੇਵਤਿਆਂ ਵੱਲੋਂ ਦਿੱਤੇ ਜਾਂਦੇ ਗਿਆਨ ਦੀ ਸ਼ਕਤੀ ਦੇ ਨਾਮ ਵਜੋਂ ਵਰਤਿਆ ਜਾਂਦਾ ਸੀ । ਕੋਈ ਰਿਗ ਵੇਦ ਵਿਚ ਵਰਤੇ ਬ੍ਰਹਮ ਸ਼ਬਦ ਦਾ ਅਰਥ "ਜਾਦੂ ਮੰਤ੍ਰ" ਕਰਦਾ ਹੈ ।" ਮੋਰਿਸ ਬਲੂਮਫੀਲਡ ਸਾਰੇ ਵਿਚਾਰਾਂ ਨੂੰ ਨਿਆਯੁਕਤ ਕਰਦੇ ਹੋਏ ਲਿਖਦੇ ਹਨ[4] ਕਿ "ਬ੍ਰਹਮ" ਇੱਕ ਪਵਿੱਤਰ ਸ਼ਬਦ ਹੈ, ਜਿਹੜਾ

---

1. Arthur A. macdonell.,"A Vedic Reader For Students." PP.xix,xxi.
2. Vergilus Ferm with 190. Authorities, "Encyclopedea of Religion" PP-712.
3. Hillebrandt's artical on Brahman-E.R.E.-
4. "The sacred word is Brahma. Starting as prayer, charm sacred formula, religion, etc. it becomes the symbol of holy thought and holy utterance. The out-pouring of the soul in its highest longings---the Brahma is the word, the truth in the word is Brahma. Through Brahma heaven and earth are held together."

   Maurice Bloomfield, "The Religion of the Veda." Page-205-273.

ਪ੍ਰਾਰਥਨਾ, ਜਾਦੂ, ਪੂਜਣਯੋਗ ਮੰਤਰ, ਧਾਰਮਿਕ ਕੰਮਾਂ ਆਦਿ ਦੇ ਭਾਵਾਂ ਦਾ ਲਖਾਇਕ ਹੁੰਦਾ ਹੋਇਆ ਆਖਰ ਪਵਿੱਤਰ ਸੋਚਾਂ ਅਤੇ ਕੱਥਨਾਂ ਨੂੰ, ਆਤਮਾ ਦੀਆਂ ਉੱਤਮ ਇਛਾਵਾਂ ਨੂੰ ਵਿਅਕਤ ਕਰਨ ਵਾਲਾ ਚਿੰਨ ਬਣ ਗਿਆ । ਬ੍ਰਹਮ "ਸ਼ਬਦ" ਹੈ ਅਤੇ ਸ਼ਬਦ ਵਿਚਲਾ ਸੱਚ "ਬ੍ਰਹਮ" ਹੈ ।

ਇਸ ਸੁਆਲ ਦਾ ਜਵਾਬ ਕਿ ਬ੍ਰਹਮ ਸ਼ਬਦ ਕਿਵੇਂ ਅੰਤਮ ਸੱਚ ਦਾ ਲਖਾਇਕ ਹੋਇਆ, ਵੱਖੋ ਵੱਖਰੇ ਵਿਦਵਾਨਾਂ ਨੇ ਵੱਖੋ ਵੱਖਰੀ ਤਰ੍ਹਾਂ ਦਿੱਤਾ ਹੈ । ਹੋਗ ਦਾ ਮੱਤ ਹੈ ਕਿ ਬ੍ਰਹਮ ਦਾ ਮਤਲਬ ਹੈ ਪ੍ਰਾਰਥਨਾ, ਕਿਉਂਜੋ ਇਹ "ਬ੍ਰਹ" ਧਾਤੂ ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ "ਵਾਧਾ ਕਰਨਾ" । ਫਿਰ ਇਸ ਦਾ ਅਰਥ ਕਿਆ ਜਾਣ ਲੱਗ ਪਿਆ "ਪ੍ਰਕ੍ਰਿਤੀ ਦੀ ਸ਼ਕਤੀ" ਅਤੇ ਆਖਰਕਾਰ "ਅੰਤਮ ਸੱਚ"। ਰੋਥ ਅਨੁਸਾਰ ਪਹਿਲਾਂ "ਬ੍ਰਹਮਾ" ਦੇਵਤਿਆਂ ਵੱਲ ਦਿੱਤੇ ਜਾਂਦੇ ਧਿਆਨ ਦੀ ਸ਼ਕਤੀ ਦਾ ਨਾਮ ਸੀ । ਫਿਰ ਇਸ ਦਾ ਅਰਥ ਕਿਆ ਜਾਣ ਲੱਗ ਪਿਆ ਪਵਿੱਤਰ ਮੰਤ੍ਰ ਅਤੇ ਆਖਰਕਾਰ "ਅੰਤਮ ਸੱਚ" । ਓਲਡਨ ਬਰਗ ਦਾ ਵਿਚਾਰ ਹੈ ਕਿ ਵੈਦਿਕ ਕਾਲ ਵਿੱਚ, ਜਦ ਬਹੁਤ ਸਾਰੇ ਦੇਵੀ ਦੇਵਤਿਆਂ ਅਤੇ ਖੁਸ਼ੀ ਗਮੀ ਲਿਆਉਣ ਵਾਲੀਆਂ ਰਹਸਮਈ ਸ਼ਕਤੀਆਂ ਦੀ ਪੂਜਾ ਕੀਤੀ ਜਾਂਦੀ ਸੀ ਤਾਂ ਸਭ ਤੋਂ ਵੱਧ ਸ਼ਕਤੀਸ਼ਾਲੀ ਮਨੁੱਖ "ਡਾਕਟਰ" ਹੁੰਦਾ ਸੀ, ਜਿਹੜਾ ਰਹਸਮਈ ਸ਼ਕਤੀਆਂ ਅਤੇ ਜਾਦੂ ਨਾਲ ਲੋੜੀਂਦਾ ਅਸਰ ਪਾਉਂਦਾ ਸੀ । ਉਸ ਵੇਲੇ ਬ੍ਰਹਮ ਦਾ ਅਰਥ ਸੀ " ਜਾਦੂ ਮੰਤ੍ਰ" । ਬ੍ਰਾਹਮਣਾਂ ਦੇ ਕਾਲ ਵਿੱਚ ਇਸ ਦਾ ਸਬੰਧ ਪਵਿੱਤਰ ਮੰਤਰਾਂ ਅਤੇ ਯੱਗਾਂ ਨਾਲ ਹੋ ਗਿਆ । ਇਨ੍ਹਾਂ ਵਿਚੋਂ ਸ਼ਾਇਦ ਕੁੱਝ ਮੰਤ੍ਰ ਅਜਿਹੇ ਸਨ ਜਿਹੜੇ ਜਾਦੂ ਦਾ ਪ੍ਰਭਾਵ ਪਾਉਂਦੇ ਸਨ । ਹੌਲੀ ਹੌਲੀ ਇਹ ਸ਼ਬਦ ਵਿਸ਼ਵ ਨੂੰ ਪੈਦਾ ਕਰਨ ਵਾਲੀ ਸ਼ਕਤੀ ਨੂੰ ਦੇ ਦਿੱਤਾ ਗਿਆ । ਡੋਸਨ ਦਾ ਵਿਚਾਰ ਹੈ ਕਿ ਬ੍ਰਹਮ ਪ੍ਰਾਰਥਨਾ ਹੈ, ਜਿਹੜੀ ਆਤਮਾ ਨੂੰ ਉਦੋਂ ਹੀ ਉਠਿਆਂ ਕਰਦੀ ਹੈ ਜਦੋਂ ਅਸੀਂ ਸਚਾਈ ਨੂੰ ਜਾਣ ਲੈਂਦੇ ਹਾਂ । ਫਿਰ ਇਸ ਸਚਾਈ ਨੂੰ ਇਸੇ ਸ਼ਬਦ ਰਾਹੀਂ ਜਾਣਿਆ ਜਾਣ ਲੱਗ ਪੈਂਦਾ ਹੈ । ਮੈਕਸਮੂਲਰ ਇਸ ਦਾ ਅਧਾਰ "ਸ਼ਬਦ" ਵਿੱਚ ਵੇਖਦਾ ਹੈ । ਜਿਵੇਂ ਬ੍ਰਹਸਪਤੀ ਜਾਂ ਵਾਕਸਪਤੀ ਤੋਂ ਸਪੱਸ਼ਟ ਹੁੰਦਾ ਹੈ । ਉਹ ਜੋ ਬੋਲਦਾ ਹੈ, ਬ੍ਰਹਮ ਹੈ---[1]

ਉਸ ਤਰ੍ਹਾਂ, ਰਿਗ ਵੇਦ ਦੀਆਂ ਰਿਚਾਂ ਵਿੱਚ ਬ੍ਰਹਮ ਸ਼ਬਦ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:-

"ਦੇਵਤੇ ਜਿਹੜੇ ਬ੍ਰਹਮ (ਪ੍ਰਾਰਥਨਾ) ਕਰਦੇ ਹਨ, ਸਾਨੂੰ ਆਪਣੀ ਤਿਹਰੀ ਸੁਰੱਖਿਆ ਦੇਕੇ ਬੁਰਾਈ ਤੋਂ ਬਚਾ ਸਕਣ ।"

---

1. Dr. Radhakrishan.,"Indian Philosophy." Vol. 1. Page-163-64.

"ਤੂੰ ਦੇਵਤਿਆਂ ਦਾ ਦਿੱਤਾ "ਬ੍ਰਹਮ" (ਪਵਿੱਤਰ ਮੰਤਰ) ਗਾ[1] ਸ਼ੱਤਪਥ ਬ੍ਰਹਮਣ ਵਿੱਚ ਪਹਿਲੀ ਵਾਰ ਬ੍ਰਹਮ ਸ਼ਬਦ ਨੂੰ ਆਧੁਨਿਕ ਦ੍ਰਿਸ਼ਟੀਕੋਣ ਅਨੁਸਾਰ ਵਿਆਨ ਵਿੱਚ ਲਿਆ ਗਿਆ।[2] ਬਾਅਦ ਵਿੱਚ ਕੇਨਾ ਉਪਨਿਸ਼ਦ[3] ਬ੍ਰਿਹਦਆਰਣਿਅਕ ਉਪਨਿਸ਼ਦ, ਆਦਿ ਕਈ ਉਪਨਿਸ਼ਦਾਂ ਵਿੱਚ ਬ੍ਰਹਮ ਨੂੰ "ਪਰ ਲੋਕਮ" (ਪਰ ਲੋਕ) ਦੇ ਨਾਮ ਨੂੰ ਵਿਅਕਤ ਕਰਨ ਲਈ ਖੁਲ੍ਹੀ ਤਰਾਂ ਵਰਤਿਆ ਗਿਆ ਹੈ। ਭਾਗਵਦ ਗੀਤਾ ਵਿੱਚ ਬ੍ਰਹਮ ਬਾਰੇ ਇਸ ਤਰਾਂ ਲਿਖਿਆ ਹੈ:-

ब्रह्मार्पणं ब्रह्म हविर्ब्रह्माग्नौ ब्रह्मणा हुतम् ।
ब्रह्मैव तेन गन्तव्यं ब्रह्मकर्मसमाधिना ॥24॥

ਅਰਥਾਤ ਅਰਪਣ ਕਰਨ ਦੀ ਕਿਰਿਆ ਬ੍ਰਹਮ ਹੈ। ਅਰਪਣ ਕਰਨ ਦਾ ਦਰਵ ਬ੍ਰਹਮ ਹੈ, ਬ੍ਰਹਮ ਅਗਨਿ ਵਿੱਚ ਬ੍ਰਹਮ ਨੇ ਹਵਨ ਕੀਤਾ ਹੈ। ਇਸ ਤਰਾਂ ਜਿਸਦੀ ਬੁੱਧੀ ਵਿੱਚ ਸਭ ਕਰਮ ਬ੍ਰਹਮਮਯ ਹਨ ਉਸਨੂੰ ਬ੍ਰਹਮ ਹੀ ਮਿਲਦਾ ਹੈ।

ਅਤੇ

"ਜਿਸ ਨੂੰ ਜਾਣ ਲੈਣ ਨਾਲ ਅੰਮ੍ਰਿਤ (ਮੋਕਸ਼) ਪ੍ਰਾਪਤ ਹੁੰਦਾ ਹੈ, ਉਹ ਅਨਾਦਿ ਬ੍ਰਹਮ ਹੈ। ਉਸ ਨੂੰ ਨਾ ਸੱਤ ਕਹਿੰਦੇ ਹਨ ਅਤੇ ਨਾ ਅਸੱਤ। ਉਸ ਦੇ ਸਭ ਪਾਸੇ ਹੱਥ ਪੈਰ ਹਨ, ਸਭ ਪਾਸੇ ਅੱਖਾਂ, ਸਿਰ ਅਤੇ ਮੂੰਹ ਹੈ, ਸਭ ਪਾਸੇ ਕੰਨ ਹਨ, ਉਹ ਹੀ ਇਸ ਲੋਕ ਵਿੱਚ ਸਭ ਵਿੱਚ ਵਿਆਪ ਰਿਹਾ ਹੈ। ਉਸ ਵਿੱਚ ਸਭ ਇੰਦ੍ਰੀਆਂ ਦੇ ਗੁਣਾਂ ਦਾ ਆਭਾਸ ਹੈ ਪਰ ਉਸ ਦੀ ਕੋਈ ਇੰਦ੍ਰੀ ਨਹੀਂ। ਉਹ ਸਭ ਤੋਂ ਅਸਕਤ (ਅਲੱਗ) ਹੁੰਦਾ ਹੋਇਆ ਵੀ ਸਭ ਦਾ ਪਾਲਨ ਕਰਦਾ ਹੈ ਅਤੇ ਨਿਰਗੁਣ ਹੁੰਦਾ ਹੋਇਆ ਵੀ ਗੁਣਾਂ ਦਾ

---

1. Rig Ved 10; 66.56,1.6,143,7,141,7.
   i May the gods who perform Brahma (ie. prayer) furnish us with their thrice Covering protection from evil.
   ii Sing Ye a Brahma (pious mantra) given by the gods."
2. Egglings translation of Satpaths Brahma. S.B.E. Vol.xi.v. Page 27--- ਇਥਾ ਵਿਚ ਆਉਂਦਾ ਹੈ--- ਸਪਸ਼ਟ ਤੌਰ ਤੇ ਇਸ ਵਿਸ਼ਵ ਦੇ ਅਰੰਭ ਵਿੱਚ ਬ੍ਰਹਮ ਸੀ। ਉਸ ਨੇ ਦੇਵਤੇ ਪੈਦਾ ਕੀਤੇ----"
3. Kena Up. 1. 4.5.6.7.

ਉਪਯੋਗ ਕਰਦਾ ਹੈ ।[1]

ਸੋ ਇਥੇ "ਬ੍ਰਹਮ" ਦਾ ਇੱਕ ਮੁੱਢਲਾ ਅਰਥ ਵੀ ਲਿਆ ਗਿਆ ਹੈ ਕਿ ਬ੍ਰਹਮ ਯੱਗ ਵਿੱਚ ਅਰਪਣ ਕਰਨ ਦੀ ਕਿਰਿਆ ਵੀ ਬ੍ਰਹਮ ਹੈ । ਤੇ ਫਿਰ ਬ੍ਰਹਮ ਦਾ ਉਪਨਿਸ਼ਦਾਂ ਵਿਚ ਲਿਆ ਜਾਣ ਵਾਲਾ "ਅੰਤਿਮ ਸੱਚ" ਦਾ ਅਰਥ ਵੀ ਹੈ। ਇਥੇ ਵੈਦਿਕ ਵਿਚਾਰਧਾਰਾ ਅਤੇ ਉਪਨਿਸ਼ਦਿਕ ਵਿਚਾਰਧਾਰਾ ਦਾ ਮੇਲ ਹੋ ਜਾਂਦਾ ਹੈ । ਸੋ ਭਾਗਵਦ ਗੀਤਾ ਦੇ ਲਿਖੇ ਜਾਣ ਤੱਕ "ਬ੍ਰਹਮ" ਸ਼ਬਦ ਆਪਣੇ ਉੱਚਤਮ ਅਰਥ ਨੂੰ ਵੀ ਪਹੁੰਚ ਚੁੱਕਾ ਸੀ ਅਤੇ ਆਪਣੇ ਮੁੱਢਲੇ ਅਰਥਾਂ ਵਿੱਚ ਵੀ ਪ੍ਰਚਲਤ ਸੀ ।

ਬ੍ਰਹਮ ਸ਼ਬਦ ਦੀ ਵਰਤੋਂ ਇੰਨੀ ਵਧੇਰੇ ਹੋਣੀ ਹੈ ਕਿ ਇਸ ਸ਼ਬਦ ਨਾਲ ਬਣਨ ਵਾਲੀਆਂ ਕਿਰਿਆਵਾਂ, ਕਿਰਿਆ ਵਿਸ਼ੇਸ਼ਣਾਂ ਅਤੇ ਸਮਾਸਾਂ ਸਮੇਤ ਇਸ ਦੇ ਅਰਥ 315 ਦੇ ਕਰੀਬ ਹਨ ।[2] ਕੁੱਝ ਵਧੇਰੇ ਮਹੱਤਵਪੂਰਨ ਅਰਥ ਹਨ:-

---

1. युक्तः कर्मफलं त्यक्त्वा शान्तिमाप्नोति नैष्ठिकीम् ।
   अयुक्तः कामकारेण फले सक्तो निबध्यते ।। 12 ।।

   सर्वकर्माणि मनसा संन्यस्यास्ते सुखं वशी ।
   नवद्वारे पुरे देही नैव कुर्वन्न कारयन् ।। 13 ।।

   न कर्तृत्वं न कर्माणि लोकस्य सृजति प्रभुः ।
   न कर्मफलसंयोगं स्वभावस्तु प्रवर्तते ।। 14 ।।
   नादत्ते कस्यचित्पापं न चैव सुकृतं विभुः ।
   अज्ञानेनावृतं ज्ञानं तेन मुह्यन्ति जन्तवः ।।15 ।।
   ज्ञानेन तु तदज्ञानं येषां नाशितमात्मनः ।
   तेषामादित्यवज्ज्ञानं प्रकाशयति तत्परम् ।।16।।
   तद्बुद्धयस्तदात्मानस्तन्निष्ठास्तत्परायणाः ।
   गच्छन्त्यपुनरावृत्तिं ज्ञाननिर्धूतकल्मषाः ।। 17 ।।

   विद्याविनयसम्पन्ने ब्राह्मणे गवि हस्तिनि ।
   शुनि चैव श्वपाके च पण्डिताः समदर्शिनः ।। 18 ।।

2. i **Aurthor Anthony Maccdonel's. "A Practical Sanskrit Dictionary."** **Page-129.** ਤੇ ਇਸ ਦੇ 37 ਅਰਥ ਦਿੱਤੇ ਹਨ ।

   ii **R.K. Gode an and C.G.Karve's Sanskrit English Dictionary."** **Vol.ii Page-1173-1177.** ਤੇ ਇਸਦੇ 315 ਅਰਥ ਦਿੱਤੇ ਗਏ ਹਨ ।

ਉੱਚਤਾ ਹੋਣ, 2. ਪ੍ਰੀਤਾ ਦਾ ਭਜਨ, 3. ਪਵਿੱਤਰ ਪੁਸਤਕਾਂ, 4. ਵੇਦ, 5. ਪੁਜਾਰੀ, 6. ਵੇਦਾਂ ਦਾ ਬ੍ਰਾਹਮਣ ਭਾਗ, 7. ਬ੍ਰਾਹਮਣਾਂ ਦੀ ਸ਼ਕਤੀ, 8. ਧਾਰਮਿਕ ਰਸਮਾਂ, 9. ਪਵਿੱਤਰਤਾ, 10. ਮੁਕਤੀ, 11. ਮਿਥਿਹਾਸ, 12. ਓਮ, 13. ਧਨ, 14. ਭੋਜਨ, 15. ਬ੍ਰਹਮਾ, 16. ਸੱਚ, 17. ਬ੍ਰਾਹਮਣਾਂ ਦਾ ਭੋਜਨ, 18. ਆਤਮਾ, 19. ਬ੍ਰਹਮ ਸਾਸਤ੍ਰ, 20. ਗਾਇਤ੍ਰੀ ਮੰਤ੍ਰ, 21. ਪਵਿੱਤਰ ਮਨੁੱਖ, 22. ਸੋਮਯਗੀ ਹੋਣ ਵਾਲੇ ਪੁਜਾਰੀਆਂ ਵਿਚੋਂ ਇੱਕ, 23. ਸੂਰਜ, 24. ਬੁੱਧੀ, 25. ਸੱਤਾਂ ਪਰਜਾਪੱਤੀਆਂ ਵਿਚੋਂ ਇੱਕ, 26. ਬ੍ਰਹਸਪਤੀ, 27. ਧ੍ਰੂ ਤਾਰਾ, 28. ਬ੍ਰਹਮਲੋਕ, 29. ਔਠ ਦੀ ਸਿੱਖਿਆ।

ਗੁਰਬਾਣੀ ਵਿੱਚ ਬ੍ਰਹਮ ਸ਼ਬਦ ਨੂੰ ਇਨ੍ਹਾਂ ਅਰਥਾਂ ਵਿੱਚ ਵਰਤਿਆ ਗਿਆ ਹੈ:-

1. ਸਭ ਤੋਂ ਵਧਿਆ ਹੋਇਆ ਕਰਤਾਰ, 2. ਤਤਸਾਰ, 3. ਬ੍ਰਹਮਾ, 4. ਬ੍ਰਾਹਮਣ, 5. ਬ੍ਰਹਮਾ ਨਾਮ ਦੀ ਯਗਯਵਿਧੀ ਕਰਾਉਣ ਵਾਲਾ ਬ੍ਰਾਹਮਣ, 6. ਵੇਦ, 7. ਦੇਵਤਾ, ਪੂਜਯ ਇਸ਼ਟ, 8. ਤੱਪ, ਤਪਸ੍ਯਾ, 9. ਬ੍ਰਹਮ ਰਿਸ਼ੀ ਦਾ ਸੰਖੇਪ, 10. ਬ੍ਰਹਮ, 11 ਜਨਮ ਸਾਖੀ ਵਿੱਚ ਸ਼ੇਖ ਬ੍ਰਹਮ ਦਾ ਨਾਮ[1] ਸਮੁੱਚੇ ਰੂਪ ਵਿੱਚ ਬ੍ਰਹਮ ਸ਼ਬਦ ਗੁਰਬਾਣੀ ਵਿੱਚ 67 ਵਾਰ ਵਰਤਿਆ ਗਿਆ ਹੈ।[2] ਗੁਰੂ ਨਾਨਕ ਦੇਵ ਜੀ ਨੇ ਇਸ ਨੂੰ 28 ਵਾਰ ਵਰਤਿਆ ਹੈ।[3]

---

1. ਭਾਈ ਕਾਨ੍ਹ ਸਿੰਘ ਨਾਭਾ "ਮਹਾਨ ਕੋਸ਼" ਪੰਨਾ-671.
2. ਪ੍ਰੋ: ਗੁਰਚਰਨ ਸਿੰਘ "ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ" ਭਾਗ ਦੂਜਾ, ਪੰਨਾ-1866 ਤੋਂ ਕੀਤੀ ਗਿਣਤੀ ਅਨੁਸਾਰ।
3. 1. ਗੁਰਪ੍ਰਸਾਦਿ ਬ੍ਰਹਮਿ ਸਮਾਤੁ। (ਆਸਾ ਪਟੀ-20, ਪੰਨਾ-355.)
   2. "ਪਾਂਡੇ ਐਸਾ ਬ੍ਰਹਮ ਬਿਚਾਰੁ" (ਆਸਾ ਪਟੀ-20, ਪੰਨਾ-355.)
   3. ਬੂਝੈ ਬ੍ਰਹਮ ਅੰਤਰਿ ਬਿਬੇਕ। (ਆਸਾ ਪਟਾ-20, ਪੰਨਾ-355.)
   4. ਅਸਟ ਦਸੀ ਚਹੁ ਭੇਦੁ ਨ ਪਾਇਆ।
      ਨਾਨਕ ਸਤਿਗੁਰਿ ਬ੍ਰਹਮ ਦਿਖਾਇਆ। (ਆਸਾ ਪਟਾ-20, ਪੰਨਾ-355.)
   5. ਬ੍ਰਹਮ ਕਮਲ ਮਧੁ ਤਾਸ ਰਸਾਦੰ ਜਾਗਤ ਨਾਹੀ ਸੂਤਾ। (ਗੂਜਰੀ ਅਸਟਪਦੀ-1, ਪੰਨਾ-503.)
   6. ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ। (ਵਡਹੰਸ ਅਲਾਹਣੀ-3, ਪੰਨਾ-581.)
   7. ਸੱਚਾ ਰੰਗ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰ। (ਵਾਰ ਸੂਹੀ ਮਹਲਾ-3, ਵਿਚ ਸਲੋਕ, 788)
   8. ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ-- (ਰਾਮਕਲੀ ਅਸਟਪਦੀ-4, ਪੰਨਾ-404)
   9. ਸਰਣਿ ਨ ਆਈਐ ਬ੍ਰਹਮੁ ਨ ਪਾਈਐ- (ਰਾਮਕਲੀ ਅਸਟਪਦੀ-4, ਪੰਨਾ-404)
   10. ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ।
       (ਰਾਮਕਲੀ ਅਸਟਪਦੀ-9, ਪੰਨਾ-907)

ਬ੍ਰਹਮ ਸ਼ਬਦ ਨੂੰ ਇੰਨਾਂ ਮਹੱਤਵਪੂਰਨ ਸਥਾਨ ਕਿਉਂ ਮਿਲਿਆ ? ਇਸ ਬਾਰੇ ਨਿਸ਼ਚਿੱਤ ਰੂਪ ਵਿੱਚ ਕੁੱਝ ਨਹੀਂ ਕਿਹਾ ਜਾ ਸਕਦਾ । ਪਰ ਇਹ ਗੱਲ ਸਪੱਸ਼ਟ ਹੈ ਕਿ ਇਹ ਹਮੇਸ਼ਾਂ ਹੀ ਇਕ ਮਹੱਤਵਪੂਰਨ ਸ਼ਬਦ ਰਿਹਾ ਹੈ ।

ਜਦੋਂ ਅਸੀਂ ਇਸ ਦੇ ਧਾਤੂ ਤੇ ਇਸ ਦੀ ਬਣਤਰ ਤੇ ਵਿਚਾਰ ਕਰਦੇ ਹਾਂ ਤਾਂ ਇਸ ਗੱਲ ਦਾ ਜਵਾਬ ਵੀ ਕੁੱਝ ਕੁੱਝ ਮਿਲਦਾ ਜਾਪਦਾ ਹੈ । "ਬ੍ਰਹਮ" ਸ਼ਬਦ ਦੇ ਧਾਤੂ ਬਾਰੇ ਵੀ ਦੋ ਰਾਵਾਂ ਹਨ । ਇੱਕ ਰਾਇ ਹੈ ਕਿ ਬ੍ਰਹਮ ਬਰ ( **ब्र** ) ਧਾਤੂ ਤੋਂ ਬਣਿਆ ਹੈ, ਇਸ ਦਾ ਅਰਥ ਹੈ -ਉਹ ਜੋ ਸਭ ਤੋਂ ਉਤੱਮ ਹੈ ।[1] ਦੂਜੀ ਰਾਇ ਅਨੁਸਾਰ ਇਹ ਬ੍ਰਹ ( **बृह** ) ਧਾਤੂ ਤੋਂ ਬਣਿਆ ਹੈ ਜਿਸ ਦਾ

---

11. ਬ੍ਰਹਮਣੁ ਬ੍ਰਹਮ ਗਿਆਨੀ ਇਸਨਾਨੀ ਹਰਿ ਗੁਣ ਪੂਜੈ ਪਾਤੀ । (ਮਾਰੂ ਪਦੇ-11, ਪੰਨਾ-992)
12. ਦ੍ਰਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ" (ਪ੍ਰਭਾਤੀ ਪਦੇ-7, ਪੰਨਾ-1329)
13. ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨ ਉਦਾਸੀ ।
(ਪ੍ਰਭਾਤੀ ਪਦੇ-8, ਪੰਨਾ-1329)
14. ਨਿਹਫਲੰ ਤਸ੍ਯ ਜਨਸ੍ਯ ਜਾਵਦ ਬ੍ਰਹਮ ਨ ਬਿੰਦਤੇ । (ਸਹਸਕ੍ਰਿਤੀ ਸਲੋਕ, ਪੰਨਾ-1353)
15. ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ । (ਗਉੜੀ ਪਦੇ-4, ਪੰਨਾ-152)
16. ਕਾਲੁ ਜਾਲੁ ਬ੍ਰਹਮ ਅਗਨੀ ਜਾਰੇ । (ਗਉੜੀ ਅਸਟਪਦੀ-7, ਪੰਨਾ-223)
17. ਬ੍ਰਹਮ ਕਮਲੁ ਪਇਆਲਿ ਨ ਪਾਇਆ । (ਗਉੜੀ ਅਸਟਪਦੀ-14, ਪੰਨਾ-227)
18. ਗੁਰ ਕਿਰਪਾ ਤੇ ਬੂਝੀਐ ਸਭ ਬ੍ਰਹਮੁ ਸਮਾਇਆ । (ਗਉੜੀ ਅਸਟਪਦੀ-18, ਪੰਨਾ-229)
19. ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ । (ਆਸਾ ਪਦੇ-15, ਪੰਨਾ-353.)
20. ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ । (ਸਿਰੀ ਅਸਟਪਦੀ-6, ਪੰਨਾ-56.)
21. ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਭੀਤਰਿ ਦੇਖੁ ਮੁਰਾਰੀ ਜੀਉ । (ਸੋਰਠ ਪਦੇ-8, ਪੰਨਾ-598.)
22. ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ (ਰਾਮਕਲੀ ਪਦੇ-9, ਪੰਨਾ-879)
23. ਕਾਇਆ ਕੀ ਅਗਨਿ ਬ੍ਰਹਮੁ ਪਰਜਾਲੈ । (ਰਾਮਕਲੀ ਕੀ ਵਾਰ ਮੇਹਲਾ 3 ਵਿਚ ਸਲੋਕ, 952)
24. ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰ । (ਪ੍ਰਭਾਤੀ ਪਦੇ-10, ਪੰਨਾ-1330)
25. ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ । (ਸਲੋਕ ਵਾਰਾਂ ਤੇ ਵਧੀਕ-16, 1411)
26. ਘਟ ਘਟ ਅੰਤਰਿ ਬ੍ਰਹਮੁ ਲੁਕਾਇਆ । (ਸੋਰਠ ਪਦੇ-6 , ਪੰਨਾ-597.)
27. ਦੇਖਿ ਅਚਰਜੁ ਰਹਹੁ ਲਿਵ ਲਾਗੀ ਸਭੁ ਨਿਰੰਤਰਿ ਬ੍ਰਹਮੁ ਸਬਾਇਆ । (ਮਾਰੂ ਸੋਹਲੇ-21, ਪੰਨਾ-1041)
28. ਗੁਰ ਸਬਦੀ ਸਚੁ ਬ੍ਰਹਮੁ ਪਛਾਣਿਆ । (ਮਾਰੂ ਸੋਹਲੇ-22, ਪੰਨਾ-1043)

1. नागरी प्रचारिणी सभा काशी, '' संक्षिप्त हिन्दी शब्द सागर'' पन्ना 712

ਅਰਥ ਹੈ ਬ੍ਰਿਹਾ ਜਾਂ ਅਗਾਧ[1] । ਇਸ ਤਰਾਂ, ਬ੍ਰ + ਹਮ = ਬ੍ਰਹਮ ਦਾ ਭਾਵ ਹੈ ਸਭ ਤੋਂ ਵਧਿਆ ਹੋਇਆ ਅਗਾਧ ਜਾਂ "ਅਗਾਧ ਦਾ ਧਾਮ"

ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਦੋ ਢੰਗਾਂ ਰਾਹੀਂ ਬਿਆਨ ਕੀਤਾ ਜਾਂਦਾ ਹੈ। ਇੱਕ ਤਾਂ ਇਤੀ ਇਤੀ (ਸਭ ਕੁੱਝ ਹੀ ਬ੍ਰਹਮ ਹੈ ) ਕਹਿਕੇ ਬਿਆਨ ਕੀਤਾ ਜਾਂਦਾ ਹੈ ਤੇ ਦੂਜਾ ਨੇਤੀ ਨੇਤੀ (ਬ੍ਰਹਮ ਇਹ ਵੀ ਨਹੀਂ ਇਹ ਵੀ ਨਹੀਂ ਸਭ ਮਾਦਾ ਚੀਜ਼ਾਂ ਦਾ ਅਗਾਧ ਹੈ। ਜੋ ਸਭ ਤੋਂ ਉਪਰ ਅਤੇ ਅਗਾਂਹ ਹੈ ) ਕਹਿਕੇ ਬਿਆਨ ਕੀਤਾ ਜਾਂਦਾ ਹੈ । ਸੋ ਨੇਤੀ ਨੇਤੀ ਕਹਿਣ ਵਾਲਿਆਂ ਅਨੁਸਾਰ "ਬ੍ਰਹਮ" ਸ਼ਬਦ "ਤਦ ਏਕਮ" (ਉਹ ਇੱਕ) ਲਈ ਸਭ ਤੋਂ ਵੱਧ ਉਪਯੁਕਤ ਨਾਮ ਹੈ ।

ਭਾਵੇਂ ਸ਼ੇਸ਼ = ਬਾਕੀ ਦਾ ਅਰਥ ਵੀ ਪਰਮੇਸ਼ਰ ਹੈ[2] । ਪਰ ਇਸ ਰਾਹੀਂ ਉਹ ਭਾਵ ਵਿਅਕਤ ਨਹੀਂ ਹੁੰਦਾ ਜਿਹੜਾ ਬ੍ਰਹਮ ਸ਼ਬਦ ਵਿੱਚ ਬ੍ਰਿਹਾ ਧਾਤੂ ਨਾਲ ਲੱਗੇ ਅਸੀਮਤਾ ਸੂਚਕ ਪਿਛੇਤਰ "ਮ" ਸਦਕਾ ਵਿਅਕਤ ਹੁੰਦਾ ਹੈ । ਨਾਲੇ "ਬ੍ਰਹਮ" ਦਾ ਕੋਈ ਲਿੰਗ ਨਹੀਂ, ਜਦ ਕਿ "ਸ਼ੇਸ਼" ਪੁਲਿੰਗ ਹੈ । "ਸ਼ੇਸ਼ ਨਾਗ " ਦਾ ਅਰਥ ਤਾਂ ਬਿਲਕੁਲ "ਬ੍ਰਹਮ" ਸ਼ਬਦ ਵਾਲਾ ਹੀ ਹੈ । ਸ਼ੇਸ਼ = ਬਾਕੀ ਨਾਗ - ਚਸ਼ਮਾ, ਭਾਵ ਉਹ ਚਸ਼ਮਾ ਜਿਸ ਵਿੱਚ ਸਭ ਮਾਦਾ ਵਸਤਾਂ ਦਾ ਅਗਾਧ ਹੈ, ਜੋ ਸਭ ਤੋਂ ਵਧਿਆ ਹੋਇਆ ਹੈ, ਅਗਾਂਹ ਹੈ, ਸਭ ਦਾ ਜੀਵਨ ਅਧਾਰ ਹੈ । ਪਰ "ਸ਼ੇਸ਼ ਨਾਗ" ਸ਼ਬਦ ਇੱਕ ਸਮਾਸ ਹੈ । ਸਮਾਸ ਵਿੱਚ ਵਿਸ਼ੇਸ਼ਣ ਦਾ ਆ ਜਾਣਾ ਲਾਜ਼ਮੀ ਹੈ, ਜਿਸ ਨਾਲ "ਨਾਮ" ਨੂੰ ਵਧੇਰੇ ਸਪੱਸ਼ਟ ਕੀਤਾ ਹੁੰਦਾ ਹੈ । ਪਰ ਗੁਣ ਜਾਂ ਵਿਸ਼ੇਸ਼ਣ ਅਸੀਮ ਨੂੰ ਸੁਸੀਮ ਕਰ ਦੇਂਦਾ ਹੈ । ਇਸ ਕਾਰਨ ਕੋਈ ਗੁਣਵਾਚਕ ਸ਼ਬਦ ਸੰਪੂਰਨ "ਬ੍ਰਹਮ" ਭਾਵ ਦਾ ਲਖਾਇਕ ਨਹੀਂ ਹੋ ਸਕਦਾ । ਫਿਰ ਸ਼ੇਸ਼ ਨਾਗ ਵੀ ਪੁਲਿੰਗ ਹੈ । ਅਜਿਹੇ ਭਾਵ ਵਾਲੇ ਸ਼ਬਦ ਸੰਸਕ੍ਰਿਤ ਵਿੱਚ ਹੋਰ ਵੀ ਹਨ , ਪਰ "ਬ੍ਰਹਮ" ਸ਼ਬਦ ਜਿੰਨਾਂ ਸੰਪੂਰਨ ਕੋਈ ਨਹੀਂ ।

ਬ੍ਰਹਮ ਸ਼ਬਦ ਬ੍ਰਾਹਮਣਾਂ ਕਾਰਨ ਹੀ ਵਧੇਰੇ ਮਹੱਤਵਸ਼ੀਲ ਹੋਣਾ ਹੈ । ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

---

1.i ਭਾਈ ਕਾਨ੍ਹ ਸਿੰਘ ਨਾਭਾ "ਮਹਾਨ ਕੋਸ਼" ਪੰਨਾ-671.

ii ਡਾ: ਤਾਰਨ ਸਿੰਘ ਸੇਠੀ "ਗੁਰੂ ਨਾਨਕ ਸ਼ਬਦ ਰਤਨਾਕਰ" ਪੰਨਾ-285.

iii Dr. Radhakrishanan "Indian Philosophy" Page-164.

2.i नागरो प्रचारपो सभा काशी, '' संक्षिप्त हिन्दी शब्द सागर'' पन्नन 929

ii ਭਾਈ ਕਾਨ੍ਹ ਸਿੰਘ ਨਾਭਾ "ਮਹਾਨ ਕੋਸ਼" ਪੰਨਾ-170.

iii '' आदर्श हिन्दी शब्द कोश'' पण्डित राम चन्द्र पाठक, पन्ना 505

"ਸੋ ਬ੍ਰਾਹਮਣ ਜੋ ਬ੍ਰਹਮੁ ਬੀਚਾਰੈ ਆਪਿ ਤਰੈ ਸਗਲ ਕੁਲ ਤਾਰੈ"[1] (ਧਨਾਸਰੀ ਪਦਾ-5, 662)

"ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ"[2]

ਸੋ "ਬ੍ਰਾਹਮਣ" ਸ਼ਬਦ "ਬ੍ਰਹਮ" ਕਰਕੇ ਹੋਂਦ ਵਿਚ ਆਇਆ । ਜੋ ਵਿਅਕਤੀ ਬ੍ਰਹਮ ਗਿਆਨ ਪ੍ਰਾਪਤ ਕਰ ਲੈਂਦੇ ਹਨ ਉਹ ਬ੍ਰਾਹਮਣ ਅਖਵਾਉਂਦੇ ਹਨ । ਬ੍ਰਾਹਮਣਾਂ ਦਾ ਮਹੱਤਵ ਵੱਧਣ ਨਾਲ ਬ੍ਰਹਮ ਸ਼ਬਦ ਦਾ ਮਹੱਤਵ ਵੀ ਵੱਧਦਾ ਗਿਆ । ਕਿਉਂਜੋ ਬ੍ਰਾਹਮਣਾਂ ਦਾ ਭਾਰਤੀ ਸਮਾਜ ਵਿਚ ਬਹੁਤ ਮਹੱਤਵਪੂਰਨ , ਉੱਚਾ ਸਥਾਨ ਰਿਹਾ ਹੈ , ਇਸ ਲਈ "ਬ੍ਰਹਮ" ਸ਼ਬਦ ਦਾ ਮਹੱਤਵਪੂਰਨ ਹੋਣਾ ਸੁਭਾਵਕ ਹੈ ।

## ਬ੍ਰਹਮ ਦੇ ਦੋ ਰੂਪ

ਇਕੋ ਬ੍ਰਹਮ ਦੀਆਂ ਬ੍ਰਹਮ ਦੇ ਵਿਸ਼ਵ ਰੂਪ ਵਿਚ ਅਨੇਕ ਰੰਗਾਂ ਰੰਗੀ ਪ੍ਰਗਟਾਵੇ ਕਾਰਨ ਬ੍ਰਹਮ ਦੇ ਦੋ ਰੂਪ ਜਾਂ ਦੋ ਅਵਸਥਾਵਾਂ ਹੋ ਜਾਂਦੀਆਂ ਹਨ । ਇਕ ਤਾਂ ਉਹ ਰੂਪ ਜਾਂ ਅਵਸਥਾ ਜਿਸ ਵਿਚ ਇਹ ਜਿਵੇਂ ਦਾ ਹੈ, ਉਵੇਂ ਹੀ ਰੂਪਮਾਨ ਹੁੰਦਾ ਹੈ ਅਤੇ ਦੂਜਾ ਰੂਪ ਜਾਂ ਅਵਸਥਾ ਉਹ ਹੈ, ਜਦੋਂ ਉਹ ਆਪਣੀ ਜੁਗਤ ਨਾਲ ਆਪਣੀ ਸ਼ਕਤੀ ਮਾਇਆ ਰਾਹੀਂ ਆਪਣੇ ਆਪ ਨੂੰ ਅਨੇਕ ਰੂਪਤਾ ਵਾਲੇ ਵਿਸ਼ਵ ਵਿੱਚ ਵਿਅਕਤ ਕਰ ਦੇਂਦਾ ਹੈ । ਪਹਿਲਾ ਰੂਪ "ਨਿਰਗੁਣ ਬ੍ਰਹਮ" ਹੈ ਕਿਉਂਜੋ ਇਸ ਵਿੱਚ ਕੋਈ ਗੁਣ ਨਹੀਂ ਹੁੰਦੇ ਜਿਹੜੇ ਦਵੈਤ, ਅਤੇ ਹਉਮੈ ਦਾ ਕਾਰਨ ਹਨ, ਮਾਇਆ ਅਤੇ ਭੁਲੇਖੇ ਦਾ ਕਾਰਨ ਹਨ, ਸਥੂਲਤਾ ਅਤੇ ਵੱਖਰੀ ਹਸਤੀ ਦਾ ਕਾਰਨ ਹਨ, ਬ੍ਰਹਮ ਨੂੰ ਪਰਖੇ ਨਿਰਖੇ ਜਾਣ ਦੀਆਂ ਹੱਦੀਆਂ ਪੈਦਾ ਕਰਨ ਦਾ ਕਾਰਨ ਹਨ । ਅਤੇ ਦੂਜਾ ਰੂਪ ਜਾਂ ਅਵਸਥਾ "ਸਰਗੁਣ ਬ੍ਰਹਮ" ਹੈ ਕਿਉਂਜੋ ਇਹ ਮਾਇਆ ਦੇ ਤਿੰਨ ਗੁਣਾਂ--ਸਤ, ਰਜ, ਤਮ ਰਾਹੀਂ ਅਨੇਕਤਾਂ , ਦਵੈਤ ਅਤੇ ਹਉਮੈ ਪੈਦਾ ਕਰ ਰਿਹਾ ਹੁੰਦਾ ਹੈ । ਸੋ ਬ੍ਰਹਮ ਦੇ ਦੋ ਰੂਪ ਹਨ ।

1. ਨਿਰਗੁਣ ਬ੍ਰਹਮ
2. ਸਰਗੁਣ ਬ੍ਰਹਮ

ਬ੍ਰਿਹਦਆਰਣਯਕ ਉਪਨਿਸ਼ਦ ਵਿੱਚ ਇਨ੍ਹਾਂ ਦੋਨਾਂ ਅਵਸਥਾਵਾਂ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਗਿਆ ਹੈ :-

---

1. ਧਨਾਸਰੀ ਪਦਾ-5, ਪੰਨਾ-662.
2. ਸਲੋਕ ਵਾਰਾਂ ਤੇ ਵਧੀਕ-10, ਪੰਨਾ-1411.

ਬ੍ਰਹਮ ਦੀਆਂ ਦੋ ਅਵਸਥਾਵਾਂ ਹਨ -ਸਰੂਪ ਅਤੇ ਅਰੂਪ, ਬਦਲਣਸ਼ੀਲ ਅਤੇ ਅਬਦਲ, ਸੁਸੀਮ ਅਤੇ ਅਸੀਮ ਵਿਸ਼ਵ ਸਮੇਤ ਅਤੇ ਵਿਸ਼ਵ ਤੋਂ ਉੱਪਰ ।[1]

ਸਰੂਪ, ਬਦਲਣਸ਼ੀਲ ,ਸੁਸੀਮ ਅਤੇ ਵਿਸ਼ਵ-ਸਮੇਤ ਰੂਪ ਨੂੰ ਸਰਗੁਣ ਬ੍ਰਹਮ ਕਿਹਾ ਜਾਂਦਾ ਹੈ ਕਿਉਂਜੋ ਬ੍ਰਹਮ ਦਾ ਇਹ ਸਰੂਪ ਤ੍ਰੈਗੁਣੀ ਮਾਇਆ ਦੇ ਸਾਥ ਵਿਚ ਆਇਆ ਹੋਇਆ ਹੁੰਦਾ ਹੈ । ਅਰੂਪ, ਅਬਦਲ, ਅਸੀਮ, ਵਿਸ਼ਵ ਤੋਂ ਉੱਪਰ "ਬ੍ਰਹਮ" ਨੂੰ, ਤ੍ਰੈਗੁਣੀ ਮਾਇਆ ਤੋਂ ਰਹਿਤ ਹੋਣ ਕਾਰਨ ਨਿਰਗੁਣ ਬ੍ਰਹਮ ਕਿਹਾ ਜਾਂਦਾ ਹੈ । ਨਿਰਗੁਣ ਬ੍ਰਹਮ ਜਦੋਂ ਮਾਇਆ ਦੇ ਤਿੰਨਾਂ ਗੁਣਾਂ ਵਿਚੋਂ ਦੀ ਦ੍ਰਿਸ਼ਟਮਾਨ ਸੰਸਾਰ ਦਾ ਰੂਪ ਧਾਰਨ ਕਰਦਾ ਹੈ ਤਾਂ ਸਰਗੁਣ ਹੋ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਇਸ ਬਾਰੇ ਇਸ ਤਰ੍ਹਾਂ ਲਿਖਦੇ ਹਨ:-

"ਅਵਿਗਤੋ ਨਿਰਮਾਇਲ ਉਪਜੇ ਨਿਰਗੁਣ ਤੇ ਸਰਗੁਣ ਥੀਆ"[2]

ਪਰ ਬ੍ਰਹਮ ਨਿਰਗੁਣ ਅਤੇ ਸਰਗੁਣ ਦੋ ਰੂਪਾਂ ਵਿੱਚ ਹੁੰਦਾ ਹੋਇਆ ਵੀ ਇਕ ਹੀ ਰਹਿੰਦਾ ਹੈ । ਗੁਰੂ ਅਰਜਨ ਦੇਵ ਜੀ ਦੱਸਦੇ ਹਨ:-

"ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ"[3]
"ਨਿਰਗੁਣ ਆਪਿ ਸਰਗੁਣ ਭੀ ਓਹੀ"[4]

ਗੁਰੂ ਨਾਨਕ ਦੇਵ ਜੀ ਨੂੰ ਆਮ ਤੌਰ ਤੇ ਨਿਰਗੁਣ ਧਾਰਾ ਦੇ ਸੰਤ ਮੰਨਿਆ ਜਾਂਦਾ ਹੈ । ਗੁਰੂ ਸਾਹਿਬ ਸ੍ਰਿਸ਼ਟੀ ਨੂੰ ਬ੍ਰਹਮ ਦਾ ਸਰਗੁਣ ਸਰੂਪ ਮੰਨਦੇ ਹਨ । ਪਰ ਸਰਗੁਣ ਸਰੂਪ ਵਿਚੋਂ ਦ੍ਰਿਸ਼ਟਮਾਨ ਹੁੰਦੀ ਬ੍ਰਹਮ ਦੀ ਅਨੇਕਤਾ ਵਿਚੋਂ ਉਹ ਨਿਰਗੁਣ-ਜੋਤ-ਸਰੂਪੀ ਏਕਤਾ ਨੂੰ ਹੀ ਵੇਖਦੇ ਹਨ । ਸਰਗੁਣ ਦੀ ਨਿਰਗੁਣ ਪ੍ਰਤੀ ਨਿਊਨਤਾ ਨੂੰ ਦਰਸਾਉਂਦੇ ਹਨ ।[5] ਸਰਗੁਣ ਸਰੂਪ ਵਿੱਚ ਪ੍ਰਗਟ ਹੋਏ ਸਰੂਪ- ਦੇਵੀ ਦੇਵਤੇ ਅਤੇ ਸਭ ਜੀਵ ਨਿਰਗੁਣ ਦੇ ਨਾਮ ਨੂੰ ਸੁਣਨ ਅਤੇ ਗਾਉਣ ਵਿੱਚ ਮਗਨ ਹਨ ।[6] ਸਰਗੁਣ ਦੀ ਨਿਰਗੁਣ

---

1. **Dr. S.S. Kohli.,"Out Lines of Sikh Thought." Page-19.**
2. ਸਿਧ ਗੋਸਟਿ-24, ਪੰਨਾ-940.
3. ਗਉੜੀ ਸੁਖਮਨੀ ਮਹਲਾ-5, ਪੰਨਾ-290.
4. ਗਉੜੀ ਸੁਖਮਨੀ ਮਹਲਾ-5, ਪੰਨਾ-287.
5. ਈਸਰੁ ਬ੍ਰਹਮਾ ਦੇਵੀ ਦੇਵਾ, ਇੰਦ ਤਪੇ ਮੁਨਿ ਤੇਰੀ ਸੇਵਾ । (ਮਾਰੂ ਸੋਹਲੇ-14, ਪੰਨਾ-1134.)
6. । ਸੁਣੀਐ ਮੁਖਿ ਸਾਲਾਹਣ ਮੰਦ- (ਜਪੁਜੀ-9, ਪੰਨਾ-3.)
   ।। ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ । (ਜਪੁਜੀ-27, ਪੰਨਾ-6.)

ਪ੍ਰਤੀ ਇਹ ਨਿਤ੍ਰੈਣਤਾ ਸਾਪੇਖਿਅਕ ਹੈ ਕਿਉਂਜੋ ਸਰਗੁਣ ਸਾਪੇਖਕ ਅਤੇ ਨਿਰਗੁਣ ਦੇ ਹੁੱਕਮ ਚ' ਹੋਣ ਕਾਰਨ ਸਾਪੇਖਕ ਤੌਰ ਤੇ ਨੀਵੇਂ ਪਾਸੇ ਤੋਂ ਵਿਚਾਰਿਆ ਜਾਂਦਾ ਹੈ । ਇਹ ਨਿਤ੍ਰੈਣਤਾ ਉਪਨਿਸ਼ਦਾਂ ਵਿੱਚ ਵੀ ਵਿਚਾਰੀ ਗਈ ਹੈ। ਇਸ ਲਈ ਕਈ ਵਾਰ ਨਿਰਗੁਣ ਬ੍ਰਹਮ ਨੂੰ ਉੱਚਾ ਬ੍ਰਹਮ (**Upper Brahm**) ਅਤੇ ਸਰਗੁਣ ਬ੍ਰਹਮ ਨੂੰ ਨਿਮਨ ਬ੍ਰਹਮ (**Lower Brahm**) ਕਹਿ ਦਿੱਤਾ ਜਾਂਦਾ ਹੈ । ਸਰਗੁਣ ਵਲੋਂ ਨਿਰਗੁਣ ਦੀ ਉਪਮਾ ਗਾਈ ਜਾ ਰਹੀ ਹੋਣ ਕਾਰਨ ਸਰਗੁਣ ਸਰੂਪ ਵਿਚ ਬ੍ਰਹਮ "ਸ਼ਬਦ" ਰੂਪ ਹੋ ਜਾਂਦਾ ਹੈ । ਇਸ ਲਈ ਇਹ "ਸ਼ਬਦ" ਵੀ ਸਰਵ ਵਿਆਪਕ ਹੈ[1] । ਸਰਗੁਣ ਸਰੂਪ ਵਿਚ ਬ੍ਰਹਮ ਵਿਚ ਦ੍ਵੈਤ ਹੈ ਅਤੇ ਉਹ ਸ਼ਿਵ ਅਤੇ ਸ਼ਕਤੀ ਜਮਾਂ ਅਤੇ ਨਫ਼ੀ (**Positive Negative**) ਦੋ ਰੂਪ ਹੋਕੇ ਵਰਤਦਾ ਅਤੇ ਵਿਸ਼ਵ ਦੀ ਸਥੂਲ ਸਿਰਜਨਾ ਕਰਦਾ ਹੈ । ਸ਼ਿਵ ਬ੍ਰਹਮ ਹੈ ਅਤੇ ਸ਼ਕਤੀ ਉਸਦੀ ਪੈਦਾ ਕੀਤੀ "ਮਾਇਆ" ਹੈ। ਜਿੰਨੀ ਦੇਰ **ਸ਼ਿਵ** ਸ਼ਕਤੀ ਦਾ ਨਫ਼ੀ, ਜਮਾਂ ਦਾ ਮੇਲ ਹੁੰਦਾ ਰਹਿੰਦਾ ਹੈ ਉਨੀ ਦੇਰ ਸਿਰਜਨਾ ਕਾਇਮ ਰਹਿੰਦੀ ਹੈ । ਪਰ ਜਦੋਂ ਇਹ ਮੇਲ "ਜੋੜ" ਹੋਣ ਦੀ ਬਜਾਏ "ਜ਼ਰਬ" ਹੋ ਜਾਂਦਾ ਹੈ ਤਾਂ ਨਫ਼ੀ ਅਤੇ ਜਮਾਂ, ਸ਼ਿਵ ਅਤੇ ਸ਼ਕਤੀ ਆਪਸ ਵਿੱਚ ਅਭੇਦ ਹੋਕੇ ਮੁੜ ੧ ਹੋ ਜਾਂਦੇ ਹਨ ਅਤੇ ਵਿਸ਼ਵ ਸਿਰਜਨਾ ਦਾ ਅੰਤ ਹੋ ਜਾਂਦਾ ਹੈ । ਨਿਰਗੁਣ ਬ੍ਰਹਮ ਮੁੜ ਆਪਣੇ ਅਵਰਨਣਯ ਸਰੂਪ ਵਿੱਚ ਕਾਇਮ ਹੋ ਜਾਂਦਾ ਹੈ । ਕਿਉਂਜੋ - × + = 0,ਤੇ 0 ਕੀ ਹੈ ਇਸ ਦੀ ਸਾਰ ਕਿਸੇ ਨੂੰ ਨਹੀਂ । ਯੂਨਾਨੀਆਂ ਨੇ 0 ਬਾਰੇ ਬਹੁਤ ਅਧਿਐਨ ਕੀਤਾ ਹੈ । ਉਹ ਵੀ "0"ਨੂੰ ਸਭ ਕਾਸੇ ਦਾ ਅੰਤਮ ਅਧਾਰ ਮੰਨਦੇ ਹਨ ।

‘ਸਰਗੁਣ ਸਰੂਪ ਕਾਲ ਬਧ ਹੈ, ਭੈ-ਬਧ ਹੈ, ਹੁੱਕਮ ਬਧ ਹੈ, ਅਗਿਆਨ ਬਧ ਹੈ, ਭਰਮ-ਵੱਸ ਹੈ, ਹਉਮੈ ਵਸ ਹੈ, ਜਦ ਕਿ ਨਿਰਗੁਣ ਸਰੂਪ ਅਕਾਲ, ਨਿਰਭਓ, ਨਿਰਵੈਰ ਹੈ। ਹੁੱਕਮ ਕਰਨ ਵਾਲਾ ਹੈ । ਗਿਆਨ ਸਰੂਪ ਹੈ, ਹਰ ਪ੍ਰਕਾਰ ਦੇ ਭਰਮ ਅਤੇ ਦ੍ਵੈਤ ਉਪਰ ਆਪਣੇ ਆਪ ਵਿਚ ਆਪ ਹੀ ਹੈ । ਅਸਲੀਅਤ ਇਹ ਹੈ ਕਿ ਇੱਕੋ ਬ੍ਰਹਮ ਮਾਇਆ ਰਾਹੀਂ ਸਰਗੁਣ ਸਰੂਪ ਵਿੱਚ ਆਕੇ ਆਪ ਹੀ ਆਪਣੀ ਉਸਤਤ ਸੁਣ ਅਤੇ ਗਾ ਰਿਹਾ ਹੈ । ਗੁਰੂ ਸਾਹਿਬ ਲਿੱਖਦੇ ਹਨ:-

"ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ
ਤੂੰ ਆਪੇ ਰਸਨਾ, ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ
ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ ।"[2]

---

1. ਸਭ ਮਹਿ ਸਬਦ ਵਰਤੈ ਪ੍ਰਭ ਸਾਚਾ ਕਰਮ ਮਿਲੈ ਬੈਆਣੰ । (ਮਲਾਰ, ਅਸਟਪਦੀ-4, ਪੰਨਾ-1275.)
2. ਆਸਾ ਪਦੇ-5, ਪੰਨਾ-350.

"ਏਕੋ ਏਕ ਕਹੈ ਸਭ ਕੋਈ ਹਉਮੈ ਗਰਬੁ ਵਿਆਪੈ ।
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ।
ਏਕੰਕਾਰ ਅਵਰ ਨਹੀਂ ਦੂਜਾ ਨਾਨਕ ਏਕੁ ਸਮਾਈ"[1]

ਸਰਗੁਣ ਬ੍ਰਹਮ ਰੂਪ-ਸਿਰਜਨਾ ਤਾਂ ਨਿਰਗੁਣ ਬ੍ਰਹਮ ਦਾ ਇੱਕ ਖੇਲ ਹੈ ਮਰਜੀ ਹੋਵੇ ਰਚਾ ਲੈਂਦਾ ਹੈ , ਜਦੋਂ ਚਾਹੇ ਢਾਹ ਦੇਂਦਾ ਹੈ ।[2] ਬ੍ਰਹਮ ਦੀ ਏਕਤਾ ਦੇ ਅਨੁਆਈ ਹੋਣ ਕਾਰਨ ਹੀ ਗੁਰੂ ਸਾਹਿਬ ਨੂੰ ਨਿਰਗੁਣ ਵਿਚਾਰਧਾਰਾ ਦੇ ਸੰਤ ਮੰਨਿਆ ਗਿਆ ਹੈ, ਕਿਉਂਜੋ ਗੁਰੂ ਸਾਹਿਬ ਸਰਗੁਣ ਦੇ ਆਕਾਰ ਨੂੰ ਨਹੀਂ ਸਗੋਂ ਇਸ ਦੇ ਅਕਾਰਪਣ ਨੂੰ ਵੇਖਦੇ ਹਨ, ਜਿਸਮ ਨੂੰ ਨਹੀਂ ਵਿਸ਼ਵ ਰੂਪ ਹੋ ਜਾਣ ਵਾਲੇ ਬ੍ਰਹਮ ਨੂੰ ਧਿਆਉਂਦੇ ਹਨ । ਉਨ੍ਹਾਂ ਅਨੁਸਾਰ:-

"ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ।
ਏਕ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ।"[3]

ਇੰਜ ਗੁਰੂ ਸਾਹਿਬ ਨਿਰਗੁਣ "੧" ਵਲੋਂ ਸਰਗੁਣ "ਓ" ਦੀ ਅਨੇਕਤਾ ਵੱਲ ਨੂੰ ਆਉਂਦੇ ਹਨ । ਸਰਗੁਣ ਦੀ ਅਨੇਕਤਾ ਨੂੰ ਵੀ ਸਾਹਮਣੇ ਰੱਖਦੇ ਹਨ । ਅਤੇ ਇਸ ਅਨੇਕਤਾ ਵਿੱਚ ਏਕਤਾ ਨੂੰ ਵੀ ਵੇਖਦੇ ਹਨ । ਉਨ੍ਹਾਂ ਲਈ ਇਹ ਅਨੇਕਤਾ ਹੀ ਆਪਣੀ ਹੋਂਦ ਕਾਰਨ "ॐ" ਦੀ ਅਰਧ ਮਾਤਰਾ ਵਾਂਗ ਆਪਣੇ ਆਪ ਹੀ ਨਿਰਗੁਣ "੧" ਵੱਲ ਸੰਕੇਤ ਕਰਦੀ ਜਾਪਦੀ ਹੈ, ਇਹ ਅਨੇਕਤਾ ਕਈ ਵਾਰਾਂ ਤੇ ਆਪਣੇ ਖੰਡ ਰੂਪ ਵਿੱਚ ਹੀ ਅਖੰਡ ਨਾਲ ਅਭੇਦ ਵੀ ਹੋ ਜਾਂਦੀ ਹੈ । ਇੰਜ ਸਮੁੱਚੇ ਰੂਪ ਵਿੱਚ ਇਹ ਸੱਭ ੧ ਓ ਹੈ । ਇਹ ਠੀਕ ਹੈ ਜੋ "ਓ" ਤੇ "ॐ" ਇੱਕੋ ਹਨ ਪਰ ਗੁਰੂ ਸਾਹਿਬ ਨੇ

---

1. ਰਾਮਕਲੀ ਓਅੰਕਾਰ -5 , ਪੰਨਾ-931.
2. I ਤੂੰ ਕਰਤਾ ਪੁਰਖ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ
ਤੂ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ । (ਵਾਰ ਮਾਝ-1,ਪੰਨਾ-138)
II ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ। (ਜਪੁਜੀ-27,ਪੰਨਾ-6.)
III ਤੂ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ। (ਵਾਰ ਮਾਝ, ਪੰਨਾ-139 )
3. ਸੋਰਠਿ ਪਦਾ-11, ਪੰਨਾ-596.

"ਓ" ਤੋਂ ਪਹਿਲਾਂ "੧" ਲਾਇਆ ਹੈ ਕਿਉਂਜੋ ਉਹ ਇਕ ਦਾ ਅਨੁਭਵ ਪਹਿਲਾਂ ਲੈਂਦੇ ਹਨ, ਫਿਰ ਅਨੇਕਤਾ ਰੂਪ ਇਸ ਅਨੁਭਵ ਕਰਕੇ ਵੀ ਇਸ ਨੂੰ ਸਤ ਰੂਪ ਵਿੱਚ ਜਾਣਕੇ ਵੀ ਇਸ ਅੰਦਰ ਵਿਆਪ ਰਹੇ ਇੱਕ ਨੂੰ ਹੀ ਦ੍ਰਿਸ਼ਟੀਗੋਚਰ ਰੱਖਦੇ ਹਨ। ਅਨੇਕ ਜੋਤ ਹੋ ਰਹੀ ਇੱਕੋ ਜੋਤ ਨੂੰ ਇਕਾਗਰਚਿਤ ਕਰਦੇ ਹਨ। ਇਸੇ ਲਈ ਗੁਰੂ ਸਾਹਿਬ ਦਾ ਬੀਜ ਮੰਤ੍ਰ ਇਕੱਲਾ "ੴ" ਜਾਂ "ਓ" ਨਹੀਂ ਸਗੋਂ "੧ਓ" ਹੈ।

ਗੁਰੂ ਸਾਹਿਬ ਨੇ "ਬ੍ਰਹਮ" ਲਈ ਹੋਰ ਵੀ ਅਨੇਕਾਂ ਨਾਮ ਵਰਤੇ ਹਨ।[1] ਪਰ ਇਹ ਸਭ ਗੁਣ-ਵਾਚਕ ਨਾਮ ਹਨ। ਬ੍ਰਹਮ ਦੀ ਨਿਰਗੁਣ ਅਤੇ ਸਰਗੁਣ ਅਵਸਥਾਂ ਨੂੰ ਬਿਆਨ ਕਰਦਾ ਹੋਇਆ ਦੋ ਸ਼ਬਦਾਂ ਦਾ ਸਮੂਹ "੧ਓ" ਵੀ ਵਰਤਿਆ ਹੈ ਅਤੇ ਇਸ ਦੀ ਹੋਂਦ ਦਾ ਲਖਾਇਕ "ਸਤਨਾਮ" ਵੀ ਵਰਤਿਆ ਹੈ ਪਰ ਇੰਨਾਂ ਕੁੱਝ ਹੁੰਦੇ ਹੋਏ ਵੀ ਬ੍ਰਹਮ ਸ਼ਬਦ ਆਪਣੇ ਆਪ ਵਿੱਚ ਬਹੁਤ ਮਹੱਤਵਪੂਰਨ ਹੈ।

੧ਓ ਵਿਆਖਿਆ ਹੈ ਅਤੇ "ਸਤ" ਨਾਮ ਹੈ। ਪਰ ਕਿਸ ਦਾ? ਬ੍ਰਹਮ ਦਾ। ਸੋ "ਬ੍ਰਹਮ" ਸ਼ਬਦ ਅਜਿਹਾ ਹੈ ਜਿਸ ਵਿਚ ਸਾਰੇ ਭਾਵ ਸਮਾਂ ਜਾਂਦੇ ਹਨ, ਜਿਸ ਨਾਲ ਸਾਰੇ ਭਾਵ ਸਬੰਧਤ ਕੀਤੇ ਜਾ ਸਕਦੇ ਹਨ। ਕਿਉਂਜੋ ਜਿਵੇਂ ਅਸੀਂ ਉਪਰ ਵੇਖਿਆ ਹੈ ਕਿ "ਬ੍ਰਹਮ" ਸ਼ਬਦ "ਅੰਤਿਮ ਸੱਚ" ਦੇ ਨਿਰਗੁਣ ਸਰੂਪ ਨੂੰ ਬਿਆਨ ਕਰਦਾ ਹੈ ਅਤੇ ਨਿਰਗੁਣ ਸਰੂਪ ਵੀ ਉਹ ਜਿਹੜਾ ਸਰਗੁਣ ਸਰੂਪ ਹੁੰਦੇ ਹੋਏ ਵੀ ਕਾਇਮ ਹੁੰਦਾ ਹੈ, ਸਰਗੁਣ ਸਰੂਪ ਦੇ ਹੁੰਦੇ ਹੋਏ ਵੀ ਕਾਇਮ ਰਹਿੰਦਾ ਹੈ, ਸਰਗੁਣ ਸਰੂਪ ਤੋਂ ਕੁੱਝ ਪਹਿਲਾਂ ਵੀ ਅਤੇ ਬਾਅਦ ਵਿੱਚ ਵੀ। ਜੋ ਸਭ ਦਾ ਅਧਾਰ ਰੂਪ ਹੈ। ਬ੍ਰਹਮ ਸ਼ਬਦ ਆਪਣੀ ਬਣਤਰ ਕਾਰਨ ਆਪਣੇ ਆਪ ਹੀ ਅਧਾਰ ਰੂਪ ਹੋਣ ਦਾ ਪ੍ਰਤੀਕ ਹੈ ਜਿਵੇਂ ਇਸਾਈਆਂ ਲਈ **God** (ਗੌਡ) ਅਤੇ ਮੁਸਲਮਾਨਾਂ ਲਈ ਰੱਬ।

ਭਾਵੇਂ ਸਾਰੀ ਗੁਰਬਾਣੀ ਵਿੱਚ ਬ੍ਰਹਮ ਸ਼ਬਦ ਦੀ ਕਾਫੀ ਵਰਤੋਂ ਹੋਈ ਹੈ ਪਰ ਤਾਂ ਵੀ ਸਿੱਖਾਂ ਵਿਚ ਕੋਈ ਬਹੁਤ ਪ੍ਰਚਲਤ ਸ਼ਬਦ ਨਹੀਂ। ਇਸ ਦਾ ਕਾਰਨ ਸ਼ਾਇਦ ਇਹ ਹੋ ਸਕਦਾ ਹੈ ਕਿ ਬ੍ਰਾਹਮਣਾਂ ਨਾਲ ਜੁੜਿਆ ਹੋਣ ਕਾਰਨ ਬ੍ਰਹਮ ਸ਼ਬਦ ਵੀ ਆਪਣਾ ਮਹੱਤਵ ਗੁਆ ਬੈਠਾ ਹੋਣਾ ਹੈ। ਜਦੋਂ ਸਿੱਖ ਬ੍ਰਹਮ ਸ਼ਬਦ ਵਰਤਣ ਬਾਰੇ ਸੋਚਦੇ ਤਾਂ ਉਨ੍ਹਾਂ ਨੂੰ ਇਸ ਵਿੱਚੋਂ ਪਾਖੰਡ ਰੂਪ ਧਾਰ ਚੁੱਕੇ ਬ੍ਰਾਹਮਣਾਂ ਦੀ ਸੂਰਤ ਨਜ਼ਰ ਆਉਂਦੀ ਹੋਵੇਗੀ।

ਪ੍ਰਮੁੱਖ ਕਾਰਨ ਇਹ ਵੀ ਹੋ ਸਕਦਾ ਹੈ ਕਿ "ਬ੍ਰਹਮ" ਸ਼ਬਦ ਦੀ ਵਰਤੋਂ ਮੂਲ ਮੰਤ੍ਰ ਵਿੱਚ ਨਹੀਂ ਹੋਈ। ਸਿੱਖਾਂ ਵਿੱਚ ਬ੍ਰਹਮ ਦੇ ਹੋਰ ਨਾਮ ਵਧੇਰੇ ਪ੍ਰਚਲਤ ਹਨ ਜਿਨ੍ਹਾਂ ਦੀ ਵਰਤੋਂ ਮੂਲ ਮੰਤ੍ਰ ਵਿੱਚ

---

1. ਇਸ ਬਾਰੇ "ਬ੍ਰਹਮ ਅਤੇ ਉਸਦੇ ਨਾਮ" ਚੈਪਟਰ ਵਿੱਚ ਵਿਚਾਰ ਕੀਤੀ ਗਈ ਹੈ।

ਹੋਈ ਹੈ ਜਾਂ ਫਿਰ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਸਾਜਣ ਸਮੇਂ ਮਾਨਤਾ ਦਿੱਤੀ ਜਿਵੇਂ:- ਸਤਿਕਰਤਾਰ, ਅਕਾਲ ਪੁਰਖ, ਪਰਮਾਤਮਾ ਆਦਿ ।

ਇਹ ਸਭ ਨਾਮ ਆਪਣੇ ਆਪ ਵਿੱਚ ਮਹਾਨ ਸਰੂਪ ਹਨ ਪਰ "ਬ੍ਰਹਮ" ਸ਼ਬਦ ਵਾਂਗ ਸਰਬ ਅਰਥੀ ਨਹੀਂ ਸਗੋਂ ਮਨੁੱਖਾਂ ਨਾਲ ਸਬੰਧਤ , ਸਿਰਜਨਾ ਨਾਲ ਸਬੰਧਤ ਨਾਮ ਹਨ ਜਿਨ੍ਹਾਂ ਨੂੰ ਵਰਣਨ ਕਰਨ ਲੱਗੇ ਬ੍ਰਹਮ ਦੇ ਨਿਰਗੁਣ ਜਾਂ ਸਰਗੁਣ ਸਰੂਪ ਨੂੰ ਸਾਹਮਣੇ ਰੱਖਣਾ ਪੈਂਦਾ ਹੈ ।

"ਬ੍ਰਹਮ" ਸ਼ਬਦ ਇਕ ਨੁਕਤਾ ਹੈ ਜਿਹੜਾ ਦੋਹਾਂ-ਨਿਰਗੁਣ ਸਰਗੁਣ ਵਿਸ਼ਾਵਾਂ ਵਿੱਚ ਆਕੇ ਵੀ , ਇੰਨ੍ਹਾਂ ਦੋਹਾਂ ਨੂੰ ਮੇਲਦਾ ਹੈ ਅਤੇ ਇਨ੍ਹਾਂ ਦੋਹਾਂ ਤੋਂ ਵੱਖ ਵੀ ਆਪਣੀ ਹੋਂਦ ਕਾਇਮ ਰੱਖਦਾ ਹੈ । ਓਸਟ ਧੁਨੀ ਤੋਂ ਅਰੰਭ ਹੋਕੇ, ਤਾਲਵੀ ਧੁਨੀ ਵੱਲ ਜਾਕੇ, ਧੁਰ ਕਾਵੀ ਧੁਨੀ ਵਿਚ ਜਾਂਦਾ ਹੋਇਆ ਆਖਰ ਕੰਠ ਧੁਨੀ ਤੇ ਆਕੇ ਸਮਾਪਤ ਹੁੰਦਾ ਹੋਇਆ ਆਪਣੀ ਅੰਤਮ ਦੀਰਘ ਧੁਨੀ ਦੀ ਟੁਣਕਾਰ ਨੂੰ ਨਾਸਿਕਾ ਧੁਨੀ ਰਾਹੀਂ ਅਨੰਤ ਵਿੱਚ ਸਮੋਂ ਦੇਂਦਾ ਹੈ ।

ਸੋ ਬ੍ਰਹਮ, ਇਕ ਸਰਬ ਸਮਰੱਥ ਸ਼ਕਤੀ ਹੈ ਜਿਹੜੀ ਸਭ ਕੁੱਝ ਹੀ ਹੈ । ਇਹ ਸ਼ਕਤੀ ਆਪਣੇ ਸ਼ਕਤੀ ਰੂਪ ਵਿਚ ਅਵਰਨਣਯ ਹੈ । ਇਸ ਦੀ ਹੋਂਦ ਹਮੇਸ਼ਾਂ ਹੈ, ਇਹੋ ਸਿਰਜਨਾ ਦਾ ਕਾਰਨ ਹੈ । ਆਪਣੇ ਆਪ ਵਿਚੋਂ ਹੀ ਸਾਰੀ ਸਿਰਜਨਾ ਪੈਦਾ ਕਰਕੇ ਵੀ ਇਹ ਆਪਣੇ ਨਿਰਲੇਪ ਰੂਪ ਵਿੱਚ ਹਮੇਸ਼ਾਂ, ਹਰ ਥਾਂ ਕਾਇਮ ਰਹਿੰਦੀ ਹੈ । ਸਾਰੀ ਸਥੂਲ ਸਿਰਜਨਾ ਹੀ ਆਖਰਕਾਰ ਇੱਕ ਦਿਨ ਅਰੂਪ ਹੋਕੇ ਇਸੇ ਰੂਪ ਵਿਚ ਆ ਜਾਂਦੀ ਹੈ । ਅਤੇ ਇਸੇ ਵਿਚ ਅਭੇਦ ਹੋ ਜਾਂਦੀ ਹੈ । ਸਾਇੰਸ ਨੇ ਇਸ ਦੇ ਕੁੱਝ ਰੂਪ ਸਰਬ-ਵਿਆਪਕ ਰੋਸ਼ਨੀ ( **Light** ) ਅਤੇ ਗਰਮੀ ( **Heat** ) ਅਤੇ ਤਾਕਤ ( **Energy** ) ਖਲਾ ( **Ether** ) ਦੇ ਰੂਪ ਵਿਚ ਅਨੁਭਵ ਕੀਤੇ ਹਨ ।

ਸਰ ਓਲੀਵਰ ਲਾਜ ਆਪਣੇ ਲੇਖ ਅਸਲੀਅਤ ਅਤੇ ਦ੍ਰਿਸ਼ਟਮਾਨ ਰੂਪ (**Reality & Appearance**) ਵਿੱਚ ਲਿੱਖਦੇ ਹਨ:-

ਫਿਲਾਸਫਰ ਹਮੇਸ਼ਾਂ ਅਸਲੀਅਤ ਲੱਭਣ ਦਾ ਯਤਨ ਕਰਦੇ ਆਏ ਹਨ ਅਤੇ ਦ੍ਰਿਸ਼ਟਮਾਨ ਰੂਪ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਦੇ ਆਏ ਹਨ । ਉਹ ਜਾਹਰਾ ਦੀ ਅਸਲੀਅਤ ਨਾਲੋਂ ਭਿੰਨਤਾ ਵੇਖਕੇ ਬਹੁਤ ਹੈਰਾਨ ਨਹੀਂ ਹੋਏ-ਹੋਣੇ--------------। ਇਹ ਪਤਾ ਲੱਗਿਆ ਹੈ ਕਿ ------- ਭੌਤਿਕ ਵਿਸ਼ਵ ਦੀ ਮੂਲ ਬਣਤਰ ਦਾ ਅਧਾਰ ਮਾਦਾ ਪਰਮਾਣੂ ( **Material atam** ) ਨਹੀਂ ਜਿਵੇਂ ਕਿ ਪਹਿਲਾਂ ਸਮਝਿਆ ਜਾਂਦਾ ਰਿਹਾ ਹੈ ਸਗੋਂ ਬਿਜਲੀ ਲਹਿਰ ਦਾ ਇੱਕ ਜੁੱਟ ਹੈ । ਇਸ ਤਰ੍ਹਾਂ ਮਾਦੇ ਦੀ ਬਿਜਲੀ ਸਿਧਾਂਤ ਦਾ ਵਿਕਾਸ ਹੋਇਆ ਜਿਹੜਾ ਕਿ ਉਪਰੀ ਦ੍ਰਿਸ਼ਟਮਾਨ ਦਿਖ ਤੋਂ ਬਿਲਕੁਲ ਉਲਟ ਹੈ। ਸਾਨੂੰ ਪਤਾ ਲੱਗਾ ਹੈ ਕਿ ਸਾਰੇ ਪ੍ਰਮਾਣੂ ਆਪਸ ਵਿਚ ਸਬੰਧਤ ਹਨ, ਸਭ ਇਕੋ ਚੀਜ਼ ਦੇ ਬਣੇ ਹੋਏ ਹਨ --- ਮਨਫ਼ੀ ਅਤੇ ਜਮਾਂ ਬਿਜਲੀ ( **Negative and Positive Electricity**)

ਦੇ । ਇਨ੍ਹਾਂ ਪਰਮਾਣੂਆਂ ਦਾ ਆਪਸ ਵਿਚ ਫਰਕ ਇੰਨਾਂ ਹੀ ਹੈ ਕਿ ਮਨਫੀ - ਜਮਾਂ ਬਿਜਲੀ ਵੱਖ ਵੱਖ ਢੰਗਾਂ ਨਾਲ ਘੱਟ ਵੱਧ ਮਾਤ੍ਰਾ ਵਿਚ ਸੰਮਿਲਤ ਹੈ । ਇਸ ਤਰ੍ਹਾਂ ਸਾਰੀ ਬਾਹਰੀ ਪ੍ਰਕ੍ਰਿਤੀ, ਨਜ਼ਾਰੇ, ਅਤੇ ਸੰਸਾਰ ਦੀ ਹਰ ਦ੍ਰਿਸ਼ਟਮਾਨ ਵਸਤ, ਸਮੇਤ ਸਾਡੇ ਸਰੀਰਾਂ ਦੇ ਦੋ ਵਸਤਾਂ ਦੇ ਆਪਸ ਵਿਚ ਅਨੇਕ ਢੰਗੀ ਮੇਲ ਕਾਰਨ ਹੈ । ਇਹ ਦੋ ਵਸਤਾਂ ਹਨ:- ਪਰੋਟੋਨ (**Positively Charged Atoms** ) ਅਤੇ ਇਲੈਕਟਰੋਨ ( **Negatively Charged Atoms** ) ਇਹ ਬਿਲਕੁਲ ਮੁਢਲੀ ਅਤੇ ਅਤਿਅੰਤ ਜ਼ਰੂਰੀ ਤਬਦੀਲੀ ਹੈ ਅਤੇ ਅਜਿਹੀ ਸਚਾਈ ਹੈ ਜਿਸ ਦਾ ਦ੍ਰਿਸ਼ਟਮਾਨ ਸਰੂਪ ਤੋਂ ਕੁੱਝ ਥਾਹ ਨਹੀਂ ਮਿਲਦਾ, ਪਰ ਜੋ ਅਸਲ ਵਿਚ ਮਾਦਾ ਵਿਸ਼ਵ ਦੀ ਬਿਨ੍ਹਾਂ ਕਿਸੇ ਸ਼ੱਕ ਪੂਰਨ ਸਚਾਈ ਹੈ।[1]

---

1. Philosophers have always sought reality and striven to dive down into Appearance, in the search for it, and would not be very much surprised if they found it very different from what it superficially looks like .................Thus it was found that the atoms, were not seperate individual entities, having no common properties, or family relationship but that they were members of a family and werebuilt up of same ingredients in fixed proportion, so that the fundemental constituent of the physical world was not the material atom as had been thought but was the unit of electric charge. Thus arose the electric theory of matter, absolutely contrary to all superficial appearance . We learnt that all the atoms were related to each other, they were all composed of the same things, namely positive and negative electricity and that the difference between the chemical atoms could be explained by the number and pattern in which these two elements were mingled. Thus the whole complexity of external nature, the landscapes and every thing that could be obsered, including our own bodies, were due to the groupings of arrangements of immense numbers of two fundemental entities known as the proton and electron. A revolutionary change, this of most significance, a kind of reality, not the least suggested by appearance of things and yet undoubtedly true of the whole material world.

ਗੁਰੂ ਸਾਹਿਬ ਨੇ ਇਸ ਮਨਿਡੀ ਅਤੇ ਜਮਾਂ ਦੇ ਸਿਧਾਂਤ ਨੂੰ ਸ਼ਿਵ ਅਤੇ ਸ਼ਕਤੀ ਕਿਹਾ ਹੈ। ਜੋ ਅਸਲ ਵਿਚ "੧" ਹੀ ਹਨ। ਆਈਨ ਸਟਾਈਨ ਨੇ ਵਿਸ਼ਵ ਵਿਚ ਵਿਆਪਕ ਸੰਗੀਤ ਦੀਆਂ ਲਹਿਰਾਂ ਦਾ ਅਨੁਭਵ ਲਿਆ ਸੀ ਜਿਹੜੀਆਂ ਕਿ ਬ੍ਰਹਮ ਦਾ ਸ਼ਬਦ ਜਾਂ ਨਾਦ ਰੂਪ ਤੋਂ ਇਲਾਵਾ ਹੋਰ ਕੁੱਝ ਨਹੀਂ ਹੋ ਸਕਦੀਆਂ। ਐਡਿੰਗਟਨ ਆਪਣੇ ਲੇਖ " **The Nature of the Physical World**" ਵਿਚ ਸ਼ਪਸ਼ਟ ਤੌਰ ਤੇ ਸਿੱਧ ਕਰਦੇ ਹਨ ਕਿ ਮਾਇੰਸ ਅਨੁਸਾਰ ਸਾਰੇ ਸੰਸਾਰ ਦੀ ਹਸਤੀ "ਇੱਕ" ਸਤਾ ਉਤੇ ਅਧਾਰਤ ਹੈ ਅਤੇ ਇਹ ਸਤਾ ਚੇਤਨ ਸਤਾ ਹੈ ਇੰਜ ਉਨਾਂ ਨੂੰ ਬ੍ਰਹਮ ਦੇ ਸਤ ਅਤੇ ਚਿਤ ਹੋਣ ਦਾ ਅਨੁਭਵ ਹੋ ਗਿਆ ਹੈ ਪਰ "ਆਨੰਦ ਸਰੂਪ ਹੋਣ ਦਾ ਨਹੀਂ ਹੋਇਆ, ਭਾਵੇਂ ਪ੍ਰਕ੍ਰਿਤੀ ਦਾ ਵਿਕਾਸ ਅਤੇ ਰੰਗਾਂ ਰੰਗੀ ਸੁਹੱਪਣ ਆਪਣੇ ਆਪ ਹੀ ਬ੍ਰਹਮ ਦੇ ਆਨੰਦ ਸਰੂਪ ਹੋਣ ਦਾ ਲਖਾਇਕ ਹੈ।

1932 ਈ: ਵਿਚ ਜਦੋਂ ਅਮਰੀਕਨ ਵਿਗਿਆਨੀਆਂ ਨੇ ਇਲੈਕਟਰਾਨ ਨੂੰ ਨਿਊਟਰਾਨਾਂ" (**Newtrons** ) ਵਿੱਚ ਤੋੜਿਆ ਤਾਂ ਇਹ ਗੱਲ ਪੂਰੀ ਤਰਾਂ ਸਿੱਧ ਹੋ ਗਈ ਕਿ ਦ੍ਰਿਸ਼ਟਮਾਨ ਠੋਸ ਪ੍ਰਕ੍ਰਿਤੀ ਅਸਲ ਵਿੱਚ ਬਿਜਲੀ ਵਰਗੀ ਸੂਖਸ਼ਮ ਸ਼ਕਤੀ ਹੀ ਹੈ। ਅਤੇ ਹਰ ਜੀਵ ਇਸ ਮਹਾਨ ਸ਼ਕਤੀ ਸਾਗਰ ਵਿਚ ਇੱਕ ਨੁਕਤਾ ਹੈ ਜੋ ਕੁਦਰਤ ਦੇ ਨਿਯਮ (**Law of Nature** ) ਜਾਂ ਬ੍ਰਹਮ ਦੇ ਹੁੱਕਮ ਅਨੁਸਾਰ ਹੀ ਗਤੀਸ਼ੀਲ ਹੈ।

ਸੋ ਬ੍ਰਹਮ ਕੋਈ ਅਧਿਆਤਮਿਕਤਾ ਦੇ ਖੇਤ੍ਰ ਨਾਲ ਸਬੰਧਤ ਹੀ ਵਿਸ਼ਾ ਨਹੀਂ ਸਗੋਂ ਸਭ ਕੁੱਝ ਨਾਲ ਸਬੰਧਤ ਹੈ ਕਿਉਂਜੋ ਸਭ ਕੁੱਝ ਹੀ ਬ੍ਰਹਮ ਹੈ।

## ਪ੍ਰਕਰਣ ਸੱਤਵਾਂ

## "ਨਿਰਗੁਣ ਬ੍ਰਹਮ"

ਵੇਦਾਂ ਅਨੁਸਾਰ, ਉਪਨਿਸ਼ਦਾਂ ਅਨੁਸਾਰ, ਗੁਰੂ ਨਾਨਕ ਦੇਵ ਜੀ ਅਨੁਸਾਰ ।

***

# ਨਿਰਗੁਣ ਬ੍ਰਹਮ

ਸੰਸਾਰ ਸਿਰਜਨਾ ਤੋਂ ਪਹਿਲਾਂ "ਬ੍ਰਹਮ" ਆਪਣੇ ਨਿਰਗੁਣ ਸਰੂਪ ਵਿੱਚ ਸੀ । ਇਹ ਅਵਸਥਾ ਕਿਹੋ ਜਿਹੀ ਸੀ ? ਇਸ ਦਾ ਬਿਆਨ ਅਸੀਂ ਰਿਗ ਵੇਦ ਤੋਂ ਲੈਕੇ, ਇਤਿਹਾਸਕ ਕ੍ਰਮ ਅਨੁਸਾਰ ਕਰਾਂਗੇ । ਰਿਗ ਵੇਦ ਦੇ ਨਾਸਦੀਆ ਸੂਕਤ ਵਿੱਚ ਇੰਜ ਲਿਖਿਆ ਹੋਇਆ ਹੈ:-

"ਰਚਨਾ ਤੋਂ ਪਹਿਲਾਂ ਸਾਰੇ ਪਾਸੇ ਹਨੇਰਾ ਹੀ ਹਨੇਰਾ ਸੀ । ਇਸ ਹਨੇਰੇ ਦੇ ਵਿੱਚ ਵੀ ਅਤੇ ਇਸ ਤੋਂ ਅਗਾਂਹ ਵੀ ਇਕੱਲਾ ਬ੍ਰਹਮ ਹੀ ਬ੍ਰਹਮ (ਇਕਮ) ਸੀ । ਜੋ ਹਰ ਤਰਾਂ, ਦੇ ਗੁਣਾਂ ਤੋਂ ਰਹਿਤ , ਸ਼ੁਧ, ਗਿਆਨ ਸਰੂਪ ਅਤੇ ਸੈਭੰ ਸੀ । ਉਸ ਨੇ ਹਨੇਰੇ ਵਿਚੋਂ ਆਪਣੇ ਆਪ ਨੂੰ ਵਿਕਸਤ ਕੀਤਾ ਅਤੇ ਆਪਣੀ ਗਿਆਨ-ਸ਼ਕਤੀ ਨਾਲ ਇਸ ਵਿਸ਼ਵ ਦੀ ਸਿਰਜਨਾ ਕਰ ਦਿੱਤੀ ।[1]

ਉਸ ਸਮੇਂ ਨਾ ਕਿਸੇ ਚੀਜ਼ ਦੀ ਹੋਂਦ ਸੀ, ਨਾ ਅਣਹੋਂਦ ਸੀ । ਨਾ ਹਵਾ ਸੀ, ਨਾ ਇਸ ਤੋਂ ਅਗਾਂਹ ਅਕਾਸ਼ ਸੀ । ਫਿਰ ਇਸ ਸਾਰੇ "ਕੁੱਝ" ਨੂੰ ਕਿਸ ਨੇ ਕੱਜਿਆ ਹੋਇਆ ਸੀ ? ਇਹ ਸਭ ਚੀਜ਼ਾਂ ਕਿੱਥੇ ਟਿੱਕੀਆਂ ਹੋਈਆਂ ਸਨ ? ਇਕ ਗਹਿਰੀ ਧੁੰਦ ਵਿੱਚ ।

ਨਾ ਉਦੋਂ ਮੌਤ ਸੀ ਨਾ ਅਮਰਤਾ ਸੀ । ਨਾ ਦਿੱਨ ਅਤੇ ਰਾਤ ਦੀ ਤਬਦੀਲੀ ਸੀ । ਬੱਸ "ਤੱਤ ਏਕਮ" ਆਪ ਹੀ ਆਪਣੇ ਆਪ ਵਿਚ ਸਮਾਇਆ ਮੌਨ ਸਮਾਧ ਵਿਚ ਮਗਨ ਸੀ । ਇਸ ਤੋਂ ਅੱਗੇ ਕੁੱਝ ਵੀ ਨਹੀਂ ਸੀ ।[2]

---

1. तम आसोतम्सा गुमहग्रेग्र प्रकेत सलिल सर्वमा इदम ।
तुच्छोनाभ्वीपिहित पदासोत तपसस्तन्म हिनानापतैकम ।( 5.7.11.3)

2. Rig Veda Book 10., Hymn 129.:-

"There then was neither Aught nor Naught,
No air nor sky beyond. What covered all?
Where rested all ? In watery gulf profound.
Nor death was there, nor deathlessness,
Nor change of night and day. That one breathed calmly,
self-sustained. Nor else beyond it."

ਉਦੋਂ ਕੇਵਲ ਉੱਤਮ ਆਤਮਾ ਅਤੇ ਵਿਸ਼ਵ ਦੇ ਭੌਤਿਕ ਕਾਰਨ ( ਸੂੱਖਮ ) ਦਾ ਹੀ ਪਸਾਰ ਸੀ । ਨਾ ਅਕਾਸ਼ ਸੀ , ਨਾ ਤਿੰਨ ਗੁਣ ਸਨ, ਨਾ ਅਣੂ ਸਨ ਅਤੇ ਨਾ ਪਰਮਾਣੂ ਸਨ ।[1]

ਨਿਰਗੁਣ ਬ੍ਰਹਮ ਦਾ ਸਰੂਪ ਉਪਨਿਸ਼ਦਾਂ ਵਿਚ ਆ ਕੇ ਵਧੇਰੇ ਸਪਸ਼ਟ ਅਤੇ ਵਿਸਥਾਰਿਤ ਹੋ ਜਾਂਦਾ ਹੈ । ਉਪਨਿਸ਼ਦਾਂ ਅਨੁਸਾਰ :-

"ਨਿਰਗੁਣ ਬ੍ਰਹਮ ਜਦ ( ਨਾਸ਼ਵਾਨ ) ਵਸਤੂਆਂ ਦੇ ਨਿਰਮਾਣ ਤੋਂ ਪਹਿਲਾਂ ਦਾ ਬ੍ਰਹਮ ਦਾ ਸਰੂਪ ਹੈ ਜੋ ਨਾ ਵਸਤੂਆਂ ਦੇ ਅੰਦਰ ਹੈ, ਨਾ ਬਾਹਰ ਹੈ । ਉਹ ਅਪਾਰ ਅਨੰਤ ਅਤੇ ਹੈ ।[2] ਇਸ ਦਾ ਨਾ ਕੋਈ ਆਦਿ ਹੈ ਨਾ ਅੰਤ ਹੈ । ਨਾ ਇਸ ਤੋਂ ਪਹਿਲਾਂ ਕੁੱਝ ਸੀ, ਨਾ ਬਾਅਦ ਵਿੱਚ ਕੁੱਝ ਹੋਵੇਗਾ । ਉਹ ਸਭ ਤੋਂ ਉਪਰ ਅਤੇ ਗੁਣਾਂ ਤੋਂ ਰਹਿਤ ਹੈ । ਭੂਤ, ਵਰਤਮਾਨ ਅਤੇ ਭਵਿੱਖਤ ਤੋਂ ਬਾਹਰ ਹੈ, ਪਰ ਤਾਂ ਵੀ ਇਸ ਸਾਰੇ ਕੁੱਝ ਦਾ ਮੂਲ ਅਧਾਰ ਹੈ ।[3] ਇਹ ਨਾ ਬਣਿਆ ਹੋਇਆ ਹੈ ਅਤੇ ਨਾ ਅਣ-ਬਣਿਆ ਹੈ । ਇਹ ਸਥਿਰ ਹੈ, ਪਰ ਮਨ ਨਾਲੋਂ ਤੇਜ਼ ਦੌੜਦਾ ਹੈ । ਨਿਸ਼ਕਰਮ ਹੈ ਪਰ ਤਾਂ ਵੀ ਸਰਬ ਕਰਤਾ ਹੈ ।[4] ਇਹ ਅਖੰਡ, ਅਦਵੈਤ ਅਤੇ ਬਹੁਤਾਤ ਰਹਿਤ ਹੈ । ਸਦਾ ਸਿੱਧ, ਬੁੱਧ ਅਤੇ ਮੁਕਤ ਹੈ ।[5] ਵਾਸ਼ਨਾ ਅਤੇ ਚਿੰਤਾ ਤੋਂ ਰਹਿਤ ਹੈ । ਅਕਾਲ ਦਾ ਕੋਟ ਅਤੇ ਨਿੱਤ-ਸੁੱਧ-ਸਰੂਪ ਹੈ, ਹਮੇਸ਼ਾਂ ਅਜ਼ਾਦ ਹੈ, ਨਿਤ-ਤ੍ਰਿਪਤ ਹੈ, ਉੱਤਮ ਨਿੱਤਯ-ਗਿਆਨ-ਸਰੂਪ ਹੈ, ਸ਼ੁਧ ਚੇਤਨ, ਨਿੱਤ-ਚੇਤਨ- ਸਰੂਪ ਹੈ ।[6]

---

1. नासदः सनोसदासोतदानो नासोन्दक्कोनेव्योमा परोचत ।
किमावरोवः कुहकस्य शम्मन्नम्भ किमासोहहन गभीरस ।। 3 ।।( ऋ0 म0 5।।)
2. "Tat etat Brahma apurvam aparam abhakyam." Br. Up. ii. 5. 19.
3. Ajo nityah Sarvata bhaviyacca. Ioanam bhitabhevyasya." Kath. Up. , i, 2. 14, ii; 5-12; 13, Br. Up. - iv; 5.3.
4. Kath. Up. i, 2. 21;
5. "I am Nirakar Para- Brahman, I am advaita Para-Brahman, I am a Akhand Paripoorana Brahman, I am Nitya Sudda Siddh, Buddh, Mukta Brahman." (Brahma-Anubhave. Up. 1. 1 )
6. Nitya-Suddha Suaroopoham, Nitya Mukta Suaroopoham, Nitya Tripti Suaroopoham, Nitya-Vigiaha Suaroopoham, Nitya Chaitanya Suaroopoham. (Ibid, i, 3.)

ਨਿਰਗੁਣ ਬ੍ਰਹਮ ਦਾ ਕੋਈ ਚਿੰਨ੍ਹ ਨਹੀਂ। ਇਹ ਅਵਿਅਕਤੀਗਤ ਅਤੇ ਸਾਰੀਆਂ ਸੰਵੇਦਨਸ਼ੀਲ ਭਾਵਨਾਵਾਂ ਤੋਂ ਰਹਿਤ ਹੈ। ਬਿਨਾਂ ਕਿਸੇ ਸਾਧਨ ਤੋਂ, ਬਿਨਾ-ਕਿਸੇ ਕਿਰਿਆ ਤੋਂ, ਸ਼ਾਂਤ ਅਤੇ ਸਥਿਰ, ਨਿਰਆਧਾਰ (ਬਿਨਾਂ-ਕਿਸੇ ਬੰਧਨ ਤੋਂ) ਨਿਰੰਜਨ ਹੈ। ਸ਼ਬਦ ਰਹਿਤ, ਛਾਇਆ-ਰਹਿਤ, ਤਾਮਸ-ਰਹਿਤ, ਵਾਯੂ-ਰਹਿਤ, ਕਾਮ-ਰਹਿਤ ਅਤੇ ਅਗਨੀ-ਰਹਿਤ ਹੈ। ਇਸ ਵਿਚ ਨਾ ਕੋਈ ਭੂਤ ਹੈ ਨਾ ਤੱਤ ਹੈ। ਇਹ ਬਿਨਾਂ ਅੱਖਾਂ ਤੋਂ ਦੇਖਦਾ ਹੈ ਅਤੇ ਬਿਨਾਂ ਪੈਰਾਂ ਤੋਂ ਤੁਰਦਾ ਹੈ। ਸਾਰੀਆਂ ਸਾਧਾਰਣ ਇੰਦ੍ਰੀਆਂ ਤੋਂ ਰਹਿਤ ਹੈ ਪਰ ਸਾਰਾ ਕੁੱਝ ਮਹਿਸੂਸ ਕਰਦਾ ਹੈ।[1]

ਨਿਰਗੁਣ ਬ੍ਰਹਮ ਅਲੱਖ, ਅਟੱਲ, ਅਧਾਰ ਰਹਿਤ ਅਤੇ ਸਾਰ ਰਹਿਤ ਹੈ। ਅਲੋਪ ਅਤੀਤ, ਅਭੇਦ, ਅਗਿਆਤ, ਅਚਿੰਤਨੀਯ, ਅਦ੍ਰਿਸ਼ਟ ਅਕਾਰ, ਅਭਿੰਨ ਅਤੇ ਚੰਗਾ ਹੈ।[2] ਸਚਾਈਆਂ ਦੀ ਸਚਾਈ, ਅਸਲੀਅਤਾਂ ਦੀ ਅਸਲੀਅਤ ਹੈ। ਜੀਵਾਂ ਅਤੇ ਅਜੀਵਾਂ ਦੀ ਅਗੰਮ ਸਚਾਈ ਹੈ। ਦੁਨਿਆਵੀ ਹੋਂਦ ਅਤੇ ਅਣਹੋਂਦ ਤੋਂ ਬਾਹਰ ਉੱਤਮ ਅਸਲੀਅਤ ਹੈ।[3]

ਸਵੈ ਪ੍ਰਕਾਸ਼ਤ, ਦਾਗ਼ ਰਹਿਤ, ਸਮੇਂ ਰਹਿਤ, ਭਿੰਨਤਾ ਰਹਿਤ, ਅਕਾਸ਼ ਰਹਿਤ, ਕਾਰਨ ਰਹਿਤ ਬ੍ਰਹਮ ਦਾ ਕਦੀ ਵਿਨਾਸ਼ ਨਹੀਂ ਹੁੰਦਾ। ਜਿਸ ਦਾ ਕੋਈ ਨਾਮ ਨਹੀਂ, ਰੂਪ ਨਹੀਂ, ਉਚਤਾ ਜਾਂ ਨੀਚਤਾ ਨਹੀਂ, ਇਹ ਗਿਆਨ ਸਰੂਪ ਹੈ, ਸਰਬ-ਵਿਆਪਕ ਹੈ, ਮਨੁੱਖੀ ਮਨ ਅਤੇ ਜ਼ਬਾਨ ਤੋਂ ਉਤਾਂਹ ਹੈ।[4]

ਉਪਨਿਸ਼ਦਾਂ ਵਿੱਚ ਦਰਸ਼ਤ ਬ੍ਰਹਮ ਦੇ ਸਰੂਪ ਉੱਤੇ ਸ਼ੰਕਰਾਚਾਰੀਆਂ, ਰਾਮਾਨੁਜ, ਮਾਧਵਾਚਾਰੀਆਂ, ਨਿੰਬਾਰਕ, ਵਲਭਾਚਾਰੀਆ, ਚੈਤੰਨਯ ਦੇਵ ਆਦਿ ਦਾਰਸ਼ਨਿਕਾਂ ਨੇ ਬੜੀ ਵਿਚਾਰ

---

1. **Sarvendriyaganabhasam Sarvandriya Veverjitam." Svet. Up. iii,17.**
2. **Eara etasmim adrsye hatmye. Nirukta Nityaame bhayam Pratistham vindati." (Tait. Up. iv. 7.)**
3. **Sātyasya Sātyam-" Br. Up. ii.5, Sadesads varenyam varam myaan-tad yad varisthan prākanamn." (Mand. Up. ii.2.1.)**
4. **The Self Shining Brahman is stainless, differenceless timeless, spaceless, causeless, It is without destruction, name, form, highness or lowness. It is chidakasa, all prevading and above the reach of human mind and speech."**

**(Jyotir Bindu Up. Mantra-1.)**

ਵਿਆਖਿਆ ਕੀਤੀ ਹੈ । ਸ਼ੰਕਰਾਚਾਰੀਆਂ ਨਿਰਗੁਣ, ਨਿਰਵਿਸ਼ੇਸ਼ , ਨਿਰਾਕਾਰ, ਸਤ ਚਿਤ ਆਨੰਦ ਸਰੂਪ ਬ੍ਰਹਮ ਦੀ ਹੀ ਇਕੋ ਇੱਕ ਹੋਂਦ ਨੂੰ ਮੰਨਦੇ ਹਨ । ਪਰ ਰਾਮਾਨੁਜ ਬ੍ਰਹਮ ਦੇ ਨਿਰਗੁਣ ਅਤੇ ਨਿਰਵਿਕਲਪ ਰੂਪ ਨੂੰ ਨਹੀਂ ਮੰਨਦੇ । ਮਾਧਵਾਚਾਰੀਆਂ ਨਿਰਗੁਣ ਬ੍ਰਹਮ ਦੇ ਸਰੂਪ ਨੂੰ ਹੀ ਮਿਥਿਆ ਕਹਿੰਦੇ ਹਨ । ਨਿੰਬਾਰਕ ਵੀ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਨਹੀਂ ਮੰਨਦੇ ਪਰ ਵਲਭਾਚਾਰੀਆਂ ਨੇ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਮੰਨਿਆ ਹੈ । ਪਰ ਉਹ ਅਵਤਾਰਵਾਦੀ ਹਨ । ਸ਼ੰਕਰਾਚਾਰੀਆਂ ਦੀ ਨਿਰਗੁਣ ਵਿਚਾਰਧਾਰਾ ਤੋਂ ਬਾਅਦ ਜਿੰਨੇ ਵੀ ਦਾਰਸ਼ਨਿਕ ਵਿਚਾਰਕ ਆਉਂਦੇ ਗਏ, ਉਨ੍ਹਾਂ ਦਾ ਮਤ ਨਿਰਗੁਣ ਬ੍ਰਹਮ ਸਰੂਪ ਤੋਂ ਦੂਰ ਹਟਦਾ ਗਿਆ ਤੇ ਉਹ ਹੌਲੀ ਹੌਲੀ ਅਵਤਾਰ ਪੂਜ ਹੁੰਦੇ ਗਏ । ਉੱਥਣ ਦੇ ਅਲਾਵਾ ਵੀ ਵਿਸ਼ਿਸ਼ਟਾਦ੍ਵੈਤਵਾਦੀ ਸਨ । ਹੌਲੀ ਹੌਲੀ ਅਵਤਾਰ ਪੂਜਵਾਦੀਆਂ ਨੂੰ ਹੀ ਸਰਗੁਣ ਵਿਚਾਰਧਾਰਾ ਦਾ ਨਾਮ ਦੇ ਦਿਤਾ ਗਿਆ ।

ਪਰ ਉਪਨਿਸ਼ਦਾਂ ਅਤੇ ਸ਼ਾਇਦ ਇਹ ਗੀਤਾ ਆਪਣੇ ਆਪ ਹੀ ਸਪਸ਼ਟ ਕਰ ਦੇਂਦੀਆਂ ਹਨ ਕਿ "ਬ੍ਰਹਮ" ਦਾ ਨਿਰਗੁਣ ਸਰੂਪ ਵੀ ਹੈ ਜਿਵੇਂ ਕਿ ਅਸੀਂ ਪਹਿਲਾਂ ਦੇਖ ਹੀ ਚੁੱਕੇ ਹਾਂ । ਬ੍ਰਹਮ ਦਾ ਨਿਰਗੁਣ ਸਰੂਪ ਕੇਵਲ ਸਿਰਜਨਾ ਤੋਂ ਪਹਿਲਾਂ ਹੀ ਨਹੀਂ ਸਗੋਂ ਸਿਰਜਨਾ ਹੋ ਚੁੱਕਣ ਤੋਂ ਬਾਅਦ ਵੀ ਬ੍ਰਹਮ ਆਪਣੇ ਨਿਰਗੁਣ ਸਰੂਪ ਵਿਚ ਕਾਇਮ ਰਹਿੰਦਾ ਹੈ ਅਤੇ ਸਿਰਜਣਾ ਵੀ ਆਪਣੇ ਅੰਤ ਸਮੇਂ ਆਪਣੇ ਨਿਰਗੁਣ ਸਰੂਪ ਵਿੱਚ ਹੀ ਸਮਾਉਂਦੀ ਹੈ । ਇਸ ਗੱਲ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਕਰਦੇ ਹਨ । ਗੁਰੂ ਸਾਹਿਬ ਨਿਰਗੁਣ ਬ੍ਰਹਮ ਦਾ ਸਿਰਜਨਾ ਤੋਂ ਪਹਿਲਾਂ ਦਾ ਸਰੂਪ ਵੀ ਬਿਆਨ ਕਰਦੇ ਹਨ ਅਤੇ ਸਿਰਜਨਾ ਦੇ ਸਮੇਂ ਦਾ ਵੀ ਤੇ ਸਿਰਜਨਾਂ ਤੋਂ ਬਾਅਦ ਦਾ ਵੀ । ਸਿਰਜਨਾਂ ਤੋਂ ਪਹਿਲਾਂ ਦੀ ਅਵਸਥਾ ਬਾਰੇ ਉਹ ਨਿਰਵੇਦ ਵਰਗੀ ਸ਼ੈਲੀ ਵਿੱਚ ਲਿਖਦੇ ਹਨ :-

"ਸਾਰੇ ਪਾਸੇ ਗੁਬਾਰ ਦਾ ਵਰਤਾਰਾ ਸੀ । ਬ੍ਰਹਮ ਦੀ ਇਸ ਅਵਸਥਾ ਨੂੰ ਉੱਤਮ ਸਮਾਧੀ ਦੀ ਸੁੰਨ ਅਵਸਥਾ ਵੀ ਕਹਿ ਸਕਦੇ ਹਾਂ । ਧੁੰਧੂਕਾਰਾ ਇਕੱਲਾ ਹੀ ਨਿਰਲੇਪ ਰੂਪ ਵਿੱਚ ਸੀ । ਇਸ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । ਉਸ ਵੇਲੇ ਦੇ ਗੁਬਾਰ ਨੂੰ ਧੁੰਧ ਦਾ ਨਾਮ ਵੀ ਨਹੀਂ ਦਿੱਤਾ ਜਾ ਸਕਦਾ । ਇਸ ਅਵਸਥਾ ਵਿੱਚ ਕੋਈ ਦਵੈਤ ਹੈ ਨਹੀਂ ਸੀ । ਇਸ ਕਾਰਨ ਬ੍ਰਹਮ ਦਾ ਕੋਈ ਸ਼ਰੀਕ ਹੀ ਨਹੀਂ ਸੀ ਜਿਹੜਾ ਉਸ ਨੂੰ ਬਿਆਨ ਕਰ ਸਕਦਾ । ਉਹ ਸਿਰਫ ਆਪ ਹੀ ਆਪ ਵਿਆਪਕ ਸੀ ।[1] ਇਸ ਅਵਸਥਾ ਵਿਚ 36 ਜੁਗ ਬੀਤ ਗਏ । ਫਿਰ ਅਵਸਥਾ ਬੇਅੰਤ

---

1. ਕੇਤੇ ਜੁਗ ਵਰਤੇ ਗੁਬਾਰੇ , ਤਾੜੀ ਲਾਈ ਅਪਰ ਅਪਾਰੇ ।
ਧੁੰਧੂਕਾਰਿ ਨਿਰਾਲਮੁ ਬੈਠਾ , ਨਾ ਤਦਿ ਧੰਧੁ ਪਸਾਰਾ ਹੈ ।
ਜੁਗ ਛਤੀਹ ਤਿਨੇ ਵਰਤਾਏ, ਜਿਉ ਤਿਸੁ ਭਾਣਾ ਤਿਵੈ ਚਲਾਏ।
ਤਿਸੇ ਸਰੀਕ ਨ ਦੀਸੈ ਕੋਈ , ਆਪੇ ਅਪਰ ਅਪਾਰਾ ਹੇ ।

(ਮਾਰੂ ਸੋਹਲੇ-13 ਪੰਨਾ-1026)

ਸਮਾਂ ਪਹਿਲਾਂ ਦੀ ਅਵਸਥਾ ਹੈ । ਇਸ ਅਵਸਥਾ ਨੂੰ ਬਿਆਨ ਕਰਨ ਦਾ ਯਤਨ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਅਵਸਥਾ ਬਾਰੇ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਸਭ ਪਾਸੇ ਹਨੇਰਾ ਹੀ ਹਨੇਰਾ ਸੀ । ਉਦੋਂ ਨਾ ਦਿਨ ਸੀ, ਨਾ ਰਾਤ ਸੀ । ਨਾ ਚੰਦ ਸੀ, ਨਾ ਸੂਰਜ ਸੀ । ਬ੍ਰਹਮ ਆਪ ਹੀ ਸੁੰਨ ਅਫੁਰ ਸਮਾਧੀ ਵਿੱਚ ਸੀ । ਨਾ ਜੀਵ ਰਚਨਾ ਸੀ, ਨਾ ਕਿਸੇ ਪ੍ਰਕਾਰ ਦੀ ਬੋਲੀ ਸੀ । ਨਾ ਹਵਾ ਸੀ, ਨਾ ਪਾਣੀ ਸੀ । ਨਾ ਜਨਮ ਮਰਨ ਸੀ, ਨਾ ਸੰਸਾਰੀ ਆਵਾਗਵਣ ਸੀ । ਨਾ ਖੰਡ ਸੀ ਨਾ ਪਤਾਲ ਸਨ, ਨਾ ਸੱਤ ਸਮੁੰਦਰ ਸਨ, ਨਾ ਨਦੀਆਂ ਵਿੱਚ ਵਗਦਾ ਨੀਰ ਸੀ । ਨਾ ਦੇਵ ਲੋਕ ਸੀ, ਨਾ ਮਾਤ ਲੋਕ ਸੀ, ਨਾ ਪਤਾਲ ਲੋਕ ਸੀ, ਨਾ ਦੋਜ਼ਖ ਸੀ, ਨਾ ਬਹਿਸ਼ਤ ਸੀ, ਨਾ ਨਾਸ ਕਰਨ ਵਾਲੀ ਮੌਤ ਸੀ, ਨਾ ਨਰਕ ਸਵੱਰਗ ਸੀ, ਨਾ ਕੋਈ ਬ੍ਰਹਮਾ ਸੀ, ਨਾ ਬਿਸਨੂ ਸੀ, ਨਾ ਸ਼ਿਵ ਸੀ। ਬੱਸ ਕੇਵਲ ਇਕ ਬ੍ਰਹਮ ਹੀ ਸੀ । ਕੋਈ ਨਾਰ, ਪੁਰਖ, ਦੁੱਖ, ਸੁੱਖ, ਜਤੀ, ਸਤੀ, ਤਿਆਗੀ, ਸਿੱਧ, ਸਾਧਕ, ਭੋਗੀ ਨਹੀਂ ਸੀ । ਪਰ ਤਾਂ ਵੀ ਇਸ ਸਮੇਂ ਇਕ ਗਤੀ ਸੀ, ਇਕ ਪ੍ਰਕਾਰ ਦਾ ਆਨੰਦ ਸੀ, ਆਪਣੀ ਕੀਮਤ ਆਪੇ ਪਾਏ ਜਾਣ ਦੀ ਰੁੱਚੀ ਸੀ ਜਿਸ ਬਾਰੇ ਗੁਰੂ ਸਾਹਿਬ ਇੰਜ ਲਿਖਦੇ ਹਨ:-

"ਆਪਿ ਆਪਿ ਉਪਾਇ ਵਿਗਸੈ
ਆਪੇ ਕੀਮਤਿ ਪਾਇਦਾ।"

ਇਸ ਸਭ ਕਾਸੇ ਵਿਚ ਕੋਈ ਰੀਤ ਨਹੀਂ ਸੀ, ਕਿਸੇ ਕਿਸਮ ਦੀ ਕਰਮਕਾਂਡਕ ਪੂਜਾ ਵੀ ਨਹੀਂ ਸੀ ਕਿਉਂਜੋ ਉਸ ਸਮੇਂ ਇਸ ਦਾ ਕੋਈ ਸਾਧਕ ਹੀ ਨਹੀਂ ਸੀ । ਨਾ ਤੁਲਸੀ ਸੀ, ਨਾ ਮਾਲਾ ਸੀ, ਨਾ ਕੋਈ ਸੁੱਚ ਸੀ ਨਾ ਸੰਜਮ ਸੀ, ਨਾ ਕੋਈ ਅਵਤਾਰ ਸੀ, ਨਾ ਕ੍ਰਿਸ਼ਨ; ਨਾ ਗੋਪੀਆਂ ਸਨ, ਨਾ ਰਾਮ ਸੀ । ਜੰਤ੍ਰ ਮੰਤ੍ਰ ਅਤੇ ਹੋਰ ਚਿੰਨਾਤਮਕ ਭੇਖ ਵੀ ਨਹੀਂ ਸਨ । ਕੋਈ ਕਰਮ ਧਰਮ ਕਰਨ ਵਾਲਾ ਵੀ ਨਹੀਂ ਸੀ । ਕੋਈ ਕਰਮ ਕਿਰਿਆ ਨਹੀਂ ਸੀ, ਮਾਇਆ ਨਹੀਂ ਸੀ, ਮੋਹ ਮਮਤਾ ਨਹੀਂ ਸੀ, ਮੱਥੇ ਤੇ ਲਿਖਿਆ ਲੇਖ ਨਹੀਂ ਸੀ, ਜਿਹੜਾ ਕਿ ਕਰਮ ਕਮਾਉਣ ਦਾ ਕਾਰਨ ਬਣਦਾ ਹੈ, ਨਾ ਕੋਈ ਇਨਾਂ ਲੇਖਾਂ ਦੇ ਨਬੇੜੇ ਲਈ ਕਿਸੇ ਨੂੰ ਧਿਆਉਣ ਵਾਲਾ ਕੋਈ ਸੀ । ਉਸ ਸਮੇਂ ਨਾ ਨਿੰਦਿਆ ਸੀ, ਨਾ ਖੁਸ਼ਾਮਦ ਸੀ, ਨਾ ਕੋਈ ਗੋਰਖ, ਮਛੰਦਰ ਵਰਗੇ ਮਹਾਯੋਗੀ ਸਨ । ਨਾ ਗਿਆਨ ਚਰਚਾ ਸੀ, ਨਾ ਕੋਈ ਗਿਆਨ ਪ੍ਰਾਪਤੀ ਲਈ ਧਿਆਨ ਲਾਉਂਦਾ ਸੀ । ਨਾ ਕੋਈ ਆਪਣੇ ਕਰਮਾਂ ਧਰਮਾਂ ਦੀ ਗਿਣਤੀ ਦਾ ਵਿਖਾਲਾ ਪਾਉਣ ਲਈ "ਪਾਨਦਾਨ" ਹੀ ਸੀ, ਨਾ ਕੋਈ ਵਰਣ ਸੀ, ਨਾ ਭੇਖ ਸੀ, ਨਾ ਕੋਈ ਬ੍ਰਾਹਮਣ ਸੀ ਨਾ ਕੋਈ ਖਤ੍ਰੀ ਸੀ । ਇਨਾਂ ਸਥੂਲ ਦੁੰਨੀਆਂ-ਦਾਰੀ ਦੀਆਂ ਚੀਜ਼ਾਂ ਤੋਂ ਇਲਾਵਾ ਕੋਈ ਅਧਿਆਤਮ ਦੁੰਨੀਆਂ ਦੀ ਚੀਜ਼ ਵੀ ਨਹੀਂ ਸੀ ।

ਨਾ ਕੋਈ ਦੇਵਤਾ ਸੀ, ਨਾ ਮੰਦਰ ਸੀ ਨਾ ਗਾਇਤ੍ਰੀ ਮੰਤ੍ਰ ਸੀ, ਨਾ ਕੋਈ ਹਵਨ ਕਰਨ

ਵਾਲਾ ਸੀ, ਨਾ ਕੋਈ ਯੋਗ ਕਰਦਾ ਸੀ, ਨਾ ਕੋਈ ਤੀਰਥ ਨ੍ਹਾਉਣ ਵਾਲਾ ਸੀ, ਨਾ ਕੋਈ ਪੂਜਾ ਕਰਨ ਵਾਲਾ ਸੀ। ਨਾ ਪੂਜਾ ਕਰਾਉਣ ਵਾਲੇ ਮੁੱਲਾਂ, ਕਾਜ਼ੀ, ਸ਼ੇਖ ਹਾਜੀ ਹੀ ਸਨ । ਨਾ ਕੋਈ ਪ੍ਰਬੰਧ ਕਰਨ ਵਾਲਾ ਰਾਜਾ ਸੀ ਤੇ ਨਾ ਕੋਈ ਰਈਅਤ ਸੀ , ਨਾ ਹਉਮੈ ਹੀ ਸੀ , ਨਾ ਸੰਸਾਰ ਦਾ ਮੋਹ ਸੀ, ਨਾ ਕੋਈ ਉਪਦੇਸ਼ ਦੀ ਗੱਲ ਕਹਿਣ ਵਾਲਾ ਸੀ, ਨਾ ਪ੍ਰੇਮ ਸੀ, ਨਾ ਭਗਤੀ ਸੀ । ਨਾ ਜੀਵ ਸੀ ਨਾ ਮਾਇਆ ਸੀ । ਨਾ ਕੋਈ ਸੱਜਣ ਸੀ , ਨਾ ਮਿੱਤਰ ਸੀ । ਨਾ ਸਿਰਜਨਾ ਕਰਨ ਵਾਲਾ ਪਿਤਾ ਦਾ ਵੀਰਜ ਸੀ, ਨਾ ਮਾਤਾ ਦਾ ਖੂਨ ਸੀ । ਪਰ 'ਬ੍ਰਹਮ ਆਪ ਹੀ ਆਪਣੇ ਅਰੂਪ ਰੂਪ ਵਿੱਚ ਇਸ ਸਾਰੇ ਕੁੱਝ ਨੂੰ ਕਰ ਅਤੇ ਮਾਣ ਰਿਹਾ ਸੀ । ਉਹ ਆਪ ਹੀ ਸ਼ਾਹ ਰੂਪ ( ਈਸ਼ਵਰ ) ਅਤੇ ਆਪ ਹੀ ਵਣਜਾਰਾ ਰੂਪ ( ਆਤਮਾ ) ਵਿੱਚ ਸੀ ਤੇ ਆਪਣੇ ਆਪ ਦਾ ਆਪ ਹੀ ਅਰੂਪ ਰੂਪ ਵਿੱਚ ਵਪਾਰ ਕਰ ਰਿਹਾ ਸੀ । ਇੰਜ ਉਸ ਸਮੇਂ ਮਾਇਆ ਅਤੇ ਦਵੈਤ ਦੀ ਪੂਰਨ ਅਣਹੋਂਦ ਸੀ । ਤਦੋਂ ਸੱਚੇ ਸਿਰਜਣਹਾਰ ਨੂੰ ਇਹੋ ਮਨਜ਼ੂਰ ਸੀ । ਉਸ ਦੀ ਇਹੋ ਰਜ਼ਾ ਸੀ ਬੱਸ ਉਹ ਆਪਣੀ ਰਜ਼ਾ ਵਿੱਚ ਆਪ ਹੀ ਸੀ ।

ਉਸ ਵਕਤ ਕੋਈ ਵੇਦ, ਕੁਰਾਨ, ਸਿਮ੍ਰਤੀਆਂ ਅਤੇ ਸ਼ਾਸਤਰ ਵੀ ਨਹੀਂ ਸਨ । ਤੇ ਨਾਂ ਕੋਈ ਇਨ੍ਹਾਂ ਦਾ ਪਾਠ ਕਰਨ ਵਾਲਾ ਜਾਂ ਪੁਰਾਣ ਪੜ੍ਹਨ ਵਾਲਾ ਸੀ । ਉਸ ਸਮੇਂ ਸੂਰਜ ਚੜ੍ਹਨ ਅਤੇ ਡੁੱਬਣ ਦੀ ਗਤੀ ਵੀ ਨਹੀਂ ਸੀ । 'ਬ੍ਰਹਮ ਆਪ ਹੀ ਮਨ, ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਆਪਣੀ ਹਾਲਤ ਆਪਣੇ ਆਪ ਨੂੰ ਹੀ ਦੱਸ ਕੇ ਕਹਿਣ ਬੋਲਣ[1] ਵਾਲਾ ਸੀ । ਆਪ ਹੀ ਅਲੇਖ ਪ੍ਰਭੂ ਆਪਣਾ ਆਪ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਸੀ ।

---

1. ਅਰਬਦ ਨਰਬਦ ਧੁੰਧੂਕਾਰਾ । ਧਰਣਿ ਨ ਗਗਨਾ ਹੁਕਮੁ ਅਪਾਰਾ ।
ਨਾ ਦਿਨ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ । 1.
ਖਾਣੀ ਨ ਬਾਣੀ ਪਉਣ ਨ ਪਾਣੀ । ਓਪਤਿ ਖਪਤਿ ਨ ਆਵਣ ਜਾਣੀ ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰ ਵਹਾਇਦਾ । 2.
ਨਾ ਤਦਿ ਸੁਰਗ ਮਛੁ ਪਇਆਲਾ । ਦੋਜਕੁ ਭਿਸਤੁ ਨਹੀਂ ਖੈ ਕਾਲਾ ।
ਨਰਕ ਸੁਰਗੁ ਨਹੀ ਜੰਮਣੁ ਮਰਣਾ ਨ ਕੋ ਆਇ ਨ ਜਾਇਦਾ । 3.
ਬ੍ਰਹਮ ਬਿਸਨੁ ਮਹੇਸੁ ਨ ਕੋਈ । ਅਵਰੁ ਨ ਦੀਸੈ ਏਕੋ ਸੋਈ ।
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨ ਕੋ ਦੁਖੁ ਸੁਖੁ ਪਾਇਦਾ । 4.
ਨਾ ਤਦਿ ਜਤੀ ਸਤੀ ਬਨਵਾਸੀ । ਨਾ ਤਦਿ ਸਿਧ ਸਾਧਿਕ ਸੁਖ ਵਾਸੀ ।
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ । 5.
ਜਪ ਤਪ ਸੰਜਮ ਨ ਬ੍ਰਤ ਪੂਜਾ । ਨ ਕੋ ਆਖਿ ਵਖਾਣੈ ਦੂਜਾ ।

ਇੰਜ ਸਿਰਜਨਾ ਤੋਂ ਪਹਿਲਾਂ ਨਿਰਗੁਣ ਬ੍ਰਹਮ ਬਾਰੇ ਇਹ ਗੱਲਾਂ ਸਪੱਸ਼ਟ ਹੁੰਦੀਆਂ ਹਨ:-

1. ਭੌਤਿਕ ਤੱਤਾਂ ਦੀ ਬਿਲਕੁਲ ਅਣਹੋਂਦ ।
2. ਹਨੇਰੇ ਦਾ ਹੋਣਾ ।
3. ਸੁੰਨ, ਅਫੁਰ ਅਵਸਥਾ ।
4. ਅਪਾਰ ਹੁਕਮ ਦਾ ਵਰਤਾਰਾ ।
5. ਬ੍ਰਹਮ ਆਪੇ ਤੋਂ ਆਪ ਹੀ ਖੁਸ਼ ਹੋ ਰਿਹਾ ਸੀ । ਤੇ ਆਪਣਾ ਮੁੱਲ ਪਾ ਰਿਹਾ ਸੀ ।
6. ਇੰਦ੍ਰੀਆਂ ਤੋਂ ਰਹਿਤ ਬ੍ਰਹਮ ਆਪਣੀ ਹਾਲਤ ਆਪਣੇ ਆਪ ਨੂੰ ਆਪ ਹੀ ਦੱਸਕੇ, ਕਹਿਣ ਬੋਲਣ ਅਤੇ ਸੁਣਨ ਵਾਲਾ ਸੀ ।
7. ਆਪ ਹੀ ਬ੍ਰਹਮ ਆਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਸੀ ।

ਭਾਵੇਂ ਗੁਰੂ ਸਾਹਿਬ ਨੇ ਨਿਰਗੁਣ ਬ੍ਰਹਮ ਦਾ ਸਿਰਜਨਾ ਤੋਂ ਪਹਿਲਾਂ ਦਾ ਇਹ ਬਿਆਨ ਵਰਣਨ ਕਰਨ ਦਾ ਯਤਨ ਕੀਤਾ ਹੈ ਪਰ ਅਸਲ ਵਿੱਚ ਨਿਰਗੁਣ ਬ੍ਰਹਮ ਕੀ ਹੈ ? ਇਸ ਦਾ ਜਵਾਬ ਉਪਨਿਸ਼ਦਾਂ ਅਨੁਸਾਰ :-

---

---ਆਪਿ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ । 6.
ਨ ਸੁਚਿ ਸੰਜਮੁ ਤੁਲਸੀ ਮਾਲਾ । ਗੋਪੀ ਕਾਨੁ ਨ ਗਊ ਗੋਆਲਾ ।
ਤੰਤੁ ਮੰਤੁ ਪਾਖੰਡੁ ਨ ਕੋਈ ਨ ਕੋ ਵੰਸੁ ਵਜਾਇਦਾ । 7.
ਕਰਮ ਧਰਮ ਨਹੀਂ ਮਾਇਆ ਮਾਖੀ । ਜਾਤਿ ਜਨਮੁ ਨਹੀ ਦੀਸੈ ਆਖੀ ।
ਮਮਤਾ ਜਾਲੁ ਕਾਲੁ ਨਹੀ ਮਾਥੈ ਨ ਕੋ ਕਿਸੈ ਧਿਆਇਦਾ । 8.
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ । ਨ ਤਦਿ ਗੋਰਖੁ ਨ ਮਾਛਿੰਦੋ ।
ਨਾ ਤਦਿ ਗਿਆਨ ਧਿਆਨੁ ਕੁਲ ਓਪਤਿ ਨ ਕੋ ਗਣਤ ਗਣਾਇਦਾ । 9.
ਵਰਨ ਭੇਖ ਨਹੀ ਬ੍ਰਾਹਮਣ ਖਤ੍ਰੀ । ਦੇਉ ਨਾ ਦੇਹੁਰਾ ਗਊ ਗਾਇਤ੍ਰੀ ।
ਹੋਮ ਜਗ ਨਹੀ ਤੀਰਥਿ ਨਾਵਣੁ ਨ ਕੋ ਪੂਜਾ ਲਾਇਦਾ । 10.
ਨਾ ਕੋ ਮੁਲਾ ਨਾ ਕੋ ਕਾਜੀ । ਨ ਕੋ ਸੇਖੁ ਮਸਾਇਕੁ ਹਾਜੀ ।
ਰਈਅਤਿ ਰਾਉ ਨ ਹਉਮੈ ਦੁਨੀਆਂ ਨ ਕੋ ਕਹਣੁ ਕਹਾਇਦਾ । 11.
ਭਾਉ ਨ ਭਗਤੀ ਨ ਸਿਵ ਸਕਤੀ । ਸਾਜਨੁ ਮੀਤੁ ਬਿੰਦੁ ਨਹੀਂ ਰਕਤੀ ।
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ । 12.
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ । ਪਾਠ ਪੁਰਾਣ ਉਦੈ ਨਹੀ ਆਸਤ ।
ਕਹਤਾ ਬਕਤਾ ਆਪਿ ਅਗੋਚਰ ਆਪੇ ਅਲਖੁ ਲਖਾਇਦਾ । 13.

(ਮਾਰੂ ਸੋਹਲੇ-15, ਪੰਨਾ-1035.)

"ਉਹ ਜੋ ਜਾਣਾ ਤਾ ਵਿਚਾ ਨਹੀਂ---------"[1]

ਅਤੇ ਗੁਰੂ ਸਾਹਿਬ ਅਨੁਸਾਰ :-

"ਕਥਨਾ ਕਥੀ ਨ ਆਵੈ ਤੋਟਿ
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ"[2]

ਅਤੇ

"ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ"[3]

ਨਿਰਗੁਣ ਬ੍ਰਹਮ ਅਲੇਖ,[4] ਅਕੱਥ,[5] ਅਨੰਤ,[6] ਅਨੂਪ,[7] ਅਦ੍ਰਿਸ਼ਟ,[8] ਬੇਪਰਵਾਹ,[9] ਅਟੱਲ ਅਡੋਲ,[10] ਆਦਿ, ਅਨਾਦਿ, ਅਨੀਲ, ਅਨਾਹਤ,[11] ਅਗਮ ਅਗਾਧ ਅਥਾਹ ਨਿਰਾਲਾ,[12] ਨਿਰਮਲ[13] ਹੈ। ਅਜਾਤਿ,[14] ਲਾਸ਼ਰੀਕ,[15] ਅਰੂਪ ਅਵਰਨ ਅਰੇਖ ਹੈ।[16] ਨਿਰੰਜਨ, ਅਪਰੰਪਰ[17] ਹੈ,

---

1. Kena Up. 1. i,
2. ਜਪੁਜੀ -3, ਪੰਨਾ-2.
3. ਜਪੁਜੀ-22, ਪੰਨਾ-5.
4. ਅਲਖੁ ਨ ਲਖਣਾ ਜਾਈ ਹੇ" (ਮਾਰੂ ਸੋਹਲੇ, ਪੰਨਾ-1021.)
5. ਕਥੀਐ ਕਹਤੁ ਕਹਾਵੈ ਸੋਈ। (ਸਾਰੰਗ ਅਸਟਪਦੀ-2, ਪੰਨਾ-1233)
6. ਤਾ ਕੇ ਅੰਤ ਨ ਪਾਏ ਜਾਹਿ। (ਜਪੁਜੀ-24, ਪੰਨਾ-5.)
7. ਸੂਰਤਿ ਮੂਰਤਿ ਆਦਿ ਅਨੂਪ। (ਧਨਾਸਰੀ ਅਸਟਪਦੀ-1, ਪੰਨਾ-686)
8. ਅਦ੍ਰਿਸਟੁ ਦਿਸੈ ਤਾ ਕਹਿਆ ਜਾਇ। (ਗਉੜੀ ਅਸਟਪਦੀ-4, ਪੰਨਾ-127)
9. ਨਾਨਕ ਵਿਗਸੈ ਵੇਪਰਵਾਹੁ। (ਜਪੁਜੀ ਪਉੜੀ-3, ਪੰਨਾ-2.)
10. ਅਟਲ ਅਡੋਲ, ਅਤੋਲ ਮੁਰਾਰੇ। (ਮਾਰੂ ਸੋਹਲੇ-14, ਪੰਨਾ-1034.)
11. ਆਦਿ ਅਨੀਲ ਅਨਾਦਿ ਅਨਾਹਤਿ ਜੁਗ ਜੁਗ ਏਕੋ ਵੇਸੁ। (ਜਪੁਜੀ-21, ਪੰਨਾ-6.)
12. ਹਰਿ ਅਗਮ ਅਗਾਹੁ ਅਗਾਧਿ ਨਿਰਾਲਾ, ਹਰਿ ਅੰਤ ਨ ਪਾਈਐ ਗੁਰ ਗੋਪਾਲਾ। (ਮਾਰੂ ਸੋਹਲੇ-8, ਪੰਨਾ-1027.)
13. ਨਿਰਮਲ ਸਾਚਾ ਏਕ ਤੂੰ ਹੋਰ ਮੈਲੁ ਭਰੀ ਸਭ ਜਾਹਿ। (ਸਿਰੀ ਅਸਟਪਦੀ-7, ਪੰਨਾ-57.)
14. ਜੇ ਕਿਹੁ ਹੋਇ ਤ ਇਹੁ ਦਿਸੈ ਜਾਪੈ ਰੂਪੁ ਨ ਜਾਤਿ। (ਸਾਰੰਗ ਸਲੋਕ-17, ਪੰਨਾ-1242.)
15. ਹੋਰ ਸਰੀਕ ਹੋਵੈ ਕੋਈ ਤੇਰਾ ਤਿਸੁ ਆਗੈ ਤੁਧੁ ਆਖਾ। (ਸਾਰੰਗ ਸਲੋਕ-17, ਪੰਨਾ-1242.)
16. ਨਾ ਤਿਸੁ ਰੂਪੁ ਵਰਨ ਨਹੀ ਰੇਖਿਆ ਸਾਚੈ ਸਬਦਿ ਨੀਸਾਣਾ। (ਸੋਰਠ ਪਦੇ-6, ਪੰਨਾ-597.)
17. ਅਪਰੰਪਰ ਪਾਰ ਬ੍ਰਹਮੁ ਪਰਮੇਸਰੁ, ਨਾਨਕ ਗੁਰ ਮਿਲਿਆ ਸੋਈ ਜੀਉ। (ਸੋਰਠ ਪਦਾ-11, 599)

ਪਰਮ ਤਤ ਹੈ ।[1] ਅਮਰ ਅਜੋਨੀ , ਜਾਤ ਰਹਿਤ ਅਤੇ ਜਾਲ ਰਹਿਤ ਹੈ[2], ਨਿਰਮਲ ਨਿਰਾਹਾਰ ਨਿਹਕੇਵਲੁ ਹੈ ।[3] ਅਤੀਤ ਹੈ,[4] ਅਭਾਰ (ਬੇਅੰਤ ਭਾਰ ਰਹਿਤ) ਹੈ । ਉਸ ਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ ।[5] ਕਿਉਂਕਿ ਉਹ ਬਹੁਤ ਵੱਡਾ ਹੈ । ਉੱਚੇ ਤੋਂ ਉੱਚੇ ਨਾਉਂ ਵਾਲਾ ਹੈ, ਜੇ ਕੋਈ ਏਡਾ ਵੱਡਾ ਤੇ ਉੱਚਾ ਹੋ ਸਕੇ ਤਾਂ ਹੀ ਉਸ ਦੀ ਕੀਮਤ ਪਾਵੇ ।[6] ਪਰ ਉਹ ਆਪਣੇ ਵਰਗਾ ਕੇਵਲ ਆਪ ਹੀ ਹੈ ਤੇ ਨਿਰੰਤਰ ਇਕ ਰਸ ਕਾਇਮ ਹੈ ।

ਜਦੋਂ ਨਿਰਗੁਣ ਬ੍ਰਹਮ ਸਰਗੁਣ ਸਰੂਪ ਵਿੱਚ ਆ ਜਾਂਦਾ ਹੈ ਤਾਂ ਉਸ ਵਕਤ ਵੀ ਉਹ ਆਪਣੇ ਨਿਰਗੁਣ ਸਰੂਪ ਵਿੱਚ ਕਾਇਮ ਰਹਿੰਦਾ ਹੈ ਅਤੇ ਉਸ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ । ਭਾਵੇਂ ਉਹ ਨਿਰਗੁਣ ਹੈ, ਪਰ ਤਾਂ ਵੀ ਗੁਰੂ ਸਾਹਿਬ ਨੇ ਉਸ ਵਿੱਚ ਇਹ ਗੁਣ ਮੰਨੇ ਹਨ ਕਿ ਉਸ ਵਿੱਚ ਕਰਤਾਰੀ ਹੋਣ ਤੇ ਪ੍ਰਕਾਸ਼ ਚੇਤਨਤਾ ਪ੍ਰਦਾਨ ਕਰਨ ਦੀ ਸਮਰੱਥਾ ਹੈ । ਉਸ ਵਿੱਚ ਪਿਆਰ ਦਾ, ਕਿਰਪਾ ਦਾ ਗੁਣ ਸਜੀਵ ਰਹਿੰਦਾ ਹੈ । ਉਹ ੧ ਓ ਸਤਿਨਾਮ, ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ ਹੈ । "ਆਦਿ ਸਚ, ਜੁਗਾਦਿ ਸੱਚ, ਹੈ ਭੀ ਸਚ, ਨਾਨਕ ਹੋਸੀ ਭੀ ਸੱਚ" ਹੈ ।[7] ਉਸ ਵਿੱਚ ਸੋਚ, ਚੁੱਪ ਅਤੇ ਸੰਤੁਸ਼ਟੀ ਹੈ, ਹੁੱਕਮ ਰਜ਼ਾ ਅਤੇ ਚੇਤਨਤਾ ਹੈ । ਉਹ ਸਤ ਚਿਤ ਆਨੰਦ ਸਰੂਪ ਹੈ ।[8] ਪਿਆਰ ਉਸ ਦਾ ਸੁਭਾ ਹੈ ।[9] ਉਹ ਨਾ ਠੋਸ ਹੈ, ਨਾ ਨਰਮ ਹੈ, ਨਾ ਛੋਟਾ ਹੈ, ਨਾ ਲੰਬਾ ਹੈ ।[10] ਵੱਡਿਆਂ ਤੋਂ ਵੱਡਾ ਹੈ, ਸੂਖਸ਼ਮ ਤੋਂ ਸੂਖਸ਼ਮ ਹੈ ।[11] ਦੂਰ ਤੋਂ ਦੂਰ

---

1. ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ । (ਸੂਹੀ ਛੰਤ-2, ਪੰਨਾ-769.)
2. ਏਕਮ ਏਕੰਕਾਰ ਨਿਰਾਲਾ ਅਮਰ ਅਜੋਨੀ ਜਾਤਿ ਨ ਜਾਲਾ । (ਬਿਲਾਵਲ ਥਿਤੀ-13, ਪੰਨਾ-840)
3. ਨਿਰਮਲ ਨਿਰਾਹਾਰ ਨਿਹਕੇਵਲ ਸੂਚੇ ਸਾਚੇ ਨ ਲਾਗੈ ਮਲੁ । (ਬਿਲਾਵਲ ਥਿਤੀ-1, ਪੰਨਾ-838.)
4. ਰਹਹਿ ਅਤੀਤ ਸਚੇ ਸਰਣਾਈ---। (ਗਉੜੀ ਅਸਟਪਦੀ-15, ਪੰਨਾ-413)
5. ਕੀਮਤਿ ਪਾਇ ਨ ਸਕੈ । (ਮਾਰੂ ਸੋਹਲੇ--15, ਪੰਨਾ-1035.)
6. ਵਡਾ ਸਾਹਿਬ ਊਚਾ ਥਾਉ ਊਚੇ ਉਪਰਿ ਊਚਾ ਨਾਉ।
   ਏਵਡ ਊਚਾ ਹੋਵੈ ਕੋਇ ਤਿਸ ਊਚੇ ਕੋ ਜਾਣੈ ਸੋਇ ।" (ਜਪੁਜੀ-24, ਪੰਨਾ-5.)
7. ਜਪੁਜੀ -1 , ਪੰਨਾ-1.
8. ਸੁਅਸਤਿ ਆਥਿ ਬਾਣੀ ਬਰਮਾਉ । ਸਤਿ ਸੁਹਾਣੁ ਸਦਾ ਮਨਿ ਚਾਉ" (ਜਪੁਜੀ-, ਪੰਨਾ-4.)
9. ਸਾਚਾ ਸਾਹਿਬ ਸਾਚੁ ਨਾਇ ਭਾਖਿਆ ਭਾਉ ਅਪਾਰ । (ਜਪੁਜੀ ਪਉੜੀ-3, ਪੰਨਾ-2.)
10. ਜੇਵਡ ਭਾਵੈ ਤੇਵਡੁ ਹੋਇ ਨਾਨਕ ਜਾਣੈ ਸਾਚਾ ਸੋਇ । (ਜਪੁਜੀ-,ਪੰਨਾ-6.)
11. ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ । (ਜਪੁਜੀ-, ਪੰਨਾ-5.)

ਹੈ ਅਤੇ ਨੇੜੇ ਤੋਂ ਨੇੜੇ ਹੈ ।[1] ਅਕਾਸ਼ ਰਹਿਤ ਅਤੇ ਸਪੇਖਿਅਕ ਗੁਣਾਂ ਤੋਂ ਉਪਰ ਹੈ ।[2]

ਨਾ ਇਸ ਦਾ ਕੋਈ ਆਦਿ ਹੈ, ਨਾ ਅੰਤ ਹੈ ।[3] ਨਾ ਇਸ ਦੀ ਹੋਂਦ ਦਾ ਕੋਈ ਕਾਰਨ ਹੈ ।[4] ਬੱਸ ਇਹ ਉਚੱਤਮ ਅਸਲੀਅਤ ਹੈ ਜਿਸ ਤੋਂ ਉਚੇਰਾ ਹੋਰ ਕੁੱਝ ਨਹੀਂ। ਜਿਸ ਤੋਂ ਬਿਨਾਂ ਹੋਰ ਕੁੱਝ ਨਹੀਂ ।[5] ਜੋਤਾਂ ਦੀ ਜੋਤ ਹੈ । ਵਿਸ਼ਵ ਇਸ ਦੀ ਜੋਤ ਨਾਲ ਪ੍ਰਕਾਸ਼ਤ ਹੁੰਦਾ ਹੈ ।[6] ਉਹ ਤਾਂ ਬੱਸ ਸਚਾਈਆਂ ਦੀ ਸਚਾਈ, ਅਸਲੀਅਤਾਂ ਦੀ ਅਸਲੀਅਤ ਹੈ ।[7] ਉਹ ਗਹਿਰ ਗੰਭੀਰ ਹੈ ।[8] ਉਸ ਤੋਂ ਬਿਨਾਂ ਨਾ ਕੋਈ ਦੂਜਾ ਹੈ, ਨਾ ਤੀਜਾ ਹੈ ।[9]

ਉਹ ਸਰਗੁਣ ਸ੍ਰਿਸ਼ਟੀ ਦੇ ਨੇੜੇ ਵੀ ਹੈ, ਦੂਰ ਵੀ ਹੈ ਅਤੇ ਮੱਧ ਵਿੱਚ ਵੀ ਹੈ,[10] ਭਾਵ ਸਰਬ ਵਿਆਪਕ ਹੈ । ਉਹ ਨਿਤ ਨਵਾਂ ਰਹਿੰਦਾ ਹੈ । ਉਸ ਨੂੰ ਕਦੇ ਕੋਈ ਮੈਲ ਨਹੀਂ ਲਗਦੀ ।[11] ਉਹ ਤਾਂ ਬੱਸ ਬਸੰਤ ਬਹਾਰ ਵਾਂਗ ਸਦਾ ਖਿੜਿਆ ਖਿੜਿਆ, ਸਦਾ ਉਜਲਾ ਉਜਲਾ ਹੈ । ਉਸ ਦਾ ਇਹ ਖੇੜਾ, ਉਜਲਾਪਣ, ਸਜਰਾਪਣ ਅਤੇ ਠੰਡਕ ਉਸ ਵਿਚ ਹਮੇਸ਼ਾਂ ਹੈ, ਬਸੰਤ ਬਹਾਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੀ ਇਹ ਸਰਸ ਸੁਰਪਣ ਉਸ ਵਿਚ ਵਿਦਮਾਨ ਸੀ । ਉਸ ਨੇ ਹੀ ਤਾਂ ਸਭ ਨੂੰ ਬਹਾਰ ਵਿਚ ਲਿਆਂਦਾ ਹੈ, ਪਰ ਉਸ ਨੂੰ ਬਹਾਰ ਵਿੱਚ ਲਿਆਉਣ ਵਾਲਾ ਕੋਈ ਨਹੀਂ ।[12] ਉਹ "ਪੰਚ ਭੂਨਾਇਕ" ਹੈ ਜਿਹੜਾ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ।[13]

---

1. ਕੀਮਤਿ ਪਾਇ ਰਹਿਆ ਭਰਪੂਰਿ ਕਿਸੁ ਨੇੜੈ ਕਿਸੁ ਆਖਾ ਦੂਰਿ" (ਬਿਲਾਵਲ ਥਿਤੀ-4, 839)
2. ਤੂ ਸਚੁ ਅਗਮੁ ਅਤੋਲਵਾ । (ਸੂਹੀ ਸੁਚਜੀ, ਪੰਨਾ-762)
3. ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ । (ਜਪੁਜੀ -31, ਪੰਨਾ-6.)
4. ਥਾਪਿਆ ਨ ਜਾਇ ਕੀਤਾ ਨ ਹੋਇ। ਆਪੇ ਆਪਿ ਨਿਰੰਜਨੁ ਸੋਇ ।(ਜਪੁਜੀ-5,ਪੰਨਾ-2.)
5. ਵਡਾ ਸਾਹਿਬੁ ਊਚਾ ਥਾਉ, ਊਚੇ ਉਪਰਿ ਊਚਾ ਨਾਉ । (ਜਪੁਜੀ-24, ਪੰਨਾ-5.)
6. ਸਭ ਮਹਿ ਜੋਤਿ ਜੋਤਿ ਹੈ ਸੋਇ । (ਧਨਾਸਰੀ ਆਰਤੀ, ਪੰਨਾ-663)
7. ਨਾਨਕ ਸਾਹਿਬੁ ਸਾਚੋ ਸਾਚਾ ਤਿਚਰੁ ਜਾਪੀ ਜਾਪੈ। (ਵਾਰ ਰਾਮਕਲੀ ਮਹਲਾ-3 ਵਿਚੋਂ ਸਲੋਕ, 955)
8. ਗਿਆਨ ਧਿਆਨੁ ਸਭੁ ਗਹਿਰ ਗੰਭੀਰਾ" (ਮਾਰੂ ਸੋਹਲੇ-13, ਪੰਨਾ-1034.)
9. ਅਵਰੁ ਨ ਜਾਣੀ ਦੂਆ ਤੀਆ। (ਮਾਰੂ ਸੋਹਲੇ-13, ਪੰਨਾ-1034.)

10 ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ । (ਸਿਰੀ ਪਦੇ-31, ਪੰਨਾ-25.)

11 ਅਹਿਨਿਸਿ ਨਉਤਨ ਨਿਰਮਲਾ ਮੈਲਾ ਕਬਹੂੰ ਨ ਹੋਇ । (ਵਾਰ ਸੂਹੀ ਸਲੋਕ-15, ਪੰਨਾ-990)

12. ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ।
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ। (ਵਾਰ ਸੂਹੀ ਸਲੋਕ-19,ਪੰਨਾ-991)

13 ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ। (ਗੂੜੀ ਛੰਤ,ਪੰਨਾ-160)

'ਸਿਰਜਣਾ ਤੋਂ ਬਾਅਦ ਦੇ ਨਿਰਗੁਣ ਬ੍ਰਹਮ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹੋਏ ਦੱਸਦੇ ਹਨ ਕਿ:-

"ਉਸ ਦੇ ਹਜ਼ਾਰਾਂ ਨੇਤਰ ਹਨ ਪਰ ਫੇਰ ਵੀ ਉਸ ਦਾ ਕੋਈ ਨੇਤਰ ਨਹੀਂ। ਉਸ ਦੀਆਂ ਹਜ਼ਾਰਾਂ ਹੀ ਮੂਰਤੀਆਂ ਹਨ ਪਰ ਫਿਰ ਵੀ ਉਸ ਦੀ ਕੋਈ ਮੂਰਤੀ ਨਹੀਂ। ਉਸ ਦੇ ਹਜ਼ਾਰਾਂ ਚਰਨ ਹਨ ਪਰ ਤਾਂ ਵੀ ਉਸਦਾ ਕੋਈ ਚਰਨ ਨਹੀਂ। ਉਸ ਦੀਆਂ ਹਜ਼ਾਰਾਂ ਹੀ ਗੰਧ ਲੈਣ ਵਾਲੀਆਂ ਇੰਦ੍ਰੀਆਂ ਹਨ ਪਰ ਤਾਂ ਵੀ ਉਸ ਦੀ ਕੋਈ ਇੰਦ੍ਰੀ ਨਹੀਂ।[1]

ਉਹ ਆਪ ਹੀ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ਅਤੇ ਫਿਰ ਆਪ ਹੀ ਇਸ ਨੂੰ ਵਿਨਾਸ਼ ਵੀ ਕਰ ਦੇਂਦਾ ਹੈ। ਆਪ ਹੀ ਜੋੜਦਾ ਹੈ ਅਤੇ ਆਪ ਹੀ ਵਿਛੋੜਦਾ ਹੈ।[2] ਆਪ ਹੀ ਤੋੜ ਕੇ ਫਿਰ ਬਣਾਉਂਦਾ ਹੈ ਅਤੇ ਬਣਾ ਕੇ ਫਿਰ ਤੋੜ ਦੇਂਦਾ ਹੈ। ਢਾਹ ਢਾਹ ਕੇ ਉਸਾਰਦਾ ਹੈ ਅਤੇ ਉਸਾਰ ਉਸਾਰ ਕੇ ਢਾਹੁੰਦਾ ਹੈ। ਸੰਸਾਰ ਰੂਪੀ ਸਾਗਰ ਨੂੰ ਭਰ ਕੇ ਸੁਕਾਉਂਦਾ ਹੈ ਅਤੇ ਫਿਰ ਭਰਦਾ ਤੇ ਪੂਰਦਾ ਹੈ।[3]

ਭਾਵੇਂ ਉਹ ਸਭ ਨੂੰ ਪੈਦਾ ਕਰਦਾ ਹੈ ਪਰ ਉਸ ਦਾ ਆਪਣਾ ਕੋਈ, ਮਾਂ, ਬਾਪ, ਰੂਪ, ਰੇਖ ਨਹੀਂ। ਕੋਈ ਰੰਗ ਨਹੀਂ, ਨਾ ਉਸ ਨੂੰ ਕਦੇ ਭੁੱਖ ਲਗਦੀ ਹੈ, ਨਾ ਪਿਆਸ ਲਗਦੀ ਹੈ, ਉਹ ਸਦਾ ਤ੍ਰਿਪਤ ਰਹਿੰਦਾ ਹੈ।[4] ਉਹ ਸਾਰੀ ਸ੍ਰਿਸ਼ਟੀ ਨੂੰ ਦੇਖਦਾ ਹੈ ਪਰ ਸ੍ਰਿਸ਼ਟੀ ਉਸ ਨੂੰ ਨਹੀਂ ਦੇਖ ਸਕਦੀ।[5] ਉਹ ਸਾਰੀ ਸਿਰਜਣਾ ਦਾ ਅਧਾਰ ਹੈ। ਆਪਣੇ ਆਪ ਵਿਚੋਂ ਅਨੇਕ ਰੰਗਾਂ ਰੰਗ ਦੀ ਮਾਇਆ ਸਿਰਜਕੇ ਇਸ ਨੂੰ ਵੇਖਦਾ ਅਤੇ ਮਾਣਦਾ ਹੈ।[6]'

---

1. ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।"
(ਧਨਾਸਰੀ ਪਦੇ-1 , ਪੰਨਾ-663.)
2. ਆਪੇ ਥਾਪਿ ਉਥਾਪੇ ਆਪੇ । ਆਪੇ ਜੋੜ ਵਿਛੋੜੇ ਕਰਤਾ ਆਪੇ ਮਾਰਿ ਜਿਵਾਇਦਾ ।"
(ਮਾਰੂ ਸੋਹਲੇ-13, ਪੰਨਾ-1039.)
3. ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਾਰੇ ਢਾਹੈ।
ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ । (ਰਾਮਕਲੀ ਓਅੰਕਾਰ-41, ਪੰਨਾ-935.)
4. ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ । ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ ।" (ਵਾਰ ਮਲਾਰ-2, ਪੰਨਾ-1279.)
5. ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ । (ਜਪੁਜੀ-, ਪੰਨਾ-7 )
6. ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ।
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।"(ਜਪੁਜੀ-27, ਪੰਨਾ-6.)

## ਨਿਰੰਜਣ ਦਾ ਦੁਨੀਆਂ ਨਾਲ ਸਬੰਧ

ਉਹ ਦੁਨੀਆਂ ਨੂੰ ਇੱਕ ਸੀਮਾਂ ਵਿੱਚ ਰੱਖਦਾ ਹੈ ਪਰ ਆਪ ਸੀਮਾਂ ਤੋਂ ਉਪਰ ਹੈ, ਉਹ ਆਪਣੀ ਸਿਰਜਨਾ ਨੂੰ ਸੋਭ ਦਿੰਦਾ ਹੈ। ਪਰ ਆਪ ਹਰ ਪ੍ਰਕਾਰ ਦੀ ਸੋਭ ਤੋਂ ਉਪਰ ਹੈ। ਕਾਲ ਦਾ ਕਰਤਾ ਹੋਕੇ ਵੀ ਉਹ ਕਾਲ ਤੋਂ ਉਪਰ ਹੈ। ਸਾਰੀ ਤ੍ਰਿਕੁਟੀ ਦੇ ਕੰਮਾਂ ਦਾ ਕਰਤਾ ਹੁੰਦੇ ਹੋਏ ਵੀ ਉਹ ਕਰਮਾਂ ਤੋਂ ਉਪਰ ਹੈ। ਦੁਨੀਆਂ ਨੂੰ ਜਾਤੀ ਬੰਧਨ ਵਿੱਚ ਪਾਕੇ ਵੀ ਉਹ ਆਪ ਅਜਾਤ ਹੈ, ਜਿਵੇਂ ਮਾਇਆ ਨੂੰ ਉਹ ਭਰਮ ਵਿੱਚ ਲਗਾਉਂਦਾ ਹੈ ਅਤੇ ਭੈ ਵਿੱਚ ਰੱਖਦਾ ਹੈ, ਪਰ ਉਸ ਨੂੰ ਕੋਈ ਭਉ ਜਾਂ ਭਰਮ ਨਹੀਂ ਵਿਆਪਦਾ।[1] ਉਸ ਨੇ ਸਾਰੀ ਤ੍ਰਿਕੁਟੀ ਨੂੰ ਗੁਣਕਾਰ ਬਣਾਇਆ ਹੈ ਪਰ ਆਪ ਉਹ ਕਿਸੇ ਗੁਣ ਵਿਚ ਨਹੀਂ ਆਉਂਦਾ।[2] ਉਸ ਦਾ ਗੁਣ ਹੀ ਇਹ ਹੈ ਕਿ ਉਸ ਵਿਚ ਕੋਈ ਗੁਣ ਨਹੀਂ।[3]

ਉਹ ਘੱਟ ਘੱਟ ਵਿਚ ਰਹਿੰਦਾ ਹੋਇਆ ਵੀ ਆਪਣੇ ਤ੍ਰਿਗੁਣ ਅਤੀਤ ਰੂਪ ਵਿੱਚ ਉੱਚੀ ਅਵਸਥਾ ਵਿੱਚ ਰਾਜਿਆ ਰਹਿੰਦਾ ਹੈ।[4] ਸਾਰੀ ਸ੍ਰਿਸ਼ਟਾ ਵਿੱਚ ਸਮਾ ਕੇ ਵੀ ਉਹ ਇੱਕ ਰਹਿੰਦਾ ਹੈ।[5] ਉਹ ੧ ਓ ਨਿਰਾਲਾ, ਅਮਰ, ਅਜੋਨੀ, ਅਜਾਤ, ਅਜਾਤਾ, ਅਗੰਮ, ਅਗੋਚਰ, ਅਰੂਪ ਹੈ। ਪਰ ਜਦੋਂ ਕੋਈ ਸਾਧਕ ਉਸ ਦੀ ਖੋਜ ਕਰ ਲੈਂਦਾ ਹੈ ਤਾਂ ਉਹ ਘੱਟ ਘੱਟ ਵਿੱਚ ਵਿਆਪਕ ਨਜ਼ਰ ਆਉਣ ਲੱਗ ਪੈਂਦਾ ਹੈ।[6] ਦੁਨੀਆਂ ਨੂੰ ਅਗੇ ਚਲਾਉਣ ਦਾ ਤਰੀਕਾ ਉਸ ਦਾ ਇਹ ਹੈ ਕਿ ਉਹ ਆਪ ਹੀ ਜਿਸਮ

---

1. ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲ ਨ ਕਰਮਾ ।
   ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ।"(ਸੋਰਠ ਪਦਾ-6, ਪੰਨਾ-567.)
2. ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ । (ਪ੍ਰਭਾਤੀ ਅਸਟਪਦੀ-4, ਪੰਨਾ-1349)
3. ਗੁਣ ਏਤੇ ਹੋਰੁ ਨਾਹੀ ਕੋਇ । ਨਾ ਕੋ ਹੋਆ ਨਾ ਕੋ ਹੋਇ । (ਆਸਾ ਪਦਾ-2, ਪੰਨਾ-349.)
4. ਘਟਿ ਘਟਿ ਰਵਿ ਰਹਿਆ ਅਲਖ ਅਪਾਰੋ ਰਾਮ,
   ਅਲਖ ਅਪਾਰ ਅਪਾਰਾ ਸਾਚਾ ਆਪੁ ਮਾਰਿ ਮਿਲਾਈਐ । (ਬਿਲਾਵਲ ਛੰਤ-1, ਪੰਨਾ-843.)
5. ਜਾ ਦੇਖਉ ਤਾ ਏਕੋ ਏਕਾ । (ਬਿਲਾਵਲ ਥਿਤੀ-14, ਪੰਨਾ-840.)
6. ਉਪਜਹਿ ਓਅੰਕਾਰੁ ਨਿਰਾਲਮੁ ਗੁਰ ਸਮਾਧਿ ਲਗਾਇਦਾ :-
   ਘਟਿ ਘਟਿ ਰਵਿ ਰਹਿਆ ਬਨਵਾਰੀ ।

   (ਮਾਰੂ ਸੋਹਲੇ-19, ਪੰਨਾ-1039-40.)

ਨਿਸਚਿਤ ਕਰਦੇ ਜੀਵਾਂ ਨੂੰ ਦੁਨੀਆਂ ਵਿੱਚ ਭੇਜ ਦੇਂਦਾ ਹੈ ਅਤੇ ਉਨ੍ਹਾਂ ਰਾਹੀਂ ਜਦੋਂ ਹੋਰ ਜਿਨਸ ਪੈਦਾ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਬੁਲਾ ਲੈਂਦਾ ਹੈ ।[1] ਅਸਲ ਵਿਚ ਉਸ ਦਾ ਅੰਤ ਕਿਸੇ ਤਰ੍ਹਾਂ ਵੀ ਪਾਇਆ ਨਹੀਂ ਜਾ ਸਕਦਾ । ਉਹ ਆਪਣੀ ਮਰਜ਼ੀ ਦਾ ਮਾਲਕ ਆਪ ਹੀ ਹੈ, ਤੇ ਦੁਨੀਆਂ ਨੂੰ ਹੋਰ ਹੋਰ ਰੰਗ ਨਾਲ ਵੀ ਚਲਾ ਸਕਦਾ ਹੈ। ਵਡੀ ਗੱਲ ਜਿਹੜੀ ਨਿਰਗੁਣ ਬ੍ਰਹਮ ਬਾਰੇ ਗੁਰੂ ਸਾਹਿਬ ਵਾਰ ਵਾਰ ਲਿਖਦੇ ਹਨ ਉਹ ਇਹ ਹੈ ਕਿ :-

"ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ ।
ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ ।
ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ।
ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ।"
ਆਖਣ ਅਉਖਾ ਨਾਨਕਾ ਆਖਿ ਨ ਜਾਪੈ ਆਖਿ ।"[2]

ਜਿੰਨੇ ਜੀਵ ਪਰਮਾਤਮਾ ਨੇ ਪੈਦਾ ਕੀਤੇ ਹਨ ਜੇ ਇੰਨੇ ਹੀ ਹੋਰ ਜੀਵ ਪੈਦਾ ਹੋ ਜਾਣ , ਉਹ ਸਭ ਮਿਲਕੇ ਬ੍ਰਹਮ ਨੂੰ ਬਿਆਨ ਕਰਨਾ ਸ਼ੁਰੂ ਕਰਨ ਤਾਂ ਵੀ ਉਹ ਬਿਆਨ ਨਹੀਂ ਕਰ ਸਕਦੇ ।[3] ਕਿਉਂਜੋ ਜਿੰਨਾਂ ਕੁੱਝ ਵੀ ਹੈ, ਉਹ ਉਸੇ ਅੰਦਰ ਹੈ ।[4] ਜੋ ਕੁੱਝ ਉਹ ਕਰਦਾ ਹੈ ਆਪਣੇ ਭਾਣੇ ਅਨੁਸਾਰ ਕਰਦਾ ਹੈ ।[5] ਸਾਰਾ ਜਗਤ ਉਸ "ਅਜਰਾਵਰੁ" (ਬੁਢੇਪੇ ਰਹਿਤ ਅਤੇ ਸਰੇਸ਼ਟ) ਦੀ ਛਾਇਆ ਹੈ ਜਿਹੜਾ ਨਾ ਤਾਂ ਆਪ ਉਤਪਤ ਹੁੰਦਾ ਹੈ, ਨਾ ਖਪਤ ਹੁੰਦਾ ਹੈ ।[6]

---

1. ਜਿਨਸਿ ਥਾਪਿ ਜੀਆ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ।
   ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ" (ਵਾਰ ਸਾਰੰਗ, ਸਲੋਕ-3, ਪੰਨਾ-1238.)
2. ਵਾਰ ਸਾਰੰਗ, ਸਲੋਕ-6.
3. ਕੇਤੇ ਆਖਹਿ ਆਖਣਿ ਪਾਹਿ, ਕੇਤੇ ਕਹਿ ਕਹਿ ਉਠਿ ਉਠਿ ਜਾਹਿ ।
   ਏਤੇ ਕੀਤੇ ਹੋਰਿ ਕਰੇਹਿ । ਤਾ ਆਖਿ ਨ ਸਕਹਿ ਕੇਈ ਕੇਈ ।" (ਜਪੁਜੀ-25, ਪੰਨਾ-6.)
4. ਜੇਤੀ ਹੈ ਤੇਤੀ ਤੁਧੁ ਜਾਣੈ । (ਮਾਰੂ ਸੋਹਲੇ-13, ਪੰਨਾ-1034.)
5. ਜੋ ਕਿਛੁ ਕਰੇ ਸੁ ਆਪਣ ਭਾਣੈ ।" (ਮਾਰੂ ਸੋਹਲੇ-14, ਪੰਨਾ-1034.)
6. ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ ।
   ਨਾ ਤਿਸੁ ਭੈਣ ਭਰਾਉ ਕਮਾਇਆ ।
   ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨ ਭਾਇਆ ।"
   (ਮਾਰੂ ਸੋਹਲੇ-18, ਪੰਨਾ-1038.)

ਬੱਸ ਉਸ ਬਾਰੇ ਇੰਜ ਹੀ ਕਹਿ ਸਕਦੇ ਹਾਂ ਕਿ ਉਹ "ਪੂਰਨ ਪਰਮ ਜੋਤਿ ਪਰਮੇਸਰ" ਹੈ ।[1] ਆਨੰਦ ਰੂਪ ਹੈ,[2] । "ਅਗਮ ਅਡੋਲ ਅਪਾਰ ਅਮੋਲਕ ਰਹਿਓ ਅਸਥਿਰ ਥਾਨਿ" ਤੇ ਸੁਹਾ ਰਿਹਾ ਹੈ ।[3] ਉਹ "ਸਰਬ ਨਿਰੰਜਨ ਪੁਰਖ ਸੁਜਾਨਾ" ਹੈ ।[4] ਪੁਰਖ ਅਤੀਤ ਹੈ ਜੋ ਨਿਹਕੇਵਲ (ਗੁਣਾਂ ਤੋਂ ਉਪਰ) ਕਹਾਉਂਦਾ ਹੈ ।[5] ਉਹ "ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨ ਗਾਇਆ" ਹੈ ।[6] ਉਹ "ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ" ਹੈ ।[7] ਉਹ ਆਨੰਦ ਰੂਪ ਅਨੂਪ ਸਰੂਪ ਹੈ ਜੋ ਪੂਰੇ ਗੁਰੂ ਰਾਹੀਂ ਵੇਖਿਆ ਜਾ ਸਕਦਾ ਹੈ ।[8] ਗੁਰਮਤਿ ਰਾਹੀਂ ਪਤਾ ਲਗਦਾ ਹੈ ਕਿ ਉਹ "ਅਗੰਮ ਅਗੋਚਰ ਅਨਾਥ ਅਜੋਨੀ" ਇਕ ਹੈ ।[9]

ਇੰਜ ਗੁਰੂ ਸਾਹਿਬ ਉਪਨਿਸ਼ਦਾਂ ਦੇ ਤਾਮਕਾਰੀ ਵਿਚਾਰਵਾਨਾਂ ਵਾਂਗ ਇਕ ਪੱਖੀ ਨਹੀਂ ਹੁੰਦੇ ਸਗੋਂ ਨਿਰਗੁਣ ਬ੍ਰਹਮ ਨੂੰ ਪੂਰੀ ਸੰਪੂਰਨਤਾ ਵਿਚ ਵੇਖਦੇ ਅਤੇ ਬਿਆਨਦੇ ਹਨ । ਰਿਗਵੇਦ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਦਾ ਕੇਵਲ ਸਿਰਜਨਾ ਤੋਂ ਪਹਿਲਾਂ ਦੇ ਰੂਪ ਵਿੱਚ ਹੀ ਵਰਣਨ ਮਿਲਦਾ ਹੈ । ਉਪਨਿਸ਼ਦਾਂ ਵਿਚ ਸਿਰਜਨਾ ਕਰ ਚੁੱਕਣ ਤੋਂ ਬਾਅਦ ਦਾ ਵਰਣਨ ਹੈ । ਅਤੇ ਸਿਰਜਨਾ ਦੇ ਖਾਤਮੇ ਤੇ ਨਿਰਗੁਣ ਬ੍ਰਹਮ ਦੇ ਸਰੂਪ ਦੀ ਇੱਕ-ਰਸਤਾ ਨੂੰ ਵੀ ਬਿਆਨ ਕੀਤਾ ਗਿਆ ਹੈ । ਗੁਰੂ ਸਾਹਿਬ ਆਪਣੀ ਬਾਣੀ ਵਿੱਚ ਨਿਰਗੁਣ ਬ੍ਰਹਮ ਦੀ ਸਿਰਜਨਾ ਤੋਂ ਪਹਿਲਾਂ ਦੀ, ਸਿਰਜਨਾ ਦੇ, ਦੌਰਾਨ ਤੇ ਸਿਰਜਨਾ ਤੋਂ ਬਾਅਦ ਦੀ ਅਵਸਥਾ ਨੂੰ ਬਿਆਨ ਕਰਦੇ ਹਨ । ਸਿਰਜਨਾ ਤੋਂ ਪਹਿਲਾਂ ਦੀ ਅਵਸਥਾ ਨੂੰ ਨੇਤੀ ਨੇਤੀ ਸ਼ੈਲੀ ਵਿਚ ਅਤੇ ਸਿਰਜਨਾ ਤੋਂ ਬਾਅਦ ਦੀ ਸ਼ੈਲੀ ਨੂੰ ਸੇਤੀ ਸੇਤੀ ਸ਼ੈਲੀ ਵਿੱਚ । ਸੇਤੀ ਸੇਤੀ ਸ਼ੈਲੀ ਵਿੱਚ ਗੁਰੂ ਸਾਹਿਬ ਨੇ ਪ੍ਰਤੱਖ ਰੂਪ ਵਿੱਚ ਸਿਰਜਨਾ ਅਤੇ ਬ੍ਰਹਮ ਦੇ ਨਿਰਗੁਣ ਸਰੂਪ ਦਾ ਨਿਖੇੜਾ ਕੀਤਾ ਹੈ ।

---

1. ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ।" (ਸਾਰੰਗ ਪਦਾ-1, ਪੰਨਾ-1197.)
2. ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ । (ਮਾਰੂ ਸੋਹਲੇ-22, ਪੰਨਾ-1043.)
3. ਅਗਮੁ ਅਡੋਲੁ ਅਪਾਰ ਅਮੋਲਕੁ ਰਹਿਓ ਅਸਥਿਰ ਥਾਨਿ ਸੁਹਾਇਆ। (ਮਾਰੂ ਸੋਹਲੇ-19, ਪੰਨਾ-1039)
4. ਸਰਬ ਨਿਰੰਜਨ ਪੁਰਖੁ ਸੁਜਾਨਾ । (ਮਾਰੂ ਸੋਹਲੇ-19, ਪੰਨਾ-1039.)
5. ਪੁਰਖੁ ਅਤੀਤ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ । (ਮਾਰੂ ਸੋਹਲੇ-10, ਪੰਨਾ-1040)
6. ਆਸਾ ਮਹਿ ਨਿਰਾਲਮੁ ਜੋਨੀ ਅਕੁਲ ਨਿਰੰਜਨ ਗਾਇਆ । (ਮਾਰੂ ਸੋਹਲੇ-19, ਪੰਨਾ-1040)
7. ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ । (ਮਾਰੂ ਸੋਹਲੇ-20, ਪੰਨਾ-1040)
8. ਆਨੰਦ ਰੂਪ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ । (ਮਾਰੂ ਸੋਹਲੇ-21, ਪੰਨਾ-1042.)
9. ਅਗਮ ਅਗੋਚਰ ਅਨਾਥ ਅਜੋਨੀ ਗੁਰਮਤਿ ਏਕੋ ਜਾਨਿਆ। (ਸਾਰੰਗੁ ਅਸਟਪਦੀ-2, ਪੰਨਾ-1233)

ਬ੍ਰਹਮ "ਸੱਚ" ਹੈ ਅਤੇ ਅਕੱਥ ਹੈ ਇਸ ਲਈ ਜਿਹੜਾ ਵੀ ਬ੍ਰਹਮ ਨੂੰ ਪਹਿਚਾਣ ਕੇ ਬ੍ਰਹਮ ਸਰੂਪ ਹੋ ਜਾਂਦਾ ਹੈ ਉਹ ਬ੍ਰਹਮ ਬਾਰੇ ਗਿਆਨ ਦੇਣ ਦਾ ਯਤਨ ਕਰਦਾ ਹੈ। ਬ੍ਰਹਮ ਗਿਆਨ ਵਿਚ ਕੋਈ ਭੇਦ ਨਹੀਂ ਹੋ ਸਕਦਾ, ਇਸ ਦੀ ਕੋਈ ਗੁੰਜਾਇਸ਼ ਹੀ ਨਹੀਂ, ਪਰ ਇਸ ਨੂੰ ਦੇਣ ਦੇ "ਯਤਨ" ਵਿੱਚ ਵਿਅਕਤੀਤਵ, ਸਥਿਤੀ ਅਤੇ ਸਮੇਂ ਅਨੁਸਾਰ ਭਿੰਨਤਾ ਜ਼ਰੂਰ ਹੁੰਦੀ ਹੈ। ਬੱਸ ਆਪਣੇ ਤੋਂ ਪੂਰਬਲੇ ਬ੍ਰਹਮ-ਗਿਆਨੀਆਂ ਨਾਲੋਂ ਇਹੋ ਭਿੰਨਤਾ ਗੁਰੂ ਸਾਹਿਬ ਦੁਆਰਾ ਵਰਣਤ ਬ੍ਰਹਮ ਸਰੂਪ ਅਤੇ ਬ੍ਰਹਮ ਗਿਆਨ ਵਿਚ ਹੈ। ਗੁਰੂ ਸਾਹਿਬ ਦਾ ਨਿਜੀ ਸੁਭਾ ਅਵਲੋਕਨਮਈ ਸੀ। ਇਸ ਲਈ ਉਨ੍ਹਾਂ ਦੁਆਰਾ ਵਰਣਤ ਬ੍ਰਹਮ ਸਰੂਪ ਦਾ ਵੀ ਵਿਸ਼ੇਸ਼ ਰੂਪ ਵਿੱਚ ਅਵਲੋਕਨ ਕੀਤਾ ਗਿਆ ਹੈ। ਇਸੇ ਅਵਲੋਕਨ ਵਿਚ ਉਨ੍ਹਾਂ ਬੋਧੀਆਂ ਦੇ "ਸੁੰਨ" ਦੀ ਅਸਲੀਅਤ ਨੂੰ ਵੀ ਵਿਚਾਰਿਆ ਹੈ ਅਤੇ ਜੋਗੀਆਂ ਦੀ ਨਾਦ ਨੂੰ ਵੀ ਮਦੇਨਜ਼ਰ ਕੀਤਾ ਹੈ, ਵੇਦਾਂਤ ਦੇ "ਸਤ ਚਿੱਤ ਆਨੰਦ" ਨੂੰ ਵੀ ਗੌਰ-ਅੰਦਾਜ਼ ਕੀਤਾ ਹੈ ਅਤੇ ਵੇਦਾਂ ਤੇ ਉਪਨਿਸ਼ਦਾਂ ਦੇ ਨੇਤੀ ਨੇਤੀ ਨੂੰ ਵੀ ਤੇ ਸੇਤੀ ਸੇਤੀ ਨੂੰ ਵੀ ਸਾਹਮਣੇ ਲਿਆਂਦਾ ਹੈ। ਤੇ ਦਸਿਆ ਹੈ ਕਿ ਨਿਰਗੁਣ ਬ੍ਰਹਮ ਸਤ ਚਿਤ ਆਨੰਦ ਸਰੂਪ ਹੋਣ ਕਾਰਨ ਆਪਣੇ ਆਪ ਤੋਂ ਆਪਹੁੰ ਉਪਾ ਕੇ ਆਪ ਹੀ ਖ਼ੁਸ਼ ਹੁੰਦਾ ਰਹਿੰਦਾ ਹੈ, ਉਸ ਵਿੱਚ ਅਪਾਰ ਹੁੱਕਮ ਦਾ ਵਰਤਾਰਾ ਰਹਿੰਦਾ ਹੈ, ਉਸ ਵਿੱਚ ਨਾਦ ਜਾਂ ਸ਼ਬਦ ਰਮ ਰਿਹਾ ਹੈ, ਇਹ ਅਸਲ ਵਿੱਚ ਆਪਣੇ ਸਰੂਪ ਵਿਚ "ਸੁੰਨ" ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਆਪਣੇ ਹੀ ਭਾਣੇ ਨਾਲ ਇਹ ਸਿਰਜਨਾ ਕਰ ਦੇਂਦਾ ਹੈ, ਅਰੂਪ ਤੋਂ ਸਰੂਪ ਹੋ ਜਾਂਦਾ ਹੈ ਤੇ ਆਪਣੀ ਅਰੂਪ ਅਵਸਥਾ ਵਿੱਚ ਵੀ ਕਾਇਮ ਰਹਿੰਦਾ ਹੋਇਆ ਇਹ ਸਿਰਜਨਾ ਨੂੰ ਪਾਲਦਾ ਸੰਘਾਰਦਾ ਤੇ ਨਿਤ ਨਵਾਂ ਰੂਪ ਦੇਂਦਾ ਹੈ। ਪਰ ਇਹ "ਇੱਕ" ਹੈ ਸੰਪੂਰਨ ਹੈ ਸਰਬ ਸਮਰੱਥ ਹੈ। ਇਹ ੧ ਹੀ ਓ ਹੈ।

ਗੁਰੂ ਸਾਹਿਬ ਇਸ ਅਨੇਕ ਨਾਵਾਂ ਅਤੇ ਰੂਪਾਂ ਭਰੀ ਦੁੱਨੀਆਂ ਵਿਚ ਵੀ ਹਮੇਸ਼ਾਂ ਇਕ ਨਿਰਗੁਣ ਬ੍ਰਹਮ ਨਾਮ ਵਿਚ ਲੀਨ ਰਹਿਣ ਵਾਲੇ ਸਨ ਇਸ ਲਈ ਉਹ ਬ੍ਰਹਮ ਵਲੋਂ ਦੁੱਨੀਆਂ ਵੱਲ ਨੂੰ ਆਉਂਦੇ ਹਨ, ਇਕ ਤੋਂ ਅਨੇਕ ਵੱਲ ਨੂੰ ਪਰਵਾਜ਼ ਕਰਦੇ ਹਨ, ਪਰ ਅਨੇਕਤਾ ਵਿੱਚ ਵੀ ਇੱਕ ਨੂੰ ਦੇਖਦੇ ਹਨ ਅਤੇ ਇਕ ਵਲ ਨੂੰ ਆਉਂਦੇ ਹਨ। ਇਸ ਲਈ ਉਹ ਬ੍ਰਹਮ ਨੂੰ ੧ ਓ ਕਹਿੰਦੇ ਹਨ, ਜਦ ਕਿ ਉਪਨਿਸ਼ਦਾਂ ਦੀ ਰੁਚੀ ਅਨੇਕਤਾ ਤੋਂ ਇਕ ਵੱਲ ਨੂੰ ਜਾਣ ਦੀ ਹੈ। ਇਸ ਲਈ ਉਨ੍ਹਾਂ ੧ ਓ ਨਹੀਂ ਸਿਰਫ "ਓ" ਜਾਂ "ॐ" ਹੀ ਲਿਖਾ ਹੈ ਜਿਹੜਾ ਸਰਗੁਣ ਦੀਆਂ ਅਕਾਰ, ਉਕਾਰ ਮਕਾਰ ਅਰਥਾਤ ਜਾਗਰਤ, ਸੁਸ਼ਪਤ ਅਤੇ ਸੁਖੋਪਤੀ ਅਵਸਥਾਵਾਂ ਦਾ ਲਖਾਇਕ ਅਤੇ ਆਪਣੀ ਆਖਰੀ ਅਰਧ ਮਾਤ੍ਰਾਂ ਨਾਲ ਨਿਰਗੁਣ "੧" ਵੱਲ ਸੰਕੇਤ ਕਰਦਾ ਹੈ। ਗੁਰੂ ਸਾਹਿਬ "੧" ਨੂੰ ਨੇਤੀ ਨੇਤੀ ਸ਼ੈਲੀ ਭਾਵ ਵਿਚ ਬਿਆਨ ਕਰਦੇ ਹਨ ਅਤੇ ਓ ਨੂੰ ਸੇਤੀ ਸੇਤੀ ਸ਼ੈਲੀ ਭਾਵ ਵਿੱਚ।

## ਪ੍ਰਕਰਣ ਅੱਠਵਾਂ

## "ਸਰਗੁਣ ਬ੍ਰਹਮ"

ਸਰਗੁਣ ਬ੍ਰਹਮ-ਵਿਆਖਿਆ, ਸਰਗੁਣ ਸਰੂਪ ਵਿਚ ਕਿਵੇਂ ਆਇਆ, ਸਰਗੁਣ ਦਾ ਸਰੂਪ, ਵੇਦਾਂਤ ਅਨੁਸਾਰ, ਗੁਰੂ ਨਾਨਕ ਦੇਵ ਜੀ ਅਨੁਸਾਰ, ਤਤਸਾਰ ।

***

ਪ੍ਰਕਰਣ-੪.

## ਸਰਗੁਣ ਬ੍ਰਹਮ

ਸਰਗੁਣ ਦਾ ਭਾਵ ਹੈ ਗੁਣਾਂ ਸਮੇਤ । ਨਿਰਗੁਣ ਬ੍ਰਹਮ ਜਦੋਂ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਰੂਪ ਵਿਚ ਵਿਅਕਤ ਕਰਦਾ ਹੈ । ਮਾਇਆ ਕਾਰਨ ਸਵਿਸ਼ੇਸ ਜਾਂ ਸਗੁਣ ਭਾਵ ਧਾਰਨ ਕਰਦਾ ਹੈ । ਅਰੂਪ ਅਵਸਥਾ ਤੋਂ ਮਾਇਆ ਦੇ ਤਿੰਨ ਗੁਣਾਂ-ਸਤ, ਰਜ, ਤਮ ਰਾਹੀਂ ਸਰੂਪ ਹੁੰਦਾ ਹੈ ਤਾਂ ਉਸ ਨੂੰ ਸਰਗੁਣ ਬ੍ਰਹਮ, ਅਪਰ ਬ੍ਰਹਮ ਜਾਂ ਈਸ਼ਵਰ ਕਹਿੰਦੇ ਹਨ । ਅਪਰ ਬ੍ਰਹਮ ਭਾਵ ਨਿਮਨ ਬ੍ਰਹਮ ਇਸ ਲਈ ਕਿਉਂਜੋ ਇਸਦੀ ਹੋਂਦ ਦਾ ਸਤਿ ਅੰਤਮ ਸੱਤ ਜਾਂ ਨਿਰਗੁਣ ਬ੍ਰਹਮ ਉਤੇ ਆਸਰਿਤ ਹੈ । ਸਾਪੇਖ ਰੂਪ ਵਿਚ ਵਿਸ਼ਵ ਸੱਚ ਅੰਤਮ ਸੱਚ ਨਾਲੋਂ ਨੀਵਾਂ ਹੈ ।

ਰਿਗ ਵੇਦ ਅਨੁਸਾਰ ਸ੍ਰਿਸ਼ਟੀ ਅਸਲ ਵਿਚ ਬ੍ਰਹਮ ਦੁਆਰਾ ਕੀਤੀ ਗਈ ਸਿਰਜਣਾ ਨਹੀਂ ਸਗੋਂ ਬ੍ਰਹਮ ਦਾ ਆਪਣੇ ਆਪ ਨੂੰ ਆਪਣੀ ਮਰਜ਼ੀ ਨਾਲ "ਬਨਾਉਣਾ" ਹੈ , ਸਥੂਲ ਰੂਪ ਵਿਚ ਲਿਆਉਣਾ ਹੈ । ਵੇਦਾਂਤ ਵਿਚ ਬ੍ਰਹਮ ਦੀਆਂ ਚਾਰ ਅਵਸਥਾਵਾਂ ਮੰਨੀਆਂ ਗਈਆਂ ਹਨ - 1. ਆਨੰਦ, 2. ਈਸ਼ਵਰ, 3. ਹਿਰਣਯਗਰਭ ਅਤੇ 4. ਵੈਰਾਟ (ਵੀਰਜ ) ।[1] ਆਨੰਦ ਨਿਰਗੁਣ ਸਰੂਪ ਨਾਲ ਸਬੰਧਤ ਹੈ । ਈਸ਼ਵਰ , ਹਿਰਣਯਗਰਭ ਅਤੇ ਵੈਰਾਟ ਸਰਗੁਣ ਸਰੂਪ ਦੇ ਦਰਜੇ ਹਨ ।

ਈਸ਼ਵਰ ਸ਼ਬਦ ਦੋ ਸ਼ਬਦਾਂ ਦਾ ਸਮਾਸ ਹੈ । ਈਸ + ਵਰ । ਈਸ ਦਾ ਅਰਥ ਹੈ ਪਤੀ, ਮਾਲਕ, ਰਾਜਾ, ਸੁਆਮੀ, ਸ਼ਕਤੀਸ਼ਾਲੀ[2] ਅਤੇ ਵਰ ਦਾ ਅਰਥ ਹੈ ਇੱਛਾ ਕਰਨਾ, ਚਾਹੁਣਾ ।[3] ਇੰਜ ਈਸ਼ਵਰ ਜਾਂ ਈਸਰ ਦਾ ਭਾਵ ਹੋਇਆ ਬ੍ਰਹਮ ਦਾ ਉਹ ਸਰੂਪ ਜੋ ਇੱਛਾ ਦਾ, ਚਾਹਨਾ ਦਾ ਪਤੀ ਹੈ, ਮਾਲਕ ਹੈ, ਸੁਆਮੀ ਹੈ । ਇੱਛਾ ਮਾਇਆ ਹੈ । ਸੋ ਈਸ਼ਵਰ ਬ੍ਰਹਮ ਦੀ ਇੱਛਾ ਸਮੇਤ ਮਾਇਆ ਪਤਿ ਦੀ ਅਵਸਥਾ ਹੈ । ਰਿਗ ਵੇਦ ਅਨੁਸਾਰ ਵਿਸ਼ਵ ਕਰਮਾ ਔਲਾਦ ਦੀ ਇੱਛਾ ਕਰਦਾ ਹੈ ਅਤੇ ਆਪਣੇ ਆਪ ਨੂੰ ਵਿਸ਼ਵ ਆਤਮਾ ਹਿਰਣਯਗਰਭ ਦੀ ਅਵਸਥਾ ਵਿਚ ਲਿਆਉਂਦਾ ਹੈ । ਜਿਸ ਤੋਂ ਬਾਅਦ ਵੈਰਾਟ ਅਵਸਥਾ ਵਿਚ ਸਥੂਲ ਰੂਪ ਧਾਰਨ ਕਰ ਲੈਂਦਾ ਹੈ ।[4] ਤੈਤਰੀਯ ਬ੍ਰਾਹਮਣ ਵੀ ਇਹੋ ਵਿਚਾਰ ਨੂੰ ਪਰਜਾ ਪਤੀ ਦਾ ਨਾਂ ਲੈਕੇ ਦੁਹਰਾਂਦਾ ਹੈ ਅਤੇ ਇੱਛਾ ਨੂੰ ਹੋਂਦ ਦਾ ਬੀਜ ਕਹਿੰਦਾ ਹੈ ।

---

1. Dr. Radha Krishnan .,"Indian Philosophy." Page -129.
2. ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-98.

।। पण्डित राम चन्द्र पाठक, '' आदर्श हिन्दी शब्द कोष'' पन्ना 63

3. ਓਹੀ ।
4. x. 82., 56.

ਸ਼ਾਪਨਹਾਰ ਅਤੇ ਕਾਂਤ ਵੀ "ਇੱਛਾ" ਨੂੰ ਸਥੂਲ ਬਣਤਰ ਦਾ ਅਧਾਰ ਮੰਨਦੇ ਹਨ ।

ਰਿਗਵੇਦ ਵਿੱਚ ਬ੍ਰਹਮ ਦੀ ਚਾਰਪੱਖੀ ਵਿਭਿੰਨਤਾ ਇੰਜ ਦਰਸਾਈ ਗਈ ਹੈ:-

1. ਅੰਤਮ , ਇਕ,ਸਭ ਦਵੈਤਾਂ ਅਤੇ ਭਿੰਨਤਾਵਾਂ ਤੋਂ ਉਪਰ (ਆਨੰਦ)
2. ਅਨਾਤਮਾ ਦਾ ਸਾਹਮਣਾ ਕਰ ਰਹੀ ਸਵੈ-ਸੁਚੇਤਨ ਆਤਮਾ (ਈਸ਼ਵਰ)
3. ਵਿਸ਼ਵ ਆਤਮਾ (ਹਿਰਨਯਗਰਭ)
4. ਵਿਸ਼ਵ (ਵੈਰਾਟ )[1]

ਉਪਨਿਸ਼ਦਾਂ ਵੀ ਬਹੁਤ ਥਾਵਾਂ ਉੱਤੇ ਐਲਾਨ ਕਰਦੀਆਂ ਹਨ ਕਿ ਵਿਸ਼ਵ ਸਿਰਫ "ਅੰਤਮ ਆਤਮ" ਦਾ ਵਿਕਾਸ ਹੈ । ਪ੍ਰਕ੍ਰਿਤੀ ਇੱਕ ਸਵੈ-ਵਿਕਸਤ ਯੋਜਨਾ ਹੈ, ਜਿਸਨੂੰ ਅੰਤਮ ਵਲੋਂ ਸਾਰਥਕਤਾ ਮਿਲ ਰਹੀ ਹੈ । ਵਿਕਾਸ ਦੇ ਪਹਿਲੇ ਪੜਾ ਤੇ ਬ੍ਰਹਮ ਸਵੈ-ਸੁਚੇਤਨ ਬ੍ਰਹਮ ਅਤੇ ਅਚੇਤ ਮਾਦਾ ਦੇ ਰੂਪ ਵਿੱਚ ਆਉਂਦਾ ਹੈ । ਇਸ ਤੋਂ ਬਾਅਦ ਕਿਸੇ ਤਰ੍ਹਾਂ ਅਚੇਤ ਮਾਦਾ ਦੇ ਤਿੰਨ ਗੁਣਾਂ- ਸਤ, ਰਜ , ਤਮ ਵਿੱਚ ਸੁਚੇਤ ਬ੍ਰਹਮ ਵਲੋਂ ਇਕ ਤਰ੍ਹਾਂ ਦੀ ਗਤੀ ਇਕ ਨਾਚ ਅਰੰਭ ਹੋ ਜਾਂਦਾ ਹੈ । ਬ੍ਰਹਮ "ਹਿਰਨਯਗਰਭ" ਦੀ ਅਵਸਥਾ ਵਿੱਚ ਸਤ ਗੁਣ ਬ੍ਰਹਮਾ ਸਿਰਜਕ,ਰਜ ਗੁਣ ਵਿਸ਼ਨੂੰ ਪਾਲਕ,ਅਤੇ ਤਮ ਗੁਣ ਮਹੇਸ਼ ਵਿਨਾਸ਼ਕ ਰੂਪ ਵਿਚ ਆਕੇ ਅਨੇਕ ਆਤਮਾਵਾਂ ਅਤੇ ਮਨਾਂ ਦੇ ਰੂਪ ਵਿੱਚ ਆਕੇ ਆਖਰ ਦ੍ਰਿਸ਼ਟਮਾਨ ਵਿਸ਼ਵ ਰੂਪ ਵਿੱਚ ਆ ਜਾਂਦਾ ਹੈ । ਜੀਵਨ ਦੇ ਕਣੂੰਨ ਵਿੱਚ ਸਵੈ ਪ੍ਰਗਟਾਵਾ ਅੰਤਮ ਗਤੀ ਦਾ ਮੂਲ ਸੁਭਾ ਹੋ ਜਾਂਦਾ ਹੈ । ਸਾਰਾ ਵਿਸ਼ਵ ਨਿਰਗੁਣ ਬ੍ਰਹਮ ਦਾ ਸਰਗੁਣ ਪ੍ਰਗਟਾ ਹੈ ।

ਈਸ਼ਵਰ ਅਤੇ ਅਵਰਨਣੀਯ ਮਾਦਾ ਇੱਕ ਹਨ । ਈਸ਼ਵਰ ਸਵੈ-ਸੁਚੇਤਨਤਾ ਹੈ ਅਤੇ ਮਾਦਾ ਅਚੇਤਨਤਾ । ਈਸ਼ਵਰ "ਮੈਂ" ਹੈ ਅਤੇ ਮਾਦਾ "ਨਾ- ਮੈਂ" । ਈਸ਼ਵਰ " ਜਮਾ " ਹੈ ਅਤੇ ਮਾਦਾ ਨਫੀ । ਅਸਲੀਅਤ ਭਾਵੇਂ " ਇਕ " ਹੈ ਪਰ ਤਾਂ ਵੀ ਅਸੀਂ ਦੋ ਵੇਖਦੇ ਹਾਂ । ਈਸ਼ਵਰ ਰੂਪ ਵਿੱਚ ਅਸੀਮ ਬ੍ਰਹਮ ਆਪ ਹੀ ਆਪਣੇ ਆਪ ਨੂੰ ਮਾਇਆ ਦੀ ਉਪਾਧੀ ਨਾਲ " ਸੀਮਤ " ਕਰ ਲੈਂਦਾ ਹੈ । ਅਤੇ ਫਿਰ ਸੀਮਾ-ਬੰਧ ਵਿਸ਼ਵ ਦਾ ਰੂਪ ਧਾਰ ਲੈਂਦਾ ਹੈ । ਵਿਸ਼ਵ ਦਾ ਕੋਈ ਰੂਪ, ਜੀਵ ਉਸ ਅਸੀਮ ਨੂੰ ਸੀਮਤ ਕਰ ਸਕਣ ਦੇ ਸਮਰੱਥ ਨਹੀਂ । ਉਹ ਆਪ ਹੀ ਆਪਣੇ ਆਪ ਨੂੰ ਸੀਮਤ ਕਰਦਾ ਹੈ ।

ਨਿਰਗੁਣ ਤੋਂ ਸਰਗੁਣ ਸਰੂਪ ਵਿੱਚ ਆਉਣ ਲਈ ਬ੍ਰਹਮ ਦਾ ਸਵੈ-ਸੁਚੇਤ ਹੋਣਾ ਈਸ਼ਵਰ ਸਰੂਪ ਵਿੱਚ ਆਉਣਾ ਹੈ । ਈਸ਼ਵਰ ਵਿੱਚ " ਇੱਛਾ " ਹੈ । "ਇੱਛਾ " ਸ਼ਕਤੀ ਹੈ, ਮਾਇਆ ਹੈ । ਈਸ਼ਵਰ ਕਿਸੇ ਤਰ੍ਹਾਂ ਮਾਇਆ ਨੂੰ ਗਰਭਵਤੀ ਕਰਦਾ ਹੈ ਤੇ "ਹਿਰਨਯਗਰਭ" (ਸੁਨਹਿਰੀ ਗਰਭ ਜਾਂ

---

1. Dr. Radha Krishnan., "The Principal Upanishads." Page.-40.

ਅੰਡਾਂ) ਦੀ ਅਵਸਥਾ ਆ ਜਾਂਦੀ ਹੈ । ਗੀਤਾ ਇਸ ਸਿਧਾਂਤ ਨੂੰ ਬਹੁਤ ਸਪਸ਼ਟ ਕਰਦੀ ਹੈ ।[1] ਇਸ ਅਨੁਸਾਰ ਮਾਇਆ ਬ੍ਰਹਮ ਦੀ ਯੋਨੀ ਹੈ ਜਿਸ ਵਿਚ ਉਹ ਸ੍ਰਿਸ਼ਟੀ ਦਾ ਬੀਜ ਪਾਉਂਦਾ ਹੈ । ਇਹ ਗਰਭ ਬੀਜ "ਮੈਂ" ਦਾ (**I, Ego**) ਦਾ ਹੈ । ਬ੍ਰਿਹਦਆਰਣਿਕ ਉਪਨਿਸ਼ਦ ਵਿੱਚ ਆਉਂਦਾ ਹੈ ਕਿ "ਵਿਸ਼ਵ ਸਿਰਜਨਾ ਤੋਂ ਪਹਿਲਾਂ ਸਿਰਫ਼ ਆਤਮਾ ਹੀ ਪੁਰਸ਼ ਰੂਪ ਵਿੱਚ ਸੀ । ਉਸ ਨੇ ਲੰਬੀ ਨੀਂਦ ਤੋਂ ਉਠਕੇ ਆਪਣੇ ਚਾਰੇ ਪਾਸੇ ਦੇਖਿਆ ਤਾਂ ਉਸ ਨੂੰ ਆਪਣੇ ਤੋਂ ਸਿਵਾ ਹੋਰ ਕੁੱਛ ਨਜ਼ਰ ਨਾ ਆਇਆ । ਉਸ ਨੇ ਕਿਹਾ "ਮੈਂ ਹਾਂ" ਅਤੇ "ਮੈਂ" ਦੀ ਰਚਨਾ ਹੋ ਗਈ । ਉਸ ਨੇ ਅਨੁਭਵ ਕੀਤਾ "ਮੈਂ ਹੀ ਅਸਲ ਵਿਚ ਇਹ ਸਾਰੀ ਰਚਨਾ ਹਾਂ ਕਿਉਂਕਿ ਇਹ ਸਭ ਮੇਰੇ ਕਾਰਨ ਹੈ ।" ਅਤੇ ਉਦੋਂ ਹੀ ਸਾਰੀ ਰੂਪ ਰਚਨਾ ਹੋ ਗਈ । "ਸਪਸ਼ਟ ਤੌਰ ਤੇ ਵਿਸ਼ਵ ਨਾਮ ਅਤੇ ਰੂਪ ਕਰਕੇ ਹੀ ਵਿਭਿੰਨਤਾਸ਼ੀਲ ਹੈ । ਬ੍ਰਹਮ ਆਪ ਵਿਸ਼ਵ ਵਿੱਚ ਪੋਟਿਆਂ ਤੱਕ ਸਮਾ ਗਿਆ ਜਿਵੇਂ ਇਕ ਤਲਵਾਰ ਆਪਣੀ ਮਿਆਨ ਵਿੱਚ ਸਮਾ ਜਾਂਦੀ ਹੈ । ਵਿਸ਼ਵ ਦੇ ਜੀਵ ਉਸਨੂੰ ਦੇਖ ਨਹੀਂ ਸਕਦੇ ਕਿਉਂਜੋ ਉਹ ਕਿਸੇ ਇੱਕ ਵਸਤੂ ਵਿੱਚ ਸੰਪੂਰਨ ਨਹੀਂ[2] । ਗੁਰੂ ਸਾਹਿਬ ਵੀ ਦੱਸਦੇ ਹਨ ਕਿ ਹਉਮੈ ਸਮੁੱਚੀ ਸਿਰਜਨਾ ਦਾ ਮੂਲ ਕਾਰਨ ਹੈ ।[3] ਜਦੋਂ "ਮੈਂ" ਹੋਂਦ ਵਿੱਚ ਆ ਗਈ ਤਾਂ ਨਾ "ਮੈਂ" (**Non-I**) ਦੀ ਅਵਸਥਾ ਦਾ ਵੀ ਹੋਂਦ ਵਿੱਚ ਆਉਣਾ ਜ਼ਰੂਰੀ ਹੈ ਕਿਉਂਜੋ ਹੋਂਦ ਦੇ ਅਹਿਸਾਸ ਲਈ ਅਣਹੋਂਦ ਦਾ, ਹੋਣਾ ਲਾਜ਼ਮੀ ਹੈ । ਦਵੈਤ ਹੀ ਏਕਤਾ ਦਾ ਅਹਿਸਾਸ ਦੇਂਦੀ ਹੈ । ਇਸ "ਮੈਂ" ਅਤੇ "ਨਾ ਮੈਂ" ਨੂੰ ਅਸੀਂ ਵਿਗਿਆਨ ਦੀ ਬੋਲੀ ਵਿਚ "ਜਮਾਂ" ਅਤੇ ਨਫ਼ੀ (**Positive,Negative**) ਤਾਕਤ ਕਹਿ ਸਕਦੇ ਹਾਂ, ਅਧਿਆਤਮਵਾਦ ਦੀ ਬੋਲੀ ਵਿੱਚ ਸ਼ਿਵ ਅਤੇ ਸ਼ਕਤੀ ਕਹਿ ਸਕਦੇ ਹਾਂ । ਸਾਂਖ ਅਤੇ ਯੋਗ ਦਾ ਬ੍ਰਹਮ ਅਨੁਭਵ ਇਸ ਸ਼ਿਵ ਸ਼ਕਤੀ ਦੇ ਸਿਧਾਂਤ ਤੱਕ ਹੀ ਸੀਮਤ ਹੈ । ਇਨ੍ਹਾਂ ਦੋਹਾਂ ਸ਼ਕਤੀਆਂ, ਕਾਰਨ ਈਸ਼ਵਰ ਇੱਕ ਹੁੰਦਾ ਹੋਇਆ ਵੀ ਦੋ ਹੈ । ਇਨ੍ਹਾਂ ਦੋਹਾਂ ਦੇ ਆਪਸੀ ਖਿਚੋ ਖਿਚਾਵ, ਮੇਲ ਮਿਲਾਪ, ਸਦਕਾ ਹੀ ਸਮੁੱਚੀ ਸਿਰਜਣਾ ਸਥੂਲ ਰੂਪ ਧਾਰਨ ਕਰ ਜਾਂਦੀ ਹੈ । ਇਹ ਗਰਭ ਕਿਵੇਂ ਪੱਕਦਾ ਅਤੇ ਆਖਰ ਪਰਸੂਤਾ ਹੁੰਦਾ ਹੈ ? ਇਸ ਬਾਰੇ ਰਿਗਵੇਦ ਦੇ ਸਿਰਜਨਾ ਮੰਤਰ ਵਿਚ ਦੱਸਿਆ ਗਿਆ ਹੈ ਕਿ ਅੰਦਰ "ਤਪਸ਼" ਪੈਦਾ ਹੋ ਜਾਂਦੀ ਹੈ । "ਤਪਸ਼" ਕੀ ਹੈ- ਕਾਮਨਾ, ਗਰਮੀ, ਇੱਕ ਗਤੀ ਇਕ ਵਿਕਾਸ ਜੋ ਹਮੇਸ਼ਾਂ ਵਾਧੇ ਵੱਲ ਨੂੰ ਜਾਂਦਾ ਹੈ, ਕਦੇ ਸਥਿਰ ਨਹੀਂ ਰਹਿ ਸਕਦਾ । ਇਸ ਤਪਸ਼, ਕਾਮਨਾ ਕਾਰਨ ਮੈਂ ਅਤੇ ਨਾ "ਮੈਂ" ਦਾ ਘੋਲ ਤਿੱਖਾ ਹੋ ਜਾਂਦਾ ਹੋਵੇਗਾ, ਅਨੁਭਵ ਅਤੇ ਵਿਚਾਰਾਂ ਦਾ ਜਾਲ ਫੈਲਣਾਂ ਸ਼ੁਰੂ ਹੋ ਜਾਂਦਾ ਹੋਵੇਗਾ । ਵਿਚਾਰ ਆਪਣੇ ਆਪ ਵਿਚ ਇਕ ਸ਼ਕਤੀ ਹਨ । ਹਰ ਵਿਚਾਰ ਆਪਣੇ ਚੁਗਿਰਦੇ ਤਾਕਤ ਇਕੱਠੀ ਕਰਦਾ ਹੈ ਅਤੇ ਅਸਲੀ ਰੂਪ ਵਿੱਚ ਆਉਣ ਲਈ ਪ੍ਰਯਤਨ ਸ਼ੀਲ

---

1. ਗੀਤਾ 14. 3.,
2. **Brih. Up. 1.4; 4, 4,5,4; 1.**
3. ਹਉ ਵਿਚ ਮਾਇਆ, ਹਉ ਵਿਚਿ ਛਾਇਆ
   ਹਉਮੈ ਕਰਿ ਕਰਿ ਜੰਤ ਉਪਾਇਆ । (ਵਾਰ ਆਸਾ-17, ਪੰਨਾ-466)

ਰਹਿੰਦਾ ਹੈ। ਵਿਚਾਰ ਜੱਦ ਕਰਮ ਰੂਪ ਧਾਰਨ ਕਰ ਜਾਂਦਾ ਹੈ ਤਾਂ ਆਪਣੇ ਆਪ ਸਥੂਲ ਸਿਰਜਨਾ ਹੋਂਦ ਵਿੱਚ ਆਉਣ ਲੱਗ ਪੈਂਦੀ ਹੈ। ਵਿਚਾਰਾਂ ਦਾ ਪੂਰਨ ਰੂਪ ਵਿੱਚ ਸ਼ਕਤੀਸ਼ਾਲੀ ਹੋਕੇ ਕਰਮ ਰੂਪ ਧਾਰ ਲੈਣਾ ਹੀ ਹਿਰਨਯ ਗਰਭ ਦਾ ਪਰਸੂਤਾ ਹੋਕੇ ਵੈਰਾਟ ਰੂਪ ਵਿਚ ਆ ਜਾਣਾ ਹੈ। ਗੁਰੂ ਨਾਨਕ ਦੇਵ ਜੀ ਇਸ ਅਵਸਥਾ ਬਾਰੇ ਇੰਜ ਲਿਖਦੇ ਹਨ।

"ਏਕਾ ਮਾਈ ਜੁਗਤਿ ਵਿਆਈ ਤਿੰਨ ਚੇਲੇ ਪਰਵਾਣ।"

ਤਿੰਨ ਚੇਲੇ, ਤਿੰਨ ਗੁਣ - ਸਤ, ਰਜ ਤਮ, ਕਿਵੇਂ ਹੋਂਦ ਵਿੱਚ ਆਉਂਦੇ ਹਨ? ਕਦੋਂ ਇਕ ਈਸ਼ਵਰ ਜੋ ਇਕ ਵਿਚ ਦੋ ਹੈ, ਤਿੰਨ ਰੂਪ- ਸਤੋ ਗੁਣੀ ਸਿਰਜਕ ਬ੍ਰਹਮਾ, ਰਜੋ ਗੁਣੀ ਪਾਲਕ ਬਿਸਨੁ ਅਤੇ ਤਮੋ ਗੁਣੀ ਵਿਨਾਸ਼ਕ ਸ਼ਿਵ ਧਾਰਕੇ ਮਾਇਆ ਵਿਚ, ਪ੍ਰਗਟ ਹੁੰਦਾ ਹੈ ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ। ਪਰ ਇਹ ਗੱਲ ਪ੍ਰਤੱਖ ਹੈ ਕਿ ਨਿਰਗੁਣ "ਆਨੰਦ" ਦੇ ਸਰਗੁਣ ਈਸ਼ਵਰ ਰੂਪ ਵਿੱਚ ਆਉਣ ਤੋਂ ਬਾਅਦ ਸਿਰਜਨਾ ਦਾ ਵਿਕਾਸ ਕ੍ਰਮ ਅਰੰਭ ਹੋ ਜਾਂਦਾ ਹੈ ਜਿਹੜਾ ਹਿਰਨਯਗਰਭ ਦੀ ਅਵਸਥਾ ਤੋਂ ਹੁੰਦਾ ਹੋਇਆ ਵੈਰਾਟ ਅਵਸਥਾ ਵਿੱਚ ਆਕੇ ਸੰਪੂਰਨ ਹੋ ਜਾਂਦਾ ਹੈ, ਨਿਰਗੁਣ ਬ੍ਰਹਮ ਸਰਗੁਣ ਸਰੂਪ ਵਿਚ ਸਾਖਸ਼ਾਤ ਹੋ ਜਾਂਦਾ ਹੈ। ਹਿਰਨਯਗਰਭ ਸਭ ਤੋਂ ਪਹਿਲਾਂ ਹੋਂਦ ਵਿਚ ਆਈ ਨਿਸਚਿਤ ਹੋਂਦ ਹੈ ਜਦ ਕਿ ਬ੍ਰਹਮ-ਈਸ਼ਵਰ-ਅੰਤਿਮ ਸਤ ਹੈ ਜੋ ਅਨੁਭਵ -ਅਤੀਤ -ਤਤਵ ਦੇ ਖੇਤਰ ਵਿੱਚ ਹੈ।

ਰਿਗ ਵੇਦ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਵਿੱਚ ਸਾਖਸ਼ਾਤ ਹੋਣ ਦੇ ਕ੍ਰਮ ਨੂੰ ਇੰਜ ਬਿਆਨ ਕੀਤਾ ਗਿਆ ਹੈ-:-

ਪਹਿਲਾਂ ਧੁੰਦ ਦਾ ਇੱਕ ਸਮੁੰਦਰ ਫੈਲਿਆ ਅਤੇ ਇਦਮ (ਬ੍ਰਹਮ) ਉਘੜ ਧੁੰਦ ( **Chaos** ) ਵਿੱਚ ਛੁੱਪ ਗਿਆ ਅਤੇ ਅੰਦਰ ਦੀ ਤਪਸ਼ ਵੱਧ ਗਈ। ਇਸ ਵਿੱਚ ਪਹਿਲਾਂ ਇੱਛਾ (ਕਾਮ) ਦੀ ਉਤਪਤੀ ਹੋਈ, ਫਿਰ ਮਹੱਤ (ਆਦਿ ਮਨ) ਦੀ ਉਤਪਤੀ ਹੋਈ --- ਉਹ ਪਰਜਵਲਤ ਰੋਸ਼ਨੀ ਜਿਸਨੇ ਅੰਧੇਰ ਅਤੇ ਗੁਬਾਰ ਦੇ ਸਮੁੰਦਰ ਨੂੰ ਖਤਮ ਕੀਤਾ, ਇਸਦੇ ਹੇਠਾਂ ਸੀ ਜਾਂ ਉੱਪਰ? ਕਿਹੜਾ ਰਿਸ਼ੀ ਇਸ ਦਾ ਜਵਾਬ ਦੇ ਸਕਦਾ ਹੈ? ਫਿਰ ਬੁੱਧੀ ਦੀ ਸਿਰਜਨਾ ਹੋਈ ਅਤੇ ਹੋਰ ਸ਼ਕਤੀਸ਼ਾਲੀ ਤਾਕਤਾਂ ਹੋਂਦ ਵਿੱਚ ਆਈਆਂ--- ਇਕ ਆਪਣੇ ਆਪੇ ਤੇ ਆਸ਼ਰਿਤ ਮਾਦਾ ਸ਼ਕਤੀ ਹੇਠਾਂ ਅਤੇ ਇੱਕ ਸਿਰਜਨਾ ਸ਼ਕਤੀ ਉੱਤੇ।"[1]

---

1. **"Gloom hid in gloom existed first -one sea eluding View. That one, a void in chaos wrapt, By inward fervour grew. Within it first arose desires, The primal germ of mind which nothing with existence links, As sages searching find. The kindling ray that**

**------**

ਐਤਰੀਯ ਉਪਨਿਸ਼ਦ ਅਨੁਸਾਰ ਸਿਰਜਨਾ ਤੋਂ ਪਹਿਲਾਂ ਸਿਰਫ ਇਕ ਆਤਮਾ ਸੀ । ਹੋਰ ਕੁੱਝ ਨਹੀਂ ਸੀ । ਉਸ ਨੇ ਨਿਸਚਾ ਕੀਤਾ ਸੀ, "ਮੈਂ ਵਿਸ਼ਵ ਸਿਰਜਨਾ ਕਰਾਂਗਾ । ਉਸ ਨੇ ਵਿਸ਼ਵ ਸਿਰਜਨਾ ਕਰ ਦਿੱਤੀ ।[1] ਸੋ ਉਸ ਨੇ ਸਰੂਪ ਅਤੇ ਅਰੂਪ ਬਣਾ ਦਿੱਤੇ ਸੂਖਸ਼ਮ ਅਤੇ ਸਥੂਲ ਬਣਾ ਦਿੱਤੇ । ਆਤਮਾ ਵਿੱਚੋਂ ਅਕਾਸ਼ ਪੈਦਾ ਹੋਇਆ, ਅਕਾਸ਼ ਵਿਚੋਂ ਹਵਾ ਪੈਦਾ ਹੋਈ । ਹਵਾ ਵਿਚੋਂ ਅੱਗ ਪੈਦਾ ਹੋਈ, ਅੱਗ ਵਿਚੋਂ ਪਾਣੀ ਪੈਦਾ ਹੋਇਆ, ਪਾਣੀ ਵਿਚੋਂ ਧਰਤੀ ਅਤੇ ਬਨਸਪਤੀ ਪੈਦਾ ਹੋਈ ।[2] ਸਿਰਜਨਾ ਤੋਂ ਪਹਿਲਾਂ ਬ੍ਰਹਮ ਵਿਚ ਇਹ ਸਾਰੀ ਸਿਰਠਾ ਅਵਿਅਕਤ ਰੂਪ ਵਿੱਚ ਸੀ, ਜਿਸ ਨੂੰ ਬ੍ਰਹਮ ਆਪ ਹੀ ਵਿਅਕਤ ਕਰ ਦੇਂਦਾ ਹੈ । ਉਹ ਨਾਮ ਤੇ ਰੂਪ ਸਿਰਜ ਦਿੰਦਾ ਹੈ ।[3] ਸਿਰਜਨਾ ਅਭੇਦਤਾ ਦੀ ਅਵਸਥਾ ਤੋਂ ਭੇਦਤਾ ਦੀ ਅਵਸਥਾ ਵਿੱਚ ਆਉਣਾ ਹੈ । ਸੁਬਾਲਾ ਉਪਨਿਸ਼ਦ ਵਿੱਚ ਬ੍ਰਹਮ ਦੇ ਭੇਦਤਾ ਦੀ ਅਵਸਥਾ ਵਿੱਚ ਆਕੇ ਅਭੇਦਤਾ ਦੀ ਅਵਸਥਾ ਵਿੱਚ ਕਾਇਮ ਰਹਿਣ ਨੂੰ ਬਹੁਤ ਸਪਸ਼ਟ ਰੂਪ ਵਿਚ ਸਮਝਾਇਆ ਗਿਆ ਹੈ। ਇਸ ਅਨੁਸਾਰ ਪਹਿਲਾਂ ਨਾ ਜੀਵ ਸੀ ਨਾ ਅਜੀਵ ਸੀ ਤੇ ਨਾ ਹੀ ਜੀਵ-ਅਜੀਵ ਦੋਨੋਂ ਸਨ । ਇਸ ਅਵਸਥਾ ਵਿੱਚ ਤਮਸ (ਇੱਛਾ) ਪੈਦਾ ਹੋਈ । ਤਮਸ ਤੋਂ ਆਦਿ ਮਾਦਾ (ਭੂਤਾਂਦੀ, ਮਾਇਆ) ਪੈਦਾ ਹੋਇਆ । ਆਦਿ ਮਾਦਾ ਤੋਂ ਅਕਾਸ਼ ਪੈਦਾ ਹੋਇਆ, ਅਕਾਸ਼ ਤੋਂ ਹਵਾ, ਹਵਾ ਤੋਂ ਅੱਗ, ਅੱਗ ਤੋਂ ਪਾਣੀ, ਪਾਣੀ ਤੋਂ ਧਰਤੀ । ਸਭ ਜੀਵ ਧਰਤੀ ਵਿਚ ਸਮਾ ਜਾਂਦੇ ਹਨ, ਧਰਤੀ ਪਾਣੀ ਵਿਚ, ਪਾਣੀ ਅੱਗ ਵਿਚ, ਅੱਗ ਹਵਾ ਵਿਚ, ਹਵਾ ਅਕਾਸ਼ ਵਿਚ, ਅਕਾਸ਼ ਗਿਆਨ ਇੰਦਰੀਆਂ ਵਿਚ, ਗਿਆਨ ਇੰਦਰੀਆਂ ਤਨ ਮਾਤ੍ਰਾ ਵਿਚ, ਤਨ ਮਾਤ੍ਰਾ ਭੂਤਾਂਦੀ ਜਾਂ ਆਦਿ ਮਾਦਾ, ਵਿਚ , ਆਦਿ ਮਾਦਾ ਮਹੱਤ ਵਿਚ, ਮਹਤ ਅਵਿਅਕਤ ਵਿਚ, ਅਵਿਅਕਤ ਅਕਸ਼ਰ ਵਿੱਚ, ਅਕਸ਼ਰ ਤਮਸ ਵਿੱਚ, ਤਮਸ ਉਚਤਮ ਦੇਵ ਵਿਚ ਅਭੇਦ ਹੋ ਜਾਂਦਾ ਹੈ। ਅਗੋ ਨਾ ਜੀਵ ਹੈ, ਨਾ ਅਜੀਵ ਹੈ, ਨਾ ਜੀਵ-ਅਜੀਵ ਦੋਵੇ ਹਨ ।[4] ਮਹਾਂਭਾਰਤ ਅਤੇ ਪੁਰਾਣਾਂ ਵਿੱਚ ਵੀ ਅਜਿਹਾ ਹੀ ਬਿਆਨ

---

--- shot across the dark and drear abyss was it beneath ? Or high aloft ? What bard can answer this ? There fecundating powers were found, And mighty forces strove, A self-supporting mass beneath And energy above. Who knows, whoever hath told,--- from whence this vast creation rose ? No gods had then been born, who then can ever the truth disclose." translated by John Muir in "The Mind of India" ed. Willian Gerber, pb. Macmillan Co. New Yark."

1. Ait. Up., i. 1.
2. Tait. Up., ii. 1. 6, 7.
3. Ākasp Vai nāmarupayor nirvahita." Chand.Up. viii, 14.1.
4. Subāla. Up. 1.2.

ਮਿਲਦਾ ਹੈ। ਸਾਂਖ ਦਾ ਪ੍ਰਕ੍ਰਿਤਕ ਵਿਕਾਸ ਦਾ ਸਿਧਾਂਤ ਵੀ ਇਸ ਨਾਲ ਮਿਲਦਾ ਹੈ। ਭਾਵੇਂ ਇਹ "ਬ੍ਰਹਮ" ਦੇ ਸੰਪੂਰਨ ਸੰਕਲਪ ਤੱਕ ਨਹੀਂ ਪਹੁੰਚਦੇ। ਸ੍ਵੇਤਾਸ੍ਵਤਰ ਉਪਨਿਸ਼ਦ ਪੁਰਸ਼ ਅਤੇ ਪ੍ਰਕ੍ਰਿਤੀ ਦੇ ਦ੍ਵੈਤਮਈ ਸਿਧਾਂਤ ਨੂੰ "ਬ੍ਰਹਮ" ਦੀ "ਏਕਤਾ" ਨਾਲ ਅਭੇਦ ਕਰ ਦੇਂਦੀ ਹੈ। ਇਸ ਅਨੁਸਾਰ ਬ੍ਰਹਮ "ਈਸ" ਹੈ, ਪ੍ਰਕ੍ਰਿਤੀ ਦਾ ਅਤੇ ਜੀਵ ਆਤਮਾਵਾਂ ਦਾ ਪਰ ਇਹ ਪ੍ਰਕ੍ਰਿਤੀ ਅਤੇ ਆਤਮਾ ਵੀ ਅਸਲ ਵਿੱਚ ਬ੍ਰਹਮ ਹੀ ਹਨ। ਭਾਵੇਂ ਇਸ ਵਿੱਚ, ਪ੍ਰਕ੍ਰਿਤੀ ਅਤੇ ਜੀਵ ਆਤਮਾਵਾਂ ਨੂੰ ਵੀ ਅਜੂਨੀ ਅਤੇ ਅਨੰਤ ਸਚਾਈਆਂ ਮੰਨਿਆ ਗਿਆ ਹੈ।[1]

ਗੁਰੂ ਨਾਨਕ ਦੇਵ ਜੀ ਇਸ ਸਥਿਤੀ ਨੂੰ ਇੰਜ ਬਿਆਨ ਕਰਦੇ ਹਨ:-

"ਅਵਿਗਤੋ ਨਿਰਮਾਇਲ ਉਪਜੇ
ਨਿਰਗੁਣ ਤੇ ਸਰਗੁਣ ਥੀਆ"[2]

ਅਵਿਗਤੋ ( ਅਵਰਨਣਯ ਬ੍ਰਹਮ)[3] ਤੋਂ ਨਿਰਮਾਇਲ (ਨਿਰਮਲ ਸਰੂਪ ਬ੍ਰਹਮ)[4] ਪੈਦਾ ਹੁੰਦਾ ਹੈ ਭਾਵ ਅਰੂਪ ਅਵਰਨਣਯ ਬ੍ਰਹਮ ਇਕ ਬਿਆਨ ਕੀਤੇ ਜਾ ਸਕਣ ਵਾਲੇ ਸਰੂਪ ਵਿੱਚ ਆਉਂਦਾ ਹੈ ਅਤੇ ਨਿਰਗੁਣ ਸਰਗੁਣ ਹੋ ਜਾਂਦਾ ਹੈ। ਇਹ ਕਰਮ ਵਿਆਪਦਾ ਇੰਜ ਹੈ ਕਿ:-

"ਸਾਚੇ ਤੇ ਪਵਨਾ ਭਇਆ
ਪਵਨੈ ਤੇ ਜਲੁ ਹੋਇ।"
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।"
ਨਿਰਮਲੁ ਮੈਲਾ ਨ ਥੀਐ ਸਬਦਿ ਰਤੇ ਪਤਿ ਹੋਇ।"[5]

ਇਥੇ ਹੋਈ "ਨਿਰਮਲ" ਸ਼ਬਦ ਦੀ ਵਰਤੋਂ ਸਪੱਸ਼ਟ ਦਸਦੀ ਹੈ ਕਿ ਗੁਰੂ ਸਾਹਿਬ ਨੇ "ਨਿਰਮਲ" ਸ਼ਬਦ "ਸਰਗੁਣ" ਲਈ ਵਰਤਿਆ ਹੈ। ਗੁਰੂ ਸਾਹਿਬ "ਮਾਇਆ" ਦੇ ਸਿਧਾਂਤ ਦਾ ਵਰਣਨ ਵੀ ਕਰਦੇ ਹਨ ਕਿ :-

"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ"[6]

---

1. Svet.Up. i.10.,iii,2,4,5.,iv.10,12,14,16,18,21,22.,v.7.
2. ਰਾਮਕਲੀ ਸਿਧ ਗੋਸਟਿ-24, ਪੰਨਾ-940.
3.,4. ਅਰਥ ਮਹਾਨ ਕੋਸ਼। ਪੰਨਾ-63, 534.
5. ਸਿਰੀ ਪਵੇ-15, ਪੰਨਾ-19.
6. ਜਪੁਜੀ -30, ਪੰਨਾ-7.

ਏਕਾ ਮਾਈ ਦੇ "ਜੁਗਤਿ ਵਿਆਈ" ਵਿਚ "ਹਿਰਨਯਗਰਭ" ਦਾ ਭਾਵ ਆ ਜਾਂਦਾ ਹੈ। ਹਿਰਨਯ-ਗਰਭ ਜਾਂ "ਵਿਸ਼ਵ-ਆਤਮਾ" ਤੋਂ ਹੀ ਈਸ਼ਵਰ ਦੇ ਤਿੰਨ ਸਰੂਪ-ਬ੍ਰਹਮਾ, ਬਿਸਨੁ, ਮਹੇਸ਼ ਹੋਂਦ ਵਿਚ ਆਉਂਦੇ ਹਨ ਅਤੇ ਫਿਰ ਅਨੇਕ ਆਤਮਾਵਾਂ ਅਤੇ ਮਨਾਂ ਦੀ ਸਿਰਜਨਾ ਹੋਕੇ ਸਥੂਲ ਸ੍ਰਿਸ਼ਟੀ ਜਾਂ ਬ੍ਰਹਮ ਦਾ ਵੈਰਾਟ ਸਰੂਪ ਹੋਂਦ ਵਿੱਚ ਆਉਂਦਾ ਹੈ। ਇਸ ਵਿਚਾਰ ਨੂੰ ਗੁਰੂ ਸਾਹਿਬ ਇਨ੍ਹਾਂ ਸ਼ਬਦਾਂ ਨਾਲ ਅਗਾਂਹ ਤੋਰਦੇ ਹਨ:-

"ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ",
(ਬ੍ਰਹਮਾ) (ਬਿਸਨ) (ਮਹੇਸ)

ਪਰ ਵੱਡੀ ਗੱਲ ਇਹ ਹੈ ਕਿ :- ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।" ਸੋ ਇਹ ਸਾਰਾ ਕੁੱਝ ਬ੍ਰਹਮ ਦੇ ਭਾਣੇ ਕਾਰਨ ਗਤੀਸ਼ੀਲ ਹੁੰਦਾ ਹੈ ਤੇ ਉਸ ਦੇ ਹੁੱਕਮ ਅਨੁਸਾਰ ਚਲਦਾ ਹੈ। ਭਾਵੇ "ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ"

ਸਰਗੁਣ ਸਰੂਪ ਵਿੱਚ ਬ੍ਰਹਮ ਕਿਸੇ ਵਿਸ਼ੇਸ਼ ਕਾਰਨ ਕਰਕੇ ਨਹੀਂ ਆਉਂਦਾ। ਜਦੋਂ ਉਸ ਨੂੰ ਭਾਇਆ ਤਾਂ ਉਸ ਨੇ ਬਿਨ੍ਹਾਂ ਕਿਸੇ ਜਾਹਰੀ ਕਲਾ ਤੋਂ ਆਪਣੇ ਆਪ ਵਿਚੋਂ ਹੀ ਸਾਰਾ ਪਸਾਰਾ ਕਰ ਦਿੱਤਾ। ਉਸ ਨੂੰ ਚੰਗਾ ਲੱਗਿਆ ਤਾਂ ਉਸ ਨੇ ਹੁੱਕਮ,[1] ਕਵਾਓ[2] (ਧੁਨੀ) ਜਾਂ ਓਅੰਕਾਰ[3] ਤਿੰਨ ਗੁਣ, ਸਤ, ਰਜ, ਤਮ, ਜਿਨ੍ਹਾਂ ਦੀ ਪ੍ਰਤੀਨਿਧਤਾ ਬ੍ਰਹਮਾ, ਬਿਸਨ, ਮਹੇਸ ਕਰਦੇ ਹਨ, ਪੈਦਾ ਕਰਕੇ ਅਗਿਆਨਤਾ ਨੂੰ ਹੋਂਦ ਵਿਚ ਲਿਆਂਦਾ ਜਿਸ ਕਾਰਨ ਹਉਮੈ ਅਤੇ ਦਵੈਤ ਪੈਦਾ ਹੋਈ ਤੇ "ਇੱਕ" ਬ੍ਰਹਮ ਅਨੇਕ ਰੂਪਾਂ ਵਿੱਚ ਪ੍ਰਗਟ ਹੋ ਗਿਆ।[4] ਫਿਰ ਇਨ੍ਹਾਂ ਅਨੇਕ ਰੂਪਾਂ ਵਿਚ ਮਾਇਆ ਦਾ ਮੋਹ ਵਧਾ

---

1. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ। (ਜਪੁਜੀ-1, ਪੰਨਾ-1.
2. ਕੀਤਾ ਪਸਾਉ ਏਕੋ ਕਵਾਉ। (ਜਪੁਜੀ-16, ਪੰਨਾ-3.
3. ਓਅੰਕਾਰਿ ਬ੍ਰਹਮਾ ਉਤਪਤਿ------ (ਦਖਣੀ ਓਅੰਕਾਰ-1, ਪੰਨਾ-929.
4. ਜਾ ਤਿਸੁ ਭਾਣਾ ਤਾ ਜਗਤੁ ਉਪਾਇਆ। ਬਾਝੁ ਕਲਾ ਆਡਾਣੁ ਰਹਾਇਆ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ।
ਵਿਰਲੇ ਕਉ ਗੁਰ ਸਬਦੁ ਸੁਣਾਇਆ। ਕਰਿ ਕਰਿ ਦੇਖੈ ਹੁਕਮੁ ਸਬਾਇਆ।
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।
ਤਾ ਕਾ ਅੰਤੁ ਨ ਜਾਣੈ ਕੋਇ --- (ਮਾਰੂ ਸੋਹਲੇ-18, ਪੰਨਾ-1036.)

ਦਿੱਤਾ । ਕਿਸੇ ਵਿਰਲੇ ਜੀਵ ਨੂੰ ਗੁਰ ਸ਼ਬਦ ਦੀ ਸੋਝੀ ਦੇ ਦਿੱਤੀ ਅਤੇ ਆਪਣੀ ਅਸਲੀਅਤ ਦਾ ਗਿਆਨ ਦੇ ਦਿੱਤਾ । ਖੰਡ, ਪੁਰੀਆਂ, ਪਾਤਾਲ ਦਾ ਮੁੱਢ ਅਰੰਭ ਦਿੱਤਾ ਅਤੇ ਗੁਪਤ ਤੋਂ ਪ੍ਰਗਟ, ਨਿਰਗੁਣ ਤੋਂ ਸਰਗੁਣ ਹੋ ਗਿਆ । ਨਿਰਗੁਣ ਬ੍ਰਹਮ ਵਾਂਗ ਉਸ ਦਾ ਸਰਗੁਣ ਸਰੂਪ ਵੀ ਅਨੰਤ ਹੈ ।

ਗੁਰੂ ਸਾਹਿਬ ਨਿਰਗੁਣ ਦੇ ਸਰਗੁਣ ਤੱਕ ਦੇ ਵਿਕਾਸ ਨੂੰ ਵੀ ਉਲੀਕਦੇ ਹਨ । ਇਸ ਅਨੁਸਾਰ ਬ੍ਰਹਮ ਨੇ ਆਪਣੀ ਮਰਜ਼ੀ ਨਾਲ 36 ਜੁੱਗ ਘੁਪ ਹਨੇਰ ਮਚਾਈ ਰੱਖਿਆ । ਫਿਰ ਰਜ਼ਾ ਨਾਲ ਹੀ ਉਸ ਨੇ ਸਾਰੇ ਪਾਸੇ ਜਲ ਹੀ ਜਲ ਦੀ ਭਿਆਨਕ ਹਾਲਤ ਵਰਤਾ ਦਿੱਤੀ । ਇਨ੍ਹਾਂ ਪਾਣੀਆਂ ਵਿੱਚ "ਅਗੰਮ ਬ੍ਰਹਮ" ਨੀਲ "ਅਨੀਲ" ਹੋਂਦ-ਅਣਹੋਂਦ ਨੂੰ ਜਮਾਂ, ਨਫ਼ੀ, ਸ਼ਿਵ-ਸ਼ਕਤਿ ਨੂੰ ਸੁਰਜੀਤ ਕਰਕੇ ਸਮੁੱਚੀ ਸਿਰਜਨਾ ਕਰ ਦਿੱਤੀ ਅਤੇ ਸਿਰਜਨਾ ਵਿਚ, ਅਗਨਿ, ਵਾਦ, ਭੁਖ, ਤਿਹਾ ਪੈਦਾ ਕਰਕੇ ਇਸ ਨੂੰ ਕਾਲ ਵਿਚ ਸੀਮਤ ਕਰ ਦਿੱਤਾ ਅਤੇ ਸਭ ਨੂੰ ਹਉਮੈ ਵਿਚ ਪਾਕੇ ਆਪੋ ਆਪਣੇ ਆਹਾਰ ਦਾ ਫ਼ਿਕਰ ਲਾ ਦਿੱਤਾ ।[1] ਇੰਜ ਸਰਗੁਣ ਸਮੁੱਚੇ ਰੂਪ ਵਿਚ ਨਿਰਗੁਣ ਉੱਤੇ ਆਸ਼ਰਿਤ ਹੈ, ਆਪਣੀਆਂ ਚੰਗੀਆਂ ਗੱਲਾਂ ਲਈ ਵੀ ਅਤੇ ਬੁਰਿਆਈਆਂ ਲਈ ਵੀ । ਭਰਪੂਰਤਾਵਾਂ ਲਈ ਵੀ ਅਤੇ ਊਣਤਾਈਆਂ ਲਈ ਵੀ, ਆਪਣੇ ਜਮਾਂ ( **Positive** ) ਲਈ ਵੀ ਅਤੇ ਨਫ਼ੀ ( **Negative.** ) ਲਈ ਵੀ। ਸਰਗੁਣ ਸਰੂਪ ਵਿਚ "ਸ਼ਿਵ ਸ਼ਕਤੀ" ਦੇ ਮੇਲ ਦਾ ਵਰਣਨ ਗੁਰੂ ਸਾਹਿਬ ਵੀ ਕਰਦੇ ਹਨ ਅਤੇ ਸਮੁੱਚੀ ਸ੍ਰਿਸ਼ਟੀ ਵਿੱਚ ਸ਼ਿਵ -ਸ਼ਕਤੀ ਦਾ ਮੇਲ ਵੇਖਦੇ ਹਨ ।[2] ਸ਼ਿਵ-ਸ਼ਕਤੀ **ਦੀ** ਜਨਮ ਕਦੋਂ ਅਤੇ ਕਿਸ ਤਰ੍ਹਾਂ ਹੋਇਆ ਇਸ ਬਾਰੇ ਗੁਰੂ ਸਾਹਿਬ ਨੇ ਕੁੱਝ ਨਹੀਂ ਕਿਹਾ । ਪਰ ਇਹ ਗੱਲ ਸਪੱਸ਼ਟ ਹੈ ਕਿ ਸ਼ਿਵ ਸ਼ਕਤੀ ਬ੍ਰਹਮ ਦਾ ਸਰਗੁਣ ਸਰੂਪ ਹਨ ਅਤੇ ਉਸ ਦੇ ਹੁਕਮ ਨਾਲ ਹੋਂਦ ਵਿਚ ਆਉਂਦੇ ਹਨ ਅਤੇ ਹੁਕਮ ਵਿੱਚ ਹੀ ਸਿਰਜਨਾ ਦਾ ਖੇਲ ਖੇਲਦੇ ਹਨ ।[3] ਇੰਜ ਸਰਗੁਣ ਸਰੂਪ ਨਿਰਗੁਣ ਦਾ ਇਕ ਖੇਲ ਹੈ ਜਿਸ ਨੂੰ

---

1. ਜੁਗ ਛਤੀਹ ਗੁਬਾਰ ਤਿਸ ਹੀ ਭਾਇਆ ।
   ਜਲਾ ਬਿੰਬੁ ਅਸਰਾਲੁ ਤਿਨੈ ਵਰਤਾਇਆ ।
   ਨੀਲ ਅਨੀਲੁ ਅਗੰਮੁ ਸੁਰਜੀਤ ਸਬਾਇਆ ।
   ਅਗਨਿ ਉਪਾਈ ਵਾਦ ਭੁਖ ਤਿਹਾਇਆ ।
   ਦੁਨੀਆ ਕੈ ਸਿਰ ਕਾਲੁ ਦੂਜਾ ਭਾਇਆ ।" (ਵਾਰ ਮਲਾਰ ਪਉੜੀ-7, ਪੰਨਾ-1282)
2. ਜਹ ਦੇਖਾ ਤਹਿ ਰਵਿ ਰਹੇ ਸਿਵ-ਸਕਤਿ ਕਾ ਮੇਲ । (ਸਿਰੀ ਪਦੇ-18, ਪੰਨਾ-21.)
3. ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ। "(ਮਾਰੂ ਸੋਹਲੇ-16, ਪੰਨਾ-1037.)

ਉਹ ਸ਼ਿਵ-ਸ਼ਕਤੀ ਦੇ ਰੂਪ ਵਿਚ ਖੇਲਦਾ ਹੈ । "ਏਕਾ ਮਾਈ" ਸ਼ਕਤੀ ਦੀ ਹੋਂਦ ਦਾ ਸਿਰਜਨਾ ਦੇ ਅਰੰਭ ਵਿਚ ਹੀ ਪ੍ਰਗਟ ਹੋ ਜਾਣ ਦਾ ਸਬੂਤ ਹੈ । ਸੋ ਸਪੱਸ਼ਟ ਤੌਰ ਤੇ ਸ਼ਿਵ "ਈਸ਼ਵਰ" ਦਾ ਅਤੇ "ਸ਼ਕਤੀ" ਮਾਇਆ ਦਾ ਲਖਾਇਕ ਹੈ । ਇੰਜ ਗੁਰੂ ਸਾਹਿਬ ਵੇਦਾਂਤ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰਦੇ ਹਨ ਅਤੇ ਸਾਂਖ ਦੀ ਸ਼ਿਵ-ਸ਼ਕਤੀ ਦੀ ਧਾਰਨਾ ਦੀ ਥਾਂ ਨਿਸਚਿਤ ਕਰਦੇ ਹੋਏ ਬਹੁਤਾ ਜ਼ੋਰ ਇਸ ਗੱਲ ਉਤੇ ਦਿੰਦੇ ਹਨ ਕਿ :- "ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ" ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ"

ਬ੍ਰਹਮ ਦੇ ਨਿਰਗੁਣ ਸਰੂਪ ਵਾਂਗ ਹੀ ਸਰਗੁਣ ਸਰੂਪ ਨੂੰ ਸਮਝਣਾ ਅਤੇ ਬਿਆਨ ਕਰਨਾ ਵੀ ਅਤਿ ਕਠਨ ਹੈ । ਇਸ ਕਠਨਤਾ ਦਾ ਕਾਰਨ ਇਹ ਵੀ ਹੈ ਕਿਉਂਜੋ ਸਰਗੁਣ ਸਰੂਪ ਦੇ ਬਿਆਨ ਵਿਚ ਅਰੂਪ ਦਾ ਸਰੂਪ ਨਾਲ ਸਬੰਧ ਗਿਆਤ ਕਰਨਾ ਹੁੰਦਾ ਹੈ, ਸਰੂਪ ਦੀ ਅਨੇਕਤਾ ਵਿਚੋਂ ਅਰੂਪ ਦੀ ਏਕਤਾ ਦਾ ਅਨੁਭਵ ਲੈਣਾ ਹੁੰਦਾ ਹੈ ।

ਬ੍ਰਿਹਦਆਰਣਿਕ ਉਪਨਿਸ਼ਦ ਵਿੱਚ ਰਿਸ਼ੀ ਯਾਗਵਲਕ ਉਦਾਲਕਾ ਨੂੰ ਬ੍ਰਹਮ ਦੇ ਸਰਗੁਣ ਸਰੂਪ ਵਿਚਲੀ ਜੀਵਆਤਮਾਵਾਂ ਦੀ ਅਨੇਕਤਾ ਅਤੇ ਪਰਮਾਤਮਾ ਦੀ ਭੇਦਤਾ ਤੇ ਅਭੇਦਤਾ ਨੂੰ ਇੰਜ ਸਮਝਾਉਂਦੇ ਹਨ ।:-

"ਉਹ ਜੋ ਧਰਤੀ ਵਿੱਚ ਵਸਦਾ ਹੈ ਪਰ ਧਰਤੀ ਨਾਲੋਂ ਵੱਖਰਾ ਹੈ, ਜਿਸ ਨੂੰ ਧਰਤੀ ਨਹੀਂ ਜਾਣਦੀ ਪਰ ਧਰਤੀ ਜਿਸ ਦਾ ਸਰੀਰ ਹੈ, ਜੋ ਧਰਤੀ ਨੂੰ ਅੰਦਰੋਂ ਕਾਬੂ ਵਿੱਚ ਰੱਖਦਾ ਹੈ- ਉਹ ਤੇਰੀ ਆਤਮਾ ਹੈ, ਆਂਤਰਿਕ ਸੰਚਾਲਕ ਹੈ, ਅਮਰ ਹੈ ।"

ਫਿਰ ਧਰਤੀ ਦੀ ਥਾਂ ਕ੍ਰਮਵਾਰ ਪਾਣੀ, ਅਗਨੀ ਵਾਤਾਵਰਣ, ਅਕਾਸ਼, ਹਵਾ, ਸੂਰਜ, ਅਕਾਸ਼ ਦੇ ਹਿੱਸੇ, ਚੰਦ, ਖਲਾ, ਹਨੇਰਾ, ਅਤੇ ਰੋਸ਼ਨੀ, ਸ਼ਬਦ ਨੂੰ ਵਰਤਕੇ ਇਹੋ ਭਾਵ ਸਮਝਾਉਂਦੇ ਹਨ ਅਤੇ ਅਖੀਰ ਵਿੱਚ ਸਿੱਟਾ ਕੱਢਦੇ ਹਨ:-

"ਉਹ ਜੋ ਸਾਰੀਆਂ ਵਸਤਾਂ ਵਿੱਚ ਵੱਸਦਾ ਹੈ ਪਰ ਇਨ੍ਹਾਂ ਵਸਤਾਂ ਨਾਲੋਂ ਅਲੱਗ ਹੈ, ਜਿਸ ਨੂੰ ਇਹ ਵਸਤਾਂ ਨਹੀਂ ਜਾਣਦੀਆਂ ਪਰ ਜਿਸਦਾ ਸਰੀਰ ਇਹ ਵਸਤਾਂ ਹਨ ਅਤੇ ਜਿਨ੍ਹਾਂ ਨੂੰ ਉਹ ਅੰਦਰੋਂ ਕਾਬੂ ਵਿੱਚ ਰੱਖਦਾ ਹੈ ਉਹ ਤੇਰੀ ਆਤਮਾ ਹੈ, ਆਂਤਰਿਕ ਸੰਚਾਲਕ ਹੈ ਅਤੇ ਅਮਰ ਹੈ ।"[1]

ਇਸ ਤਰ੍ਹਾਂ ਵਿਸ਼ਵ ਦੀਆਂ ਅਨੇਕ ਵਸਤਾਂ ਅਤੇ ਇਕ ਮਨੁੱਖੀ ਆਤਮਾਂ ਤੇ ਬ੍ਰਹਮ ਵਿਚਲੇ

---

1. ਬ੍ਰਿਹਦਆਰਣਿਕ ਉਪਨਿਸ਼ਦ ii, 1, 20, ii ; 3, 6

ਸਬੰਧ ਨੂੰ ਬਿਆਨ ਕਰ ਚੁੱਕਣ ਤੋਂ ਬਾਅਦ ਫਿਰ ਇਕੋ ਮਨੁੱਖ ਦੇ ਸਰੀਰ ਦੇ ਵੱਖੋ ਵੱਖਰੇ ਜੁਜਾਂ ਅਤੇ ਉਸ ਦੀ ਆਤਮਾ ਤੇ ਬ੍ਰਹਮ ਦੇ ਸਬੰਧ ਨੂੰ ਪ੍ਰਗਟ ਕਰਨ ਲਈ ਉਹ ਉਪਰੋਕਤ ਢੰਗ ਨਾਲ ਹੀ ਪਹਿਲਾਂ ਕਰਮਵਾਰ "ਬੋਲੀ, ਕੰਨ, ਮਨ, ਚੰਮੜੀ ਸਮਝ, ਵੀਰਜ ਨੂੰ "ਧਰਤੀ" ਦੀ ਜਗ੍ਹਾਂ ਵਰਤਕੇ ਇਹੋ ਭਾਵ ਸਮਝਾਉਂਦੇ ਹਨ ਤੇ ਅੰਤ ਦੇ ਇਸ ਸਪੱਸ਼ਟੀਕਰਨ ਨੂੰ ਇੰਜ ਸੰਪੂਰਨ ਕਰਦੇ ਹਨ:-

"ਉਹ ਅਦ੍ਰਿਸ਼ ਦ੍ਰਿਸ਼ਟਾ, ਨਾ ਸੁਣਨ ਵਾਲਾ ਸਰੋਤਾ, ਨਾ ਸੋਚਣ ਵਾਲਾ ਸੋਚਵਾਨ, ਨਾ ਸਮਝਣ ਵਾਲਾ ਸਮਝਦਾਰ ਹੈ। ਉਸ ਤੋਂ ਇਲਾਵਾ ਹੋਰ ਕੋਈ ਦੀਰਘਦਰਸ਼ੀ ਨਹੀਂ। ਉਸ ਤੋਂ ਬਿਨਾਂ ਹੋਰ ਕੋਈ ਸਰੋਤਾ ਨਹੀਂ। ਉਸ ਤੋਂ ਬਿਨਾਂ ਹੋਰ ਕੋਈ ਵਿਚਾਰਵਾਨ ਨਹੀਂ। ਉਸ ਤੋਂ ਬਿਨਾਂ ਹੋਰ ਕੋਈ ਸਮਝਦਾਰ ਨਹੀਂ। ਉਹ ਤੇਰੀ ਆਤਮਾ ਹੈ ਅੰਤਰਿਕ ਸੰਚਾਲਕ ਹੈ ਅਤੇ ਅਮਰ ਹੈ।[1]

ਇੰਜ ਬ੍ਰਹਿਮੰਡ ਦੇ ਸੰਧਰਭ ਵਿਚ ਜੀਵ ਲਈ ਬਾਹਰਮੁੱਖੀ ਰੂਪ ਵਿੱਚ ਵੀ ਸਾਰਾ ਕੁੱਝ "ਬ੍ਰਹਮ" ਨਾਲ ਸਬੰਧਤ ਹੈ ਅਤੇ ਪਿੰਡ ਦੇ ਸੰਧਰਭ ਵਿੱਚ, ਅੰਤਰਮੁੱਖੀ ਰੂਪ ਵਿੱਚ ਵੀ ਸਭ ਕੁੱਝ ਬ੍ਰਹਮ ਹੀ ਹੈ।

ਵੇਦਾਂਤ ਤੋਂ ਬਿਨਾਂ ਬਾਕੀ ਦੇ ਪ੍ਰਾਚੀਨ ਭਾਰਤੀ ਪੰਜ ਸ਼ਾਸਤ੍ਰ ਨਿਰਗੁਣ ਸਰਗੁਣ ਦੀ ਵਿਚਾਰ-ਧਾਰਾ ਵਿਚ ਨਹੀਂ ਪੈਂਦੇ ਕਿਉਂਜੋ ਉਹ ਬ੍ਰਹਮ ਨੂੰ ਸੰਪੂਰਨ ਰੂਪ ਵਿੱਚ ਬਿਆਨ ਹੀ ਨਹੀਂ ਕਰਦੇ ਸਗੋਂ ਬ੍ਰਹਮ ਦੇ ਕਿਸੇ ਇਕ ਅੱਧੇ ਰੂਪ ਨੂੰ ਹੀ ਸੰਪੂਰਨ ਬ੍ਰਹਮ ਦਾ ਰੂਪ ਮੰਨਣ ਤੇ ਜ਼ੋਰ ਦੇਂਦੇ ਹਨ। ਜਿਵੇਂ ਸਾਂਖ ਅਤੇ ਯੋਗ ਸ਼ਿਵ -ਸ਼ਕਤੀ ਦੇ ਸਰੂਪ ਨੂੰ ਹੀ ਸੱਭ ਕੁੱਝ ਮੰਨਦੇ ਹਨ। ਨਿਆਏ-ਵਿਸ਼ੇਸ਼ਕਾ ਅਨੁਸਾਰ ਪਰਮਾਤਮਾ ਅਤੇ ਆਤਮਾਵਾਂ ਭਿੰਨ ਹਨ, ਪਰਮਾਤਮਾ ਆਤਮਾਵਾਂ ਦੇ ਕਰਮਾਂ ਅਨੁਸਾਰ ਸਿਰਜਨਾ ਕਰਦਾ, ਪਾਲਦਾ ਅਤੇ ਵਿਨਾਸ਼ ਕਰਦਾ ਹੈ। ਇੰਜ ਸ੍ਰਿਸ਼ਟੀ ਵਿਚ ਸਰੂਪ ਹੋਣ ਵਾਲੀਆਂ ਆਤਮਾਵਾਂ ਹੀ ਹਨ ਪਰਮਾਤਮਾ ਨਹੀਂ। ਇਹ ਪਰਮਾਤਮਾ ਨੂੰ ਉਸ ਦੇ "ਹੁੱਕਮ" ਦੇ ਸਰੂਪ ਤੱਕ ਹੀ ਸਭ ਕੁੱਝ ਮੰਨਦੇ ਹਨ, ਪੂਰਵ ਮਿਮਾਂਸਾ ਅਨੁਸਾਰ ਕੋਈ ਅਜਿਹਾ ਸਮਾਂ ਹੈ ਹੀ ਨਹੀਂ ਜਦੋਂ ਵਿਸ਼ਵ ਰੂਪਮਾਨ ਨਾ ਹੋਵੇ। ਇਸ ਅਨੁਸਾਰ ਵਿਸ਼ਵ ਦਾ ਕੋਈ ਆਦਿ ਨਹੀਂ ਕੋਈ ਅੰਤ ਨਹੀਂ ਹੈ। ਇਹ ਸੈਂਭ ਹੈ। ਮਾਇਆ ਦੇ ਗੁਣਾਂ ਤੋਂ ਰਹਿਤ ਪਰ ਹੋਰ ਹਰ ਤਰ੍ਹਾਂ ਸਮਰੱਥ ਭਾਵ ਵਿਚ ਲੈਣ ਦੀ ਬਜਾਏ "ਸਮਰਥਾ ਰਹਿਤਤਾ" ਦੇ ਭਾਵ ਵਿੱਚ ਲਿਆ ਜਾਣ ਲੱਗ ਪਿਆ। ਇਸ ਲਈ ਉਹ ਨਿਰਗੁਣੀ ਦੀ ਬਜਾਏ ਸਰਗੁਣ ਵਿਚਾਰਧਾਰਾ ਦੇ ਹਾਮੀ ਕਹਿਲਾਏ। ਇਸ ਤੋਂ ਇਲਾਵਾ ਪਿਛਲੇ ਵਿਚਾਰਵੇਤਾਵਾਂ ਨੇ ਬ੍ਰਹਮ ਦੇ ਸੰਕਲਪ ਨੂੰ, ਰਾਮ, ਵਿਸ਼ਨੂ, ਕ੍ਰਿਸ਼ਨ ਆਦਿ ਨਾਮਾਂ ਤੱਕ ਸੀਮਤ ਕਰਕੇ, ਅਵਤਾਰਵਾਦ ਨੂੰ ਜਨਮ ਦਿੱਤਾ। ਇਸ ਅਵਤਾਰਵਾਦ ਦਾ ਮੂਲ ਅਧਾਰ ਭਾਗਵਦ ਗੀਤਾ, ਮਹਾਭਾਰਤ ਅਤੇ ਕੁੱਝ ਇਕ

---

1. ii, 1. 20, ii; 3,6,

ਪੂਰਾਣ ਬਣੇ।

ਪਰ ਕੁੱਝ ਇੱਕ ਭਗਤਾਂ ਨੇ ਮੁੜ "ਬ੍ਰਹਮ" ਨੂੰ ਸੰਪੂਰਨਤਾਂ ਵਿੱਚ ਅਨੁਭਵ ਕਰਕੇ ਸੰਪੂਰਨ ਬ੍ਰਹਮ ਦਾ ਸੰਕਲਪ ਸਾਹਮਣੇ ਲਿਆਂਦਾਂ । ਭਾਂਵੇਂ "ਅਵਤਾਰਵਾਦ" ਦਾ ਅੰਤ ਕਰਕੇ ਬ੍ਰਹਮ ਨੂੰ ਸੰਪੂਰਨ ਰੂਪ ਵਿੱਚ ਸਭ ਤੋਂ ਵੱਧ ਚੰਗੀ ਤਰ੍ਹਾਂ ਬਿਆਨ ਕਰਨ ਵਾਲੇ ਭਗਤ ਕਬੀਰ ਹੋਏ ਹਨ ਜਿਨ੍ਹਾਂ ਨੇ ਲਿਖਿਆ ਹੈ:-

"ਜਾ ਕੇ ਮੁਖ ਮਾਥਾ ਨਹੀਂ, ਨਹੀਂ ਰੂਪ ਕੁਰੂਪ
ਪੁਹਪ ਵਾਸ ਸੇ ਪਾਤਰ, ਐਸਾ ਤਤਵ ਅਨੂਪ"

ਸੋ ਭਗਤ ਕਬੀਰ ਜੀ ਨੇ ਬ੍ਰਹਮ ਨੂੰ ਮੁੜ ਜੀਵਾਂ ਦੇ ਨਾਮ ਬੰਧਨ ਤੋਂ ਛੁਡਾ ਕੇ "ਤਤਵ ਅਨੂਪ" ਆਖਿਆ ਅਤੇ ਅਵਤਾਰਵਾਦ ਨੂੰ ਤਿਲਾਂਜਲੀ ਦਿੱਤੀ । ਗੁਰੂ ਨਾਨਕ ਦੇਵ ਜੀ ਭਾਰਤੀਆਂ ਦੀ "ਬ੍ਰਹਮ" ਪ੍ਰਤੀ ਅਨੇਕਤਾ ਮਈ, ਅਪੂਰਨਤਾ ਦੀ ਰੁੱਚੀ ਨੂੰ ਪ੍ਰਗਟਾਉਂਦੇ ਹੋਏ ਦੱਸਦੇ ਹਨ:-

"ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰਾ ।
ਜੋਗੀ ਮੁੰਨੀ ਧਿਆਵਨਿ ਜੇਤੇ ਅਲਖ ਨਾਮ ਕਰਤਾਰਾ ।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰ ।
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ ।"[1]

ਭਾਵ ਹਿੰਦੂ ਪਰਮਾਤਮਾ ਦੇ ਅਪਾਰ ਰੂਪਾਂ (33 ਕਰੋੜ ਦੇਵੀ ਦੇਵਤਿਆਂ ) ਦੀ ਸਲਾਹੁਤਾ ਕਰਦੇ ਹਨ, ਜੋਗੀ ਅਲੱਖ, (ਜਿਹੜਾ ਦੇਖਿਆ ਨਾ ਜਾ ਸਕੇ) ਨੂੰ ਧਿਆਉਂਦੇ ਹਨ ਪਰ ਅਸਲ ਵਿਚ "ਅਲੱਖ" ਬ੍ਰਹਮ ਦਾ ਹੀ ਨਾਮ ਹੈ ਜੋ ਸਾਰੀ ਸਿਰਜਨਾ ਦਾ ਕਰਤਾ ਹੈ । ਉਹ ਸੂਖਸ਼ਮ, ਅਰੂਪ ਵੀ ਹੈ ਅਤੇ ਮੂਰਤਿ-ਮਾਨ ਸਰੂਪ ਵੀ ਹੈ । ਉਹ ਨਾਮ ਰੂਪ ਹੈ । ਮਾਇਆ ਰਹਿਤ ਵੀ ਹੈ ਅਤੇ ਸਾਰੀ ਸਿਰਜਨਾ ਦਾ ਮਾਇਆ ਦਾ ਆਕਾਰ ਵੀ ਉਹ ਆਪ ਹੀ ਹੈ । ਮੁੱਖ ਗੱਲ ਇਹ ਹੈ ਕਿ ਉਹ ਹਮੇਸ਼ਾਂ ਹੀ ਆਨੰਦ ਸਰੂਪ ਰਹਿੰਦਾ ਹੈ । ਇਸ ਗੱਲ ਦਾ ਅਨੁਭਵ ਗੁਣਵਾਨ ਵਿਅਕਤੀ ਕਰ ਸਕਦੇ ਹਨ ।

ਇੰਜ ਗੁਰੂ ਸਾਹਿਬ "ਬ੍ਰਹਮ" ਨੂੰ ਵੇਦਾਂ ਅਤੇ ਉਪਨਿਸ਼ਦਾਂ ਵਾਂਗ ਮੁੜ ਇੱਕ ਅਰੂਪ ਅਤੇ ਸਰੂਪ ਸ਼ਕਤੀ ਦੇ ਰੂਪ ਵਿੱਚ ਸਾਹਮਣੇ ਲਿਆਉਂਦੇ ਹਨ । ਗੁਰੂ ਸਾਹਿਬ ਬ੍ਰਹਮ ਦੇ ਸਰਗੁਣ ਸਰੂਪ ਵਿੱਚ ਸੂਖਸ਼ਮ ਅਤੇ ਸਥੂਲ, ਅਪ੍ਰੱਤਖ ਅਤੇ ਪ੍ਰੱਤਖ ਦਾ ਸਬੰਧ ਇੰਜ ਜੋੜਦੇ ਹਨ:-

---

1. ਵਾਰ ਆਸਾ ਸਲੋਕ- , ਪੰਨਾ-465.

"ਜਲ ਥਲ ਅਤੇ ਅਕਾਸ਼ ਵਿੱਚ ਸਭ ਅੰਦਰ ਉਹੋ ਪਰਮਾਤਮਾ ਰਵ ਰਿਹਾ ਹੈ ।[1] ਉਹ ਜੀਵਾਂ ਤੋਂ ਦੂਰ ਨਹੀਂ ਉਸ ਨੂੰ ਸਭ ਜੀਵਾਂ ਬਾਰੇ ਸਭ ਪਾਸੇ ਦੀ ਸਾਰ ਹੈ ।[2] ਉਹ ਤਾਂ ਸਭੋ ਜੀਵਾਂ ਦੇ ਅਤਿ ਨੇੜੇ ਰਹਿੰਦਾ ਹੋ ਸਭ ਕੁੱਝ ਦੇਖਦਾ ਹੈ ।[3] ਉਹ ਸਭ ਜੀਵਾਂ ਦੇ ਕੇਵਲ ਅੰਦਰ ਹੀ ਨਹੀਂ ਸਗੋਂ ਬਾਹਰ ਵੀ ਵੱਸ ਰਿਹਾ ਹੈ ।[4] ਉਸ ਦੇ ਜੀਵਾਂ ਨਾਲ ਸਬੰਧ ਅਤੇ ਉਸ ਦੀ ਸਰਵ-ਵਿਆਪਕਤਾ ਨੂੰ ਦ੍ਰਿਸ਼ਟੀਗੋਚਰ ਕਰਨ ਲਈ ਗੁਰੂ ਸਾਹਿਬ ਸਵੈ-ਵਿਰੋਧੀ ਸ਼ੈਲੀ ਦੀ ਵਰਤਦੇ ਹਨ ਜਿਵੇਂ ਉਹ ਆਪ ਹੀ ਸਭ ਦੇ ਨੇੜੇ ਵੱਸ ਰਿਹਾ ਹੈ । ਆਪ ਹੀ ਸਭ ਤੋਂ ਦੂਰ ਵੱਸ ਰਿਹਾ ਹੈ, ਆਪ ਹੀ ਸਭ ਪਾਸੇ ਭਰਪੂਰ ਰੂਪ ਵਿੱਚ ਵਿਆਪਕ ਹੋ ਰਿਹਾ ਹੈ ।[5] ਉਹ ਸਾਰਿਆਂ ਦੇ ਮਨਾਂ ਵਿੱਚ ਵੱਸ ਰਿਹਾ ਹੈ ਅਤੇ ਸਾਰੇ ਮਨ ਉਸ ਵਿਚ ਵੱਸ ਰਹੇ ਹਨ ।[6] ਸਾਰੇ ਜੀਵ ਉਸ ਵਿੱਚ ਵੱਸਦੇ ਹਨ ਅਤੇ ਉਹ ਸਾਰੇ ਜੀਵਾਂ ਵਿੱਚ ਵੱਸਦਾ ਹੈ ।[7] ਉਸ ਦੇ ਹੁੱਕਮ ਨਾਲ ਸ੍ਰਿਸ਼ਟੀ ਦੀ ਸਾਰੀ ਗਤੀ ਚਲਾਇਮਾਨ ਹੋ ਰਹੀ ਹੈ । ਕੋਈ ਚੀਜ਼ ਵੀ ਅਜਿਹੀ ਨਹੀਂ ਜਿਹੜੀ ਉਸ ਦੇ ਹੁੱਕਮ ਵਿੱਚ ਨਾ ਹੋਵੇ ।[8] ਉਹ ਚਾਰ ਖਾਣੀਆਂ ਪੈਦਾ ਕਰਦਾ ਹੈ । ਵਿਸ਼ਵ ਵਿਚ ਭੇਦ ਅਭੇਦ ਦੀ ਸਥਿਤੀ ਪੈਦਾ ਕਰਦਾ ਹੈ, ਪਰ ਇਸ ਭੇਦ ਅਭੇਦ ਦੀ ਸਾਰੀ ਅਸਲੀਅਤ ਨੂੰ ਉਹ ਆਪ ਹੀ ਖੋਜਦਾ ਹੈ ਤੇ ਆਪ ਹੀ ਆਪਣੇ ਤੱਤ ਰੂਪ ਨੂੰ ਪਛਾਣਦਾ ਹੈ ।[9]

ਉਸ ਦੀ ਕੋਈ ਵੀ ਚੀਜ਼ ਇਕਹਿਰੀ ਅਤੇ ਇੱਕ ਪੱਖੀ ਨਹੀਂ । ਦਿਨ ਦੇ ਰੂਪ ਵਿੱਚ ਰਾਤ ਅਤੇ ਰਾਤ ਦੇ ਰੂਪ ਵਿੱਚ ਦਿਨ ਸਮਾਇਆ ਹੋਇਆ ਹੈ । ਨਰ ਰੂਪ ਵਿੱਚ ਮਾਦਾ ਰੂਪ ਅਤੇ ਮਾਦਾ ਰੂਪ ਵਿਚ ਨਰ ਰੂਪ ਸਮਾਇਆ ਹੋਇਆ ਹੈ । ਇਸ ਤਰਾਂ ਸਰਗੁਣ ਸਰੂਪ ਦੀ ਦਿਖਾਈ ਦੇਂਦੀ ਦਵੈਤ ਵੀ ਇਕ ਤਰਾਂ ਆਪਸ ਵਿੱਚ ਅਭੇਦ ਹੈ ਅਤੇ ਇੱਕ ਹੀ ਹੈ ।[10]

---

1. ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ । (ਸੂਹੀ ਚਉਪਦੇ-2, ਪੰਨਾ-728.)
2. ਤੂ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂਹੇ । (ਸੂਹੀ ਕਾਫੀ, ਪੰਨਾ-753.)
3. ਨਿਕਟਿ ਵਸੈ ਦੇਖੈ ਸਭ ਸੋਈ । (ਬਿਲਾਵਲ ਅਸਟਪਦੀ-1, ਪੰਨਾ-831.)
4. ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ। (ਰਾਮਕਲੀ ਚਉਪਦੇ-2, ਪੰਨਾ-876)
5. ਆਪੇ ਨੇੜੈ ਆਪੇ ਦੂਰਿ ਆਪੇ ਸਰਬ ਰਹਿਆ ਭਰ ਪੂਰਿ । (ਰਾਮਕਲੀ ਚਉਪਦੇ-2, ਪੰਨਾ-876, 77
6. ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ । (ਰਾਮਕਲੀ ਚਉਪਦੇ-9, ਪੰਨਾ-879)
7. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ। (ਰਾਮਕਲੀ ਚਉਪਦੇ-9, ਪੰਨਾ-878.)
8. ਹੁਕਮੀ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ । (ਜਪੁਜੀ-2, ਪੰਨਾ-1.)
9. ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ । (ਰਾਮਕਲੀ ਚਉਪਦੇ-9, ਪੰਨਾ-878)
10. ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ।
    ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ।
    (ਰਾਮਕਲੀ ਚਉਪਦੇ-9, ਪੰਨਾ-879.)

ਇੰਜ ਸਰਗੁਣ ਸਰੂਪ ਵਿੱਚ ਬ੍ਰਹਮ ਆਪਣੇ ਈਸ਼ਵਰ (ਮਾਇਆ ਪਤੀ ਜਾਂ ਸ਼ਕਤੀਪਤੀ) ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜੋ ਆਪਣੀ ਮਾਇਆ ਸ਼ਕਤੀ ਨਾਲ ਖੰਡੇ ਖੰਡ ਹੋਕੇ ਅਨੇਕਤਾ ਪੈਦਾ ਕਰਦਾ ਹੈ । ਇਕ ਪਰਮਾਤਮਾ ਹੁੰਦਾ ਹੋਇਆ ਵੀ ਅਨੇਕ ਆਤਮਾਵਾਂ ਦੇ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ ਅਤੇ ਹਰ ਆਤਮਾ ਇਕ ਵਿਭਿੰਨ ਪ੍ਰਕਾਰ ਦੇ ਜੀਵ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ । ਫਿਰ ਉਹ ਇਸ ਦੀ ਪਾਲਣਾ ਕਰਦਾ ਹੈ ਤੇ ਸਮੇਂ ਸਮੇਂ ਸੰਘਾਰ ਕਰਦਾ ਹੈ । ਰਾਮਾਨੁਜ ਨੇ ਬ੍ਰਹਮ ਦੇ ਇਸੇ ਰੂਪ ਨੂੰ ਬਿਆਨ ਕੀਤਾ ਹੈ ਅਤੇ ਬ੍ਰਹਮ ਨੂੰ "ਕਾਰਣ ਬ੍ਰਹਮ" ਅਤੇ "ਕਰਮ ਬ੍ਰਹਮ" ਕਰਕੇ ਮੰਨਿਆ ਹੈ ।

## ਬ੍ਰਹਮ ਦਾ ਸਰਗੁਣ ਸਰੂਪ

ਸਰਗੁਣ ਬ੍ਰਹਮ ਦਾ ਸਰੂਪ ਕਿਹੋ ਜਿਹਾ ਹੈ ? ਸਥੂਲ ਨਾਲ ਸਬੰਧਤ ਸੂਖਸ਼ਮ, ਅਨਾਤਮਿਕਤਾ ਨਾਲ ਸਬੰਧਤ ਆਤਮਿਕਤਾ ਦਾ ਸਰੂਪ ਕੀ ਹੈ ? ਇਸ ਬਾਰੇ ਅਸੀਂ ਕ੍ਰਮਵਾਰ ਵਿਚਾਰ ਕਰਾਂਗੇ ।

ਵੇਦਾਂ ਅਨੁਸਾਰ:-

ਉਚੱਤਮ ਪੁਰਖ ਸਰਵ ਵਿਆਪਕ ਅਤੇ ਸਰਵ ਆਨੰਦ ਹੈ । ਉਹ ਸਭ ਤੋਂ ਵੱਡਾ ਅਤੇ ਉਚੇਰਾ ਹੈ । ਉਹ ਸਭ ਦਾ ਦਾਤਾ ਅਤੇ ਬਖਸ਼ੰਦ ਹੈ । ਉਹ ਸਰਵ ਵਿਆਪਕ ਰੋਸ਼ਨੀ ਹੈ ਅਤੇ ਸਭ ਦੁੱਖ ਹਰਣ ਵਾਲਾ ਹੈ । ਉਹ ਸ਼ਕਤੀ ਅਤੇ ਤਾਕਤ ਦੇਣ ਵਾਲਾ ਹੈ ਉਹ ਬਿਨਾਂ ਆਦਿ ਅਤੇ ਅੰਤ ਦੇ ਹੈ ਅਤੇ ਅਤਿ ਸ਼ਕਤੀ-ਸ਼ਾਲੀ ਹੈ । ਉਹ ਸੱਭ ਵਿੱਚ ਵੱਸਦਾ ਹੈ ਅਤੇ ਸੱਭ ਨੂੰ ਆਪਣੇ ਕਾਬੂ ਵਿੱਚ ਰੱਖਦਾ ਹੈ। ਉਹ ਸਾਰੀਆਂ ਵਸਤਾਂ ਨਾਲੋਂ ਵਧੇਰੇ ਸੁਚੇਤ ਹੈ । ਇਸ ਬ੍ਰਹਿਮੰਡ ਦਾ ਕਰਤਾ, ਪਾਲਕ ਅਤੇ ਵਿਨਾਸ਼ਕ ਹੈ । ਉਸ ਨੂੰ ਕੇਵਲ ਬੁੱਧੀਮਾਨ ਹੀ ਅਨੁਭਵ ਕਰ ਸਕਦੇ ਹਨ । ਉਸ ਨੂੰ ਨਾ ਦੋ ਕਿਹਾ ਜਾ ਸਕਦਾ ਹੈ, ਨਾ ਤਿੰਨ, ਨਾ ਚਾਰ, ਨਾ ਪੰਜ ਨਾ ਛੇ, ਨਾ ਸੱਤ ਨਾ ਅੱਠ, ਨਾ ਨੌ ਅਤੇ ਨਾ ਦੱਸ । ਸਾਰਾ ਬ੍ਰਹਿਮੰਡ ਉਸਦਾ ਹੈ । ਉਹ ਅਤਿਅੰਤ ਸਰਿਜਾਣੀ ਹੈ। ਉਹ ਇੱਕ ਹੈ, ਸਿਰਫ ਇੱਕ । ਉਹ ਹੀ ਸ਼ਭ ਦਾ ਇਕੋ ਇੱਕ ਆਸਰਾ ਹੈ। ਵਿਸ਼ਵ ਉਸੇ ਵਿੱਚ ਅਰਾਮ ਕਰਦਾ ਹੈ। ਇਕੱਲਾ ਉਚੱਤਮ ਪੁਰਖ ਹੀ ਇਸ ਤ੍ਰਿਲੋਕੀ ਦੀ ਰੰਗਾਂ ਰੰਗੀ ਸਿਰਜਨਾ ਕਰਦਾ ਹੈ । ਉਹ ਸਾਰੀ ਸਿਰਜਨਾ ਨੂੰ ਜਾਣਦਾ ਹੈ ।[1]

"ਅਨੰਤ ਅਮਰ ਪੁਰਖ ਜੋ ਸਾਡੇ ਸਾਹਮਣੇ ਆਤਮਾ ਅਤੇ ਪ੍ਰਕ੍ਰਿਤੀ ਨੂੰ ਪੇਸ਼ ਕਰਦਾ ਹੈ, ਜੋ ਸਾਰੀ ਸ਼ਕਤੀ ਦਾ ਸੋਮਾਂ ਹੈ, ਜਿਸ ਦਾ ਅਤਿ ਉਚੱਤਮ ਸ਼ਬਦ ਸੰਤ ਜਨਾਂ ਦਾ ਆਹਵਾਨ ਅਤੇ ਓਟ ਹੈ, ਜਿਸ ਦੀ

---

1. ਅਥਰਵ ਵੇਦ ਦੇ 13ਵੇਂ ਕਾਂਡ ਦੇ ਚੌਥੇ ਅਨੁਬੰਧ ਦੇ ਮੰਤ੍ਰ 50, 51, 52, 53.

ਕਿਰਪਾ ਨਾਲ ਸਦੈਵ-ਰਹਿਣਾ ਆਨੰਦ ਪ੍ਰਾਪਤ ਹੁੰਦਾ ਹੈ, ਜਿਸ ਦੀ ਕਰੋਪੀ ਅਕਹਿ ਮੁਸ਼ਕਲਾਂ ਦਾ ਕਾਰਨ ਬਣਦੀ ਹੈ, ਜੋ ਜਨਮ ਤੋਂ ਲੈਕੇ ਮਰਨ ਤੱਕ ਨਾਲ ਰਹਿੰਦਾ ਹੈ-- ਇਹ ਹੀ ਪੁਰਖ ਹੈ ਜੋ ਕਿ ਸਰਵ ਆਨੰਦ ਹੈ ਅਤੇ ਜਿਸਦਾ ਅਸੀਂ ਗਾਇਨ ਕਰਦੇ ਹਾਂ ।"[1]

"ਓ ਸਰਵ ਜੀਵਾਂ ਦੇ ਮਾਲਕ ਤੇਰਾ ਰਾਜ ਅਨੇਕ ਪ੍ਰਕਾਰ ਦੀ ਰਚਨਾ ਤੇ ਹੈ, ਤੂੰ ਇਕੱਲਾ ਹੀ ਇਸ ਸਾਰੇ ਕੁੱਲ ਨੂੰ ਆਪਣੀ ਪੱਕੜ ਵਿੱਚ ਲੈਂਦਾ ਹੈ, ਤੂੰ ਇਸ ਦਾ ਮਾਦਾ ਕਾਰਨ, ਸੰਸਾਰ ਦਾ ਰਾਖਾ ਅਤੇ ਪਾਲਕ ਹੈ ਬਿਲਕੁਲ ਉਵੇਂ ਹੀ ਜਿਵੇਂ ਇਕ ਬਾਪ ਆਪਣੇ ਬੱਚੇ ਦਾ ਹੁੰਦਾ ਹੈ । ਓ ਪਵਿੱਤਰ ਮਾਲਕ ਤੇਰਾ ਨਾਮ ਅਨੰਦਤ ਕਰਦਾ ਹੈ, ਤੂੰ ਘਰਬਾਰੀਆਂ ਦਾ ਉਤੱਮ ਰਾਜਾ ਹੈ । ਅਸੀਂ ਤੇਰੇ ਤੱਕ ਸੱਚ ਬੋਲਕੇ ਹੀ ਪਹੁੰਚ ਸਕਦੇ ਹਾਂ---"[2]

ਉਹ ਪੁਰਖ ਸ਼ੁਧ ਅਤੇ ਪਵਿੱਤਰ ਹੈ, ਸਾਰੀਆਂ ਵੱਸਤਾਂ ਵਿੱਚ ਬਿਰਾਜਮਾਨ ਹੈ । ਉਹ ਅਕਾਸ਼ ਵਿੱਚ ਵੱਸਦਾ ਹੈ, ਸਾਰਿਆਂ ਦਾ ਰਾਖਾ ਅਤੇ ਵਿਨਾਸ਼ਕ ਹੈ, ਧਰਤੀ ਦੇ ਚੁਗਿਰਦ ਹੈ, ਸਨਮਾਣੇ ਜਾਣ ਦੇ ਅਤਿ ਯੋਗ ਹੈ , ਘਰਾਂ ਵਿੱਚ, ਮਨੁੱਖਾਂ ਦੇ ਦਿੱਲਾਂ ਵਿੱਚ, ਸਭ ਹੰਗਿਆਈਆਂ ਵਿੱਚ ਰਹਿੰਦਾ ਹੈ । ਉਹ ਆਦਿ ਅਣੂ ਵਿੱਚ ਸਮਾਇਆ ਹੋਇਆ ਹੈ, ਉਹ ਬੱਦਲਾਂ ਵਿੱਚ ਵਰਤਮਾਨ ਹੈ, ਸਥਿਰ ਹੈ ਸਤ ਹੈ ਅਤੇ ਸੱਭ ਤੋਂ ਉਤੱਮ ਹੈ ।[3]

ਸਰਵ ਗਿਆਤਾ, ਹਰ ਚੀਜ਼ ਨੂੰ ਵਿਕਸਤ ਕਰਨ ਵਾਲਾ, ਸੱਭ ਰੋਸ਼ਨੀਆਂ ਦਾ ਸੋਮਾਂ, ਮਾਨਤਾ ਦੇਣ ਜਣੀ ਸੱਭ ਤੋਂ ਵੱਧ ਯੋਗ, ਦੈਵੀ ਸ਼ਕਤੀ ਹੀ ਸੂਰਜ ਚੰਦ ਅਤੇ ਹੋਰ ਸੱਭ ਗ੍ਰਹਿਆਂ ਵਿਚੋਂ ਰੂਪਮਾਨ ਹੁੰਦੀ ਹੈ ।[4] ਸਾਰਾ ਵਿਸ਼ਵ ਉਤੱਮ ਪੁਰਖ ਦੀ ਰਚਨਾ ਹੈ । ਉਹ ਇਸ ਨੂੰ ਕਾਬੂ ਵਿੱਚ ਰੱਖਦਾ ਹੈ । ਉਹ ਇਸ ਤੋਂ ਪਹਿਲਾਂ ਵੀ ਵਿਦਮਾਨ ਸੀ, ਉਹ ਇਸ ਤੋਂ ਵੱਖਰਾ ਹੈ ਪਰ ਇਸ ਦੇ ਅੰਤਰ ਵਿਆਪਕ ਵੀ ਹੈ । ਜਦ ਵਿਸ਼ਵ ਹੋਂਦ ਵਿੱਚ ਆ ਜਾਂਦਾ ਹੈ ਤਾਂ ਉਹ ਇਸ ਦੀ ਪਾਲਣਾ ਕਰਦਾ ਹੈ ।[5]

ਉਪਨਿਸ਼ਦਾਂ ਅਨੁਸਾਰ :-

ਇਹ ਆਤਮਾ ਸਾਰਿਆਂ ਦੀ ਹਾਕਮ ਅਤੇ ਮਾਲਕ ਹੈ । ਜਿਵੇਂ ਇੱਕ ਪਹੀਏ ਦੀਆਂ ਸਾਰੀਆਂ ਤਾਰਾਂ ਧੁਰੇ ਤੇ ਆਕੇ ਇਕੱਠੀਆਂ ਹੋ ਜਾਂਦੀਆਂ ਹਨ, ਉਸੇ ਤਰਾਂ, ਇਸ ਆਤਮਾ ਦੇ ਧੁਰੇ ਤੇ

---

1. य0 अ0 25 म0 23
2. य0 अ0 20 म0 20
3. य0 अ0 20 म0 24
4. य0 अ0 23 म0 30
5. य0 अ0 24 म0 28

ਸਾਰੀਆਂ ਚੀਜ਼ਾਂ, ਸਾਰੇ ਦੇਵਤੇ ਅਤੇ ਸਾਰੇ ਸਾਹ ਲੈਂਦੇ ਜੀਵ ਆ ਕੇ ਇਕੱਠੇ ਹੋ ਜਾਂਦੇ ਹਨ ।[1] ਉਹ ਕਰਮਾਂ ਦਾ ਫੈਸਲਾ ਕਰਨ ਵਾਲਾ ਨਿਆਏਧੀਸ਼ ਹੈ, ਸਦਾਚਾਰਕ ਹਾਕਮ ਹੈ ਅਤੇ ਸਾਰੀਆਂ ਸ੍ਰਿਸ਼ਟੀਆਂ ਵਿੱਚ ਸਮਤੁਲਨ ਕਾਇਮ ਰੱਖਣ ਵਾਲਾ ਹੈ। ਮਨਾਂ ਦਾ ਮਨ ਹੈ, ਜੀਵਨਾਂ ਦਾ ਜੀਵਨ ਹੈ, ਕੰਨਾਂ ਦਾ ਕੰਨ ਹੈ, ਅੱਖਾਂ ਦੀ ਅੱਖ ਹੈ, ਜੀਭਾਂ ਦੀ ਜੀਭ ਹੈ, ਆਪਣੀ ਹੀ ਰੋਸ਼ਨੀ ਨਾਲ ਸਾਰੇ ਪਾਸੇ ਰੋਸ਼ਨ ਹੋ ਰਿਹਾ ਹੈ ।[2]

ਉਸ ਵਿੱਚ ਕੇਵਲ ਚੰਗਿਆਈਆਂ ਹੀ ਹਨ ਬੁਰਾਈਆਂ ਨਹੀਂ । ਉਹ ਸ਼ੁੱਧ ਪਾਪ ਰਹਿਤ ਅਤੇ ਪਵਿੱਤਰ ਹੈ । ਸਾਰੀਆਂ ਸੁਰਜੀਤ ਵਸਤਾਂ ਉਸੇ ਵਿਚੋਂ ਪੈਦਾ ਹੁੰਦੀਆਂ ਹਨ, ਉਸੇ ਕਾਰਨ ਰਹਿੰਦੀਆਂ ਹਨ ਅਤੇ ਉਸੇ ਵਿੱਚ ਸਮਾ ਜਾਂਦੀਆਂ ਹਨ । ਉਸ ਨੇ ਰੂਪ ਅਤੇ ਅਰੂਪ, ਸਾਮਿਅਕ ਅਤੇ ਗੈਰ ਸਾਮਿਅਕ, ਆਰਜ਼ੀ ਅਤੇ ਲਾਜ਼ਮੀ, ਸੁਚੇਤ ਅਤੇ ਅਚੇਤ, ਅਸਲ ਅਤੇ ਝੂਠ ਦੀ ਰਚਨਾ ਕੀਤੀ ਹੈ ।[3]

ਗੁਰੂ ਸਾਹਿਬ ਅਨੁਸਾਰ:-

ਗੁਰੂ ਸਾਹਿਬ ਬ੍ਰਹਮ ਨੂੰ "ਨਿਰਾਲਾ" ਆਖਦੇ ਹਨ ਕਿਉਂਜੋ ਇਕ ਹੀ ਨਿਰਗੁਣ ਬ੍ਰਹਮ ਤੋਂ ਸਾਰਾ ਸਰਗੁਣ ਪਸਾਰਾ ਹੋ ਜਾਂਦਾ ਹੈ । ਇਹ ਸਰਗੁਣ ਸਰੂਪ ਬਦਲਣਸ਼ੀਲ ਅਤੇ ਵਿਨਾਸ਼ਸ਼ੀਲ ਹੈ ਪਰ ਤਾਂ ਵੀ ਬ੍ਰਹਮ ਅਮਰ, ਅਜੋਨੀ, ਜਾਤ ਪਾਤ ਤੋਂ ਉਪਰ ਅਗੱਮ, ਅਗੋਚਰ ਹੈ ਅਤੇ ਘੱਟ ਘੱਟ ਵਿੱਚ ਸਮਾਇਆ ਹੋਇਆ ਹੈ ।[4] ਉਹ ਨਿਰਾਲਾ ਆਪਣੇ ਆਪ ਨੂੰ ਆਪ ਹੀ ਪੈਦਾ ਕਰਦਾ ਹੈ ਅਤੇ ਫਿਰ ਇਸ ਸਾਰੀ ਪੈਦਾਇਸ਼ ਉਤੇ ਧਿਆਨ ਰਖਕੇ ਆਪਣੇ ਲਈ ਸੁੱਚਾ ਸਥਾਨ ਨਿਯਤ ਕਰ ਲੈਂਦਾ ਹੈ । ਪਉਣ ਪਾਣੀ ਅਗਨੀ ਦੇ ਮੇਲ ਨਾਲ ਦਿੱਸਦਾ ਸੰਸਾਰ ਰੂਪੀ ਸਰੀਰ ਸਿਰਜ ਲੈਂਦਾ ਹੈ । ਇਸ ਸਰੀਰ ਰੂਪੀ ਕਿਲੇ ਦੇ 9 ਦਰਵਾਜ਼ੇ ਥਾਪੇ ਹਨ ਅਤੇ ਇਸ ਦੇ ਦਸਵੇਂ ਦੁਆਰ ਵਿਚ ਉਹ ਆਪ ਵੱਸਦਾ ਹੈ । ਇਸ ਸਿਰਜਣਾ

---

1. Brih. Up. ii. 5,15,
2. Brahman is the Mind of the mind, the Life of the life, the Eye of the eye, the Tongue of the tongue, he shines by his own brightness. By his light all these are illumined."

   (Mantra-3, Vichar Bindu. Up..)
3. Mund. Up. i,1, 6, 9; ii,1, 3, 9, Tait.Up. iii, 1-6, ii,6,;
4. ਏਕਮ ਏਕੰਕਾਰ ਨਿਰਾਲਾ, ਅਮਰ ਅਜੋਨੀ ਜਾਤ ਨ ਜਾਲਾ ।

   ਅਗਮ ਅਗੋਚਰ ਰੂਪ ਨ ਰੇਖਿਆ, ਖੋਜਤ ਖੋਜਤ ਘਟਿ ਘਟਿ ਦੇਖਿਆ । (ਬਿਲਾਵਲ ਥਿਤੀ,ਪੰਨਾ-838)

ਵਿੱਚ ਗੁਰਮੁੱਖ ਜੀਵਾਂ ਨੂੰ ਉਹ ਪਵਿੱਤਰ ਰੱਖਦਾ ਹੈ। ਚੰਦ ਸੂਰਜ, ਦੀਪਕ ਸਾਰੇ ਉਸੇ ਦੀ ਜੋਤ ਹਨ। ਉਹ ਆਪਣੀ ਵਡਿਤਣ ਨੂੰ ਆਪ ਹੀ ਵੇਖ ਰਿਹਾ ਹੈ। ਉਹ ਜੋਤ ਸਰੂਪ ਹੈ, ਸਦਾ ਸੁੱਖਦਾਤਾ ਹੈ ਅਤੇ ਸੱਚ ਵਿੱਚ ਸ਼ੋਭਾਮਾਨ ਹੋ ਰਿਹਾ ਹੈ। ਸਾਰੇ ਬ੍ਰਹਿਮੰਡ ਵਿੱਚ ਵੀ ਅਤੇ ਪਿੰਡ-ਰੂਪੀ ਕਿਲੇ ਵਿੱਚ ਵੀ ਉਹ ਆਪ ਹੀ ਕਰਮਾਂ ਦਾ ਵਪਾਰ ਕਰ ਰਿਹਾ ਹੈ ਅਤੇ ਹਰ ਚੀਜ਼ ਦੀ ਪੂਰੀ ਕੀਮਤ ਪਾ ਰਿਹਾ ਹੈ, ਝੂਠ ਸੱਚ ਦਾ ਨਿਤਾਰਾ ਕਰ ਰਿਹਾ ਹੈ। ਉਹ ਬੇਪਰਵਾਹ ਹੈ ਤੇ ਉਸਦੇ ਭੰਡਾਰ ਹਮੇਸ਼ਾਂ ਭਰੇ ਹੋਏ ਹਨ। ਹਰ ਕਲਾ ਵਿੱਚ ਉਹ ਆਪ ਹੀ ਵਿਆਪ ਰਿਹਾ ਹੈ।[1]

ਸਰਗੁਣ ਬ੍ਰਹਮ ਜੋਤ ਸਰੂਪ ਹੈ ਜਿਸਦਾ ਚਾਨਣ ਸਭ ਵਿਚੋਂ ਰੂਪਮਾਨ ਹੋ ਰਿਹਾ ਹੈ।[2] ਉਹ ਆਪ ਹੀ ਗੁਣ ਹੈ, ਆਪ ਹੀ ਇਨ੍ਹਾਂ ਗੁਣਾਂ ਨੂੰ ਗਾਉਣ ਵਾਲਾ ਹੈ ਅਤੇ ਆਪ ਹੀ ਫਿਰ ਵਿਚਾਰਨ ਵਾਲਾ ਹੈ। ਆਪ ਹੀ ਇਸ ਮਾਇਆ ਰੂਪ ਸਾਗਰ ਵਿਚੋਂ ਜੀਵ ਰੂਪ ਮੱਛੀਆਂ ਫੜਨ ਵਾਲਾ ਮਾਛੀ ਹੈ, ਆਪ ਹੀ ਮੱਛੀ (ਜੀਵ) ਹੈ, ਆਪ ਹੀ ਪਾਣੀ ਜਾਲ (ਮਾਇਆ) ਹੈ। ਆਪ ਹੀ ਸਿੱਪ ਰੂਪੀ ਸਰੀਰ ਹੈ ਅਤੇ ਆਪ ਹੀ ਇਸ ਅੰਦਰ ਮੋਤੀ ਰੂਪੀ ਆਤਮਾਂ ਹੈ।[3]

ਆਪਣੇ ਪਸਾਰ ਨੂੰ ਦੇਖਕੇ ਬ੍ਰਹਮ ਆਪ ਹੀ ਵਿਗਸਦਾ ਹੈ, ਵੇਖਿਆ ਜਾਣ ਵਾਲਾ "ਕੰਵਲ ਫੁੱਲ" ਵੀ ਆਪ ਹੀ ਹੈ ਅਤੇ ਇਸ "ਕੰਵਲ ਫੁੱਲ" ਦੇ ਖੇੜੇ, ਸੁੰਦਰਤਾ ਅਤੇ ਵਿਗਾਸ ਨੂੰ ਦੇਖਕੇ ਖੁਸ਼ ਹੋਣ ਵਾਲਾ ਕਵੀ ਵੀ ਬ੍ਰਹਮ ਹੀ ਹੈ। ਰਤਨ ਵੀ ਬ੍ਰਹਮ ਹੈ, ਇਸ ਦਾ ਪਾਰਖੂ ਵੀ ਬ੍ਰਹਮ ਹੈ, ਰਤਨ ਦੀ ਅਪਾਰ

---

1. ਆਪੇ ਆਪੁ ਉਪਾਇ ਨਿਰਾਲਾ। ਸਾਚਾ ਥਾਨੁ ਕੀਓ ਦਇਆਲਾ।
ਪਉਣ ਪਾਣੀ ਅਗਨੀ ਦਾ ਬੰਧਨ ਕਾਇਆ ਕੋਟੁ ਰਚਾਇਦਾ।
ਨਉ ਘਰ ਥਾਪੇ ਥਾਪਣਹਾਰੈ। ਦਸਵੈ ਵਾਸਾ ਅਲਖ ਅਪਾਰੈ।
ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ।
ਰਵਿ ਸਸਿ ਦੀਪਕ ਜੋਤਿ ਸਬਾਈ। ਆਪੇ ਕਰਿ ਵੇਖੈ ਵਡਿਆਈ।
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ। 3. 1 ਗੜ ਮਹਿ ਹਾਟ ਪਟਣ ਵਾਪਾਰਾ।
ਪੂਰੈ ਤੋਲਿ ਤੋਲੈ ਵਣਜਾਰਾ। ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ।
ਕੀਮਤਿ ਪਾਈ ਪਾਵਣਹਾਰੈ, ਵੇਪਰਵਾਹ ਪੂਰੇ ਭੰਡਾਰੇ।
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ- (ਮਾਰੂ ਸੋਹਲੇ-17, ਪੰਨਾ-1036.)
2. ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ। (ਆਰਤੀ ਧਨਾਸਰੀ, 663
3. 1 ਆਪੇ ਗੁਣ ਆਪੇ ਕਥੈ, ਆਪੇ ਸੁਣਿ ਵੀਚਾਰੁ। (ਸਿਰੀ ਅਸਟਪਦੀ-3, ਪੰਨਾ-54.)
11 ਆਪੇ ਮਾਛੀ ਮਛੁਲੀ, ਆਪੇ ਪਾਣੀ ਜਾਲੁ, ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ।
(ਸਿਰੀ ਪਦਾ-25, ਪੰਨਾ-23.)

ਕੀਮਤ ਵੀ ਬ੍ਰਹਮ ਹੈ । ਆਪ ਹੀ ਨਿਰਮਲ ਹੀਰਾ ਹੈ ਅਤੇ ਆਪ ਹੀ ਇਸ ਨਿਰਮਲਤਾ ਨੂੰ ਕੱਜਣ ਵਾਲਾ ਪੱਕਾ ਰੰਗ ਹੈ । ਆਪ ਹੀ ਮੋਤੀ ਹੈ ਅਤੇ ਆਪ ਹੀ ਉਨ੍ਹਾਂ ਮੋਤੀਆਂ ਦੀ ਮਾਲਾ ਫੇਰਨ ਵਾਲਾ ਭਗਤ ਹੈ । ਆਪ ਹੀ ਸਾਗਰ ਹੈ, ਆਪ ਹੀ ਇਸ ਵਿਚ ਜਹਾਜ਼ ਹੈ ਅਤੇ ਆਪ ਹੀ ਇਸ ਦਾ ਆਰਪਾਰ ਹੈ । ਆਪ ਹੀ ਸੱਚਾ ਮਾਰਗ ਹੈ, ਆਪ ਹੀ ਸ਼ਬਦ ਰੂਪ ਹੋਕੇ ਪਾਰ ਲੰਘਾਵਣਹਾਰ ਹੈ ।[1]

ਆਪ ਹੀ ਧਰਤੀ ਹੈ, ਆਪ ਹੀ ਉਪਰ ਅਕਾਸ਼ ਹੈ । ਆਪ ਹੀ ਸੱਚੇ ਗੁਣਾਂ ਨੂੰ ਪ੍ਰਕਾਸ਼ ਕਰਨ ਵਾਲਾ ਹੈ । ਆਪ ਹੀ ਜਤੀ ਹੈ, ਆਪ ਹੀ ਸਤੀ ਹੈ ਆਪ ਹੀ ਸੰਤੋਖੀ ਹੈ, ਆਪ ਹੀ ਜੀਵਨ ਦੀ ਸਾਰੀ ਕਾਰ ਕਮਾਉਣ ਵਾਲਾ ਹੈ। ਆਪ ਹੀ ਸੁਵਰਗ ਲੋਕ ਹੈ, ਆਪ ਹੀ ਮਾਤ ਲੋਕ ਹੈ ਅਤੇ ਆਪ ਹੀ ਪਤਾਲ ਲੋਕ ਹੈ । ਆਪ ਹੀ ਜੋਤ ਸਰੂਪ ਜਵਾਨ ਹੈ, ਆਪ ਹੀ ਲੰਮੀਆਂ ਜਟਾਂ ਵਾਲਾ ਭਿਆਨਕਤਾ ਦਾ ਸਰੂਪ ਹੈ । ਭਾਵੇਂ ਸਮੁੱਚੇ ਰੂਪ ਵਿੱਚ ਬ੍ਰਹਮ ਦੀ ਕੋਈ ਨਿਸਚਿਤ ਰੂਪ ਰੇਖਾ ਨਹੀਂ । ਵੇਦ ਕਤੇਬ ਵੀ ਉਸ ਦੇ ਭੇਦ ਨੂੰ ਨਹੀਂ ਜਾਣਦੇ । ਉਸ ਦੀ ਕੋਈ ਨਿਸਚਿਤ ਮਾਂ, ਪਿਓ, ਪੁੱਤਰ ਜਾਂ ਭਰਾ ਨਹੀਂ ।[2]

ਉਹ ਕਰਤਾ, ਪੁਰਖ ਅਤੇ ਵਿਧਾਤਾ ਹੈ । ਆਪਣੇ ਆਪ ਨੂੰ ਪੈਦਾ ਕਰਕੇ ਆਪ ਹੀ ਆਪਣੇ ਆਪ ਨੂੰ ਪਛਾਣਦਾ ਹੈ । ਆਪ ਹੀ ਗੁਰੂ ਹੋਕੇ ਸ੍ਰਿਸ਼ਟੀ ਨੂੰ ਰਾਹੇ ਪਾਉਂਦਾ ਹੈ । ਆਪ ਹੀ ਰਾਹੇ ਪਾਇਆ ਜਾਣ ਵਾਲਾ ਸੇਵਕ ਹੈ । ਆਪ ਹੀ ਉਸ ਨੇ ਸ੍ਰਿਸ਼ਟੀ ਉਪਾਈ ਹੈ ।[3] ਉਹ ਦੂਰ ਨਹੀਂ ,

---

1. ਕਉਲੁ ਤੂ ਹੈ ਕਵੀਆ ਤੂ ਹੈ , ਆਪੇ ਵੇਖਿ ਵਿਗਾਸ ।
ਆਪੇ ਰਤਨ ਪਰਖਿ ਤੂ, ਆਪੇ ਮੋਲ ਅਪਾਰ ।
ਆਪੇ ਹੀਰਾ ਨਿਰਮਲਾ, ਆਪੇ ਰੰਗ ਮਜੀਠ ।
ਆਪੇ ਮੋਤੀ ਊਜਲੋ, ਆਪੇ ਭਗਤ ਬਸੀਠ ।
ਆਪੇ ਸਾਗਰ ਬੋਹਿਥਾ, ਆਪੇ ਆਰ ਅਪਾਰ ।
ਸਚੀ ਵਾਟ ਸੁਜਾਣ ਤੂ ਸਬਦ ਲੰਘਾਵਣਹਾਰ । (ਸਿਰੀ ਅਸਟਪਦੀ-3, ਪੰਨਾ-54)
2. ਆਪੇ ਧਰਤੀ ਧਉਲ ਅਕਾਸੰ ਆਪੇ ਸਾਚੇ ਗੁਣ ਪਰਗਾਸੰ ।
ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ । 2.
-----------------------------
ਆਪੇ ਸੁਰਗ ਮਛੁ ਪਇਆਲਾ, ਆਪੇ ਜੋਤਿ ਸਰੂਪੀ ਬਾਲਾ ।
ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ ।
ਬੇਦ ਕਤੇਬੀ ਭੇਦ ਨ ਜਾਤਾ, ਨਾ ਤਿਸ ਮਾਤ ਪਿਤਾ ਸੁਤ ਭ੍ਰਾਤਾ । (ਮਾਰੂ ਸੋਹਲੇ -2, ਪੰਨਾ-1021)
3. ਆਪੇ ਕਰਤਾ ਪੁਰਖੁ ਬਿਧਾਤਾ, ਜਿਨਿ ਆਪੇ ਆਪੁ ਉਪਾਇ ਪਛਾਤਾ ।

---------

ਸਭ ਦੇ ਨੇੜੇ ਰਹਿੰਦਾ ਹੈ ।[1]

ਬ੍ਰਹਮ ਆਪ ਹੀ ਹਵਾ ਹੈ, ਆਪ ਹੀ ਪਾਣੀ ਹੈ, ਆਪ ਹੀ ਅਗਨੀ ਹੈ,। ਆਪ ਹੀ ਇਨ੍ਹਾਂ ਤਿੰਨਾਂ ਦਾ ਮੇਲ ਕਰਕੇ ਰਚਨਾ ਕਰਦਾ ਹੈ । ਆਪ ਹੀ ਚੰਦ ਹੈ ਆਪ ਹੀ ਸੂਰਜ ਹੈ, ਆਪ ਹੀ ਇਨ੍ਹਾਂ ਨੂੰ ਪ੍ਰਕਾਸ਼ਮਾਨ ਕਰਕੇ ਪੂਰਨ ਰੂਪ ਵਿੱਚ ਹਰ ਥਾਂ ਵਿਆਪਕ ਹੋ ਰਿਹਾ ਹੈ । ਆਪ ਹੀ ਗਿਆਨ, ਧਿਆਨ, ਗੁਰੂ, ਸੂਰਮਾ ਹੈ । ਇਸ ਨੂੰ ਸਮਾਂ (ਕਾਲ) ਮਾਇਆ ਅਤੇ ਮੌਤ ਛੂਹ ਤੱਕ ਨਹੀਂ ਸਕਦੇ ।[2]

ਆਪ ਹੀ ਪੁਰਖ ਹੈ, ਆਪ ਹੀ ਨਾਰੀ ਹੈ । ਆਪ ਹੀ ਜਗਤ ਰੂਪੀ ਖੇਡ ਦਾ ਪਿੜ ਬੰਨ੍ਹਦਾ ਹੈ ਅਤੇ ਫਿਰ ਆਪ ਹੀ ਦਰਸ਼ਕ ਦੇ ਰੂਪ ਵਿੱਚ ਇਸ ਦਾ ਮੁੱਲ ਪਾਉਂਦਾ ਹੈ । ਆਪ ਹੀ ਇੱਕ "ਪਾਸ਼ਾ" ( ਹਿੱਸਾ ) ਹੈ ਅਤੇ ਆਪ ਹੀ ਸੰਪੂਰਨਤਾ ਹੈ । ਆਪ ਹੀ ਭਵਰ ਹੈ, ਆਪ ਹੀ ਫੁੱਲ ਹੈ, ਆਪ ਹੀ ਫੱਲ ਹੈ ਅਤੇ ਆਪ ਹੀ ਦ੍ਰਖੱਤ ਹੈ । ਆਪ ਹੀ ਜਲ ਥਲ, ਸਾਗਰ ਸਰੋਵਰ ਹੈ । ਆਪ ਹੀ ਮੱਛ ਕੱਛ ਅਵਤਾਰ ਹੈ ਤੇ ਆਪ ਹੀ ਇਨ੍ਹਾਂ ਨੂੰ ਜਨਮ ਦੇਣ ਵਾਲਾ ਹੈ। ਉਸ ਦਾ ਰੂਪ ਲਖਿਆ ਨਹੀਂ ਜਾ ਸਕਦਾ ।[3]

ਆਪ ਹੀ ਦਿਨ ਹੈ ਤੇ ਆਪ ਹੀ ਰਾਤ ਹੈ । ਆਪ ਹੀ ਗੁਰੂ-ਬਚਨ ਹੈ, ਆਪ ਹੀ ਇਨ੍ਹਾਂ ਦੁਆਰਾ ਪਤੀਜਣ ਵਾਲਾ ਸੇਵਕ ਹੈ । ਆਪ ਹੀ ਆਦਿ ਜੁਗਾਦਿ ਤੋਂ ਸ਼ਦਾ ਇਕ ਰੱਸ ਕਾਇਮ ਹੈ । ਆਪ ਹੀ ਘੱਟ ਘੱਟ ਵਿੱਚ ਸ਼ਬਦ ਰੂਪ ਵਿੱਚ ਵੱਸਦਾ ਹੈ । ਆਪ ਹੀ ਅਮੋਲਕ ਰਤਨ ਹੈ, ਆਪ ਹੀ ਉਸਨੂੰ ਪੂਰੇ ਤੋਲ ਨਾਲ ਪਰਖਦਾ ਹੈ । ਆਪ ਹੀ ਕਿਸੇ ਨੂੰ ਦਾਤ ਬਖਸ਼ ਦੇਂਦਾ ਹੈ ਅਤੇ ਇਹ ਦਾਤ ਲੈਣ ਵਾਲਾ ਵੀ ਬ੍ਰਹਮ ਆਪ ਹੀ ਹੈ । ਆਪ ਹੀ ਧਨੁੱਖ ਹੈ, ਆਪ ਹੀ ਸਰਬਾਣ ਹੈ ।

---

4.--ਆਪੇ ਸਤਿਗੁਰੁ ਆਪੇ ਸੇਵਕੁ, ਆਪੇ ਸ੍ਰਿਸਟਿ ਉਪਾਈ ਹੇ । 2. (ਮਾਰੂ ਸੋਹਲੇ-6, ਪੰਨਾ-1035.)

1. ਆਪੇ ਨੇੜੈ ਨਾਹੀ ਦੂਰੈ । (ਮਾਰੂ ਸੋਹਲੇ-6, ਪੰਨਾ-1025.)

2. ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ।
ਆਪੇ ਸਸਿ ਸੂਰਾ ਪੂਰੋ ਪੂਰਾ, ਆਪੇ ਗਿਆਨ ਧਿਆਨ ਗੁਰੁ ਸੂਰਾ ।
ਕਾਲ ਜਾਲੁ ਜਮੁ ਜੋਹਿ ਨ ਸਾਕੈ---------- (ਮਾਰੂ ਸੋਹਲੇ-1, ਪੰਨਾ-1020.)

3. ਆਪੇ ਪੁਰਖੁ ਆਪੇ ਹੀ ਨਾਰੀ, ਆਪੇ ਪਾਸਾ ਆਪੇ ਸਾਰੀ ।
ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ । 5 ।
ਆਪੇ ਭਵਰੁ ਫੁਲੁ ਫਲੁ ਤਰਵਰੁ । ਆਪੇ ਜਲੁ ਥਲੁ ਸਾਗਰੁ ਸਰਵਰੁ ।
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ । 6 । (ਮਾਰੂ ਸੋਹਲੇ-1, ਪੰਨਾ-1020.)

ਆਪ ਹੀ ਸੁਘੜ ਸਰੂਪ ਸਿਆਣਾ ਹੈ । ਕਹਤਾ, ਬਕਤਾ, ਸੁਣਤਾ ਉਹ ਆਪ ਹੀ ਹੈ । ਇਹ ਸਾਰੀ ਬਣਤ ਉਸੇ ਦੀ ਬਣਾਈ ਹੋਈ ਹੈ ।[1]

ਉਹ ਆਪ ਹੀ ਮੱਛੀ ਹੈ ਆਪ ਹੀ ਜਾਲ ਹੈ । ਆਪ ਹੀ ਗਊ ਹੈ ਤੇ ਆਪ ਹੀ ਗਊ ਦਾ ਰਖਵਾਲਾ ਹੈ । ਸਾਰੇ ਜੀਵਾਂ ਵਿੱਚ ਉਸਦੇ ਆਪਣੇ ਹੀ ਹੁੱਕਮ ਅਨੁਸਾਰ ਉਸ ਦੀ ਆਪਣੀ ਹੀ ਜੋਤ ਜਗ ਰਹੀ ਹੈ ।

ਉਹ ਆਪ ਹੀ ਜੋਗੀ ਅਤੇ ਆਪ ਹੀ ਭੋਗੀ ਹੈ । ਆਪ ਹੀ ਰੱਸੀਆ ਪਰਮ ਸੰਜੋਗੀ ਹੈ । ਆਪ ਹੀ ਵੇਬਾਣੀ ਨਿਰੰਕਾਰੀ ਨਿਰਭਓ ਹੈ ਜਿਸ ਨੇ ਸੁੰਨ ਸਮਾਧ ਲਾਈ ਹੋਈ ਹੈ । (ਬ੍ਰਹਮ ਆਪ ਹੀ ਸਰਗੁਣ ਆਪ ਹੀ ਨਿਰਗੁਣ ਹੈ । ਸਾਰੇ ਖਾਣੀਆਂ ਅਤੇ ਬਾਣੀਆਂ ਬ੍ਰਹਮ ਵਿੱਚ ਸਮਾ ਜਾਂਦੀਆਂ ਹਨ । ਬ੍ਰਹਮ ਸਰਬ ਕਲਾ ਸਮਰੱਥ ਅਤੇ ਸਰਬ-ਵਿਆਪਕ ਹੈ ਪਰ ਅਪਹੁੰਚ, ਨਿਸਚਿੰਤ ਅਤੇ ਨਿਸਸੰਕਲਪ ਹੈ ।[2] ਆਪ ਹੀ ਉਹ ਮੁਕਤੀ ਅਤੇ ਤ੍ਰਿਪਤੀ ਦੇਣ ਵਾਲਾ ਹੈ ਉਹ ਆਪ ਹੀ "ਨਿਰਾਲਮ ਗੁਰਗਮ ਗਿਆਨ" ਹੈ । ਜੋ ਕੁੱਝ ਵਿਖਾਈ ਦੇਂਦਾ ਹੈ ਉਸੇ ਵਿਚ ਸਮਾਂ ਜਾਂਦਾ ਹੈ ।[3]

---

1. ਆਪੇ ਦਿਨਸੁ ਆਪੇ ਹੀ ਰੈਣੀ, ਆਪਿ ਪਤੀਜੈ ਗੁਰ ਕੀ ਬੈਣੀ ।
   ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ । 7 ।
   ਆਪੇ ਰਤਨੁ ਅਨੂਪੁ ਅਮੋਲੋ । ਆਪੇ ਪਰਖੇ ਪੂਰਾ ਤੋਲੋ ।
   ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ । 8 ।
   ਆਪੇ ਧਨੁਖ ਆਪੇ ਸਰਬਾਣਾ । ਆਪੇ ਸੁਘੜੁ ਸਰੂਪੁ ਸਿਆਣਾ ।
   ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ । 9 । (ਮਾਰੂ ਸੋਹਲੇ-1, ਪੰਨਾ-1021 )
2. ਆਪੇ ਮਛੁਲੀ ਆਪੇ ਜਾਲਾ, ਆਪੇ ਗਊ ਆਪੇ ਰਖਵਾਲਾ ।
   ਸਰਬ ਜੀਆਂ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ।
   ਆਪੇ ਜੋਗੀ ਆਪੇ ਭੋਗੀ । ਆਪੇ ਰਸੀਆ ਪਰਮ ਸੰਜੋਗੀ ।
   ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ।
   ਖਾਣੀ ਬਾਣੀ ਤੁਝਹਿ ਸਮਾਣੀ । ਜੋ ਦੀਸੈ ਸੋ ਆਵਣਜਾਣੀ----ਸਰਬ ਕਲਾ ਸਾਚੇ ਭਰਪੂਰਾ ।
   ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲ ਨ-ਤਮਾਈ ਹੇ । (ਮਾਰੂ ਸੋਹਲੇ-1, ਪੰਨਾ-1021.)
3. ਆਪੇ ਮੁਕਤਿ ਤ੍ਰਿਪਤਿ ਵਰ ਦਾਤਾ ਭਗਤਿ ਭਾਇ ਮਨਿ ਭਾਈ ਹੇ ।
   ਆਪਿ ਨਿਰਾਲਮੁ ਗੁਰਗਮ ਗਿਆਨਾ । ਜੋ ਦੀਸੈ ਤੁਝ ਮਾਹਿ ਸਮਾਨਾ ।
   (ਮਾਰੂ ਸੋਹਲੇ-1, ਪੰਨਾ-1021.)

ਉਹ ਸਾਰੇ ਜਗਤ ਦਾ ਪਤੀ ਹੈ (ਜਗਦੀਸ਼) ਹੋਰ ਸਭ ਜੀਵ ਉਸ ਦੀਆਂ ਨਾਰੀਆਂ ਹਨ ।[1] ਉਹ ਦਿਆਲੂ ਹੈ, ਆਪਣੀ ਸ੍ਰਿਸ਼ਟੀ ਉਤੇ ਦਇਆ ਦੀ ਦ੍ਰਿਸ਼ਟੀ ਰੱਖਦਾ ਹੈ ।[2] ਉਹ ਸਭ ਦੇ ਦਰਿਦਰ ਤੋੜਦਾ ਹੈ, ਦੁੱਖਾਂ ਦਾ ਨਾਸ ਕਰਦਾ ਹੈ ਅਤੇ ਆਪਣੇ ਆਪ ਨੂੰ ਗੁਰੂ ਦੀ ਕਿਰਪਾ ਰਾਹੀਂ ਪ੍ਰਗਟ ਕਰਦਾ ਹੈ ।[3] ਉਹ ਸਿਆਣਾ ਹੈ, ਮਿੱਤਰ ਹੈ, ਪਿਆਰਾ ਹੈ, ਆਪ ਹੀ ਸਰੋਵਰ ਹੈ ਅਤੇ ਆਪ ਹੀ ਇਸ ਵਿਚ ਮੋਤੀ ਚੁੱਗਣ ਵਾਲਾ ਹੰਸ ਹੈ ।[4] ਆਪ ਹੀ ਚਾਨਣ ਹੈ ਅਤੇ ਆਪ ਹੀ ਸੁਗੰਧ ਹੈ ।[5]

ਬ੍ਰਹਮ ਆਪ ਹੀ ਗਿਆਨ ਉਚਰਦਾ ਹੈ । ਆਪ ਹੀ ਇਸ ਗਿਆਨ ਨੂੰ ਬੁੱਝਦਾ ਹੈ, ਆਪ ਹੀ ਸਭ ਸਮਝਦਾ ਤੇ ਜਾਣਦਾ ਹੈ ।[6] ਉਹ ਤਿੰਨਾਂ ਭਵਨਾਂ ਅਤੇ ਚਾਰੇ ਜੁੱਗਾਂ ਵਿੱਚ ਇੱਕੋ ਜਿਹਾ ਰੱਮ ਰਿਹਾ ਹੈ ।[7] ਨਾ ਕਿਸੇ ਥਾਂ ਘੱਟ ਹੈ ਨਾ ਵੱਧ ਹੈ, ਨਾ ਬ੍ਰਹਮ ਘੱਟਦਾ ਹੈ ਨਾ ਵੱਧਦਾ ਹੈ ।[8] ਨਾ ਉਹ ਮਰਦਾ ਹੈ, ਨਾ ਉਸ ਨੂੰ ਕੋਈ ਦੁੱਖ ਰੋਗ ਵਿਆਪਦਾ ਹੈ ।[9] ਨੇੜੇ ਵੀ ਉਹ ਹੀ ਹੈ ਅਤੇ ਦੂਰ ਵੀ ਉਹ ਆਪ ਹੀ ਹੈ ।[10]

ਉਹ ਚਾਹੇ ਤਾਂ ਸ਼ੇਰਾਂ, ਬਾਜ਼ਾਂ ਆਦਿ ਮਾਸਾਹਾਰੀ ਪਸ਼ੂਆਂ ਨੂੰ ਘਾਹ ਖੁਆ ਦੇਂਦਾ ਹੈ ਅਤੇ ਸ਼ਾਕਾਹਾਰੀਆਂ ਨੂੰ ਮਾਸਾਹਾਰੀ ਕਰ ਦੇਂਦਾ ਹੈ । ਨੱਦੀਆਂ ਦੀ ਥਾਵਾਂ ਤੇ ਟਿੱਬੇ ਬਣਾ ਦੇਂਦਾ ਹੈ ਅਤੇ ਮਾਰੂਸਥੱਲਾਂ ਨੂੰ ਸਮੁੰਦਰ ਬਣਾ ਦੇਂਦਾ ਹੈ । ਕੀੜੇ ਵਰਗੇ ਹੀਣਾਂ ਨੂੰ ਬਾਦਸ਼ਾਹ ਬਣਾ ਦੇਂਦਾ ਹੈ ਅਤੇ

---

1. ਠਾਕੁਰੁ ਏਕੁ ਸਬਾਈ ਨਾਰਿ । (ਦਖਣੀ ਓਅੰਕਾਰ-29, ਪੰਨਾ-933.)
2. ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ । (ਦਖਣੀ ਓਅੰਕਾਰ-35, ਪੰਨਾ-934.)
3. ਦਾਲਦਭੰਜਨ ਦੁਖਦਲਣ ਗੁਰਮੁਖਿ ਗਿਆਨ ਧਿਆਨ । (ਦਖਣੀ ਓਅੰਕਾਰ-35, ਪੰਨਾ-934)
4. ਸਾਜਨ ਮੀਤ ਸੁਜਾਣੁ ਤੂੰ, ਤੂ ਸਰਵਰੁ ਤੂ ਹੰਸੁ । (ਦਖਣੀ ਓਅੰਕਾਰ-48, ਪੰਨਾ-937.)
5. ਤੂ ਦੀਪਕੁ ਤੂ ਧੂਪੁ । (ਰਾਗ ਮਾਰੂ ਅਸਟਪਦੀ-3, ਪੰਨਾ-1010.)
6. ਗਿਆਨੋ ਬੋਲੈ ਆਪੇ ਬੂਝੈ, ਆਪੇ ਸਮਝੈ ਆਪੇ ਸੂਝੈ । (ਦਖਣੀ ਓਅੰਕਾਰ-27, ਪੰਨਾ-933)
7. ਤਿਨਿ ਭਵਨ ਜਗੁ ਚਾਰੇ ਜਾਤਾ । (ਦਖਣੀ ਓਅੰਕਾਰ-10, ਪੰਨਾ-931.)
8. ਵਡਾ ਨ ਹੋਵੈ ਘਾਟਿ ਨ ਜਾਇ । (ਆਸਾ-3, ਪੰਨਾ-9.)
9. ਨਾ ਓਹੁ ਮਰੈ ਨ ਹੋਵੈ ਸੋਗੁ । (ਆਸਾ-3, ਪੰਨਾ-9.)
10. ਆਪੇ ਨੇੜੈ ਆਪੇ ਦੂਰਿ ਆਪੇ ਸਰਬ ਰਹਿਆ ਭਰਪੂਰ । (ਰਾਮਕਲੀ-2, ਪੰਨਾ-876-77.)

ਲਸ਼ਕਰਾਂ ਦੇ ਲਸ਼ਕਰ ਤਬਾਹ ਕਰ ਦੇਂਦਾ ਹੈ । ਸਭ ਜੀਵ ਉਸ ਦੇ ਹੁੱਕਮ ਵਿਚ ਸਾਹ ਲੈ ਰਹੇ ਹਨ ਪਤਾ ਨਹੀਂ ਕਿਸੇ ਨੇ ਅਗਲਾ ਸਾਹ ਲੈਣਾ ਹੈ ਜਾਂ ਨਹੀਂ । ਜਿਸ ਤਰਾਂ ਉਸ ਸੱਚੇ ਨੂੰ ਭਾਉਂਦਾ ਹੈ ਉਸੇ ਤਰਾਂ ਹੀ ਉਸ ਦੀ ਰਚਨਾ ਦਾ ਜੀਵਨ ਚੱਲਦਾ ਜਾਂਦਾ ਹੈ ।[1]

ਹਰ ਜੀਵ ਉਸੇ ਦੇ ਹੁੱਕਮ ਨਾਲ ਆਉਂਦਾ ਹੈ ਅਤੇ ਉਸੇ ਦੇ ਹੁੱਕਮ ਨਾਲ ਜਾਂਦਾ ਹੈ । ਸਾਰਾ ਜਗਤ ਉਸ ਦੇ ਹੁੱਕਮ ਨਾਲ ਸਿਰਜਿਆ ਗਿਆ ਹੈ, ਹੁੱਕਮ ਕਾਰਨ ਹੀ ਸੁਵਰਗ ਪਤਾਲ ਅਤੇ ਮਾਤ ਲੋਕ ਹੋਂਦ ਵਿੱਚ ਆਉਂਦੇ ਹਨ । ਤੇ ਇਹ ਹੁੱਕਮ ਇਕ ਅਜਿਹੀ ਕਲਾ ਹੈ ਜਿਸ ਨਾਲ ਸਾਰੇ ਬ੍ਰਹਿਮੰਡ ਅਤੇ ਸਾਰੇ ਖੰਡ ਆਪੋ ਆਪਣੀ ਥਾਂ ਤੇ ਖੜੇ ਹਨ ।[2] ਬ੍ਰਹਮ ਆਪ ਹੀ ਨਾਮ ਅੰਮ੍ਰਿਤ ਦੀ ਧਾਰ ਹੈ । ਆਪ ਹੀ "ਰਤਨ ਜਵੇਹਰ ਲਾਲ ਅਪਾਰਾ" ਹੈ ।[3]

ਬ੍ਰਹਮ ਦੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਵਿਚ ਆਉਣ ਨੂੰ, ਗੁਰੂ ਸਾਹਿਬ ਨਿਰਗੁਣ ਬ੍ਰਹਮ ਲਈ "ਸੁੰਨ" ਸ਼ਬਦ ਦੀ ਵਰਤੋਂ ਕਰਦੇ ਹੋਏ, ਇਸ ਪ੍ਰਕਾਰ ਵੀ ਬਿਆਨ ਕਰਦੇ ਹਨ:-

ਬ੍ਰਹਮ ਦੇ ਨਿਰਗੁਣ "ਸੁੰਨ" ਸਰੂਪ ਤੋਂ ਪਵਣ ਤੇ ਪਾਣੀ ਦੀ ਸਿਰਜਨਾ ਹੁੰਦੀ ਹੈ ਅਤੇ ਸਾਰੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ । ਸ੍ਰਿਸ਼ਟੀ ਆਪਣੇ ਬ੍ਰਹਿਮੰਡ ਰੂਪ ਵਿੱਚ ਵੀ, ਅਤੇ ਪੰਡ ਰੂਪ ਵਿਚ ਵੀ ਆਪਣੇ ਰਾਜੇ- ਬ੍ਰਹਮ ਜਾਂ ਆਤਮਾ ਦੀ ਕਿਲਾ ਰੂਪੀ ਕਾਇਆ ਹੈ । ਅਗਨੀ, ਪਾਣੀ ਅਤੇ ਜੀਵ ਸਭ ਉਸੇ ਪਰਮਾਤਮਾ ਦਾ ਜੋਤ ਸਰੂਪ ਸਰਗੁਣ ਰੂਪ ਹੈ ਜੋ ਨਿਰਗੁਣ ਅਵਸਥਾ ਵਿਚ ਵੀ ਕਾਇਮ ਰਹਿੰਦਾ

---

1. ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ।
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ।
ਨਦੀਆ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹ ।
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ।
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ।
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ । (ਸਲੋਕ ਵਾਰ ਮਾਝ, ਪੰਨਾ-144.)
2. ਹੁਕਮੇ ਆਇਆ ਹੁਕਮਿ ਸਮਾਇਆ । ਹੁਕਮੇ ਦੀਸੈ ਜਗਤੁ ਉਪਾਇਆ ।
ਹੁਕਮੇ ਸੁਰਗ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ । (ਮਾਰੂ ਸੋਹਲੇ-16, ਪੰਨਾ-1037.)
3. ਆਪੇ ਦਰਬੇ ਅੰਮ੍ਰਿਤ ਧਾਰਾ, ਰਤਨ ਜਵੇਹਰ ਲਾਲ ਅਪਾਰਾ । (ਮਾਰੂ ਸੋਹਲੇ-16, ਪੰਨਾ-1036.)

ਹੈ । ਸੁੰਨ ਤੋਂ ਹੀ ਬ੍ਰਹਮਾ, ਬਿਸਨੁ, ਮਹੇਸ ਪੈਦਾ ਹੋ ਜਾਂਦੇ ਹਨ, ਸਮਾਂ ਬਣ ਜਾਂਦਾ ਹੈ, ਸਤ ਸਮੁੰਦਰ ਬਣ ਜਾਂਦੇ ਹਨ ਜਿਨ੍ਹਾਂ ਦੀ ਵਿਚਾਰ ਸਿਰਜਣਹਾਰ ਆਪ ਹੀ ਕਰਦਾ ਹੈ ।[1] ਬ੍ਰਹਮ ਨੇ ਆਪਣੇ ਨਿਰਗੁਣ ਸਰੂਪ ਸੁੰਨ ਤੋਂ ਹੀ ਧਰਤੀ ਅਤੇ ਅਕਾਸ਼ ਪੈਦਾ ਕੀਤੇ ਅਤੇ ਬਿਨ੍ਹਾਂ ਥੰਮਾਂ ਤੋਂ ਸਾਰਾ ਕੁੱਝ ਉਸਾਰ ਦਿੱਤਾ । ਤਿੰਨਾਂ ਗੁਣਾਂ ਵਾਲੀ ਮਾਇਆ ਸਿਰਜਕੇ ਆਪਣੇ ਆਪ ਨੂੰ ਇਸ ਵਿੱਚ ਛੁਪਾ ਲਿਆ । ਸੁੰਨ ਤੋਂ ਹੀ ਖਾਣੀ, ਬਾਣੀ ਦੀ ਸਿਰਜਨਾ ਕੀਤੀ । ਇਹ ਇਸ ਤੋਂ ਉਪਜ ਕੇ ਇਸੇ ਵਿੱਚ ਸਮਾ ਜਾਂਦੀ ਹੈ । ਆਪ ਹੀ ਉਸ ਨੇ ਸਿਰਜਨਾ ਦਾ ਖੇਲ ਪੈਦਾ ਕਰਕੇ ਇਸ ਵਿਚ ਬਿਸਮਾਦੀ ਸ਼ਬਦ ਨੂੰ ਵਰਤਾ ਦਿੱਤਾ । ਸੁੰਨ ਤੋਂ ਹੀ ਦੋਨੋਂ ਰਾਤ ਤੇ ਦਿਨ ਪੈਦਾ ਕੀਤੇ । ਸਿਰਜਨਾ ਲਈ ਦੁੱਖ ਅਤੇ ਸੁੱਖ ਪੈਦਾ ਕੀਤੇ । ਵੇਦ ਪੈਦਾ ਕੀਤੇ । ਬ੍ਰਹਮਾਂ ਅਤੇ ਮਾਇਆ ਦੇ ਤਿੰਨ ਗੁਣ ਪੈਦਾ ਕੀਤੇ । ਇਹ ਸਾਰਾ ਕੁੱਝ ਬੇਕੀਮਤ ਹੈ । ਇਸ ਨੂੰ ਬੋਲ ਕੇ ਬਿਆਨ ਕਰ ਸਕਣਾ ਅਸੰਭਵ ਹੈ । ਸੁੰਨ ਤੋਂ ਹੀ ਸਤ ਪਤਾਲ ਪੈਦਾ ਕੀਤੇ । ਸੁੰਨ ਵਿਚ ਹੀ ਸਾਰੀ ਸਿਰਜਨਾ ਲਿਵਲੀਨ ਰਹਿੰਦੀ ਹੈ । ਰਜ, ਤਮ, ਸਤ ਸਭ ਉਸਦੀ ਛਾਇਆ ਹਨ । ਉਸ ਨੇ ਹੀ ਜਨਮ ਮਰਨ ਅਤੇ ਹਉਮੈ ਤੇ ਦੁੱਖ ਨੂੰ ਸਿਰਜਨਾ ਵਿਚ ਲਿਆਂਦਾ ਹੈ। ਜਿਸ ਤੇ ਉਹ ਕਿਰਪਾ ਕਰਦਾ ਹੈ ਉਸਨੂੰ ਇਸ ਸਭ ਕੁੱਝ ਤੋਂ ਬਚਾ ਲੈਂਦਾ ਹੈ । ਦਸ ਅਵਤਾਰਾਂ ਦੀ ਸਿਰਜਨਾ ਸੁੰਨ ਤੋਂ ਹੁੰਦੀ ਹੈ । ਸਾਰੀ ਸ੍ਰਿਸ਼ਟੀ, ਦੇਵ, ਦਾਨਵ, ਗਣ, ਗੰਧਰਬ ਸਭ ਨੂੰ ਉਹ ਸੁੰਨ ਤੋਂ ਸਾਜਦਾ ਹੈ ਅਤੇ ਕਰਮਾਂ ਦੇ ਚੱਕਰ ਵਿਚ ਪਾਉਂਦਾ ਹੈ । ਪੰਜ ਤੱਤ ਦਾ ਜਨਮ ਵੀ ਸੁੰਨ ਤੋਂ ਹੀ ਹੁੰਦਾ ਹੈ ਜਿਨ੍ਹਾਂ ਦੇ ਸੰਜੋਗ ਤੋਂ ਜੀਵ ਨੂੰ ਦੇਹ ਪ੍ਰਾਪਤ ਹੁੰਦੀ ਹੈ ਤੇ ਉਹ ਕਰਮ-ਕਿਰਤ ਵਿਚ ਪੈਂਦਾ ਹੈ । ਆਪ ਹੀ ਪਰਮਾਤਮਾ ਕਰਮਾਂ ਦੇ ਬੁਰੇ ਭਲੇ ਲੇਖ ਜੀਵ ਦੇ ਮੱਥੇ ਤੇ ਲਿੱਖ ਕੇ ਉਸ ਕੋਲੋਂ ਪਾਪ ਪੁੰਨ ਕਰਵਾਉਂਦਾ ਹੈ । ਉੱਤਮ ਵਿਅਕਤੀ ਸਤਿਗੁਰੂ ਦੇ ਪਦ ਤੇ ਪਹੁੰਚ ਜਾਂਦੇ ਹਨ । ਇਹ ਵਿਅਕਤੀ ਬ੍ਰਹਮ ਦੇ ਸ਼ਬਦ

---

1. ਸੁੰਨ ਕਲਾ ਅਪਰੰਪਰਿ ਧਾਰੀ, ਆਪਿ ਨਿਰਾਲਮੁ ਅਪਰ ਅਪਾਰੀ ।
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ । 2 ।
ਪਉਣੁ ਪਾਣੀ ਸੁੰਨੈ ਤੇ ਸਾਜੇ, ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ।
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ।
ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ । ਸੁੰਨੇ ਵਰਤੇ ਜੁਗ ਸਬਾਏ ।
ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ ।
ਸੁੰਨਹੁ ਸਪਤ ਸਰੋਵਰ ਥਾਪੇ । ਜਿਨ ਸਾਜੇ ਵੀਚਾਰੇ ਆਪੇ ।

(ਮਾਰੂ ਸੋਹਲੇ-17, ਪੰਨਾ-1037.)

ਰੂਪ ਨੂੰ ਪਛਾਣ ਕੇ ਪ੍ਰੇਮ ਦੇ ਰਸ ਵਿੱਚ ਮਤਵਾਲੇ ਹੋ ਰਹੇ ਹੁੰਦੇ ਹਨ ।[1]

ਗੁਰੂ ਸਾਹਿਬ ਆਪ ਹੀ ਸਭ ਕੁੱਝ ਬ੍ਰਹਮ ਹੀ ਬ੍ਰਹਮ ਕਹਿ ਚੁਕਣ ਤੋਂ ਬਾਅਦ ਇਹ ਭੀ ਲਿਖਦੇ ਹਨ ਕਿ:-

ਭਾਵੇਂ ਹਰ ਪਾਸੇ ਗਰੀਬਾਂ ਤੇ ਦਇਆ ਕਰਨ ਵਾਲਾ ਹਰੀ ਸਮਾਇਆ ਹੋਇਆ ਹੈ । ਪਰ ਉਹ ਕ੍ਰਿਪਾਲੂ ਆਪ ਤਾਂ ਨਾ ਆਉਂਦਾ ਹੈ ਨਾ ਜਾਂਦਾ ਹੈ । ਜੀਵਾਂ ਦੇ ਅੰਦਰ ਉਸ ਦੀ ਜੁਗਤ (ਹੁੱਕਮ)ਹੀ ਸਮਾਈ ਹੋਈ ਹੈ । ਆਪ ਉਹ, ਆਪਣੀ ਸਾਰੀ ਸਿਰਜਨਾ-ਪਰਜਾ- ਦਾ ਰਾਜਾ ਇਸ

---

1. ਸੁੰਨਹੁ ਚੰਦੁ ਸੂਰਜੁ ਗੈਣਾਰੇ । ਤਿਸ ਕੀ ਜੋਤਿ ਤ੍ਰਿਭਵਣ ਸਾਰੇ ।
ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ । 5 ।
ਸੁੰਨਹੁ ਧਰਤਿ ਅਕਾਸੁ ਉਪਾਏ , ਬਿਨੁ ਥੰਮਾ ਰਾਖੇ ਸਚੁ ਕਲ ਪਾਏ ।
ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ । 6 ।
ਸੁੰਨਹੁ ਖਾਣੀ ਸੁੰਨਹੁ ਬਾਣੀ, ਸੁੰਨਹੁ ਉਪਜੀ ਸੁੰਨਿ ਸਮਾਣੀ ।
ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ । 7 ।
ਸੁੰਨਹੁ ਰਾਤਿ ਦਿਨਸੁ ਦੁਇ ਕੀਏ । ਓਪਤਿ ਖਪਤਿ ਸੁਖਾ ਦੁਖ ਦੀਏ ।
ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜਘਰੁ ਪਾਇਦਾ ।
ਸਾਮ ਵੇਦੁ ਰਗੁ ਜੁਜਰੁ ਅਥਰਬਣੁ । ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ।
ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ । 9 ।
ਸੁੰਨਹੁ ਸਪਤ ਪਾਤਾਲ ਉਪਾਏ । ਸੁੰਨਹੁ ਭਵਣ ਰਖੇ ਲਿਵ ਲਾਏ ।
ਆਪੇ ਕਾਰਣੁ ਕੀਆ ਅਪਰੰਪਰਿ ਸਭੁ ਤੇਰੋ ਕੀਆ ਕਮਾਇਦਾ । 10 ।
ਰਜ ਤਮ ਸਤ ਕਲ ਤੇਰੀ ਛਾਇਆ । ਜਨਮ ਮਰਣ ਹਉਮੈ ਦੁਖੁ ਪਾਇਆ ।
ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ । 11 ।
ਸੁੰਨਹੁ ਉਪਜੇ ਦਸ ਅਵਤਾਰਾ । ਸ੍ਰਿਸਟਿ ਉਪਾਇ ਕੀਆ ਪਾਸਾਰਾ ।
ਦੇਵ ਦਾਨਵ ਗਣ ਗੰਧਰਬ ਸਾਜੇ ਸਭਿ ਲਿਖਿਆ ਕਰਮ ਕਮਾਇਦਾ । 12 ।

---

ਪੰਚ ਤਤੁ ਸੁੰਨਹੁ ਪਰਗਾਸਾ । ਦੇਹ ਸੰਜੋਗੀ ਕਰਮ ਅਭਿਆਸਾ ।
ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ । 14 ।
ਉਤਮ ਸਤਿਗੁਰ ਪੁਰਖ ਨਿਰਾਲੇ । ਸਬਦਿ ਰਤੇ ਹਰਿ ਰਸਿ ਮਤਵਾਲੇ ।
ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ । 15 ।

(ਮਾਰੂ ਸੋਹਲੇ-17, ਪੰਨਾ-1038.)

ਪਰਜਾ ਤੋਂ ਅਲੱਗ ਰਹਿੰਦਾ ਹੈ ।[1] ਉਹ, ਜਗਤ ਦਾ ਜੀਵਨ ਹੈ, ਅੰਤਰਜਾਮੀ ਹੈ, ਸਾਰੇ ਜੀਵਾਂ ਦਾ ਮਾਲਕ ਹੈ ।[2] ਉਸ ਨੇ ਤਿੰਨ ਗੁਣ ਵਰਤਾ ਕੇ ਚੌਥੇ ਵਿੱਚ ਆਪਣਾ ਵਾਸਾ ਕਰ ਲਿਆ ਹੈ ।[3] ਉਹ ਇਕ ਨਿਰਮਲ ਜੋਤ ਹੈ ਜੋ ਕਿ ਨਿਰੰਤਰ ਹੈ ।[4]

ਉਹ "ਅਲੇਖ ਪੁਰਖ" ਹੈ ਜੋ ਵਿਸ਼ਵ ਵਿੱਚ ਵਿਆਪਕ ਸੱਚਾ ਹੁੱਕਮ ਚਲਾਉਂਦਾ ਹੈ ।[5] ਉਹ "ਸਰਬ ਨਿਰੰਜਨ ਪੁਰਖੁ ਸੁਜਾਨਾ" ਹੈ ਜੋ ਕਿ ਹਰ ਇਕ ਦੇ ਕੰਮਾਂ ਦਾ ਨਿਆਂ ਕਰਦਾ ਹੈ । ਉਹ ਗੁਰੂ ਦੇ ਗਿਆਨ ਵਿਚ ਸਮਾਇਆ ਹੋਇਆ ਹੈ ।[6] ਉਹ ਕਿਰਪਾ ਕਰੇ ਤਾਂ ਕਾਮ ਕਰੋਧ, ਨੂੰ ਮਾਰ ਦਿੰਦਾ ਹੈ ਅਤੇ ਹਉਮੈ ਤੇ ਲੋਭ ਨੂੰ ਖਤਮ ਕਰ ਦੇਂਦਾ ਹੈ । ਉਹ ਸੱਚੇ ਅਸਥਾਨ ਤੇ ਵੱਸ ਰਿਹਾ ਹੈ ।[7]

ਉਹ ਦੁੱਖਾਂ ਅਤੇ ਡਰਾਂ ਨੂੰ ਖਤਮ ਕਰਨ ਵਾਲਾ ਹੈ । ਰੋਗ ਅਤੇ ਜਮ ਦੀ ਫਾਂਸੀ ਨੂੰ ਕੱਟਣ ਵਾਲਾ ਹੈ ।[8] ਉਹ "ਆਪੇ ਸਾਹੁ ਆਪੇ ਵਣਜਾਰਾ, ਆਪੇ ਪਰਖੇ ਪਰਖਣਹਾਰਾ, ਆਪੇ ਕਸਿ ਕਸਵਟੀ ਲਾਏ, ਆਪੇ ਕੀਮਤਿ ਪਾਇਦਾ"[9] ਹੈ । ਆਪਿ ਦਇਆਲਿ ਦਇਆ ਪ੍ਰਭਿ ਧਾਰੀ, ਘਟਿ ਘਟਿ ਰਵਿ ਰਹਿਆ ਬਨਵਾਰੀ, ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ" ਹੈ । ਉਹ ਦਾਨਾ ਹੈ, ਬੀਨਾ ਹੈ, ਗਰਬ ਨੂੰ ਗੁਆਉਣ ਵਾਲਾ ਹੈ, ਦਵੈਤ ਖਤਮ ਕਰਕੇ ਵੀ ਆਤਮਾ ਪਰਮਾਤਮਾ ਦੀ ਏਕਤਾ ਦਰਸਾਣ ਵਾਲਾ ਹੈ, ਆਸ-ਅੰਦੇਸ਼ ਉਸੇ ਦੇ ਰੂਪ ਹਨ ਪਰ ਉਹ ਇਨ੍ਹਾਂ ਤੋਂ

---

1. ਜਹ ਦੇਖਾ ਤਹ ਦੀਨ ਦਇਆਲਾ, ਆਇ ਨ ਜਾਈ ਪ੍ਰਭੁ ਕਿਰਪਾਲਾ ।
   ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ । (ਮਾਰੂ ਸੋਹਲੇ-18, ਪੰਨਾ-1038.)
2. ਨਿਰਮਲ ਜੋਤਿ ਸਰਬ ਜਗਜੀਵਨ ਗੁਰਿ ਅਨਹਦ ਸਬਦਿ ਦਿਖਾਇਆ---
   ਤੂ ਅੰਤਰ ਜਾਮੀ ਜੀਅ ਸਭਿ ਤੇਰੇ । ਤੂ ਦਾਤਾ ਹਮ ਸੇਵਕ ਤੇਰੇ। (ਮਾਰੂ ਸੋਹਲੇ-18, ਪੰਨਾ-1038-39
3. ਤ੍ਰੈ ਵਰਤਾਇ ਚਉਥੈ ਘਰਿ ਵਾਸਾ । (ਮਾਰੂ ਸੋਹਲੇ-18, ਪੰਨਾ-1038)
4. ਨਿਰਮਲ ਜੋਤਿ ਨਿਰੰਤਰਿ ਜਾਤੀ । (ਮਾਰੂ ਸੋਹਲੇ-18, ਪੰਨਾ-1039)
5. **ਪੁਰਖੁ** ਅਲੇਖੁ ਸਚੇ ਦੀਵਾਨਾ, ਹੁਕਮਿ ਚਲਾਏ ਸਚੁ ਨੀਸਾਨਾ" (ਮਾਰੂ ਸੋਹਲੇ-19, ਪੰਨਾ-1039)
6. ਸਰਬ ਨਿਰੰਜਨ ਪੁਰਖੁ ਸੁਜਾਨਾ, ਅਦਲੁ ਕਰੇ ਗੁਰ ਗਿਆਨ ਸਮਾਨਾ (ਮਾਰੂ ਸੋਹਲੇ-19, ਪੰਨਾ-1040)
7. ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ । ਸਾਚੇ ਥਾਨ ਵਸੈ ਨਿਰੰਕਾਰ ।
   (ਮਾਰੂ ਸੋਹਲੇ-19, ਪੰਨਾ-1040)
8. ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ, ਰੋਗ ਕਟੇ ਕਾਟੀ ਜਮ ਫਾਸੀ । (ਮਾਰੂ ਸੋਹਲੇ-19, ਪੰਨਾ-1040)
9. ਮਾਰੂ ਸੋਹਲੇ-19, ਪੰਨਾ-1040.)

ਨਿਰਲੇਪ ਹੈ ।[1]

ਉਹ ਅਪਾਰ ਕੁਦਰਤ ਨੂੰ ਕਰਨਹਾਰ ਹੈ, ਜੋ ਕੁੱਝ ਉਹ ਕਰਦਾ ਹੈ ਉਸਦੇ ਵਿਰੁਧ ਕਿਸੇ ਦਾ ਕੋਈ ਚਾਰਾ ਨਹੀਂ ਚਲਦਾ । ਉਹ ਜੀਵ ਪੈਦਾ ਕਰਕੇ ਆਪ ਹੀ ਸਾਰਿਆਂ ਨੂੰ ਰਿਜ਼ਕ ਦੇਂਦਾ ਹੈ ਅਤੇ ਆਪਣੇ ਹੁੱਕਮ ਅਨੁਸਾਰ ਚਲਾਉਂਦਾ ਹੈ । ਉਹ **ਭਰਪੂਰ** ਹਰ ਜਗਾ ਹੁੱਕਮ ਚਲਾ ਰਿਹਾ ਹੈ , ਨੇੜੇ ਵੀ ਅਤੇ ਦੂਰ ਵੀ, ਘੱਟ ਘੱਟ ਵਿੱਚ ਗੁਪਤ ਵੀ ਅਤੇ ਪ੍ਰਗਟ ਵੀ ਬ੍ਰਹਮ ਆਪ ਹੀ ਸਮਾਇਆ ਹੋਇਆ ਹੈ ।[2]

ਜਿਸ ਨੂੰ ਉਹ ਮਿਲ ਜਾਂਦਾ ਹੈ ਉਸਦੀ ਸੁਰਤ ਉਸੇ ਵਿੱਚ ਸਮਾ ਜਾਂਦੀ ਹੈ ।[3] ਉਹ "ਨਿਹਚਲ ਚਤੁਰ ਸੁਜਾਣ ਬਿਧਾਤਾ" ਹੈ ।[4] ਉਹ ਜੀਵਾਂ ਦੇ ਤਨਾਂ ਮਨਾਂ ਵਿਚ ਰਵ ਰਿਹਾ ਹੈ । ਅੰਡਜ ਜੇਰਜ ਸੇਤਜ ਉਤਭੁਜ ਸਭ ਵਿਚ **ਉਸਦੀ** ਜੋਤ ਸਮਾਈ ਹੋਈ ਹੈ ।[5] ਉਹ ਜੁੱਗਾਂ ਜੁੱਗਾਂ ਵਿਚ ਇਕੋ ਰਹਿੰਦਾ ਹੈ ।[6] ਉਸ ਨੂੰ ਜੀਵਾਂ ਦੇ ਸਾਰੇ ਕਾਰਜ ਸਾਰਨ ਦੀਆਂ ਸਭ ਵਿੱਧੀਆਂ ਆਉਂਦੀਆਂ ਹਨ ।[7] ਉਹ ਸਾਰਿਆਂ ਦੇ ਦਿਲਾਂ ਅੰਦਰ ਹੈ ।[8] ਉਸ ਤੋਂ ਬਿਨਾਂ ਜੀਵ ਦਾ ਹੋਰ ਕੋਈ ਸੱਚਾ ਮਿਤ੍ਰ ਜਾਂ ਕੋਈ ਹੋਰ ਆਪਣਾ ਨਹੀਂ ।[9] ਉਸ ਤੋਂ ਬਾਹਰ ਕੁੱਝ ਨਹੀਂ , ਉਹੋ ਸਭ ਕੁੱਝ ਕਰਦਾ ਅਤੇ ਜਾਣਦਾ ਹੈ । ਜੋ ਕੁੱਝ ਵੀ ਹੋ ਰਿਹਾ ਹੈ ਸਭ ਉਸੇ ਦੀ ਰਜ਼ਾ ਵਿਚ ਹੋ ਰਿਹਾ ਹੈ ।[10] ਉਹ ਗੁਣੀ ਨਿਧਾਨ ਹੈ, ਨਵਨਿਧ

---

1. ਪ੍ਰਭੁ ਦਾਨਾ ਬੀਨਾ ਗਰਬੁ ਗਵਾਏ, ਦੂਜਾ ਮੇਟੈ ਏਕੁ ਦਿਖਾਏ ।
ਆਸਾ ਮਾਹਿ ਨਿਰਾਲਮੁ ਜੋਨੀ ਅਕਲੁ ਨਿਰੰਜਨੁ ਗਾਇਆ । (ਮਾਰੂ ਸੋਹਲੇ-19, ਪੰਨਾ-1040)
2. ਕੁਦਰਤਿ ਕਰਨੈਹਾਰ ਅਪਾਰਾ, ਕੀਤੇ ਕਾ ਨਾਹੀ ਕਿਹੁ ਚਾਰਾ ।
ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ ।
ਹੁਕਮੁ ਚਲਾਇ ਰਹਿਆ ਭਰਪੂਰੇ । ਕਿਸੁ ਨੇੜੈ ਕਿਸੁ ਆਖਾ ਦੂਰੇ ।
ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ । (ਮਾਰੂ ਸੋਹਲੇ-22, ਪੰਨਾ-1042)
3. ਜਿਸ ਕਉ ਮੇਲੇ ਸੁਰਤਿ ਸਮਾਏ -- (ਮਾਰੂ ਸੋਹਲੇ-22, ਪੰਨਾ-1042)
4. ਨਿਹਚਲ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ । (ਤੁਖਾਰੀ ਬਾਰਾਂ ਮਾਹ-13, 1109)
5. ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ।
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ । (ਤੁਖਾਰੀ ਬਾਰਾਂ ਮਾਹ-14, 1109 )
6. ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ । (ਤੁਖਾਰੀ ਬਾਰਾਂ ਮਾਹ-15, ਪੰਨਾ-1109 )
7. ਪ੍ਰਭੁ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ। (ਰਾਗ ਤੁਖਾਰੀ ਬਾਰਾਂ ਮਾਹ-17, 1109
8. ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ । (ਰਾਗ ਤੁਖਾਰੀ ਛੰਤ-3, ਪੰਨਾ-1110 )
9. ਨ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ। (ਬਾਰਾਂ ਮਾਹ ਤੁਖਾਰੀ-3, 1107 )
10. ਕਿਆ ਕਹੀਐ ਕਿਛੁ ਕਹੀ ਨ ਜਾਇ , ਜੋ ਕਿਛੁ ਅਹੈ ਸਭ ਤੇਰੀ ਰਜਾਇ" (ਭੈਰਉ ਪਦੇ-1, ਪੰਨਾ-1125)

ਹੈ।[1] ਉਹ "ਘਟ ਘਟ ਅੰਤਰ ਸਰਬ ਨਿਰੰਤਰਿ ਰਵਿ ਰਹਿਆ ਸਚੁ ਸੋਇ" ਹੈ।[2]

ਉਸ ਦੀ ਮੂਰਤ ਇਕ ਹੈ ਪਰ ਰੂਪ ਅਨੇਕ ਹਨ। ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਸੱਠ ਸਬੰਧ, ਸਾਰੇ ਤੀਰਥ ਉਸਦੇ ਹਨ। ਉਸਦਾ ਨਾਮ ਸੱਚਾ ਹੈ। ਉਸ ਦੀ "ਗਤਿ ਅਵਿਗਤਿ" ਨੂੰ ਜਾਣਿਆ ਨਹੀਂ ਜਾ ਸਕਦਾ।[3]

ਉਹ ਆਪ ਹੀ ਭੌਰਾ ਹੈ ਤੇ ਆਪ ਹੀ ਫੁੱਲ ਅਤੇ ਫੁੱਲਾਂ ਦੀ ਵੇਲ ਹੈ। ਆਪ ਹੀ ਸੰਗਤ ਹੈ ਅਤੇ ਆਪ ਹੀ ਸਤਸੰਗੀਆਂ ਨੂੰ ਇੱਕਠਾ ਕਰਨ ਵਾਲਾ ਹੈ। ਆਪ ਹੀ ਹਰੇ ਭਰੇ ਫੁੱਲਾਂ ਵਾਲਾ ਬਨਸਪਤਿ ਅਤੇ ਆਪ ਹੀ ਇਨਾਂ ਦੀ ਸੁਗੰਧੀ ਲੈਣ ਵਾਲਾ ਹੈ। ਆਪ ਹੀ ਮਾਇਆ ਹੈ, ਆਪ ਹੀ ਮਾਇਆ ਪਤੀ ਹੈ। ਆਪ ਹੀ ਸ਼ਬਦ (ਹੁੱਕਮ) ਰਾਂਹੀ ਸ਼੍ਰਿਸ਼ਟੀ ਰੱਚਦਾ ਹੈ ਆਪ ਹੀ ਉਸਨੂੰ ਫਿਰ ਮਾਣਦਾ ਹੈ। ਆਪ ਹੀ "ਬਛਰਾ" ਹੈ, ਆਪ ਹੀ ਗਊ ਹੈ ਆਪ ਹੀ ਦੁੱਧ ਹੈ। (ਭਾਵ ਲੈਣ ਵਾਲਾ ਵੀ, ਦੇਣ ਵਾਲਾ ਵੀ ਅਤੇ ਦਾਤ ਵੀ ਬ੍ਰਹਮ ਹੀ ਹੈ।) ਆਪ ਹੀ ਸਰੀਰ ਰੂਪ ਮੰਦਰ ਹੈ, ਆਪ ਹੀ ਇਸ ਦਾ ਥੰਮ (ਜਿੰਦ) ਹੈ। ਆਪ ਹੀ ਕਾਰਜ ਹੈ ਆਪ ਹੀ ਕਰਨਹਾਰ ਹੈ। ਆਪ ਹੀ ਗੁਰੂ ਹੈ, ਆਪ ਹੀ ਗੁਰੂ ਸ਼ਬਦ ਦੀ ਵਿਚਾਰ ਕਰਨ ਵਾਲਾ ਹੈ। ਆਪ ਹੀ ਰਚਨਾ ਦਾ ਕਰਨਹਾਰ ਹੈ ਤੇ ਫਿਰ ਆਪ ਹੀ ਇਸ ਨੂੰ ਸੰਭਾਲਣ ਵਾਲਾ ਹੈ। ਉਹ ਹੀ ਅਸੰਖਾਂ ਜੀਵਾਂ ਦੀ ਜੋਤ ਦਾ ਆਸਰਾ ਹੈ। ਉਹ ਗੁਣਾਂ ਦਾ ਗਹਿਰਾ ਸਾਗਰ ਹੈ, ਸਰੋਵਰ ਹੈ। ਕੁਲ ਰਹਿਤ, ਮਾਇਕ ਹਾਲਤਾਂ ਤੋਂ ਉਪੱਰ ਹੀਰਾ ਹੈ। ਆਪ ਹੀ ਕਰਤਾ ਹੈ ਆਪ ਹੀ ਕਿਰਤ ਹੈ। ਉਹ ਰਾਜਾ ਹੈ, ਅਤੇ ਆਪਣੀ ਪਰਜਾ ਨੂੰ ਸੁੱਖੀ ਰੱਖਦਾ ਹੈ।[4]

---

1. ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ। (ਸਾਰੰਗ ਅਸਟਪਦੀ-2, ਪੰਨਾ-1233)
2. ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਸੋਈ। (ਭੈਰਉ ਪਦੇ-6, ਪੰਨਾ-1127.)
3. ਤੇਰੀ ਮੂਰਤਿ ਏਕਾ ਬਹੁਤੁ ਰੂਪ---ਤੇਰਾ ਅੰਤ ਨ ਪਾਇਆ ਕਹਾ ਪਾਇ।
   --ਤੇਰੇ ਸਠਿ ਸਬੰਧ ਸਭਿ ਤੀਰਥਾ, ਤੇਰਾ ਸਚੁ ਨਾਮੁ ਪਰਮੇਸਰਾ।
   ਤੇਰੀ ਗਤਿ ਅਵਿਗਤਿ ਨਹੀ ਜਾਣੀਐ। (ਬਸੰਤ ਚਉਪਦੇ-2, ਪੰਨਾ-1168)
4. ਆਪੇ ਭਵਰਾ ਫੂਲ ਬੇਲਿ, ਆਪੇ ਸੰਗਤਿ ਮੀਤ ਮੇਲਿ।
   ਐਸੀ ਭਵਰਾ ਬਾਸੁ ਲੇ, ਤਰਵਰ ਫੂਲੇ ਬਨ ਹਰੇ।
   ਆਪੇ ਕਵਲਾ ਕੰਤੁ ਆਪਿ, ਆਪੇ ਰਾਵੇ ਸਬਦਿ ਥਾਪਿ। 2।
   ਆਪੇ ਬਛਰੂ ਗਊ ਖੀਰੁ। ਆਪੇ ਮੰਦਰੁ ਥੰਮ੍ਹ ਸਰੀਰੁ। 3।
   ਆਪੇ ਕਰਣੀ ਕਰਣਹਾਰੁ, ਆਪੇ ਗੁਰਮੁਖਿ ਕਰਿ ਬੀਚਾਰੁ। 4।
   ਤੂ ਕਰਿ ਕਰਿ ਦੇਖਹਿ ਕਰਣਹਾਰੁ। ਜੋਤਿ ਜੀਅ ਅਸੰਖ ਦੇਇ ਅਧਾਰੁ।

---------

ਉਹ ਮਿਹਰ ਕਰਨਵਾਲਾ ਹੈ । ਆਪਣੇ ਭਗਤਾਂ ਦੀ ਰਾਖਸ਼ਾਂ ਤੋਂ ਰਖਿਆ ਕਰਨਵਾਲਾ ਹੈ ।[1] ਉਸ ਨੇ ਨੌ ਖੰਡ, ਸਤ ਦੀਪ, ਚੋਦਾ ਭਵਨ, ਤਿੰਨ ਲੋਕ, ਚਾਰ ਜੁਗ ਬਣਾ ਕੇ ਚਾਰ ਖਾਣੀਆਂ ਦੁਆਰਾ ਇਕ ਵੱਡੀ ਹਵੇਲੀ ਬਣਾ ਦਿੱਤੀ ਹੈ ਅਤੇ ਚਾਰੇ ਵੇਦ ਰੂਪ ਦੀਵੇ ਚਹੁ ਜੁਗਾਂ ਨੂੰ ਆਪਣੀ ਆਪਣੀ ਵਾਰੀ ਅਨੁਸਾਰ ਦਿੱਤੇ ਹਨ । ਹਰ ਸਰੀਰ ਵਿਚ ਜੋਤ ਹੈ-- ਇਸ ਜੋਤ ਦੀ ਅੱਗ ਪਰਮਾਤਮਾ ਦਾ ਲਸ਼ਕਰ ਬਣਾਉਂਦੀ ਹੈ ਤੇ ਧਰਮ ਇਸ ਲਸ਼ਕਰ ਦੀ ਸਰਦਾਰੀ ਕਰਦਾ ਹੈ । ਧਰਤੀ ਉਸਦੀ ਦੇਗ ਹੈ ਜਿਸ ਵਿਚੋਂ ਇਕੋ ਵਾਰੀ ਸਭ ਕੁੱਝ ਮਿਲ ਜਾਂਦਾ ਹੈ। ਉਸਦਾ ਬਣਾਇਆ ਭਾਗ ( ਕਿਸਮਤ ) ਭੰਡਾਰ ਨੂੰ ਵੰਡਣ ਵਾਲਾ ਹੈ ।[2]

ਉਹ ਸਭ ਦਾ ਪ੍ਰੀਤਮ ਹੈ ਪ੍ਰਾਨ ਹੈ ਉਸ ਦਾ ਰੂਪ ਮਨ ਨੂੰ ਮੋਹ ਲੈਣ ਵਾਲਾ ਹੈ ।[3] ਭਰਮ ਤੇ ਡਰ ਨੂੰ ਖਤਮ ਕਰਨ ਵਾਲਾ ਹੈ ।[4] ਮਾਲਕਾਂ ਨੂੰ ਕਾਬੂ ਕਰਨ ਵਾਲਾ ਮਾਲਕ ਹੈ ।[5] ਆਪੇ ਹੀ ਜੋੜਨ ਵਿਛੋੜਨ ਵਾਲਾ ਹੈ ।[6] ਉਹ ਆਪ ਹੀ ਆਪਣੇ ਆਪ ਨੂੰ ਆਪਣੇ ਭਗਤਾਂ ਦੇ ਦਿਲਾਂ ਵਿਚ ਤੋਲਦਾ ਹੈ ਤੇ ਫਿਰ ਉਨਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ।[7] ਉਹ ਆਪ ਹੀ ਜੀਵਾਂ ਕੋਲੋਂ ਕਰਮ ਕਰਾਉਂਦਾ ਹੈ, ਫਿਰ ਆਪ ਹੀ ਉਨਾਂ ਕੋਲੋਂ ਲੇਖਾ ਮੰਗਦਾ ਹੈ ।[8] ਜੋ ਉਸ ਨੂੰ ਭਾਉਂਦਾ ਹੈ ਉਹੋ ਹੁੰਦਾ

---

1:--ਤੂ ਸਰੁ ਸਾਗਰੁ ਗੁਣ ਗਹੀਰੁ, ਤੂ ਅਕੁਲ ਨਿਰੰਜਨੁ ਪਰਮ ਹੀਰੁ ।
ਤੂ ਆਪੇ ਕਰਤਾ ਕਰਣ ਜੋਗੁ, ਨਿਹਕੇਵਲੁ ਰਾਜਨ ਸੁਖੀ ਲੋਗੁ । (ਬਸੰਤ ਅਸਟਪਦੀ -7, ਪੰਨਾ-1191)

1. ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮਾਰੀ । (ਬਸੰਤ ਅਸਟਪਦੀ -8, ਪੰਨਾ-1191 )
2. ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ।
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ।
---ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ।
ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ-- (ਬਸੰਤ ਅਸਟਪਦੀ -8, ਪੰਨਾ-1191)
3. ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ।
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ । (ਸਾਰੰਗ ਪਦਾ-1, ਪੰਨਾ-1197)
4. ਭਰਮ ਭਉ ਭੰਜਨੁ ਅਵਰੁ ਨ ਜਾਣਿਆ ਦੂਜਾ-- (ਸਾਰੰਗ ਅਸਟਪਦੀ-2, ਪੰਨਾ-1233)
5. ਤੂ ਨਾਥਾ ਨਾਥਣਹਾਰਾ । (ਮਲਾਰ ਪਦੇ-3, ਪੰਨਾ-1255)
6. ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ। (ਵਾਰ ਮਲਾਰ-7, ਪੰਨਾ-1281)
7. ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ । (ਵਾਰ ਮਲਾਰ-8, ਪੰਨਾ-1282)
8. ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ । (ਵਾਰ ਮਲਾਰ-10, ਪੰਨਾ-1282)

ਹੈ, ਮੂਰਖ ਐਵੇਂ ਹੁੱਕਮ ਚਲਾਉਣ ਦਾ ਯਤਨ ਕਰਦੇ ਹਨ । ਜੇ ਉਹ ਆਪ ਹੀ ਬੰਧਨਾਂ ਤੋਂ ਛੁਡਾਏ ਤਾਂ ਛੁਟੀਂਦਾ ਹੈ ਕਿਉਂਕਿ ਉਹ ਆਪ ਹੀ ਬਖਸ਼ਿਸ਼ ਕਰਨ ਵਾਲਾ ਹੈ । ਆਪ[1] ਹੀ ਜੀਵਾਂ ਦੀ ਸੰਭਾਲ ਕਰਦਾ ਹੈ, ਉਨ੍ਹਾਂ ਦੀ ਪੁਕਾਰ ਸੁਣਦਾ ਹੈ ਅਤੇ ਸਭ ਨੂੰ ਆਸਰਾ ਦਿੰਦਾ ਹੈ ।

ਉਸਨੇ ਆਪ ਹੀ ਆਪਣਾ ਜਗਤ ਉਪਾਕੇ ਇਸਨੂੰ ਮੋਹ ਦੀ ਠੱਗ ਲੈਣ ਵਾਲੀ ਬੂਟੀ ਖੁਆ ਦਿੱਤੀ ਹੈ । ਜਿਸ ਕਰਕੇ ਸਿਰਜਨਾ ਬ੍ਰਹਮ ਰੂਪ ਹੁੰਦੀ ਹੋਈ ਵੀ ਆਪਣੇ ਆਪ ਨੂੰ ਨਹੀਂ ਪਛਾਣਦੀ ।[2]

ਸਤਗੁਣ ਬ੍ਰਹਮ ਸ਼ਬਦ ਰੂਪ ਵਿਚ ਸਾਰੇ ਪਾਸੇ ਰਵ ਰਿਹਾ ਹੈ ।[3] ਸਾਰੇ ਨਾਮ ਉਸੇ ਦੇ "ਨਾਮ" ਹਨ, ਸਾਰੇ ਰੂਪ ਉਸੇ ਦੇ ਰੂਪ ਹਨ।[4] ਸਥੂਲ ਦ੍ਰਿਸ਼ਟਮਾਨ ਸ੍ਰਿਸ਼ਟੀ ਦਾ ਹਰ ਪੱਖ, ਹਰ ਜੁਜ਼, ਹਰ ਕਰਮ, ਹਰ ਕਾਰਨ ਬ੍ਰਹਮ ਹੀ ਹੈ । ਪਹਿਲਾਂ ਤਾਂ ਈਸ਼ਵਰ ਆਪਣੇ ਤ੍ਰਿਰੂਪ -ਬ੍ਰਹਮਾ, ਬਿਸ਼ਨੂੰ,ਮਹੇਸ਼ ਦੇ ਰੂਪ ਵਿਚ ਸ੍ਰਿਸ਼ਟੀ ਦਾ ਅਰੰਭ ਕਰਦਾ ਹੈ, ਫਿਰ ਇਹ ਜੋ ਕੁੱਝ ਸਿਰਜਿਆ ਜਾਂਦਾ ਹੈ, ਉਹ ਵੀ ਬ੍ਰਹਮ ਹੀ ਹੈ । ਸਿਰਜਨਾ ਦਾ ਸ਼ਿਵ ਤੇ ਸ਼ਕਤਿ , ਈਸ਼ਵਰ ਅਤੇ ਮਾਇਆ ਦਾ ਹੋ ਰਿਹਾ ਖੇਲ ਵੀ ਬ੍ਰਹਮ ਹੈ । ਅਨੇਕ ਜੀਵ ਆਤਮਾਵਾਂ ਵੀ ਬ੍ਰਹਮ ਹਨ, ਇਨ੍ਹਾਂ ਅਨੇਕ ਆਤਮਾਵਾਂ ਰਾਹੀਂ ਅਨੇਕ ਪ੍ਰਕਾਰ ਦੇ ਅਨੁਭਵ ਵੀ ਬ੍ਰਹਮ ਆਪ ਹੀ ਲੈ ਰਿਹਾ ਹੈ, ਇਹ ਅਨੁਭਵ ਉਹ ਆਪਣੇ ਆਪ ਨੂੰ ਆਪ ਹੀ ਆਪਣੇ ਹੁੱਕਮ ਰਾਹੀਂ ਕਰਵਾ ਰਿਹਾ ਹੈ, ਆਪ ਹੀ ਅਚੇਤ ਅਤੇ ਸੁਚੇਤ ਰੂਪ ਵਿੱਚ ਵਿਚਰ ਰਿਹਾ ਹੈ , ਅਤੇ ਆਪ ਹੀ ਉਪਰੋਂ ਬੇਫਾਇਦਾ ਨਜ਼ਰ ਆਉਣ ਵਾਲੀਆਂ ਸਥੂਲ ਵਸਤਾਂ ਵਿੱਚ ਸਭ ਤੋਂ ਵੱਧ ਕੀਮਤੀ ਨਾਮ ਖਜ਼ਾਨਾ ਰੋਕੇ

---

1. ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ । ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ।
   ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ । (ਵਾਰ ਮਲਾਰ-10, ਪੰਨਾ-1282)
2. ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ।
   ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ। (ਵਾਰ ਮਾਝ ਸਲੋਕ- ਪੰਨਾ-140)
3. ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ--- (ਮਲਾਰ ਅਸਟਪਦੀ-4, ਪੰਨਾ-1275 )
4. ਤੇਰੀ ਮੂਰਤਿ ਏਕਾ ਬਹੁਤੁ ਰੂਪ, ਕਿਸੁ ਪੂਜ ਚੜਾਵਉ ਦੇਉ ਧੂਪ ।
   ਤੇਰਾ ਅੰਤੁ ਨ ਪਾਇਆ ਕਹਾ ਪਾਇ। ਤੇਰਾ ਦਾਸਨਿ ਦਾਸਾ ਕਹਉ ਰਾਇ । 12 ।
   ਤੇਰੇ ਸਠਿ ਸੰਬਤ ਸਭਿ ਤੀਰਥਾ । ਤੇਰਾ ਸਚੁ ਨਾਮੁ ਪਰਮੇਸਰਾ ।
   ਤੇਰੀ ਗਤਿ ਅਵਿਗਤਿ ਨਹੀ ਜਾਣੀਐ । ਅਣਜਾਣਤ ਨਾਮੁ ਵਖਾਣੀਐ ।
   ਨਾਨਕੁ ਵੇਚਾਰਾ ਕਿਆ ਕਹੈ, ਸਭ ਲੋਕੁ ਸਲਾਹੇ ਏਕਸੈ ।
   ਸਿਰੁ ਨਾਨਕ ਲੋਕਾ ਪਾਵ ਹੈ, ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ । (ਬਸੰਤ ਪਦੇ-2, ਪੰਨਾ-1168)

ਸ਼ਬਦ ਰੂਪ ਵਿੱਚ ਵਿੱਚਰ ਰਿਹਾ ਹੈ। ਭਾਵ ਸਾਰੀ ਅਨੇਕਤਾ ਵਿਚ ਏਕਤਾ ਵਿਚਰ ਰਹੀ ਹੈ ਅਤੇ ਏਕਤਾ ਵਿਚ ਅਨੇਕਤਾ ਵਿਚਰ ਰਹੀ ਹੈ। ਬ੍ਰਹਮ ਆਪ ਹੀ ਇਕ ਹੈ ਅਤੇ ਆਪ ਹੀ ਆਪਣੇ ਹੀ ਭਾਣੇ ਵਿਚ ਅਨੇਕ ਹੋ ਰਿਹਾ ਹੈ, ਅਨੇਕਤਾ ਨੂੰ ਤਰ੍ਹਾਂ ਤਰ੍ਹਾਂ ਦੇ ਅਨੁਭਵ ਕਰਾ ਰਿਹਾ ਹੈ ਅਤੇ ਅਨੁਭਵ ਕਰਨ ਵਾਲਾ ਵੀ ਆਪ ਹੀ ਹੈ। ਬ੍ਰਹਮ ਦਾ ਸਰਗੁਣ ਸਰੂਪ ਸਦੈਵ ਰਹਿਣਾ ਨਹੀਂ, ਇਸ ਸਰੂਪ ਦਾ ਵਿਨਾਸ਼ ਹੁੰਦਾ ਹੈ। ਸਦੈਵ ਰਹਿਣਾ ਸਰੂਪ ਕੇਵਲ ਨਿਰਗੁਣ ਹੀ ਹੈ। ਸਰਗੁਣ ਸਰੂਪ ਦੇ ਖਤਮ ਹੋ ਜਾਣ ਤੇ ਨਿਰਗੁਣ ਸਰੂਪ ਵਿਚ ਹੀ ਸਮਾ ਜਾਂਦਾ ਹੈ।

ਬ੍ਰਹਮ ਦਾ ਸਰਗੁਣ ਸਰੂਪ ਸਦੈਵ-ਰਹਿਣਾ ਨਾ ਹੋਣ ਦੀ ਬਜਾਏ ਕਾਲ-ਬਧ ਹੋਣ ਕਾਰਨ ਅਤੇ ਅਸਲੀਅਤ ਵਜੋਂ ਹਰ ਤਰ੍ਹਾਂ ਨਿਰਗੁਣ ਬ੍ਰਹਮ ਦੀ ਰਜ਼ਾ ਤੇ ਆਸ਼ਰਿਤ ਹੋਣ ਕਾਰਨ ਸਰਗੁਣ ਬ੍ਰਹਮ ਨੂੰ ਨਿਮਨ ਬ੍ਰਹਮ ਜਾਂ ਅਪਰ ਬ੍ਰਹਮ ਵੀ ਕਿਹਾ ਜਾਂਦਾ ਹੈ ਅਤੇ ਨਿਰਗੁਣ ਬ੍ਰਹਮ ਨੂੰ ਉੱਚਾ ਬ੍ਰਹਮ ਜਾਂ ਪਰ ਬ੍ਰਹਮ ਕਿਹਾ ਜਾਂਦਾ ਹੈ।

ਨਿਰਗੁਣ ਬ੍ਰਹਮ ਸਮੁੱਚਾ ਹੈ ਜਦ ਕਿ ਸਰਗੁਣ ਬ੍ਰਹਮ ਨਿਰਗੁਣ ਬ੍ਰਹਮ ਦਾ ਇੱਕ ਹਿੱਸਾ ਹੈ। ਇਸ ਲਈ ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਦੋ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਜਾਂਦਾ ਹੈ।

1. ਸਪਰਪਨਕ ਜਾਂ ਬ੍ਰਹਿਮੰਡਕ ਦ੍ਰਿਸ਼ਟੀਕੋਣ ਜਿਸ ਅਨੁਸਾਰ ਬ੍ਰਹਮ ਨੂੰ ਵਿਸ਼ਵ ਦਾ ਸਰਵਗੁਣੀ ਅਧਾਰ ਮੰਨਿਆ ਜਾਂਦਾ ਹੈ।

2. ਨਿਸਪਰਪਨਕ ਜਾਂ ਅਬ੍ਰਹਿਮੰਡਕ ਜਿਸ ਅਨੁਸਾਰ ਬ੍ਰਹਮ ਨੂੰ ਇਕ ਅਜਿਹੀ ਸਚਾਈ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਜਿਸ ਦਾ ਕਿ ਵਿਸ਼ਵ ਪ੍ਰਗਟਾ ਹੈ।

ਪਹਿਲੇ ਦ੍ਰਿਸ਼ਟੀਕੋਣ ਅਨੁਸਾਰ ਸਿਰਜਨਾ ਨਿਰਗੁਣ ਬ੍ਰਹਮ ਦੇ ਇੱਕ ਹਿੱਸੇ ਦਾ ਪ੍ਰਗਟਾ ਹੈ ਪਰ ਦੂਜੀ ਵਿਚਾਰਧਾਰਾ ਅਨੁਸਾਰ ਸਿਰਜਨਾ ਕੇਵਲ ਬ੍ਰਹਮ ਦੀ ਸ਼ਕਤੀ ਮਾਇਆ ਦਾ ਪਾਇਆ ਇਕ ਭੁਲੇਖਾ ਹੈ, ਅਸਲ ਵਿੱਚ ਇਹ ਹੈ ਹੀ ਨਹੀਂ ਸਗੋਂ ਬ੍ਰਹਮ ਹੀ ਬ੍ਰਹਮ ਹੈ।

ਜਿਵੇਂ ਅਸੀਂ ਦੇਖ ਆਏ ਹਾਂ ਗੁਰੂ ਨਾਨਕ ਦੇਵ ਜੀ ਦੋਨਾਂ ਵਿਚਾਰਧਾਰਾਵਾਂ ਨੂੰ ਇਕ ਕਰ ਦੇਂਦੇ ਹਨ ਉਨ੍ਹਾਂ ਅਨੁਸਾਰ ਸਰਗੁਣ ਬ੍ਰਹਮ ਨਿਰਗੁਣ ਬ੍ਰਹਮ ਦੇ ਹੀ ਇਕ ਭਾਗ ਦਾ ਪ੍ਰਗਟਾਅ ਹੈ ਅਤੇ ਇਹ ਪ੍ਰਗਟਾ ਉਸ ਦੀ ਆਪਣੇ ਹੀ ਆਪ ਵਿਚੋਂ ਪੈਦਾ ਕੀਤੀ ਭਰਮ ਭੁਲਾਣੀ ਸ਼ਕਤੀ ਮਾਇਆ ਕਰਕੇ ਹੈ ਪਰ ਭਰਮ ਵੀ ਆਖਰ ਕਾਰ ਬ੍ਰਹਮ ਦਾ ਹੀ ਰੂਪ ਹੈ ਅਤੇ ਭਰਮ ਵਿੱਚ ਆਈ ਜੀਵ ਸਿਰਜਨਾ ਵੀ ਅਸਲ ਵਿੱਚ ਬ੍ਰਹਮ ਹੀ ਹੈ। ਬ੍ਰਹਮ "੧" ਹੈ ਜੋ ਸਰਗੁਣ ਸਰੂਪ ਵਿੱਚ ਅਨੇਕ ਰੂਪ ਧਾਰ ਲੈਂਦਾ ਹੈ ਪਰ ਇਸ ਅਨੇਕਤਾ ਵਿੱਚ ਵੀ ਏਕਤਾ ਹਮੇਸ਼ਾਂ ਕਾਇਮ ਰਹਿੰਦੀ ਹੈ ਅਤੇ ਬ੍ਰਹਮ ਦੀ ਰਜ਼ਾ ਨਾਲ ਹੀ ਇਹ ਅਨੇਕਤਾ

ਏਕਤਾ ਵਲ ਪਰਵਾਜ਼ ਕਰਦੀ ਰਹਿੰਦੀ ਹੈ, ਏਕਤਾ ਵਿੱਚ ਸਮਾਂਦੀ ਰਹਿੰਦੀ ਹੈ ਅਤੇ ਆਪਣੇ ਅੰਤ ਤੇ ਵੀ ਇਸ ਏਕਤਾ ਵਿਚ ਹੀ ਸਮਾ ਜਾਏਗੀ । ਸੋ ਸਾਰੀ ਵਿਚਾਰ "੧ ਓ" ਤੇ ਆਕੇ ਖਤਮ ਹੋ ਜਾਂਦੀ ਹੈ । ਭਾਵ ਬ੍ਰਹਮ ਇੱਕ-ਅਨੇਕ-ਇਕ ਹੈ, ਅਭੇਦ-ਭੇਦ-ਅਭੇਦ ਹੈ, ਅਦਵੈਤ-ਦਵੈਤ-ਅਦਵੈਤ ਹੈ । "੧" ਉਸ ਦਾ ਸਰੂਪ ਹੈ ਅਤੇ ਓ ਉਸ ਦਾ ਖੇਲ ਹੈ । ਆਪਣੇ ਆਪ ਨੂੰ ਆਪਣੇ ਆਪੇ ਵਿੱਚ ਹੀ ਉਪਾ ਉਪਾ ਕੇ ਆਪ ਹੀ ਖੁਸ਼ ਹੋਣਾ ਬ੍ਰਹਮ ਦਾ ਸੁਭਾ ਹੈ, ਨਿਰਗੁਣ ਸਰੂਪ ਵਿੱਚ ਵੀ ਅਤੇ ਸਰਗੁਣ ਸਰੂਪ ਵਿੱਚ ਵੀ । ਫਰਕ ਸਿਰਫ ਇੰਨਾਂ ਹੈ ਕਿ ਨਿਰਗੁਣ "੧" ਸੰਗਠਿਤ ਸਰੂਪ ਹੈ ਜਦ ਕਿ "ਓ" ਸਰਗੁਣ ਸਰੂਪ ਵਿੱਚ ਮਾਇਆ ਦਾ ਪਰਦਾ ਹੈ ਕੂੜ ਦੀ ਪਾਲ ਹੈ ਜਿਹੜੀ ਉਸ ਨੇ ਆਪ ਹੀ ਆਪਣੇ ਵਿਚੋਂ ਹੀ ਪੈਦਾ ਕੀਤੀ ਹੈ । ਉਸ ਦੇ ਹੁੱਕਮ ਨਾਲ ਹੀ ਇਹ ਪਰਦਾ ਜਾਂ ਪਾਲ ਕਾਇਮ ਰਹਿੰਦੀ ਹੈ ਅਤੇ ਹੁੱਕਮ ਰਜ਼ਾ ਨਾਲ ਕਿਰਪਾ ਦ੍ਰਿਸ਼ਟੀ ਨਾਲ ਹੀ ਇਹ ਦੂਰ ਹੋ ਜਾਂਦੀ ਹੈ ।

ਗੁਰੂ ਸਾਹਿਬ ਦੇ ਅਦਵੈਤ ਅਤੇ ਸੰਕਰਾਚਾਰੀਆ ਦੇ ਅਦਵੈਤ ਵਿੱਚ ਵੱਡਾ ਫਰਕ ਇਹ ਹੈ ਕਿ ਸੰਕਰਾਚਾਰੀਆ ਅਨੁਸਾਰ ਜਿਥੇ ਮਾਇਆ ਦੇ ਪਰਦੇ ਦੇ ਹੱਟਦਿਆਂ ਹੀ ਆਤਮਾ ਪਰਮਾਤਮਾ ਦਾ ਭੇਦ ਮੁੱਕ ਜਾਂਦਾ ਹੈ, ਸੱਭ ਕੁੱਝ ਬ੍ਰਹਮ ਹੀ ਬ੍ਰਹਮ ਹੋ ਜਾਂਦਾ ਹੈ, ਉਥੇ ਗੁਰੂ ਸਾਹਿਬ ਅਨੁਸਾਰ ਆਤਮਾ ਪਰਮਾਤਮਾ ਵਿੱਚ ਅਭੇਦ ਹੋ ਜਾਂਦੀ ਹੈ ਤੇ ਪਰਮਾਤਮਾ ਆਤਮਾ ਵਿੱਚ ਅਭੇਦ ਹੋ ਜਾਂਦਾ ਹੈ, ਬੂੰਦ ਸਾਗਰ ਵਿੱਚ ਅਭੇਦ ਹੈ ਅਤੇ ਸਾਗਰ ਬੂੰਦ ਵਿੱਚ ਅਭੇਦ ਹੈ ।

ਸੰਕਰਾਚਾਰੀਆ ਅਨੁਸਾਰ "ਬੂੰਦ" ਹੈ ਹੀ ਨਹੀਂ, ਸਭ ਸਾਗਰ ਹੀ ਸਾਗਰ ਹੈ । ਇਹ ਠੀਕ ਹੈ ਕਿ ਅਭੇਦਤਾ ਤਾਂ ਆਖਰ ਅਭੇਦਤਾ ਹੀ ਹੈ । ਭਾਵੇਂ ਕਿਸੇ ਰੂਪ ਵਿਚ ਹੋਵੇ ਪਰ ਬੂੰਦ ਦੇ ਸਾਗਰ ਅਤੇ ਸਾਗਰ ਦੇ ਬੂੰਦ ਵਿਚ ਸਮਾਏ ਹੋਣ ਦਾ ਵਿਚਾਰ ਸਰਗੁਣ ਦੀ ਯਥਾਰਥਿਕਤਾ ਨੂੰ ਬਿਆਨ ਕਰਦਾ ਹੈ ਅਤੇ "ਓ" ਦੀ ਸਮੱਰਥਾ ਨੂੰ ਸਾਹਮਣੇ ਰੱਖਦਾ ਹੋਇਆ ਨਿਰਗੁਣ ਦੀ ਸਰਗੁਣ ਖੰਡਤਾ ਦੀ ਵੀ ਮਹਾਨਤਾ ਦਰਸਾਉਂਦਾ ਹੈ ਜਦ ਕਿ ਸੰਕਰਾਚਾਰੀਆ ਅਨੁਸਾਰ "ਬੂੰਦ" ਦੀ ਹੋਂਦ ਕੇਵਲ ਭੁਲਾਵੇ ਮਾਤਰ ਹੈ । ਗੁਰੂ ਨਾਨਕ ਦੇਵ ਜੀ ਬੂੰਦ ਦੀ "ਹੋਂਦ" ਨੂੰ ਸਤ ਰੂਪ ਵਿੱਚ ਮੰਨਦੇ ਹਨ । ਭਾਵੇਂ ਅਸਲੀਅਤ ਵਜੋਂ ਬੂੰਦ ਸਾਗਰ ਵਿੱਚ ਤੇ ਸਾਗਰ ਬੂੰਦ ਵਿੱਚ ਹਮੇਸ਼ਾਂ ਅਭੇਦ ਹੈ । ਇਸੇ ਤਰਾਂ ਉਪਨਿਸ਼ਦਾਂ ਵਿੱਚ "ਬ੍ਰਹਮ-ਆਤਮਾ" ਨੂੰ ਸਨਮੁੱਖ ਰੱਖਿਆ ਗਿਆ ਹੈ । ਭਾਵੇਂ ਉਪਨਿਸ਼ਦਾਂ "੧ ਓ" ਤੱਕ ਨਹੀਂ "ਓ" ਤੱਕ ਹੀ ਸੀਮਤ ਰਹਿੰਦੀਆਂ ਹਨ ।

## ਪ੍ਰਕਰਣ ਨੌਵਾਂ

## "ਬ੍ਰਹਮ ਅਤੇ ਜੀਵ"

ਅਰਥ, ਜੀਵ ਕੀ ਹੈ ? , ਉਪਨਿਸ਼ਦਾਂ ਅਨੁਸਾਰ, ਜੈਨੀਆਂ ਅਨੁਸਾਰ, ਸਾਂਖ ਅਨੁਸਾਰ, ਨਿਆਏ ਵਿਸ਼ੇਸ਼ਕਾ ਅਨੁਸਾਰ, ਬੁੱਧ ਮੱਤ ਅਨੁਸਾਰ, ਗੁਰੂ ਸਾਹਿਬ ਅਨੁਸਾਰ , ਬ੍ਰਹਮ ਨੇ ਜੀਵ ਦੀ ਰਚਨਾ ਕਿਉਂ ਕੀਤੀ ?, ਜੀਵ ਰਚਨਾ ਕਿਵੇਂ ਕੀਤੀ ?, ਜੀਵ ਆਤਮਾ ਕੀ ਹੈ?, ਆਤਮਾ ਅਤੇ ਸਰੀਰ, ਬ੍ਰਹਮ ਅਤੇ ਜੀਵ, ਜੀਵ ਅਤੇ ਬ੍ਰਹਮ ਵਿੱਚ ਅੰਤਰ, ਜੀਵ ਆਤਮਾ ਦਾ ਨਕਸ਼ ।

***

ਪ੍ਰਕਰਣ-9.

## "ਬ੍ਰਹਮ ਅਤੇ ਜੀਵ"

### ਜੀਵ ਕੀ ਹੈ ?

"ਜੀਵ" ਸ਼ਬਦ ਦੇ ਕੋਸ਼ ਅਰਥ ਤਾਂ ਅਨੇਕ ਹਨ ।[1] ਪਰ ਬ੍ਰਹਮ ਦੇ ਸਬੰਧ ਵਿੱਚ "ਜੀਵ" ਦਾ ਅਰਥ ਹੈ ਬ੍ਰਹਮ ਦੀ ਸਰਗੁਣ ਸਰੂਪੀ "ਖੰਡਤਾ" ਜਾਂ "ਸੁਸੀਮ ਆਪਾ" ਜੋ ਕਾਰਜ ( ਮਾਇਆ ਜਾਂ ਸ਼ਕਤੀ) ਅਤੇ ਕਾਰਨ ( ਈਸ਼ਵਰ ਜਾਂ ਸ਼ਿਵ ) ਦੇ ਮੇਲ ਸਦਕਾ ਪੈਦਾ ਹੁੰਦਾ ਹੈ । ਬ੍ਰਹਮ ਸਰਗੁਣ ਸਰੂਪ ਵਿੱਚ ਆਪਣੇ ਆਪੇ ਨੂੰ ਅਨੇਕ ਆਤਮਾਵਾਂ ਦੇ ਰੂਪ ਵਿੱਚ ਨਿਆਉਂਦਾ ਹੈ । ਮਨ, ਬੁੱਧੀ ਅਤੇ ਇੰਦ੍ਰੀਆਂ ਅਤੇ ਸਰੀਰ ਨਾਲ ਸਬੰਧਤ ਆਤਮਾ "ਜੀਵ" ਹੈ ।[2] ਕਠ ਉਪਨਿਸ਼ਦ ਵਿੱਚ ਇਕ "ਰੱਬ" ਦੇ ਦ੍ਰਿਸ਼ਟਾਂਤ ਨਾਲ "ਜੀਵ" ਦੀ ਵਿਆਖਿਆ ਕੀਤੀ ਗਈ ਹੈ । ਇਸ ਅਨੁਸਾਰ ਸਰੀਰ ਇਕ ਪ੍ਰਕਾਰ ਦਾ ਰੱਬ ਹੈ, ਆਤਮਾ ਰਥਵਾਨ ਹੈ ਜੋ ਬੁੱਧੀ ਰੂਪੀ ਚਾਲਕ ਰਾਹੀਂ, ਮਨ ਰੂਪੀ ਲਗਾਮਾਂ ਨਾਲ, ਗਿਆਨ ਇੰਦ੍ਰੀਆਂ ਰੂਪੀ ਘੋੜਿਆਂ ਨੂੰ ਕਾਬੂ ਵਿੱਚ ਰੱਖਕੇ ਚਲਾਉਂਦੀ ਹੈ ।[3] ਤੈਤਰੀਯ ਉਪਨਿਸ਼ਦ ਵਿੱਚ ਜੀਵ ਦੇ ਪੰਜ ਕੋਸ਼ ਅਤੇ ਤਿੰਨ ਸਰੀਰ ਦੱਸੇ ਗਏ ਹਨ ।[4] ਉਹ ਇਸ ਪ੍ਰਕਾਰ ਹਨ:-

1. ਅੰਨਮਯ ਕੋਸ਼ ------------------------ਸਥੂਲ ਸਰੀਰ
2. ਪ੍ਰਾਣਮਯ ਕੋਸ਼ }
3. ਮਨੋਮਯ ਕੋਸ਼ } ਸੂਖਸ਼ਮ ਸਰੀਰ
4. ਵਿਗਿਆਨਮਯ ਕੋਸ਼ }
5. ਆਨੰਦਮਯ ਕੋਸ਼ ------------------ ਕਾਰਣ ਸਰੀਰ

---

1. I ਜੀਵ ਆਤਮਾ, ਪ੍ਰਾਣੀ, ਦੇਵਗੁਰੂ, ਚੰਦ੍ਰਮਾ, ਵਿਸ਼ਨੂ, ਜਲ, ਉਪਜੀਵਕਾ । (ਮਹਾਨ ਕੋਸ਼, 394)
   II ਰਹਿਣਾ, ਜੀਵਨ ਦਾ ਸਿਧਾਂਤ, ਆਖਰੀ ਸਾਰ, ਜੀਵਨ, ਆਤਮਾ, ਕਿੱਤਾ, ਇੰਦ੍ਰ ਚਕ੍ਰ ਦਾ ਤੀਜਾ ਰੰਗ, ਹੋਂਦ, ਕਾਰਣ ਤੇ ਕਾਰਜ ਦਾ ਮੇਲ।
   (ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, ਪੀ. ਕੇ. ਗੌੜ, ਸੀ ਜੀ ਕਾਰਵ)
   III ਪ੍ਰਾਣੀਆਂ ਦਾ ਚੇਤਨ ਤਤਵ, ਪ੍ਰਾਣ, ਜੀਵ ਆਤਮਾ, ਜੀਵਨ-ਤਤਵ ਗਿਆਨ, ਪ੍ਰਾਣੀ, ਜੀਵਨ ਧਾਰੀ । (ਸੰਕਸ਼ਿਪ ਹਿੰਦੀ ਸ਼ਬਦ ਸਾਗਰ )
2. S. Das Gupta . "History of Indian Philosophy." Vol. 1, Page-476.
3. Kath. Up. i. 33, 1., 34, 9, 10.
4. Tait. Up. iii, 1, 26.

ਪੰਚ ਤੱਤ ਦਾ ਬਣਿਆ ਸਰੀਰ ਬਹੁਤ ਪ੍ਰਤੱਖ ਅਤੇ ਸਥੂਲ ਰੂਪ ਵਿੱਚ ਦਿਖਾਈ ਦੇਂਦਾ ਹੈ ਅਤੇ ਅੰਨ ਆਸ਼੍ਰਿਤ ਹੈ । ਇਸ ਲਈ ਇਸ ਨੂੰ ਸਥੂਲ ਸਰੀਰ ਜਾਂ ਅੰਨਮਯ ਕੋਸ਼ ਕਿਹਾ ਕਿਹਾ ਹੈ । ਇਸ ਅੰਦਰ ਪ੍ਰਾਣ, ਮਨ, ਬੁੱਧੀ ਅਤੇ ਕਰਮ , ਤਨ ਮਾਤ੍ਰਾਂ ਸੂਖਸ਼ਮ ਚੀਜ਼ਾਂ ਹਨ ਇਸ ਲਈ ਇਹ ਪ੍ਰਾਣਮਯ ਕੋਸ਼, ਮਨੋਮਯ ਕੋਸ਼ ਅਤੇ ਵਿਗਿਆਨਮਯ ਕੋਸ਼ ਨੂੰ ਜੀਵ ਦਾ ਸੂਖਸ਼ਮ ਸਰੀਰ ਕਿਹਾ ਗਿਆ ਹੈ ਜਿਹੜਾ ਕਿ ਸਥੂਲ ਸਰੀਰ ਦੇ ਖਤਮ ਹੋਣ ਨਾਲ ਖਤਮ ਨਹੀਂ ਹੁੰਦਾ ਸਗੋਂ ਆਪਣੇ ਕਰਮਾਂ ਦੇ ਪ੍ਰਤੀਕਰਮਾਂ ਅਨੁਸਾਰ ਨਵਾਂ ਸਥੂਲ ਸਰੀਰ ਧਾਰਨ ਕਰ ਲੈਂਦਾ ਹੈ ।[1] ਇਨ੍ਹਾਂ ਸਭ ਵਸਤਾਂ ਦੀ ਹੋਂਦ ਅਤੇ ਜੀਵਨ ਚੇਤਨਾ ਦਾ ਕਾਰਨ ਆਨੰਦ ਸਰੂਪ ਆਤਮਾ ਹੈ । ਇਸ ਲਈ ਇਸ ਆਨੰਦਮਯ ਕੋਸ਼ ਨੂੰ ਕਾਰਣ ਸਰੀਰ (Casual body ) ਕਿਹਾ ਜਾਂਦਾ ਹੈ । ਜਦੋਂ ਜੀਵ ਆਪਣੇ ਸੰਕਲਪਾਂ ਵਿਕਲਪਾਂ ਉੱਤੇ ਕਾਬੂ ਪਾਕੇ ਆਪਣੀ ਸੁਰਤ ਨੂੰ ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼ ਤੋਂ ਉੱਚਾ ਉਠਾ ਕੇ ਆਪਣੀ ਆਨੰਦ ਸਰੂਪ ਆਤਮਾ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਆਪਣੇ ਕਰਮਾਂ ਦੇ ਪ੍ਰਤੀ-ਕਰਮਾਂ ਤੋਂ ਮੁਕਤੀ ਮਿਲ ਜਾਂਦੀ ਹੈ ਅਤੇ ਉਹ ਪਰਮਾਤਮਾ ਸਰੂਪ ਹੋ ਜਾਂਦਾ ਹੈ, ਆਪ ਹੀ ਈਸ਼ਵਰ ਬਣ ਜਾਂਦਾ ਹੈ ।[2] ਕਿਉਂਜੋ ਆਤਮਾ ਅਸਲ ਵਿੱਚ ਪਰਮਾਤਮਾ ਦੀ ਹੀ ਅੰਸ਼ ਹੈ ਤੇ ਪਰਮਾਤਮਾ ਵਿੱਚ ਹੀ ਅਭੇਦ ਹੈ ।

ਜੈਨੀ "ਜੀਵ" ਤੋਂ ਭਾਵ ਸਿਰਫ "ਆਤਮਾ" ਲੈਂਦੇ ਹਨ । ਇਹ ਆਤਮਾਵਾਂ ਅਨੇਕ ਹਨ ਅਤੇ ਅਨਾਦਿ ਹਨ । ਚੇਤਨਾ ਇਸ ਦਾ ਮੂਲ ਗੁਣ ਹੈ ।[3] ਇਹ ਚੇਤਨਾ ਜੀਵ ਦੇ ਸੁਭਾ ਅਤੇ ਪ੍ਰਵਿਰਤੀ ਅਨੁਸਾਰ ਘੱਟਦੀ ਵੱਧਦੀ ਰਹਿੰਦੀ ਹੈ । ਮਨੁੱਖਾਂ ਵਿੱਚ ਇਹ ਚੇਤਨਾ ਸਭ ਤੋਂ ਵੱਧ ਹੈ । ਚੇਤਨਾ ਦੇ ਹਿਸਾਬ ਨਾਲ ਜੀਵ ਪੰਜ ਪ੍ਰਕਾਰ ਦੇ ਹਨ- ਇਕ ਇੰਦ੍ਰੀ ਦੀ ਚੇਤਨਾ ਵਾਲੇ ਇਕ ਇੰਦ੍ਰੀਏ , ਦੋ ਇੰਦ੍ਰੀਆਂ ਦੀ ਚੇਤਨਾ ਵਾਲੇ ਦੋ ਇੰਦ੍ਰੀਏ, ਤਿੰਨ ਇੰਦ੍ਰੀਆਂ ਦੀ ਚੇਤਨਾ ਵਾਲੇ ਤਿੰਨ ਇੰਦ੍ਰੀਏ, ਚਾਰ ਇੰਦ੍ਰੀਆਂ ਦੀ ਚੇਤਨਾ ਵਾਲੇ ਚਾਰ ਇੰਦ੍ਰੀਏ, ਅਤੇ ਪੰਜ ਇੰਦ੍ਰੀਆਂ ਦੀ ਚੇਤਨਾ ਵਾਲੇ ਪੰਜ ਇੰਦ੍ਰੀਏ ।[4] ਮਨੁੱਖ ਸੱਭ ਤੋਂ ਉੱਤਮ ਜੀਵ ਹੈ ਕਿਉਂਜੋ ਇਸ ਦੀਆਂ ਪੰਜਾਂ ਇੰਦ੍ਰੀਆਂ ਤੋਂ ਉਪਰ "ਮਨ" ਦੀ ਛੇਵੀਂ ਸੂਖਸ਼ਮ ਇੰਦ੍ਰੀ ਵੀ ਹੈ ।

ਸਾਂਖ ਜੋ ਕਿ ਦੋ ਅਨਾਦਿ ਸ਼ਕਤੀਆਂ ਪੁਰਸ਼ ਅਤੇ ਪ੍ਰਕ੍ਰਿਤੀ ਮੰਨਦਾ ਹੈ, ਅਨੁਸਾਰ ਜੜ੍ਹ ਪਰ ਗਤੀਸ਼ੀਲ ਪ੍ਰਕ੍ਰਿਤੀ ਵਿੱਚ ਭਰਮਿਆ ਹੋਇਆ ਚੇਤਨ ਪਰ ਅਕਰਤਾ ਪੁਰਸ਼ ਜੀਵ ਹੈ । ਪੁਰਸ਼ ਅਨੇਕ ਹਨ,

---

1. Kath. Up. ii, 2-7, Chhand. Up. V., 10. 7.
2. Mund. Up. iii, 1. 3.
3. Cetana- laksana jivah."Gunaratna on Sad-darsana- Samuccaya." 47.
4. Krmi- pipilika bhramara - Manusyadinam ekaikanrddhani."

(Tattvarthadhigama Sutra. 2. 23.

ਇਸ ਲਈ ਜੀਵ ਵੀ ਅਨੇਕ ਹਨ ।[1]

ਵਾਮਮਾਰਗੀ ਚਾਰਵਕ ਆਤਮਾ ਦੀ ਹੋਂਦ ਨੂੰ ਨਹੀਂ ਮੰਨਦੇ । ਇਸ ਲਈ ਉਨ੍ਹਾਂ ਦੀ ਧਾਰਨਾ ਹੈ ਕਿ ਜੀਵ ਇਕ ਜੀਉਂਦਾ ਸਰੀਰ ਹੈ, ਜਿਸ ਵਿੱਚ ਚੇਤਨਾ ਦਾ ਗੁਣ ਹੈ । ਨਿਆਏ[2] ਅਤੇ ਵਿਸ਼ੇਸ਼ਕਾ[3] ਅਨੁਸਾਰ ਇੱਕ "ਵਿਸ਼ੇਸ਼ ਤੱਤ" ਦਾ ਨਾਮ ਜੀਵ ਹੈ । ਇਸ "ਤੱਤ" ਵਿੱਚ ਭਾਵਨਾਵਾਂ, ਜਜ਼ਬਾਤਾਂ ਅਤੇ ਖਿਆਲਾਂ ਦੇ ਗੁਣ ਹੁੰਦੇ ਹਨ ।

ਬੁੱਧ ਮੱਤ ਦਾ ਵਿਚਾਰ ਹੈ ਕਿ "ਜੀਵ" ਇੱਕ ਅਜਿਹੀ ਆਤਮਾ ਹੈ ਜਿਸ ਦੇ ਦੋ ਪੱਖ ਹਨ-:-

1. ਸ਼ੁਧ ਪੱਖ ।
2. ਸੰਸਕਾਰਾਂ ਵਿੱਚ ਆਇਆ ਪੱਖ ।

ਇਹ ਦੋਨੋਂ ਪੱਖ ਆਪਸ ਵਿੱਚ ਇਸ ਤਰ੍ਹਾਂ ਅਭੇਦ ਹਨ ਕਿ ਇਨ੍ਹਾਂ ਨੂੰ ਵੱਖ ਵੱਖ ਨਹੀਂ ਕੀਤਾ ਜਾ ਸਕਦਾ।[4] ਬੁੱਧ ਮੱਤ ਵੀ ਵੇਦਾਂਤ ਵਾਂਗ ਜੀਵ ਦੀਆਂ ਤਿੰਨ ਕਾਇਆ ਮੰਨਦਾ ਹੈ ਪਰ ਨਾਮ ਭਿੰਨ ਹਨ:-

| | |
|---|---|
| 1. ਧਰਮ ਕਾਇਆ | (ਸਥਿਰ ਅਸਲੀਅਤ ) |
| 2. ਸਾਂਭੋਗਯ ਕਾਇਆ | (ਆਨੰਦਮਯ ਸਰੀਰ ) |
| 3. ਨਿਰਮਾਨ ਕਾਇਆ | (ਮਨ ਦੀ ਭਟਕਣਾ )[5] |

ਜੇ ਵੇਦਾਂਤੀ ਵਿਚਾਰ ਨਾਲ ਮਿਲਾਣਾ ਹੋਵੇ ਤਾਂ ਧਰਮ ਕਾਇਆ ਨੂੰ ਅਸੀਂ ਸਥੂਲ ਸਰੀਰ, ਨਿਰਮਾਨ ਕਾਇਆ ਨੂੰ ਸੂਖਸ਼ਮ ਸਰੀਰ ਅਤੇ ਸਾਂਭੋਗਯ ਕਾਇਆ ਨੂੰ ਕਾਰਣ ਸਰੀਰ ਕਹਿ ਸਕਦੇ ਹਾਂ।

ਸ਼ੰਕਰ ਦੇ ਅਦ੍ਵੈਤਵਾਦ ਅਨੁਸਾਰ ਜੀਵ ਅਤੇ ਬ੍ਰਹਮ ਇੱਕ ਹਨ । ਦੋਹਾਂ ਵਿੱਚ ਕੋਈ ਅੰਤਰ ਨਹੀਂ। ਅੰਤਰ ਕੇਵਲ ਅਵਿਦਿਆ ਜਾਂ ਮਾਇਆ ਕਾਰਣ ਹੀ ਦਿਖਾਈ ਦਿੰਦਾ ਹੈ । ਜੀਵ ਅਤੇ ਈਸ਼ਵਰ ਸਬੰਧੀ ਬ੍ਰਹਮ ਸੂਤਰ ਅਤੇ ਸ਼ੰਕਰ ਦਾਸ ਵਿੱਚ ਕਾਫ਼ੀ ਚਰਚਾ ਕੀਤੀ ਗਈ ਹੈ । ਉਥੇ ਜੀਵ ਤੇ ਈਸ਼ਵਰ

---

1. Karika and Kaumudi., 17. 20.
2. Nyaya Bhasya - 1., 1. 10.
3. i Padar thadharmasangraha. P- 30F
ii Tarlnjasa- P- 18-19.
4. Suzuki, Awakening of faith. P-55.
5. Dr. Radhakrishnan., "Indian Philosophy." Page-60., Vol.-1.

ਦਾ ਸਬੰਧ ਅੰਸ਼ ਤੇ ਅੰਸੀ ਦਾ ਦੱਸਿਆ ਗਿਆ ਹੈ । ਈਸ਼ਵਰ ਅੰਸੀ ਹੈ ਅਤੇ ਜੀਵ ਉਸ ਦਾ ਅੰਸ ਹੈ ਜਿਵੇਂ ਅਗਨੀ ਅੰਸੀ ਅਤੇ ਚਿੰਗਾਰੀ ਉਸ ਦਾ ਅੰਸ਼ ।

ਰਾਮਾਨੁਜ ਦੇ ਵਿਸਿਸਟਅਦਵੈਤ ਅਨੁਸਾਰ ਜੀਵ ਅਤੇ ਈਸ਼ਵਰ ਇੱਕ ਨਹੀਂ ਹਨ । ਜਿਵੇਂ ਅੰਸ ਦੀ ਹੋਂਦ ਸੰਪੂਰਨ ਤੇ, ਗੁਣ ਦੀ ਹੋਂਦ ਉਸ ਵੱਸਤੂ ਤੇ, ਜਿਸ ਨਾਲ ਉਸਦਾ ਸਬੰਧ ਹੈ ਅਤੇ ਸਰੀਰ ਦੀ ਹੋਂਦ ਆਤਮਾ ਤੇ ਅਧਾਰਿਤ ਹੈ, ਉਸੇ ਤਰਾਂ ਜੀਵ ਦੀ ਹਸਤੀ ਈਸ਼ਵਰ ਉਤੇ ਨਿਰਭਰ ਹੈ । ਜੀਵ ਵਿੱਚ ਪਰਾਧੀਨਤਾ ਦਾ ਵਿਸ਼ੇਸ਼ ਗੁਣ ਹੈ ਜਿਸ ਕਾਰਣ ਉਹ ਈਸ਼ਵਰ ਤੇ ਨਿਰਭਰ ਰਹਿੰਦਾ ਹੈ ।

ਰਾਮਾਨੁਜ ਅਨੁਸਾਰ ਜੀਵ ਅਨੰਤ ਹਨ ਤੇ ਇੱਕ ਦੂਜੇ ਤੋਂ ਭਿੰਨ ਹਨ । ਉਸ ਅਨੁਸਾਰ ਜੀਵ ਤਿੰਨ ਕਿਸਮ ਦੇ ਹਨ- ਨਿਤ, ਮੁਕਤ ਅਤੇ ਬਧ । ਨਿਤ ਜੀਵ ਕਰਮ ਅਤੇ ਪ੍ਰਕ੍ਰਿਤੀ ਤੋਂ ਮੁਕਤ ਹੋਕੇ ਆਨੰਦ ਭੋਗਦੇ ਹੋਏ ਬੈਕੁੰਠ ਵਿਚ ਨਿਵਾਸ ਕਰਦੇ ਹਨ । ਮੁਕਤ ਜੀਵ ਆਪਣੀ ਬੁੱਧੀ ਅਤੇ ਭਗਤੀ ਦੇ ਬਲ ਨਾਲ ਮੁਕਤੀ ਪ੍ਰਾਪਤ ਕਰਦੇ ਹਨ । ਬਧ ਜੀਵ ਆਪਣੇ ਅਗਿਆਨ ਅਤੇ ਸਵਾਰਥ ਦੇ ਵੱਸ ਸੰਸਾਰ ਵਿਚ ਹੀ ਵਿਚਰਦੇ ਰਹਿੰਦੇ ਹਨ । ਬਧ ਜੀਵਾਂ ਦੇ ਵੀ ਦੋ ਮੁੱਖ ਭੇਦ ਕੀਤੇ ਗਏ ਹਨ:- ਬੁਭੁਕਸ਼ੁ ਅਤੇ ਮੁਮੁਕਸ਼ੁ । ਇਨਾਂ ਦੇ ਵੀ ਅੱਗੋਂ ਚਾਰ ਭੇਦ ਹੁੰਦੇ ਹਨ- ਦਿਬਯ, ਮਨੁੱਖ, ਪਸ਼ੂ ਅਤੇ ਸਥਾਵਰ । ਮੁਕਤ ਜੀਵਾਂ ਦੇ ਵੀ ਦੋ ਭੇਦ ਮੰਨੇ ਗਏ ਹਨ- ਸ਼ੁਧ, ਭਗਤ ਜੋ ਸੰਸਾਰ ਅੰਦਰ ਭਗਵਾਨ ਦੀ ਭਗਤੀ ਵਿੱਚ ਮਗਨ ਰਹਿੰਦੇ ਹੋਏ ਸੁਵਰਗ ਵਿੱਚ ਭਗਵਾਨ ਦੀ ਸੇਵਾ ਕਰਨਾ ਚਾਹੁੰਦੇ ਹਨ ਅਤੇ ਦੇਵਨਿਨ ਜੋ ਆਪਣੀ ਆਤਮਾ ਦੇ ਸਰੂਪ ਦਾ ਨਿਰੰਤਰ ਚਿੰਤਨ ਕਰਦੇ ਹੋਏ ਮੋਕਸ਼ ਦੀ ਪ੍ਰਾਪਤੀ ਕਰਦੇ ਹਨ ।

ਮਾਧਵਾਚਾਰੀਆ ਦੇ ਦਵੈਤਵਾਦ ਅਨੁਸਾਰ ਜੀਵ ਅਤੇ ਬ੍ਰਹਮ ਵਿੱਚ, ਜੀਵ ਈਸ਼ਵਰ ਅਧੀਨ, ਅਲਪ ਗਿਆਨ ਅਤੇ ਅਲਪ ਸ਼ਕਤੀ ਵਾਲਾ ਹੈ । ਉਹ ਕਿਸੇ ਵੀ ਕੰਮ ਨੂੰ ਆਪ ਹੀ ਪੂਰਾ ਨਹੀਂ ਕਰ ਸਕਦਾ । ਉਸਨੇ ਅਨੇਕ ਜੀਵਾਂ ਨੂੰ ਸਮੁੱਚੇ ਤੌਰ ਤੇ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ- ਮੁਕਤੀਯੋਗ, ਨਿਤ ਸੰਸਾਰੀ ਅਤੇ ਤਮੋਯੋਗ । ਦੇਵਤੇ ਮੁਕਤੀ ਯੋਗ ਹਨ, ਰਾਖਸ਼ਸ ਤਮੋਜੀਵ ਅਤੇ ਇਨਾਂ ਦੋਹਾਂ ਵਿਚਲੇ ਆਮ ਮਨੁੱਖ ਨਿੱਤ ਸੰਸਾਰੀ ਜੀਵ ਹਨ ਜੋ ਪ੍ਰਿਥਵੀ, ਸੁਵਰਗ, ਅਤੇ ਨਰਕ ਆਦਿ ਵਿੱਚ ਰਹਿੰਦੇ ਹੋਏ ਦੁੱਖ ਸੁੱਖ ਭੋਗਿਆ ਕਰਦੇ ਹਨ । ਮੁਕਤੀ ਦੀ ਅਵਸਥਾ ਵਿੱਚ ਵੀ ਭਿੰਨ ਭਿੰਨ ਜੀਵ ਭਿੰਨ ਭਿੰਨ ਪ੍ਰਕਾਰ ਦਾ ਆਨੰਦ ਅਨੁਭਵ ਕਰਦੇ ਹਨ ।

ਦਵੈਤਾਦਵੈਤਵਾਦੀ ਨਿੰਬਾਰਕ ਅਨੁਸਾਰ ਜੀਵ ਅਤੇ ਬ੍ਰਹਮ ਦਾ ਸਬੰਧ ਸ਼ਕਤੀ ਅਤੇ ਸ਼ਕਤੀਮਾਨ ਜਾਂ ਅੰਸ ਅਤੇ ਅੰਸੀ ਦਾ ਹੈ । ਜੀਵ ਸਦਾ ਈਸ਼ਵਰ ਦੇ ਅਧੀਨ ਰਹਿੰਦਾ ਹੈ, ਮੁਕਤ ਅਵਸਥਾ ਵਿੱਚ ਵੀ ਉਹ ਈਸ਼ਵਰ ਆਸਰੇ ਹੀ ਰਹਿੰਦਾ ਹੈ । ਸਰੀਰਕ ਭਿੰਨਤਾ ਕਾਰਣ ਹਰ ਜੀਵ ਇਕ ਦੂਜੇ ਤੋਂ ਵੱਖ ਹੈ ਪਰ ਆਤਮਾ ਦੀ ਏਕਤਾ ਕਾਰਣ ਜੀਵਾਂ ਵਿੱਚ ਏਕਤਾ ਹੈ । ਅਨੇਕ ਜੀਵ ਸਮੁੱਚੇ ਤੌਰ- ਤੇ ਦੋ ਸ਼੍ਰੇਣੀਆਂ

ਵਿੱਚ ਵੰਡੇ ਜਾ ਸਕਦੇ ਹਨ- ਬਧ ਅਤੇ ਮੁਕਤ । ਬਧ ਸੰਸਾਰ ਦੇ ਦੁੱਖਾਂ ਦੇ ਬੰਧਨਾਂ ਵਿਚ ਪਏ ਰਹਿੰਦੇ ਹਨ ਅਤੇ ਮੁਕਤ ਜੀਵ ਈਸ਼ਵਰ ਦੀ ਕਿਰਪਾ ਸਦਕਾ ਬੰਧਨ ਤੇ ਕਲੇਸ਼ ਤੋਂ ਨਿਵਿਰਤ ਹੋਕੇ ਮੁਕਤੀ ਪ੍ਰਾਪਤ ਕਰਦੇ ਹਨ । ਬਧ ਜੀਵ ਦੋ ਪ੍ਰਕਾਰ ਦੇ ਹਨ- ਮੁਮੁਕਸ਼ੂ ਅਤੇ ਬੁਭੁਕਸ਼ । ਮੁਮੁਕਸ਼ੂ ਮੁਕਤੀ ਦੇ ਇੱਛਕ ਹੁੰਦੇ ਹਨ ਪਰ ਦੁੱਖਾਂ ਕਲੇਸ਼ਾਂ ਨਾਲ ਪੀੜਤ ਰਹਿੰਦੇ ਹਨ । ਬੁਭੁਕਸ਼ੂ ਵਿਸ਼ਵ ਆਨੰਦ ਦੇ ਇੱਛਕ ਹੁੰਦੇ ਹਨ । ਮੁਕਤ ਜੀਵ ਵੀ ਦੋ ਪ੍ਰਕਾਰ ਦੇ ਹੁੰਦੇ ਹਨ । ਨਿਤ ਮੁਕਤ ਅਤੇ ਮੁਕਤ । ਨਿਤਮੁਕਤ ਨੂੰ ਪ੍ਰਕ੍ਰਿਤਕ ਦੁੱਖਾਂ ਦਾ ਅਨੁਭਵ ਨਹੀਂ ਹੁੰਦਾ । ਉਹ ਈਸ਼ਵਰ ਦਾ ਸਰੂਪ- ਦਰਸ਼ਨ ਕਰਦੇ ਅਤੇ ਸਦਾ ਭਜਨ ਵਿਚ ਮਗਨ ਰਹਿੰਦੇ ਹਨ । ਮੁਕਤ ਜੀਵ ਕੇਵਲ ਅਵਿਦਿਆ ਕਾਰਣ ਉਪਜੇ ਦੁੱਖਾਂ ਤੋਂ ਰਹਿਤ ਹੁੰਦੇ ਹਨ । ਬਧ ਅਤੇ ਮੁਕਤ ਦੋਹਾਂ ਅਵਸਥਾਵਾਂ ਵਿੱਚ ਜੀਵ ਬ੍ਰਹਮ ਤੋਂ ਭਿੰਨ ਰਹਿੰਦਾ ਹੈ ਅਤੇ ਅਭਿੰਨ ਵੀ । ਇੰਜ ਦੋਹਾਂ ਦਾ ਭੇਦ ਅਭੇਦ ਸੁਭਾਵਕ ਹੈ ।

ਵਲਭ ਆਪਣੀ ਸ਼ੁਧ ਅਦਵੈਤ ਵਿਚਾਰਧਾਰਾ ਅਨੁਸਾਰ ਬ੍ਰਹਮ ਦੀ ਇਛਾ ਤੋਂ ਜੀਵਾਂ ਦੀ ਉਤਪਤੀ ਮੰਨਦਾ ਹੈ । ਜੀਵ ਬ੍ਰਹਮ ਵਿਚੋਂ ਇੰਜ ਹੀ ਪੈਦਾ ਹੁੰਦੇ ਹਨ ਜਿਵੇਂ ਅਗਨੀ ਵਿਚੋਂ ਚਿੰਗਾੜੇ । ਇਸ ਕਾਰਨ ਬ੍ਰਹਮ ਅਤੇ ਜੀਵ ਸਰੂਪ ਵਜੋਂ ਇੱਕ ਹੀ ਹਨ । ਪਰ ਤਾਂ ਵੀ ਜੀਵ ਬ੍ਰਹਮ ਨਹੀਂ, ਕੇਵਲ ਬ੍ਰਹਮ ਦਾ ਅੰਸ਼ ਅਤੇ ਸੇਵਕ ਹੈ । ਅੰਸ਼ ਹੋਣ ਨਾਤੇ ਜੀਵ ਤੁਛ ਸਮਰੱਥਾ ਰੱਖਦਾ ਹੈ ਅਤੇ ਆਪਣੇ ਅੰਸੀ ਪਰਮਾਤਮਾ ਦੇ ਅਧੀਨ ਵੀ ਹੈ । ਨਾਲੇ ਜੀਵ ਉਤੇ ਮਾਇਆ ਦਾ ਪ੍ਰਭਾਵ ਹੁੰਦਾ ਹੈ । ਇਸ ਕਾਰਨ ਉਸ ਸੰਸਾਰ ਬਧ ਜੀਵ ਤੋਂ ਈਸ਼ਵਰੀ ਧਰਮ ਕਰਮ ਲੋਪ ਹੋ ਜਾਂਦੇ ਹਨ ਅਤੇ ਉਹ ਸੰਸਾਰਕ ਧਰਮਾਂ ਨੂੰ ਹੀ ਦੁੱਖ ਸੁੱਖ ਸਮਝਕੇ ਆਪਣੇ ਕੀਤੇ ਕਰਮਾਂ ਕਾਰਣ ਅਨੇਕ ਜੂਨਾਂ ਵਿੱਚ ਭਟਕਦਾ ਰਹਿੰਦਾ ਹੈ । ਵਲਭ ਅਨੁਸਾਰ ਜੀਵ ਦੋ ਸ਼੍ਰੇਣੀਆਂ ਵਿੱਚ ਵੰਡੇ ਹੋਏ ਹਨ- ਦੈਵੀ ਅਤੇ ਅਸੁਰੀ ।

ਦੱਖਣ ਦੇ ਵੈਸ਼ਨਵ ਆਲਵਾਰਾਂ ਨੇ ਜਿੰਨੇ ਵਿਸਥਾਰ ਨਾਲ ਈਸ਼ਵਰ ਸਬੰਧੀ ਵਿਚਾਰ ਪ੍ਰਗਟਾਏ ਹਨ ਉਨੇ ਵਿਸਥਾਰ ਨਾਲ ਉਨਾਂ ਨੇ ਜੀਵ ਸਬੰਧੀ ਵਿਚਾਰਾਂ ਦਾ ਪ੍ਰਗਟਾਵਾ ਨਹੀਂ ਕੀਤਾ ਹੈ । ਪਰ ਤਾਂ ਵੀ ਕੁੱਝ ਪਦੇ ਅਜਿਹੇ ਹਨ ਜਿਨਾਂ ਤੋਂ ਉਨਾਂ ਦੇ ਜੀਵ ਬਾਰੇ ਵਿਚਾਰ ਪਤਾ ਲੱਗਦੇ ਹਨ । ਜਿਵੇਂ :- ਉਨਾਂ ਅਨੁਸਾਰ ਜੀਵ ਅਤੇ ਬ੍ਰਹਮ ਦਾ ਸਬੰਧ ਅੰਸ਼ ਤੇ ਅੰਸ਼ੀ , ਸ਼ੇਸ ਤੇ ਸ਼ੇਸੀ, ਸਰੀਰ ਅਤੇ ਸਰੀਰੀ ਦੇ ਰੂਪ ਵਿੱਚ ਮੰਨਿਆ ਹੈ। ਨੰਮ ਅਨੁਸਾਰ ਸਾਰੇ ਜੀਵ ਭਗਵਾਨ ਤੋਂ ਉਤਪਨ ਹੋਏ ਹਨ ਤੇ ਉਹ ਹੀ ਸੱਭ ਦਾ ਮਾਲਕ ਹੈ । ਤਿਰਮ ਲਿਸੱਈ ਨੇ ਜੀਵ ਤੇ ਬ੍ਰਹਮ ਵਿਚਕਾਰ ਅੰਸ਼ ਤੇ ਅੰਸੀ ਦਾ ਸਬੰਧ ਦੱਸਿਆ ਹੈ ਤੇ ਕਿਹਾ ਹੈ ਕਿ ਜਿਵੇਂ ਸਮੁੰਦਰ ਵਿੱਚ ਤਰੰਗਾਂ ਉਠਦੀਆਂ ਹਨ ਤੇ ਵਿੱਚੇ ਸਮਾ ਜਾਂਦੀਆਂ ਹਨ, ਇਸੇ ਤਰਾਂ ਬ੍ਰਹਮ ਵਿੱਚ ਜੀਵ ਰੂਪੀ ਤਰੰਗਾਂ ਉਠਦੀਆਂ ਹਨ ਤੇ ਆਖਰ ਉਸੇ ਵਿੱਚ ਸਮਾ ਜਾਂਦੀਆਂ ਹਨ ।[1] ਅੰਸ਼ ਰੂਪ

---

1. ਤਿਰੁਚੰਤ ਵਿਰੁਤਮ 10.

ਜੀਵ ਅੰਤ ਵਿੱਚ ਅੰਸ਼ੀ-ਰੂਪ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ। ਪੋਇਰੀ ਅਨੁਸਾਰ- ਜਿਵੇਂ ਨਦੀ ਸਰਿਤਾ ਸਾਗਰ ਵਿੱਚ ਪ੍ਰਵਾਹਿਤ ਹੁੰਦੀ ਹੈ ਤਿਵੇਂ ਜੀਵ ਬ੍ਰਹਮ ਵੱਲ ਨੂੰ ਪ੍ਰਵਾਹਿਤ ਹੁੰਦਾ ਹੈ ਅਤੇ ਇਸ ਲਈ ਉਤਸੁਕ ਰਹਿੰਦਾ ਹੈ।[1]

ਇੰਜ ਸ਼ੰਕਰਾਚਾਰੀਆ ਤੋਂ ਇਲਾਵਾ ਬਾਕੀ ਸਾਰੇ ਦਾਰਸ਼ਨਿਕਾਂ ਅਤੇ ਭਗਤਾਂ ਨੇ ਜੀਵ ਨੂੰ ਬ੍ਰਹਮ ਦੀ ਇੱਕ ਅੰਸ਼ ਹੀ ਮੰਨਿਆ ਹੈ ਇਸ ਰੂਪ ਵਿੱਚ ਦੋਨੋਂ ਇਕ ਦੂਜੇ ਵਿੱਚ ਅਭੇਦ ਹਨ ਪਰ ਅੰਸ਼ ਰੂਪ ਦਾ ਸਮੁੱਚੇ ਨਾਲੋਂ ਅੰਤਰ ਵੀ ਹੈ।

ਗੁਰੂ ਸਾਹਿਬ ਨੇ ਜੀਵ ਬਾਰੇ ਬਹੁਤ ਕੁੱਝ ਲਿਖਿਆ ਹੈ। ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਪ੍ਰਚਲਤ ਜੀਵ ਬਾਰੇ ਸੱਭ ਵਿਚਾਰਧਾਰਾਵਾਂ ਨੂੰ ਅਪਣਾਇਆ ਅਤੇ ਇਨ੍ਹਾਂ ਵਿਚਲੇ ਵਿਰੋਧੀ ਤੱਤਾਂ ਨੂੰ ਨਿਆਯੁਕਤ ਕਰਨ ਦਾ ਯਤਨ ਕੀਤਾ ਹੈ। ਗੁਰੂ ਸਾਹਿਬ ਨੇ ਜੀਵ ਨੂੰ ਨਿਰੋਲ ਬਾਹਰਮੁੱਖੀ ਦ੍ਰਿਸ਼ਟੀਕੋਣ ਤੋਂ ਵੀ ਦੇਖਿਆ ਅਤੇ ਬਿਆਨਿਆ ਹੈ ਤੇ ਅੰਤਰਮੁੱਖੀ ਦ੍ਰਿਸ਼ਟੀਕੋਣ ਤੋਂ ਵੀ। ਬਾਹਰਮੁੱਖੀ ਦ੍ਰਿਸ਼ਟੀਕੋਣ ਤੋਂ ਜੀਵ ਇਕ ਪ੍ਰਕਾਰ ਦੀ ਇਕ "ਬਣਤ" ਹੈ ਜਿਹੜੀ ਜੀਉ (ਆਤਮਾ) ਨੂੰ ਤਨ (ਸਰੀਰ) ਵਿੱਚ ਸਾਜਣ ਨਾਲ ਹੋਂਦ ਵਿੱਚ ਆਉਂਦੀ ਹੈ। ਇਹ "ਜੀਵ" ਜਾਂ "ਬਣਤ" ਗਿਆਨ ਇੰਦ੍ਰੀਆਂ ਰਾਹੀਂ ਵਿਸ਼ਵ ਨੂੰ ਮਾਣਦੀ ਹੈ ਅਤੇ ਕਰਮ ਇੰਦ੍ਰੀਆਂ ਨਾਲ ਕੰਮ ਕਰਕੇ ਆਪਣੀ ਪਾਲਣਾ ਕਰਦੀ ਹੈ।[2] ਇਸ ਜੀਵ ਦੀ ਸਿਰਜਨਾ ਲਈ ਬ੍ਰਹਮ ਪੰਚ ਤੱਤ ਦੇ ਸਰੀਰ ਦੀ ਸਿਰਜਨਾ ਆਪਣੇ "ਸੁੰਨ" ਸਰੂਪ ਵਿਚੋਂ ਹੀ ਕਰਕੇ ਦੇਹ ਅਤੇ ਆਤਮਾ ਦਾ ਸੰਜੋਗ ਕਰਕੇ, ਇਸ ਨੂੰ ਕਰਮਾਂ ਦੇ ਅਭਿਆਸ ਵਿੱਚ ਲਾ ਦੇਂਦਾ ਹੈ। ਕਰਮਾਂ ਵਿੱਚ ਲਾਉਣ ਲਈ ਪਰਮਾਤਮਾ ਜੀਵ ਦੇ ਮੱਥੇ ਉਤੇ ਬੁਰੇ ਅਤੇ ਭਲੇ ਦੋਵੇਂ ਤਰ੍ਹਾਂ ਦੇ ਲੇਖ ਲਿੱਖ ਦੇਂਦਾ ਹੈ।[3]

ਜੀਵ ਦੇ ਸੰਕਲਪ ਨੂੰ ਪੂਰੀ ਸਪਸ਼ਟਤਾ ਨਾਲ ਸਮਝਾਉਣ ਲਈ ਗੁਰੂ ਸਾਹਿਬ ਇਕ "ਨਗਰੀ" ਦਾ ਦ੍ਰਿਸ਼ਟਾਂਤ ਦੇਂਦੇ ਹਨ।[4] ਇਸ ਅਨੁਸਾਰ ਸਰੀਰ ਇੱਕ ਪ੍ਰਕਾਰ ਦੀ ਨਗਰੀ ਹੈ ਅਤੇ ਪਰਮਾਤਮਾ ਆਪ ਆਪਣੇ ਆਤਮਾ ਰੂਪ ਵਿੱਚ ਇਸ ਨਗਰੀ ਦਾ ਰਾਜਾ ਹੈ। ਇਸ ਸਰੀਰ ਰੂਪੀ ਨਗਰੀ ਦੇ

---

1. ਮੁਦਲ ਤਿਰੁਵੰਤਾਇ, 67.
2. ਜੀਉ ਪਾਇ ਤਨੁ ਸਾਜਿਆ, ਰਖਿਆ ਬਣਤ ਬਣਾਇ।
   ਅਖੀ ਦੇਖੈ ਜਿਹਵਾ ਬੋਲੈ, ਕੰਨੀ ਸੁਰਤਿ ਸਮਾਇ।
   ਪੈਰੀ ਚਲੈ ਹੱਥੀ ਕਰਣਾ, ਦਿਤਾ ਪੈਨੈ ਖਾਇ। (ਵਾਰ ਮਾਝ ਸਲੋਕ, ਪੰਨਾ-138.)
3. ਪੰਚ ਤਤੁ ਸੁੰਨਹੁ ਪਰਗਾਸਾ, ਦੇਹ ਸੰਜੋਗੀ ਕਰਮ ਅਭਿਆਸਾ।
   ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪ ਪੁੰਨ ਬੀਜਾਇਦਾ। (ਮਾਰੂ ਸੋਹਲੇ-17, ਪੰਨਾ-1038.)
4. ਦੇਹੀ ਨਗਰੀ ਨਉ ਦਰਵਾਜੇ, ਸਿਰਿ ਸਿਰਿ ਕਰਣੈਹਾਰੈ ਸਾਜੇ।
   ਦਸਵੈ ਪੁਰਖੁ ਅਤੀਤੁ ਨਿਰਾਲਾ, ਆਪੇ ਅਲਖੁ ਲਖਾਇਆ। (ਮਾਰੂ ਸੋਹਲੇ-19, ਪੰਨਾ-1039.)

ਇੰਦ੍ਰੀਆਂ ਅਤੇ ਮਨ ਰੂਪੀ 10 ਦਰਵਾਜ਼ੇ ਹਨ । 9 ਦਰਵਾਜ਼ੇ ( ਇੰਦ੍ਰੀਆਂ- ਦੋ ਨੱਕ, ਮੂੰਹ, ਦੋ ਕੰਨ, ਦੋ ਅੱਖਾਂ, ਭਗ ਅਤੇ ਗੁਦਾ ) ਤਾਂ ਖੁੱਲੇ ਰਹਿੰਦੇ ਹਨ ਅਤੇ ਦਸਵਾਂ ਮਨ ਰੂਪੀ ਦਰਵਾਜ਼ਾ ਬੰਦ ਰਹਿੰਦਾ ਹੈ ਜਿਸ ਦੇ ਪਿਛੇ ਸੱਚੇ ਰਾਜੇ ਦਾ ਨਿਵਾਸ ਹੈ । ਤੇ ਇਸ ਨਗਰੀ ਵਿੱਚ ਹੈ ਕੀ ? ਇਸ ਨੂੰ ਹੋਰ ਵਧੇਰੇ ਸਪਸ਼ਟ ਕਰਨ ਲਈ ਗੁਰੂ ਸਾਹਿਬ ਫੁਰਮਾਉਂਦੇ ਹਨ:-

"ਕਾਇਆ ਨਗਰੁ ਨਗਰ ਗੜ ਅੰਦਰਿ ।
ਸਾਚਾ ਵਾਸਾ ਪੁਰਿ ਗਗਨੰਦਰਿ ।
ਅਸਥਿਰੁ ਥਾਨ ਸਦਾ ਨਿਰਮਾਇਲੁ ।
ਆਪੇ ਆਪੁ ਉਪਾਇਦਾ ।
ਅੰਦਰਿ ਕੋਟ ਛਜੇ ਹਟਨਾਲੇ ,
ਆਪੇ ਲੇਵੈ ਵਸਤ ਸਮਾਲੇ,
ਬਜਰ ਕਪਾਟ ਜੜੇ ਜੜਿ ਜਾਣੈ ,
ਗੁਰ ਸਬਦੀ ਖੋਲਾਇਦਾ ।
ਭੀਤਰਿ ਕੋਟ ਗੁਫਾ ਘਰ ਜਾਈ ,
ਨਉ ਘਰ ਥਾਪੇ ਹੁਕਮਿ ਰਜਾਈ ,
ਦਸਵੈ ਪੁਰਖੁ ਅਲੇਖੁ ਅਪਾਰੀ ,[1]
ਆਪੇ ਅਲਖ ਲਖਾਇਦਾ।"

ਸੋ ਕਾਇਆ ਨਗਰ ਦੇ ਕਿਲ੍ਹੇ ਵਿੱਚ ਸੱਚਾ ਪਰਮਾਤਮਾ ਆਪ ਆਪਣੇ ਅਸਥਿਰ ਅਤੇ ਨਿਰਮਲ ਰੂਪ ਵਿੱਚ ਵਿਆਪਕ ਹੋਕੇ ਆਪਣੇ ਆਪ ਹੀ ਸਿਰਜਨਾ ਕਰ ਰਿਹਾ ਹੈ । ਇਸ ਨਗਰ ਵਿੱਚ ਇੰਦ੍ਰੀਆਂ, ਮਨ ਅਤੇ ਸੰਸਕਾਰਾਂ ਰੂਪੀ ਛਜੇ ਹਟਨਾਲੇ ਹਨ ਜਿਥੇ ਉਹ ਆਪ ਹੀ ਨਾਮ, ਧੰਨ ਖਜਾਨੇ ਰੂਪ ਵਿੱਚ ਰੱਖਦੇ ਇਸ ਨੂੰ ਹਉਮੈ ਰਾਹੀਂ ਆਪਣੇ ਹੀ ਆਪੇ ਨੂੰ ਜੀਵ ਕੋਲੋਂ ਪੱਕੀ ਤਰਾਂ ਛੁਪਾ ਦਿੰਦਾ ਹੈ । ਇਸ ਨਾਮ ਨਿਧ ਨੂੰ ਜੀਵ ਗੁਰੂ ਦੇ ਸ਼ਬਦ ਨਾਲ ਹੀ ਪ੍ਰਾਪਤ ਕਰ ਸਕਦਾ ਹੈ । ਨੌ ਇੰਦ੍ਰੀਆਂ ਰੂਪੀ ਘਰਾਂ ਵਿੱਚ ਵੀ ਉਹ ਆਪ ਹੀ ਵੱਸਦਾ ਹੈ ਅਤੇ ਬਾਹਰੀ ਵਿਸ਼ਵ ਨਾਲ ਕਰਮਾਂ ਦਾ ਵਪਾਰ ਕਰਦਾ ਹੈ । ਨਾਮ ਦਾ ਸੰਸਕਾਰਾਂ ਦਾ ਵਪਾਰ ਕਰਦਾ ਹੈ । ਦਸਵੈ ਘਰ ਵਿੱਚ ਉਸ ਦਾ "ਬਸੇਰਾ" ਅਲਖ ਰੂਪ ਵਿਚ ਹੈ । ਇਥੇ ਪਰਮਾਤਮਾ ਆਪਣੇ ਆਪ ਹੀ ਆਪਣੀ ਕਿਰਪਾ ਨਾਲ ਹਉਮੈ ਵਿੱਚ ਆਏ ਆਪਣੇ ਆਪੇ ਨੂੰ ਅਸਲੀਅਤ ਦਾ ਗਿਆਨ ਕਰਵਾ ਦੇਂਦਾ ਹੈ । ਸੋ ਜੀਵ ਆਪਣੇ ਆਪ ਵਿਚ ਪੂਰਨ ਹੈ ਅਤੇ ਜੋ ਇਕ

---

1. ਮਾਰੂ ਸੋਹਲੇ-13 , ਪੰਨਾ-1033.

ਜੀਵ ਦੇ ਪਿੰਡ ਵਿੱਚ ਹੈ ਉਹੀ ਬ੍ਰਹਿਮੰਡ ਵਿੱਚ ਹੈ ।

ਫਿਰ "ਜੀਵ" ਜੀਵ ਕਿਉਂ ਹੈ, ਈਸ਼ਵਰ ਕਿਉਂ ਨਹੀਂ ? ਉਸ ਦਾ ਕਾਰਨ ਵੀ ਹੈ । ਤਨ ਰੂਪੀ ਨਗਰੀ ਦੇ ਰਾਜੇ ਆਤਮਾ ਕੋਲ ਮਨ ਦੀਆਂ ਕਾਮਨਾਵਾਂ ਰੂਪੀ ਚੋਬਦਾਰ ਹੈ ਅਤੇ ਇੰਦ੍ਰੀਆਂ ਰੂਪੀ ਖਾਸ ਸੇਵਕ ਹਨ । ਮਾਇਆ ਦੇ ਮੋਹ ਅਤੇ ਦਵੈਤ ਭਾਵ ਕਾਰਨ ਇਹ ਚੋਬਦਾਰ ਅਤੇ ਸੇਵਕ ਦਵੈਤ ਵਿੱਚ ਆਕੇ ਆਪਣੇ ਰਾਜੇ ਨੂੰ ਭੁਲ ਜਾਂਦੇ ਹਨ, ਆਪਣੀ ਅਸਲੀਅਤ ਨੂੰ ਭੁਲਾ ਦੇਂਦੇ ਹਨ ਅਤੇ ਆਪਣੀ ਹੀ ਦਵੈਤ-ਮਈ ਹਉਮੈ ਵਿੱਚ ਆਕੇ ਮੋਹ ਮਮਤਾ ਵਿੱਚ ਫੱਸ ਜਾਂਦੇ ਹਨ ਜਿਸ ਕਾਰਨ ਆਪਣੇ ਕੋਟ ਵਿੱਚ ਹੀ ਟਿਕਣ ਦੀ ਬਜਾਏ ਉਹ ਮਾਇਆ ਦੀ ਪ੍ਰਾਪਤੀ ਦੇ ਲੋਭ ਵਿੱਚ ਬਾਹਰ ਮਾਇਆ ਵਿਚ ਹੀ ਦੌੜ ਭੱਜ ਕਰਨ ਲੱਗ ਪੈਂਦੇ ਹਨ । ਇਕ ਸਰੀਰ ਰੂਪੀ ਨਗਰੀ ਦੇ ਇਹ ਭਰਮੇ ਹੋਏ ਸੇਵਕ ਹੀ ਮਿਲਕੇ "ਜੀਵ" ਦੀ ਹੋਂਦ ਦਾ ਕਾਰਨ ਬਣਦੇ ਹਨ ।

ਪਰ ਮਾਇਆ ਅਸਲੀਅਤ ਨਹੀਂ, ਭਰਮਾਊ ਹੈ, ਇਸ ਕਾਰਨ ਕੋਈ ਸਥਿਰ ਵਸਤੂ ਜੀਵ ਨੂੰ ਪ੍ਰਾਪਤ ਨਹੀਂ ਹੁੰਦੀ ਅਤੇ ਉਹ ਆਪਣੇ ਅੰਤਰਲੀ ਸਥਿਰਤਾ ਤੋਂ ਵੀ ਉਖੜ ਜਾਂਦਾ ਹੈ ਤੇ ਆਖਰ ਦੁੱਖੀ ਹੋਕੇ ਪਛਤਾਉਂਦਾ ਹੈ ।[1] ਇਸ ਦੁੱਖ , ਭਟਕਣ, ਹਉਮੈ, ਦਵੈਤ, ਭਰਮ ਅਤੇ ਔਗੁਣਾਂ ਕਾਰਨ ਹੀ ਇਕ ਜੀਵ ਜੀਵ ਹੈ, ਈਸ਼ਵਰ ਨਹੀਂ । ਨਾਲੇ ਹਰ ਜੀਵ ਦੀ ਆਪਣੀ ਹੀ ਵਿਸ਼ੇਸ਼ ਸੁਰਤੀ ਹੈ, ਜਿਹੜੀ ਉਸ ਨੂੰ ਦੂਜੇ ਜੀਵਾਂ ਕੋਲੋਂ ਵੀ ਅਤੇ ਪਰਮਾਤਮਾ ਕੋਲੋਂ ਵੀ ਵੱਖ ਕਰਦੀ ਹੈ । ਹਰ ਜੀਵ ਆਪਣੀ ਸੁਰਤੀ ਅਨੁਸਾਰ ਆਪਣਾ ਜੀਵਨ ਰਾਹ ਚੁਣ ਲੈਂਦਾ ਹੈ, ਕਰਮ ਕਮਾਉਣ ਲੱਗ ਪੈਂਦਾ ਹੈ ਅਤੇ ਉਸ ਦੇ ਲੇਖ ਲਿੱਖੇ ਜਾਂਦੇ ਹਨ ।[2] ਇਹ ਵਿਸ਼ੇਸ਼ ਸੁਰਤੀ ਕਰਮ ਅਤੇ ਲੇਖ, ਜੀਵ ਨੂੰ ਜੀਵ ਬਣਾਉਂਦੇ ਹਨ । ਸੋ ਜੀਵ ਨੂੰ ਜੀਵ ਬਣਾਉਣ ਵਾਲੀ ਸਭ ਤੋਂ ਪਹਿਲੀ ਚੀਜ਼ ਹੈ ਉਸ ਦੀ ਵਿਸ਼ੇਸ਼ ਸੁਰਤੀ, ਫਿਰ ਵਿਸ਼ੇਸ਼ ਕਰਮ ਅਤੇ ਵਿਸ਼ੇਸ਼ ਲੇਖ, ਤੇ ਫਿਰ ਦਵੈਤ ਜਿਸ ਕਾਰਨ ਹਉਮੈ ਪੈਦਾ ਹੁੰਦੀ ਹੈ ਅਤੇ ਜੀਵ ਆਪਣੇ ਅਸਲੇ ਨੂੰ ਭੁਲ ਕੇ,

---

1. ਕਾਇਆ ਕੋਟੁ ਗੜੈ ਮਹਿ ਰਾਜਾ ਨੇਬ ਖਵਾਸ ਭਲਾ ਦਰਵਾਜਾ ।
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ।"
(ਮਾਰੂ ਮੋਹਲੇ-16, ਪੰਨਾ-1037)

2. ਏਕਾ ਸੁਰਤਿ ਜੇਤੇ ਹੈ ਜੀਅ
ਸੁਰਤਿ ਵਿਹੂਣਾ ਕੋਇ ਨ ਕੀਅ
ਜੇਹੀ ਸੁਰਤਿ ਤੇਹਾ ਤਿਨ ਰਾਹੁ
ਲੇਖਾ ਇਕੋ ਆਵਹੁ ਜਾਹੁ"
(ਸਿਰੀ ਪਦੇ-30, ਪੰਨਾ-24.)

ਅਸਲੇ ਤੋਂ ਇਕ ਪ੍ਰਕਾਰ ਵੱਖ ਹੋਕੇ ਮਾਇਆ ਦੇ ਮੋਹ ਵਿੱਚ ਫੱਸਦਾ ਹੈ ਅਤੇ ਗੁਣਾਂ ਭਰਪੂਰ ਸਰਵ ਸਮਰੱਥ, ਅਸੀਮ ਅਸਲੀਅਤ ਦਾ ਮਾਲਕ ਹੁੰਦਾ ਹੋਇਆ ਵੀ ਔਗੁਣਾਂ ਭਰਪੂਰ, ਨਿਰਸਹਾਏ ਅਤੇ ਸੁਸੀਮ ਹੋ ਜਾਂਦਾ ਹੈ। ਉਪਨਿਸ਼ਦਾਂ ਵਿਚ ਜੀਵ ਦੀ ਅਗਿਆਨਤਾ ਦਾ ਵਰਣਨ ਤਾਂ ਜੀਵ ਵਿੱਚ ਆਤਮਾ, ਤਨ, ਮਨ ਅਤੇ ਇੰਦ੍ਰੀਆਂ ਦੇ ਸਬੰਧਾਂ ਨੂੰ ਸਪਸ਼ਟ ਕਰਨ ਲਈ ਮਿਲਦਾ ਹੈ ਪਰ ਜੀਵ ਦੀ ਵਿਸ਼ੇਸ਼ ਸੁਰਤੀ, ਸੁਰਤੀ ਅਨੁਸਾਰ ਕੀਤੇ ਵਿਸ਼ੇਸ਼ ਕਰਮਾਂ ਅਤੇ ਫਿਰ ਵਿਸ਼ੇਸ਼ ਲੇਖੇ ਦਾ ਵਰਣਨ ਨਹੀਂ ਮਿਲਦਾ। ਇਸੇ ਕਾਰਨ "ਜੀਵ" ਦਾ ਸੰਕਲਪ ਇਨਾਂ ਸਪਸ਼ਟ ਨਹੀਂ ਹੁੰਦਾ। ਉਪਨਿਸ਼ਦਾਂ ਵਿੱਚ ਜੀਵ ਦੀ ਵੱਖਰੀ ਹੋਂਦ ਨੂੰ ਦਰਸਾਉਣ ਲਈ ਜਾਂ ਤਾਂ ਅਵਸਥਾਵਾਂ ਦਾ ਬਿਆਨ ਕੀਤਾ ਗਿਆ ਹੈ। ਅਤੇ ਜਾਂ ਜਿਵੇਂ ਅਸੀਂ ਪਹਿਲਾਂ ਵੇਖਿਆ ਹੈ ਕੋਸ਼ਾਂ ਅਤੇ ਸਰੀਰਾਂ ਦਾ ਵਰਣਨ ਮਿਲਦਾ ਹੈ। ਇਨ੍ਹਾਂ ਦੇ ਬਿਆਨ ਤੋਂ ਜੀਵ ਦੀ ਇਕ ਅਛੂਤੀ ਹੋਂਦ ਦਾ ਅਹਿਸਾਸ ਜ਼ਰੂਰ ਹੋ ਜਾਂਦਾ ਹੈ ਪਰ ਇਸ ਅਛੂਤੇ-ਪਣ ਦਾ ਅਸਲ ਕਾਰਨ ਜੀਵ ਦੇ ਕਰਮ ਅਤੇ ਅਜ਼ਾਦ ਇੱਛਾ ਸ਼ਕਤੀ ਹੀ ਕਹੇ ਗਏ ਹਨ। ਇਹ ਕਰਮ ਕਿਸ ਕਾਰਨ ਹਰ ਜੀਵ ਦੇ ਵੱਖਰੇ ਹੁੰਦੇ ਹਨ, ਇਸ ਬਾਰੇ ਬਹੁਤੀ ਸਪਸ਼ਟ ਵਿਚਾਰ ਨਹੀਂ ਕੀਤੀ ਗਈ। ਜੈਨੀ, ਬੁੱਧ ਅਤੇ ਸਾਂਖ ਅਨੁਸਾਰ ਤਾਂ ਜੀਵ ਅਨਾਦਿ ਕਾਲ ਤੋਂ ਹੀ ਅਨੇਕ ਹਨ, ਨਿਆਏ ਵਿਸ਼ੇਸ਼ਿਕਾ ਵੀ "ਵਿਸ਼ੇਸ਼" ਤੱਤ ਨੂੰ ਹੀ ਜੀਵ ਦਾ ਨਾਮ ਦਿੰਦੇ ਹਨ। ਸੋ ਉਨ੍ਹਾਂ ਅਨੁਸਾਰ ਜੀਵ ਅਤੇ ਈਸ਼ਵਰ ਵਿੱਚ ਭਿੰਨਤਾ ਦਰਸਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਦਾ ਦਰਸ਼ਨ ਅਸਲ ਵਿੱਚ ਜੀਵ ਦੇ, ਸਰਗੁਣ ਸਰੂਪ ਦੀ ਅਨੇਕਤਾ ਤੱਕ ਹੀ ਸੀਮਤ ਹੈ। ਉਹ ਅਸਲ ਅਤੇ ਇਕੋ ਇੱਕ ਨਿਰਗੁਣ ਤੱਕ ਜਾਂਦੇ ਹੀ ਨਹੀਂ।

ਜੀਵ ਵਿੱਚ ਆਤਮਾ, ਤਨ, ਮਨ ਅਤੇ ਇੰਦ੍ਰੀਆਂ ਦੇ ਸਬੰਧਾਂ ਨੂੰ ਸਪਸ਼ਟ ਕਰਨ ਲਈ ਗੁਰੂ ਸਾਹਿਬ ਕੁੱਝ ਦ੍ਰਿਸ਼ਟਾਂਤ ਹੋਰ ਵੀ ਵਰਤਦੇ ਹਨ। ਇਕ ਦ੍ਰਿਸ਼ਟਾਂਤ ਅਨੁਸਾਰ ਤਨ ਇਕ ਹੱਟੀ ਹੈ ਜਿਥੇ ਮਨ ਆਤਮਾ ਰੂਪੀ ਸ਼ਾਹੂਕਾਰ ਕੋਲੋਂ "ਚੇਤਨਾ" ਦਾ ਧੰਨ ਲੈਕੇ ਆਪਣੇ ਗਿਆਨ ਇੰਦ੍ਰੀਆਂ ਰੂਪੀ ਨੌਕਰਾਂ ਰਾਹੀਂ ਚੰਗੇ ਮੰਦੇ ਕਰਮਾਂ ਦਾ ਵਪਾਰ ਕਰਦਾ ਅਤੇ ਚੰਗੇ ਮੰਦੇ ਸੰਸਕਾਰ ਇਕੱਤਰ ਕਰਦਾ ਹੈ।[1] ਇਕ ਹੋਰ ਦ੍ਰਿਸ਼ਟਾਂਤ ਕੇਵਲ, ਮਨ ਅਤੇ ਇੰਦ੍ਰੀਆਂ ਅਤੇ ਸਰੀਰ ਦਾ ਸਬੰਧ ਪ੍ਰਗਟ ਕਰਦਾ ਹੈ। ਇਸ ਅਨੁਸਾਰ ਸਰੀਰ ਇੱਕ ਪ੍ਰਕਾਰ ਦਾ ਦ੍ਰਖੱਤ ਹੈ। ਇਸ ਉਤੇ ਇਕ ਵੱਡਾ ਪੰਛੀ- ਮਨ ਅਤੇ ਪੰਜ ਛੋਟੇ ਪੰਛੀ- ਗਿਆਨ ਇੰਦ੍ਰੀਆਂ ਬੈਠੇ ਹਨ। ਇਹ ਸੰਸਾਰ ਰੂਪੀ ਬਾਗ਼ ਵਿਚੋਂ ਆਪਣੀ ਆਪਣੀ ਚੋਗ ਚੁਗਦੇ ਹਨ। ਜਦੋਂ ਤਾਂ ਇਹ ਪੰਛੀ ਆਪਸ ਵਿੱਚ ਮਿਲਕੇ "ਤੱਤ" ਚੋਗ ਚੁਗਦੇ ਹਨ ਤਾਂ ਜੀਵਨ ਇੱਕ ਸੰਤੁਲਤ ਰੌਅ ਵਿੱਚ ਤੁਰਦਾ ਜਾਂਦਾ ਹੈ ਪਰ ਜਦੋਂ ਇੱਕ ਦੂਜੇ ਦਾ ਕਹਿਣਾ ਮੰਨਣ ਦੀ ਬਜਾਏ ਲਾਲਚ ਵਿੱਚ ਆਕੇ ਆਪੋ ਧਾਪੀ ਕਰਦੇ ਹਨ ਤਾਂ ਮਾਇਆ ਜਾਲ ਵਿੱਚ ਫੱਸ ਜਾਂਦੇ ਹਨ ਅਤੇ ਆਪਣੇ ਆਪ ਨੂੰ ਆਪ ਹੀ ਦੁੱਖੀ ਕਰ ਲੈਂਦੇ ਹਨ।[2]

---

1. ਤਨ ਹਟੜੀ ਇਹ ਮਨ ਵਣਜਾਰਾ, ਨਾਨਕ ਸਹਿਜੇ ਸਚ ਵਪਾਰਾ।

(ਰਾਮਕਲੀ ਸਿਧ ਗੋਸਟਿ-38, ਪੰਨਾ-942.)

2. ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ

-----

ਇਕ ਥਾਂ ਗੁਰੂ ਸਾਹਿਬ ਕਠ ਉਪਨਿਸ਼ਦ ਵਾਲੀ "ਰੱਥ" ਦੀ ਉਪਮਾ ਵੀ ਵਰਤਦੇ ਹਨ ਤੇ ਦੱਸਦੇ ਹਨ ਕਿ ਸਰੀਰ ਇਕ ਰੱਥ ਹੈ ਅਤੇ ਆਤਮਾ ਰਥਵਾਹ ਹੈ।[1] ਭਾਵ ਸਰੀਰ ਇੱਕ ਪ੍ਰਕਾਰ ਦਾ ਵਾਹਣ ਹੈ ਜਿਸ ਰਾਹੀਂ ਆਤਮਾ ਇਸ ਜਗਤ ਵਿੱਚ ਵਿਚਰਦੀ ਹੈ।

ਇਸ ਉਪਮਾ ਨੂੰ ਅਧਾਰ ਮੰਨ ਕੇ ਕਈ ਵਾਰ "ਜੀਵ" ਅਤੇ ਜੀਵ ਆਤਮਾ ਵਿੱਚ ਕੋਈ ਭਿੰਨਤਾ ਨਹੀਂ ਸਮਝੀ ਜਾਂਦੀ।[2] ਪਰ ਇਕੱਲੀ "ਜੀਵ ਆਤਮਾ" ਹੀ "ਜੀਵ" ਨਹੀਂ, ਜਿਵੇਂ ਕਿ ਅਸੀਂ ਪਿਛੇ ਦੇਖ ਹੀ ਚੁੱਕੇ ਹਾਂ। ਇਹ ਗੱਲ ਇਸ ਸੱਤਰ ਤੋਂ ਵੀ ਸਪਸ਼ਟ ਹੁੰਦੀ ਹੈ ਕਿ:-

"ਜੀਉ ਪਿੰਡ ਦੇ ਸਾਜਿਆ "[3]

ਜੀਉ (ਜੀਵ ਆਤਮਾ) ਅਤੇ ਪਿੰਡ (ਸਰੀਰ) ਦੇਕੇ ਕਿਸ ਨੂੰ ਸਾਜਿਆ ਗਿਆ ? ਲਾਜ਼ਮੀ ਤੌਰ ਤੇ ਜੀਵ ਨੂੰ ਜਿਹੜਾ ਸਾਹ ਲੈਂਦਾ ਹੈ। ਜੀਵ, **ਜਿਵ** ਧਾਤੂ ਤੋਂ ਬਣਿਆ ਹੈ ਜਿਸ ਦਾ ਭਾਵ ਹੈ (ਸਾਹ ਲੈਣਾ)। ਕਈ ਵਾਰ ਆਤਮਾ ਨੂੰ ਵੀ ਜੀਵ ਕਹਿ ਦਿੱਤਾ ਜਾਂਦਾ ਹੈ ਕਿਉਂਜੋ ਇਹ ਜੀਵਨ ਦਾ ਸਾਹ ਹੈ। ਜੀਵ ਉਹ ਹੈ ਜਿਸ ਨੇ ਜਨਮ ਧਾਰਿਆ ਹੈ।[4] ਜਦ ਕਿ ਜੀਵ ਆਤਮਾ ਪਰਮਾਤਮਾ ਦੀ ਅੰਸ਼ ਹੈ ਜਿਹੜੀ ਮਾਇਆ ਵਿੱਚ ਆਈ ਹੁੰਦੀ ਹੈ। ਜਿੰਨੀ ਦੇਰ ਜੀਵ ਆਤਮਾ ਦਾ ਨਿਵਾਸ ਸਰੀਰ ਵਿੱਚ ਨਹੀਂ ਹੁੰਦਾ ਉਨੀ ਦੇਰ "ਜੀਵ ਆਤਮਾ" ਵਿਸ਼ਵ ਵਿੱਚ ਕਰਮਸ਼ੀਲ ਨਹੀਂ ਹੋ ਸਕਦੀ।[5] ਜੀਵ ਸਿਰਫ ਉਹੋ ਹੈ ਜਿਹੜਾ ਜਗਤ ਵਿੱਚ ਕਰਮਸ਼ੀਲ ਹੈ।[6] ਫਿਰ ਲੇਖੇ ਤੋਂ ਬਿਨਾਂ ਕੋਈ ਵੀ "ਜੀਵ"

---

---ਤਤੁ ਚੂਹੇ ਮਿਲ ਏਕਸੇ ਤਿਨ ਕਉ ਫਾਸ ਨ ਰੰਚ
ਉਠਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਘਣੀ। (ਰਾਮਕਲੀ ਓਅੰਕਾਰ-33, ਪੰਨਾ-934)

1. ਨਾਨਕ ਮੇਰੁ ਸਰੀਰ ਕਾ ਇਕ ਰਥੁ ਇਕ ਰਥਵਾਹੁ। (ਵਾਰ ਆਸਾ ਸਲੋਕ-ਪੰਨਾ-470.)
2. | ਡਾ: ਦਲੀਪ ਸਿੰਘ ਦੀਪ "ਜਪੁਜੀ ਇਕ ਤੁਲਨਾਤਮਕ ਅਧਿਐਨ" ਪੰਨਾ-93.
   || **Dr. S.S. Kohli.,"Out Lines of Sikh Thought. Page-27**
3. ਸਿਰੀ ਘਰ-3, ਪੰਨਾ-72.
4. ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰ। (ਰਾਮਕਲੀ ਦਖਣੀ ਓਅੰਕਾਰ-ਪੰਨਾ-937)
5. ਪਿੰਡੁ ਪੜੈ ਜੀਉ ਚਲਸੀ ਜੇ ਜਾਣੈ ਕੋਇ। (ਆਸਾ ਅਸਟਪਦੀ-13, ਪੰਨਾ-418)
6. ਜੇਤੇ ਜੀਅ ਲਿਖੀ ਸਿਰਿ ਕਾਰ ਕਰਣੀ ਉਪਰਿ ਹੋਵਗਿ ਸਾਰ।
   (ਬਸੰਤ ਪਦੇ-3, ਪੰਨਾ-1169.)

ਨਹੀਂ ।[1] ਅਤੇ ਲੇਖਾ ਕੇਵਲ ਸਰੀਰ ਵਿੱਚ ਹੁੰਦੇ ਹੀ ਭੁਗਤਿਆ ਅਤੇ ਕਮਾਇਆ ਜਾ ਸਕਦਾ ਹੈ । ਜੀਵ ਆਤਮਾ ਗੁਰੂ ਦੀ ਕਿਰਪਾ ਸਦਕਾ ਇਸ ਲੇਖੇ ਤੋਂ ਮੁਕਤ ਹੋ ਜਾਂਦੀ ਹੈ ਅਤੇ ਫਿਰ ਇਸ ਲਈ ਜ਼ਰੂਰੀ ਨਹੀਂ ਰਹਿ ਜਾਂਦਾ ਕਿ ਇਹ ਸਰੀਰ ਧਾਰ ਕੇ ਜਗਤ ਵਿੱਚ ਆਵੇ । "ਜੀਵ" ਦੀ ਹੋਂਦ ਲਈ ਜੀਵ ਆਤਮਾ ਅਤੇ ਸਰੀਰ ਦੋਹਾਂ ਦਾ ਹੋਣਾ ਲਾਜ਼ਮੀ ਹੈ । ਗੁਰੂ ਸਾਹਿਬ ਜਦੋਂ ਵੀ ਜੀਵ ਬਾਰੇ ਲਿਖਦੇ ਹਨ ਤਾਂ ਜੀਵ ਆਤਮਾ ਅਤੇ ਸਰੀਰ ਬਾਰੇ ਇਕੱਠੀ ਵਿਚਾਰ ਕਰਦੇ ਹਨ । ਜਿਵੇਂ:-

"ਜੀਉ ਪਿੰਡ ਸਭੁ ਤੇਰੈ ਪਾਸਿ"[2]
"ਜੀਉ ਪਿੰਡੁ ਸਭੁ ਤਿਸਦਾ ਸਾਹੁ ਤਿਨੈ ਵਿਚ ਪਾਇਆ "[3]
ਜੀਉ ਪਿੰਡੁ ਸਭੁ ਤਿਸਦਾ"[4]

ਫਿਰ ਇਕ ਹੋਰ ਗੱਲ ਹੈ ਕਿ ਜੇ ਇਕੱਲੀ "ਜੀਵ ਆਤਮਾ" ਹੀ ਜੀਵ ਹੋਵੇ ਤਾਂ ਆਤਮਾ ਦੀ ਅਸਲੀਅਤ ਨੂੰ ਭਾਲਣ ਦਾ ਯਤਨ ਕਰਨ ਦੀ ਲੋੜ ਨਾ ਹੋਵੇ ਕਿਉਂਕਿ "ਆਤਮਾ" ਤਾਂ ਸਵੈ ਸੁਚੇਤਨ ਹੀ ਹੈ । ਸਰੀਰ ਨੂੰ ਚੇਤਨਾ ਦੇਣ ਵਾਲੀ ਵੀ ਆਤਮਾ ਹੀ ਹੈ । ਅਸਲੀਅਤ ਦੀ ਖੋਜ ਕੇਵਲ ਜੀਵ ਹੀ ਕਰ ਸਕਦਾ ਹੈ ਕਿਉਂਕਿ ਇਸ ਦਾ ਨਿਵਾਸ ਸਰੀਰ ਵਿਚ ਹੁੰਦਾ ਹੈ ।[5] "ਸਰੀਰ" ਤੋਂ ਬਿਨਾਂ ਅਸਲੀਅਤ ਦੀ ਖੋਜ ਸੰਭਵ ਨਹੀਂ, ਕਿਉਂਕਿ ਸਰੀਰ ਰਹਿਤ ਜੀਵ ਆਤਮਾ ਕੇਵਲ ਜੀਵ ਆਤਮਾ ਹੀ ਹੁੰਦੀ ਹੈ । "ਜੀਵ" ਨਹੀਂ, ਗੁਰੂ ਸਾਹਿਬ ਲਿਖਦੇ ਹਨ:-

"ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰਸਬਦੀ ਰੰਗ ਮਾਣੀ "[6]

ਮਨ ਅਤੇ ਤਨ ਹੋ ਗਏ ਮਾਇਆ ਦੀ ਰਚਨਾ ਅਤੇ ਇਨਾਂ ਵਿਚ "ਰਵਿ ਰਹਿਆ ਜਗਜੀਵਨੁ" ਹੋ ਗਿਆ ਪਰਮਾਤਮਾ ਦੀ ਅੰਸ਼ ਆਤਮਾ, ਤਾਂ ਫਿਰ "ਗੁਰਸਬਦੀ ਰੰਗ" ਮਾਨਣ ਵਾਲਾ ਕੌਣ ਹੋਇਆ ? ਨਿਸਚਿਤ ਤੌਰ ਤੇ ਜੀਵ । ਇਸੇ ਤਰਾਂ :-

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ।

---

1. ਸਰਬ ਜੀਆ ਸਿਰਿ ਲੇਖੁ ਧੁਰਾਹੁ, ਬਿਨੁ ਲੇਖੈ ਨਹੀਂ ਕੋਇ ਜੀਉ। (ਸੋਰਠਿ ਪਦੇ-11, ਪੰਨਾ-598.)
2. ਸਿਰੀ ਪਦੇ-16, ਪੰਨਾ-20.
3. ਮਾਰੂ ਅਸਟਪਦੀ-5, ਪੰਨਾ-1011.
4. ਵਾਰ ਆਸਾ-5, ਪੰਨਾ-465.
5. ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ । ( ਮਾਰੂ ਅਸਟਪਦੀ-10, ਪੰਨਾ-1012.)
6. ਤੁਖਾਰੀ ਬਾਰਾ ਮਾਹ-14, ਪੰਨਾ-1109.

ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ"[1]

ਜਦੋ ਕਾਇਆ ਹਰੀ ਦਾ ਮਹਲੁ, ਮੰਦਰ, ਘਰ ਹੈ ਜਿਸ ਵਿਚ ਉਸ ਨੇ ਅਪਾਰ "ਜੋਤਿ" ਰੱਖੀ ਹੋਈ ਹੈ ਤਾਂ ਫਿਰ ਇਹ "ਗੁਰਮੁਖਿ" ਕੌਣ ਹੋਇਆ ਜਿਸ ਨੂੰ ਮੇਲਣਹਾਰ ਹਰਿ "ਮਹਲਿ" ਵਿਚ ਬੁਲਾ ਕੇ ਆਪਣੇ ਨਾਲ ਮੇਲ ਲੈਂਦਾ ਹੈ ? ਲਾਜ਼ਮੀ ਤੌਰ ਤੇ "ਜੀਵ" ।

ਸੋ ਨਿਰੀ ਆਤਮਾ "ਜੀਵ" ਨਹੀਂ, ਨਾ ਨਿਰਾ ਸਰੀਰ "ਜੀਵ" ਹੈ । "ਜੀਵ" ਦਾ ਇਕ ਸਿਰਾ ਜੇ ਅਰੂਪ ਪਰਮਾਤਮਾ ਨਾਲ ਜੁੜਦਾ ਹੈ ਤਾਂ ਦੂਜਾ ਸਥੂਲ ਵਿਸ਼ਵ ਨਾਲ ਜੁੜਿਆ ਹੋਇਆ ਹੈ । ਇਹ ਅਰੂਪ ਪਰਮਾਤਮਾ ਦਾ ਵੀ ਇਕ ਅੰਸ਼ ਹੈ ਅਤੇ ਸਰੂਪ ਵਿਸ਼ਵ ਦਾ ਵੀ ਇਕ ਅੰਗ ਹੈ । "ਜੀਵ" ਵਿਚ ਬ੍ਰਹਮ ਵੀ ਹੈ ਅਤੇ ਮਾਇਆ ਵੀ ਹੈ, ਇਕ ਵੀ ਏਕਤਾ ਵੀ ਹੈ ਅਤੇ ਦ੍ਵੈਤ ਵੀ, ਪਰਮਾਤਮਾ ਸਰੂਪੀ ਉਚਤਮ ਆਪਾ ਵੀ ਹੈ - ਅਤੇ ਹਉਮੈ ਵੀ ਹੈ । "ਹਉਮੈ" ਹੀ ਅਸਲ ਵਿੱਚ ਜੀਵ ਦੀ ਪੈਦਾਇਸ਼ ਦਾ ਕਾਰਨ ਹੈ । ਜਿਹੜੀ ਵੀ ਪਰਮਾਤਮਾ ਦੀ "ਅੰਸ਼" ਹਉਮੈ ਵਿੱਚ ਹੈ ਉਹੋ "ਜੀਵ" ਹੈ ।[2] ਭਾਵੇ ਉਹ ਬ੍ਰਹਮਾ ਹੈ, ਭਾਵੇਂ ਬਿਸਨੂ ਹੈ ਭਾਵੇ ਮਹੇਸ਼ ਹੈ ।

ਭਾਵੇਂ ਗੁਰੂ ਸਾਹਿਬ ਨੇ ਉਪਨਿਸ਼ਦਾਂ ਦੇ ਵਿਚਾਰਵਾਨਾਂ ਵਾਂਗ ਜੀਵਾਂ ਨੂੰ ਦੇਵਾਂ, ਮਨੁੱਖਾਂ ਅਤੇ ਅਸੁਰਾਂ ਵਿੱਚ ਨਹੀਂ ਵੰਡਿਆ ਪਰ ਉਨ੍ਹਾਂ ਦੇ "ਜੀਵਾਂ" ਵਿੱਚ ਸਮੁੱਚੀ 84 ਲੱਖ ਜੀਵ ਸਿਰਜਣਾ ਸ਼ਾਮਲ ਹੈ । ਉਨ੍ਹਾਂ ਨੇ ਸੰਸਾਰ ਨੂੰ "ਤ੍ਰਿਲੋਕੀ" ਭਾਵੇਂ ਕਿਹਾ ਹੈ ਪਰ ਤਿੰਨ ਤਰ੍ਹਾਂ ਦੇ ਜੀਵਾਂ ਦਾ ਵਰਣਨ ਨਹੀਂ ਕੀਤਾ । ਉਨ੍ਹਾਂ ਅਨੁਸਾਰ ਜੀਵ ਸਿਰਫ ਦੋ ਤਰ੍ਹਾਂ ਦੇ ਹਨ ਗੁਰਮੁੱਖ ਅਤੇ ਮਨਮੁੱਖ ।[3] ਜਾਂ ਭਗਤ ਅਤੇ ਸੰਸਾਰੀ ।[4] ਇਨ੍ਹਾਂ ਦੋਨਾਂ ਤਰ੍ਹਾਂ ਦੇ ਜੀਵਾਂ ਨੂੰ ਗੁਰੂ ਸਾਹਿਬ ਇੰਜ ਬਿਆਨ ਕਰਦੇ ਹਨ:-

---

1. ਮਲਾਰ ਪਦੇ-5, ਪੰਨਾ-1255.
2. ਹਉਮੈ ਕਰਿ ਕਰਿ ਜੰਤੁ ਉਪਾਇਆ" (ਵਾਰ ਆਸਾ ਸਲੋਕ, ਪੰਨਾ-466.)
3. ਮਨਮੁਖ ਸੋਇਰਾ ਸੇ ਲੂਟੇ, ਗੁਰਮੁਖਿ ਸਾਬਤੁ ਭਾਈ ਹੇ । ( ਮਾਰੂ ਸੋਹਲੇ-5, ਪੰਨਾ-1024.)
4. । ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ" (ਵਾਰ ਮਾਝ)

।। ਸੋਹਨਿ ਭਗਤ ਪ੍ਰਭੂ ਦਰਬਾਰੇ । ਮੁਕਤੁ ਭਏ ਹਰਿ ਦਾਸ ਤੁਮਾਰੇ ।
ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ।
ਈਸਰ ਬ੍ਰਹਮਾ ਦੇਵੀ ਦੇਵਾ । ਇੰਦ੍ਰ ਤਪੇ ਮੁਨਿ ਤੇਰੀ ਸੇਵਾ ।
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ।
ਵਿਣੁ ਜਾਣਾਏ ਕੋਇ ਨ ਜਾਣੈ, ਜੋ ਕਿਛੁ ਕਰੇ ਸੁ ਆਪਣ ਭਾਣੈ ।
ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ । (ਮਾਰੂ ਸੋਹਲੇ-13, ਪੰਨਾ-1034)

"ਮਨਮੁਖੁ ਆਪੁ ਗਣਾਏ ਰੋਵੈ । ਨਾਵਹੁ ਭੁਲਾ ਠਉਰ ਨ ਪਾਏ ।
ਆਇ ਜਾਇ ਦੁਖੁ ਪਾਇਦਾ ।
ਨਿਰਮਲ ਕਾਇਆ ਊਜਲ ਹੰਸਾ । ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ।
ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਹੁੜਿ ਦੂਖੁ ਨ ਪਾਇਦਾ ।[1]

ਮਨਮੁੱਖ ਵਿਅਕਤੀ ਤਾਂ ਹਉਮੈ ਵਿਚ ਭਰੇ ਹੁੰਦੇ ਹਨ ਅਤੇ ਉਹ ਆਪਣੇ ਆਪ ਨੂੰ ਹੀ ਗਿਣਾਂਦੇ ਰਹਿੰਦੇ ਹਨ । ਉਹ ਪਰਮਾਤਮਾ ਦੇ ਨਾਮ ਨੂੰ ਭੁਲ ਗਏ ਹੁੰਦੇ ਹਨ, ਆਪਣੀ ਮਹਾਨ ਅਸਲੀਅਤ ਤੋਂ ਭੁੱਲ ਗਏ ਹੁੰਦੇ ਹਨ । ਇਸ ਕਾਰਨ ਉਨ੍ਹਾਂ ਦਾ ਸੰਸਾਰ ਵਿੱਚ ਆਵਣ ਜਾਣ ਹੀ ਬਣਿਆ ਰਹਿੰਦਾ ਹੈ ਕਿਉਂਜੋ ਉਹ ਆਪਣੇ ਸ਼ਿਖਰ, ਅਜੂਨੀ ਆਪੇ ਵਿੱਚ ਸਮਾਂ ਸਕਣ ਤੋਂ ਅਸਮਰੱਥ ਹੋ ਜਾਂਦੇ ਹਨ ।

ਦੂਜੀ ਕਿਸਮ ਦੇ ਗੁਰਮੁੱਖ ਜੀਵਾਂ ਦੀ ਕਾਇਆ ਸ਼ੁਭ ਕਰਮਾਂ ਕਾਰਨ ਨਿਰਮਲ ਹੋ ਗਈ ਹੁੰਦੀ ਹੈ ਅਤੇ ਮਨ ਸ਼ੁਭ ਗੁਣਾਂ ਸਦਕਾ ਉਜੱਲ ਹੰਸ ਸਰੂਪ ਹੋ ਗਿਆ ਹੁੰਦਾ ਹੈ । ਇਸ ਉਜਲੇ ਹੰਸ ਵਿਚ ਨਿਰਗੁਣ ਬ੍ਰਹਮ ਦੀ ਅੰਸ਼ "ਨਾਮ" ਵਿਆਪ ਰਿਹਾ ਹੁੰਦਾ ਹੈ । ਉਹ ਆਪਣੇ ਸਾਰੇ ਦੁੱਖਾਂ ਨੂੰ ਅੰਮ੍ਰਿਤ ਕਰਕੇ, ਪੀ ਜਾਂਦਾ ਹੈ, ਪਰਮਾਤਮਾ ਦਾ ਭਾਣਾ ਕਰਕੇ ਜਰ ਜਾਂਦਾ ਹੈ ਤੇ ਫਿਰ ਉਸ ਦੇ ਦੁੱਖ ਹਮੇਸ਼ਾਂ ਲਈ ਖਤਮ ਹੋ ਜਾਂਦੇ ਹਨ । ਕਿਉਂਜੋ ਉਹ ਆਪਣੇ ਸ਼ਿਖਰ ਅਤੇ ਅਜੂਨੀ ਆਪੇ ਵਿੱਚ ਸਮਾ ਜਾਂਦਾ ਹੈ ।

## ਬ੍ਰਹਮ ਨੇ ਜੀਵ ਦੀ ਰਚਨਾ ਕਿਉਂ ਕੀਤੀ ?

ਬ੍ਰਹਮ ਨੇ ਜੀਵਾਂ ਦੀ ਰਚਨਾ ਕਿਉਂ ਕੀਤੀ ? ਇਸ ਰਹਸ ਨੂੰ ਬ੍ਰਹਮ ਗਿਆਨੀਆਂ ਨੇ ਵੱਖ ਵੱਖਰੀ ਤਰਾਂ ਖੋਲਿਆ ਹੈ । ਰਿਗ ਵੇਦ ਅਨੁਸਾਰ ਨਿਰਗੁਣ ਬ੍ਰਹਮ ਦੇ ਅਨੰਤ ਪਾਣੀਆਂ ਵਿੱਚ ਤੈਰਦੇ ਬ੍ਰਹਮ- ਅੰਡ ਵਿਚ "ਇਛਾ" ਦਾ ਪ੍ਰਵੇਸ਼ ਹੋਣ ਨਾਲ ਅੰਦਰ ਤਪਸ਼ ਪੈਦਾ ਹੋ ਗਈ । ਇਸ ਤਪਸ਼ ਨਾਲ ਇੱਛਾ ਆਪਣਾ ਪੂਰਨ ਰੂਪ ਧਾਰਨ ਕਰਦੀ ਗਈ ਅਤੇ ਆਖਰ ਵਿੱਚ ਆਂਡਾਂ ਫੁੱਟ ਗਿਆ ਅਤੇ ਸਮੁੱਚੀ ਸਿਰਜਨਾ ਹੋਂਦ ਵਿੱਚ ਆ ਗਈ ।[2] ਬ੍ਰਿਹਦਆਰਣਿਕ ਉਪਨਿਸ਼ਦ ਅਨੁਸਾਰ ਜਦੋਂ "ਪਰਜਾਪਤੀ" ਇਕਲਤਾ ਤੋਂ ਉਕਤਾ ਗਿਆ ਤਾਂ ਉਸ ਨੇ ਇਕ ਤੋਂ ਅਨੇਕ ਹੋਣ ਦੀ ਇਛਾ ਕੀਤੀ । ਇਸ ਉਦੇਸ਼ ਲਈ ਉਸ ਨੇ ਆਪਣੇ ਆਪ ਨੂੰ "ਨਰ" ਅਤੇ "ਮਾਤਾ" ਦੇ ਸ਼ਕਤੀ ਰੂਪਾਂ ਵਿੱਚ ਵਿਭਾਜਤ ਕਰ ਲਿਆ ਅਤੇ ਸਾਰੀ

---

1. ਮਾਰੂ ਸੋਹਲੇ-14 , ਪੰਨਾ-1034.
2. Rig Vėda - Nasadya Sukat.

ਸਿਰਜਨਾ ਕਰ ਦਿੱਤੀ ।[1] ਸਾਂਖ ਅਨੁਸਾਰ ਜਦੋਂ ਪੁਰਖ ਨੂੰ ਕੈਵਲਯਾਰਥਮ (ਮੁਕਤੀ ਪ੍ਰਾਪਤੀ) ਦਾ ਅਤੇ ਪ੍ਰਕ੍ਰਿਤੀ ਨੂੰ ਦਰਸ਼ਨਾਰਥਮ (ਸਵੈ-ਪ੍ਰਗਟਾਵੇ ਦੀ) ਇਛਾ ਹੁੰਦੀ ਹੈ ਤਾਂ ਦੋਨਾਂ ਦਾ ਮੇਲ ਹੋ ਜਾਂਦਾ ਹੈ ਅਤੇ ਜੀਵ ਸਿਰਜਨਾ ਹੋ ਜਾਂਦੀ ਹੈ ।[2] ਨਿਆਏ ਅਤੇ ਵੈਸ਼ੇਸਕਾ ਅਨੁਸਾਰ ਬ੍ਰਹਮ ਦੀ ਇਛਾ ਹੁੰਦੀ ਹੈ ਤਾਂ ਉਹ ਅਮਰ ਅਣੂਆਂ ਖਲਾ, ਸਮਾਂ, ਅਕਾਸ਼, ਮਨਾਂ ਅਤੇ ਆਤਮਾਵਾਂ ਨੂੰ ਇਕ ਤਰਤੀਬ ਸਿਰ ਕਰਕੇ ਸਿਰਜਨਾ ਕਰ ਦਿੰਦਾ ਹੈ ।[3] ਜੈਨੀ ਜੀਵ ਸਿਰਜਨਾ ਦਾ ਕੋਈ ਕਾਰਨ ਨਹੀਂ ਮੰਨਦੇ ਕਿਉਂਜੋ ਇਨ੍ਹਾਂ ਅਨੁਸਾਰ ਵਿਸ਼ਵ ਅਤੇ ਜੀਵ ਅਨਾਦਿ ਹਨ ।[4] ਇੰਜ ਜੀਵ ਦੀ ਸਿਰਜਨਾ ਦਾ ਕਾਰਨ ਮੰਨਣ ਵਾਲੇ ਸਾਰੇ ਹੀ ਇਸ ਗੱਲ ਨਾਲ ਸਹਿਮਤ ਹਨ ਕਿ ਬ੍ਰਹਮ ਨੇ ਜੀਵ ਦੀ ਸਿਰਜਨਾ "ਇਛਾ" ਕਾਰਨ ਕੀਤੀ ।

ਗੁਰੂ ਨਾਨਕ ਦੇਵ ਜੀ ਇਸ ਗੱਲ ਨੂੰ ਹੋਰ ਤਰ੍ਹਾਂ ਪੇਸ਼ ਕਰਦੇ ਹਨ । ਉਨ੍ਹਾਂ ਦਾ ਮਤ ਹੈ ਕਿ ਬ੍ਰਹਮ ਹਮੇਸ਼ਾਂ ਆਨੰਦ ਵਿਚ ਰਹਿੰਦਾ ਹੈ ਤੇ ਆਪਣੇ ਆਪ ਨੂੰ ਆਪ ਹੀ ਉਪਾ ਉਪਾ ਕੇ ਖੁਸ਼ ਹੁੰਦਾ ਰਹਿੰਦਾ ਹੈ ਤੇ ਜਦੋਂ ਉਸ ਨੂੰ ਚੰਗਾ ਲਗਦਾ ਹੈ ਤਾਂ ਉਹ ਸਿਰਜਨਾ ਕਰ ਦਿੰਦਾ ਹੈ ।[5] ਇਹ ਇਕ ਤਰ੍ਹਾਂ ਨਾਲ ਉਸ ਦਾ ਆਪਣੀ ਖੁਸ਼ੀ ਲਈ ਰਚਿਆ ਖੇਲ ਹੈ ।[6] ਜਿਸ ਨੂੰ ਉਹ ਆਪਣੇ ਉੱਚੇ ਆਸਣ ਤੇ ਬੈਠਾ ਦੇਖਦਾ ਹੈ ਅਤੇ ਦੇਖ ਦੇਖ ਕੇ ਖੁਸ਼ ਹੁੰਦਾ ਹੈ ।[7]

ਇਹ "ਖੇਲ" ਕਿਸ ਤਰ੍ਹਾਂ ਦਾ ਹੈ ? ਬ੍ਰਹਮ ਆਪਣੇ ਆਪ ਨੂੰ ਹੀ ਮਾਇਆ ਵਿਚ ਛੁਪਾ ਲੈਂਦਾ ਹੈ । ਫਿਰ ਜੀਵ ਰੂਪ ਵਿਚ ਅਗਿਆਨੀ ਬਣਕੇ ਮੁੜ ਆਪਣੇ ਆਪ ਨੂੰ ਪਛਾਣਨ ਦੀ ਖੁਸ਼ੀ ਲੈਂਦਾ ਹੈ ।[8]

---

1. Brih. Up. i,2,14.
2. i Vide Karika and Kaumudi 21-41.
   ii Pravacana- Bhasya and Vrtti 1. 64-72,2. 10-32.
3. i Nyaya - Sutat. 4. 1. 19-21; Vaisesika Sut. 2.1., 17-19.
4. Nyayavatara Verse 31 and Drevya Sangraha Verse. 2.
5. ਜਾ ਤਿਸੁ ਭਾਣਾ ਤਾ ਜਗਤੁ ਉਪਾਇਆ । (ਮਾਰੂ ਸੋਹਲੇ -15, ਪੰਨਾ-1036)
6. ਜਗਤ ਉਪਾਇ ਖੇਲੁ ਰਚਾਇਆ । (ਮਾਰੂ ਸੋਹਲੇ -11, ਪੰਨਾ-1031)
7. i ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ । (ਵਾਰ ਆਸਾ-1, ਪੰਨਾ-463.)
   ii ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ। (ਜਪੁਜੀ-27, ਪੰਨਾ-6.)
8. i ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੇ । (ਤੁਖਾਰੀ ਛੰਤ-3, ਪੰਨਾ-1111)
   ii ਜਿਨਿ ਆਪੇ ਆਪੁ ਉਪਾਇ ਪਛਾਤਾ । (ਮਾਰੂ ਸੋਹਲੇ-6, ਪੰਨਾ-1025)
   iii ਆਪੀਨੈ ਆਪੁ ਸਾਜਿ ਆਪੁ ਪਛਾਣਿਆ । (ਵਾਰ ਮਲਾਰ-1, ਪੰਨਾ -1279)

ਇਸ ਤਰਾਂ ਜੀਵ ਸਿਰਜਨਾ ਵਿੱਚ ਬ੍ਰਹਮ ਦੀ ਤਿਹਰੀ ਖੁਸ਼ੀ ਹੈ:-

1. ਉਸਨੂੰ ਖੁਸ਼ੀ ਹੁੰਦੀ ਹੈ ਤਾਂ ਜੀਵਾਂ ਦੀ ਸਿਰਜਨਾ ਕਰਦਾ ਹੈ ।
2. ਫਿਰ ਇਸ ਸਿਰਜਨਾ ਨੂੰ ਵੇਖ ਵੇਖ ਕੇ ਖੁਸ਼ ਹੁੰਦਾ ਹੈ ।
3. ਫਿਰ ਇਸ ਸਿਰਜਨਾ ਦੇ ਭੁਲੇਵੇਂ ਵਿਚੋਂ ਨਿਕਲਕੇ ਆਪਣੇ ਆਪ ਨੂੰ ਮੁੜ ਪਛਾਣ ਕੇ ਆਨੰਦਤ ਹੁੰਦਾ ਹੈ।

ਇੰਜ ਗੁਰੂ ਸਾਹਿਬ ਜੀਵ ਰਚਨਾ ਦਾ ਕਾਰਨ ਬ੍ਰਹਮ ਦੀ ਰਜ਼ਾ ਜਾਂ ਖੁਸ਼ੀ ਨੂੰ ਮੰਨਦੇ ਹਨ ਇਛਾ ਨੂੰ ਨਹੀਂ ।

## ਜੀਵ ਰਚਨਾ ਕਿਵੇਂ ਕੀਤੀ ?

ਜੀਵ ਰਚਨਾ ਕਿਵੇਂ ਕੀਤੀ ? ਇਸ ਬਾਰੇ ਵੀ ਕਾਫੀ ਵਿਚਾਰਧਾਰਾਵਾਂ ਹਨ । ਰਿਗ ਵੇਦ ਵਿਚ ਇਸ ਬਾਰੇ ਦੋ ਧਾਰਾਵਾਂ ਹਨ । ਇੱਕ ਵਿਚਾਰਧਾਰਾ ਤਾਂ ਇਹ ਹੈ ਕਿ ਪੁਰਸ਼ ਵਿਚੋਂ ਵੀਰਜ (ਮਾਦਾ ਤੱਤ) ਪੈਦਾ ਹੋਇਆ । ਇਸ ਵੀਰਜ ਵਿਚੋਂ ਫਿਰ ਪੁਰਸ਼ ਪੈਦਾ ਹੋਇਆ । ਦੇਵਤਿਆਂ ਨੇ ਇਸ ਪੁਰਸ਼ ਦੀ ਕੁਰਬਾਨੀ ਕਰਕੇ ਸਿਰਜਨਾ ਕਰ ਦਿੱਤੀ ।[1] ਦੂਜੀ ਵਿਚਾਰਧਾਰਾ ਅਨੁਸਾਰ ਬ੍ਰਹਮ ਅੰਤ ਵਿੱਚ ਇੱਛਾ ਦੇ ਦਾਖਲ ਹੋਣ ਨਾਲ ਸਿਰਜਨਾ ਤਾਕਤ (Creative Power ) ਅਤੇ ਇੱਛਾ ਸ਼ਕਤੀ (Fertile Power ) ਪੈਦਾ ਹੋਈ । ਇਨਾਂ ਦੋਨਾਂ ਦੇ ਮੇਲ ਨਾਲ ਸਿਰਜਨਾ ਹੋ ਗਈ।[2] ਸੱਤਪਥ ਬ੍ਰਾਹਮਣ ਵਿੱਚ ਇਕ ਹੋਰ ਵਿਚਾਰ ਆਉਂਦਾ ਹੈ । ਇਸ ਅਨੁਸਾਰ - ਅਰੰਭ ਵਿਚ ਪਰਜਾਪਤੀ ਇਕੱਲਾ ਸੀ । ਉਸ ਨੇ ਸੋਚਿਆ ਮੈਂ ਇਕ ਤੋਂ ਅਨੇਕ ਹੋ ਜਾਵਾਂ । ਫਿਰ ਉਸਨੇ ਬਹੁਤ ਮਿਹਨਤ ਕੀਤੀ । ਜੱਗ ਕੀਤੇ ਅਤੇ ਜੀਵਾਂ ਦੀ ਸਿਰਜਨਾ ਕਰ ਦਿੱਤੀ ।[3]

ਮਿਹਨਤ ਕਰਕੇ ਸਿਰਜਨਾ ਕਰਨ ਦਾ ਸਿਧਾਂਤ ਇਸਾਈ[4] ਅਤੇ ਯਹੂਦੀ[5] ਮੱਤ ਵਿੱਚ ਵੀ ਅਪਣਾਇਆ ਗਿਆ ਹੈ । ਭਾਵੇਂ ਵਿਚਾਰਧਾਰਾਵਾਂ ਵਿੱਚ ਭਿੰਨਤਾ ਹੈ । ਇਨਾਂ ਅਨੁਸਾਰ ਰੱਬ ਨੇ

6

1. Rig Veda - Purus Sukat.
2. Rig Veda- Nasadya Sukat.
3. Satpath Brahman ii, 5, i, 1-3.
4. New Testament- Gospel of St. John. 1-18.
5. Old Testament- Genesis 2: 7, 1. 1, 1.

ਸ਼ਬਦ ਨਾਲ ਸਿਰਜਣਾ ਕੀਤੀ । ਸਿਰਜਣਾ ਕਰਨ ਲਈ ਰੱਬ ਨੇ ਛੇ ਦਿਨ ਸਖ਼ਤ ਮਿਹਨਤ ਕੀਤੀ । ਪਹਿਲੇ ਪੰਜਾਂ ਦਿਨਾਂ ਵਿੱਚ ਸਾਰੀ ਦੁਨੀਆਂ ਸਾਜੀ ਗਈ, ਛੇਵੇਂ ਦਿਨ ਰੱਬ ਨੇ ਮਨੁੱਖ ਦੀ ਸਿਰਜਣਾ ਕੀਤੀ ਅਤੇ ਸੱਤਵੇਂ ਦਿਨ ਅਰਾਮ ਕੀਤਾ । ਮਨੁੱਖ ਬਨਾਉਣ ਲਈ ਪਹਿਲਾਂ ਰੱਬ ਨੇ ਧਰਤੀ ਦੀ ਮਿੱਟੀ ਨਾਲ ਆਦਮੀ ਦੀ ਸ਼ਕਲ ਬਣਾਈ ਅਤੇ ਫਿਰ ਉਸ ਦੀਆਂ ਨਾਸਾਂ ਵਿੱਚ ਜੀਵਨ ਦੇ ਸਾਹਾਂ ਦੀ ਫੂਕ ਮਾਰੀ ਅਤੇ ਆਦਮੀ ਜੀਵਤ ਜੀਵ ਬਣ ਗਿਆ । ਸਾਂਖ[1] ਅਨੁਸਾਰ ਪ੍ਰਕ੍ਰਿਤੀ ਪੁਰਸ਼ ਵੱਲ ਖਿੱਚੀ ਗਈ ਅਤੇ ਉਸ ਨੇ ਪੁਰਸ਼ ਦੇ ਸਾਹਮਣੇ ਨੱਚਣਾ ਸ਼ੁਰੂ ਕਰ ਦਿੱਤਾ । ਪੁਰਸ਼ ਭਰਮ ਗਿਆ ਅਤੇ ਪ੍ਰਕ੍ਰਿਤੀ ਵੱਲ ਖਿੱਚਿਆ ਗਿਆ । ਦੋਹਾਂ ਦੇ ਮੇਲ ਨਾਲ ਅਜਿਹੀ ਸ਼ਕਤੀ ਪੈਦਾ ਹੋਈ ਕਿ ਜੀਵ ਰਚਨਾ ਹੋ ਗਈ ।

ਮੁੰਡਕ ਉਪਨਿਸ਼ਦ ਵਿੱਚ ਦਸਿਆ ਗਿਆ ਹੈ ਕਿ ਬ੍ਰਹਮ ਵਿਚੋਂ ਜੀਵਾਂ ਦੀ ਸਿਰਜਣਾ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਮੱਕੜੀ ਆਪਣਾ ਜਾਲ ਬੁਣਦੀ ਹੈ, ਜਿਵੇਂ ਸਿਰ ਉਤੇ ਵਾਲ ਉੱਗ ਆਉਂਦੇ ਹਨ, ਜਿਵੇਂ ਅੱਗ ਵਿਚੋਂ ਚੰਗਿਆੜੇ ਨਿਕਲਦੇ ਹਨ ।[2]

ਗੁਰੂ ਸਾਹਿਬ ਨੇ ਸਿਰਜਣਾ ਹੋਣ ਦੇ ਕ੍ਰਮ ਨਾਲ ਸਬੰਧਤ ਦੋ ਸ਼ਬਦ ਵਰਤੇ ਹਨ । ਇਕ ਤਾਂ ਇਹ ਕਿ ਕਵਾਓ[3] (ਧਵਨੀ) ਨਾਲ ਸਾਰਾ ਪਾਸਾਰ ਕਰ ਦਿੱਤਾ । ਦੂਜਾ ਸ਼ਬਦ ਹੈ ਕਿ "ਹੁਕਮ" ਨਾਲ ਸਾਰੇ ਜੀਵ ਪੈਦਾ ਕਰ ਦਿੱਤੇ ।[4] ਬ੍ਰਹਮ ਨੇ ਨਰ ਤੱਤ ਦੀ ਬਿੰਦ ਅਤੇ ਮਾਦਾ ਤੱਤ ਦੀ ਰਕਤ (**Fertile power**) ਅਤੇ (**Creative Power**) ਦੇ ਮੇਲ ਨਾਲ ਸਰੀਰ ਦੀ ਨੀਂਹ ਧਰੀ ਅਤੇ ਪਉਣ ਪਾਣੀ ਅਗਨੀ ਦੇ ਮੇਲ ਨਾਲ ਇਸ ਨੂੰ ਪੂਰਨ ਕਰਕੇ ਜੀਵ ਆਤਮਾ ਨੂੰ ਅੰਦਰ ਪਾ ਦਿੱਤਾ । ਇਸ ਨੂੰ ਜੀਵਤ ਕਰਨ ਵਾਲਾ "ਜੀਅ" ਆਤਮਾ ਅਸਲ ਵਿੱਚ ਪਰਮਾਤਮਾ ਦੀ ਆਪਣੀ ਅੰਸ਼ ਹੈ ।[5]

ਜਦੋਂ ਜੀਵ "ਗਰਭ ਕੁੰਡਲ" ਵਿੱਚ ਹੀ ਹੁੰਦਾ ਹੈ ਤਾਂ ਇਹ ਪੁੱਠਾ ਲਟਕ ਰਿਹਾ ਹੁੰਦਾ ਹੈ ਅਤੇ ਆਪਣੇ ਆਪ ਵਿਚ ਹੀ ਮਗਨ ਹੁੰਦਾ ਹੈ । ਉਸ ਨੂੰ ਆਪਣੀ ਅਸਲੀਅਤ ਦੀ ਸਾਰੀ ਸੋਝੀ ਹੁੰਦੀ ਹੈ ।

---

1. i Karrika and Kaumudi 21. 41.

   ii **Pravacana Bhasya** 64. 74.
2. Mund. Up. 1. 1. 7.
3. ਕੀਤਾ ਪਸਾਉ ਏਕੋ ਕਵਾਉ ਤਿਸ ਤੇ ਹੋਏ ਲਖ ਦਰਿਆਉ । (ਜਪੁਜੀ-16, ਪੰਨਾ-3.)
4. ਹੁਕਮੀ ਹੋਵਨਿ ਜੀਆ । (ਜਪੁਜੀ-2, ਪੰਨਾ-1.)
5. । ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ਪਉਣੁ ਪਾਣੀ ਅਗਨੀ ਮਿਲਿ ਜੀਆ ।

   ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ।

   (ਮਾਰੂ ਸੋਹਲੇ-7, ਪੰਨਾ-1026.)

ਫਿਰ ਇੱਕ ਨਿਸ਼ਚਿਤ ਅਵਧੀ ਬਾਅਦ ਜੀਵ ਚਾਰ ਪਦਾਰਥ - ਧਰਮ, ਅਰਥ, ਕਾਮ, ਮੋਕਸ਼ ਲੈਕੇ ਜਗਤ ਵਿੱਚ ਪੈਦਾ ਹੋ ਜਾਂਦਾ ਹੈ। ਹੁਣ ਉਸਦਾ ਵਾਸ ਮਾਇਆ ਦੇ ਘਰ ਵਿੱਚ ਹੋ ਜਾਂਦਾ ਹੈ। ਇਥੇ ਆਕੇ ਜੇ ਜੀਵ ਚਾਰ ਪਦਾਰਥਾਂ ਵਿਚੋਂ ਇਕ ਦਾ ਵੀ ਤਿਆਗ ਕਰੇ ਤਾਂ ਜੀਵਨ ਦੇ ਪਿੜ ਵਿੱਚ ਹਾਰ ਜਾਂਦਾ ਹੈ। ਪਰ ਮਾਇਆ ਦੇ ਮੋਹ ਵਿੱਚ ਫੱਸ ਕੇ ਜੀਵ "ਧਰਮ" ਪਦਾਰਥ ਨੂੰ ਵਿਸਰ ਜਾਂਦਾ ਹੈ ਅਤੇ ਕੁਕਰਮ ਕਮਾਉਣ ਲੱਗ ਪੈਂਦਾ ਹੈ। ਇਸ ਕਾਰਣ ਉਹ ਜੀਮਣ ਮਰਣ ਦੇ ਚੱਕਰ ਵਿੱਚ ਫੱਸ ਜਾਂਦਾ ਹੈ।[1]

ਇੱਕ ਵਿਚਾਰ ਇਹ ਹੈ ਕਿ ਪਰਮਾਤਮਾ ਨੇ ਹਉਮੈ ਪੈਦਾ ਕਰਕੇ ਸਾਰੀ ਜੀਵ ਸਿਰਜਨਾ ਕਰ ਦਿੱਤੀ।[2] ਇਸ ਤਰ੍ਹਾਂ ਜੀਵ ਸਿਰਜਨਾ ਕਰਨ ਲਈ ਬ੍ਰਹਮ ਇਕ "ਧਵਨੀ" ਨਾਲ ਹੁਕਮ ਕਰਕੇ ਹਉਮੈ ਪੈਦਾ ਕਰ ਦਿੰਦਾ ਹੈ ਅਤੇ ਫਿਰ ਵਿਕਾਸ ਕ੍ਰਮ ਅਨੁਸਾਰ ਅਨੇਕ ਪ੍ਰਕਾਰ ਦੀਆਂ ਸੁਰਤੀਆਂ ਅਨੁਸਾਰ ਸਿਰਜਨਾ ਹੋ ਜਾਂਦੀ ਹੈ।

## ਜੀਵ ਆਤਮਾ ਕੀ ਹੈ ?

ਜੀਵ ਆਤਮਾ ਕੀ ਹੈ ? ਇਹ ਇਕ ਅਜਿਹਾ ਸੁਆਲ ਹੈ ਜਿਸ ਬਾਰੇ ਵੇਦਾਂਤ ਦੇ ਵਿਦਵਾਨਾਂ ਵਿੱਚ ਵੀ ਆਪਸੀ ਮੱਤ ਭੇਦ ਹੈ। ਸ਼ੰਕਰਾਚਾਰੀਯ ਦਾ ਮਤ ਹੈ ਕਿ "ਆਤਮਾ" ਪਰਮਾਤਮਾ ਹੈ। ਜੀਵ ਆਤਮਾਵਾਂ ਦੀ ਅਨੇਕਤਾ ਮਾਇਆ ਕਾਰਨ ਹੈ। ਮਾਇਆ ਕਾਰਨ ਇਕੋ ਬ੍ਰਹਮ ਅਨੇਕ ਰੂਪਾਂ ਵਿੱਚ ਨਜ਼ਰ ਆ ਰਿਹਾ ਹੈ।[3] ਰਾਮਾਨੁਜ ਦਾ ਵਿਚਾਰ ਹੈ ਕਿ ਜੀਵ ਆਤਮਾ ਪਰਮਾਤਮਾ ਨਹੀਂ ਸਗੋਂ ਇਸ ਦੀ ਇਕ ਅੰਸ਼ ਹੈ। ਇਸ ਲਈ ਆਤਮਾ ਵਿੱਚ ਭਾਵੇਂ ਪਰਮਾਤਮਾ ਵਾਲੇ ਸਾਰੇ ਗੁਣ ਹਨ ਪਰ ਉਹ ਵਿਭਿੰਨਤਾ ਵੀ ਹੈ ਜਿਹੜੀ "ਸਮੁੱਚੇ" ਅਤੇ "ਅੰਸ਼" ਵਿਚ ਹੁੰਦੀ ਹੈ।[4]

---

1. ਗਰਭ ਕੁੰਡਲ ਮਹਿ ਉਰਧ ਧਿਆਨੀ, ਆਪੇ ਜਾਣੈ ਅੰਤਰਜਾਮੀ।
   ਸਾਸਿ ਸਾਸਿ ਸਚੁ ਨਾਮੁ ਸਮਾਲੇ, ਅੰਤਰਿ ਉਦਰ ਮਝਾਰਾ ਹੇ।
   ਚਾਰ ਪਦਾਰਥ ਲੈ ਜਗਿ ਆਇਆ, ਸਿਵ ਸਕਤੀ ਘਰ ਵਾਸਾ ਪਾਇਆ।
   ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੇ ਨਾਮ ਵਿਸਾਰਾ ਹੇ।

   (ਮਾਰੂ ਸੋਹਲੇ -7, ਪੰਨਾ-1026-27.)
2. ਹਉਮੈ ਵਿਚ ਜਗੁ ਉਪਜੈ ਪੁਰਖਾ। (ਰਾਮਕਲੀ ਸਿਧ ਗੋਸਟਿ, ਪੰਨਾ-976)
3. ਸ਼ੰਕਰਾਚਾਰੀਆ ਦਾ ਬ੍ਰਿਹਦਆਰਣਿਕ ਉਪਨਿਸ਼ਦ ਦੇ ਮੰਤ੍ਰ "ਇੰਦਰੋ ਮਾਇਆਭੀਹ ਪੁਰੁ ਰਪਾਇਤੇ" ਦਾ ਟੀਕਾ।
4. ਬਾਦਰਾਇਣ ਦੇ ਸੂਤਰ ਤੇ ਕੀਤੀ ਰਾਮਾਨੁਜ ਦੀ ਟੀਕਾਕਾਰੀ, 2. 3. 42.

ਸਾਂਖ ਅਨੁਸਾਰ "ਸ਼ੁਧ ਚੇਤਨ" ਆਤਮ (ਪੁਰਸ਼) ਹੈ ਅਤੇ ਇਹ ਅਨੇਕ ਅਤੇ ਅਨਾਦਿ ਹਨ। ਇਸ ਮੱਤ ਦੀ ਦਲੀਲ ਹੈ ਕਿ ਜੇ ਆਤਮਾਵਾਂ ਅਨੇਕ ਨਾ ਹੋਣ ਤਾਂ ਇਕ ਦੇ ਜੰਮਣ ਨਾਲ ਸਭ ਦਾ ਜਨਮ ਹੋ ਜਾਂਦਾ ਅਤੇ ਇੱਕ ਦੇ ਮਰਨ ਨਾਲ ਸਭ ਦੀ ਮੌਤ ਹੋ ਜਾਂਦੀ। ਪਰ ਉਪਨਿਸ਼ਦਾਂ ਵਿੱਚ ਸਪਸ਼ਟ ਤੌਰ ਤੇ ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਦਰਸਾਈ ਗਈ ਹੈ ਅਤੇ "ਤੱਤ ਤੁਅੰਗ ਅਸੀ " "ਅਹਮ ਬ੍ਰਹਮ ਅਸਮੀ" ਦੇ ਮੁਖਵਾਕ ਉਚਾਰੇ ਗਏ ਹਨ।

ਗੁਰੂ ਨਾਨਕ ਦੇਵ ਜੀ ਆਤਮਾ ਨੂੰ ਪਰਮਾਤਮਾ ਵੀ ਕਹਿੰਦੇ ਹਨ ਜਿਵੇਂ :-

"ਆਤਮ ਰਾਮ ਰਾਮ ਹੈ ਆਤਮ"[1]
"ਤਤੁ ਨਿਰੰਜਨ ਜੋਤਿ ਸਬਾਈ ਸੋਹੰ ਭੇਦ ਨਾ ਕੋਈ ਜੀਉ"[2]

ਜਾਂ:-

"ਏਹੀ ਅੰਦਰਿ ਨਾਮੁ ਨਿਵਾਸੀ
ਆਪੇ ਕਰਤਾ ਹੈ ਅਬਿਨਾਸੀ"[3]

ਪਰ ਕਈ ਥਾਂ ਤੇ ਜਾਪਦਾ ਹੈ ਕਿ ਆਤਮਾਂ ਅਤੇ ਪਰਮਾਤਮਾ ਵਿੱਚ ਕੋਈ ਭਿੰਨਤਾ ਹੈ। ਜਿਵੇਂ:-

"ਆਤਮ ਚੀਨਹੁ ਰਿਦੈ ਮੁਰਾਰੀ"[4]
"ਆਤਮ ਚੀਨਿ ਪਰਾਤਮੁ ਚੀਨਹੁ"[5]

ਭਾਵ "ਆਤਮਾ" ਨੂੰ ਖੋਜੀਏ ਤਾਂ ਇਸ ਵਿਚੋਂ "ਪਰਮਾਤਮਾ" ਪ੍ਰਾਪਤ ਹੁੰਦਾ ਹੈ। ਪਹਿਲਾਂ "ਆਤਮਾ" ਦੀ ਖੋਜ ਹੁੰਦੀ ਹੈ ਅਤੇ ਪਿਛੋਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

ਸੋ ਆਤਮਾ ਪਰਮਾਤਮਾ ਹੈ ਪਰ ਆਤਮਾ ਪਰਮਾਤਮਾ ਨਾਲੋਂ ਭਿੰਨ ਵੀ ਹੈ। ਇਸ ਭਿੰਨਤਾ ਨੂੰ ਗੁਰੂ ਸਾਹਿਬ ਬੜੇ ਅਲੰਕਾਰਕ ਢੰਗ ਵਿਚ ਇਸ ਤਰ੍ਹਾਂ ਵੀ ਪ੍ਰਗਟਾਉਂਦੇ ਹਨ:-

"ਸਰਵਰ ਮਹਿ ਹੰਸੁ, ਹੰਸ ਮਹਿ ਸਾਗਰੁ"[6]

---

1. ਮਾਰੂ ਸੋਹਲੇ-4, ਪੰਨਾ-1030.
2. ਸੋਰਠ ਪਦੇ-11, ਪੰਨਾ-598.
3. ਮਾਰੂ ਸੋਹਲੇ-6, ਪੰਨਾ-1025.
4. ਮਾਰੂ ਸੋਹਲੇ-20, ਪੰਨਾ-1041.
5. ਮਾਰੂ ਸੋਹਲੇ-10, ਪੰਨਾ-1030.
6. ਧਨਾਸਰੀ ਅਸਟਪਦੀ-3, ਪੰਨਾ-685.

ਭਾਵ ਸਰੀਰ ਰੂਪੀ ਸਰੋਵਰ ਵਿੱਚ ਆਤਮਾ ਰੂਪੀ ਹੰਸ ਹੈ ਅਤੇ ਇਸ ਹੰਸ ਵਿਚ ਪਰਮਾਤਮਾ ਰੂਪੀ ਸਾਗਰ ਹੈ। ਸੋ ਇਥੇ ਵੀ ਭਿੰਨਤਾ ਅੰਸ਼ ਅਤੇ ਅੰਸ਼ੀ ਵਾਲੀ ਹੈ।

ਆਤਮਾ ਜੋਤ ਸਰੂਪ ਹੈ ਅਤੇ ਸਾਰਿਆਂ ਵਿਚਲੀ ਜੋਤ ਪਰਮਾਤਮਾ ਦੀ ਹੀ ਜੋਤ ਹੈ, ਉਸੇ ਦੇ ਚਾਨਣ ਨਾਲ ਸਭ ਰੋਸ਼ਨ ਹੋ ਰਹੇ ਹਨ।[1] ਪਰ ਤਾਂ ਜੀਵ ਵਿਚ ਵਿਆਪਕ ਜੋਤ ਜਾਂ ਆਤਮਾ ਪਰਮਾਤਮਾ ਨਾਲੋਂ ਭਿੰਨ ਹੈ। ਇਹ ਭਿੰਨਤਾ "ਹਉਮੈ" ਦੀ ਭਿੰਨਤਾ ਹੈ, ਜਿਹੜੀ ਕਿ ਜੀਵ ਸਿਰਜਨਾ ਦਾ ਕਾਰਨ ਵੀ ਹੈ।[2] ਹਉਮੈ ਕਾਰਨ ਆਪਣੀ ਅਸਲੀਅਤ ਤੋਂ ਵੱਖ ਹੋਕੇ ਦਵੈਤ ਭਾਵ ਵਿੱਚ ਫੱਸ ਜਾਣ ਕਾਰਨ ਇਹ ਉਹ ਕੁੱਝ ਨਹੀਂ ਰਹਿ ਜਾਂਦੀ ਜੋ ਕੁੱਝ ਪਰਮਾਤਮਾ ਹੈ।

ਭਾਵੇਂ ਪਰਮਾਤਮਾ ਵਾਂਗ ਆਤਮਾ ਦਾ ਕੋਈ ਲਿੰਗ ਰੂਪ, ਭੇਦ ਨਹੀਂ। ਜਿਵੇਂ ਪਰਮਾਤਮਾ ਮਾਇਆ ਪਤੀ ਹੈ, ਜੀਵ ਆਤਮਾ "ਸਰੀਰ" ਰੂਪੀ ਮਾਇਆ ਦੀ[3] ਪਤੀ ਹੈ, ਨਿਤ ਨਵੀਂ ਹੈ, ਬੱਚੇ ਵਾਂਗ ਅਨੂਪ ਲੀਲਾ ਕਰਦੀ ਹੈ ਅਤੇ ਸਤ ਚਿਤ ਆਨੰਦ ਸਰੂਪ ਹੈ। ਇਹ ਅਮਰ ਹੈ, ਨਾ ਮਰਦੀ ਹੈ, ਨਾ ਮਾਰੀ ਜਾ ਸਕਦੀ ਹੈ।[4] ਨਾ ਡੁਬਦੀ ਹੈ ਨਾ ਤਰਦੀ ਹੈ ਪਰ ਇਹ ਪਰਮਾਤਮਾ ਦੇ ਹੁੱਕਮ ਵਿੱਚ ਬੰਨੀ ਹੋਈ ਹੈ। ਹੁੱਕਮ ਨਾਲ ਸੰਸਾਰ ਵਿੱਚ ਸਰੀਰ ਧਾਰਨ ਕਰਕੇ ਆਉਂਦੀ ਹੈ ਅਤੇ ਹੁੱਕਮ ਨਾਲ ਹੀ ਇਸ ਸੰਸਾਰ ਵਿੱਚ ਵਿਚਰਦੀ ਹੈ ਤੇ ਹੁੱਕਮ ਨਾਲ ਸਰੀਰ ਛੱਡ ਕੇ ਸੰਸਾਰ ਤੋਂ ਚਲੀ ਜਾਂਦੀ ਹੈ।[5] ਇਹ ਬੋਲਦੀ, ਸੁਣਦੀ, ਸੋਚਦੀ ਅਤੇ ਅਨੁਭਵ ਕਰਦੀ ਹੈ।[6]

## ਆਤਮਾ ਅਤੇ ਸਰੀਰ

ਇਕ ਸਰੀਰ ਦੀ ਹੋਂਦ ਉਦੋਂ ਤੱਕ ਹੀ ਹੈ ਜਦੋਂ ਤੱਕ ਇਸ ਵਿਚ ਆਤਮਾ ਵਸਦੀ ਹੈ। ਜਦੋਂ ਆਤਮਾ ਹੁੱਕਮ ਦੀ ਬੰਨੀ, ਸਰੀਰ ਨੂੰ ਛੱਡਕੇ ਚਲੀ ਜਾਂਦੀ ਹੈ ਤਾਂ ਸਰੀਰ ਦਾ ਵਿਨਾਸ ਹੋ ਜਾਂਦਾ ਹੈ

---

1. ਸਭ ਮਹਿ ਜੋਤਿ ਜੋਤਿ ਹੈ ਸੋਈ, ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ। (ਧਨਾਸਰੀ ਆਰਤੀ, ਪੰਨਾ-663.)
2. ਹਉਮੈ ਕਰਿ ਕਰਿ ਜੰਤੁ ਉਪਾਇਆ" (ਵਾਰ ਆਸਾ ਸਲੋਕ, ਪੰਨਾ-466.)
3. ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ।
   ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ। (ਮਾਰੂ ਅਸਟਪਦੀ-3, ਪੰਨਾ-1010.)
4. ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦੈਂ ਰਸਾਈ ਹੇ। (ਮਾਰੂ ਸੋਹਲੇ-6, ਪੰਨਾ-1025)
5. ਨਾ ਜੀਉ ਮਰੈ ਨ ਡੂਬੈ ਤਰੈ, ਜਿਨਿ ਕਿਛੁ ਕੀਆ ਸੋ ਕਿਛੁ ਕਰੈ।
   ਹੁਕਮੇ ਆਵੈ ਹੁਕਮੇ ਜਾਇ, ਆਗੈ ਪਾਛੈ ਹੁਕਮਿ ਸਮਾਇ। (ਗਉੜੀ ਪਦਾ-2, ਪੰਨਾ-151)
6. ਕਥਤਾ ਸਕਤਾ ਸੁਨਤਾ ਸੋਈ, ਆਪ ਬਿਚਾਰੇ ਸੁ ਗਿਆਨੀ ਹੋਈ। (ਗਉੜੀ ਪਦੇ-4, ਪੰਨਾ-152)

ਅਤੇ ਇਸ ਦੀ ਕੋਈ ਮਹਾਨਤਾ ਨਹੀਂ ਰਹਿ ਜਾਂਦੀ । ਇਸ ਦੀ ਸਾਰੀ ਸੁੰਦਰਤਾ ਖਤਮ ਹੋ ਜਾਂਦੀ ਹੈ । ਸੁਹਣਾ ਲੱਗਣ ਦੀ ਬਜਾਏ ਇਹ ਸੁੰਨਾ ਡਰਾਉਣਾ ਜਾਪਣ ਲੱਗ ਪੈਂਦੀ ਹੈ । ਇਸ ਵਿਚ ਇਕ ਪ੍ਰਕਾਰ ਦੀ ਵਿਨਾਸ਼ਕਾਰੀ ਅਗਨੀ ਲੱਗ ਜਾਂਦੀ ਹੈ ਤੇ ਇਹ ਅਗਨ ਅਜਿਹੀ ਮਾਰੂ ਅਤੇ ਗੁੱਝੀ ਹੁੰਦੀ ਹੈ ਕਿ ਇਸ ਦਾ ਧੂੰ ਵੀ ਬਾਹਰ ਨਹੀਂ ਨਿਕਲਦਾ । ਅਜਿਹੇ ਸਮੇਂ ਦ੍ਵੈਤ ਭਾਵ ਵਿਚ ਆਪਣੀ ਅਸਲੀਅਤ ਨੂੰ ਭੁੱਲ ਚੁੱਕੀਆਂ ਪੰਜ ਇੰਦ੍ਰੀਆਂ ਬੜੀਆਂ ਦੁੱਖੀ ਹੁੰਦੀਆਂ ਹਨ ।[1] ਆਤਮਾ ਇਕ ਪ੍ਰਕਾਰ ਨਾਲ ਸਰੀਰ ਦੀ ਭੋਗਤਾ ਹੈ ਜਿਹੜੀ ਦਿਨ ਰਾਤ ਸਰੀਰ ਨੂੰ ਭੋਗਦੀ ਮਾਣਦੀ ਅਤੇ ਅਜ਼ਬ ਰੰਗ ਰਲੀਆਂ ਮਾਣਦੀ ਹੈ । ਜਿਵੇਂ ਇਕ ਜੋਗੀ ਕਿਸੇ ਸੁੰਦਰ ਨਾਰੀ ਨੂੰ ਮਾਣਦਾ ਹੈ । ਪਰ ਜਦੋਂ ਪਰਮਾਤਮਾ ਦਾ ਸਦਾ ਆਉਂਦਾ ਹੈ ਤਾਂ ਆਤਮਾ ਰੂਪੀ ਜੋਗੀ ਆਪਣੀ ਸਰੀਰ ਰੂਪੀ ਸੁੰਦਰੀ ਨਾਲ ਬਿਨਾਂ ਕੋਈ ਸਲਾਹ ਕੀਤੇ ਹੀ ਛੱਡ ਕੇ ਚਲਾ ਜਾਂਦਾ ਹੈ ਅਤੇ ਸਰੀਰ ਰੂਪੀ ਸੁੰਦਰੀ ਸੁੱਕ ਸੜ ਜਾਂਦੀ ਹੈ ।[2] ਸਰੀਰ ਹੀ ਆਤਮਾ ਨੂੰ ਜੀਵ ਰੂਪ ਦੇਂਦਾ ਹੈ ਅਤੇ ਆਪ ਮਾਇਆ ਹੋਣ ਦੇ ਨਾਤੇ ਮਾਇਆ ਦੇ ਤਿੰਨਾਂ ਗੁਣਾਂ ਨਾਲ ਸਬੰਧਤ ਹੋਕੇ ਜਗਤ ਵਿੱਚ ਕਰਮਸ਼ੀਲ ਹੁੰਦਾ ਹੈ ਅਤੇ ਦੁੱਖ ਸੁੱਖ, ਸੋਗ ਸੰਤਾਪ ਅਨੁਭਵ ਕਰਦਾ ਹੈ ।[3] ਸਰੀਰ ਵਿੱਚ ਆਕੇ ਭੇਦ ਰਹਿਤ ਆਤਮਾ ਜੂਨੀ ਭੇਦ ਵਿੱਚ ਪੈ ਜਾਂਦੀ ਹੈ ।[4] ਪਰਮਾਤਮਾ ਰੂਪ ਆਤਮਾ ਮਨ ਦਾ ਜੀਵਨ ਹੈ ਅਤੇ ਸਰੀਰ ਤੇ ਪ੍ਰਾਣਾਂ ਦਾ ਪਤੀ ਹੈ, ਇਹ ਦੇਹੀ ਦੇ ਵਿਚ ਸਮਾ ਰਿਹਾ ਹੈ ।[5] ਇਹ ਸਰੀਰ ਜਿਹੋ ਜਿਹੇ ਕਰਮ ਕਮਾਉਂਦਾ ਹੈ ਜੀਵ ਆਤਮਾ ਉਹੋ ਜਹੀ ਹੋ ਜਾਂਦੀ ਹੈ ।[6] ਚੰਗੇ ਕੰਮਾਂ ਨਾਲ ਚੰਗੀ ਅਤੇ ਗੁਣਵਾਨ ਤੇ ਮੰਦੇ ਕੰਮਾਂ ਨਾਲ ਮੰਦੀ ਅਤੇ ਔਗੁਣਾਂ ਭਰੀ ਹੋ ਜਾਂਦੀ ਹੈ ।[7] ਇਕ ਸਰੀਰ ਦੇ ਖਤਮ ਹੋਣ

---

1. । ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ।
ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ।
ਪੰਚੇ ਰੁੰਨੇ ਦੁਖਿ ਭਰੇ, ਬਿਨਸੇ ਦੂਜੈ ਭਾਇ । (ਸਿਰੀ ਪਦੇ-14+, ਪੰਨਾ-19 )
।। ਕਾਇਆ ਹੰਸੁ ਥੀਆ ਵੇਛੋੜਾ ਜਾ ਦਿਨ ਪੁੰਨੇ ਮੇਰੀ ਮਾਏ। (ਵਡਹੰਸ ਅਲਾਹੁਣੀ-1, ਪੰਨਾ-528)
2. ਓਹੁ ਜੋਗੀ ਊਹ ਸੁੰਦਰਿ ਨਾਰਿ, ਅਹਿਨਿਸ ਭੋਗੈ ਚੋਜ ਬਿਨੋਦ।
ਉਠਿ ਚਲਤੈ ਮਤਾ ਨ ਕੀਨਾ ਹੇ" (ਮਾਰੂ ਸੋਹਲੇ-8, ਪੰਨਾ-1028)
3. । ਪਿੰਡ ਪਵੈ ਜੀਉ ਚਲਸੀ ਜੇ ਜਾਣੈ ਕੋਇ । (ਆਸਾ ਅਸਟਪਦੀ-13, ਪੰਨਾ-418)
।। ਏਹੁ ਸਰੀਰ ਹੈ ਤ੍ਰੈਗੁਣ ਧਾਤੁ, ਇਸਨੋ ਵਿਆਪੈ ਸੋਗ ਸੰਤਾਪੁ। (ਪ੍ਰਭਾਤੀ ਅਸਟਪਦੀ-1, ਪੰਨਾ-1343)
4. ਨਗਰੀ ਨਾਇਕ---ਨਾਰ ਨ ਪੁਰਖ ਨ ਪੰਖਣੂ ਸਾਹਤੁ ਚਤੁਰ ਸਰੂਪ। (ਮਾਰੂ ਅਸਟਪਦੀ-3, ਪੰਨਾ-1010)
5. ਮਨ ਕਾ ਜੀਉ ਪਵਨ ਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ। (ਸੋਰਠ ਪਦੇ-10, ਪੰਨਾ-598)
6. ਜੇਹੇ ਕਰਮ ਕਮਾਇ ਤੇਹਾ ਹੋਇਸੀ । (ਸੂਹੀ ਪਦਾ-6, ਪੰਨਾ-730)
7. ਚੰਗਾ ਮੰਦਾ ਆਪਣਾ ਆਪੇ ਹੀ ਕੀਤਾ ਪਾਵਣਾ । (ਵਾਰ ਆਸਾ-14, ਪੰਨਾ-470 )

ਨਾਲ ਆਤਮਾ ਤੇ ਕੋਈ ਅਸਰ ਨਹੀਂ ਹੁੰਦਾ ਆਤਮਾ ਆਪਣੇ ਮਨ ਅਤੇ ਇੰਦ੍ਰੀਆਂ ਦੁਆਰਾ ਕੀਤੇ ਗਏ ਕਰਮਾਂ ਅਤੇ ਸੰਸਕਾਰਾਂ ਵਿੱਚ ਬੰਨ੍ਹੀ ਹੋਈ, ਪਰਮਾਤਮਾ ਨੂੰ ਲੇਖਾ ਦੇਕੇ, ਹੁਕਮ ਅਨੁਸਾਰ ਹੋਰ ਸਰੀਰ ਧਾਰਨ ਕਰ ਲੈਂਦੀ ਹੈ । ਇਸ ਤਰ੍ਹਾਂ ਸਰੀਰ ਅਤੇ ਆਤਮਾ ਮਿਲਦੇ ਰਹਿੰਦੇ ਹਨ ਤੇ ਵਿਛੜਦੇ ਰਹਿੰਦੇ ਹਨ ।[1] ਬੱਸ ਇਹੋ ਆਵਾਗਵਣ ਹੈ । ਇੰਜ ਕਰਮ ਬਧ ਹੋਈ ਆਤਮਾ ਪਰਮਾਤਮਾ ਸਰੂਪ ਹੁੰਦੀ ਹੋਈ ਵੀ ਪਰਮਾਤਮਾ ਨਹੀਂ ਰਹਿ ਜਾਂਦੀ ।

ਇਥੇ ਆਤਮਾ ਅਤੇ ਪਰਮਾਤਮਾ ਵਿੱਚ ਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ । ਇਸ ਭਿੰਨਤਾ ਵਿੱਚ ਪਰਮਾਤਮਾ ਮਾਲਕ, ਸੱਚੇ ਪਾਤਸ਼ਾਹ, ਪਤੀ ਦੇ ਰੂਪ ਵਿੱਚ ਹੋ ਜਾਂਦਾ ਹੈ ਅਤੇ ਜੀਵ ਆਤਮਾਵਾਂ ਉਸ ਦੇ ਦਾਸ, ਉਸ ਦੀ ਰਾਇਆ, ਉਸ ਦੀਆਂ ਪਤਨੀਆਂ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ । ਅਜਿਹੀ ਅਵਸਥਾ ਵਿੱਚ ਬ੍ਰਹਮ ਅਤੇ ਜੀਵ ਦਾ ਸਬੰਧ ਇਸ ਪ੍ਰਕਾਰ ਹੋ ਜਾਂਦਾ :-

## ਬ੍ਰਹਮ ਅਤੇ ਜੀਵ

ਬ੍ਰਹਮ ਦਾ ਜੀਵਾਂ ਨਾਲ ਸਬੰਧ ਤਿੰਨ ਰੂਪਾਂ ਵਿੱਚ ਹੈ-- ਜੀਵਾਂ ਦਾ ਕਰਤਾ ਹੋਣ ਦੇ ਰੂਪ ਵਿੱਚ, ਪਾਲਕ ਦੇ ਰੂਪ ਵਿੱਚ, ਵਿਨਾਸ਼ਕ ਦੇ ਰੂਪ ਵਿਚ ।[2] ਕਰਤਾ ਰੂਪ ਵਿੱਚ ਉਹ ਜੀਵਾਂ ਦੀ ਸਿਰਜਨਾ ਕਰਕੇ, ਇਨ੍ਹਾਂ ਨੂੰ ਦੁੱਖਾਂ ਸੁੱਖਾਂ ਵਿਚ ਪਾਉਂਦਾ ਹੈ । ਜੀਵਾਂ ਨੂੰ ਨਰ ਅਤੇ ਮਾਦਾ ਰੂਪ ਵਿੱਚ ਸਿਰਜਕੇ ਮਾਇਆ ਦਾ ਮੋਹ ਵਧਾ ਦਿੰਦਾ ਹੈ ।[3] ਤੇ ਮੋਹ ਮਮਤਾ ਵਿੱਚ ਫਸੀ ਸਿਰਜਨਾ ਅਗਾਹ ਤੁਰਦੀ ਜਾਂਦੀ ਹੈ ।

ਪਾਲਕ ਦੇ ਰੂਪ ਵਿੱਚ ਉਹ ਸਭ ਨੂੰ ਰੁਜ਼ਗਾਰ ਦਿੰਦਾ ਹੈ, ਅਤੇ ਸਭ ਦੀ ਪਾਲਣਾ ਕਰਦਾ ਹੈ ।[4] ਸਭ ਲਈ ਸਜਣ ਮਿੱਤਰ ਬਣਕੇ ਮਦਦਗਾਰ ਸਾਬਤ ਹੁੰਦਾ ਹੈ[5] ਅਤੇ ਸਭ ਨੂੰ ਧੰਧਿਆਂ ਵਿਚ ਲਾਉਂਦਾ ਹੈ ।

---

1. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ । (ਵਾਰ ਸਾਰੰਗ-3, ਪੰਨਾ-1238.)
2. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ।
   ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ। (ਜਪੁਜੀ- ਪੰਨਾ-7.)
3. ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੇ ।
   ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੇ । (ਵਡਹੰਸ ਅਲਾਹਣੀ-3, ਪੰਨਾ-580)
4. I ਤੂਹੈ ਉਪਾਇ ਧੰਧੈ ਲਾਈਆ । (ਵਡਹੰਸ ਛੰਤ-2, ਪੰਨਾ-564)
   II ਤੂ ਸਰਬ ਜੀਆ ਪ੍ਰਤਿਪਾਲਾ । (ਤੁਖਾਰੀ ਛੰਤ-ਪੰਨਾ-1112)
   III ਸੋ ਕਰਤਾ ਕਾਦਰ ਕਰੀਮੁ ਦੇ ਕੀਆ ਰਿਜਕੁ ਸੰਬਾਹਿ । (ਵਾਰ ਆਸਾ-24, ਪੰਨਾ 424)
5. ਸਾਜਨੁ ਮੀਤੁ ਸੁਜਾਣੁ ਸਖਾ ਤੂ ਸਰਿ ਮਿਲੈ ਵਡਿਆਈ । (ਆਸਾ ਛੰਤ-3, ਪੰਨਾ-437)

ਸਭ ਦੀ ਰੱਖਿਆ ਕਰਦਾ ਹੈ, ਪਤੀ ਵਾਂਗ ਹਿਫਾਜ਼ਤ ਕਰਦਾ ਹੈ। ਜੀਵ ਇਸਤ੍ਰੀ ਚਾਹੇ ਇਸ ਦੁਨੀਆਂ ਵਿਚ ਹੋਵੇ ਤੇ ਚਾਹੇ ਪਰਮਾਤਮਾ ਦੇ ਦਰਬਾਰ ਵਿੱਚ ਉਹ ਸਦਾ ਹੀ ਆਪਣੇ ਪਤੀ ਪਰਮਾਤਮਾ ਦੀ ਹੈ, ਜਿਨ੍ਹਾਂ ਜੀਵ ਇਸਤ੍ਰੀਆਂ ਨੂੰ ਪਰਮਾਤਮਾ ਪਤੀ ਪਿਆਰ ਕਰਦਾ ਹੈ, ਜਿਨ੍ਹਾਂ ਉੱਤੇ ਤੁਠਦਾ ਹੈ ਉਹ ਸੁਹਾਗਵੰਤੀਆਂ ਹਨ ਅਤੇ ਕਿਸਮਤ ਵਾਲੀਆਂ ਹਨ।[1]

ਵਿਨਾਸ਼ਕ ਦੇ ਰੂਪ ਵਿੱਚ ਬ੍ਰਹਮ ਜੀਵਾਂ ਨੂੰ ਸਮੇਂ ਸਮੇਂ ਸਿਰ ਉਲਟਾਉਂਦਾ ਰਹਿੰਦਾ ਹੈ।[2] ਜੀਵਾਂ ਦੀ ਹੋਂਦ ਨੂੰ ਖਤਮ ਕਰਦਾ ਰਹਿੰਦਾ ਹੈ ਅਤੇ ਨਵੇਂ ਸਿਰੇ ਤੋਂ ਨਵੇਂ ਰੂਪ ਵਿਚ ਫੇਰ ਸਿਰਜਨਾ ਕਰ ਦੇਂਦਾ ਹੈ।[3] ਉਹ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਕਰਦਾ ਹੈ ਅਤੇ ਕਰਮਾਂ ਅਨੁਸਾਰ ਚੰਗਾ ਮੰਦਾ ਫਲ ਦਿੰਦਾ ਹੈ।[4]

ਬ੍ਰਹਮ ਕਿਉਂਜੋ ਸਿਰਜਨਾ ਕਰਕੇ ਸਭ ਦੇ ਅੰਦਰ ਸਮਾ ਰਿਹਾ ਹੈ। ਇਸ ਲਈ ਉਹ ਅੰਤਰਜਾਮੀ ਹੋਕੇ ਸਭ ਦੇ ਦਿਲਾਂ ਦੀਆਂ ਜਾਣ ਲੈਂਦਾ ਹੈ।[5] ਇਸੇ ਲਈ ਜੀਵ ਬ੍ਰਹਮ ਕੋਲੋਂ ਕੁੱਝ ਵੀ ਛੁਪਾ ਨਹੀਂ ਸਕਦਾ। ਭਾਵੇਂ ਬ੍ਰਹਮ ਜੀਵਾਂ ਦੇ ਇੰਨਾਂ ਨੇੜੇ ਹੈ ਪਰ ਉਹ ਜੀਵਾਂ ਤੋਂ ਅਤਿ ਦੂਰ ਵੀ ਹੈ। ਇਸ ਲਈ ਜੀਵ ਬ੍ਰਹਮ ਨੂੰ ਨਾ ਵੇਖ ਸਕਦੇ ਹਨ ਅਤੇ ਨਾ ਜਾਣਦੇ ਹੀ ਹਨ।[6] ਇੰਜ ਬ੍ਰਹਮ ਆਪ ਤਾਂ ਸਭ ਜੀਵਾਂ ਨੂੰ ਦੇਖ ਰਿਹਾ ਹੈ ਪਰ ਉਹ ਉਸ ਨੂੰ ਨਹੀਂ ਦੇਖ ਸਕਦੇ।[7]

ਬ੍ਰਹਮ ਦੀਆਂ ਨਜ਼ਰਾਂ ਵਿੱਚ ਸੱਭ ਜੀਵ ਬਰਾਬਰ ਹਨ।[8] ਪਰ ਉਹ ਬੇਪਰਵਾਹ ਹੈ, ਇਸ ਲਈ ਕਿਸੇ ਨੂੰ ਤਾਂ ਆਪਣੇ ਹੁੱਕਮ ਨਾਲ ਬਖਸ਼ਸ਼ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਕਈਆਂ ਨੂੰ

---

1. । ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ । (ਵਾਰ ਮਾਰੂ ਮਹਲਾ-3, ਵਿੱਚ ਸਲੋਕ-6, ਪੰਨਾ-1068)

   ।। ਨਾਨਕ ਸਾ ਸੁਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ । (ਤੁਖਾਰੀ ਛੰਤ-1, ਪੰਨਾ-1108)

2. । ਆਪੇ ਥਾਪਿ ਉਥਾਪੇ ਆਪੇ, ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ । (ਮਾਰੂ ਸੋਹਲੇ-13, ਪੰਨਾ-1034)

   ।। ਆਪਿ ਉਪਾਇ ਖਪਾਇਦਾ । (ਮਾਰੂ ਸੋਹਲੇ-17, ਪੰਨਾ-1037)

3. ਅਟਲੁ ਅਲੋਲੁ ਅਤੋਲੁ ਮੁਰਾਰੇ, ਖਿਨ ਮਹਿ ਢਾਹਿ ਫੇਰਿ ਉਸਾਰੇ । (ਮਾਰੂ ਸੋਹਲੇ-14, ਪੰਨਾ-1035)
4. ਇਕ ਖੋਟੇ ਇਕ ਖਰੇ ਆਪੇ ਪਰਖਣਹਾਰੁ । (ਵਾਰ ਮਾਝ-12, ਪੰਨਾ-143)
5. ਤੂ ਜਾਣ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ। (ਸੂਹੀ ਛੰਤ-2, ਪੰਨਾ-764)
6. ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ । (ਮਾਰੂ ਸੋਹਲੇ-9, ਪੰਨਾ-1028)
7. ਓਹੁ ਵੇਖੈ ਓਨਾ ਨਦਰਿ ਨ ਆਵੈ । (ਜਪੁਜੀ-30, ਪੰਨਾ-7)
8. ਆਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ, ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ। (ਵਾਰ ਆਸਾ-11, ਪੰਨਾ-469)

ਭਟਕਣ ਵਿੱਚ ਪਾ ਦਿੰਦਾ ਹੈ ।[1] ਜਿਹੜੇ ਜੀਵ ਬ੍ਰਹਮ ਦੀ ਬਖਸ਼ਸ਼ ਦੇ ਪਾਤਰ ਬਣਕੇ, ਨਾਮ ਸਿਮਰਨ ਕਰਦੇ ਹੋਏ ਆਖਰ ਬ੍ਰਹਮ ਨੂੰ ਪਾ ਲੈਂਦੇ ਹਨ ਉਨਾਂ ਦੇ ਸਾਰੇ ਦੁੱਖ ਖਤਮ ਹੋ ਜਾਂਦੇ ਹਨ ।[2] ਇਨਾਂ ਨੂੰ ਗੁਰੂ ਸਾਹਿਬ "ਸੁਹਾਗਵੰਤੀ" ਇਸਤ੍ਰੀਆਂ ਦੀ ਉਪਮਾ ਦੇਂਦੇ ਹਨ। ਬ੍ਰਹਮ ਦੀ ਬਖਸ਼ਸ਼ ਭਰੀ ਨਦਰ ਤੋਂ ਬਿਨਾਂ ਕੋਈ ਜੀਵ ਆਪਣੇ ਆਪ ਨੂੰ ਭਾਂਵੇ ਕਿੰਨੇ ਵੀ ਵਡੇ ਰੂਪ ਵਿਚ ਪੇਸ਼ ਕਰੇ ਅਤੇ ਜਗਤ ਵਿੱਚ ਕਿੰਨਾਂ ਵੀ ਜੱਸ ਕੀਰਤਿ ਪ੍ਰਾਪਤ ਕਰ ਲਵੇ ਪਰ ਪ੍ਰਲੋਕ ਵਿੱਚ ਉਸ ਨੂੰ ਕੋਈ ਪੁੱਛਦਾ ਤੱਕ ਨਹੀਂ ।[3] ਅਜਿਹੇ ਜੀਵ ਬ੍ਰਹਮ ਨਾਲ ਮਿਲਾਪ ਨਹੀਂ ਕਰ ਸਕਦੇ ਅਤੇ ਮਿਲਾਪ ਦੇ ਪਰਮ ਸੁੱਖ ਤੋਂ ਵਿਰਵੇ ਰਹਿੰਦੇ ਹਨ । ਇਨਾਂ ਨੂੰ ਗੁਰੂ ਸਾਹਿਬ "ਦੁਹਾਗਣ" ਇਸਤ੍ਰੀਆਂ ਦੀ ਉਪਮਾ ਦਿੰਦੇ ਹਨ ।[4]

ਬ੍ਰਹਮ ਇਕ ਪ੍ਰਕਾਰ ਦਾ ਸਾਗਰ ਹੈ ਅਤੇ ਜੀਵ ਇਸ ਸਾਗਰ ਵਿਚ ਵਿਚਰਨ ਵਾਲੀਆਂ ਮੱਛੀਆਂ ਹਨ । ਜਿਵੇਂ ਮੱਛੀ ਸਾਗਰ ਦਾ ਥਾਹ ਨਹੀਂ ਲੈ ਸਕਦੀ ਇਵੇਂ ਹੀ ਜੀਵ ਬ੍ਰਹਮ ਦਾ ਥਾਹ ਨਹੀਂ ਲੈ ਸਕਦਾ ।[5] ਇਸ ਤੋਂ ਇਲਾਵਾ:-

"ਤੂ ਪੂਰਾ ਹਮ ਊਰੇ ਹੋਛੇ
ਤੂ ਗਉਰਾ ਹਮ ਹਉਰੇ"[6]
"ਹਮ ਪਾਪੀ ਪਤਿਤ ਪਰਮ ਪਾਖੰਡੀ
ਤੂ ਨਿਰਮਲ ਨਿਰੰਕਾਰੀ।"[7]

ਅਤੇ

"ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ

---

1. ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ । (ਜਪੁਜੀ-, ਪੰਨਾ-1 ,)
2. । ਨਦਰਿ ਕਰੇ ਤਾ ਸਿਮਰਿਆ ਜਾਇ, ਆਤਮਾ ਦ੍ਰਵੈ ਰਹੈ ਲਿਵ ਲਾਇ ।
   ਆਤਮਾ ਪਰਮਾਤਮਾ ਏਕੋ ਕਰੈ , ਅੰਤਰ ਕੀ ਦੁਬਿਧਾ ਅੰਤਰਿ ਮਰੈ । (ਧਨਾਸਰੀ ਪਦੇ-2, 661)
   ।। ਦੁਖ ਵਿਸਾਰਣ ਸੇਵਿਆ ਸਦਾ ਸਦਾ ਦਾਤਾਰ । (ਧਨਾਸਰੀ ਪਦਾ, ਪੰਨਾ-662)
3. ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ।
   ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ । (ਜੁਪੁਜੀ-7, ਪੰਨਾ-2 )
4. ਦੁਹਾਗਣੀ ਕਿਆ ਨੀਸਾਣੀਆ ਖਸਮਹੁ ਘੁਥੀਆ । (ਸਿਰੀ ਪਦਾ-1, ਪੰਨਾ-72 )
5. ਤੂ ਦਰਿਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤ ਲਹਾ। (ਸਿਰੀ ਪਦੇ-31, ਪੰਨਾ-25.)
6. ਸੋਰਠ ਪਦੇ-5, ਪੰਨਾ-597.
7. ਸੋਰਠ ਪਦੇ-5, ਪੰਨਾ-596.

ਜੇ ਤੂ ਦੇਹਿ ਤ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ।
ਤੇਰਾ ਅੰਤ ਨ ਜਾਣਾ ਮੇਰੇ ਸਾਹਿਬਾ ਮੈ ਅੰਧਲੇ ਕਿਆ ਚਤੁਰਾਈ ।
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥ ਨ ਕਥਨਾ ਜਾਈ ।"[1]

ਬ੍ਰਹਮ ਤਾਂ--- ਆਪਿ ਅਤੀਤ ਅਜੋਨੀ ਸੰਭਉ ਹੈ[2] ਅਤੇ ਜੀਵ ਲਈ:-

"ਜੰਮਣ ਮਰਣਾ ਹੁਕਮ ਹੈ ਭਾਣੈ ਆਵੈ ਜਾਇ ।[3]

"ਬ੍ਰਹਮ ਅਲੇਖ ਹੈ ਪਰ ਜੀਵ ਲੇਖੇ ਵਿੱਚ ਹੈ ।[4] ਬ੍ਰਹਮ ਨਿਰਭਓ ਹੈ ਪਰ ਜੀਵ ਪਰਮਾਤਮਾ ਦੇ ਭੈ ਵਿਚ ਬੰਨ੍ਹਿਆ ਹੋਇਆ ਹੈ ।[5] ਬ੍ਰਹਮ ਨਿਹਚਲ ਹੈ ਪਰ ਜੀਵ ਆਪਣੇ ਮਨ ਕਾਰਨ ਚੰਚਲ ਅਤੇ ਅਸਥਿਰ ਹੈ ।[6] ਬ੍ਰਹਮ ਅਕਾਲ ਹੈ ਪਰ ਜੀਵ ਕਾਲ ਬਧ ਹੈ ।[7] ਬ੍ਰਹਮ ਮਾਇਆ ਤੋਂ ਨਿਰਲੇਪ ਹੈ ਅਤੇ ਮਾਇਆਪਤੀ ਹੈ ਪਰ ਜੀਵ ਮਾਇਆ ਵਿੱਚ ਭੁਲਿਆ ਹੋਇਆ ਹੈ ਅਤੇ ਮਾਇਆ ਦਾ ਗੁਲਾਮ ਹੈ ।[8] ਬ੍ਰਹਮ ਦਾਤਾ ਹੈ ਅਤੇ ਜੀਵ ਦਾਤਾਂ ਲੈਣ ਵਾਲਾ ਹੈ ।[9]

---

1. ਬਿਲਾਵਲ ਪਦੇ-1, ਪੰਨਾ-795.
2. ਮਾਰੂ ਸੋਹਲੇ-21, ਪੰਨਾ-1042.
3. ਵਾਰ ਆਸਾ ਸਲੋਕ, ਪੰਨਾ-472.
4. ਸਰਬ ਜੀਆ ਸਿਰਿ ਲੇਖੁ ਧੁਰਾਹੁ ਬਿਨੁ ਲੇਖੈ ਨਹੀ ਕੋਈ ਜੀਉ ।
   ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ । (ਸੋਰਠ ਪਦੇ-11, ਪੰਨਾ-492.)
5. ਸਗਲਿਆ ਭਉ ਲਿਖਿਆ ਸਿਰਿ ਲੇਖੁ, ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ।(ਵਾਰ ਆਸਾ ਸਲੋਕ-ਪੰਨਾ-464)
6. I ਨਿਹਚਲ ਚਤੁਰੁ ਸੁਜਾਣੁ ਬਿਧਾਤਾ, ਚੰਚਲ ਜਗਤੁ ਸਬਾਇਆ । (ਤੁਖਾਰੀ ਬਾਰਾ ਮਾਹ-13, 1109
   II ਚੰਚਲੁ ਚੀਤੁ ਨ ਰਹਈ ਠਾਇ, ਚੋਰੀ ਮਿਰਗੁ ਅੰਗੂਰੀ ਖਾਇ। (ਰਾਮਕਲੀ ਓਅੰਕਾਰ-23, ਪੰਨਾ-932)
7. I ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ। (ਮਾਰੂ ਸੋਹਲੇ-18, ਪੰਨਾ-1038)
   II ਜੋ ਉਪਜੈ ਸੋ ਕਾਲਿ ਸੰਘਾਰਿਆ । (ਗਉੜੀ ਅਸਟਪਦੀ-14, ਪੰਨਾ-227)
8. I ਜੰਤ ਉਪਾਇ ਵਿਚਿ ਪਾਇਆ, ਕਰਤਾ ਅਲਗੁ ਅਪਾਰੁ। (ਰਾਮਕਲੀ ਦਖਣੀ ਓਅੰਕਾਰ-49, 937)
   II ਅਗਮ ਅਗੋਚਰ ਅਪਰੁ ਅਪਾਰਾ ਪਾਰਬ੍ਰਹਮ ਪਰਧਾਨੋ । (ਆਸਾ ਛੰਤ-3, ਪੰਨਾ-437)
   III ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ।
   ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ । (ਸਿਰੀ ਅਸਟਪਦੀ-13, ਪੰਨਾ-63)
9. ਸਰਬੇ ਜਾਚਿਕ ਤੂ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ। (ਗੂਜਰੀ ਅਸਟਪਦੀ-2, ਪੰਨਾ-504)

ਸੋ ਸਾਰਅੰਸ਼ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਪਰਮਾਤਮਾ ਅਤੇ ਜੀਵ ਆਤਮਾ ਨੂੰ ਇੱਕ ਹੀ ਮੰਨਦੇ ਹਨ ਪਰ ਜੀਵ ਆਪਣੇ ਸਧੂਰੇ ਰੂਪ ਵਿੱਚ ਈਸ਼ਵਰ ਤੋਂ ਭਿੰਨ ਹੈ । ਇਹ ਠੀਕ ਹੈ ਕਿ "ਜੋ ਬ੍ਰਹਿਮੰਡਿ ਸੋਈ ਪਿੰਡਿ" ਹੈ ਪਰ ਇਹ ਸਭ ਉਸ ਹਾਲਤ ਵਿਚ ਹੀ ਹੈ ਜਦੋਂ ਜੀਵ ਆਪਣੀ ਅਸਲੀਅਤ ਨੂੰ ਪਛਾਣ ਲਵੇ । ਜਿੰਨਾ ਚਿਰ ਜੀਵ ਹਉਮੈ ਅਤੇ ਦਵੈਤ ਵਿੱਚ ਹੈ ਉਨਾਂ ਚਿਰ ਅਗਿਆਨਤਾ ਹੈ ਜਿਨਾਂ ਚਿਰ ਅਗਿਆਨਤਾ ਵਿੱਚ ਹੈ ਉਨਾਂ ਚਿਰ ਉਪਰੋਕਤ ਭਿੰਨਤਾ ਹੈ । ਜਦੋਂ ਜੀਵ ਆਪਣੀ ਆਤਮਾ ਦੀ ਭਾਲ ਕਰ ਲੈਂਦਾ ਹੈ ਤਾਂ ਉਹ ਪਰਮਾਤਮਾ ਸਰੂਪ ਹੀ ਹੋ ਜਾਂਦਾ ਹੈ ਫਿਰ "ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ"[1] ਹੋ ਜਾਂਦਾ ਹੈ । ਪਰ ਇਹ ਅਸਲੀਅਤ ਹੈ ਕਿ ਈਸ਼ਵਰ ਸਾਗਰ ਹੈ ਤੇ ਜੀਵ ਇਕ "ਬੂੰਦ" ਹੈ । ਸੋ ਗੁਰੂ ਸਾਹਿਬ ਵੀ ਅੰਸ਼ ਅਤੇ ਅੰਸ਼ੀ ਦੀ ਵਿਚਾਰਧਾਰਾ ਨੂੰ ਅਪਣਾਉਂਦੇ ਹਨ । ਅੰਸ਼ ਜਦੋਂ ਅੰਸ਼ੀ ਦੇ ਹੁੱਕਮ ਨਾਲ ਆਪਣੇ ਅੰਸੀ ਸਰੂਪ ਨੂੰ ਜਾਣ ਜਾਂਦਾ ਹੈ ਤਾਂ ਦੋਨੋਂ ਆਪਸ ਵਿੱਚ ਇਸ ਤਰਾਂ ਅਭੇਦ ਹੋ ਜਾਂਦੇ ਹਨ ਕਿ ਅੰਸ ਹੀ ਅੰਸੀ ਹੋ ਜਾਂਦਾ ਹੈ ਅਤੇ ਅੰਸੀ ਅੰਸ ਹੋ ਜਾਂਦਾ ਹੈ । ਇਹ ਵੀ ਇਕ ਅਦਭੁਤ ਅਨੁਭਵ ਹੈ ਜਿਸ ਨੂੰ ਅਸੀਂ ਵਿਸ਼ਵ ਵਸਤਾਂ ਦੀ ਤੁਲਨਾਵਾਂ ਨਾਲ ਬਿਆਨ ਨਹੀਂ ਕਰ ਸਕਦੇ, ਨਹੀਂ ਦੱਸ ਸਕਦੇ ਕਿ ਸਮੁੰਦਰ ਕਿਵੇਂ ਬੂੰਦ ਰੂਪ ਹੋ ਜਾਂਦਾ ਹੈ ? ਬੂੰਦ ਤਾਂ ਭਲਾ ਸਮੁੰਦਰ ਵਿਚ ਸਮਾ ਕੇ ਆਪ ਹੀ ਸਮੁੰਦਰ ਹੋ ਗਈ ।

ਗੁਰੂ ਸਾਹਿਬ ਅਨੁਸਾਰ ਇਹ ਅਭੇਦਤਾ ਅਤੇ ਭੇਦਤਾ ਦੀ ਅਵਸਥਾ ਨਾਲੋ ਨਾਲ ਹੀ ਕਾਇਮ ਰਹਿੰਦੇ ਹਨ । ਆਪਣੇ ਅਸਲੀਅਤ ਰੂਪ ਵਿੱਚ ਆਤਮਾ ਪਰਮਾਤਮਾ ਹਮੇਸ਼ਾਂ ਆਪਸ ਵਿੱਚ ਅਭੇਦ ਹਨ ਪਰ ਪਰਮਾਤਮਾ ਦੇ ਹੀ ਰਚਾਏ ਖੇਲ ਸਦਕਾ ਜੀਵ ਅਤੇ ਪਰਮਾਤਮਾ ਭਿੰਨ ਵੀ ਹਨ । ਜੀਵ ਅਤੇ ਪਰਮਾਤਮਾ ਦੀ ਭੇਦਤਾ ਦਾ ਮੁੱਖ ਕਾਰਨ ਪਰਮਾਤਮਾ ਦਾ ਹੁੱਕਮ ਹੀ ਹੈ । ਅਤੇ ਹੁੱਕਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ।[2] ਇਸ ਲਈ ਇਸ ਅਭੇਦਤਾ ਅਤੇ ਭੇਦਤਾ ਨੂੰ ਵੀ ਹਿਸਾਬੀ ਢੰਗ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ । ਹੁੱਕਮ ਨਾਲ ਹੀ ਸ੍ਰਿਸ਼ਟੀ ਰਚੀ ਗਈ, ਹੁੱਕਮ ਨਾਲ ਹੀ ਜੀਵ ਸ੍ਰਿਸ਼ਟੀ 'ਚ ਆਉਂਦਾ ਜਾਂਦਾ ਹੈ ਅਤੇ ਹੁੱਕਮ ਨਾਲ ਹੀ ਬ੍ਰਹਮ ਵਿੱਚ ਸਮਾ ਜਾਂਦਾ ਹੈ ।[3] ਜੋ ਜੀਵ ਪਰਮਾਤਮਾ ਦੇ ਹੁੱਕਮ ਰਜਾ ਵਿੱਚ ਚਲਦੇ ਹਨ ਉਹ ਖਰੇ ਹਨ ਅਤੇ ਪਰਮਾਤਮਾ ਦੇ ਸੱਤ ਰੂਪ ਖਜਾਨੇ ਵਿੱਚ ਰਲਾ ਲਏ ਜਾਂਦੇ ਹਨ ਪਰ ਜਿਹੜੇ ਨਹੀਂ ਚਲਦੇ ਉਹ ਖੋਟੇ ਹਨ ਤੇ ਇਸ ਖਜਾਨੇ ਵਿੱਚ ਨਹੀਂ ਰਲਾਏ

---

1. ਰਾਮਕਲੀ ਪਦਾ -੨, ਪੰਨਾ-878.
2. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।
   ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।" (ਜਪੁਜੀ-2 , ਪੰਨਾ-1.)
3. ਹੁਕਮੇ ਆਵੈ ਹੁਕਮੇ ਜਾਇ ਆਗੈ ਪਾਛੈ ਹੁਕਮਿ ਸਮਾਇ । (ਗਉੜੀ ਪਦਾ-2, ਪੰਨਾ-151)

ਜਾਂਦੇ ਸਗੋਂ ਤੌਰ ਮਾਇਆ ਦੇ ਝੂਠ ਵਿੱਚ ਭਟਕਦੇ ਰਹਿੰਦੇ ਹਨ ।[1] ਇਹ ਅਸੀਂ ਵੇਖ ਚੁੱਕੇ ਹਾਂ ਕਿ ਜੀਵ ਖੋਟੇ ਜਾਂ ਖਰੇ ਵੀ ਅਸਲ ਵਿੱਚ ਬ੍ਰਹਮ ਦੀ ਬਖ਼ਸ਼ਸ਼ ਅਤੇ ਬੇਪਰਵਾਹੀ ਸਦਕਾ ਹੀ ਹੁੰਦੇ ਹਨ । ਅਸਲ ਵਿੱਚ ਇਹ ਸਾਰਾ ਇਕੋ ਬ੍ਰਹਮ ਦਾ ਅਦਭੁਤ ਖੇਲ ਹੈ ਜਿਸ ਨੂੰ ਬਿਆਨ ਕਰਨਾ ਕਠਨ ਹੈ ।

## ਜੀਵ ਦਾ ਜੀਵਨ ਲਕਸ਼

ਜੀਵ ਦਾ ਜੀਵਨ ਲਕਸ਼ ਇਸ ਅਭੇਦਤਾ ਨੂੰ ਪ੍ਰਾਪਤ ਕਰਨਾ ਹੈ । ਗੁਰੂ ਸਾਹਿਬ ਫੁਰਮਾਉਂਦੇ ਹਨ:-

"ਆਤਮ ਚੀਨਿ ਪਰਾਤਮੁ ਚੀਨ੍ਹੁ ਗੁਰਸੰਗਤਿ ਇਹੁ ਨਿਸਤਾਰਾ ਹੈ।"[2]

ਗੁਰ ਸੰਗਤਿ ਦਾ ਇਹ ਨਿਸਤਾਰਾ ਇਸ ਕਾਰਨ ਹੈ ਤਾਂ ਜੋ ਜੀਵ ਆਪਣੇ ਕਰਤਾ ਦੀ ਖੇਡ ਨੂੰ ਕਰਤਾ ਵਾਂਗ ਹੀ ਮਾਣ ਸਕੇ, ਇਕ ਭਰਪੂਰ ਜੀਵਨ ਜੀ ਸਕੇ, ਆਪਣੇ ਆਪ ਨੂੰ ਸਤਚਿਤ ਆਨੰਦ ਸਰੂਪ ਵਿੱਚ ਲੱਖਕੇ ਮਾਇਆ ਦੀ ਭਰਮਾਊ ਖੇਡ ਨੂੰ ਨਿਰਲੇਪ ਹੋਕੇ ਦੇਖ ਸਕੇ ।[3]

ਸਾਰੀ ਭਾਰਤੀ ਦਾਰਸ਼ਨਿਕਤਾ ਵਿੱਚ ਹੀ ਜੀਵ ਦੀ ਮੂਲ ਸਮੱਸਿਆ ਹੈ:-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ"[4]

ਭਾਵੇਂ ਇਸ ਸਮੱਸਿਆ ਨੂੰ ਬੁੱਧ ਮੱਤ ਨਿਰਵਾਣ ਪ੍ਰਾਪਤ ਕਰਨਾ, ਜੈਨ ਮੁਕਤੀ ਪ੍ਰਾਪਤ ਕਰਨਾ, ਸਾਂਖ, ਕੈਵਲਯ ਜਾਂ ਰੋਕਾ ਪਦ ਪ੍ਰਾਪਤ ਕਰਨਾ, ਵੇਦਾਂਤ ਤੁਰੀਆ ਅਵਸਥਾ ਪ੍ਰਾਪਤ ਕਰਨਾ ਕਹਿੰਦਾ ਹੈ ਪਰ ਸਭ ਦਾ ਭਾਵ ਇਕੋ ਹੈ । ਇਸ ਗੱਲ ਨਾਲ ਹੀ ਸਾਰੇ ਸਹਿਮਤ ਹਨ ਕਿ ਇਸ ਲਕਸ਼ ਦੀ ਪ੍ਰਾਪਤੀ ਕੇਵਲ ਤਦ ਹੁੰਦੀ ਹੈ ਜਦੋਂ ਜੀਵ ਆਪਣੇ ਮਨ ਨੂੰ ਜਿੱਤ ਕੇ ਦੁਨਿਆਵੀ ਦੁੱਖਾਂ ਸੁੱਖਾਂ ਤੋਂ ਨਿਰਲੇਪ ਹੋ ਜਾਂਦਾ ਹੈ, ਮੇਰ ਮਮਤਾ ਤੋਂ ਆਪਣੇ ਆਪ ਨੂੰ ਦੂਰ ਕਰ ਲੈਂਦਾ ਹੈ । ਆਪਣੇ ਨਿਮਨ ਆਪੇ (ਹਉਮੈ) ਨੂੰ ਆਪਣੇ ਉੱਤਮ ਆਪੇ ( ਆਤਮਾ) ਅਧੀਨ ਕਰ ਲੈਂਦਾ ਹੈ , ਆਪਣੀਆਂ ਸੁਭਾਵਕ ਉਤੇਜਨਾਵਾਂ ਨੂੰ ਬੁੱਧੀ ਨਾਲ

---

1. ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ।
   ਖੋਟੈ ਠਵਰ ਨ ਪਾਇਨੀ ਰਲੇ ਜੂਠਾਣੇ ।" (ਆਸਾ ਅਸਟਪਦੀ-20, ਪੰਨਾ-421)
2. ਮਾਰੂ ਸੋਹਲੇ-10, ਪੰਨਾ-1030.
3. ਗੁਰਮੁਖਿ ਨਿਰਮਲ ਰਹਹਿ ਪਿਆਰੇ
   ਜਿਉ ਜਲ ਅੰਭ ਊਪਰਿ ਕਮਲ ਨਿਰਾਰੇ । (ਆਸਾ ਪਦਾ-15, ਪੰਨਾ-353)
4. ਜਪੁਜੀ-1, ਪੰਨਾ-1.

ਸਿਧਾ ਲੈਂਦਾ ਹੈ । ਸਦਾਚਾਰਕ ਤੌਰ ਤੇ ਪੂਰਾ ਸੁੱਚਾ ਅਤੇ ਸਚਿਆਰ ਹੋ ਜਾਂਦਾ ਹੈ ।[1]

ਇਸ "ਅਭੇਦਤਾ" ਦੀ ਪ੍ਰਾਪਤੀ ਲਈ ਗੁਰੂ ਸਾਹਿਬ ਜੀਵਾਂ ਨੂੰ ਇਹੋ ਸੁਨੇਹਾਂ ਦੇਂਦੇ ਹਨ ਕਿ:-

"ਆਤਮ ਚੀਨਿ ਪਰਮਾਤਮ ਚੀਨ੍ਹੇ"[2]

ਜਿਵੇਂ:-

"ਜਿੰਨੀ ਆਤਮ ਚੀਨਿਆ ਪਰਮਾਤਮ ਸੋਈ"[3]

ਜੀਵ ਅਤੇ ਬ੍ਰਹਮ ਦੀ ਅਭੇਦਤਾ ਅਰੂਪ ਰੂਪ ਵਿਚ ਹੈ ਜਿਸ ਤੱਕ ਕੋਈ ਵਿਰਲਾ ਹੀ ਪਹੁੰਚਦਾ ਹੈ ਪਰ ਭੇਦਤਾ ਸਪਸ਼ਟ ਰੂਪ ਵਿੱਚ ਹੈ ਅਤੇ ਹਰ ਜੀਵ ਨੂੰ ਅਨੁਭਵ ਹੁੰਦੀ ਹੈ । ਅਭੇਦਤਾ ਨਿਰਗੁਣ ਸਰੂਪ ਦੀ ਹੈ ਅਤੇ ਭੇਦਤਾ ਸਰਗੁਣ ਸਰੂਪ ਦੀ ਹੈ ਤੇ ਅਸਲੀਅਤ ਇਹ ਹੈ ਕਿ "ਨਿਰਗੁਣ ਆਪਿ ਸਰਗੁਣ ਭੀ ਓਹੀ । ਕਲਾ ਧਾਰਿ ਜਿਨਿ ਸਗਲੀ ਮੋਹੀ ।"[4] ਇਸ ਲਈ ਗੁਰੂ ਸਾਹਿਬ ਦੇ ਜੀਵ ਅਤੇ ਬ੍ਰਹਮ ਦੇ ਵਿਚਾਰ ਨੂੰ ਅਸੀਂ ਇਕੋ ਸਮੇਂ ਅਭੇਦਤਾ-ਭੇਦਤਾ-ਅਭੇਦਤਾ ਦਾ ਸਿਧਾਂਤ ਕਹਿ ਸਕਦੇ ਹਾਂ । ਨਿਰਗੁਣ ਸਰੂਪ ਵਿੱਚ ਹਮੇਸ਼ਾਂ ਅਭੇਦਤਾ ਹੈ, ਸਰਗੁਣ ਸਰੂਪ ਵਿੱਚ ਭੇਦਤਾ ਹੈ ਅਤੇ ਸਰਗੁਣ ਵਿੱਚ ਵਿਆਪਕ ਹੋਕੇ ਨਿਰਗੁਣ ਵਿੱਚ ਫਿਰ ਅਭੇਦਤਾ ਹੈ । ਜਿਸ ਦੀ ਪ੍ਰਾਪਤੀ ਜੀਵ ਦਾ ਨਿਸ਼ਾਨਾ ਹੈ ਤੇ ਜਿਸ ਨੂੰ ਕੋਈ ਵਿਰਲਾ ਪ੍ਰਾਪਤ ਵੀ ਕਰ ਲੈਂਦਾ ਹੈ । ਅਸਲ ਵਿੱਚ ਇਹ ਸਭ ੧ ਓ ਹੀ ਹੈ ।

ਗੁਰੂ ਸਾਹਿਬ ਨੇ ਜੀਵ ਸਿਰਜਨਾ ਦਾ ਕਾਰਨ ਬ੍ਰਹਮ ਦੀ ਇੱਛਾ ਨਹੀਂ ਸਗੋਂ ਖੁਸ਼ੀ ਮੰਨਿਆ ਹੈ ।

---

1. **Satish Chander Chatterjee & Dhirendera Mohan Dutta. "An Introduction to iNdian Philosophy."** Page-12.
2. ਮਾਰੂ ਸੋਹਲੇ-10, ਪੰਨਾ-1030.
3. ਆਸਾ ਅਸਟਪਦੀ-20 , ਪੰਨਾ-421.
4. ਗਉੜੀ ਸੁਖਮਨੀ ਮਹਲਾ-5, ਪੰਨਾ-287.

## ਪ੍ਰਕਰਣ ਛੇਵਾਂ

## "ਬ੍ਰਹਮ ਅਤੇ ਮਾਇਆ"

ਵੇਦਾਂ ਅਨੁਸਾਰ, ਉਪਨਿਸ਼ਦਾਂ ਅਨੁਸਾਰ, ਭਾਗਵਤ ਗੀਤਾ ਅਨੁਸਾਰ, ਸਾਂਖ ਅਨੁਸਾਰ, ਗੁਰੂ ਸਾਹਿਬ ਅਨੁਸਾਰ, ਮਾਇਆ ਦੇ ਦੋ ਰੂਪ- ਸਮਸ਼ਟੀ ਰੂਪ ਜਾਂ ਕੁਦਰਤ ਰੂਪ, ਬ੍ਰਹਮ ਅਤੇ ਕੁਦਰਤ, ਮਾਇਆ ਦਾ ਵਿਆਸ਼ਟੀ ਰੂਪ, ਜਾਂ ਭਰਮਾਊ ਰੂਪ, ਬ੍ਰਹਮ ਅਤੇ ਮਾਇਆ, ਮਾਇਆ ਦੇ ਪੰਜ ਵਿਕਾਰ, ਮਾਇਆ ਦੇ ਚਾਰ ਪਦਾਰਥ, ਮਾਇਆ ਦੋਂ ਤੇ ਰਾਹ, ਮਾਇਆ ਦੀ ਅਗਿਆਨਤਾ ਦਾ ਕਾਰਨ ।

***

ਪ੍ਰਕਰਣ-10.

## "ਬ੍ਰਹਮ ਅਤੇ ਮਾਇਆ"

ਮਾਇਆ ਈਸ਼ਵਰ ਦੀ ਸ਼ਕਤੀ ਹੈ। ਜਿਹੜੀ ਸਾਰੀ ਸਥੂਲ ਸਿਰਜਨਾ ਦਾ ਕਾਰਨ ਹੈ। ਈਸ਼ਵਰ ਦੇ ਨਰ ਪੁਰਖ ਰੂਪ ਨਾਲ ਪੈਦਾ ਹੋਣ ਵਾਲੀ ਮਾਦਾ ਸ਼ਕਤੀ ਹੈ ਜਿਸਦੇ ਗਰਭ ਵਿਚੋਂ ਤਿੰਨ ਗੁਣ ਸਤ, ਰਜ, ਤਮ ਪੈਦਾ ਹੁੰਦੇ ਹਨ ਅਤੇ ਸਾਰੀ ਰੰਗਾਂ ਰੰਗ ਦੀ ਦੁਨੀਆਂ ਸਿਰਜੀ ਜਾਂਦੀ ਹੈ।[1] ਰਿਗ ਵੇਦ ਵਿਚ ਇਸ ਕ੍ਰਮ ਨਾਲ ਮਾਇਆ ਸ਼ਬਦ ਨਹੀਂ ਵਰਤਿਆ ਗਿਆ, ਭਾਵੇਂ ਮਾਇਆ ਸ਼ਬਦ ਦਾ ਵਰਣਨ ਰਿਗਵੇਦ ਵਿੱਚ ਮਿਲਦਾ ਹੈ। ਇਥੇ ਇਹ ਇਕ ਭਰਮ ਪਾਉਣੀ ਸ਼ਕਤੀ ਦੇ ਰੂਪ ਵਿੱਚ ਵੀ ਵਰਣਤ ਹੈ ਕਿ ---"ਇੰਦਰੋ ਮਾਇਆ ਭਿਆ ਪੁਰੁਸਈਸ਼ੇ"[2] ਭਾਵ ਇੰਦਰ ਆਪਣੀ ਮਾਇਆ ਨਾਲ ਅਨੇਕ ਤਰਾਂ ਦੇ ਭਰਮ ਪਾਉਣੇ ਵੇਸ ਧਾਰਨ ਕਰ ਲੈਂਦਾ ਹੈ। ਇਥੇ ਇਹ ਇਕ ਦੇਵਤੇ ਨਾਲ ਸਬੰਧਤ ਹੈ। ਤੇ ਫਿਰ ਇਸ ਨੂੰ ਇਕ ਰਹਸਮਯ ਸ਼ਕਤੀ ਦੇ ਰੂਪ ਵਿੱਚ ਵੀ ਬਿਆਨ ਕੀਤਾ ਗਿਆ ਹੈ ਕਿ-"ਸਾ ਵਾਹਨਿਰ ਪੁਤਰਾਹ ਪੀਤਰੋਹ, ਪਾਵੀਤਰਵਾਨ, ਪੁਨਾਤੀ ਧੀਰੋ ਭੁਵਨਾਨੀ ਮਾਇਆ"[3] ਭਾਵ ਉਹ ਦੋ ਮਾਪਿਆਂ ਦਾ ਪੁੱਤਰ, ਸੰਚਾਲਕ, ਸੋਧੀ ਕਰਤਾ, ਬੜੀ ਅਕਲਮੰਦੀ ਵਰਤਕੇ ਮਨੁੱਖਾਂ ਨੂੰ ਆਪਣੀ ਮਾਇਆ ਨਾਲ ਸ਼ੁਧ ਕਰਦਾ ਹੈ। ਇਥੇ ਵੀ ਇਸ ਦਾ ਸਬੰਧ ਇਕ ਦੇਵਤੇ ਨਾਲ ਹੀ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ "ਮਾਇਆ" ਸ਼ਬਦ ਨੂੰ ਬਹੁਤ ਉੱਤਮ ਰੂਪ ਵਿੱਚ ਵਰਤਿਆ ਗਿਆ ਹੈ ਅਤੇ ਮਾਇਆ ਦਾ ਅਸਲ ਸਰੂਪ ਸਾਹਮਣੇ ਆਉਂਦਾ ਹੈ। ਇਸ ਅਨੁਸਾਰ---"ਮਾਇਆ ਤੂ ਪਰਾਕ੍ਰਿਤਸ ਵੀਦਿਅਤ, ਮਾਇਅਮ ਤੂ ਮਾਹੇਸ਼ਵਰਮ"[4] ਭਾਵ ਮਾਇਆ ਤੂ ਹੀ ਵਿਆਪਕ ਪ੍ਰਕ੍ਰਿਤੀ ਹੈ, ਤੂੰ ਆਪ ਹੀ ਪਰਮਾਤਮਾ ਹੈ। ਬ੍ਰਹਮ ਰਹਸਯ ਉਪਨਿਸ਼ਦ ਇਸ ਬਾਰੇ ਹੋਰ ਵਿਸਤਾਰਤ ਵਿਆਖਿਆ ਨਾਲ ਦੱਸਦੀ ਹੈ। ਇਸ ਅਨੁਸਾਰ ਮਾਇਆ ਬ੍ਰਹਮ ਦੀ ਭਰਮਾਊ ਸ਼ਕਤੀ ਹੈ। ਇਹ ਨਾ ਸਤ ਹੈ ਨਾ ਅਸਤ ਹੈ। ਇਹ ਤਿੰਨਾਂ ਗੁਣਾਂ ਦੀ ਬਣੀ ਹੋਈ ਹੈ। ਇਹ ਅਵਰਨਣਯ ਹੈ। ਇਸ ਦੀਆਂ ਦੋ ਸ਼ਕਤੀਆਂ ਹਨ- ਅਵਰਨਸ਼ਕਤੀ (ਭਰਮਾਊ ਸ਼ਕਤੀ) ਅਤੇ ਵਿਕਸ਼ੇਪ ਸ਼ਕਤੀ (ਪ੍ਰਤੀਬਿੰਬਤ ਕਰਨ ਦੀ ਸ਼ਕਤੀ)[5]

---

1. ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ।
   ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ । (ਜਪੁਜੀ- ਪੰਨਾ-6)
2. ਰਿਗ ਵੇਦ- 6, 47. 18.
3. ਰਿਗ ਵੇਦ- 1, 160, 3.
4. Suet. Up. 4. 10.
5. Commentry by Swami Sivananda- "Ten Upanishads- Brahman Rahasya up. Mantra-13,14. Page-146.

13- Maya is the Illusory power of Lord. It is neither sat ------

ਭਾਗਵਦ ਗੀਤਾ ਵਿੱਚ ਮਾਇਆ ਨੂੰ "ਮਹਦ ਬ੍ਰਹਮ" (महद्ब्रह्म)[1] ਕਿਹਾ ਗਿਆ ਹੈ। ਮਹੱਦ ਜਾਂ ਮਹੱਤ ਦਾ ਭਾਵ ਹੈ "ਹਉਮੈ" ਜਾਂ ਬੁੱਧੀ (ਸਾਂਖ ਅਨੁਸਾਰ), ਇਹ ਪ੍ਰਕ੍ਰਿਤੀ ਦਾ ਪਹਿਲਾ ਅਜਿਹਾ ਵਿਕਾਰ ਹੈ ਜਿਸ ਕਾਰਨ ਸਿਰਜਨਾ ਹੋਈ।[2] ਸੋ ਮਾਇਆ "ਬ੍ਰਹਮ ਰੂਪੀ ਹਉਮੈ ਹੈ ਜਿਹੜੀ ਜਗਤ ਸਿਰਜਨਾ ਦਾ ਕਾਰਨ ਹੈ। ਗੀਤਾ ਵਿੱਚ ਹੀ ਮਾਇਆ ਨੂੰ ਬ੍ਰਹਮ ਦੀ ਯੋਨੀ ਕਿਹਾ ਗਿਆ ਹੈ ਜਿਸ ਵਿੱਚ ਉਹ ਆਪ ਬੀਜ ਦਾਤਾ ਪਿਤਾ ਹੋਕੇ ਬੀਜ ਰੱਖਦਾ ਹੈ ਤੇ ਸਿਰਜਨਾ ਹੁੰਦੀ ਹੈ। ਸਾਰੀ ਪ੍ਰਕ੍ਰਿਤੀ ਵਿੱਚ ਜਿੰਨੀਆਂ ਵੀ ਮੂਰਤੀਆਂ ਜਨਮਦੀਆਂ ਹਨ ਉਨਾਂ ਦੀ ਯੋਨੀ ਮਾਇਆ ਹੈ ਅਤੇ ਬੀਜ ਦਾਤਾ ਪਿਤਾ ਈਸ਼ਵਰ ਹੈ। ਇੰਜ ਇਥੇ ਗੁਰੂ ਸਾਹਿਬ ਦੁਆਰਾ ਕਥਿਤ "ਸ਼ਿਵ-ਸ਼ਕਤਿ" ਦਾ ਸਿਧਾਂਤ ਸਾਹਮਣੇ ਆਉਂਦਾ ਹੈ। ਉਪਨਿਸ਼ਦਾਂ ਦੇ ਭਾਸ਼ਕਾਰਾਂ ਸ਼ੰਕਰਾਚਾਰੀਆਂ, ਰਾਮਾਨੁਜ, ਮਾਧਵ, ਚੈਤੰਨਯ, ਦੱਖਣ ਦੇ ਵੈਸ਼ਨਵ ਆਲਵਾਰਾਂ ਨੇ "ਮਾਇਆ" ਦੇ ਸਿਧਾਂਤ ਨੂੰ ਆਪਣੇ ਆਪਣੇ ਢੰਗ ਨਾਲ ਬਿਆਨ ਕੀਤਾ ਹੈ।

ਸ਼ੰਕਰਾਚਾਰੀਆ ਅਨੁਸਾਰ ਵੀ ਮਾਇਆ ਦੇ ਦੋ ਕੰਮ ਹਨ - ਇਕ ਤਾਂ ਇਹ ਆਪਣਾ ਭਰਮ ਜਾਲ ਫੈਲਾ ਕੇ ਬ੍ਰਹਮ ਨੂੰ ਕੱਜ ਲੈਂਦੀ ਹੈ ਅਤੇ ਦੂਜਾ ਇਹ ਕਿ ਫਿਰ ਇਕੋ ਬ੍ਰਹਮ ਨੂੰ ਅਨੇਕ ਰੂਪਾਂ ਵਿੱਚ ਪ੍ਰਤੀਬਿੰਬਤ ਕਰਦੀ ਹੈ। ਇਹ ਈਸ਼ਵਰ ਦੀ ਸ਼ਕਤੀ ਹੈ। ਜਿਵੇਂ ਅਗਨੀ ਅਤੇ ਉਸਦੀ ਤਪਸ਼ ਅਭਿੰਨ ਹਨ ਉਸੇ ਤਰਾਂ ਮਾਇਆ ਅਤੇ ਈਸ਼ਵਰ ਵੀ ਅਭਿੰਨ ਹਨ। ਰਾਮਾਨੁਜ ਨੇ ਮਾਇਆ ਨੂੰ ਈਸ਼ਵਰ ਦੀ ਸ੍ਰਿਸ਼ਟੀ ਰਚਨਾ ਦੀ ਸ਼ਕਤੀ ਕਿਹਾ ਹੈ। ਇਹ ਤਿੰਨ ਗੁਣਾਂ- ਸਤ, ਰਜ, ਤਮ ਦੀ ਬਣੀ ਹੈ। ਵਿਕਾਰਾਂ ਨੂੰ ਉਤਪੰਨ ਕਰਨ ਕਾਰਣ ਇਸ ਨੂੰ ਪ੍ਰਕ੍ਰਿਤੀ, ਸਮਿਅਕ ਗਿਆਨ ਦੀ ਪ੍ਰਾਪਤੀ ਵਿੱਚ ਬਾਧਕ ਸਿੱਧ ਹੋਣ ਕਾਰਨ ਅਵਿਦਿਆ ਅਤੇ ਅਨੇਕ ਰੂਪ ਜਗਤ ਦਾ ਨਿਰਮਾਣ ਕਰਨ ਕਾਰਨ ਇਸ ਨੂੰ ਮਾਇਆ ਕਹਿੰਦੇ ਹਨ।

---

---nor Asat. It is made of three Gunas. It is indescribable. (Anisvadaniya)

14. Maya has got two Shaktis or potencies. Viz Avaran Shakti or the veiling power and vikshepa Shakti or the projecting power.

1. ਗੀਤਾ- 14-3.,
2. I ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-697.
   II ਪੰਡਿਤ ਰਾਮ ਚੰਦ੍ਰ ਪਾਠਕ, "ਆਦਰਸ਼ ਹਿੰਦੀ ਸ਼ਬਦ ਕੋਸ਼" ਪੰਨਾ-455.

ਮਾਧਵਾਚਾਰੀਆਂ ਦੀ ਦਵੈਤਵਾਦੀ ਧਾਰਣਾ ਅਨੁਸਾਰ ਮਾਇਆ ਈਸ਼ਵਰ ਦੀ ਸ਼ਕਤੀ ਹੈ ਜੋ ਇਕ ਪਾਸੇ ਈਸ਼ਵਰ ਨੂੰ ਸ੍ਰਿਸ਼ਟੀ ਰਚਨਾ ਕਰਨ ਵਿੱਚ ਸਹਾਇਤਾ ਦਿੰਦੀ ਹੈ ਅਤੇ ਦੂਜੇ ਪਾਸੇ ਜੀਵਾਂ ਉੱਪਰ ਅਗਿਆਨ ਅਤੇ ਅਵਿਦਿਆ ਦਾ ਪਰਦਾ ਪਾ ਦਿੰਦੀ ਹੈ । ਇਸ ਸਿਧਾਂਤ ਅਨੁਸਾਰ ਮਾਇਆ ਪ੍ਰਭੂ ਦੀ ਅਚਿੰਤਯ ਸ਼ਕਤੀ ਹੈ ਜਿਸ ਦੁਆਰਾ ਨਾ ਕੇਵਲ ਸੰਸਾਰ ਦੀ ਸਿਰਜਨਾ ਹੁੰਦੀ ਹੈ ਸਗੋਂ ਪਾਲਨਾ ਅਤੇ ਨਾਸ਼ ਵੀ ਹੁੰਦਾ ਹੈ ।

ਚੈਤੰਨਯ ਦੇ ਮਤ ਅਨੁਸਾਰ ਮਾਇਆ ਮਿਥਿਆ ਅਤੇ ਬਾਧਕ ਸ਼ਕਤੀ ਨਹੀਂ ਸਗੋਂ ਭਗਵਾਨ ਦੀ ਅਚਿੰਤਯ ਸ਼ਕਤੀ ਹੈ । ਸ੍ਰਿਸ਼ਟੀ ਅਗਿਆਨ ਦਾ ਨਹੀਂ ਈਸ਼ਵਰ ਦੀ ਅਚਿੰਤਯ ਸ਼ਕਤੀ ਦਾ ਹੀ ਕਰਮ ( ਕਰਮ ਫਲ ) ਹੈ । ਪਰਮਾਤਮਾ ਜਗਤ ਦਾ ਨਿਮਿੱਤ ਕਾਰਣ (ਕਰਤਾ ) ਹੈ ਅਤੇ ਆਪਣੀਆਂ ਸ਼ਕਤੀਆਂ ਨਾਲ ਯੁਕਤ ਹੋਣ ਕਰਕੇ ਉਪਾਦਾਨ (ਸਾਮੱਗਰੀ ਜਿਸ ਤੋਂ ਵਸਤੂ ਬਣਦੀ ਹੈ- ਉਪਕਰਣ ) ਕਾਰਣ ਵੀ ਹੈ । ਈਸ਼ਵਰ ਆਪਣੀ ਅਚਿੰਤਯ ਸ਼ਕਤੀ ਤੋਂ ਹੀ ਆਤਮ ਉਤਪਾਦਨ ਦੁਆਰਾ ਜਗਤ , ਸ੍ਰਿਸ਼ਟੀ ਰੂਤੇ ਨਿਰੰਤਣ ਕਰਦਾ ਹੈ ।

ਦੱਖਣ ਦੇ ਵੈਸ਼ਣਵ ਆਲਵਾਰਾਂ ਨੇ ਦੋ ਤਰਾਂ ਦੀ ਮਾਇਆ ਦੀ ਚਰਚਾ ਕੀਤੀ ਹੈ । ਉਨਾਂ ਅਨੁਸਾਰ ਇਕ ਭਗਵਾਨ ਦੀ ਸ਼ਕਤੀ ਰੂਪ ਮਾਇਆ ਹੈ । ਇਹ ਮਾਇਆ ਸ੍ਰਿਸ਼ਟੀ -ਰਚਨਾ ਦਾ ਕਾਰਨ ਹੈ । ਦੂਜੀ ਮਾਇਆ ਉਹ ਹੈ ਜਿਸ ਦਾ ਸਬੰਧ ਕੇਵਲ ਜੀਵਾਂ ਨਾਲ ਹੈ ਈਸ਼ਵਰ ਨਾਲ ਨਹੀਂ । ਇਸ ਮਾਇਆ ਕਾਰਨ ਜੀਵ ਸੰਸਾਰ ਵਿੱਚ ਖਚਿੱਤ ਰਹਿੰਦਾ ਹੈ । ਇਹ ਮਾਇਆ ਭਗਵਾਨ ਦੀ ਮਾਇਆ ਤੋਂ ਭਿੰਨ ਹੈ । ਆਲਵਾਰਾਂ ਨੇ ਮਾਇਆ ਦੇ ਇਨਾਂ ਦੋਹਾਂ ਭੇਦਾਂ ਨੂੰ ਵੱਖ ਵੱਖ ਨਾਮ ਦਿੱਤੇ ਹਨ ।

ਇਹ ਸਾਰੀਆਂ ਵਿਚਾਰਧਾਰਾਵਾਂ ਸਪਸ਼ਟ ਕਰਦੀਆਂ ਹਨ ਕਿ ਅਸਲ ਵਿੱਚ ਮਾਇਆ ਦੀਆਂ ਦੋ ਹੀ ਸ਼ਕਤੀਆਂ ਹਨ--- ਭਰਮਾਊ ਅਤੇ ਪ੍ਰਤੀਬਿੰਬਕ । ਪ੍ਰਤੀਬਿੰਬਕ ਸਦਕਾ ਸਿਰਜਨਾ ਹੁੰਦੀ ਹੈ ਅਤੇ ਭਰਮਾਊ ਸਦਕਾ ਸਿਰਜਨਾ ਵਿੱਚ ਦਵੈਤ, ਹਉਮੈ, ਅਤੇ ਅਗਿਆਨਤਾ ਪੈਦਾ ਹੁੰਦੀ ਹੈ । ਭਾਵ ਮਾਇਆ ਹੀ ਸਿਰਜਨਾ ਕਰਨ ਵਾਲੀ ਹੈ ਅਤੇ ਮਾਇਆ ਹੀ ਭਰਮਾਉਣ ਵਾਲੀ ਹੈ ।

ਗੁਰੂ ਨਾਨਕ ਦੇਵ ਜੀ ਇਨਾਂ ਸਾਰੀ ਵਿਚਾਰਧਾਰਾਵਾਂ ਦੇ ਗੇੜ ਵਿੱਚ ਨਹੀਂ ਪਏ । ਉਹ "ਮਾਇਆ " ਨੂੰ ਬ੍ਰਹਮ ਦੇ ਹਿਰਨਯ ਗਰਭ ਦੇ ਰੂਪ ਵਿੱਚ ਸ਼ਵੇਤਾਸ਼ਵਤਰ ਉਪਨਿਸ਼ਦ ਵਾਲੇ ਵਿਸ਼ਾਲ ਅਰਥਾਂ ਵਿਚ, ਸਵੈ- ਅਨੁਭਵ ਦੇ ਅਧਾਰ ਤੇ ਗੱਲ ਕਰਦੇ ਹਨ । ਉਨਾਂ ਅਨੁਸਾਰ--

"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ।
ਇਕ ਸੰਸਾਰੀ, ਇਕ ਭੰਡਾਰੀ, ਇਕ ਲਾਏ ਦੀਬਾਣੁ ।

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ।"[1]

"ਏਕੋ ਸਾਹਿਬ" ਦਾ ਸਰੂਪ "ਏਕਾ ਮਾਈ" ਗਰਭ ਵਿੱਚ ਆ ਕੇ ਬ੍ਰਹਮ- ਜੁਗਤਿ ਸਦਕਾ ਪ੍ਰਸੂਤਾ ਹੁੰਦੀ ਹੈ ਤੇ ਸਿੱਟੇ ਵਜੋਂ ਤਿੰਨ ਚੇਲੇ - ਸਤ ਗੁਣ, ਰਜ ਗੁਣ, ਤਮ ਗੁਣ ਜਿਨ੍ਹਾਂ ਦੀ ਕ੍ਰਮਵਾਰ ਪ੍ਰਤੀਨਿਧਤਾ ਬ੍ਰਹਮਾ, ਬਿਸਨੁ, ਮਹੇਸ਼ ਕਰਦੇ ਹਨ, ਬ੍ਰਹਮ ਦੇ ਭਾਣੇ ਪਰਵਾਨ ਚੜ੍ਹਦੇ ਹਨ। ਸਤ ਗੁਣ ਬ੍ਰਹਮਾ -ਸੰਸਾਰੀ- ਹੋਕੇ ਸੰਸਾਰ ਦੀ ਸਿਰਜਨਾ ਕਰਦਾ ਹੈ, ਰਜ ਗੁਣ ਬਿਸਨੁ ਭੰਡਾਰੀ ਹੋਕੇ ਇਸ ਦੀ ਪਾਲਨਾ ਕਰਦਾ ਹੈ ਤੇ ਤਮ ਗੁਣ "ਦੀਬਾਣੁ ਲਾਣ ਵਾਲਾ" ਹੋਕੇ ਸਿਰਜਨਾ ਦੇ ਕਰਮਾ ਦਾ ਲੇਖਾ ਕਰਦਾ ਹੈ ਅਤੇ ਇਸ ਦਾ ਸੰਘਾਰ ਕਰਦਾ ਹੈ। ਇਹ ਸਾਰਾ ਸਿਰਜਨਾ, ਪਾਲਨਾ, ਵਿਨਾਸ਼ ਦਾ ਕ੍ਰਮ ਲਗਾਤਾਰ ਬ੍ਰਹਮ ਦੇ ਭਾਣੇ ਵਿੱਚ ਉਸ ਦੇ ਹੁੱਕਮ ਅਨੁਸਾਰ ਹੋ ਰਿਹਾ ਹੈ। ਮਾਇਆ ਜਿਥੇ ਬ੍ਰਹਮ ਨੂੰ ਤ੍ਰਿਕੁਟੀ ਦੇ ਰੂਪ ਵਿਚ ਲਿਆ ਕੇ ਵਿਸ਼ਵ ਸਿਰਜਨਾ ਦੀ ਅਨੇਕਤਾ ਦੇ ਰੂਪ ਵਿੱਚ ਪ੍ਰਤੀਬਿੰਬਤ ਕਰਦੀ ਹੈ ਉਥੇ ਇਹ ਇਸ ਸਿਰਜਨਾ ਨੂੰ ਭਰਮ ਭੁਲੇਖਿਆ ਵਿੱਚ ਵੀ ਪਾ ਦੇਂਦੀ ਹੈ। ਇਸ ਕਾਰਨ ਬ੍ਰਹਮ ਆਪ ਤਾਂ ਭਾਵੇਂ ਸਭ ਕੁੱਝ ਨੂੰ ਦੇਖਦਾ ਹੈ ਪਰ ਸਿਰਜਨਾ ਉਸ ਨੂੰ ਨਹੀਂ ਦੇਖ ਸਕਦੀ। ਇਹ ਤਿੰਨ ਚੇਲੇ ਤਿੰਨ ਹੁੰਦੇ ਹੋਏ ਵੀ "ਏਕਾ ਮਾਈ" ਦੀ ਹਨ ਅਤੇ ਵਿਸ਼ਵ ਦੀ ਅਸਲੀਅਤ ਕੇਵਲ ਸ਼ਿਵ-ਸ਼ਕਤੀ ਦਾ ਮੇਲ ਹੀ ਹੈ। ਗੁਰੂ ਸਾਹਿਬ ਦਾ ਕਥਨ ਹੈ :-

"ਜਹ ਦੇਖਾ ਤਹਿ ਰਵਿ ਰਹੇ ਸਿਵ ਸਕਤੀ ਕਾ ਮੇਲ,
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ"[2]

ਬ੍ਰਹਮਾ, ਬਿਸਨ, ਮਹੇਸ਼ ਵੀ ਸ਼ਿਵ-ਸ਼ਕਤੀ ਦੇ ਖੇਲ ਦਾ ਹੀ ਸਿੱਟਾ ਹੈ ਅਤੇ ਸਾਰੀ ਸਿਰਜਨਾ ਵੀ।[3] ਮਾਇਆ ਦੇ ਭਰਮ ਵਿੱਚ ਕੇਵਲ ਸਿਰਜਨਾ ਹੀ ਨਹੀਂ ਸਗੋਂ ਬ੍ਰਹਮਾ ਬਿਸਨ ਮਹੇਸ਼ ਵੀ ਭੁਲੇ ਹਨ ਕਿਉਂਕਿ ਇਹ ਵੀ ਮਾਇਆ ਦੀ ਹੀ ਸਿਰਜਨਾ ਹਨ। ਬ੍ਰਹਮ ਨੇ ਆਪ ਹੀ "ਸ਼ਿਵ-ਸ਼ਕਤੀ" ਨੂੰ ਪੈਦਾ ਕੀਤਾ ਹੈ ਅਤੇ ਉਸੇ ਦਾ ਹੁੱਕਮ ਹੀ ਸਾਰੇ ਪਾਸੇ ਭਰਮਾਸਰਦਾਰ ਹੋ ਰਿਹਾ ਹੈ।

---

1. ਜਪੁਜੀ-30, ਪੰਨਾ-7.
2. ਸਿਰੀ ਪਦੇ-13, ਪੰਨਾ-21.
3. । ਨਾਰਦ ਸਾਰਦ ਸੇਵਕ ਤੇਰੇ । ਤ੍ਰਿਭਵਣਿ ਸੇਵਕ ਵਡੇਰੁ ਵਡੇਰੇ ।

    ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ, ਸਭ ਤੇਰੋ ਕਾਰਣ ਕੀਨਾ।

    (ਮਾਰੂ ਸੋਹਲੇ-8, ਪੰਨਾ-1022.)

    ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ। (ਰਾਮਕਲੀ ਮਹਲਾ-3, ਪੰਨਾ-909)

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਵੀ ਮਾਇਆ ਦੀਆਂ ਦੋ ਧਾਰਨਾਵਾਂ ਮੰਨਦੇ ਹਨ। ਇਕ ਤਾਂ ਇਸ ਦੀ ਗਲਬਤ ਹੋਕੇ "ਵਿਆਪਕ" ਦੀ ਤਾਕਤ ਅਤੇ ਨਿਰਗੁਣ ਬ੍ਰਹਮ ਨੂੰ ਸਰਗੁਣ ਸਰੂਪ ਵਿੱਚ ਪ੍ਰਤੀਬਿੰਬਤ ਕਰਨ ਦੀ ਸ਼ਕਤੀ ਤੇ ਦੂਜੀ ਇਸ ਸਾਰੀ ਸਰਗੁਣ ਸਰੂਪੀ ਸਿਰਜਨਾ ਨੂੰ ਭਰਮ ਭੁਲੇਖਿਆਂ ਵਿੱਚ ਪਾਉਣ ਦੀ ਸ਼ਕਤੀ। ਗੁਰੂ ਸਾਹਿਬ ਨੇ ਸਾਂਖ ਵਾਂਗ ਮਾਇਆ ਦੇ ਪ੍ਰਤੀਬਿੰਬਕ ਰੂਪ ਨੂੰ "ਪ੍ਰਕ੍ਰਿਤੀ" ਜਾਂ ਇਸ ਦਾ ਠੋਸ ਰੂਪ "ਕੁਦਰਤ" ਕਹਿਕੇ ਵਰਣਨ ਕੀਤਾ ਹੈ। ਬੇਸ਼ੱਕ ਗੁਰੂ ਸਾਹਿਬ ੧ਓ ਕਹਿੰਦੇ ਹਨ, ਸ੍ਰਿਸ਼ਟੀ ਨੂੰ ਬ੍ਰਹਮ ਦਾ ਸਰਗੁਣ ਸਰੂਪ ਮੰਨਦੇ ਹਨ ਪਰ ਇਹ ਸਰਗੁਣ ਸਰੂਪ ਅਸਲ ਵਿੱਚ ਭਰਮ ਹੀ "ਮਾਇਆ" ਹੀ ਹੈ। ਗੁਰੂ ਸਾਹਿਬ ਦਾ ਕਥਨ ਹੈ:-

"ਜਗੁ ਤਿਸ ਕੀ ਛਾਇਆ
ਜਿਸੁ ਬਾਪੁ ਨ ਮਾਇਆ"[1]

ਮਾਇਆ ਦੇ ਭਰਮਾਉਣੇ ਰੂਪ ਨੂੰ, ਜਿਸ ਨਾਲ ਇਹ ਜੀਵ ਨੂੰ ਆਪਣੀ ਅਸਲੀਅਤ ਭੁਲਾ ਕੇ, ਦਵੈਤ ਵਿੱਚ ਫਸਾਉਂਦੀ ਹੈ ਤੇ ਉਸ ਨੂੰ ਕਦੀ ਹੰਕਾਰ, ਦੁਬਿਧਾ ਵਿੱਚ ਪਾਉਂਦੀ ਹੈ ਨੂੰ ਗੁਰੂ ਸਾਹਿਬ ਨੇ "ਮਾਇਆ" ਹੀ ਲਿਖਿਆ ਹੈ। ਮਾਇਆ ਦਾ ਪਹਿਲਾ ਰੂਪ ਸਭ ਨਾਲ ਸਾਂਝੇ ਤੌਰ ਤੇ ਸੰਬੰਧਤ ਹੈ ਅਤੇ ਦੂਜਾ ਰੂਪ ਹਰ ਜੀਵ ਨਾਲ ਵਿਅਕਤੀਗਤ ਰੂਪ ਵਿੱਚ ਸੰਬੰਧਤ ਹੁੰਦਾ ਹੈ। ਇਸ ਕਾਰਨ ਕਈ ਜੀਵ ਵਧੇਰੇ ਭਰਮ ਭੁਲੇਖਿਆਂ ਅਤੇ ਮਾਇਆ ਦੇ ਵਿਕਾਰਾਂ ਵਿੱਚ ਫਸੇ ਹੁੰਦੇ ਹਨ ਤੇ ਕਈ ਥੋੜ। ਕਈਆਂ ਉਤੇ ਕਿਰਪਾ ਕਰਕੇ ਬ੍ਰਹਮ ਉਨ੍ਹਾਂ ਨੂੰ ਬਿਲਕੁਲ ਭਰਮਾਂ ਤੇ ਮਾਇਆ ਦੇ ਵਿਕਾਰਾਂ ਤੋਂ ਮੁਕਤ ਕਰ ਦੇਂਦਾ ਹੈ ਅਤੇ ਆਪਣੇ ਨਾਲ ਮਿਲਾ ਲੈਂਦਾ ਹੈ। ਇਸੇ ਕਰਕੇ ਡਾ: ਰਤਨ ਸਿੰਘ ਜੱਗੀ ਇਨ੍ਹਾਂ ਦੋ ਰੂਪਾਂ ਨੂੰ[2] ਸਮਸ਼ਟੀ ਰੂਪ (ਸਮੂਹਿਕ ਰੂਪ) ਅਤੇ ਵਿਅਸ਼ਟੀ ਰੂਪ ( ਵਿਅਕਤੀਗਤ ਰੂਪ ) ਦਾ ਨਾਂ ਦੇਂਦੇ ਹਨ। ਮਾਇਆ ਦਾ ਰੂਪ ਅਜਿਹਾ ਅਦਭੁਤ ਹੈ ਕਿ ਸਾਰੀ ਸ੍ਰਿਸ਼ਟੀ ਵੀ ਸ਼ਿਵ ਅਤੇ ਸ਼ਕਤੀ ਦਾ ਇਕ ਖੇਲ ਹੈ ਅਤੇ ਇਕ ਜੀਵ ਵੀ ਸ਼ਿਵ ਅਤੇ ਸ਼ਕਤੀ ਦਾ ਖੇਲ ਹੈ, ਸਾਰੇ ਬ੍ਰਹਿਮੰਡ ਵਿੱਚ ਵੀ ਇਹ ਖੇਲ ਸਮਾਇਆ ਹੋਇਆ ਹੈ ਅਤੇ ਇਕ "ਪਿੰਡ" ਵਿੱਚ ਵੀ ਇਹ ਖੇਲ ਹੋ ਰਿਹਾ ਹੈ। ਇਸ ਲਈ ਮਾਇਆ ਦੇ ਰੂਪ ਨੂੰ ਬਿਆਨ ਕਰ ਸਕਣਾ ਅਸੰਭਵ ਹੈ। ਪਰ ਤਾਂ ਵੀ ਗੁਰੂ ਸਾਹਿਬ ਨੇ ਮਾਇਆ ਨੂੰ ਬ੍ਰਹਮ ਦੇ ਸਬੰਧ ਵਿਚ ਵੀ ਬਿਆਨ ਕੀਤਾ ਹੈ ਭਾਵ ਸਮਸ਼ਟੀ ਰੂਪ ਵਿਚ "ਕੁਦਰਤਿ" ਨਾਂ ਹੇਠ ਅਤੇ ਮਾਇਆ ਨੂੰ ਜੀਵ ਦੇ ਸਬੰਧ ਵਿੱਚ ਵੀ ਬਿਆਨ ਕੀਤਾ ਹੈ ਭਾਵ ਵਿਅਸ਼ਟੀ ਰੂਪ ਵਿੱਚ, "ਮਾਇਆ" "ਸਰਪਨਿ" ਜਾਂ ਸੰਪਿ ਨਾਮ ਹੇਠ।

---

1. ਮਾਰੂ ਸੋਹਲੇ-18, ਪੰਨਾ-1038.

2. ਡਾ: ਰਤਨ ਸਿੰਘ ਜੱਗੀ , "ਗੁਰੂ ਨਾਨਕ ਦੀ ਵਿਚਾਰਧਾਰਾ" ਪੰਨਾ-297.

ਏਕਾ ਮਾਈ ਦੇ ਇੰਜ ਵਿਆਣ ਦਾ ਕਰਮ ਕਦੋਂ ਹੋਇਆ ? ਇਸ ਬਾਰੇ ਕੋਈ ਨਹੀਂ ਜਾਣਦਾ, ਸਿਵਾਏ ਇਸ ਦੇ ਕਰਤਾ ਬ੍ਰਹਮ ਤੋਂ[1] ।

## ਮਾਇਆ ਦਾ ਸਮਸ਼ਟੀ ਰੂਪ ਜਾਂ ਕੁਦਰਤ

ਜੋ ਕੁੱਝ ਵੀ ਦਿਸਦਾ ਹੈ, ਸੁਣਦਾ ਹੈ, ਸਭ ਪਰਮਾਤਮਾ ਦੀ ਕੁਦਰਤ ਹੈ । ਇਹ ਸਾਰੀ ਅਨੰਦਤਾ ਕੁਦਰਤ ਹੈ, ਭਾਵੇਂ ਇਹ ਡਰ ਹੈ, ਭਾਵੇਂ ਸੁੱਖ ਹੈ, ਭਾਵੇਂ ਅਕਾਸ਼ ਪਤਾਲ ਅਤੇ ਸਾਰੇ ਅਕਾਰ (ਰੂਪ) ਹਨ, ਭਾਵੇਂ ਵੇਦ ਪੁਰਾਣ ਕਤੇਬਾਂ ਜਾਂ ਹੋਰ ਸਭ ਤਰ੍ਹਾਂ ਦੀ ਵਿਚਾਰ ਹੈ, ਭਾਵੇਂ ਇਹ ਖਾਣਾ, ਪੀਣਾ ਪਹਿਨਣਾ ਜਾਂ ਹੋਰ ਹਰ ਤਰ੍ਹਾਂ ਦੇ ਪਿਆਰ ਹਨ, ਭਾਵੇਂ ਨੇਕੀਆਂ, ਬਦੀਆਂ, ਮਾਨ ਅਭਿਮਾਨ ਹੈ ਭਾਵੇਂ ਪਾਉਣ, ਪਾਣੀ, ਅਗਨੀ ਅਤੇ ਧਰਤੀ ਆਦਿ ਤੱਤ ਹਨ । ਭਾਵੇਂ ਮਨੁੱਖ ਦੇ ਸਾਰੇ ਜਜ਼ਬਾਤ, ਸਾਰੇ ਗੁਣ ਔਗੁਣ, ਸਾਰਾ, ਗਿਆਨ ਅਤੇ ਸਾਰੀ ਸਥੂਲ ਸਿਰਜਨਾ ਕਾਦਿਰ ਦੀ ਕੁਦਰਤ ਹੈ ਜਿਹੜੀ ਆਪਣੇ ਪਵਿੱਤਰ ਕਰਤਾ ਵਾਂਗ ਪਵਿੱਤਰ ਹੈ[2]। ਬ੍ਰਹਮ ਦੇ ਹੁੱਕਮ ਵਿੱਚ ਹੀ ਇਸ ਕੁਦਰਤ ਵਿੱਚ ਨਵਾਂ ਨਵਾਂ ਕੁੱਝ ਵਾਪਰ ਰਿਹਾ ਹੈ ।

ਇੰਜ "ਕੁਦਰਤ" ਬੇਸ਼ੱਕ ਸਿਰਜਨਾ ਸ਼ਕਤੀ ਹੈ ਪਰ ਇਹ ਕਿਸੇ ਤਰ੍ਹਾਂ ਵੀ ਸੁਤੰਤਰ ਨਹੀਂ । ਉਹ ਆਪ ਸਾਰੀ ਕੁਦਰਤ ਵਿੱਚ ਵੱਸਿਆ ਹੋਇਆ ਹੈ । ਉਹ ਆਪ ਸੱਚਾ ਹੈ, ਇਸ ਲਈ ਉਸ ਦੀ ਸਾਰੀ ਕੁਦਰਤ ਵੀ ਸੱਚੀ ਹੈ[3] । ਪਰ ਇਹ ਸਚਾਈ ਕਾਦਰ ਦੀ ਆਪਣੀ ਮਰਜ਼ੀ ਉੱਤੇ ਨਿਰਭਰ

---

1. ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ।
   ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ । (ਜਪੁਜੀ- ਪੰਨਾ-4.)
2. ਕੁਦਰਤਿ ਦਿਸੈ ਕੁਦਰਤਿ ਸੁਣੀਐ । ਕੁਦਰਤਿ ਭਉ ਸੁਖਸਾਰ ।
   ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਅਕਾਰੁ ।
   ਕੁਦਰਤਿ ਵੇਦ ਪੁਰਾਣ ਕਤੇਬਾ, ਕੁਦਰਤਿ ਸਰਬ ਬੀਚਾਰ ।
   ਕੁਦਰਤਿ ਖਾਣਾ ਪੀਣਾ ਪੈਨਣ, ਕੁਦਰਤਿ ਸਰਬ ਪਿਆਰ ।
   ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨ ਅਭਿਮਾਨ ।
   ਕੁਦਰਤਿ ਪਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕ ।
   ਸਭ ਤੇਰੀ ਕੁਦਰਤਿ ਤੂੰ ਕਾਦਿਰ ਕਰਤਾ ਪਾਕੀ ਨਾਈ ਪਾਕ ।
   ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ । (ਵਾਰ ਆਸਾ-2, ਪੰਨਾ-464)
3. ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ । (ਵਾਰ ਆਸਾ:- ਸਲੋਕ-3, ਪੰਨਾ-463)

ਸਚਾਈ ਹੈ । ਉਂਜ ਕੁਦਰਤ ਦੀ ਕੋਈ ਚੀਜ਼ ਸਥਾਈ ਅਤੇ ਸਥਿਰ ਨਹੀਂ ਬ੍ਰਹਮ ਨੂੰ ਚੰਗਾ ਲੱਗਦਾ ਹੈ ਤਾਂ ਉਹ ਬਿਨਾਂ ਕਿਸੇ ਨੂੰ ਕੁੱਝ ਪੁੱਛੇ ਹੀ ਕੁੱਝ ਢਾਹ ਦੇਂਦਾ ਹੈ, ਕੁੱਝ ਉਸਾਰ ਦੇਂਦਾ ਹੈ । ਕੁੱਝ ਦੇ ਦੇਂਦਾ ਹੈ ਅਤੇ ਬਿਨਾਂ ਪੁੱਛੇ ਹੀ ਲੈ ਲੈਂਦਾ ਹੈ ।[1] ਉਸ ਦੀ ਕੁਦਰਤ ਹੈ ਉਹ ਹੀ ਇਸ ਨੂੰ ਜਾਣਦਾ ਹੈ ਅਤੇ ਇਸ ਵਿਚ ਕੁੱਝ ਨਾ ਕੁੱਝ ਕਰਦਾ ਰਹਿੰਦਾ ਹੈ । ਅਸੰਭਵ ਨੂੰ ਸੰਭਵ ਕਰ ਦਿਖਾਉਂਦਾ ਹੈ । ਮਾਸਾਹਾਰੀਆਂ ਨੂੰ ਘਾਹ ਖਾਣ ਵਾਲੇ ਤੇ ਘਾਹ ਖਾਣ ਵਾਲਿਆਂ ਨੂੰ ਮਾਸਾਹਾਰੀ ਕਰ ਦੇਂਦਾ ਹੈ । ਨਦੀਆਂ ਵਿੱਚ ਟਿੱਬੇ ਦਿਖਾ ਦਿੰਦਾ ਹੈ ਅਤੇ ਥਲਾਂ ਨੂੰ ਅਥਾਹ ਸਮੁੰਦਰਾਂ ਵਿੱਚ ਬਦਲ ਦੇਂਦਾ ਹੈ । ਕੀੜਿਆਂ ਨੂੰ ਰਾਜ ਸਿੰਘਾਸਨ ਤੇ ਸਥਾਪਿਤ ਕਰ ਦੇਂਦਾ ਹੈ ।[2] ਇਹ ਸਾਰੀ ਕੁਦਰਤ ਤਾਂ ਉਸ ਦਾ ਇਕ ਖੇਲ ਹੈ ਜਿਸ ਨੂੰ ਉਹ ਇਕ ਬਾਜੀਗਰ ਵਾਂਗ ਤਰਾਂ ਤਰਾਂ ਦੇ ਖੇਲ ਖਿਡਾਉਂਦਾ ਹੈ ।[3] ਇਹ ਮਾਇਆ ਬਹੁਤ ਸੁਹਣੀ ਹੈ, ਇਸ ਦੀ ਰਚਨਾ ਅਪਾਰ, ਅਨੰਤ ਰੰਗਾਂ ਰੰਗ ਭਰਪੂਰ ਹੈ; ਜਿਹੜੀ ਇਕ ਮਨੁੱਖ ਦੇ ਮਨ ਨੂੰ ਮੋਹ ਲੈਂਦੀ ਹੈ ।[4] ਇਹ ਬ੍ਰਹਮ ਵਾਂਗ ਹੀ ਅਨੰਤ, ਵਿਸ਼ਾਲ ਅਤੇ ਅਸੀਮ ਹੈ । ਇਸ ਵਿਚ ਅਨੇਕਾਂ ਧਰਤੀਆਂ, ਅਨੇਕਾਂ ਅਕਾਸ਼, ਅਨੇਕਾਂ ਦਰਿੰਦੇ, ਅਨੇਕਾਂ ਜੀਵ ਹਨ, ਅਸੰਖਾਂ ਚੰਗਿਆਈਆਂ ਅਤੇ ਅਸੰਖਾਂ ਹੀ ਬੁਰਿਆਈਆਂ ਹਨ । ਇਸ ਅਨੰਤਤਾ ਦਾ ਹਾਥ ਨਹੀਂ ਲਿਆ ਜਾ ਸਕਦਾ , ਕੇਵਲ ਕਰਤਾ ਆਪ ਹੀ ਇਸ ਸਾਰੇ ਕੁੱਝ ਨੂੰ ਜਾਣਦਾ ਹੈ ।[5] ਉਹ ਆਪ ਇਸ ਨੂੰ ਦੇਖ ਦੇਖ ਕੇ ਖੁਸ਼ ਹੁੰਦਾ ਹੈ।[6] ਕੁਦਰਤ ਇਕ ਆਸਣ ਹੈ ਜਿਹੜਾ ਬ੍ਰਹਮ ਨੇ ਆਪਣੇ ਬੈਠਣ ਲਈ ਸਾਜਿਆ ਹੈ । ਇਸ ਆਸਣ ਤੇ ਬੈਠਕੇ ਉਹ ਕੁਦਰਤ ਦੇ ਝੂਠ ਸੱਚ ਦੇ ਨਿਖੇੜ ਕਰਦਾ ਹੈ ।[7] ਪਰ ਤਾਂ ਵੀ ਇਹ ਸਾਰੀ ਕੁਦਰਤ ਪਰਮਾਤਮਾ ਦੇ ਭੈ ਵਿਚ ਗਤੀਮਾਨ ਹੋ ਰਹੀ ਹੈ ।[8] ਇਹ ਕਾਲਬੱਧ ਹੈ । ਅਚੇਤ ਹੀ ਕਾਲ ਦਾ ਜਾਲ ਆਕੇ ਮਾਇਆ ਸਿਰਜਨਾ ਨੂੰ ਕਾਬੂ ਕਰ ਲੈਂਦਾ ਹੈ ਜਿਵੇਂ ਸਾਗਰ ਵਿੱਚ ਤਰਦੀ ਮੱਛੀ ਨੂੰ ਅਚਿੰਤੇ ਹੀ ਜਾਲ ਫਾਹ ਲੈਂਦਾ ਹੈ ।[9]

---

1. ਪੁਛਿ ਨ ਸਾਜੇ ਪੁਛ ਨ ਢਾਹੇ ਪੁਛਿ ਨ ਦੇਵੈ ਲੇਇ ।
   ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ।" (ਸਿਰੀ ਅਸਟਪਦੀ-1, ਪੰਨਾ-53.)
2. ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ---- (ਵਾਰ ਮਾਝ-31, ਪੰਨਾ-144)
3. ਨਟੂਐ ਸਾਗੁ ਬਣਾਇਆ ਬਾਜੀ ਸੰਸਾਰਾ । (ਆਸਾ ਅਸਟਪਦੀ-22, ਪੰਨਾ-422)
4. । ਮਮਤਾ ਮਾਇਆ ਮੋਹਣੀ ਜਿਨਿ ਕੀਤੀ ਸੋ ਜਾਣ । (ਰਾਮਕਲੀ ਓਅੰਕਾਰ-48, ਪੰਨਾ-931)
   ।। ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ । (ਜਪੁਜੀ-ਪੰਨਾ-6.)
5. ਜਪੁਜੀ-ਪਉੜੀ-16, 17, 18, 19. ਪੰਨਾ-3-4.
6. । ਕਰਿ ਕਰਿ ਵੇਖੈ ਨਦਰਿ ਨਿਹਾਲ । (ਜਪੁਜੀ- , ਪੰਨਾ-4.)
   ।। ਦੁ ਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ । (ਵਾਰ ਆਸਾ-ਪੰਨਾ-463)
7. ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ । (ਵਡਹੰਸੁ ਅਲਾਹੁਣੀਆ-3, ਪੰਨਾ-580)
8. ਭੈ ਵਿਚਿ ਪਵਣੁ ਵਹੈ ਸਦਵਾਉ--- (ਵਾਰ ਆਸਾ, 1, ਪੰਨਾ-464)

ਸਾਰੀ ਕੁਦਰਤ ਬ੍ਰਹਮ ਦੀ ਉਸਤਤ ਗਾ ਰਹੀ ਹੈ।[1] ਬ੍ਰਹਮ ਦੀ ਆਰਤੀ ਕਰ ਰਹੀ ਹੈ। ਇਸ ਵਿਚ ਨੀਲਾ ਅਕਾਸ਼ ਇਕ ਪ੍ਰਕਾਰ ਦੀ ਥਾਲੀ ਹੈ, ਚੰਦ ਅਤੇ ਸੂਰਜ ਦੋ ਦੀਪਕ ਹਨ, ਤਾਰੇ ਮੋਤੀ ਹਨ। ਮਲਯ ਪਵਨ ਆਰਤੀ ਦੀ ਧੂਪ ਹੈ। ਸਾਰੀ ਫੁਲਤ ਬਨਾਸਪਤੀ ਇਸ ਆਰਤੀ ਵਿਚ "ਫੁੱਲਾਂ" ਦਾ ਕੰਮ ਕਰਦੀ ਹੈ।[2] ਸਾਰੀ ਕੁਦਰਤ ਪਰਮਾਤਮਾ ਦੇ ਸਾਹਮਣੇ ਇਕ ਪ੍ਰਕਾਰ ਨਾਲ ਰਾਸ ਪਾ ਰਹੀ ਹੈ। ਇਸ ਵਿਚ ਘੜੀਆਂ ਗੋਪੀਆਂ ਵਾਂਗ ਹਨ, ਪਹਿਰ, ਕਾਨ੍ਹ ਗੋਪਾਲ ਹੈ, ਪਵਨ ਪਾਣੀ ਅਗਨੀ ਗਹਿਣੇ ਹਨ ਅਤੇ ਚੰਦ ਤੇ ਸੂਰਜ ਅਵਤਾਰ ਹਨ, ਸਾਰੀ ਧਰਤੀ ਅਤੇ ਮਾਲ ਧਨ ਦਾ ਵਰਤਣਾ ਇਸ ਰਾਸ ਦੀ ਗੁੰਝਲ ਹੈ।[3]

ਸਮੁੱਚੇ ਤੌਰ ਤੇ ਕੁਦਰਤ ਬ੍ਰਹਮ ਦਾ ਪਸਾਰ ਖੇਤ੍ਰ ਹੈ, ਉਸ ਦਾ ਸੱਚਾ ਤਖਤ ਹੈ, ਉਸ ਲਈ ਆਰਤੀ ਦੀ ਸਮਗਰੀ ਹੈ, ਉਸ ਦਾ ਖੇਲ ਹੈ, ਉਸ ਦੇ ਮਨੋਰੰਜਨ ਲਈ ਰਾਸ ਲੀਲਾ ਹੈ। ਸੱਚ ਹੈ ਪਰ ਗਤੀਸ਼ੀਲ ਹੈ ਬਦਲਣਸ਼ੀਲ ਹੈ, ਭੈ ਬਧ ਹੈ, ਹੁੱਕਮ ਬਧ ਹੈ, ਕਾਲ-ਬਧ ਹੈ। ਕੁਦਰਤ ਨੂੰ ਸਾਜ ਕੇ ਆਪ ਹੀ ਬ੍ਰਹਮ ਇਸ ਤੇ ਵਿਚਾਰ ਕਰਦਾ ਹੈ।[4]

## ਮਾਇਆ ਦਾ ਵਿਅਸਟੀ ਰੂਪ

ਪਰ ਮਾਇਆ ਹੀ ਆਪਣੀ ਸਿਰਜਨਾ ਨੂੰ ਭਰਮਾਉਣ ਦਾ ਕਾਰਨ ਬਣਦੀ ਹੈ। ਇਹ ਇਸ ਲਈ ਹੈ ਕਿਉਂਜੋ ਮਾਇਆ ਦਾ ਸੁਭਾ ਹੈ ਭਰਮਾਉਣਾ। ਇਸ ਭਰਮ ਕਾਰਨ ਜੀਵ ਨੂੰ ਆਪਣੀ

---

--9. ਭਾਈ ਰੇ ਇਉ ਸਿਰਿ ਜਾਣਹੁ ਕਾਲੁ, ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।
ਸਭੁ ਜਗੁ ਬਾਧੋ ਕਾਲ ਕੋ ਬਿਨ ਗੁਰ ਕਾਲੁ ਅਫਾਰੁ। (ਸਿਰੀ ਅਸਟਪਦੀ-4, ਪੰਨਾ-553)

1. ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ-----
ਗਾਵਹਿ ਤੁਧਨੋ ਪਉਣ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ। (ਜਪੁਜੀ-27, ਪੰਨਾ-6.)
2. ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ--- (ਧਨਾਸਰੀ ਆਰਤੀ-ਪੰਨਾ-663)
3. ਘੜੀਆ ਸਭੇ ਗੋਪੀਆ, ਪਹਰ, ਕੰਨ ਗੋਪਾਲ। ਗਹਣੇ ਪਉਣ ਪਾਣੀ ਬੈਸੰਤਰੁ ਚੰਦ ਸੂਰਜ ਅਵਤਾਰ।
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ" (ਵਾਰ ਆਸਾ ਸਲੋਕ-9, ਪੰਨਾ-465)
4. । ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ। (ਵਾਰ ਮਾਝ-12, ਪੰਨਾ-143)
।। ਆਪੇ ਜਗਤ ਉਪਾਇਕੈ ਕੁਦਰਤਿ ਕਰੇ ਵੀਚਾਰ। (ਵਾਰ ਮਲਾਰ-6, ਪੰਨਾ-1280-81)

ਅਸਲੀਅਤ ਭੁੱਲ ਜਾਂਦੀ ਹੈ । ਬਸ ਇਹ ਹੀ ਮਾਇਆ ਦੀ ਜੀਵ ਨਾਲ ਸਭ ਤੋਂ ਵੱਡੀ ਦੁਸ਼ਮਣੀ ਹੈ। ਪਰ ਇਹ ਭਰਮ ਵੀ ਅਸਲ ਵਿੱਚ ਬ੍ਰਹਮ ਦਾ ਆਪਣਾ ਹੀ ਹੁੱਕਮ ਹੈ ਉਹ ਆਪ ਹੀ ਆਪਣੀ ਸਿਰਜਨਾ ਮਾਇਆ ਨੂੰ "ਅਮਰ ਗਲੋਲਾ ਕੂੜ ਕਾ" ਦੇਕੇ ਅਸਲੀਅਤ ਭੁਲਾ ਦੇਂਦਾ ਹੈ ਤੇ ਜੀਵ ਨੂੰ ਅਸਲੀਅਤ ਦੇ[1] ਅਮਰ ਆਨੰਦ ਵਲੋਂ ਮੋੜਕੇ ਦੋ ਚਾਰ ਦਿਨਾਂ ਦੀ ਪਦਾਰਥਿਕ ਖੁਸ਼ੀਆਂ ਵਿੱਚ ਲਾ ਦਿੰਦਾਂ ਹੈ। ਜੀਵ ਦਵੈਤ ਭਾਵਨਾ ਵਿੱਚ ਫੱਸ ਜਾਂਦਾ ਹੈ। ਦਵੈਤ ਭਾਵਨਾ ਹੀ ਮਨੁੱਖ ਨੂੰ ਹਉਮੈ ਵਿੱਚ ਭਰਮਾਉਣ ਦਾ ਕਾਰਨ ਬਣਦੀ ਹੈ ਅਤੇ ਜੀਵ ਆਪਣੇ ਕਰਤਾ ਨੂੰ ਭੁੱਲਕੇ ਦੁੱਖਾਂ ਮੁਸੀਬਤਾਂ ਵਿੱਚ ਫੱਸ ਜਾਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਸ ਦਾ ਵਿਨਾਸ ਕਰ ਦੇਂਦੇ ਹਨ।[2] ਅਜਿਹੇ ਵਿਅਕਤੀ ਦੀ ਹਾਲਤ ਇਸ ਤਰਾਂ ਹੁੰਦੀ ਹੈ ਜਿਵੇਂ ਕੋਈ ਵਿਅਕਤੀ ਨੀਂਦ ਵਿੱਚ ਹੀ ਆਪਣੇ ਸੁਪਨੇ ਨੂੰ ਹੀ ਅਸਲੀਅਤ ਸਮਝਕੇ ਇਸੇ ਵਿੱਚ ਗੁੰਮ ਹੋਇਆ ਫਿਰੇ। ਇਸ ਗੱਲ ਦਾ ਅਹਿਸਾਸ ਜੀਵ ਨੂੰ ਕੇਵਲ ਤਦ ਹੀ ਹੁੰਦਾ ਹੈ ਜਦ ਉਹ[3] ਅਨੁਭਵ ਕਰਦਾ ਹੈ ਕਿ ਇਹ ਦਿਸਦਾ ਸੰਸਾਰ ਚਾਂ ਸੋਚ ਮੂੰਚ ਹੀ ਇਕ ਸੁਪਨਾ ਹੈ।

ਮਾਇਆ ਦੇ ਇਸ ਸਰੂਪ ਦੀ ਵੀ ਕੋਈ ਸੀਮਾ ਨਹੀਂ। ਜੀਵ ਨੂੰ ਭਰਮਾ ਕੇ ਠੱਗਣ ਦੇ ਉਸ ਦੇ ਕਈ ਢੰਗ ਹਨ। ਪੁੱਤਰ, ਭਰਾ, ਪਤਨੀ, ਧਨ, ਜੋਬਨ, ਲੋਭ ਅਤੇ ਕਈ ਹੋਰ ਹੰਕਾਰਾਂ ਦੇ ਰੂਪ ਵਿੱਚ ਮਾਇਆ ਦੇ ਮੋਹ ਦੀ ਠਗਾਉਰੀ ਵਰਤ ਰਹੀ ਹੈ।[4] ਮਾਇਆ ਦੀ ਇਹ ਰਚਨਾ ਅਸਲ ਵਿੱਚ ਇਕ ਧੋਖਾ ਹੈ।[5] ਵੱਡੇ ਵੱਡੇ ਰਾਜੇ ਵੀ ਮਾਇਆ ਨੂੰ ਇਕੱਠੀ ਕਰਦੇ ਹਨ ਅਤੇ ਇਸ ਦੇ ਸਿਰ ਤੇ ਹੀ ਹੰਕਾਰੀ ਹੋ ਜਾਂਦੇ ਹਨ- ਪਰ ਇਹ ਮਾਇਆ ਕਿਸੇ ਦਾ ਵੀ ਸਾਥ ਨਹੀਂ ਦੇਂਦੀ।[6] ਭਾਵੇਂ ਆਪਣੇ ਮੋਹ ਵਿੱਚ ਫਸਾਉਂਦੀ ਸਾਰੇ ਜਗਤ ਨੂੰ ਹੈ ਤੇ ਫਸਾਉਂਦੀ ਵੀ ਬੜੇ ਅਜੋੜ ਢੰਗ ਨਾਲ ਹੈ। ਜਿਵੇਂ

---

1. ਅਮਲ ਗਲੋਲਾ ਕੂੜ ਕਾ ਦਿਤਾ ਦੇਵਣਹਾਰ।
   ਮਤੀ ਮਰਣ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ" (ਸਿਰੀ ਪਦੇ-5, ਪੰਨਾ-15)
2. ਦੂਜੀ ਮਾਇਆ ਜਗਤ ਵਿਚ ਵਾਸ।
   ਕਾਮ ਕ੍ਰੋਧ ਅਹੰਕਾਰ ਬਿਨਾਸ।" (ਗਉੜੀ ਅਸਟਪਦੀ-5,- ਪੰਨਾ-128)
3. ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿੰਦ੍ਰਾ ਹੋਇ।
   ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ।
   ਗੁਰਮਤਿ ਹੋਇ ਵਿਚਾਰੀਐ ਸੁਪਨਾ ਇਹੁ ਜਗੁ ਲੋਇ। (ਸਿਰੀ ਅਸਟਪਦੀ-15, ਪੰਨਾ-63)
4. ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।
   ਧਨਿ ਜੋਬਨਿ ਜਗੁ ਠਗਿਆ ਲਬਿ ਲੋਭ ਅਹੰਕਾਰਿ।
   ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ।" ਸਿਰੀ ਅਸਟਪਦੀ-13, ਪੰਨਾ-61)
5. ਬਾਬਾ ਮਾਇਆ ਰਚਨਾ ਧੋਹੁ। (ਸਿਰੀ ਪਦੇ-3, ਪੰਨਾ-15)
6. ਮਾਇਆ ਸੰਚਿ ਰਾਜੇ ਅਹੰਕਾਰੀ, ਮਾਇਆ ਸਾਥਿ ਨ ਚਲੈ ਪਿਆਰੀ

------

ਇਸਤ੍ਰੀ ਨੂੰ ਦੇਖਕੇ ਕਾਮੀ ਪੁਰਸ਼ ਕਾਮ ਵਾਸਨਾ ਵਿੱਚ ਫੱਸ ਜਾਂਦਾ ਹੈ, ਫਿਰ ਪੁੱਤਰ ਅਤੇ ਸੋਨੇ ਦੇ ਮੋਹ ਵਿੱਚ ਫੱਸ ਜਾਂਦਾ ਹੈ। ਦੁਖਾਂਤ ਅਜਿਹਾ ਵਾਪਰਦਾ ਹੈ ਕਿ ਉਹ ਮਾਇਆ ਦੇ ਤਾਂ ਸਾਰੇ ਹੀ ਪਦਾਰਥਾਂ ਨੂੰ ਆਪਣਾ ਸਮਝਦਾ ਹੈ ਪਰ ਪਰਮਾਤਮਾ ਨੂੰ ਬਿਗਾਨਾ ਸਮਝਦਾ ਹੈ। ਜਿਹੜਾ ਕਿ ਉਸ ਦਾ ਅਸਲ ਅਜ਼ਲ ਆਪਾ ਹੈ।[1] ਫਿਰ ਹੋਰ ਵੱਡੀ ਗੱਲ ਇਹ ਕਿ ਭਾਵੇਂ ਮਾਇਆ ਕਿਸੇ ਦਾ ਸਾਥ ਨਹੀਂ ਦੇਂਦੀ ਪਰ ਤਾਂ ਵੀ ਜੀਵ ਮਾਇਆ ਦੇ ਪਦਾਰਥ ਇਕੱਠੇ ਕਰਨ ਲਈ ਅੰਧਾਂ ਧੁੰਦ ਕਰਮ ਕਰਦਾ ਹੈ ਤੇ ਪਾਪ ਕਮਾਉਂਦਾ ਹੈ।[2]

ਅਸਲ ਵਿੱਚ ਮਾਇਆ ਜੀਵ ਨੂੰ ਆਪਣੇ ਧੰਦਿਆਂ ਵਿੱਚ ਧੂਹ ਲਿਜਾਂਦੀ ਹੈ, ਉਸ ਕੋਲੋਂ ਦੁਰਮਤ ਵਾਲੇ ਬੁਰੇ ਕੰਮ ਕਰਵਾਉਂਦੀ ਹੈ ਤੇ ਮੂਰਖ ਬਣਿਆ ਜੀਵ ਮਾਇਆ ਦੇ ਇਸ ਭੇਦ ਨੂੰ ਨਾ ਜਾਣਦਾ ਹੋਇਆ ਸਗੋਂ ਬੁਰੇ ਕੰਮ ਕਰਨ ਵਿੱਚ ਹੀ ਹੰਕਾਰ ਅਨੁਭਵ ਕਰਨ ਲੱਗ ਪੈਂਦਾ ਹੈ। ਮਨ ਨੂੰ ਮੋਹ ਲੈਣੀ ਮਾਇਆ ਦੀ ਮਨਸਾ ਮਨਮੁੱਖਾਂ ਦੀ ਬੋਲੀ ਤੱਕ ਨੂੰ ਵੀ ਚੰਗੀ ਨਹੀਂ ਰਹਿਣ ਦੇਂਦੀ ਸਗੋਂ ਉਸ ਦੀਆਂ ਗੱਲਾਂ ਨੂੰ ਖੁਆਰ ਕਰ ਦੇਂਦੀ ਹੈ।[3] ਭਾਵੇਂ ਇਕ ਜੀਵ ਦਾ ਮਨ ਵੀ ਮਾਇਆ ਹੀ ਹੈ।[4] ਪਰ ਤਾਂ ਵੀ ਮਾਇਆ ਦੇ ਮੋਹ ਮਨ ਦਾ ਨਾਸ ਕਰ ਦੇਂਦਾ ਹੈ।[5] ਮਾਇਆ ਵਾਂਗ ਹੀ ਮਾਇਆ ਦਾ ਮੋਹ ਵੀ ਸਰਵ ਵਿਆਪਕ ਹੈ।[6]

ਮਾਇਆ ਦਾ ਤਾਂ ਸੁਭਾ ਹੀ ਨਹੀਂ ਕਿ ਕਿਸੇ ਦਾ ਸਾਥ ਦੇਵੇ, ਮਾਇਆਧਾਰੀ ਜੀਵ ਵੀ ਕਿਸੇ ਦਾ ਸਾਥ ਨਹੀਂ ਦੇ ਸਕਦਾ। ਜੀਵ ਦਾ ਸਾਥ ਕੇਵਲ ਇਕੋ ਇੱਕ ਸੱਚਾ ਨਾਮ ਹੀ ਦੇਂਦਾ ਹੈ।[7] ਮਾਇਆ ਦਾ ਲੋਭ ਤਾਕਤ ਨਾਲ ਜੀਵ ਨੂੰ ਆਪਣੇ ਵੱਲ ਖਿੱਚ ਕੇ[8] ਜੀਵ ਨੂੰ ਰੋਗੀ ਬਣਾ

---

---ਮਾਇਆ ਮਮਤਾ ਹੈ ਬਹੁ ਰੰਗੀ, ਬਿਨ ਨਾਵੈ ਕੋ ਸਾਥ ਨ ਸੰਗੀ। (ਪ੍ਰਭਾਤੀ ਅਸਟਪਦੀ-1, 1342)

1. ਮਾਇਆ ਮੋਹਿ ਸਗਲ ਜਗੁ ਛਾਇਆ, ਕਾਮਣਿ ਦੇਖਿ ਕਾਮਿ ਲੋਭਾਇਆ।
   ਸੁਤਿ ਕੰਚਨ ਸਿਉ ਹੇਤੁ ਵਧਾਇਆ, ਸਭੁ ਕਿਛੁ ਅਪਨਾ ਇਕ ਰਾਮ ਪਰਾਇਆ।
   (ਪ੍ਰਭਾਤੀ ਅਸਟਪਦੀ-2, ਪੰਨਾ-1343)
2. ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ। (ਆਸਾ ਅਸਟਪਦੀ-12, ਪੰਨਾ-417)
3. ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ।
   ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ।
   ਮਨਸਾ ਮਾਇਆ ਮੋਹਣੀ ਮਨਮੁਖਿ ਬੋਲ ਖੁਆਰ। (ਪ੍ਰਭਾਤੀ ਅਸਟਪਦੀ-3, ਪੰਨਾ-1343)
4. ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ। (ਪ੍ਰਭਾਤੀ ਚਉਪਦੇ-10, ਪੰਨਾ-1330)
5. ਇਸ ਮਨ ਮਾਇਆ ਮੋਹਿ ਬਿਨਾਸ। (ਪ੍ਰਭਾਤੀ ਅਸਟਪਦੀ-5, ਪੰਨਾ-1344)
6. । ਸਗਲ ਭਵਨ ਤੇਰੀ ਮਾਇਆ ਮੋਹ, ਮੈ ਅਵਰੁ ਨ ਦੀਸੈ ਸਰਬ ਤੋਹ। (ਬਸੰਤ ਚਉਪਦੇ-5, 1169)

ਹੋਂਦਾ ਹੈ।[1] ਮਾਇਆ ਦਾ ਸਭ ਤੋਂ ਵੱਡਾ ਰੋਗ ਹੈ ਦੁਬਿਧਾ। ਇਸ ਨਾਲ ਜੀਵ ਮਾਇਆ ਦਾ ਮੁਹਥਾਜ ਬਣਕੇ ਆਤਮਿਕ ਤੌਰ ਤੇ ਲੂਲਾ ਹੋ ਜਾਂਦਾ ਹੈ।[2] ਫਿਰ ਮਾਇਆ ਦੇ ਸਬੰਧੀ- ਪੁੱਤਰ, ਪਤਨੀ ਆਦਿ ਵੀ ਜੀਵ ਲਈ ਆਤਮਿਕ ਆਨੰਦ ਦੀ ਬਜਾਏ ਸੋਗ ਅਤੇ ਦੁੱਖ ਲਿਆਉਣ ਦਾ ਕਾਰਨ ਬਣਦੇ ਹਨ।[3] ਇੰਜ ਮਾਇਆ ਦਾ ਅਥਾਹ ਸਮੁੰਦਰ ਮਹਾ ਬਿਖ ਭਰਿਆ ਹੋ ਜਾਂਦਾ ਹੈ ਇਸ ਭਵਜਲ ਨੂੰ ਕੇਵਲ ਸੱਚ ਨਾਲ ਹੀ ਤਰਿਆ ਜਾ ਸਕਦਾ ਹੈ।[4]

ਇਸ ਲਈ ਜਗ ਨੂੰ ਪਿਆਰ ਕਰਨ ਦੀ ਚਤੁਰਾਈ ਝੂਠੀ ਹੈ। ਇਸ ਤੋਂ ਕੋਈ ਨਿਸਚਿਤ ਪ੍ਰਾਪਤੀ ਨਹੀਂ ਹੁੰਦੀ। ਇਸ ਨੂੰ ਆਉਂਦਿਆਂ, ਜਾਂਦਿਆਂ ਦੇਰ ਨਹੀਂ ਲਗਦੀ। ਫਿਰ ਇਸ ਨਾਲ ਹੰਕਾਰ ਹੋ ਜਾਂਦਾ ਹੈ ਅਤੇ ਸੱਚਾ ਨਾਮ ਵਿਸਰ ਜਾਂਦਾ ਹੈ ਜਿਸ ਕਾਰਨ ਜੀਵ ਜੰਮਦਾ ਮਰਦਾ ਤੇ ਖੁਆਰ ਹੁੰਦਾ ਰਹਿੰਦਾ ਹੈ, ਆਵਾਗਵਨ ਵਿੱਚ ਬੰਨ੍ਹਿਆ ਜਾਂਦਾ ਹੈ, ਉਸ ਦੇ ਗੱਲ ਵਿਚ ਮਾਇਆ ਦੇ ਫਾਹੇ ਪੈ ਜਾਂਦੇ ਹਨ ਅਤੇ ਮਰਨ ਉਪਰੰਤ ਉਸ ਨੂੰ ਜੰਮਪੁਰੀ ਵਿੱਚ ਧੱਕ ਦਿੱਤਾ ਜਾਂਦਾ ਹੈ।[5]

## ਮਾਇਆ ਦੇ ਦੁੱਖ ਦੇਣੇ ਸੁਭਾ ਦੇ ਕਾਰਨ

ਮਾਇਆ ਵਿੱਚ ਪੰਜ ਵਿਕਾਰ ਹਨ- ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਮਾਇਆ ਵਿੱਚ ਭਰਮੇ ਹੋਏ ਜੀਵ ਨੂੰ ਲੁੱਟਣ ਅਤੇ ਦੁੱਖੀ ਕਰਨ ਲਈ ਇਹ ਪੰਜੇ ਚੋਰਾਂ ਵਾਂਗ ਉਸ ਦੇ ਗੁਣਾਂ ਦੇ ਧੰਨ ਨੂੰ ਲੁਟਦੇ।

---

---।। ਮਾਇਆ ਮੋਹੁ ਸਰਬ ਜੰਜਾਲਾ। (ਗਉੜੀ ਅਸਟਪਦੀ-4, ਪੰਨਾ- 127)

7. ਮੋਹ ਪਸਾਰ ਨਹੀ ਸੰਗੀ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ। (ਮਾਰੂ ਸੋਹਲੇ-22, 1043)

8. ਅਤਿ ਲੁਬਧ ਲੁਭਾਨਉ ਬਿਖਮ ਮਾਇ। (ਬਸੰਤ ਅਸਟਪਦੀਆ-2, ਪੰਨਾ-1187)

1. ਮਾਤ ਪਿਤਾ ਮਾਇਆ ਦੇਹ ਸਿ ਰੋਗੀ ਕੁਟੰਬ ਸੰਜੋਗੀ। (ਭੈਰਉ ਅਸਟਪਦੀ-1, ਪੰਨਾ-1153)

2. ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ। (ਭੈਰਉ ਅਸਟਪਦੀ-1, 1153)

3. ਮਾਇਆ ਸੁਤ ਕਾਰਾ ਦੂਖਿ ਸੰਤਾਪੀ ਰਾਮ।
ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ। (ਤੁਖਾਰੀ ਛੰਤ-2, ਪੰਨਾ-1110)

4. ਸਚ ਬਿਨੁ ਭਵਜਲੁ ਜਾਇ ਨ ਤਰਿਆ, ਏਹ ਸਮੁੰਦ ਅਥਾਹੁ ਮਹਾ ਬਿਖੁ ਭਰਿਆ।
(ਮਾਰੂ ਸੋਹਲੇ-20, ਪੰਨਾ-1041)

5. ਝੂਠੀ ਜਗ ਹਿਤ ਕੀ ਚਤੁਰਾਈ, ਬਿਲਮ ਨ ਲਾਗੈ ਆਵੈ ਜਾਈ।
ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ -ਖਪਾਇਆ।
ਉਪਜਹਿ ਬਿਨਸਹਿ ਬੰਧਨ ਬੰਧੇ, ਹਉਮੈ ਮਾਇਆ ਕੇ ਗਲਿ ਫੰਧੇ।
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮਪੁਰਿ ਬੰਧਿ ਚਲਾਇਆ।
(ਮਾਰੂ ਸੋਹਲੇ-20, -1041)

ਹਨ ।[1] ਫਿਰ ਜੀਵ ਦੇ ਸਰੀਰ ਲਈ ਵੀ ਇਹ ਪੰਜੇ ਵਿਕਾਰ ਨੁਕਸਾਨ ਦਾਇਕ ਹਨ । ਇਹ ਸਰੀਰ ਨੂੰ ਇਸ ਤਰ੍ਹਾਂ ਗਾਲ ਦੇਂਦੇ ਹਨ ਜਿਵੇਂ ਸੁਹਾਗਾ ਸੋਨੇ ਨੂੰ ਗਾਲ ਦੇਂਦਾ ਹੈ ।[2] ਮਾਇਆ ਵਿੱਚ ਭਰਮ ਕੇ ਮਨੁੱਖ ਦਾ ਸਰੀਰ ਇੱਕ ਪ੍ਰਕਾਰ ਦੀ ਭੱਠੀ ਬਣ ਜਾਂਦਾ ਹੈ ਜਿਸ ਵਿਚ ਪੰਜ ਵਿਕਾਰਾਂ ਦੀ ਅਗਨੀ ਜਲਦੀ ਹੈ ਅਤੇ ਮਨ ਰੂਪੀ ਲੋਹਾ ਪਿੰਘਲਦਾ ਰਹਿੰਦਾ ਹੈ । ਇਸ ਅਗਨੀ ਨੂੰ ਪ੍ਰਚੰਡ ਕਰਨ ਲਈ ਇਸ ਵਿੱਚ ਪਾਪ ਰੂਪੀ ਕੋਲੇ ਪੈਂਦੇ ਰਹਿੰਦੇ ਹਨ । ਮਨ ਜਲਦਾ ਰਹਿੰਦਾ ਹੈ ਤੇ ਇਸ ਜਲਨ ਨੂੰ ਚਿੰਤਾ ਦੀ ਸੰਨੀ ਫੋਲਦੀ ਰਹਿੰਦੀ ਹੈ ।[3] ਇਹ ਪੰਜ ਚੋਰ ਜੀਵ ਨੂੰ ਲੁੱਟਦੇ ਰਹਿੰਦੇ ਹਨ, ਉਸ ਨਾਲ ਮਾਰ ਕੁੱਟ ਕਰਦੇ ਰਹਿੰਦੇ ਹਨ, ਉਸ ਨੂੰ ਧੋਖਾ ਦੇਂਦੇ ਰਹਿੰਦੇ ਹਨ ਅਤੇ ਜੀਵ ਰੋਂਦਾ ਕੁਰਲਾਉਂਦਾ ਰਹਿੰਦਾ ਹੈ । ਉਸ ਨੂੰ ਕੋਈ ਅਜਿਹੀ ਠਾਹਰ ਨਹੀਂ ਮਿਲਦੀ ਜਿਥੇ ਉਹ ਆਪਣੀ ਸੁਣਵਾਈ ਕਰਾ ਸਕੇ । ਕਿਉਂਜੋ ਇਹ ਸੁਣਵਾਈ ਕੇਵਲ ਪਰਮਾਤਮਾ ਕੋਲ ਹੋ ਸਕਦੀ ਹੈ ਅਤੇ ਪਰਮਾਤਮਾ ਦੀ ਉਸ ਨੂੰ ਸੋਝੀ ਹੀ ਨਹੀਂ ਹੁੰਦੀ ।[4] ਜਦੋਂ ਜੰਮ ਦਾ ਡੰਡਾ ਆਕੇ ਜੀਵ ਦੇ ਸਿਰ ਤੇ ਵੱਜਦਾ ਹੈ ਤਾਂ ਇਹ ਸਭ ਚੋਰ ਭੱਜ ਜਾਂਦੇ ਹਨ ਅਤੇ ਜੀਵ ਇਕੱਲਾ ਰਹਿ ਜਾਂਦਾ ਹੈ । ਫਿਰ ਉਸ ਨੂੰ ਇਕੱਲੇ ਨੂੰ ਹੀ ਆਪਣੇ ਕਰਮਾਂ ਦਾ ਲੇਖਾਂ ਦੇਣਾ ਪੈਂਦਾ ਹੈ ।[5]

## ਮਾਇਆ ਦੇ ਚਾਰ ਪਦਾਰਥ

ਉਂਜ ਮਾਇਆ ਵਿੱਚ ਪਰਮਾਤਮਾ ਜੀਵ ਨੂੰ ਚਾਰ ਪਦਾਰਥ ਦੇਕੇ ਭੇਜਦਾ ਹੈ- ਧਰਮ, ਅਰਥ,

---

1. ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ । (ਗੁਜਰੀ ਅਸਟਪਦੀ-1, ਪੰਨਾ-503)
2. ਕਾਮ ਕ੍ਰੋਧੁ ਕਾਇਆ ਕਉ ਗਾਲੈ ਜਿਉ ਕੰਚਨ ਸੋਹਾਗਾ ਢਾਲੈ । (ਰਾਮਕਲੀ ਓਅੰਕਾਰ-18, ਪੰਨਾ-932)
3. ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ।
   ਕੋਇਲੇ ਪਾਪ ਪੜੇ ਤਿਸ ਊਪਰਿ , ਮਨੁ ਜਲਿਆ ਸੰਨੀ ਚਿੰਤ ਭਈ। (ਮਾਰੂ ਸੋਹਲੇ-ਪੰਨਾ-990)
4. ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ।
   ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ।
   ਸ੍ਰੀ ਰਾਮ ਨਾਮਾ ਉਚਰੁ ਮਨਾ, ਆਗੈ ਜਮ ਦਲੁ ਬਿਖਮ ਘਨਾ। (ਗਉੜੀ ਚੇਤੀ ਪਦੇ-14, ਪੰਨਾ-155)
5. ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ ।
   ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟਨਿ ਸੁ ਪੰਚ ਜਨਾ ।
   ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ ।
   ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ। (ਗਉੜੀ ਪਦੇ-14, ਪੰਨਾ-155)

ਕਾਮ ਮੋਕਸ਼ । ਸੁੱਖੀ ਜੀਵਨ ਲਈ ਇੰਨ੍ਹਾਂ ਚਾਰਾਂ ਦੀ ਅਵਸ਼ਕਤਾ ਹੁੰਦੀ ਹੈ । ਇਕ ਨੂੰ ਵਿਸਾਰਨ ਨਾਲ ਵੀ ਮਨੁੱਖ ਜਗਤ ਰੂਪੀ ਪਿੜ ਵਿੱਚ ਹਾਰ ਜਾਂਦਾ ਹੈ । ਪਰ ਮਨੁੱਖ ਮਾਇਆ ਵਿਚ ਆਕੇ ਅਜਿਹਾ ਅੰਨ੍ਹਾਂ ਹੁੰਦਾ ਹੈ ਕਿ ਉਹ ਸਭ ਤੋਂ ਵੱਧ ਲਾਜ਼ਮੀ ਪਦਾਰਥ "ਮੋਕਸ਼" ਨੂੰ ਭੁਲ ਜਾਂਦਾ ਹੈ ਅਤੇ ਇਸ ਦੀ ਪ੍ਰਾਪਤੀ ਦਾ ਸਾਧਨ"ਨਾਮ" ਵਿਸਾਰ ਦੇਂਦਾ ਹੈ । ਇਹ ਚਾਰ ਪਦਾਰਥਾਂ ਵਾਲੀ ਮਾਇਆ ਈਸ਼ਵਰ ਅਤੇ ਮਾਇਆ ਦੋਹਾਂ ਦੇ ਨਾਲ ਰੱਲਕੇ ਹੋਂਦ ਵਿੱਚ ਆਉਂਦੀ ਹੈ ।[1] ਇਸ ਰੂਪ ਵਿੱਚ ਈਸ਼ਵਰ ਪਤੀ ਹੈ ਅਤੇ ਮਾਇਆ ਉਸ ਦੀ ਪਤਨੀ ਹੈ । ਭਾਵੇਂ ਪਤੀ ਵੀ ਅਤੇ ਪਤਨੀ ਵੀ ਅਸਲ ਵਿੱਚ ਬ੍ਰਹਮ ਆਪ ਹੀ ਹੈ ।[2] ਸਤ, ਰਜ, ਤਮ ਦੀ ਮਾਇਆ ਵਿੱਚ ਵਿਆਪਕ ਸੱਚ ਦਾ ਨਾਮ ਰੂਪ ਹੀ "ਮੋਕਸ਼" ਦਾ ਦੇਣ ਵਾਲਾ ਹੈ । ਸਤੋ ਗੁਣ "ਧਰਮ" ਪਦਾਰਥ ਦੇਂਦਾ ਹੈ, ਰਜੋ ਗੁਣ "ਅਰਥ" ਪਦਾਰਥ ਦੇਂਦਾ ਹੈ ਅਤੇ ਤਮੋ ਗੁਣ "ਕਾਮ" ਪਦਾਰਥ ਦੇਣ ਦਾ ਕਾਰਨ ਬਣਦਾ ਹੈ । ਇਨ੍ਹਾਂ ਗੁਣਾ ਦੇ ਹਿਸਾਬ ਨਾਲ ਮਾਇਆ ਦੇ ਦੋ ਰਾਹ ਹਨ:-

## ਮਾਇਆ ਦੇ ਦੋ ਰਾਹ

"ਮਾਇਆ ਦੇ ਦੋ ਰਾਹ ਹਨ:-

1. ਸੰਜੋਗ ਦਾ (ਬ੍ਰਹਮ ਨਾਲ )
2. ਵਿਜੋਗ ਦਾ (ਬ੍ਰਹਮ ਨਾਲੋ)

ਜੀਵ ਦੇ ਕਰਮਾਂ ਦੇ ਲੇਖੇ ਅਨੁਸਾਰ ਉਹ ਇਨ੍ਹਾਂ ਦੋਹਾਂ ਵਿਚੋਂ ਇਕ ਨੂੰ ਆਪਣਾ ਲੈਂਦਾ ਹੈ[3] । ਸੰਜੋਗ ਦਾ ਮਾਰਗ ਸੁੱਖ ਦਾ ਮਾਰਗ ਹੈ ਕਿਉਂਜੋ ਇਹ ਸੁੱਖ ਸਰੂਪ ਬ੍ਰਹਮ ਨਾਲ ਮਿਲਾ ਦੇਂਦਾ ਹੈ ਅਤੇ ਵਿਜੋਗ ਮਾਰਗ ਦੁੱਖ ਦਾ ਹੈ ਕਿਉਂਜੋ ਇਹ ਪਰਮਾਤਮਾ ਕੋਲੋਂ ਦੂਰ ਦੁੱਖ ਭਰੇ ਭਰਮਾਂ ਭੁਲੇਖਿਆਂ ਵਿੱਚ ਲੈ ਜਾਂਦਾ ਹੈ । ਪਰ ਇਥੇ ਵੀ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਨ੍ਹਾਂ ਦੋਹਾਂ ਰਸਤਿਆਂ ਉਤੇ ਜੀਵ ਨੂੰ ਬ੍ਰਹਮ ਆਪ ਹੀ ਪਾਉਂਦਾ ਹੈ ਅਤੇ ਦੁੱਖ ਸੁੱਖ ਦੇਂਦਾ ਹੈ ।[4] ਤੇ ਇਹ ਵੀ ਸਪਸ਼ਟ ਹੀ ਹੈ ਕਿ ਨਾਮ

---

1. ਚਾਰਿ ਪਦਾਰਥ ਲੈ ਜਗਿ ਆਇਆ ।
   ਸਿਵ-ਸਕਤੀ ਘਰ ਵਾਸਾ ਪਾਇਆ ।
   ਏਕ ਵਿਸਾਰੇ ਤਾ ਪਿੜ ਹਾਰੇ ।
   ਅੰਧੁਲੇ ਨਾਮੁ ਵਿਸਾਰਾ ਹੇ । (ਮਾਰੂ ਸੋਹਲੇ-7, ਪੰਨਾ-1027)
2. ਆਪੇ ਕਵਲਾ ਕੰਤੁ ਆਪਿ । (ਬਸੰਤ ਅਸਟਪਦੀ-7, ਪੰਨਾ-1190 )
3. ਸੰਜੋਗ ਵਿਜੋਗ ਦੋਇ ਕਾਰ ਚਲਾਵਹਿ ਲੇਖੇ ਆਵਹਿ ਭਾਗ । (ਜਪੁਜੀ-20, ਪੰਨਾ- 6,7.)
4. ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ । ਸ੍ਰਿਸਟਿ ਉਪਾਇ ਦੁਖਾ ਸੁਖ ਦੀਏ । (ਮਾਰੂ -12, 1032)

ਸਿਮਰਨ ਨਾਲ ਜੀਵ ਸੰਜੋਗ ਦੇ ਰਸਤੇ ਤੁਰਕੇ ਬ੍ਰਹਮ ਨਾਲ ਮੇਲ ਪ੍ਰਾਪਤ ਕਰਦਾ ਹੈ ਅਤੇ ਮਾਇਆ ਦੇ ਭਰਮ ਜਾਲ ਵਿੱਚ ਫੱਸ ਕੇ ਨਾਮ ਤੋਂ ਬੇਮੁੱਖ ਹੋਕੇ ਭੰਰਮਾਂ ਵਿੱਚ ਭਰਮਣ ਵਾਲਾ ਮੇਲ ਨਹੀਂ ਪ੍ਰਾਪਤ ਕਰ ਸਕਦਾ ਅਤੇ ਮਾਇਆ ਦਾ ਭਰਮਾਉਣਾ ਸੁਭਾ ਬ੍ਰਹਮ ਨੇ ਆਪ ਹੀ ਬਣਾਇਆ ਹੈ।[1]

ਮਾਇਆ ਵਿੱਚ ਜੀਵ ਲਈ ਪੈਦਾ ਹੋਣ ਵਾਲੀ ਅਗਿਆਨਤਾ ਦਾ ਕਾਰਨ ਦਵੈਤ ਹੈ।[2] ਜੀਵ ਬ੍ਰਹਮ ਦੇ ਹੁੱਕਮ ਨਾਲ ਹੀ ਆਪਣੇ ਆਪ ਨੂੰ ਭੁਲਕੇ ਕਰਮ ਕਰਦਾ ਜਾਂਦਾ ਹੈ ਅਤੇ ਉਨ੍ਹਾਂ ਕਰਮਾਂ ਅਨੁਸਾਰ ਉਸ ਦੀ ਕਿਸਮਤ ਬਣਦੀ ਚਲੀ ਜਾਂਦੀ ਹੈ।[3] ਜਦੋਂ ਵਿਅਕਤੀ ਇਕ ਜੀਵਨ ਸਮਾਪਤ ਕਰਦਾ ਹੈ ਤਾਂ ਇਸ ਜੀਵਨ ਵਿੱਚ ਕੀਤੇ ਕਰਮਾਂ ਦਾ ਪ੍ਰਤੀਕਰਮ ਸ਼ੁਰੂ ਹੋ ਜਾਂਦਾ ਹੈ। ਫਿਰ ਇਸੇ ਅਨੁਸਾਰ ਜੀਵ ਦਾ ਪੰਜਾਂ ਤੱਤਾਂ ਤੇ ਵਸੀਕਾਰ ਹੁੰਦਾ ਚਲਾ ਜਾਂਦਾ ਹੈ ਅਤੇ ਉਸ ਨੂੰ ਨਵਾਂ ਸਰੀਰ ਮਿਲ ਜਾਂਦਾ ਹੈ। ਇਨ੍ਹਾਂ ਅਨੁਸਾਰ ਹੀ ਉਸ ਦਾ ਵਿਅਕਤੀਤਵ ਉਸਰਦਾ ਅਤੇ ਸੁਭਾ ਬਣਦਾ ਹੈ।[4] ਇਸੇ ਤਰ੍ਹਾਂ ਹੀ ਮਾਇਆ ਦੀ ਹੋਰ ਸਾਰੀ ਸਿਰਜਣਾ ਆਪਣੇ ਕਰਮਾਂ ਅਨੁਸਾਰ ਵਿਕਾਸ ਕਰਦੀ ਜਾਂਦੀ ਹੈ। ਇਹੋ ਕਾਰਨ ਹੈ ਕਿ ਭਾਵੇਂ ਖਿਣ ਖਿਣ ਬਾਅਦ ਪ੍ਰਕ੍ਰਿਤੀ ਬਦਲ ਰਹੀ ਹੈ, ਕੁੱਝ ਨਵਾਂ ਸਿਰਜਿਆ ਜਾ ਰਿਹਾ ਹੈ ਅਤੇ ਪੁਰਾਣੇ ਦਾ ਵਿਨਾਸ਼ ਹੋ ਰਿਹਾ ਹੈ ਪਰ ਤਾਂ ਵੀ ਮਾਇਆ ਆਪਣੀ ਪੂਰਨਤਾ ਵਿੱਚ ਕਾਇਮ ਹੈ।[5]

ਮਾਇਆ ਦੀ ਪ੍ਰਾਪਤੀ ਲਈ ਜੀਵ ਪਰਮਾਤਮਾ ਨੂੰ ਧਿਆਉਂਦਾ ਹੈ ਪਰ ਪ੍ਰਾਪਤ ਉਸ ਨੂੰ ਉਨੀ ਹੀ ਹੁੰਦੀ ਹੈ ਜਿੰਨੀ ਉਸ ਦੇ ਪੂਰਬਲੇ ਕਰਮਾਂ ਅਨੁਸਾਰ ਲਿੱਖੀ ਗਈ ਹੁੰਦੀ ਹੈ। ਮਇਆ ਕਾਰਨ ਮਨੁੱਖ ਨੌਕਰੀ ਅਤੇ ਚੋਰੀ ਕਰਦੇ ਹਨ ਪਰ ਮਾਇਆ ਦਾ ਤਾਂ ਸੁਭਾ ਹੀ ਨਹੀਂ ਕਿ ਉਹ ਕਿਸੇ ਦਾ ਸਾਥ ਦੇਵੇ।[6] ਬੇਸ਼ੱਕ ਮਾਇਆ ਇਕ ਧੋਖਾ ਹੈ ਪਰ ਇਸ ਗੱਲ ਦਾ ਗਿਆਨ ਵੀ ਕਿਸੇ ਵਿਰਲੇ ਨੂੰ ਹੀ ਹੈ ਕਿ ਇਹ ਸਾਰਾ ਸੰਸਾਰ ਮਾਇਆ ਦੇ ਮੋਹ ਵਿੱਚ ਫੱਸਿਆ ਹੋਇਆ ਹੈ।[7]

---

1. । ਬਾਬਾ ਮਾਇਆ ਭਰਮਿ ਭੁਲਾਇ ।
   ਭਰਮਿ ਭੁਲੀ ਡੋਹਾਗਣੀ ਨ ਪਿਰ ਅੰਕਿ ਸਮਾਇ । (ਸਿਰੀ ਅਸਟਪਦੀ-12, ਪੰਨਾ-69)
   ।। ਵੇਕੀ ਵੇਕੀ ਜੰਤ ਉਪਾਏ, ਦੁਇ ਪੰਦੀ ਦੁਇ ਰਾਹ ਚਲਾਏ। (ਮਾਰੂ ਸੋਹਲੇ-12, ਪੰਨਾ-1032)
2. ਦੂਜੈ ਭਾਇ ਅਗਿਆਨ ਦੁਹੇਲਾ । (ਗਉੜੀ ਪਦੇ-12, ਪੰਨਾ-226)
3. ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ। (ਵਾਰ ਸਾਰੰਗ, ਪੰਨਾ-1241 )
4. ਕਰਿ ਕਰਿ ਕਰਣਾ ਲਿਖਿ ਲੈ ਜਾਹੁ
   ਆਪੇ ਬੀਜਿ ਆਪੇ ਹੀ ਖਾਹੁ । (ਜਪੁਜੀ-20, ਪੰਨਾ-4 )
5. ਇਕ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ। (ਸਿਰੀ ਪਦੇ-16, ਪੰਨਾ-20)
6. ਸੰਪੈ ਕਉ ਈਸਰੁ ਧਿਆਈਐ, ਸੰਪੈ ਪੁਰਬਿ ਲਿਖੇ ਕੀ ਪਾਈਐ। (
   ਸੰਪੈ ਕਾਰਣਿ ਚਾਕਰ ਚੋਰ, ਸੰਪੈ ਸਾਥਿ ਨ ਚਾਲੈ ਹੋਰ। (ਰਾਮਕਲੀ ਦਖਣੀ ਓਅੰਕਾਰ-50, 937)

--

ਅਸਲ ਵਿਚ "ਮਾਇਆ" ਮਮਤਾ ਭਰੀ ਹੈ, ਮੋਹ ਲੈਣ ਵਾਲੀ ਹੈ ਤੇ "ਸੁਜਾਣ ਪੁਰਖ" ਜਾਣ ਲੈਂਦੇ ਹਨ ਕਿ ਮਾਇਆ[1] ਦਾ ਜ਼ਹਿਰ ਵੀ ਅਤੇ ਅੰਮ੍ਰਿਤ ਵੀ ਅਸਲ ਵਿਚ ਇੱਕ ਹੀ ਹਨ, ਇੱਕੋ ਸਰਗੁਣ ਬ੍ਰਹਮ ਦੇ ਦੋ ਰੂਪ ਹਨ। ਬ੍ਰਹਮ ਨੇ ਮਾਇਆ ਦੇ ਹਰ ਲੋਕ ਵਿਚ ਨਾਮ ਦੇ ਭੰਡਾਰ ਭਰ ਦਿੱਤੇ ਹਨ ਅਤੇ ਜੋ ਕੁੱਝ ਵੀ ਇਨ੍ਹਾਂ ਵਿਚ ਪਾਇਆ ਹੈ ਇਕੋ ਵਾਰ ਹੀ ਪਾ ਦਿੱਤਾ ਹੈ। ਤੇ ਆਪਣੀ ਇਸ ਸੱਚੀ ਕਿਰਤ ਨੂੰ ਕਰ ਕਰ ਦੇਖਦਾ ਜਾਂਦਾ ਹੈ।[2] ਮਾਇਆ ਦਾ ਆਪਣਾ ਕੋਈ ਜ਼ੋਰ ਨਹੀਂ। ਇਕ ਜੀਵ ਕਿਸੇ ਕੰਮ ਨੂੰ ਵੀ ਆਪਣੇ ਜ਼ੋਰ ਨਾਲ ਨਹੀਂ ਕਰ ਸਕਦਾ। ਇਥੋਂ ਤੱਕ ਕਿ ਬੋਲ ਵੀ ਆਪਣੇ ਜ਼ੋਰ ਨਾਲ ਨਹੀਂ ਸਕਦਾ, ਚੁੱਪ ਵੀ ਆਪਣੇ ਜ਼ੋਰ ਨਾਲ ਨਹੀਂ ਹੋ ਸਕਦਾ, ਇਥੋਂ ਤੱਕ ਕਿ ਮੰਗਣ, ਦੇਣ, ਜੀਵਨ ਮਰਨ, ਰਾਜ ਮਾਲ ਦੀ ਪ੍ਰਾਪਤੀ ਅਤੇ ਮਨ ਦਾ ਰਾਮ ਰੌਲਾ, ਗਿਆਨ ਦੀ ਵਿਚਾਰ, ਸੰਸਾਰ ਤੋਂ ਮੁਕਤੀ ਕੁੱਝ ਵੀ ਜ਼ੋਰ ਨਾਲ ਨਹੀਂ ਪ੍ਰਾਪਤ ਕਰ ਸਕਦਾ। ਪਰਮਾਤਮਾ ਦੇ ਹੱਥ ਵਿੱਚ ਹੀ ਸਾਰਾ ਜ਼ੋਰ ਹੈ ਉਹੋ ਹੀ ਸਭ ਕੁੱਝ ਕਰਦਾ ਹੈ। ਇਸ ਲਈ ਮਾਇਆ ਵਿੱਚ ਉਤਮ ਅਤੇ ਨੀਚ ਵੀ ਕੋਈ ਨਹੀਂ।[3] ਇਸ ਲਈ ਆਮ ਤੌਰ ਤੇ ਗੁਰੂ ਨਾਨਕ ਦੇਵ ਜੀਵ ਨੂੰ ਇਹੋ ਸਿਖਿਆ ਦੇਂਦੇ ਹਨ ਕਿ:-

"ਕਾਹੇ ਗਰਬਸਿ ਮੂੜੇ ਮਾਇਆ
ਪਿਤ ਸੁਤੋ ਸਗਲ ਕਲਤ੍ਰ ਮਾਤਾ
ਤੇਰੇ ਹੋਹਿ ਨ ਅੰਤਿ ਸਖਾਇਆ।[4]

ਮਾਇਆ ਦਾ ਮੋਹ ਧਿਕਾਰੀ ਹੋਈ ਜਾਦੂਗਰ ਨਾਰੀ ਨੂੰ ਪਿਆਰ ਕਰਨ ਵਾਂਗ ਹੈ। ਕਿਉਂਜੋ ਜਾਦੂਗਰਨੀ ਦੇ ਜਾਦੂ ਵਾਂਗ ਸੰਸਾਰਕ ਰਾਜ, ਰੂਪ, ਸਭ ਝੂਠੇ ਹਨ ਅਤੇ ਚਾਰ ਦਿਨਾਂ ਪਿੱਛੋਂ ਖਤਮ ਹੋ ਜਾਣ ਵਾਲੇ ਹਨ। ਮਾਇਆ ਇਕ ਪ੍ਰਕਾਰ ਦਾ ਅੰਧਕਾਰ ਹੈ ਜਿਸ ਵਿਚ ਚਾਨਣ ਕੇਵਲ ਨਾਮ

---

---7. ਬਾਬਾ ਮਾਇਆ ਸਾਥਿ ਨ ਹੋਇ।
ਇਨਿ ਮਾਇਆ ਜਗੁ ਮੋਹਿਆ, ਵਿਰਲਾ ਬੂਝੈ ਕੋਇ। (ਸੋਰਠਿ ਪਦਾ-2, ਪੰਨਾ-595)

1. ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ।
ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ। (ਰਾਮਕਲੀ ਓਅੰਕਾਰ-48, ਪੰਨਾ-937)
2. ਆਸਣੁ ਲੋਇ ਲੋਇ ਭੰਡਾਰ, ਜੋ ਕਿਛੁ ਪਾਇਆ ਸੁ ਏਕਾ ਵਾਰ।
ਕਰਿ ਕਰਿ ਵੇਖੈ ਸਿਰਜਣਹਾਰੁ, ਨਾਨਕ ਸਚੇ ਕੀ ਸਾਚੀ ਕਾਰ। (ਜਪੁਜੀ-31, ਪੰਨਾ-7 )
3. ਆਖਣਿ ਜੋਰੁ ਚੁਪੈ ਨ ਜੋਰ---
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।
ਨਾਨਕ ਉਤਮੁ ਨੀਚੁ ਨ ਕੋਇ। (ਜਪੁਜੀ-3, ਪੰਨਾ-7.)
4. ਸਿਰੀ ਪਦੇ-26, ਪੰਨਾ-23.

ਨਾਲ ਹੀ ਹੁੰਦਾ ਹੈ ।[1] ਇਹ ਮਾਇਆ ਇਕ ਅਜਿਹੀ ਸਸ ਹੈ ਜਿਹੜੀ ਜੀਵ ਰੂਪੀ ਨਾਰ ਨੂੰ ਆਪਣੇ ਪਤੀ ਪਰਮਾਤਮਾ ਨਾਲ ਮਿਲਿਆ ਨਹੀਂ ਰਹਿਣ ਦੇਂਦੀ । ਅਤੇ ਮਿਲਾਪ ਦੇ ਸਾਧਨ ਵੀ ਨਹੀਂ ਕਰਨ ਦੇਂਦੀ ।[2] ਇਹ ਸੱਪਣੀ ਜੀਵ ਨੂੰ ਬੰਨ ਆਪਣੇ ਹੀ ਵੱਸ ਵਿੱਚ ਰੱਖਦੀ ਹੈ ।[3]

ਸਾਰਅੰਸ਼ ਇਹ ਹੈ ਕਿ ਸਮੁੱਚੇ ਰੂਪ ਵਿਚ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬ ਪੁਰਾਤਨ ਆਚਾਰੀਆਂ ਵਾਂਗ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਮੰਨਦੇ ਹਨ ਅਤੇ ਇਸ ਦੀਆਂ ਦੋ ਸ਼ਕਤੀਆਂ ਵੀ ਮੰਨਦੇ ਹਨ ਅਵਰਨ ਸ਼ਕਤੀ ਜਿਸ ਨਾਲ ਇਹ ਭਰਮ ਪੈਦਾ ਕਰਦੀ ਹੈ ਅਤੇ ਵਿਕਸ਼ੇਪ ਸ਼ਕਤੀ ਜਿਸ ਨਾਲ ਇਹ ਇਕੋ ਬ੍ਰਹਮ ਨੂੰ ਸਿਰਜਨਾ ਰੂਪ ਵਿੱਚ ਅਨੇਕ ਰੰਗਾਂ ਰੰਗ ਵਿੱਚ ਪੇਸ਼ ਕਰਦੀ ਹੈ ਪਰ ਗੁਰੂ ਸਾਹਿਬ ਅਨੁਸਾਰ ਇਹ ਦੋਨੋਂ ਸ਼ਕਤੀਆਂ ਮਾਇਆ ਦੀਆਂ ਆਪਣੀਆਂ ਨਹੀਂ ਸਗੋਂ ਬ੍ਰਹਮ ਦੀਆਂ ਹੀ ਹਨ । ਬ੍ਰਹਮ ਹੀ ਆਪਣੇ ਹੁਕਮ ਨਾਲ ਸਾਰਾ ਕੁੱਝ ਕਰ ਕਰਾ ਰਿਹਾ ਹੈ । ਉਸ ਨੇ ਆਪ ਹੀ "ਸ਼ਿਵ-ਸ਼ਕਤੀ" ਦਾ ਰੂਪ ਧਾਰਨ ਕੀਤਾ ਹੋਇਆ ਹੈ । ਸ਼ਿਵ ਵਿੱਚ ਸ਼ਕਤੀ ਦਾ ਰੂਪ ਵਿਆਪ ਰਿਹਾ ਹੈ ਅਤੇ ਸ਼ਕਤੀ ਵਿੱਚ ਸ਼ਿਵ ਦਾ । ਫੁਰਮਾਨ ਹੈ:-

"ਪੁਰਖ ਮਹਿ ਨਾਰ ਨਾਰ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ"[4]

ਇੰਜ ਮਾਇਆ ਦੀ ਦਵੈਤ ਵਿੱਚ ਵੀ ਅਸਲ ਵਿੱਚ ਅਦਵੈਤ ਵਿਆਪ ਰਿਹਾ ਹੈ ਅਤੇ ਸਾਰੇ ਪਾਸੇ ਬ੍ਰਹਮ ਆਪੇ ਆਪ ਆਪ, ਹੀ ਹੋ ਰਿਹਾ ਹੈ । ਗੁਰੂ ਸਾਹਿਬ ਮਾਇਆ ਦੀ "ਵਿਦਿਆ " ਅਤੇ "ਅਵਿਦਿਆ" ਵਿੱਚ ਵੰਡ ਨਹੀਂ ਕਰਦੇ, ਨਾ ਹੀ ਗੀਤਾ ਵਾਂਗ ਉਪਰ ਪ੍ਰਕ੍ਰਿਤੀ ਅਤੇ ਨਿਮਨ ਪ੍ਰਕ੍ਰਿਤੀ[5] ਦਾ ਵਰਣਨ ਕਰਦੇ ਹਨ । ਉਹ ਮਾਇਆ ਨੂੰ ਸੱਚੇ ਬ੍ਰਹਮ ਦੀ ਸੱਚੀ ਕਿਰਤ ਹੋਣ ਕਾਰਨ "ਕੁਦਰਤ" ਕਹਿੰਦੇ ਹਨ। ਬ੍ਰਹਮ ਨੂੰ ਰੰਗਾਂ ਰੰਗ ਦੇ ਰੂਪਾਂ ਵਿੱਚ ਦਰਸਾਉਣ ਕਾਰਨ ਮਾਇਆ ਕਹਿੰਦੇ ਹਨ, ਇਸ ਦੇ ਨਾਸ਼ਵਾਨ ਅਸਥਿਰ ਅਤੇ ਚਲਣਹਾਰ ਸੁਭਾ ਕਾਰਨ ਇਸ ਨੂੰ "ਕੂੜ" ਆਖਦੇ ਹਨ, ਜੀਵ ਨੂੰ ਭਰਮਾਂ ਵਿੱਚ ਭੁਲਾਉਣ ਕਾਰਨ "ਛਾਇਆ" ਕਹਿੰਦੇ ਹਨ । ਇਸ ਮਾਇਆ ਦਾ ਪ੍ਰਮੁੱਖ ਗੁਣ ਇਹ ਹੈ ਕਿ ਇਸ ਨਾਲ ਬ੍ਰਹਮ ਸਿਰਜਨਾ ਕਰਦਾ ਹੈ, ਇਹ ਸਿਰਜਨਾ ਨੂੰ ਭਰਮਾਕੇ, ਹਉਮੈ, ਦਵੈਤ ਅਤੇ ਦੁਬਿਧਾ

---

1. ਮਾਇਆ ਮੋਹੁ ਧਰਕਟੀ ਨਾਰਿ, ਭੂੰਡੀ ਕਾਮਣਿ ਕਾਮਣਿਆਰਿ।
   ਰਾਜ ਰੂਪ ਝੂਠਾ ਦਿਨ ਚਾਰਿ, ਨਾਮੁ ਮਿਲੈ ਚਾਨਣੁ ਅੰਧਿਆਰਿ। (ਬਿਲਾਵਲ ਪਦੇ-3, ਪੰਨਾ-796)
2. ਸਾਸ ਬੁਰੀ ਘਰਿ ਵਾਸੁ ਨ ਦੇਵੈ ,
   ਪਿਰ ਸਿਉ ਮਿਲਣ ਨ ਦੇਇ ਬੁਰੀ। " (ਆਸਾ ਪਦੇ- 22, ਪੰਨਾ-355 )
3. ਇਉ ਸਰਪਨਿ ਕੈ ਵਸਿ ਜੀਅੜਾ । ( ਸਿਰੀ ਅਸਟਪਦੀ- 5, ਪੰਨਾ-63 )
4. ਰਾਮਕਲੀ ਪਦਾ-9, ਪੰਨਾ-878)
5. ਗੀਤਾ-7., 5.

ਸਦਕਾ "ਵਿਕਾਰਾਂ" ਵਿੱਚ ਫਸਾ ਕੇ ਕੰਮਾਂ ਵਿੱਚ ਲਾ ਦੇਂਦੀ ਹੈ, ਸਭ ਨੂੰ ਆਪਣੇ ਵੱਲ ਖਿੱਚਦੀ ਹੈ ਪਰ ਆਪ ਕਿਸੇ ਦਾ ਸਾਥ ਨਹੀਂ ਦੇਂਦੀ, ਦੇ ਸਕਦੀ ਹੀ ਨਹੀਂ ਕਿਉਂਜੇ ਇਹੋ ਬ੍ਰਹਮ ਦਾ ਹੁੱਕਮ ਹੈ। ਸ਼੍ਰੇ ਪ੍ਰਧਾਨਤਾ ਬ੍ਰਹਮ ਦੀ ਹੈ ਉਸ ਦੇ ਹੁੱਕਮ ਦੀ ਹੈ, ਜੋ ਅਭੇਦ ਹੈ ਅਤੇ ਭੇਦ ਰੂਪ ਵਿੱਚ ਆਕੇ ਵੀ ਅਭੇਦ ਰੂਪ ਵਿੱਚ ਕਾਇਮ ਰਹਿੰਦਾ ਹੈ। ਇਕ ਤੋਂ ਅਨੇਕ ਹੁੰਦਾ ਹੈ ਪਰ ਅਨੇਕਤਾ ਵਿੱਚ ਵੀ ਆਪਣੀ ਏਕਤਾ ਕਾਇਮ ਰੱਖਦਾ ਹੈ। ਇੰਜ ਅਭੇਦ-ਭੇਦ-ਅਭੇਦ, ਇੱਕ -ਅਨੇਕ-ਇੱਕ ਜਾਂ "੧ ੳ " ਹੀ ਅਸਲੀਅਤ ਹੈ।

ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਜਿਥੇ ਸ਼ਵੇਤਸ਼ਵਤਰ ਉਪਨਿਸ਼ਦ ਵਿਚ ਮਾਇਆ ਨੂੰ ਹੀ ਪ੍ਰਕ੍ਰਿਤੀ ਅਤੇ ਪਰਮਾਤਮਾ ਕਿਹਾ ਗਿਆ ਹੈ ਉਥੇ ਗੁਰੂ ਸਾਹਿਬ ਪਰਮਾਤਮਾ ਨੂੰ ਮਾਇਆ ਕਹਿੰਦੇ ਹਨ। ਉਪਨਿਸ਼ਦਕ ਵਿਚਾਰਧਾਰਾ ਜਿਥੇ ਅਨੇਕਤਾ ਵਲੋਂ ਏਕਤਾ ਵੱਲ ਨੂੰ ਪ੍ਰਵਾਜ ਕਰਦੀ ਹੈ ਉਥੇ ਗੁਰੂ ਸਾਹਿਬ ਦੀ ਵਿਚਾਰਧਾਰਾ ਏਕਤਾ ਵਲੋਂ ਅਨੇਕਤਾ ਵੱਲ ਆਉਂਦੀ ਹੈ ਤੇ ਮੁੜ ਏਕਤਾ ਵਿੱਚ ਅਭੇਦ ਹੋ ਜਾਂਦੀ ਹੈ ਗੁਰੂ ਸਾਹਿਬ ਸ਼ੰਕਰਾਚਾਰੀਆ ਵਾਂਗ "ਅਨੇਕਤਾ" ਨੂੰ ਕੇਵਲ ਮਿਥਿਆ ਹੀ ਨਹੀਂ ਕਹਿੰਦੇ ਸਗੋਂ ਅਨੇਕਤਾ ਵੀ "ਸਤ" ਕਹੀ ਗਈ ਹੈ। ਪਰ ਇਹ "ਸਤ" ਸਰਵ ਸਮਿਆਂ ਦਾ ਸਤ ਨਹੀਂ, ਕੇਵਲ ਕਾਲ ਬੱਧ ਸਾਮਿਅਕ ਸਤ ਹੈ ਜੋ ਆਪਣੀ ਹੋਂਦ ਲਈ ਅੰਤਮ ਸਤ ਉਤੇ ਨਿਰਭਰ ਹੈ।

## ਪ੍ਰਕਰਣ ਗਿਆਰਵਾਂ

## "ਪਿੰਡ ਅਤੇ ਬ੍ਰਹਿਮੰਡ ਵਿਚ ਬ੍ਰਹਮ"

ਅਰਥ, ਪਿੰਡ ਅਤੇ ਬ੍ਰਹਿਮੰਡ ਦਾ ਸਬੰਧ, ਪਿੰਡ ਅਤੇ ਬ੍ਰਹਿਮੰਡ ਵਿਚ ਬ੍ਰਹਮ, ਪਿੰਡ ਅਤੇ ਬ੍ਰਹਿਮੰਡ ਵਿੱਚ ਤਿਹਰੀ ਸਮਾਨਤਾ, ਆਤਮਿਕ, ਕਾਰਜਸ਼ੀਲਤਾ ਦੇ ਖੇਤ੍ਰ ਦੀ, ਮਾਦਾ ਤੱਤਾਂ ਦੀ, ਵੇਦਾਂਤ ਅਨੁਸਾਰ ਸਮਾਨਤਾ-ਗੀਤਾ ਅਨੁਸਾਰ ਸਮਾਨਤਾ, ਆਧੁਨਿਕ ਖੋਜ,-ਅਨੁਸਾਰ, ਸਾਂਖ ਮੱਤ ਅਨੁਸਾਰ, ਗੁਰਮਤਿ ।

***

ਪ੍ਰਕਰਣ-11

## "ਪਿੰਡ ਅਤੇ ਬ੍ਰਹਿਮੰਡ ਵਿਚ ਬ੍ਰਹਮ"

"ਪਿੰਡ ਸਿਰਜਨਾ ਦਾ ਸੱਭ ਤੋਂ ਛੋਟਾ ਰੂਪ ਹੈ ਅਤੇ "ਬ੍ਰਹਿਮੰਡ" ਸੱਭ ਤੋਂ "ਵੱਡਾ" ਸਗੋਂ ਸੱਭ ਕਾਸੇ ਨੂੰ ਆਪਣੇ ਵਿੱਚ ਸਮਾ ਲੈਣ ਵਾਲਾ। ਬ੍ਰਹਮ ਸਰਵ-ਵਿਆਪਕ ਹੈ ਅਤੇ ਇਸ ਲਈ ਲਾਜ਼ਮੀ ਤੌਰ ਤੇ ਪਿੰਡ ਵਿੱਚ ਵੀ ਵਿਆਪ ਰਿਹਾ ਹੈ ਅਤੇ ਬ੍ਰਹਿਮੰਡ ਵਿੱਚ ਵੀ। ਪਿੰਡ ਅਤੇ ਬ੍ਰਹਿਮੰਡ ਆਪਣੇ ਰੂਪ ਅਤੇ ਅਰਥ ਕਾਰਨ ਬਹੁਤ ਪ੍ਰਾਚੀਨ ਸ਼ਬਦ ਹਨ। ਉਪਨਿਸ਼ਦਾਂ ਦੇ ਸਮੇਂ ਵੀ ਬ੍ਰਹਿਮੰਡ ਦਾ ਅਰਥ ਚੌਦਾਂ ਲੋਕਾਂ (ਭਵਨਾਂ) ਵਾਲਾ ਸੰਪੂਰਨ ਵਿਸ਼ਵ ਸੀ।[1] ਅਤੇ ਅੱਜ ਵੀ ਇਹੋ ਅਰਥ ਲਿਆ ਜਾਂਦਾ ਹੈ।[2] ਇਸ ਸ਼ਬਦ ਦੇ ਨਿਕਾਸ ਬਾਰੇ ਇਕ ਪੁਰਾਣਕ ਕਥਾ ਪ੍ਰਚਲਤ ਹੈ। ਕਿਹਾ ਜਾਂਦਾ ਹੈ ਕਿ ਸਿਰਜਨਾ ਤੋਂ ਪਹਿਲਾਂ ਅਨੰਤ ਪਾਣੀਆਂ ਵਿੱਚ, ਬ੍ਰਹਮ ਨੇ ਇੱਕ ਬਹੁਤ ਵੱਡਾ ਸੁਨਹਿਰੀ ਆਂਡਾ ਪੈਦਾ ਕੀਤਾ। ਇਹ ਆਂਡਾ ਅੰਦਰ ਦੀ ਤਪਸ਼ ਨਾਲ ਇੱਕ ਹਜ਼ਾਰ ਸਾਲ ਬਾਅਦ ਟੁੱਟ ਕੇ ਦੋ ਖੰਡ ਹੋ ਗਿਆ। ਉੱਪਰਲੇ ਖੰਡ ਤੋਂ ਉਪਰਲੇ ਸਤ ਲੋਕ ਅਤੇ ਹੇਠਲੇ ਖੰਡ ਤੋਂ ਹੇਠਲੇ ਸਤ ਲੋਕ ਪੈਦਾ ਹੋਏ। ਇਸ ਕਾਰਨ ਸਾਰੀ ਸਿਰਜਨਾ ਨੂੰ ਬ੍ਰਹਿਮੰਡ ਭਾਵ ਬ੍ਰਹਮ-ਅੰਡ (ਬ੍ਰਹਮ ਦਾ ਆਂਡਾ) ਕਿਹਾ ਜਾਂਦਾ ਹੈ।[3] ਗੁਰੂ ਨਾਨਕ ਦੇਵ ਜੀ ਵੀ ਇਸ ਕਥਾ ਦਾ ਹਵਾਲਾ ਆਪਣੀ ਬਾਣੀ ਵਿੱਚ ਇਸ ਤਰਾਂ ਦਿੰਦੇ ਹਨ:-

"ਆਪੇ ਸਚੁ ਕੀਆ ਕਰ ਜੋੜਿ ਅੰਡਜ ਫੋੜ ਜੋੜਿ ਵਿਛੋੜਿ
ਧਰਤਿ ਅਕਾਸ ਕੀਏ ਬੈਸਣ ਕਉ ਥਾਉ ਰਾਤ ਦਿਨੰਤ ਕੀਏ ਭਉ ਭਾਏ।"[4]

"ਚਉਦਸਿ ਭਵਨ ਪਾਤਾਲ ਸਮਾਏ ਖੰਡ ਬ੍ਰਹਿਮੰਡ ਰਹਿਆ ਲਿਵ ਲਾਏ।"[5]

---

1. Chhand. Up. Khand-19.
2. ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-671.
3. । ਓਹੀ ।
 ।। Dr. S.S. Kohli.,"Philosophy.of Guru Nanak." Page-83.
 ।।। ਸੱਤ ਅਕਾਸ਼ਾਂ ਅਤੇ ਪਤਾਲਾਂ ਬਾਰੇ ਇਸਾਈ ਮਤ ਅਤੇ ਇਤਿਹਾਸ ਵਿੱਚ ਵੀ ਚਰਚਾ ਹੈ। ਇਨਾਂ ਅਨੁਸਾਰ ਅਲਾਹ ਆਪਣੇ ਅਸਲੀ ਰੂਪ ਵਿਚ ਸੱਤ ਅਕਾਸ਼ਾਂ ਤੋਂ ਉਪਰ ਹੈ।"
4. ਬਿਲਾਵਲ ਥਿਤੀ, ਪੰਨਾ-839.
5. ਬਿਲਾਵਲ ਥਿਤੀ -18, ਪੰਨਾ-840.

ਭਾਵੇਂ ਗੁਰੂ ਸਾਹਿਬ ਨੇ ਬ੍ਰਹਿਮੰਡ ਅਨੇਕਾਂ ਵੀ ਕਹੇ ਹਨ ਅਤੇ "ਲੋਕ" ਅਸੰਖਾਂ ਕਥਨ ਕੀਤੇ ਹਨ ।[1]

ਬ੍ਰਹਿਮੰਡ ਦੇ ਲਈ ਗੁਰੂ ਸਾਹਿਬ ਨੇ "ਤ੍ਰਿਭਵਨ" ਜਗਤ[2] ਦੁਨੀਆਂ[3] ਸੰਸਾਰ[4] ਤ੍ਰੈਲੋਕ[5] ਅਤੇ ਵਰਭੰਡ[6] ਸ਼ਬਦ, ਵੀ ਵਰਤੇ ਹਨ । ਬ੍ਰਹਿਮੰਡ ਦਾ ਅਰਥ, ਮਹਾਨ ਕੋਸ਼ ਅਨੁਸਾਰ ਹੈ- ਗੋਲਾਕਾਰ ਜਗਤ-ਭੂਗੋਲ ਅਤੇ ਖਗੋਲ ।[7]

"ਪਿੰਡ " ਸ਼ਬਦ ਵੀ ਬ੍ਰਹਿਮੰਡ ਵਾਂਗੂ ਸਥਿਰ ਅਰਥਾਂ ਵਾਲਾ ਸ਼ਬਦ ਹੈ । "ਪਿੰਡ" ਦਾ ਭਾਵ ਹੈ ਇੱਕ ਨਿਸਚਿਤ ਆਕਾਰ, ਜਿਸ ਵਿਚ ਵਿਭਿੰਨ ਵਸਤਾਂ ਇਸ ਰੂਪ ਨਾਲ ਇਕੱਠੀਆਂ ਹੋਈਆਂ ਹੋਣ ਕਿ ਇਕੋ "ਬਣਤ" ਬਣੀ ਜਾਪੇ । ਪਿੰਡ ਦਾ ਅਰਥ ਸਰੀਰ ਵੀ ਹੈ, ਬ੍ਰਹਿਮੰਡ ਵੀ ਹੈ , ਗੋਲਾ ਵੀ ਹੈ, ਗੋਲਾ ਵੱਟਣਾ ਵੀ ਹੈ, ਗ੍ਰਾਮ ਵੀ ਹੈ, ਢੇਰ ਵੀ ਹੈ, ਸਮੁਦਾਯ ਵੀ ਹੈ, ਭੋਜਨ ਆਹਾਰ ਵੀ ਹੈ ਅਤੇ ਪਿਤ੍ਰਾਂ ਨਮਿਤ ਅਰਪੇ ਜਾਂਦੇ ਆਟੇ ਆਦਿ ਦੇ ਪਿੰਡ, ਵੀ ਹੈ ।[8]

---

1. ਚੌਦਾਂ ਭਵਨਾਂ ਦਾ ਵਰਣਨ ਹੋਰ ਗੁਰੂ ਸਾਹਿਬਾਨ ਨੇ ਵੀ ਕੀਤਾ ਹੈ । ਗੁਰੂ ਅਮਰਦਾਸ ਜੀ ਪਿੰਡ ਵਿੱਚ ਵੀ ਬ੍ਰਹਿਮੰਡ ਵਾਲੇ 14 ਭਵਨਾਂ ਦਾ ਜ਼ਿਕਰ ਕਰਦੇ ਹਨ । ਇਹ 14 ਭਵਨਾਂ ਵਾਲਾ ਵਿਚਾਰ ਕਿੰਨਾ ਕੁ ਠੀਕ ਹੈ ? ਇਸ ਬਾਰੇ ਬਹੁਤੀ ਸਪਸ਼ਟਤਾ ਨਾਲ ਨਹੀਂ ਕਿਹਾ ਜਾ ਸਕਦਾ ਕਿਉਂਜੇ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਇਸ ਗਿਣਤੀ ਮਿਣਤੀ ਨੂੰ ਨਿਰਮੂਲ ਦੱਸਦੇ ਹੋਏ, ਇਹ ਵੀ ਕਿਹਾ ਹੈ:-

   "ਪਾਤਾਲਾ ਪਾਤਾਲ ਲਖ ਅਗਾਸਾ ਅਗਾਸ --- ਅੰਤ ਨ ਜਾਪੇ ਕੀਤਾ ਆਕਾਰ,
   ਅੰਤ ਨ ਜਾਪੇ ਪਾਰਾਵਾਰ।" (ਜਪੁਜੀ- ਪੰਨਾ- 5.)

2. ਤ੍ਰਿਭਵਣਿ ਸੋ ਪ੍ਰਭੁ ਜਾਣੀਐ, ਸਾਚੋ ਸਾਚੈ ਨਾਇ । (ਸਿਰੀ ਅਸਟਪਦੀ-6, ਪੰਨਾ-57)
3. ਨਾਨਕ ਦੁਨੀਆ ਚਾਰ ਦਿਹਾੜੇ । (ਵਾਰ ਮਲਾਰ, ਪੰਨਾ-1286)
4. ਆਤਮ ਰਾਮ ਸੰਸਾਰਾ ਸਾਚਾ ਖੇਲ ਤੁਮਾਰਾ । (ਸੂਹੀ ਛੰਤ-2, ਪੰਨਾ-764)
5. ਤ੍ਰੈਲੋਕ ਦੀਪਕ ਸਬਦਿ ਚਾਨਣ ਪੰਚ ਦੂਤ ਸੰਘਾਰਹੇ। (ਤੁਖਾਰੀ ਛੰਤ -6, ਪੰਨਾ-1113)
6. ਗਾਵਹਿ ਖੰਡ ਮੰਡਲ ਵਰਭੰਡਾ । (ਜਪੁਜੀ -27, ਪੰਨਾ-6 )
7. ਭਾਈ ਕਾਨ੍ਹ ਸਿੰਘ ਨਾਭਾ , "ਮਹਾਨ ਕੋਸ਼ " ਪੰਨਾ-671)
8. ਓਹੀ , ਪੰਨਾ-578.

## ਪਿੰਡ ਅਤੇ ਬ੍ਰਹਿਮੰਡ ਦਾ ਸਬੰਧ

ਪਰ ਜਦੋਂ ਅਸੀਂ ਬ੍ਰਹਿਮੰਡ ਦੇ ਸਬੰਧ ਵਿੱਚ ਪਿੰਡ ਸ਼ਬਦ ਦੀ ਵਰਤੋਂ ਕਰਦੇ ਹਾਂ, ਤਾਂ ਉਸ ਵਕਤ ਪਿੰਡ ਦਾ ਅਰਥ ਹੁੰਦਾ ਹੈ "ਦੇਹ" ਜਾਂ ਸਰੀਰ। ਜਿਵੇਂ ਕਿ ਗੁਰਬਾਣੀ ਦੀ ਇਸ ਮਸ਼ਹੂਰ ਪੰਕਤੀ ਤੋਂ ਵੀ ਸਪਸ਼ਟ ਹੁੰਦਾ ਹੈ- "ਜੋ ਬ੍ਰਹਿਮੰਡਿ ਸੋਈ ਪਿੰਡਿ"[1] ਗੁਰੂ ਨਾਨਕ ਦੇਵ ਜੀ ਨੇ ਪਿੰਡ ਸ਼ਬਦ ਦੀ ਵਧੇਰੇ ਵਰਤੋਂ "ਸਰੀਰ" ਦੇ ਭਾਵ ਵਿੱਚ ਹੀ ਕੀਤੀ ਹੈ।[2] ਭਾਵੇਂ ਪਿੰਡ ਦੇ ਪ੍ਰਯਾਏਵਾਚੀ ਸ਼ਬਦ ਜਨ, ਦੇਹੀ,[3] ਸਰੀਰ,[4] ਕਾਇਆ[5] ਆਦਿ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ।

ਇਨ੍ਹਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਬ੍ਰਹਿਮੰਡ ਲਈ ਬਾਜ਼ੀਗਰ ਦੀ ਬਾਜ਼ੀ[6] ਅਤੇ ਤਖਤ[7] ਤੇ ਪਿੰਡ ਲਈ ਮਹਲ, ਮੰਦਰ, ਹਰਿ ਕਾ ਘਰ,[8] ਸਰੋਵਰ[9] ਆਦਿ ਰੂਪਕ ਵੀ ਵਰਤੇ ਹਨ।

ਸੋ ਬ੍ਰਹਿਮੰਡ ਸਮੁੱਚਾ ਜਗਤ ਹੈ ਅਤੇ ਪਿੰਡ ਇਸ ਦਾ ਇਕ ਛੋਟਾ ਜਿਹਾ ਅੰਗ। ਇਸ ਕਾਰਨ ਗੁਰੂ ਸਾਹਿਬ ਇਕ ਥਾਂ ਤੇ ਪਿੰਡ ਲਈ ਖੰਡ ਸ਼ਬਦ ਦੀ ਵਰਤੋਂ ਕਰਦੇ ਹਨ ਅਤੇ "ਜੋ ਬ੍ਰਹਿਮੰਡਿ ਸੋਈ ਪਿੰਡਿ" ਵਾਲੇ ਭਾਵ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਹਨ- "ਜੋ ਬ੍ਰਹਿਮੰਡਿ ਖੰਡਿ ਸੋ ਜਾਣਹੁ"[10]

---

1. ਪੀਪਾ ਧਨਾਸਰੀ ਪਦਾ-4, ਪੰਨਾ-623.
2. I ਜੀਉ ਪਿੰਡੁ ਸਭ ਤਿਸਦਾ ਸਾਹੁ ਤਿਨੈ ਵਿਚਿ ਪਾਇਆ। (ਮਾਰੂ ਅਸਟਪਦੀ-5, ਪੰਨਾ-1113)
   II ਜੀਉ ਪਿੰਡੁ ਸਭੁ ਤੇਰੈ ਪਾਸਿ। (ਸਿਰੀ ਪਦੇ-16, ਪੰਨਾ-20)
   III ਜੀਉ ਪਿੰਡ ਸਭ ਤਿਸਦਾ ਦੇ ਖਾਜੈ ਆਖਿ ਗਵਾਈਐ। (ਵਾਰ ਆਸਾ-5, ਪੰਨਾ-465)
   IV ਜੀਉ ਪਿੰਡ ਦੇ ਸਾਜਿਆ। (ਸਿਰੀ ਘਰ-3, ਪੰਨਾ-72.)
3. ਜਬ ਲਗੁ ਜੋਬਨਿ ਸਾਸ ਹੈ, ਤਬ ਲਗੁ ਇਹ ਤਨ ਦੇਹ। (ਸਿਰੀ ਪਦਾ-17, ਪੰਨਾ-20)
4. ਨਾਨਕ ਮੇਰ ਸਰੀਰ ਕਾ ਇਕ ਰਥ ਇਕ ਰਥਵਾਹ। (ਵਾਰ ਆਸਾ ਸਲੋਕ-, ਪੰਨਾ-470)
5. ਕਾਇਆ ਕੋਟੁ ਰਚਾਇਦਾ। (ਮਾਰੂ ਸੋਹਲੇ-16, ਪੰਨਾ-1036)
6. ਨਟੂਐ ਸਾਗ ਬਣਾਇਆ ਬਾਜੀ ਸੰਸਾਰਾ। (ਆਸਾ ਅਸਟਪਦੀ-22, ਪੰਨਾ-422)
7. ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ। (ਵਡਹੰਸ ਪਦੇ-, ਪੰਨਾ-480.)
8. ਕਾਇਆ ਮਹਿਲ ਮੰਦਰ ਘਰ ਹਰਿ ਕਾ। (ਮਲਾਰ ਪਦੇ-, ਪੰਨਾ-1256)
9. ਸਰਵਰ ਮਹਿ ਹੰਸ ਹੰਸ ਮਹਿ ਸਾਗਰ। (ਧਨਾਸਰੀ ਅਸਟਪਦੀ-1, ਪੰਨਾ-684)
10. ਮਾਰੂ ਸੋਹਲੇ-20, ਪੰਨਾ-1041)

ਸੋ ਇਕ ਬ੍ਰਹਿਮੰਡ ਵਿੱਚ ਅਸੰਖਾਂ ਪਿੰਡ ਹਨ। ਤਾਂ ਕੀ "ਪਿੰਡ" ਅਤੇ ਬ੍ਰਹਿਮੰਡ ਵਿੱਚ ਵਿਆਪ ਰਿਹਾ "ਬ੍ਰਹਮ" ਇੱਕ ਹੀ ਹੈ ? ਇਸ ਬਾਰੇ ਪੜਤਾਲ ਕਰਨੀ ਭਾਰਤੀ ਚਿੰਤਨ ਦਾ ਬਹੁਤ ਪੁਰਾਣਾ ਵਿਸ਼ਾ ਰਿਹਾ ਹੈ। ਸ੍ਰੀ ਬਾਲ ਗੰਗਾਧਰ ਤਿਲਕ "ਭਾਗਵਦ ਗੀਤਾ ਰਹਸਯ" ਵਿੱਚ ਕਸ਼ਰ-ਅਕਸ਼ਰ ਬਾਰੇ ਸਮਝਾਉਂਦੇ ਹੋਏ ਇਸ ਬਾਰੇ ਲਿਖਦੇ ਹਨ:-

"ਖੇਤ੍ਰ ਖੇਤ੍ਰਗਯ" ਵਿਚਾਰ ਤੋਂ ਇਸ ਗੱਲ ਦਾ ਨਿਰਣਾ ਹੁੰਦਾ ਹੈ ਕਿ ਖੇਤਰ (ਅਰਥਾਤ ਸਰੀਰ) ਜਾਂ ਪਿੰਡ ) ਵਿੱਚ ਕਿਹੜਾ ਮੂਲ ਤਤਵ ( ਖੇਤ੍ਰਗਯ ਜਾਂ ਆਤਮਾ ) ਹੈ ਅਤੇ "ਕਸ਼ਰ-ਅਕਸ਼ਰ" ਵਿਚਾਰ ਤੋਂ ਬ੍ਰਹਮ ਸ੍ਰਿਸ਼ਟ (ਅਰਥਾਤ ਬ੍ਰਹਿਮੰਡ) ਦੇ ਮੂਲ ਤਤਵ ਦਾ ਗਿਆਨ ਹੁੰਦਾ ਹੈ। ਜਦ ਇਸ ਪ੍ਰਕਾਰ ਪਿੰਡ ਅਤੇ ਬ੍ਰਹਿਮੰਡ ਦੇ ਮੂਲ ਤਤਵਾਂ ਦਾ ਵੱਖ ਵੱਖ ਨਿਰਣਾ ਹੋ ਜਾਂਦਾ ਹੈ ਤਾਂ ਵੇਦਾਂਤ ਵਿੱਚ ਅੰਤਮ ਸਿੱਟਾ ਪੇਸ਼ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਤਤਵਾਂ ਦਾ ਰੂਪ ਇਕੋ ਹੈ, ਅਰਥਾਤ ਇਹ ਦੋਵੇਂ ਇਕ ਹਨ-ਭਾਵ ਜੋ ਪਿੰਡ ਵਿੱਚ ਹੈ ਉਹੀ ਬ੍ਰਹਿਮੰਡ ਵਿੱਚ ਹੈ। ਇਹ ਚਰ-ਅਚਰ ਸ੍ਰਿਸ਼ਟੀ ਦੀ ਅੰਤਮ ਸਚਾਈ ਹੈ।[1]

## ਪਿੰਡ ਅਤੇ ਬ੍ਰਹਿਮੰਡ ਵਿੱਚ ਬ੍ਰਹਮ

ਪਿੰਡ ਵਿੱਚ ਵਿਆਪਕ ਬ੍ਰਹਮ ਦੀ ਅੰਸ ਆਤਮਾ ਹੈ ਅਤੇ ਬ੍ਰਹਿਮੰਡ ਵਿੱਚ ਵਿਆਪਕ ਬ੍ਰਹਮ ਪਰਮਾਤਮਾ ਹੈ। ਪਿੰਡ ਅਤੇ ਬ੍ਰਹਿਮੰਡ ਵਿੱਚ ਵੱਸਦੇ ਬ੍ਰਹਮ ਦੀ ਏਕਤਾ ਨੂੰ ਛਾਂਦੋਗਯ ਉਪਨਿਸ਼ਦ ਵਿੱਚ ਇਸ ਤਰ੍ਹਾਂ ਸਮਝਾਇਆ ਗਿਆ ਹੈ :-

"ਜੋ ਸੂਖਸ਼ਮ ਤਤ ਹੈ ਉਹ ਇਸ ਸਾਰੀ ਦੁੱਨੀਆਂ ਦੀ ਆਤਮਾ ਹੈ। ਇਹੋ ਅਸਲੀਅਤ ਹੈ। ਇਹੋ ਆਤਮਾ ਹੈ। ਇਹੋ ਤੂੰ ਹੈ। ਸ੍ਵੇਤਾਕੇਤੂ।[2]

ਵੇਦਾਂਤ ਬ੍ਰਹਿਮੰਡ ਅਤੇ ਪਿੰਡ ਦੀ ਭਿੰਨਤਾ ਅਤੇ ਅਭਿੰਨਤਾ ਨੂੰ ਦਰਸਾਉਣ ਲਈ ਦੋਹਾਂ ਦੀਆਂ ਚਾਰ ਅਵਸਥਾਵਾਂ ਦਾ ਬਿਆਨ ਕਰਦਾ ਹੈ ਜਿਹੜੀਆਂ ਕਿ ਨਾਮ ਰੂਪ ਅਤੇ ਅਕਾਰ ਰੂਪ ਵਿੱਚ ਭਿੰਨ ਹਨ ਪਰ ਅਨੁਭਵ ਰੂਪ ਵਿਚ ਸਮਾਨੰਤਰ ਤੇ ਸਮਾਨਭਾਵੀ ਹਨ।[3] ਡਾ: ਰਾਧਾ ਕ੍ਰਿਸ਼ਨਨ ਇਨ੍ਹਾਂ

---

1. ਪੰਨਾ- 140-49.

2. Chhandogya Upnishad. vi, ix. 1-4, vi. x.1-3, vi, xii,1-3,vi-xiii. 1-3.

3. "The Two, the objective and subjective, the Brahman d the Atman,

ਅਵਸਥਾਵਾਂ ਨੂੰ ਇਸ ਤਰਾਂ ਪੇਸ਼ ਕਰਦੇ ਹਨ:-

| | |
|---|---|
| ਆਤਮਾ (Subject) | ਬ੍ਰਹਮ (Object) |

ਅਵਸਥਾਵਾਂ:-

| | |
|---|---|
| 1. ਸਰੀਰਕ ਆਪਾ (ਵਿਸ਼ਵ) | 1. ਬ੍ਰਹਿਮੰਡ (ਵੈਰਾਟ) |
| 2. ਪ੍ਰਾਣਕ ਆਪਾ (ਤੇਜਸ) | 2. ਵਿਸ਼ਵ ਆਤਮਾ (ਹਿਰਣਯਗਰਭ) |
| 3. ਬੌਧਿਕ ਆਪਾ (ਪਰਜਨਾ) | 3. ਸਵੈਚੇਤਨਤਾ (ਈਸ਼ਵਰ) |
| 4. ਅਨੁਭਵੀ ਆਪਾ (ਤੁਰੀਆ) | 4. ਆਨੰਦ (ਬ੍ਰਹਮ) |

ਪਹਿਲੀ ਅਵਸਥਾ ਸਥੂਲ ਅਵਸਥਾ ਹੈ, ਦੂਜੀ ਕੁੱਝ ਸੂਖਸ਼ਮ, ਤੀਜੀ ਹੋਰ ਸੂਖਸ਼ਮ ਪਰ ਚੌਥੀ ਅਵਸਥਾ ਅਨੰਦ ਦੀ ਅਵਸਥਾ ਹੈ- ਸਤ ਚਿੱਤ ਆਨੰਦ ਦੀ। ਆਤਮਾ ਦੀ ਤੁਰੀਆ ਅਵਸਥਾ ਬ੍ਰਹਮ ਨਾਲ ਅਭੇਦਤਾ ਦੇ ਅਨੁਭਵ ਦੀ ਅਵਸਥਾ ਹੈ। ਪਰਜਨਾ ਅਵਸਥਾ ਵਿੱਚ ਬੁੱਧੀ ਆਪੇ ਨੂੰ ਸੁਚੇਤ ਕਰਕੇ ਹਉਮੈ ਵੱਲ ਨੂੰ ਮੋੜਦੀ ਹੈ, ਫਿਰ ਤੇਜਸ ਅਵਸਥਾ ਵਿੱਚ ਇੱਕ ਨਿਸਚਿਤ ਰੂਪ ਧਾਰਕੇ ਪ੍ਰਾਣ ਦੀ ਨਿਸਚਿਤ ਕਰਮ ਕਰਨ ਵਾਲੀ ਸ਼ਕਤੀ ਬਣਕੇ ਵਿਸ਼ਵ ਅਵਸਥਾ ਵਿੱਚ ਸਰੀਰ ਧਾਰਨ ਕਰ ਲੈਂਦੀ ਹੈ। ਇਸ ਪ੍ਰਕਾਰ ਬ੍ਰਹਮ ਆਪਣੇ ਨਿਰਗੁਣ ਅਨੰਦ ਸਰੂਪ ਤੋਂ ਵਿਸ਼ਵ ਚੇਤਨਤਾ ਵੱਲ ਆਕੇ ਈਸ਼ਵਰ ਰੂਪ ਧਾਰਨ ਕਰਦਾ ਹੈ, ਫਿਰ ਚੇਤਨਤਾ ਸਦਕਾ ਇਸ ਵਿੱਚ ਕਾਮਨਾ ਪੈਦਾ ਹੋਕੇ, ਹਉਮੈ ਪੈਦਾ ਹੁੰਦੀ ਹੈ ਤੇ ਹਿਰਣਯਗਰਭ ਦੀ ਵਿਸ਼ਵ ਆਤਮਾ ਦੀ ਅਵਸਥਾ ਆ ਜਾਂਦੀ ਹੈ ਜਿਹੜੀ ਇੱਕ ਨਿਸਚਿਤ ਰੂਪ ਵੱਲ ਨੂੰ ਪਰਵਾਜ ਕਰਦੀ ਹੋਈ ਵੈਰਾਟ ਰੂਪ ਵਿੱਚ ਬ੍ਰਹਿਮੰਡ ਦੇ ਸਥੂਲ ਸਰੂਪ ਦੀ ਅਵਸਥਾ ਵਿੱਚ ਆ ਜਾਂਦੀ ਹੈ।

ਸ੍ਰੀ ਕ੍ਰਿਸ਼ਨ ਭਾਗਵਦ ਗੀਤਾ ਵਿੱਚ ਪਿੰਡ ਵਿਚਲੇ ਪਰਮ ਤੱਤ ਨੂੰ ਪੁਰਖ ਅਤੇ ਬ੍ਰਹਿਮੰਡ ਵਿਚਲੇ ਪਰਮ ਤੱਤ ਨੂੰ ਪੁਰਖੋਤਮ (ਉਤਮ ਪੁਰਖ) ਕਹਿੰਦੇ ਹਨ ਅਤੇ ਪੁਰਖ ਤੇ ਪੁਰਖੋਤਮ ਦੀ ਏਕਤਾ ਨੂੰ ਇੰਜ ਬਿਆਨ ਕਰਦੇ ਹਨ:-

---

... the cosmic and the psychical principles are looked upon as identical ... the following table suggests the scheme:-

| Subject (Atma) | Object (Brahman) |
|---|---|
| 1. Bodily Self (Atman) | 1. Cosmos (Virat or Vais Van) |
| 2. The Vital Self (Taijasa) | 2. The Soul of the World. (Hiranya-grabha) |
| 3. The Intellectual Self (Prajna) | 3. Self Consciousness. (Isvara) ... |

?--------,

"ਸੱਭ ਤੋਂ ਪਰਮ ਅਕਸ਼ਰ ਅਰਥਾਤ ਕਦੇ ਵੀ ਨਸ਼ਟ ਨਾ ਹੋਣ ਵਾਲਾ ਤਤਵ ਬ੍ਰਹਮ ਹੈ ਅਤੇ ਹਰ ਵਸਤੂ ਦੇ ਮੂਲ ਭਾਵ (ਸੁਭਾ) ਨੂੰ "ਅਧਿਆਤਮ" ਕਿਹਾ ਜਾਂਦਾ ਹੈ । "ਚਰ-ਅਚਰ" ਪਦਾਰਥਾਂ ਨੂੰ ਉਤਪਨ ਕਰਨ ਵਾਲਾ ਵਿਸਰਗ "ਕਰਮ" ਹੈ । ਉਪਜੇ ਹੋਏ ਸਭ ਪ੍ਰਾਣੀਆਂ ਦੀ ਨਾਮ ਰੂਪੀ ਨਾਸ ਹੋ ਜਾਣ ਵਾਲੀ ਸਥਿਤੀ "ਅਧਿਭੂਤ" ਹੈ ਅਤੇ ਪਦਾਰਥਾਂ ਵਿੱਚ ਜੋ ਪੁਰਸ਼ ਅਰਥਾਤ ਸੁਤੰਤਰ ਤੱਤ ਹੈ ਉਹ "ਅਧਿਦੇਵਤ" ਹੈ । ਅਧਿਯਗਯ (ਸਭ ਜਗਾਂ ਦਾ ਅਧਿਪੱਤੀ) ਮੈਂ ਹੀ ਹਾਂ ।[1] ਹੇ ਦੇਹਧਾਰੀਆਂ ਵਿੱਚ ਸ੍ਰੇਸ਼ਟ ਮੈਂ ਇਸ ਦੇਹ ਵਿੱਚ ਅਧਿਦੇਹ ਹਾਂ ।"

ਯੋਗ ਮੱਤ ਅਨੁਸਾਰ ਪਿੰਡ ਵਿੱਚ ਪੁਰਸ਼ ਦਾ ਨਿਵਾਸ ਹੈ ਅਤੇ ਬ੍ਰਹਿਮੰਡ ਵਿੱਚ ਵਿਸ਼ੇਸ਼ ਪੁਰਸ਼ ਦਾ ਨਿਵਾਸ ਹੈ । ਜਿਵੇਂ ਈਸ਼ਵਰ ਜਾਂ ਵਿਸ਼ੇਸ਼ ਪੁਰਸ਼ ਸ਼ੁਧ ਸ਼ਾਂਤ ਅਜ਼ਾਦ ਅਤੇ ਬਿਨਾਂ ਕਿਸੇ ਬੰਧਨ ਦੇ, ਨਿਰਲੇਪ ਹੈ ਇਸੇ ਤਰਾਂ ਪੁਰਸ਼-ਜੀਵ ਆਤਮਾ ਹੈ । ਪਰ ਜੀਵ ਆਤਮਾ ਈਸ਼ਵਰ ਵਾਲੀ ਅਵਸਥਾ ਵਿਚ ਕੇਵਲ ਮੁਕਤੀ ਪ੍ਰਾਪਤ ਕਰਨ ਤੋਂ ਬਾਅਦ ਹੀ ਪਹੁੰਚਦੀ ਹੈ ਜਦ ਕਿ ਈਸ਼ਵਰ ਹਮੇਸ਼ਾਂ ਮੁਕਤ ਹੈ । ਜਦੋਂ ਮਨੁੱਖੀ ਮਨ ਅਨੰਤਤਾ ਦੇ ਅਨੁਭਵ ਨੂੰ ਪ੍ਰਾਪਤ[2] ਕਰਕੇ ਅਨੰਤਤਾ ਦਾ ਰੂਪ ਧਾਰਨ ਕਰ ਜਾਂਦਾ ਹੈ ਤਾਂ ਸਮਾਧੀ ਦੀ ਸੰਪੂਰਨਤਾ ਹੋ ਜਾਂਦੀ ਹੈ ।

ਗੁਰੂ ਨਾਨਕ ਦੇਵ ਜੀ ਅਨੁਸਾਰ "ਪਿੰਡ" ਵਿੱਚ ਵਿਆਪਕ ਬ੍ਰਹਮ ਦੀ ਅੰਸ ਆਤਮਾ ਹੈ । ਅਤੇ ਬ੍ਰਹਿਮੰਡ ਵਿੱਚ ਵਿਆਪਕ ਬ੍ਰਹਮ ਪਰਮਾਤਮਾ ਹੈ ।[3] ਆਤਮਾ ਦਾ ਨਿਵਾਸ ਪਰਮਾਤਮਾ ਵਿੱਚ ਹੈ ਅਤੇ ਪਰਮਾਤਮਾ ਦਾ ਨਿਵਾਸ ਆਤਮਾ ਵਿੱਚ ਹੈ । ਆਤਮਾ ਇੱਕ ਬੂੰਦ ਹੈ ਅਤੇ ਪਰਮਾਤਮਾ ਇੱਕ ਸਮੁੰਦਰ ਹੈ, ਪਰ ਸਮੁੰਦਰ ਬੂੰਦ ਵਿੱਚ ਵੱਸਦਾ ਹੈ ਅਤੇ ਬੂੰਦ ਸਮੁੰਦਰ ਵਿੱਚ ਵੱਸਦੀ ਹੈ ।[4] ਇਸ ਰਹੱਸ ਨੂੰ ਗੁਰੂ ਸਾਹਿਬ ਇੱਕ ਹੋਰ ਦ੍ਰਿਸ਼ਟਾਂਤ ਵਰਤਕੇ ਇਸ ਤਰਾਂ ਸਮਝਾਉਂਦੇ ਹਨ ਕਿ :- ਸਾਰਾ ਬ੍ਰਹਿਮੰਡ ਪਰਮਾਤਮਾ ਰੂਪੀ ਸ਼ਾਹੂਕਾਰ ਦੀ ਇੱਕ ਬਹੁਤ ਵੱਡੀ ਹੱਟੀ ਹੈ, ਜਿਸ ਉਤੇ ਆਤਮਾ ਰੂਪੀ ਵਣਜਾਰੇ ਪਿੰਡ ਰਾਹੀਂ ਕਰਮਾਂ ਦਾ ਵਪਾਰ ਕਰਦੇ ਹਨ ।[5] ਪਰ ਪਿੰਡ ਵੀ ਆਪਣੇ ਆਪ ਵਿੱਚ ਇੱਕ

---

---4. The Intuitive Self (Turya)    4. Ananda (Brahman)

1. ਗੀਤਾ -15, 16-19, 8, 12, 3-4.
2. The Yoga Sutra cp. -1. 29.; 2,32; 2,47, in"Indian Philosophy" by Sarvapally Radhakrishnan and Charles A. Moore, Page-458, 59, 69.
3. ਆਤਮ ਮਹਿ ਰਾਮ ਰਾਮ ਮਹਿ ਆਤਮ ਚੀਨਸਿ ਗੁਰ ਬੀਚਾਰਾ । (ਭੈਰਉ ਅਸਟਪਦੀ-1, 1153)
4. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧ ਜਾਣੈ। (ਰਾਮਕਲੀ ਪਦਾ-9, ਪੰਨਾ-878)
5. । ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ । (ਮਾਰੂ ਪਦੇ-11, ਪੰਨਾ-992)

।। ਦੁਇ ਦੀਵੇ ਚਉਦਾ ਹਟਨਾਲੇ । ਜੇਤੇ ਜੀਅ ਤੇਤੇ ਵਣਜਾਰੇ ।

।।। ਖੁਲੇ ਹਟ ਹੋਆ ਵਾਪਾਰ ਜੋ ਪਹੁੰਚੈ ਸੋ ਚਲਨਹਾਰ। (ਵਾਰ ਸੂਹੀ ਮਹਲਾ-3 f ਸਲੋਕ, 789)

ਹੱਟੀ ਹੈ ਜਿਸ ਦਾ ਸ਼ਾਹੂਕਾਰ ਆਤਮਾ ਹੈ, ਮਨ ਰੂਪੀ ਵਣਜਾਰਾ ਇੰਦ੍ਰੀਆਂ ਰਾਹੀਂ ਕਰਮਾਂ ਦਾ ਵਪਾਰ ਕਰਦਾ ਹੈ।[1]

ਸੋ ਪਰਮਾਤਮਾ ਸ਼ਾਹੂਕਾਰ ਸਾਹਮਣੇ ਆਤਮਾ, ਭਾਵੇਂ ਉਸੇ ਦੀ ਅੰਸ, ਵਣਜਾਰਾ ਹੈ ਅਤੇ ਦੋਹਾਂ ਵਿਚਾਲੇ ਪਿੰਡ ਦੀ ਮਾਇਆ ਦਾ ਪਰਦਾ ਹੈ। ਆਤਮਾ ਸ਼ਾਹੂਕਾਰ ਸਾਹਮਣੇ ਮਨ ਵਣਜਾਰਾ ਹੈ ਤੇ ਦੋਹਾਂ ਵਿੱਚ ਇੰਦ੍ਰੀਆਂ ਦੇ ਵਿਸ਼ਿਆਂ ਦੀ ਮਾਇਆ ਦਾ ਪਰਦਾ ਹੈ। ਸਾਰੀਆਂ ਆਤਮਾਵਾਂ ਪਰਮਾਤਮਾ ਵਿੱਚ ਵੱਸ ਰਹੀਆਂ ਹਨ ਤੇ ਪਰਮਾਤਮਾ ਦੀ ਅੰਸ-ਆਤਮਾ ਹੋਣ ਕਾਰਨ, ਪਰਮਾਤਮਾ ਆਤਮਾਵਾਂ ਵਿੱਚ ਵੱਸ ਰਿਹਾ ਹੈ। ਉਂਜ ਅਸਲੀਅਤ ਵਜੋਂ ਆਤਮਾ ਹੀ ਪਰਮਾਤਮਾ ਹੈ ਅਤੇ ਪਰਮਾਤਮਾ ਹੀ ਆਤਮਾ ਹੈ। ਗੁਰੂ ਸਾਹਿਬ ਦੇ ਸ਼ਬਦਾਂ ਵਿੱਚ- "ਆਤਮਾ ਰਾਮ, ਰਾਮ ਹੈ ਆਤਮ"

(ਮਾਰੂ ਸੋਹਲੇ-10, ਪੰਨਾ-1030)

ਬੇਸ਼ੱਕ ਆਤਮਾ ਹੀ ਬ੍ਰਹਮ ਹੈ ਪਰ ਜੀਵ ਨੂੰ ਇਸ ਗੱਲ ਦੀ ਪਹਿਚਾਣ ਨਹੀਂ। ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ:-

"ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਨ ਤਿਸੈ ਸਮਾਹਿ"[2]

ਭਾਵ ਜੀਵ ਇਸ ਗੱਲ ਦੀ ਪਹਿਚਾਣ ਕਰੇ ਕਿ 'ਮੈਂ ਹੀ ਉਹ (ਬ੍ਰਹਮ) ਹਾਂ ਜਿਹੜਾ ਇਸ ਗੱਲ ਦੀ ਪਹਿਚਾਣ ਕਰ ਲੈਂਦਾ ਹੈ, ਉਸ ਨੂੰ ਆਪਣੇ ਅੰਦਰ ਹੀ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ। ਜਦੋਂ ਤੱਕ ਪਿੰਡ ਵਿੱਚ ਵੱਸਦਾ ਜੀਵ ਹਉਮੈ ਵਿੱਚ ਆਕੇ ਮੈਂ ਮੈਂ ਕਰਦਾ ਹੈ, ਉਦੋਂ ਤੱਕ ਉਹ ਆਪਣੀ ਮਹਾਨ ਅਸਲੀਅਤ -ਪਰਮਾਤਮਾ ਨੂੰ ਪਹਿਚਾਣ ਨਹੀਂ ਸਕਦਾ, ਪਰ ਜਦੋਂ ਉਸ ਦੀ ਹਉਮੈ ਖਤਮ ਹੋ ਜਾਂਦੀ ਹੈ ਤੇ ਉਹ 'ਮੈਂ" ਦੀ ਬਜਾਏ "ਤੂੰ, ਤੂੰ" ਕਰਨ ਲੱਗ ਪੈਂਦਾ ਹੈ ਤਾਂ ਆਤਮਾ ਅਤੇ ਪਰਮਾਤਮਾ ਵਿਚਲਾ ਭੇਦ ਖਤਮ ਹੋ ਜਾਂਦਾ ਹੈ।[3] ਇਸ ਵਕਤ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਅਸਲ ਵਿੱਚ ਆਤਮਾ ਅਤੇ ਪਰਮਾਤਮਾ ਇੱਕ ਹੈ ਤੇ ਉਸ ਦੀ ਹਰ ਪ੍ਰਕਾਰ ਦੀ ਦੁਬਿਧਾ ਖਤਮ ਹੋ ਜਾਂਦੀ ਹੈ।[4]

---

1. ਤਨੁ ਹਟੜੀ ਇਹੁ ਮਨੁ ਵਣਜਾਰਾ
   ਨਾਨਕ ਸਹਿਜੇ ਸਚੁ ਵਾਪਾਰਾ।" (ਰਾਮਕਲੀ ਸਿਧ ਗੋਸਟਿ-39, ਪੰਨਾ-942)
2. ਵਾਰ ਮਾਰੂ ਮਹਲਾ-3, ਵਿੱਚ ਸਲੋਕ, ਪੰਨਾ-1093)
3. ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ। (ਵਾਰ ਮਾਰੂ ਵਿਚ ਸਲੋਕ, ਪੰਨਾ-1092)
4. ਆਤਮਾ ਪਰਮਾਤਮਾ ਏਕੋ ਕਰੈ ਅੰਦਰ ਕੀ ਦੁਬਿਧਾ ਅੰਤਰ ਮਰੈ

   (ਧਨਾਸਰੀ ਪਦਾ-2, ਪੰਨਾ-64

ਭਾਵੇਂ ਇਕੋ ਬ੍ਰਹਿਮੰਡ ਵਿੱਚ ਅਸੰਖਾਂ ਪਿੰਡ ਹਨ ਪਰ ਤਾਂ ਵੀ, ਜਿਵੇਂ ਅਸੀਂ ਉਪੱਰ ਆਤਮਾ ਅਤੇ ਪਰਮਾਤਮਾ ਦੀ ਵਿਚਾਰ ਵਿੱਚ ਦੇਖਿਆ ਹੈ ਕਿ ਪਿੰਡ ਅਤੇ ਬ੍ਰਹਿਮੰਡ ਵਿੱਚ ਸਮਾਨਤਾ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਵਿੱਚ ਤੀਹਰੀ ਸਮਾਨਤਾ ਹੈ:-

1. ਉਪੱਰ ਕਥਿਤ ਅਧਿਆਤਮਿਕ ਸਮਾਨਤਾ।
2. ਕਾਰਜਸ਼ੀਲਤਾ ਦੀ ਸਮਾਨਤਾ।
3. ਮਾਦਾ ਤੱਤਾਂ ਦੀ ਸਮਾਨਤਾ।

## ਕਾਰਜਸ਼ੀਲਤਾ ਦੇ ਖੇਤ੍ਰ ਦੀ ਸਮਾਨਤਾ

ਅਧਿਆਤਮਿਕ ਤੱਤ ਦੀ ਸਮਾਨਤਾ ਤਾਂ ਅਸੀਂ ਦੇਖ ਹੀ ਚੁੱਕੇ ਹਾਂ। ਹੁਣ ਅਸੀਂ ਕਾਰਜਸ਼ੀਲਤਾ, ਦੇ ਖੇਤਰ ਵਿੱਚ ਸਮਾਨਤਾ ਦੇਖਦੇ ਹਾਂ। ਬ੍ਰਹਮ ਆਪਣੇ "ਸ਼ਬਦ" ਰੂਪ ਵਿੱਚ ਗਤੀਸ਼ੀਲ ਹੋਕੇ ਸਾਰੇ ਬ੍ਰਹਿਮੰਡ ਵਿੱਚ ਵੀ ਵਿਆਪ ਰਿਹਾ ਹੈ ਅਤੇ ਪਿੰਡ ਵਿੱਚ ਵੀ ਬ੍ਰਹਮ ਦਾ ਸ਼ਬਦ ਰੂਪ ਵਿਆਪਕ ਹੈ।[1] ਬ੍ਰਹਮ ਦਾ ਗਤੀਸ਼ੀਲ ਹੁੱਕਮ ਬ੍ਰਹਿਮੰਡ ਵਿੱਚ ਵਿਆਪ ਰਿਹਾ ਹੈ ਅਤੇ ਪਿੰਡ ਵਿੱਚਲਾ ਹਰ ਕਰਮ ਵੀ ਇਸ ਹੁੱਕਮ ਅਨੁਸਾਰ ਹੋ ਰਿਹਾ ਹੈ।[2] ਬ੍ਰਹਿਮੰਡ ਵਿੱਚ ਵੀ ਬ੍ਰਹਮ ਦਾ ਭੈ ਵਰਤ ਰਿਹਾ ਹੈ ਅਤੇ ਪਿੰਡ ਵਿੱਚ ਵੀ ਬ੍ਰਹਮ ਦਾ ਭੈ ਵਰਤ ਰਿਹਾ ਹੈ।[3] ਸ੍ਰੀ ਪੀ. ਡੀ. ਮਹਿਤਾ ਇਕ ਹੋਰ ਸਮਾਨਤਾ ਦੱਸਦੇ ਹਨ ਕਿ ਸਾਰਾ ਬ੍ਰਹਿਮੰਡ ਸੁਸੀਮ ਵਲੋਂ ਅਸੀਮ ਹੋਣ ਲਈ ਪ੍ਰਯਤਨਸ਼ੀਲ ਹੈ ਅਤੇ ਇਹੋ ਪ੍ਰਯਤਨਸ਼ੀਲਤਾ ਪਿੰਡ ਵਿੱਚ ਵੀ ਰੂਪਮਾਨ ਹੋ ਰਹੀ ਹੈ।[4]

## ਮਾਦਾ ਤੱਤਾਂ ਦੀ ਸਮਾਨਤਾ

ਉਪਨਿਸ਼ਦਾਂ ਵਿੱਚ ਬ੍ਰਹਿਮੰਡ ਅਤੇ ਪਿੰਡ ਦੀ ਸਮਾਨਤਾ ਨੂੰ ਬਿਆਨ ਕਰਦਿਆਂ ਹੋਇਆ

---

1.i ਤਿਹੁ ਲੋਆ ਮਹਿ ਸਬਦ ਰਵਿਆ ਹੈ ਆਪੁ ਗਇਆ ਮਨ ਮਾਨਿਆ। (ਆਸਾ ਪਦੇ-10, 351)

ii ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ। (ਗਉੜੀ ਬੈਰਾਗਣ, ਪੰਨਾ-228)

2.i ਚਹੁਦਿਸਿ ਹੁਕਮੁ ਵਰਤੈ ਪ੍ਰਭੁ ਤੇਰਾ। (ਮਲਾਰ ਅਸਟਪਦੀ-4, ਪੰਨਾ-1275)

3.i ਹੁਕਮੇ ਆਵੈ ਹੁਕਮੇ ਜਾਹਿ, ਆਗੈ ਪਾਛੈ ਹੁਕਮਿ ਸਮਾਇ। (ਗਉੜੀ ਪਦੇ-5, ਪੰਨਾ-55)

3. ਭੈ ਵਿਚਿ ਪਵਣ ਵਹੈ ਸਦਵਾਉ--- ਸਗਲਿਆ ਭਉ ਲਿਖਿਆ ਸਿਰਿ ਲੇਖ।

(ਵਾਰ ਆਸਾ ਪਉੜੀ-4, ਪੰਨਾ-464)

4. P.D. Mehta- "Logus- The Divine maniffestation of Bra man." cp. Brahman in Pind and Brahamand.

ਦਸਿਆ ਜਾਂਦਾ ਹੈ ਕਿ ਪਿੰਡ ਵਿਚਲੇ ਪ੍ਰਾਣ ਅਤੇ ਬ੍ਰਹਿਮੰਡ ਵਿਚਲੀ ਵਾਯੂ, ਪਿੰਡ ਦੇ ਸਾਹ ਅਤੇ ਬ੍ਰਹਿਮੰਡ ਦੀ ਹਵਾਂ, ਪਿੰਡ ਦਾ ਮਨ ਅਤੇ ਬ੍ਰਹਿਮੰਡ ਦਾ ਅਕਾਸ਼ ਪਿੰਡ ਦੇ ਸਥੂਲ ਤੱਤ ਅਤੇ ਬ੍ਰਹਿਮੰਡ ਦੇ ਸਥੂਲ ਤੱਤ ਇੱਕ ਹਨ ।[1] ਗੁਰੂ ਸਾਹਿਬ ਅਜਿਹੀ ਤੁਲਨਾ ਇਸ ਤਰਾਂ ਕਰਦੇ ਹਨ:- ਜਿਹੜੀ ਅਗਨੀ ਨਾਲ ਸਮੁੱਚੀ ਬਨਸਪਤੀ ( ਸਾਰਾ ਬ੍ਰਹਿਮੰਡ ) ਵਿਕਸਤ ਹੁੰਦੀ ਹੈ । ਉਸੇ ਨਾਲ ਪਿੰਡ ਦਾ ਵਿਕਾਸ ਹੁੰਦਾ ਹੈ । ਜਿਵੇਂ ਬ੍ਰਹਿਮੰਡ ਵਿੱਚ ਚੰਦ ਅਤੇ ਸੂਰਜ ਹਨ, ਉਸੇ ਤਰਾਂ ਪਿੰਡ ਵਿੱਚ ਵੀ ਹਨ । (ਆਤਮਾ ਸੂਰਜ, ਇਸ ਸੂਰਜ ਦੀ ਰੋਸ਼ਨੀ ਨਾਲ ਰੋਸ਼ਨ ਹੋਣ ਵਾਲਾ ਮਨ ਚੰਦ )[2] ਜਿਵੇਂ ਪਿੰਡ ਦੀ ਪਾਲਨਾ ਮਾਂ ਬਾਪ, ਦਾਈ, ਦਾਏ ਦੀ ਸੇਵਾ ਅਤੇ ਗੁਰੂ ਦੀ ਸਿਖਿਆ ਸਦਕਾ ਹੁੰਦੀ ਹੈ ਇਸੇ ਤਰਾਂ ਬ੍ਰਹਿਮੰਡ ਦੀ ਬ੍ਰਿਧੀ ਲਈ ਪਉਣ ਗੁਰੂ ਦਾ ਕੰਮ ਕਰਦੀ ਹੈ, ਪਾਣੀ ਪਿਤਾ ਦਾ, ਧਰਤੀ ਮਾਤਾ ਦਾ ਕੰਮ ਕਰਦੀ ਹੈ , ਇਨਾਂ ਦਾ ਸਾਥ ਮਹਤ (ਬੁਧੀ) ਦੇਂਦੀ ਹੈ । ਦਿਨ ਅਤੇ ਰਾਤ ਇੱਕ ਪ੍ਰਕਾਰ ਦੇ ਦਾਈ ਅਤੇ ਦਾਇਆ ਹਨ, ਜਿਨਾਂ ਦੀ ਗੋਦ ਵਿੱਚ ਸਾਰਾ ਜਗਤ ਖੇਲ ਰਿਹਾ ਹੈ ।[3]

ਇਸ ਤਰਾਂ ਬ੍ਰਹਿਮੰਡ ਵਿੱਚ ਜੋ ਕੁੱਝ ਵੀ ਸਮੁੱਚੇ ਰੂਪ ਵਿੱਚ ਹੈ, ਉਹੋ ਕੁੱਝ ਪਿੰਡ ਵਿੱਚ ਹੈ । ਭਾਵੇਂ ਖੇਤ੍ਰ ਬਹੁਤ ਛੋਟਾ ਹੈ। ਗੁਰੂ ਅਮਰ ਦਾਸ ਜੀ ਇਸ ਸਮਾਨਤਾ ਨੂੰ ਬਹੁਤ ਸਪਸ਼ਟ ਸ਼ਬਦਾਂ ਵਿੱਚ ਦੱਸਦੇ ਹਨ । ਉਨਾਂ ਦਾ ਕਥਨ ਹੈ :-

"ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੈ ਪ੍ਰਤਿਪਾਲਾ"[4]

ਇਹ ਵੀ ਵਿਚਾਰ ਦਿੱਤਾ ਹੈ ਕਿ ਬ੍ਰਹਿਮੰਡ ਦੇ 14 ਭਵਨਾਂ ਵਾਂਗ ਪਿੰਡ ਵਿੱਚ ਵੀ 14 ਭਵਨ ਹਨ:-

"ਚਉਦਾ ਭਵਨ ਤੇਰੇ ਹਟਨਾਲੇ ਸਤਿਗੁਰ ਦਿਖਾਏ ਅੰਤਰਿ ਨਾਲੇ"[5]

---

1. Chhand.Up. iv. ii. 3. 4., Aiat. Up. iii. 3, Svet. Up. 12. 3, iv Prash. Up. vi. ii.
2. ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰ ਪੰਡੈ ਪਾਇਆ
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨ ਨ ਪਾਇਆ ।
(ਬਸੰਤ ਪਦੇ-9, ਪੰਨਾ-1171 )
3. ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ
ਦਿਵਸ ਰਾਤਿ ਦੋਇ ਦਾਈ ਦਾਇਆ ਖੇਲੈ ਸਗਲ ਜਗਤ । (ਜਪੁਜੀ-ਸਲੋਕ, ਪੰਨਾ-8)
4. ਸੂਹੀ ਅਸਟਪਦੀ-3, ਪੰਨਾ-754.
5. ਮਾਰੂ ਸੋਹਲੇ-22, ਪੰਨਾ-1066.

ਪਿੰਡ ਵਿੱਚ ਹੀ ਬ੍ਰਹਿਮੰਡ ਵੱਸਦਾ ਹੈ:-

"ਘਰਿ ਮਹਿ ਧਰਤੀ ਧਉਲੁ ਪਾਤਾਲਾ
ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ
ਸਦਾ ਅਨੰਦਿ ਰਹੈ ਸੁਖ ਦਾਤਾ
ਗੁਰਮਤਿ ਸਹਜਿ ਸਮਾਵਣਿਆ ।[1]

ਇਸ ਤਰਾਂ, ਬ੍ਰਹਿਮੰਡ ਦਾ ਗਿਆਨ ਅਤੇ ਉਸ ਦੇ ਸਭ ਸੁੱਖ ਸਰੀਰ-ਪਿੰਡ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ:-

ਸ਼ਾਂਤਿ ਰਸ ਦੇਹੀ ਅੰਜਰਿ ਪਾਏ ਵਿਰਲੇ ਕਉ ਗੁਰ ਸਬਦੁ ਬੁਝਾਏ ।
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਤਾ ਹੈ । [2]

ਇਥੋਂ ਤੱਕ ਕਿ ਸ੍ਰਿਸ਼ਟੀ ਉਤਪਤੀ ਦੇ ਕਾਰਨ ਨੂੰ ਵੀ ਦੇਹੀ ਵਿੱਚ ਹੀ ਦੇਖਦੇ ਹਨ:-

"ਕਾਇਆ ਅੰਦਰਿ ਪਾਪ ਪੁੰਨ ਦੁਇ ਭਾਈ
ਦੁਹੀ ਮਿਲਕੈ ਸ੍ਰਿਸਟਿ ਉਪਾਈ"[3]

ਅਸਲ ਵਿੱਚ ਇਹ ਸਭ "ਆਤਮ ਰਾਮ ਸੰਸਾਰਾ, ਸਾਚਾ ਖੇਲ ਤੁਮਾਰਾ"[4] ਹੀ ਹੈ । ਜਦੋਂ ਜੀਵ ਆਪਣੇ ਅੰਦਰ ਦੀ ਅਸਲੀਅਤ ਨੂੰ, ਪਿੰਡ ਵਿਚੋਂ ਹੀ ਭਾਲਦਾ ਹੈ ਤਾਂ ਆਤਮਾ ਨੂੰ ਪ੍ਰਾਪਤ ਕਰਕੇ ਪਰਮਾਤਮਾ ਸਰੂਪ ਹੋ ਜਾਂਦਾ ਹੈ ਅਤੇ ਜਦੋਂ ਬ੍ਰਹਿਮੰਡ ਵਿਚੋਂ ਭਾਲਦਾ ਹੈ ਤਾਂ ਬ੍ਰਹਮ ਨੂੰ ਪ੍ਰਾਪਤ ਕਰਕੇ ਆਪਣੀ ਆਤਮਾ ਦੀ ਅਸਲੀਅਤ ਵੀ ਜਾਣ ਜਾਂਦਾ ਹੈ ।[5] ਬ੍ਰਹਮ ਅਤੇ ਆਤਮਾ ਇਕੋ ਅਸਲੀਅਤ ਦੇ

---

1. ਮਾਝ ਅਸਟਪਦੀ-27, ਪੰਨਾ-126.
2. ਮਾਰੂ ਸੋਹਲੇ-13, ਪੰਨਾ-1056.
3. ਮਾਝ ਅਸਟਪਦੀ-28, ਪੰਨਾ-126.
4. ਸੂਹੀ ਛੰਤ-2, ਪੰਨਾ-764.
5. P.D. Mehta -"Logus- The Divine Manifestation of Brahman Cp. Brahman in Pind and Brahmand: "The world ground realized subjectively is termed Atman or Self, designated objectively is Brahman or It-- Seeking the Infinite macrocosmically lead to Brahman, Microcosmically reveals Atman."

ਪਿੰਡ ਤੋਂ ਬਾਹਰਮੁੱਖੀ ਅਤੇ ਅੰਤਰ ਮੁੱਖ ਰੂਪ ਹਨ ।[1] ਅਸਲ ਵਿੱਚ "ਪਿੰਡ " ਆਤਮਾ ਦਾ ਅਤੇ ਬ੍ਰਹਿਮੰਡ ਬ੍ਰਹਮ ਦਾ ਇੱਕ ਆਵੇਸ਼ ਹਨ ।

ਅਜਿਹੀ ਸਮਾਨਤਾ ਕਾਰਨ ਹੀ ਅੰਗਰੇਜ਼ੀ ਵਿੱਚ ਪਿੰਡ ਨੂੰ ਛੋਟਾ ਵਿਸ਼ਵ ( Microcosm ) ਅਤੇ ਬ੍ਰਹਿਮੰਡ ਨੂੰ ਵਿਸ਼ਾਲ ਵਿਸ਼ਵ ( Macrocosm ) ਕਿਹਾ ਜਾਂਦਾ ਹੈ ।[2] ਗਰੀਨ ਆਪਣੀ ਪੁਸਤਕ ( Prolegomena to Ethics. ) ਵਿੱਚ ਪ੍ਰਕ੍ਰਿਤੀ ਵਿੱਚ ਅਧਿਆਤਮ ਸਿਧਾਂਤ ( Spiritual Principal in Nature) ਅਤੇ ਮਨੁੱਖ ਵਿੱਚ ਅਧਿਆਤਮਿਕ ਸਿਧਾਂਤ (Spiritual Principal in Man.) ਬਾਰੇ ਵਿਚਾਰ ਕਰਦੇ ਹਨ ਅਤੇ ਦੋਹਾਂ ਦੀ ਸਮਾਨਤਾ ਦਰਸਾ ਕੇ ਸਿੱਧ ਕਰਦੇ ਹਨ ਕਿ ਜੋ ਪਿੰਡ ਵਿੱਚ ਹੈ ਉਹੋ ਬ੍ਰਹਿਮੰਡ ਵਿੱਚ ਹੈ । ਗੁਰੂ ਸਾਹਿਬ ਦਾ ਤਾਂ ਇਹ ਮਤ ਹੈ ਹੀ ।[3]

ਸੰਪੂਰਨ ਬ੍ਰਹਮ ਦੀ ਰਚਨਾ ਆਪਣੇ ਹਰ ਰੂਪ ਵਿੱਚ ਸੰਪੂਰਨ ਹੈ, ਭਾਵੇਂ ਇਹ ਬ੍ਰਹਿਮੰਡ ਹੈ ਅਤੇ ਭਾਵੇਂ "ਇੱਕ" ਪਿੰਡ ਹੈ । ਇਕ "ਐਟਮ" ਵਿੱਚ ਵੀ ਮਨਫ਼ੀ ਅਤੇ ਜਮਾਂ ਦੋ ਸ਼ਕਤੀਆਂ ਕੰਮ ਕਰ ਰਹੀਆਂ ਹਨ ਅਤੇ ਸਮੁੱਚੇ ਵਿਸ਼ਵ ਵਿੱਚ ਵੀ ਇਹ ਹੀ ਦੋ ਤਾਕਤਾਂ (Negative, Positive.) ਰੂਪਮਾਨ ਹੋ ਰਹੀਆਂ ਹਨ । ਇਸ ਨਫ਼ੀ, ਜਮਾਂ ਦਾ, ਸ਼ਿਵ-ਸ਼ਕਤੀ ਦਾ ਖੇਲ ਹੀ ਹੈ ਇਹ ਸਾਰਾ ਜਗਤ ਆਪਣੇ ਛੋਟੇ ਤੋਂ ਛੋਟੇ ਰੂਪ ਵਿੱਚ ਵੀ ਅਤੇ ਵੱਡੇ ਤੋਂ ਵੱਡੇ ਰੂਪ ਵਿੱਚ ਵੀ ।[4] ਇਸ ਨਫ਼ੀ ਜਮਾਂ ਦੇ, ਸ਼ਿਵ-ਸ਼ਕਤਿ " ਦੇ ਹਰ ਖੇਲ ਨੂੰ ਇਕ ਏਕਤਾ ਵਿੱਚ ਪਰੋਣ ਵਾਲਾ ਬ੍ਰਹਮ ਆਪਣੇ ਪਰਮਾਤਮਾ ਰੂਪ ਵਿੱਚ ਬ੍ਰਹਿਮੰਡ ਵਿੱਚ ਅਤੇ ਆਤਮਾ ਰੂਪ ਵਿੱਚ ਪਿੰਡ ਵਿੱਚ ਇਕੋ ਤਰਾਂ ਰੂਪਮਾਨ ਹੋ ਰਿਹਾ ਹੈ ।

ਜਿਵੇਂ ਪਰਮਾਤਮਾ ਆਤਮਾ ਵਿੱਚ ਅਤੇ ਆਤਮਾ ਪਰਮਾਤਮਾ ਵਿੱਚ ਵੱਸਦਾ ਹੈ ਉਸੇ ਪ੍ਰਕਾਰ ਬ੍ਰਹਿਮੰਡ ਪਿੰਡ ਵਿੱਚ ਅਤੇ ਪਿੰਡ ਬ੍ਰਹਿਮੰਡ ਵਿੱਚ ਵੱਸਦਾ ਹੈ। ਇੰਜ ਇਹ ਦ੍ਰਿਸ਼ਟਮਾਨ ਸਥੂਲ ਸਿਰਜਨਾ

---

1. Tait. Up. i, 5, ii. 8. iii, 10. Chhand. Up. iii, 14. 2. 4., Brhi. Up. v. 5. 2.
2. Dr. S.S. Kohli.,"Out Lines of Sikh Thought." Page-47.
3. ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ (ਭੈਰਉ-ਅਸਟਪਦੀ-1, ਪੰਨਾ-1153)
4. ਜਹ ਦੇਖਾ ਤਹ ਰਵਿ ਰਹੇ ਸਿਵ ਸਕਤਿ ਕਾ ਮੇਲੁ
   ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।" (ਸਿਰੀ ਪਏ-18, ਪੰਨਾ-21 )

ਅਨੇਕ ਹੁੰਦੀ ਹੋਈ ਵੀ ਇੱਕ ਹੈ । ਭਿੰਨ ਹੁੰਦੀ ਹੋਈ ਵੀ ਅਭਿੰਨ ਹੈ ਅਤੇ ਸਾਰੇ ਪਾਸੇ ਬ੍ਰਹਮ ਆਪ ਹੀ ਆਪ ਵਿਆਪ ਰਿਹਾ ਹੈ । ਇਕ ਬਾਜ਼ੀਗਰ ਵਾਂਗ ।

ਇੰਜ ਗੁਰੂ ਸਾਹਿਬ ਵੇਦਾਂਤ ਵਾਂਗ ਕੇਵਲ ਪਿੰਡ ਦੀ ਆਤਮਾ ਅਤੇ ਬ੍ਰਹਿਮੰਡ ਦੇ ਪਰਮਾਤਮਾ ਦੀ ਏਕਤਾ ਨੂੰ ਦਰਸਾ ਕੇ ਕੇਵਲ ਪਿੰਡ ਨੂੰ ਹੀ ਬ੍ਰਹਿਮੰਡ ਨਾਲ, ਆਤਮਾ ਨੂੰ ਹੀ ਪਰਮਾਤਮਾ ਨਾਲ ਅਭੇਦ ਨਹੀਂ ਦੱਸਦੇ ਸਗੋਂ ਬ੍ਰਹਿਮੰਡ ਵੀ ਪਿੰਡ ਵਿੱਚ ਅਭੇਦ ਹੈ, ਪਰਮਾਤਮਾ ਵੀ ਆਤਮਾ ਵਿੱਚ ਅਭੇਦ ਹੈ । ਕਿਹੋ ਜਹੀ ਹੈ ਇਹ ਅਭੇਦਤਾ :-

------ "ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧ ਜਾਣੈ ।
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ।
ਐਸਾ ਗਿਆਨ ਬੀਚਾਰੈ ਕੋਈ ਤਿਸ ਤੇ ਮੁਕਮ ਪਰਮ ਗਤਿ ਹੋਈ ।
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ।
ਤਾ ਕੀ ਗਤਿ ਮਿਤਿ ਅਵਰ ਨ ਜਾਣੈ ਗੁਰ ਬਿਨ ਸਮਝ ਨ ਹੋਈ ।"

(ਰਾਮਕਲੀ ਪਦਾ-9, ਪੰਨਾ-878)

ਇਹ ਸਾਰੀ ਵਿਚਾਰ ਫਿਰ ਇਸ ਗੱਲ ਤੇ ਆਕੇ ਖਤਮ ਹੋ ਜਾਂਦੀ ਹੈ ਕਿ ਉਪਨਿਸ਼ਦਾਂ ਦੀ ਵਿਚਾਰਧਾਰਾ ਜਿਥੇ ਅਨੇਕਤਾ ਵਲੋਂ ਏਕਤਾ ਵੱਲ ਨੂੰ ਜਾਂਦੀ ਹੈ ਉਥੇ ਗੁਰੂ ਸਾਹਿਬ ਦੀ ਵਿਚਾਰਧਾਰਾ ਏਕਤਾ ਵਲੋਂ ਅਨੇਕਤਾ ਵੱਲ ਨੂੰ ਆਕੇ ਮੁੜ ਅਨੇਕਤਾ ਵੱਲ ਆ ਜਾਂਦੀ ਹੈ ਅਭੇਦ ਤੋਂ ਭੇਦ ਤੇ ਫਿਰ ਅਭੇਦਤਾ ਵੱਲ ਚਲੀ ਜਾਂਦੀ ਹੈ ਕਿਉਂਜੋ ਗੁਰੂ ਸਾਹਿਬ ਅਨੁਸਾਰ ਅਸਲੀਅਤ "ੴ" ਹੈ ਇਕੱਲਾ ਓਮ (ਓਅੰ) ਨਹੀਂ ।

ਛਾਂਦੋਗਿਯ ਉਪਨਿਸ਼ਦ ਵਿੱਚ ਪਰਜਾਪਤੀ ਆਪਣੇ ਸੇਵਕ ਇੰਦਰ ਨੂੰ ਪਿੰਡ ਦੇ ਚਾਰ ਆਪੇ- ਸਰੀਰਕ ਆਪਾ ( Bodily Self ) ਅਨੁਭਵੀ ਆਪਾ (Empirical Self ) ਉਪਰ -ਅਨੁਭਵ ਆਪਾ ( Transcendental Self ) ਅਤੇ ਅੰਤਮ ਆਪਾ ( Absolute Self ) ਦਰਸਾ ਕੇ 'ਓਮ" ਦੀਆਂ " ਅ, ੳ, ਮ, ਮਾਤ੍ਰਾ ਜਿਹੜੀਆਂ ਕਿ ਕ੍ਰਮਵਾਰ ਜਾਗਰਤ ਸੁਸੁਪਤ, ਸੁਖੋਪਤੀ ਅਵਸਥਾਵਾਂ ਦੀਆਂ ਲਖਾਇਕ ਹਨ ਦੇ ਨਾਲ ਇਕਮਿਕ ਦਰਸਾਉਂਦਾ ਹੈ । ਮਾਡੂਕਿਯ ਉਪਨਿਸ਼ਦ ਇਨਾਂ, ਮਾਤ੍ਰਾਵਾਂ ਨੂੰ ਸਮੂਹ ਵਿਸ਼ਵ ਦੀ ਜਾਗਰਤ, ਸੁਸੁਪਤ, ਸੁਖੋਪਤੀ ਅਵਸਥਾਵਾਂ ਦਾ ਲਖਾਇਕ ਦਰਸਾਉਂਦੀ ਹੈ । ਇੰਜ ਪਿੰਡ ਵੀ 'ਓਮ" ਹੈ ਅਤੇ ਬ੍ਰਹਿਮੰਡ ਵੀ ਓਮ ਹੈ । 'ਓਮ" ਦੀ ਅਰਧ ਮਾਤ੍ਰਾ ਤੁਰੀਆ ਅਵਸਥਾ ਦਾ ਸੰਕੇਤ ਦੇਂਦੀ ਹੈ ।

ਆਤਮਾ ਇਕ ਗਤੀਸ਼ੀਲ ਵਿਸ਼ਵ ਚੇਤਨਤਾ ਦਾ ਸਿਧਾਂਤ ਹੈ ਜਿਹੜਾ ਹੀਗਲ ਦੇ ਸ਼ਬਦਾਂ ਵਿੱਚ

ਆਪਣੇ ਆਪ ਲਈ ਆਪਣੇ ਆਪ ਵਿੱਚ ਹੀ (Existing both in itself and for itself. ) ਹੈ। ਇਕ ਸਧਾਰਨ ਸਵੈਸਮਤਾ ਵੀ ਹੈ ਅਤੇ ਵਿਭਿੰਨਤਾਸ਼ੀਲ ਅਨੇਕਤਾ ਵੀ ਹੈ। ਇਹ ਦੋਨੋਂ ਸਾਧਨ ਅਤੇ "ਸਾਧਕ" (Object, Subject ) ਹੈ। ਇਹ ਸਰੀਰਕ ਪਿੰਡ ਦਾ ਆਪਾ ਵੀ ਹੈ ਅਤੇ ਬ੍ਰਹਿਮੰਡ ਦਾ ਆਪਾ ਵੀ ਹੈ। ਵਿਸ਼ਵ-ਅਨੁਭਵ ਤੋਂ ਉਪਰ ਵੀ ਹੈ। ਸਮੁੱਚਾ ਵਿਸ਼ਵ ਇਸ ਵਿੱਚ ਜੀਉਂਦਾ ਅਤੇ ਸਾਹ ਲੈਂਦਾ ਹੈ।[1] ਵਿਸ਼ਵ ਵਿੱਚ ਕੁੱਝ ਵੀ ਅਜਿਹਾ ਨਹੀਂ ਜੋ ਸਾਡੇ ਅੰਤਿ ਆਪੇ ਜਾਂ ਆਤਮਾ ਵਿੱਚ ਨਹੀਂ। ਇਹ ਆਪਾ ਜੋ ਸਭ ਨੂੰ ਗਲਵਕੜੀ ਪਾਉਂਦਾ ਹੈ, ਹੀ ਇਕੋ ਇੱਕ ਅਸਲੀਅਤ ਹੈ ਜਿਸ ਵਿੱਚ ਪ੍ਰਕ੍ਰਿਤੀ ਦੇ ਸਾਰੇ ਤੱਤ ਅਤੇ ਅਨੁਭਵ ਦੇ ਇਤਿਹਾਸ ਹਨ। ਸਾਡੀ ਚੇਤਨਤਾ ਦੀਆਂ ਸਾਰੀਆਂ ਅਵਸਥਾਵਾਂ ਇਸ ਕੇਂਦਰੀ ਰੋਸ਼ਨੀ ਦੇ ਆਸੇ ਪਾਸੇ ਘੁੰਮਦੀਆਂ ਹਨ। ਇਹ ਆਪਾ ਵਿਸ਼ਵ ਅਧਾਰ ਹੈ ਜਿਸ ਵਿੱਚ ਸਭ ਵਿਅਕਤੀ ਹਨ। ਇਸ ਤੋਂ ਭਿੰਨ ਕੁੱਝ ਨਹੀਂ[2]। "ਜਦੋਂ ਸਾਹ ਲੈਂਦਾ ਹੋਵੇ ਤਾਂ ਇਸ ਨੂੰ ਸਾਹ ਕਹਿ ਦਿੱਤਾ ਜਾਂਦਾ ਹੈ, ਜਦੋਂ ਬੋਲਦਾ ਹੋਵੇ ਤਾਂ ਬੋਲੀ ਕਹਿ ਦਿੱਤਾ ਜਾਂਦਾ ਹੈ, ਦੇਖਦਾ ਹੋਵੇ ਤਾਂ ਅੱਖ ਕਹਿ ਦਿੱਤਾ ਜਾਂਦਾ ਹੈ, ਸੁਣਦਾ ਹੋਵੇ ਤਾਂ ਕੰਨ ਕਹਿ ਦਿੱਤਾ ਜਾਂਦਾ ਹੈ, ਸਮਝਦਾ ਹੋਵੇ ਤਾਂ ਮਨ ਕਹਿ ਦਿੱਤਾ ਜਾਂਦਾ ਹੈ। ਇਹ ਸਭ ਉਸ ਦੀਆਂ ਕਿਰਿਆਵਾਂ ਦੇ ਨਾਮ ਹਨ।[3] ਇਸ ਰੂਪ ਵਿਚ ਦੇਖਕੇ ਹੀ ਆਪੇ ਨੂੰ ਜਾਗਰਤ, ਸੁਸ਼ਪਤ, ਸੁਖੋਪਤੀ ਤੁਰੀਆ ਅਵਸਥਾਵਾਂ ਵਿੱਚ ਲਗਾਤਾਰ ਵਿਚਰਦਾ ਮੰਨਿਆ ਜਾ ਸਕਦਾ ਹੈ।

ਇਹ ਵਿਸ਼ਵ- ਅੰਦਰ ਹੈ ਪਰ ਤਾਂ ਵੀ ਵਿਸ਼ਵ ਬਾਹਰ ਹੈ। ਉਪਨਿਸ਼ਦਾਂ ਅਨੁਸਾਰ ਇਹ ਦੇਖਦਾ ਨਹੀਂ, ਭਾਵੇਂ ਸਭ ਕੁੱਝ ਦੇਖਦਾ ਹੈ, ਦੇਖਣਵਾਲੇ ਲਈ "ਨਜ਼ਰ" ਦੀ ਕੋਈ ਪ੍ਰੀਭਾਸ਼ਾ ਨਹੀਂ ਇਹ ਵਿਨਾਸ਼ਸ਼ੀਲ ਹੈ। ਪਰ ਉਸ ਤੋਂ ਬਿਨਾਂ ਦੂਜਾ ਕੋਈ ਹੋਰ ਵੀ ਨਹੀਂ ਜਿਸ ਲਈ ਉਸ ਨੇ ਦੇਖਣਾ ਹੈ।[4] ਇਸ ਲਈ "ਆਪਾ" ਹੀ ਸਮੁੱਚਾ ਹੈ। "ਮੈਂ ਹੀ ਅਸਲ ਵਿੱਚ ਸਾਰਾ ਵਿਸ਼ਵ ਹਾਂ"[5]

ਗੁਰੂ ਨਾਨਕ ਦੇਵ ਜੀ ਬ੍ਰਹਮ ਦੀ ਪਿੰਡ ਅਤੇ ਬ੍ਰਹਿਮੰਡ ਦੇ ਸਬੰਧ ਵਿੱਚ ਇਸ ਇਕਹਿਰੇਪਣ ਅਤੇ ਦੂਹਰ ਵਾਲੇ ਰੂਪ ਨੂੰ ਧਨਾਸਰੀ ਰਾਗ ਦੀ ਆਰਤੀ ਵਿੱਚ ਇੰਜ ਬਿਆਨ ਕਰਦੇ ਹਨ:-

"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ

---

1. Mundaka . Up. i.i, Chan. viii. 1.3.
2. Brh. iv. 3.23., Chain, viii. 1.3.
3. Brh. i. 4. 7., Kausitaki, iii.
4. Brh. iv. 3. 23.
5. Aham eva idam sarvo'smi.

ਸਹਸ ਮੂਰਤਿ ਨਨਾ ਏਕ ਤੋਹੀ ।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ।
ਸਭ ਮਹਿ ਜੋਤਿ ਜੋਤਿ ਹੈ ਸੋਇ ।
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ।

ਪਰ ਤਾਂ ਵੀ "ਗੁਰਸਾਖੀ ਜੋਤਿ ਪਰਗਟੁ ਹੋਇ"[1] ਸੋ ਜੀਵ ਦੇ ਪਿੰਡ ਵਿੱਚ ਸਭ ਕੁੱਝ ਹੋਣ ਦੇ ਬਾਵਜੂਦ ਵੀ ਉਸ ਨੂੰ ਇਸ ਗੱਲ ਦਾ ਗਿਆਨ ਨਹੀਂ । ਇਹ ਗਿਆਨ ਉਸ ਨੂੰ ਕੇਵਲ ਤਦ ਹੁੰਦਾ ਹੈ ਜਦ ਗੁਰੂ ਦੀ ਕਿਰਪਾ ਨਾਲ ਉਸ ਅੰਦਰ ਬ੍ਰਹਮ ਜੋਤ ਪ੍ਰਗਟ ਹੁੰਦੀ ਹੈ । ਬਸ ਅਗਿਆਨਤਾ ਹੀ ਜੀਵ ਦੀ ਸਭ ਤੋਂ ਵੱਡੀ ਸੀਮਾ ਹੈ , ਸਮੱਸਿਆ ਹੈ ਜਿਸ ਕਾਰਨ ਉਹ ਅਨੰਤ ਹੁੰਦਾ ਹੋਇਆ ਵੀ 'ਅੰਤ' ਵਿਚ ਹੈ, ਇੱਕ ਹੁੰਦਾ ਹੋਇਆ ਵੀ ਅਨੇਕਤਾ ਵਿੱਚ ਹੈ ਅਤੇ ਸਮੁੱਚੇ ਵਿਸ਼ਵ ਨੂੰ ਇਕੋ ਇੱਕ ਬ੍ਰਹਮ ਦੀ ਅਨੇਕਤਾ ਦੇ ਰੂਪ ਵਿੱਚ ਦੇਖਣ ਦੀ ਬਜਾਏ ਵਿਸ਼ਵ ਅਨੇਕਤਾ ਅਤੇ ਰੰਗਾਂ ਰੰਗ ਵਿੱਚ ਦੇਖਦਾ ਹੈ , ਮਾਣਦਾ ਹੈ । ਇਸ "ਅਨੇਕਤਾ"-ਮਈ ਬਾਹਰਮੁੱਖੀ ਰੁਚੀ ਕਾਰਨ, ਇਕ ਜੀਵ ਦਾ ਬ੍ਰਹਿਮੰਡ ਵੱਲ ਅਨੇਕਰੂਪੀ ਰਵੱਈਆਂ ਹੋਣ ਕਾਰਨ ਉਹ ਇਸ ਸਭ ਵਿੱਚ ਰਵ ਰਹੀ ਇਕੋ ਸ਼ਕਤੀ ਨੂੰ ਵੀ ਅਨੇਕ ਨਾਵਾਂ ਅਤੇ ਰੂਪਾਂ ਵਿੱਚ ਵਿਚਾਰਦਾ ਅਤੇ ਕਿਆਸਦਾ ਹੈ । ਇਸ ਲਈ ਕਈ ਉਪਰੀ ਸਤਹ ਤੇ ਹੀ ਵਿਚਾਰਨ ਵਾਲੇ ਜੀਵ ਇਸ ਨਾਵਾਂ ਅਤੇ ਰੂਪਾਂ ਦੀ ਅਨੇਕਤਾ ਵਿੱਚ ਹੀ ਅਜਿਹੇ ਭਰਮਦੇ ਹਨ ਕਿ ਅਨੇਕਤਾ ਵਿੱਚ ਅਸਲੀਅਤ ਹੀ ਸਮਝਣ ਲੱਗ ਪੈਂਦੇ ਹਨ ।

ਗੁਰੂ ਨਾਨਕ ਦੇਵ ਜੀ ਕਿਵੇਂ ਇਸ ਨਾਵਾਂ ਦੀ ਅਨੇਕਤਾ ਨੂੰ ਏਕਤਾ ਵਿੱਚ ਬਿਆਨਦੇ ਹਨ । ਇਸ ਬਾਰੇ ਵਿਚਾਰ ਕਰਨੀ ਵੀ ਜ਼ਰੂਰੀ ਹੈ ।

---

1. ਧਨਾਸ਼ਰੀ ਆਰਤੀ , ਪੰਨਾ-663.

## ਪ੍ਰਕਰਣ ਬਾਰਵਾਂ

## "ਬ੍ਰਹਮ ਦੇ ਨਾਮ"

ਸਤ ਨਾਮ, ਕਿਰਤਮ ਨਾਮ, ਕਿਰਤਮ ਨਾਮਾਂ ਦੀ ਵੰਡ, ਸਮਾਸ ਯੁਕਤ ਨਾਮ, ਅਨੇਕਾਂ ਗੁਣਵਾਚਕ ਨਾਮ, ਸਾਰੇ ਹੀ ਨਾਮ ਬ੍ਰਹਮ ਦੇ ਨਾਮ ।

***

## ਪ੍ਰਕਰਣ-12

## "ਬ੍ਰਹਮ ਦੇ ਨਾਮ"

ਬ੍ਰਹਮ ਦੇ ਸਰਗੁਣ ਸਰੂਪ ਵਿੱਚ ਉਸ ਦੇ ਅਨੰਤ ਨਾਮ ਹਨ।[1] ਭਾਵੇਂ ਬ੍ਰਹਮ "ਅਕਥ" ਹੈ ਪਰ ਅਕੱਥ ਨੂੰ ਕਥਨ ਕਰਨ ਦਾ ਯਤਨ ਕਰਨਾ ਮਨੁੱਖ ਦਾ ਸੁਭਾ ਹੈ। ਮਨੁੱਖ ਅਕਥ ਅਤੇ ਸਰਵ ਸਮਰੱਥ ਬ੍ਰਹਮ ਦਾ ਹੀ ਇਕ ਅੰਗ ਜੁ ਹੋਇਆ। "ਨਾਮ" ਇਕ ਪ੍ਰਕਾਰ ਦਾ ਸੰਕੇਤ ਹੁੰਦਾ ਹੈ ਜੋ "ਨਾਮੀ" ਵਲ ਕੀਤਾ ਜਾਂਦਾ ਹੈ। ਦੁਬਿਧਾ ਅਤੇ ਦਵੈਤ ਵਿੱਚ ਆਇਆ ਜੀਵ "ਬ੍ਰਹਮ" ਵੱਲ "ਸੰਕੇਤ" ਕਰਨ ਲਈ ਹਮੇਸ਼ਾਂ ਨਵੇਂ ਨਵੇਂ ਸ਼ਬਦ ਲੱਭਦਾ ਰਿਹਾ ਹੈ। ਰਿਗ ਵੇਦ ਦੇ ਪ੍ਰਾਪਤ ਗਿਆਨ ਅਨੁਸਾਰ ਮਨੁੱਖ ਨੇ ਬ੍ਰਹਮ ਲਈ ਸਭ ਤੋਂ ਪਹਿਲਾ ਸੰਕੇਤ "ਇਦਮ" ਜਾਂ " ਉਹ ਇੱਕ" ਚੁਣਿਆ।[2] ਫਿਰ ਬ੍ਰਾਹਮਣਾਂ ਅਤੇ ਉਪਨਿਸ਼ਦਾਂ ਵਿੱਚ ਆਕੇ ਬ੍ਰਹਮ ਨੂੰ ਅਨੇਕ ਨਾਮ ਦਿੱਤੇ ਗਏ। ਅਤੇ ਸ੍ਰਿਸ਼ਟੀ ਨੂੰ ਨਾਮ ਅਤੇ ਰੂਪ ਕਾਰਨ ਹੀ ਵਿਭਿੰਨਤਾ-ਸ਼ੀਲ ਮੰਨਿਆ ਗਿਆ।[3] " ੴ " ਨੂੰ ਸਰਬ ਸਮਰੱਥ ਅਰਥਾਂ ਵਾਲਾ ਨਾਮ ਮਿਥਿਆ ਗਿਆ। ਬਾਅਦ ਵਿੱਚ ਉਪਨਿਸ਼ਦਾਂ ਦੇ ਸ਼ੰਕਰਾ, ਰਾਮਾਨੁਜ ਪਰਪਾਟੀ ਦੇ ਭਾਸ਼ਕਾਰਾਂ ਨੇ ਅਵਤਾਰਾਂ ਦੇ ਨਾਂ ਬ੍ਰਹਮ ਲਈ ਵਰਤਣੇ ਸ਼ੁਰੂ ਕਰ ਦਿੱਤੇ। ਪਰ ਗੁਰੂ ਸਾਹਿਬ ਨੇ ਫੁਰਮਾਇਆ :-

"ਜੇਤਾ ਕੀਤਾ ਤੇਤਾ ਨਾਓ ਵਿਣੁ ਨਾਵੈ ਨਾਹੀ ਕੋ ਥਾਉ"[4]

ਸੋ ਗੁਰੂ ਸਾਹਿਬ ਉਪਨਿਸ਼ਦਾਂ ਵਾਂਗ ਇਸ ਵਿਚਾਰਧਾਰਾ ਦੇ ਹਨ ਕਿ ਸਰਗੁਣ ਸਰੂਪ ਵਿੱਚ ਜੋ ਕੁੱਝ ਵੀ ਹੈ ਉਹ ਨਾਮ ਕਰਕੇ ਹੀ ਹੈ। ਉਂਜ ਇਹ ਸਾਰੇ ਨਾਮ ਅਸਲ ਵਿੱਚ ਬ੍ਰਹਮ ਦੇ ਹੀ ਨਾਮ ਹਨ।[5] ਪਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ ਸਾਜ ਕੇ ਨਾਮ ਦੀ ਰਚਨਾ ਕੀਤੀ ਹੈ।[6] ਸਰਗੁਣ ਸਰੂਪ ਵਿੱਚ ਤਾਂ ਸਾਰੀ ਜੋਤ ਵੀ "ਨਾਮ" ਦੀ ਚਾਕਰੀ ਕਰਦੀ ਹੈ।[7] ਕਿਉਂਜੋ ਜੋਤ ਨਾਮ ਰੂਪ ਵਾਲੀਆਂ

---

1. "ਕਿਤੇ ਨਾਮਾ ਅੰਤੁ ਨ ਜਾਣਿਆ
   ਤੁਮ ਸਰ ਨਾਹੀ ਅਵਰੁ ਹਰੇ।" (ਰਾਮਕਲੀ ਪਦੇ-3, ਪੰਨਾ-877)
2. ਰਿਗ ਵੇਦ, ਨਾਸਦੀਆਂ ਸੂਕਤ।
3. ਜਪੁਜੀ -19, ਪੰਨਾ-4.
4. Brih. Up. 1.,4, 7.1.
5. ਨਾਇ ਤੇਰੈ ਨਾਉ ਮੰਨੇ ਸਭ ਕੋਇ। (ਪ੍ਰਭਾਤੀ ਬਿਭਾਸ ਚਉਪਦੇ-1, 1327)
6. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ। (ਵਾਰ ਆਸਾ-1, ਪੰਨਾ-463)
7. ਸਰਬ ਜੋਤਿ ਨਾਮੈ ਕੀ ਚੇਰਿ। (ਬਸੰਤ ਅਸਟਪਦੀ-1, ਪੰਨਾ-1182)

ਵੱਸਤਾਂ ਨੂੰ ਰੋਸ਼ਨ ਕਰਨ, ਕਾਬੂ ਕਰਨ, ਗਤੀਸ਼ੀਲ ਰੱਖਣ ਦਾ ਕੰਮ ਵੀ ਕਰਦੀ ਹੈ ਅਤੇ ਸਰਵ-ਵਿਆਪਕ ਨਿਰਗੁਣ "ਨਾਮ" ਨਿਧ ਜਾਂ ਸ਼ਬਦ ਜਾਂ ਅਨਹਦ ਨਾਦ ਵਿੱਚ ਅਭੇਦ ਰਹਿੰਦੀ ਹੈ। ਇਹ ਜੋਤ ਰੂਪ ਅਤੇ ਨਾਮ ਵਿੱਚ ਆਪਣੇ ਆਪ ਨੂੰ ਅਭੇਦ ਕਰ ਲੈਂਦੀ ਹੈ।

ਬ੍ਰਹਮ "ਹੈ" ਬੱਸ ਇਹੋ ਇਸ ਦਾ ਅਸਲ ਨਾਮ ਹੈ। ਇਸੇ ਲਈ ਗੁਰੂ ਸਾਹਿਬ "ਸਤ" ਨੂੰ ਹੀ ਬ੍ਰਹਮ ਦਾ ਅਸਲ ਨਾਮ ਕਹਿੰਦੇ ਹਨ ਬਾਕੀ ਦੇ ਨਾਮ ਸਭ ਕਿਰਤਮ ਨਾਮ ਹਨ। ਇਨਾਂ ਕਿਰਤਮ ਨਾਮਾਂ ਨੂੰ ਕਈ ਪ੍ਰਕਾਰ ਨਾਲ ਵੰਡਿਆ ਜਾਂਦਾ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਇਨਾਂ "ਕਿਰਤਮ" ਨਾਮਾਂ ਨੂੰ ਇਸ ਪ੍ਰਕਾਰ ਤਰਤੀਬ -ਬਧ ਕਰਦੇ ਹਨ:-

1. ਵੈਸ਼ਨਵ ਭਗਤੀ ਭਾਵਨਾ ਨਾਲ ਸਬੰਧਤ ਨਾਮ:-

   ਹਰਿ, ਵਾਸੁਦੇਵ, ਪ੍ਰਭੂ, ਭਗਵਾਨ, ਠਾਕੁਰ, ਨਾਥ, ਸ੍ਵਾਮੀ, ਪ੍ਰੀਤਮ , ਗੋਸਾਮੀ, ਪੁਰਖੋਤਮ, ਈਸ੍ਵਰ, ਜਗਦੀਸ਼, ਮੁਰਾਰੀ, ਮੁਕੰਦ।

2. ਰਾਮ ਨਾਲ ਸਬੰਧਤ ਨਾਮ:-

   ਰਾਮ, ਰਘੂਨੰਦਨ।

3. ਕ੍ਰਿਸ਼ਨ ਨਾਲ ਸਬੰਧਤ ਨਾਮ:-

   ਕੇਸ਼ਵ, ਕ੍ਰਿਸ਼ਨ, ਸਿਆਮ, ਘਨਸ਼ਾਮ, ਗੋਬਿੰਦ, ਗੋਪਾਲ, ਗਿਰਧਰ, ਨੰਦ ਕੁਮਾਰ, ਬਨਵਾਰੀ, ਮੋਹਨ।

4. ਸਰੂਪ ਨਾਲ ਸਬੰਧਤ ਨਾਮ:-

   ਅਵਿਗਤ, ਸਾਰੰਗਪਾਣੀ, ਚਤੁਰ ਭੁਜ, ਨਰਕੇ ਹਰੀ, ਜੋਤ ਸਰੂਪ, ਵਿਰਾਟ ਸਰੂਪ, ਆਨੰਦ।

5. ਸੁਭਾ ਨਾਲ ਸਬੰਧਤ ਨਾਮ:-

   ਦੀਨਾ ਨਾਥ, ਦਇਆਨਿਧ, ਦੀਨ, ਦਇਆਲ, ਨਿਰਗੁਣ, ਸਰਗੁਣ, ਨਿਰਾਕਾਰ।

6. ਧਾਮ ਨਾਲ ਸਬੰਧਤ ਨਾਮ:-

   ਬੈਕੁੰਠ ਨਾਥ, ਨਿਧਿ।

7. ਗੁਣਾਂ ਨਾਲ ਸਬੰਧਤ ਨਾਮ:-

। ਸੁਭਾਵਿਕ-ਅੰਤਰਜਾਮੀ, ਅਵਿਨਾਸੀ, ਅਨਾਦਿ, ਪੂਰਨ, ਅਜਰ, ਅਮਰ, ਅਡੋਤ ।

।। ਜਗਤ ਸਬੰਧੀ -ਕਰਤਾ, ਜਗਤ ਪਿਤਾ, ਜਗਤ ਗੁਰੂ ।

।।। ਭਗਤਾਂ ਸਬੰਧੀ- ਦਇਆਲੂ, ਦੀਨ ਬੰਧੂ, ਭਗਤ ਵਛਲ, ਦਾਤਾ, ਚਤੁਰ , ਸੁਜਾਨ, ਨਾਗਰ, ਰਤਨਾਗਰ ।

8. ਕੁੱਝ ਨਵੇਂ ਨਾਮ:-

ਪ੍ਰਗਟ, ਨਿਰੰਜਨ, ਦਾਤਾ, ਕਰਤਾ, ਕਰਤਾ ਪੁਰਖ, ਓਅੰਕਾਰ, ਸਾਜਣਹਾਰ,[1] ਨਿਰੰਕਾਰ, ਰਸੀਆ, ਰਸ ਤੇ ਰਾਵਣਹਾਰ, ਸਭ ਮਹਿ ਵਰਤੈ ਏਕੋ ਸੋਇ ।

ਇਨ੍ਹਾਂ ਨਾਮਾਂ ਦੀ ਤਰਤੀਬ ਤੋਂ ਅਸੀਂ ਗੁਰੂ ਸਾਹਿਬ ਦੁਆਰਾ ਵਰਤੇ ਗਏ ਨਾਮਾਂ ਦੇ ਖੇਤਰ ਦਾ ਅਨੁਮਾਨ ਲਗਾ ਸਕਦੇ ਹਾਂ । ਗੁਰੂ ਸਾਹਿਬ ਅਨੇਕਤਾ ਦੇ ਗਿਆਨ ਦੇ ਭੰਡਾਰ ਸਨ । ਇਸ ਲਈ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਅਨੇਕਾਂ ਪ੍ਰਚਲਤ ਨਾਮ ਲਿਖੇ ਹਨ ਜਿਵੇਂ:-

ਮਧੁਸੂਦਨ,[2] ਗੋਪਾਲ,[3] ਠਾਕੁਰ, ਮੁਰਾਰੀ,[5] ਮਾਧੋ,[6] ਰਾਮ,[7] ਆਦਿ ਤਾਂਤਰਿਕ ਪਰੰਪਰਾ ਦੇ ਨਾਮ ਹਨ ਅਤੇ ਭਾਰਤੀ ਅਵਤਾਰਾਂ ਨਾਲ ਸਬੰਧਤ ਹਨ । ਨਿਰੰਜਨ,[8] ਖਸਮ,[9] ਨਿਰੰਕਾਰ,[10] ਸੁੰਨ,[11] ਯੋਗ ਪਰੰਪਰਾ ਦੇ ਨਾਮ ਹਨ । ਅਲਾਹ,[12] ਕਾਦਰ,[13] ਕਰੀਮ,[14] ਪਾਤਿਸਾਹ,[15] ਰਹੀਮ,[16]

---

1. । ਡਾ: ਸ. ਸ. ਕੋਹਲੀ "ਆਊਟਲਾਈਨਜ਼ ਆਵ ਸਿੱਖ ਥੋਟ । (ਪੰਨਾ-23.)
   ।। ਡਾ: ਸ ਸ. ਕੋਹਲੀ "ਏ ਕਰਿਟੀਕਲ ਸਟੱਡੀ ਆਵ ਆਦੀ ਗਰੰਥ । (ਪੰਨਾ-337)
2. ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁਏਈ । (ਆਸਾ ਪਦੇ-35,ਪੰਨਾ-359)
3. ਹਰਿ ਗੁਰੁ ਦਾਤਾ ਰਾਮ ਗੋਪਾਲਾ । (ਆਸਾ ਅਸਟਪਦੀ-9,ਪੰਨਾ-416)
4. ਮੇਰੇ ਠਾਕੁਰ ਪੂਰੈ ਤਖਤਿ ਅਡੋਲ। (ਸਿਰੀ ਪਦੇ-9,ਪੰਨਾ-416 )
5. ਗੁਰਮਤਿ ਜਾਨਿਆ ਰਿਦੈ ਮੁਰਾਰੀ । (ਗਉੜੀ ਅਸਟਪਦੀ-10,ਪੰਨਾ-225)
6. ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮਾਰੀ । (ਬਸੰਤ ਅਸਟਪਦੀ-8,ਪੰਨਾ-1190)
7. ਨਿਰਗੁਣ ਰਾਮੁ ਗੁਣਹੁ ਵਸਿ ਹੋਇ । (ਗਉੜੀ ਅਸਟਪਦੀ-3,ਪੰਨਾ-222)
8. ਏਕੁ ਨਿਰੰਜਨੁ ਗੁਰਮੁਖਿ ਜਾਤਾ । (ਗਉੜੀ ਅਸਟਪਦੀ-5,ਪੰਨਾ-223)
9. ਰਾਹ ਦੋਵੈ ਖਸਮ ਏਕੋ ਜਾਣੁ । (ਗਉੜੀ ਅਸਟਪਦੀ-5,ਪੰਨਾ-223)
10. ਤੂ ਸਦਾ ਸਲਾਮਤ ਨਿਰੰਕਾਰ। (ਜਪੁਜੀ-16, ਪੰਨਾ-4.)
11. ਸੁੰਨ ਕਲਾ ਅਪਰੰਪਰ ਧਾਰੀ । (ਮਾਰੂ ਸੋਹਲੇ-17,ਪੰਨਾ-1037)
12., 13., 14. ਅਲਾਹ ਅਲਖੁ ਅਗੰਮੁ ਕਾਦਰ ਕਰਣਹਾਰੁ ਕਰੀਮ(ਸਿਰੀ ਅਸਟਪਦੀ-17,ਪੰਨਾ-64 )
15. ਨਾਨਕ ਸਚਾ ਪਾਤਿਸਾਹ ਪੂਛਿ ਨ ਕਰੇ ਬੀਚਾਰੁ । (ਸਿਰੀ ਪਦੇ-7,ਪੰਨ -17)

----

ਸਾਹੂਕਾਰ,[1] ਇਸਲਾਮੀ ਪਰੰਪਰਾ ਦੇ ਨਾਮ ਹਨ । ਕੰਤ,[2] ਪ੍ਰੀਤਮ,[3] ਬੇਲੀ,[4] ਪਿਰ,[5] ਪ੍ਰਾਨ,[6] ਸਹੁ,[7] ਲੋਕ ਸਾਹਿਤ ਦੀ ਪਰੰਪਰਾ ਦੇ ਨਾਮ ਹਨ । ਇਹ ਇਸ ਲਈ ਹੈ ਕਿਉਂਜੋ ਗੁਰੂ ਸਾਹਿਬ ਨਾਮਾਂ ਨੂੰ ਖਾਸ ਮਹੱਤਵ ਨਹੀਂ ਸੀ ਦੇਂਦੇ । ਉਹ ਤਾਂ ਕੇਵਲ ਨਾਮ ਵਰਤ ਲੈਂਦੇ ਸਨ ਜਿਨ੍ਹਾਂ ਨੂੰ ਸਮਝਣ ਵਿੱਚ ਲੋਕਾਂ ਨੂੰ ਸਹੂਲਤ ਰਹਿੰਦੀ ਸੀ । ਕਿਉਂਜੋ ਗੁਰੂ ਸਾਹਿਬ ਲੋਕਾਂ ਨੂੰ ਦਾਰਸ਼ਨਿਕ ਗੂਹਜ ਸਮਝਾਣ ਲਈ ਉਨ੍ਹਾਂ ਦੀਆਂ ਉਹ ਮਿਥਿਹਾਸਕ ਕਥਾਵਾਂ ਵਰਤ ਲੈਂਦੇ ਸਨ ਜਿਨ੍ਹਾਂ ਵਿੱਚ ਦੇਵਾਂ ਦੀ ਰਾਕਸ਼ਸਾਂ ਉਤੇ ਪਾਈ ਜਿੱਤ ਦਾ ਬਿਆਨ ਹੁੰਦਾ ਹੈ ।[8]

ਕਈ ਵਾਰੀ ਗੁਰੂ ਸਾਹਿਬ ਬ੍ਰਹਮ ਦੇ ਕਿਸੇ ਗੁਣ ਨੂੰ ਸਪੱਸ਼ਟ ਕਰਨ ਲਈ ਸਮਾਸ-ਯੁਕਤ ਨਾਮ ਵੀ ਵਰਤ ਲੈਂਦੇ ਹਨ । ਜਿਵੇਂ ਦੇਵਣਹਾਰ,[9] ਸਦਣਹਾਰ,[10] ਪਰਖਣਹਾਰ,[11] ਗਹਿਰ ਗੰਭੀਰ,[12] ਤਾਰਣਹਾਰ,[13] ਨਿਧਾਰਾਂ ਅਧਾਰ,[14] ਦਾਲਦਭੰਜਨ,[15] ਦੁਖਦਲਣ,[16] ਸੁਰਿਨਰ ਨਾਥਹੁ ਨਾਥ,[17]

---

---16. ਸਭ ਦੁਨੀ ਆਵਣ ਜਾਵਣੀ ਮੁਕਾਮ ਏਕੁ ਰਹੀਮੁ । (ਸਿਰੀ ਅਸਟਪਦੀ-17, ਪੰਨਾ-64)

1. ਸਚਾ ਸਾਹੁ ਇਕ ਤੂ ਹੋਰ ਜਗਤ ਵਣਜਾਰਾ। (ਵਾਰ ਮਾਝ ਪਉੜੀ-6, ਪੰਨਾ-140)
2. ਮਿਲਿ ਕੈ ਕਰਹੁ ਕਹਾਣੀਆ ਸਮਰਥ ਕੰਤ ਕੀਆਹ। (ਸਿਰੀ ਪਦੇ-, ਪੰਨਾ-17.)
3. ਸਰਬ ਨਿਰੰਤਰਿ ਪ੍ਰੀਤਮੁ ਬਾਲਾ । (ਗਉੜੀ ਅਸਟਪਦੀ-5, ਪੰਨਾ-223)
4. ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰ ਕਰਤਾਰੁ (ਸਿਰੀ ਅਸਟਪਦੀ-15, ਪੰਨਾ-62)
5. ਪਿਰੁ ਘਰਿ ਨਹੀ ਆਵੈ । (ਬਾਰਾ ਮਾਹ ਮੁਖਾਰੀ-5, 1107)
6. ---ਪ੍ਰੀਤਮ ਪ੍ਰਾਨ ਹਮਾਰੇ । (ਸਾਰੰਗ ਪਦੇ-1, ਪੰਨਾ-1197)
7. ਗੁਰਪ੍ਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ। (ਗਉੜੀ ਪਦੇ-19, ਪੰਨਾ-157)
8. ਡਾ: ਸ. ਸ਼. ਕੋਹਲੀ, "ਫਿਲਾਸਫੀ ਆਵ ਗੁਰੂ ਨਾਨਕ" (ਪੰਨਾ- 31)
9. ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ । (ਸਿਰੀ ਪਦੇ-5, ਪੰਨਾ-15)
10. ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ । (ਗਉੜੀ ਦੀਪਕੀ-20-ਪੰਨਾ-157)
11. ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ । (ਵਾਰ ਮਾਝ-12, ਪੰਨਾ-143)
12. ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ । (ਆਸਾ ਚਉਪਦੇ-1, ਪੰਨਾ-349)
13. ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ। (ਬਿਲਾਵਲ ਛੰਤ-1, ਪੰਨਾ-843)
14. ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ । (ਸੂਹੀ ਅਸਟਪਦੀ-4, ਪੰਨਾ- 751)
15. ਦਾਲਦ ਭੰਜਨ ਦੁਖਦਲਣ ਗੁਰਮੁਖਿ ਗਿਆਨੁ ਧਿਆਨੁ । (ਰਾਮਕਲੀ ਦਖਣੀ ਓਅੰਕਾਰ-35, 934)
17. ਸੁਰਿਨਰ ਨਾਥਹਨਾਥੁ ਤੂ ਨਿਧਾਰਾ ਆਧਾਰ । (ਰਾਮਕਲੀ ਦਖਣੀ ਓਅੰਕਾਰ-34, 934)

ਮੇਲਣਹਾਰ,[1] ਗੁਣੀ ਨਿਧਾਨ,[2] ਬਹੁਬਿਧ ਰੰਗੁਲਾ;[3], ਰਾਵਣਹਾਰ,[4] ਸਿਰਜਣਹਾਰ,[5] ਪਰਵਦਿਗਾਰ;[6]
ਡੀਠੁ ਅਡੀਠ,[7] ਲੰਘਾਵਣਹਾਰ,[8] ਕਰਣੈਹਾਰਿ,[9] ਸਭ ਜੀਆਂ ਦਾ ਅਧਾਰ,[10] ਬਖਸ਼ਣਹਾਰ,[11]
ਕਰਣਹਾਰੁ,[12] ਦੀਨ ਦਇਆਲ,[13] ਦੇਖਣਹਾਰ,[14] ਕਰਮ ਕੇ ਕਾਟਨਹਾਰ,[15] ਨਰ ਨਿਹਕੇਵਲ,[16]
ਗਰਬ ਪਹਾਰੀ,[17] ਕਿਰਪਾਧਾਰੀ,[18] ਸ਼ਬਦ ਨਿਧਾਨ,[19] ਰਖਨਹਾਰਾ,[20] ਪ੍ਰਾਣ ਅਧਾਰ,[21]
ਅਪਰ ਅਪਾਰਾ,[22] ਗੁਣੀ-ਗਹੀਰ,[23] ਜਗਜੀਵਨ ਭਤਾਰ,[24] ਤਾਰਹਿਤਾਰਿ,[25] ਭਗਤ ਵਛਲ

---

1. ਤੂੰ ਹੈ ਸਾਜਨੁ, ਤੂੰ ਸੁਜਾਣੁ, ਤੂੰ ਆਪੇ ਮੇਲਣਹਾਰੁ। (ਸਿਰੀ ਅਸਟਪਦੀ-4, ਪੰਨਾ-55)
2. ਸਾਧੂ ਸਤਿਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ। (ਸਿਰੀ ਪਦੇ-19, ਪੰਨਾ-21)
3. ਆਪੇ ਬਹੁਬਿਧਿ ਰੰਗੁਲਾ ਸਖੀਏ ਮੇਰਾ ਲਾਲ। (ਸਿਰੀ ਪਦੇ-25, ਪੰਨਾ-23)
4. ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰ। (ਸਿਰੀ ਪਦੇ-25, ਪੰਨਾ-23)
5. ਆਬੁ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ। (ਸਿਰੀ ਪਦੇ-28, ਪੰਨਾ-24)
6. ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ। (ਸਿਰੀ ਅਸਟਪਦੀ-1, ਪੰਨਾ-53)
7. ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ। (ਸਿਰੀ ਅਸਟਪਦੀ-3, ਪੰਨਾ-54)
8. ਸਾਚੀ ਵਾਟ ਸੁਜਾਣੁ ਤੂ ਸਬਦਿ ਲੰਘਾਵਣਹਾਰ। (ਸਿਰੀ ਅਸਟਪਦੀ-3, ਪੰਨਾ-54)
9. ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ। (ਸਿਰੀ ਅਸਟਪਦੀ-7, ਪੰਨਾ-57)
10. ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰ। (ਸਿਰੀ ਅਸਟਪਦੀ-8, ਪੰਨਾ-58)
11. ਆਪ ਛੁਡਾਏ ਛੁਟੀਐ, ਆਪੇ ਬਖਸਣਹਾਰ। (ਸਿਰੀ ਅਸਟਪਦੀ-15, ਪੰਨਾ-62, 63)
12. ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮ। (ਸਿਰੀ ਅਸਟਪਦੀ-17, ਪੰਨਾ-64)
13. ਸਚੇ ਦੀਨ ਦਇਆਲ ਮੇਰੇ ਸਾਹਿਬਾ। (ਮਾਝ ਅਸਟਪਦੀ-1, ਪੰਨਾ-109)
14. ਓਹੁ ਨ ਮੂਆ ਜੋ ਦੇਖਣਹਾਰੁ। (ਗਉੜੀ ਪਦੇ-4, ਪੰਨਾ-152)
15. ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ; ਲੀਜੈ ਰੇ। (ਗਉੜੀ ਪਦੇ-16, ਪੰਨਾ-156)
16. ਨਰ ਨਿਹਕੇਵਲ ਨਿਰਭਉ ਨਾਉ। (ਗਉੜੀ ਅਸਟਪਦੀ-7, ਪੰਨਾ-224)
17. ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ। (ਗਉੜੀ ਅਸਟਪਦੀ-9, ਪੰਨਾ-224)
18. ਪ੍ਰਹਲਾਦ ਉਧਾਰੇ ਕਿਰਪਾਧਾਰੀ। (ਗਉੜੀ ਅਸਟਪਦੀ-9, ਪੰਨਾ-224)
19. ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ। (ਗਉੜੀ ਅਸਟਪਦੀ-17. ਪੰਨਾ-228)
20. ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ। (ਗਉੜੀ ਅਸਟਪਦੀ-17, ਪੰਨਾ-228)
21. ਤੂੰ ਦਾਤਾ ਭੁਗਤਾ ਤੂੰ ਹੈ ਤੂੰ ਪ੍ਰਾਣ ਆਧਾਰਾ। (ਗਉੜੀ ਅਸਟਪਦੀ-17, ਪੰਨਾ-228)
22. ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ। (ਗਉੜੀ ਅਸਟਪਦੀ-18, ਪੰਨਾ-229)
23. ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ। (ਆਸਾ ਪਦੇ-1, -349)

ਜੋਗਜੀਵਨ ਦਾਤਾ [1], ਜਗਜੀਵਨ,[2] ਪਾਹਰੂਅਰ, (ਪਹਿਰੇਦਾਰ)[3] ਏਕਾ ਸਚ ਕਰਣੀ,[4] ਨਦਰਿ ਨਿਹਾਲਾ[5], ਸਰਬ ਵਿਡਾਣੀ, (ਸਭ ਅਸਚਰਜ ਚੋਜਾਂ ਵਾਲਾ )[6] ਸਰਬ ਪਿਆਰ,[7] ਅਵਗੁਣ ਮੇਟਣਹਾਰੁ,[8] ਅਸੁਰ ਸੰਘਾਰੁ,[9] ਰਤਨ ਭੰਡਾਰ,[10] ਭਾਇਕਾਰ,[11] ਨਿਰੰਤਰਿ ਜੋਤਿ,[12] ਰਾਮ ਨਰਾਇਣੁ,[13] ਜੋਤਿ ਅਨੂਪ,[14] ਸਾਚੁ ਅਖੂਟ,[15] ਕਲਧਾਰਿ;[16] ਮਿਲਾਵਣਹਾਰਾ,[17] ਆਦਿ

---

4.-24. ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ । (ਆਸਾ ਪਦੇ-10, ਪੰਨਾ-351)

25. ਬੂਡਤ ਪਾਹਨ ਤਾਰਹਿਤਾਰਿ । (ਆਸਾ ਪਦੇ-12, ਪੰਨਾ-352)

1. ਭਗਤਿ ਵਛਲ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ (ਆਸਾ ਪਦੇ-16, ਪੰਨਾ-353)
2. ਨਾਨਕ ਕ੍ਰਿਪਾ ਕਰੇ ਜਗ ਜੀਵਨੁ ਸਹਜ ਭਾਇ ਲਿਵ ਲਾਏ। (ਆਸਾ ਪਦੇ-16, ਪੰਨਾ-353)
3. ਪਾਹਰੂਅਰਾ ਛਬਿ ਚੋਰੁ ਨ ਲਾਗੈ । (ਆਸਾ ਪਦੇ-20, ਪੰਨਾ-355)
4. ਰਹੈ ਨਿਰਾਲਮੁ ਏਕਾ ਸਚੁ ਕਰਣੀ । (ਗਉੜੀ ਅਸਟਪਦੀ-157, ਪੰਨਾ 227)
5. ਤਉ ਸਰਣਾਗਤਿ ਨਦਰਿ ਨਿਹਾਲਾ । (ਗਉੜੀ ਅਸਟਪਦੀ-17, ਪੰਨਾ-228)
6. ਤੂੰ ਆਪੇ ਜਾਣਹਿ ਸਰਬ ਵਿਡਾਣੀ । (ਆਸਾ ਪਦੇ-21, ਪੰਨਾ-355)
7. ਮਨੁ ਦੀਜੈ ਗੁਰ ਆਪਣੈ ਪਾਈਐ ਸਰਬ ਪਿਆਰੁ । (ਸਿਰੀ ਅਸਟਪਦੀ-10, ਪੰਨਾ-59)
8. ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ । (ਸਿਰੀ ਅਸਟਪਦੀ-10, ਪੰਨਾ-59)
9. ਸੁਖੰ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ । (ਸਿਰੀ ਅਸਟਪਦੀ-10, ਪੰਨਾ-59 )
10. ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ । (ਵਾਰ ਮਾਝ-7-, ਪੰਨਾ-141)
11. ਭਾਇ ਮਿਲੈ ਭਾਵੈ ਭਾਇਕਾਰ । (ਆਸਾ ਅਸਟਪਦੀ-3, ਪੰਨਾ-413)
12. ਨਿਰਭਉ ਆਪਿ ਨਿਰੰਤਰਿ ਜੋਤਿ । (ਆਸਾ ਅਸਟਪਦੀ-4, ਪੰਨਾ-413)
13. ਰਾਮ ਨਰਾਇਣੁ ਕਹੈ ਕਹਾਏ । (ਆਸਾ ਅਸਟਪਦੀ-5, ਪੰਨਾ-414)
14. ਕੰਚਨ ਕਾਇਆ ਜੋਤਿ ਅਨੂਪੁ । (ਆਸਾ ਅਸਟਪਦੀ-5, ਪੰਨਾ-414)
15. ਮੈ ਸੋ ਧਨੁ ਪਲੈ ਸਾਚੁ ਅਖੂਟੁ । (ਆਸਾ ਅਸਟਪਦੀ-5, ਪੰਨਾ-414)
16. ਧਰਣਿਗਗਨੁ ਕਲਧਾਰਿ ਰਹਾਵੈ । (ਆਸਾ ਅਸਟਪਦੀ-5, ਪੰਨਾ-414)
17. ਸੁਖ ਦੁਖ ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ।
(ਆਸਾ ਅਸਟਪਦੀ-9, ਪੰਨਾ-416)

ਜੁਗਾਦਿ ਨਿਰੰਜਨਾ,[1] ਟੇਕ ਅਧਾਰ,[2] ਆਦਿ ਪੁਰਖੁ ਅਪਰੰਪਰ,[3] ਖੁੰਦਕਾਰੁ,[4] ਸਾਹਆਲਮੁ,[5] ਸਰਵਨਿਰੰਤਰ,[6]

ਇਸ ਤਰ੍ਹਾਂ ਹਰ ਸਮਾਸ ਬ੍ਰਹਮ ਦੇ ਕਿਸੇ ਨਾ ਕਿਸੇ ਗੁਣ ਨੂੰ ਪ੍ਰਧਾਨ ਕਰਦਾ ਹੋਇਆ ਗੁਣ-ਵਾਚਕ ਨਾਮ ਬਣਾਉਂਦਾ ਹੈ। ਅਜਿਹੇ ਨਾਮ ਅਨੇਕਾਂ ਹੀ ਹੋਰ ਹਨ ਜਿਵੇਂ:- ਪਾਤਿਸਾਹੁ ਪਰਮੇਸਰੁ,[7] ਵਾਮੁਦੇਉ ਪਰਮੇਸਰੁ,[8] ਮਾਇਆ (ਸਥਿਰ) ਦਇਆਲ,[9] ਕਰਣ ਕਾਰਣ ਸਮਰੱਥ ਸ੍ਰੀਧਰ,[10] ਥਿਰ ਨਰਾਇਣ,[11] ਤਰਨਾਗਰੁ,[12] ਕਰਮ ਬਿਧਾਤਾ, ਦੁਖ ਬਿਸਾਰਣਹਾਰ,[13] ਹੰਸ ਸਿ ਹੰਸਾ, ਬਗ ਸਿ ਬਗਾ,[14] ਪ੍ਰਾਣ ਅਧਾਰ,[15] ਸੁਰਿਨਰ ਨਾਥ,[16] ਸਰਬ ਜੋਤਿ,[17] ਤਤੁ ਅਵਿਗਤੁ,[18]

---

1. ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ। (ਆਸਾ ਅਸਟਪਦੀ-18, ਪੰਨਾ-420)
2. ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ। (ਆਸਾ ਅਸਟਪਦੀ-21, ਪੰਨਾ-422)
3. ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ। (ਆਸਾ ਅਸਟਪਦੀ-22, ਪੰਨਾ-422)
4., 5. ਖਖੈ ਖੁੰਦਕਾਰੁ ਸਾਹ ਆਲਮ ਕਰਿ ਖਰੀਦਿ ਜਿਨਿ ਖਰਚੁ ਕੀਆ। (ਆਸਾ ਪਟੀ-6, 432)
6. ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ। (ਆਸਾ ਪਟੀ-16, ਪੰਨਾ-432)
7. ਪਪੈ ਪਾਤਿਸਾਹੁ ਪਰਮੇਸਰੁ ਪੇਖਣ ਕਉ ਪਰਪੰਚ ਕੀਆ। (ਆਸਾ ਪਟੀ-24, ਪੰਨਾ-433)
8. ਵਵੈ ਵਾਮਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ। (ਆਸਾ ਪਟੀ-32, ਪੰਨਾ-434)
9. ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ। (ਆਸਾ ਛੰਤ-1, ਪੰਨਾ-436)
10. ਕਰਣ ਕਾਰਣ ਸਮਰਥ ਸ੍ਰੀਧਰ ਆਪਿ ਕਾਰਜ ਸਾਰਾਏ। (ਆਸਾ ਛੰਤ-2, ਪੰਨਾ-436)
11. ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ। (ਆਸਾ ਛੰਤ-2, ਪੰਨਾ-436)
12. ਗੁਰ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ। (ਆਸਾ ਛੰਤ-3, ਪੰਨਾ-437)
13. ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ। (ਆਸਾ ਛੰਤ-4, ਪੰਨਾ-438)
14. ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਓ। (ਆਸਾ ਛੰਦ-4, ਪੰਨਾ-438)
15. ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ। (ਗੁਜਰੀ ਪਦੇ-2, ਪੰਨਾ-489)
16. ਸੁਰਿਨਰ ਨਾਥ ਬੇਅੰਤ ਅਜੋਨੀ ਸਾਚੈ ਮਹਿਲ ਅਪਾਰਾ। (ਗੁਜਰੀ ਪਦੇ-2, ਪੰਨਾ-489)
17. ਸਰਬ ਜੋਤਿ ਨਿਰੰਜਨ ਸੰਭੁ ਛੋਡਹੁ ਬਹੁਤੁ ਜੰਜਾਲਾ। (ਗੁਜਰੀ ਅਸਟਪਦੀ-1, ਪੰਨਾ-489)
18. ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ (ਗੁਜਰੀ ਅਸਟਪਦੀ-1, ਪੰਨਾ-503)

ਮਹਾਂ ਗੰਭੀਰ, ਸਰਬ ਜੁਆਇਆ (ਸਭ ਨਾਲ ਜੁੜਿਆ ਹੋਇਆ)[1] ਸਮਰੱਥ ਸੱਚ ਦੇਵਣਹਾਰ,[2] ਸਚੁ ਅਧਾਰ,[3] ਜੋਤਿ ਅਪਾਰ,[4] ਸਰਬ ਜਾਚਕ,[5] ਪ੍ਰਭ ਦਾਤਾ,[6] ਪ੍ਰਭ ਨਾਇਕ,[7] ਹਰਿਪ੍ਰਭ,[8] ਅਵਿਗਤ ਨਾਥ ਨਿਰੰਜਨ,[9] ਆਨਦ ਮੂਲ,[10] ਨਾਥ ਸਿਰਿ ਨਾਥਾ,[11] ਸਦਾ ਦਇਆਲ,[12] ਹਰਿ ਜਲ-ਨਿਰਮਲ,[13] ਵਡ ਪੁਰਖ,[14] ਅਗੰਮ ਤਰੋਵਰ,,[15] ਸਰਬ ਸਮਾਣਾ,[16] ਆਪਿ ਆਪ ਸੰਧੁਰਾਇਆ,[17] ਹੁਕਮਿ ਸਵਾਰਣਹਾਰ,[18] ਧਾਰਣਹਾਰ,[19] ਸਚਿ ਨਿਬੇੜਨਹਾਰ,[20]

---

1. ਮਹਾ ਗੰਭੀਰ ਪ੍ਰਭ ਪਾਤਾਲਾ ਨਾਨਕ ਸਰਬ ਜੁਆਇਆ । (ਗੁਜਰੀ ਅਸਟਪਦੀ-1, ਪੰਨਾ-503)
2. ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥ ਸਚ ਦੇਵਣਹਾਰ। (ਗੁਜਰੀ ਅਸਟਪਦੀ-2, ਪੰਨਾ-503)
3. ਐਜੀ ਜਪੁ ਤਪੁ ਸੰਜਮੁ ਸਚੁ ਅਧਾਰ । (ਗੁਜਰੀ ਅਸਟਪਦੀ-2, ਪੰਨਾ-503)
4. ਨਾ ਤਦਿ ਮਾਇਆ ਮਗਨੁ ਨ ਛਾਇਆ ਨ ਸੂਰਜ ਚੰਦ ਨ ਜੋਤਿ ਅਪਾਰ । (ਗੁਜਰੀ ਅਸਟਪਦੀ-2, ਪੰਨਾ-503, 4)
5., 6. ਸਰਬੇ ਜਾਚਿਕ ਤੂ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ (ਗੁਜਰੀ ਅਸਟਪਦੀ-2, ਪੰਨਾ-504)
7. ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ (ਗੁਜਰੀ ਅਸਟਪਦੀ-2, ਪੰਨਾ-504)
8 ਗੁਰਪਰਸਾਦੀ ਹਰਿ ਪ੍ਰਭ ਜਾਣੇ ਐਸੀ ਨਾਮ ਬਡਾਈ । (ਗੁਜਰੀ ਅਸਟਪਦੀ-3, ਪੰਨਾ-504)
9. ਅਵਿਗਤ ਨਾਥ ਨਿਰੰਜਨਿ ਰਾਤੇ ਨਿਰਭਉ ਸਿਉ ਲਿਵ ਲਾਈ। (ਗੁਜਰੀ ਅਸਟਪਦੀ-3 504)
10., 11. ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ । (ਗੁਜਰੀ ਅਸਟਪਦੀ-4, 505)
12. ਐਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ । (ਗੁਜਰੀ ਅਸਟਪਦੀ-4, ਪੰਨਾ-505)
13. ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰ ਭਾਈ (ਗੁਜਰੀ ਅਸਟਪਦੀ-4, ਪੰਨਾ-505)
14., 15. ਤੂ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ । (ਗੁਜਰੀ ਅਸਟਪਦੀ-4, ਪੰਨਾ-505)
16. ਸਭ ਉਪਾਈਐ ਆਪਿ ਆਪੇ ਸਰਬ ਸਮਾਣਾ । (ਵਡਹੰਸ ਛੰਤ-2, ਪੰਨਾ-566)
17. ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ (ਵਡਹੰਸ ਛੰਤ-2, ਪੰਨਾ-567)
18. ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣ ਹਾਰੋ । (ਵਡਹੰਸ ਅਲਾਹੁਣੀਆ-1, ਪੰਨਾ-579)
19. ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ । (ਵਡਹੰਸ ਅਲਾਹੁਣੀਆ-2, 580)
20. ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਨਹਾਰਾ । ਵਡਹੰਸ ਅਲਾਹੁਣੀਆ-3, ਪੰਨਾ-580)

ਛਡਾਵਣਹਾਰ,[1] ਗੁਣ ਸਾਰੇਵਾ,[2] ਮਾਰਗਿ ਪਾਵਣਹਾਰ,[3] ਸਰਬ ਸਮਾਣਾ,[4] ਨਿਰਮਲ-ਨਿਰੰਕਾਰ,[5] ਜਾਤਿ ਅਜਾਤਿ,[6] ਜੋਤਿ ਸਬਾਈ,[7] ਮਹਾ ਪਰਮਾਰਥੁ,[8] ਤੀਨ ਭਵਨ ਪਤਿ,[9] (ਤਿੰਨਾਂ ਭਵਨਾਂ ਦਾ ਪਤੀ) ਹੁਕਮਿ ਚਲਾਵਣਹਾਰਾ,[10] ਗੁਣ ਗਿਆਨ,[11] ਸਾਚੁ ਅਭੁਲੁ,[12] ਗੁਣ ਦਾਤੌ,[13] ਕੂੜੇ ਨਾਲ ਚਲੂਲੁ,[14] ਸਦਾ ਦਾਤਾਰ,[15] ਨੀਤ ਨਵਾ,[16] ਸਹਬੈਂ ਸਾਚਾ,[17] ਸਰਬ

---

1. ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣ ਹਾਰੇ । (ਵਡਹੰਸ ਅਲਾਹੁਣੀਆ-4, 580)
2. ਬਾਬਾ ਰੋਵਹਿ ਸੁ ਜਾਣੀਅਹਿ ਮਿਲ ਰੋਵੈ ਗੁਣ ਸਾਰੇਵਾ । (ਵਡਹੰਸ ਅਲਾਹੁਣੀਆ-4, 581)
3. ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ । (ਵਡਹੰਸ ਅਲਾਹੁਣੀਆ-4, 581)
4. ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ (ਸੋਰਠ ਪਦੇ-4, ਪੰਨਾ-596)
5. ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ । (ਸੋਰਠ ਪਦੇ-5, ਪੰਨਾ-596)
6. ਜਾਤਿ ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ (ਸੋਰਠ ਪਦੇ-6, ਪੰਨਾ-596)
7. ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿਘਟਿ ਜੋਤਿ ਸਬਾਈ (ਸੋਰਠ ਪਦੇ-6, ਪੰਨਾ-597)

8., 9. ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਨ ਪਤਿ ਨਾਮੰ (ਸੋਰਠ ਅਸਟਪਦੀ-1, ਪੰਨਾ-635)

10. ਜਿਤੁ ਤੁੱਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ । (ਸੋਰਠ ਅਸਟਪਦੀ-1, ਪੰਨਾ-635)
11. ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨ । (ਸੋਰਠ ਅਸਟਪਦੀ-4, ਪੰਨਾ-637)
12. ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੁਲ । (ਸੋਰਠ ਅਸਟਪਦੀ-4, ਪੰਨਾ-637)
13. ਤੂ ਗੁਣ ਦਾਤੌ ਨਿਰਮਲੋ ਭਾਈ ਨਿਰਮਲੁ ਨ ਮਨ ਹੋਇ । (ਸੋਰਠ ਅਸਟਪਦੀ-4, ਪੰਨਾ-636)
14. ਕੂੜੋ ਕੂੜੇ ਆਖੀਐ ਭਾਈ ਕੂੜੇ ਲਾਲ ਚਲੂਲੁ । (ਸੋਰਠ ਅਸਟਪਦੀ-4, ਪੰਨਾ-637)

15., 16. ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ । (ਧਨਾਸਰੀ ਪਦਾ-1, ਪੰਨਾ-660)

17. ਸਲਬੈਂ ਸਾਚਾ ਏਕੁ ਹੈ ਦੂਜਾ ਨਾਹੀ ਕੋਇ । (ਧਨਾਸਰੀ ਪਦੇ-1, ਪੰਨਾ-660)

ਦਾਤਾਰ[1], ਪ੍ਰਾਨਪਤਿ[2], ਭੈ ਕਾਟਣਹਾਰੇ[3], ਧਰਣੀਧਰ[4], ਸਚਾ ਠਾਕੁਰ[5], ਸਾਚਾ ਸਿਰਜਣਹਾਰ[6], ਦੀਨਾ ਨਾਥ[7], ਅਲਖ ਸਿਰੰਦਾ[8], ਪਿਰ ਰਲੀਆਲਾ[9], ਜੋਬਨਿ ਬਾਲਾ[10], ਨਉਨਿਧਿ[11], ਤੋਲਣਹਾਰਾ[12], ਨਵਨਿਧਿ[13], ਰੰਗਣ ਵਾਲਾ[14], ਸੁਖ ਦੁਖ ਦਾਤਾ[15], ਰਾਖਣਹਾਰ[16], ਭਰਮ ਭਉ ਭੰਜਨ[17], ਗੁਣਤਾਸਿ[18], ਬਲਿ ਰਾਮ[19], ਨਰਹ ਨਿਹਕੇਵਲ[20], ਪਰਮ ਤੱਤ[21],

---

1. ਨਾਨਕ ਸਾਚਾ ਸਰਬ ਦਾਤਾਰ,। (ਧਨਾਸਰੀ-ਪਦੇ-5, ਪੰਨਾ-662)
2. ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ। (ਧਨਾਸਰੀ ਅਸਟਪਦੀ-1, ਪੰਨਾ-685)
3. ਭਗਤ ਵਛਲ ਭੈ ਕਾਟਣਹਾਰੇ। (ਧਨਾਸਰੀ ਅਸਟਪਦੀ-1, ਪੰਨਾ-685)
4. ਧੀਰਜ ਧਰਮੁ ਧਰਮੁ ਧਰਣੀਧਰ ਏਕ। (ਧਨਾਸਰੀ ਅਸਟਪਦੀ-1, ਪੰਨਾ-685)
5. ਸਾਚਉ ਠਾਕੁਰ ਸਾਚੁ ਪਿਆਰਾ। (ਧਨਾਸਰੀ ਅਸਟਪਦੀ-2, ਪੰਨਾ-685)
6. ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ। (ਧਨਾਸਰੀ ਛੰਤ-2, ਪੰਨਾ-688)
7. ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ। (ਧਨਾਸਰੀ ਛੰਤ-2, ਪੰਨਾ-689)
8. ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ। (ਧਨਾਸਰੀ ਛੰਤ-2, ਪੰਨਾ-688)

9., 10. ਪਿਰ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ।
ਧਨਾਸਰੀ ਛੰਤ-3, ਪੰਨਾ-689-90)

11. ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ (ਧਨਾਸਰੀ ਪਦੇ-4, 722)
12. ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ। (ਸੂਹੀ ਪਦੇ-9, ਪੰਨਾ-731)
13. ਤਉ ਕਾਮਣਿ ਪਿਆਰੇ ਨਵਨਿਧਿ ਪਾਈ। (ਸੂਹੀ ਅਸਟਪਦੀ-1, ਪੰਨਾ- 750)
14. ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ। (ਸੂਹੀ ਅਸਟਪਦੀ-2, ਪੰਨਾ-751)
15. ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ। (ਸੂਹੀ ਅਸਟਪਦੀ-2, ਪੰਨਾ-751)
16. ਤੂ ਗੁਰਮੁਖਿ ਰਾਖਣਹਾਰੁ ਹਰਿਨਾਮੁ ਧਿਆਈਐ। (ਸੂਹੀ ਅਸਟਪਦੀ-4, ਪੰਨਾ-752)
17. ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ। (ਸੂਹੀ ਅਸਟਪਦੀ-5, ਪੰਨਾ-752)
18. ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ। (ਸੂਹੀ ਸੁਚਜੀ, ਪੰਨਾ-762)
19. ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿਰਾਮ ਜੀਉ (ਸੂਹੀ ਛੰਤ-1, ਪੰਨਾ-763)
20. ਜਾਵੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ। (ਸੂਹੀ ਛੰਤ-1, ਪੰਨਾ-763)
21. ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ। (ਸੂਹੀ ਛੰਤ-2, ਪੰਨਾ-764)

ਅੰਤਰਜਾਮੀ,[1] ਗੁਣਸੰਗਮਿ,[2] ਪੂਰਨ ਪੁਰਖ ਬਿਧਾਤਾ,[3] ਜੋਗ ਸੰਜੋਗਹ,[4] ਸਿਰਤਾਜ,[5] ਜਗਿ, ਬਿਧਾਤਾ,[6] ਪੰਚ ਭੂ ਨਾਇਕੋ,[7] ਸਚ ਕੀ ਬਾਤਾ,[8] ਰਾਗਿ ਰੰਗੀਲੜਾ,[9] ਆਪੀਣੈ ਆਪਾਹ,[10] ਸਮ੍ਰਥੁ ਦਾਤਾਰ,[11] ਅਹਿਨਿਸ ਨਵਤਨ ਨਿਰਮਲਾ,[12] ਪ੍ਰਭੁ ਅਗਮ ਅਗੋਚਰ,[13] ਨਿਰਮਲ ਜੋਤਿ,[14] ਪੁਰਖੁ ਨਿਰਾਲਾ,[15] ਨਿਰਮਲ ਨੀਰਿ,[16] ਮਹਾ ਬਲਵੰਡਾ,[17] ਨਿਰਾਹਾਰ,[18] ਨਿਹਕੇਵਲ,[19]

---

1. ਤੂ ਜਾਣੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ । (ਸੂਹੀ ਛੰਤ-2, ਪੰਨਾ-764)
2. ਨਾਨਕ ਅਵਗੁਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ । (ਸੂਹੀ ਛੰਤ-2, ਪੰਨਾ-764)
3. ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖ ਬਿਧਾਤੇ । (ਸੂਹੀ ਛੰਤ-3, ਪੰਨਾ-765)
4. ਨਾਨਕ ਆਪੇ ਜੋਗ ਸੰਜੋਗੀ ਨਦਰਿ ਕਰੇ ਲਿਵ ਲਾਈਐ । (ਸੂਹੀ ਛੰਤ-3, ਪੰਨਾ-765)
5. ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ । (ਸੂਹੀ ਛੰਤ-3, , ਪੰਨਾ-766)
6. ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ । (ਸੂਹੀ ਛੰਤ-3, 4, ਪੰਨਾ-766)
7. ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨ ਸਚ ਕਾ ਪਿੰਡੁ ਸਵਾਰਿਆ (ਸੂਹੀ ਛੰਤ-5, ਪੰਨਾ-766)
8. ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਸਚ ਕਾ ਪਿੰਡ ਉਸਾਰਿਆ ।
(ਸੂਹੀ ਛੰਤ-5, ਪੰਨਾ-766)
9. ਸਾਜਨ ਰਾਗਿ ਰੰਗੀਲੜੇ ਰੰਗੁ ਲਾਲੁ ਬਣਾਇਆ- (ਵਾਰ ਸੂਹੀ ਛੰਤ-5, ਪੰਨਾ-767)
10. ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ । (ਵਾਰ ਸੂਹੀ ਸ਼ਲੋਕ- , ਪੰਨਾ-788)
11. ਸਤਿਗੁਰ ਭੀਖਿਆ ਦੇਹਿ ਮੈ ਤੂੰ ਸਮ੍ਰਥੁ ਦਾਤਾਰੁ । (ਵਾਰ ਸੂਹੀ-ਸਲੋਕ-15, ਪੰਨਾ-790)
12. ਅਹਿਨਿਸ ਨਵਤਨ ਨਿਰਮਲਾ ਮੈਲਾ ਕਬਹੂ ਨ ਹੋਇ । (ਵਾਰ ਸੂਹੀ ਸਲੋਕ-15, ਪੰਨਾ-790)
13. ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ । (ਬਿਲਾਵਲ ਪਦੇ-4, ਪੰਨਾ-797)
14. ਰੈਣਿ ਅੰਧਾਰੀ ਨਿਰਮਲ ਜੋਤਿ । (ਬਿਲਾਵਲੁ ਅਸਟਪਦੀ-1, ਪੰਨਾ-831)
15. ਆਪਿ ਅਗੋਚਰੁ ਪੁਰਖੁ ਨਿਰਾਲਾ । (ਬਿਲਾਵਲੁ ਥਿਤੀ-6, ਪੰਨਾ-839)
16. ਸਾਤ ਸਮੁੰਦ ਭਰੇ ਨਿਰਮਲ ਨੀਰਿ । (ਬਿਲਾਵਲ ਥਿਤੀ-9, ਪੰਨਾ-839)
17. ਘਟਿ ਘਟਿ ਨਾਥੁ ਮਹਾ ਬਲਵੰਡਾ । (ਬਿਲਾਵਲ ਥਿਤੀ-11, ਪੰਨਾ-839)
18. ਨਿਰਮਲੁ ਨਿਰਾਹਾਰੁ ਨਿਹਕੇਵਲ । (ਬਿਲਾਵਲ ਥਿਤੀ-13, ਪੰਨਾ-840)
19. ਨਿਰਮਲੁ ਨਿਰਾਹਾਰੁ ਨਿਹਕੇਵਲ । (ਬਿਲਾਵਲ ਥਿਤੀ-13, ਪੰਨਾ-840)

ਅਗਾਧ ਬੋਧ,[1] ਸਹਜਿ ਪ੍ਰਭੁ,[2] ਭਉ ਭੰਜਨੋ,[3] ਅਵਿਗਤੋ ਹਰਿ,[4] ਜੀਆ ਅੰਦਰਿ ਜੀਅ,[5] ਤ੍ਰੈ ਲੋਕ ਨਾਥੁ,[6] ਨਰਹਰੀ,[7] ਸਰਬ ਰਹਿਆ ਭਰਪੂਰਿ,[8] ਗੋਰਖ,[9] ਪੂਰਨ ਅਵਿਨਾਸੀ,[10] ਸਾਰਿਗ-ਪਾਣੀ,[11] ਨਿਰਬਾਨੀ,[12] ਸੁੰਨ ਸਮਾਧਿ ਸਹਜਿ,[13] ਮੁਕਤਿ ਪ੍ਰਾਨ,[14] ਨਾਮ ਰਤਨ,[15] ਹੀਰਾ ਨਿਰਮੋਲ,[16] ਆਦਿ ਪੁਰਖੁ,[17] ਸਦਾ ਰੋਗਿਲੀਣਾ,[18] ਗੁਰਦਾਤਾ,[19] ਨਿਰੰਤਰ ਸਾਚਾ,[20]

---

1.,2. ਅਗਾਧਿ ਬੋਧਿ ਅਕਥੁ ਕਥੀਐ ਸਹਜਿ ਪ੍ਰਭ ਗੁਣ ਗਾਵਏ । (ਬਿਲਾਵਲ ਛੰਤ-1, ਪੰਨਾ-843)

3. ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ । (ਬਿਲਾਵਲ ਛੰਤ-1, ਪੰਨਾ-843)

4. ਅਵਿਗਤੋ ਹਰਿ ਨਾਥੁ ਨਾਥਹ ਤਿਸ ਭਾਵੈ ਸੋ ਥੀਐ । (ਬਿਲਾਵਲ ਛੰਤ-2, ਪੰਨਾ-843)

5. ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਅ । (ਬਿਲਾਵਲ ਛੰਤ-2, ਪੰਨਾ-843)

6. ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ । (ਬਿਲਾਵਲ ਛੰਤ-2, ਪੰਨਾ-844)

7. ਜਹ ਜਹ ਦੇਖਾ ਤਾ ਨਰਹਰੀ । (ਰਾਮਕਲੀ-ਪਦੇ-2, ਪੰਨਾ-876)

8. ਆਪੇ ਸਰਬ ਰਹਿਆ ਭਰਪੂਰਿ। (ਰਾਮਕਲੀ ਪਦੇ-2, ਪੰਨਾ- 877)

9. ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੇ । (ਰਾਮਕਲੀ ਪਦੇ-4, ਪੰਨਾ- 877)

10. ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ (ਰਾਮਕਲੀ ਪਦੇ-6, ਪੰਨਾ-878)

11. ਮਨੁ ਰਾਤਾ ਸਾਰਿਗਪਾਣੀ । (ਰਾਮਕਲੀ ਪਦੇ-10, ਪੰਨਾ-879)

12. ਏਕੋ ਰਵਿ ਰਹਿਆ ਨਿਰਬਾਨੀ । (ਰਾਮਕਲੀ ਅਸਟਪਦੀ-3, ਪੰਨਾ-904)

13. ਸੁੰਨ ਸਮਾਧਿ ਸਹਜਿ ਮਨੁ ਰਾਤਾ । (ਰਾਮਕਲੀ ਅਸਟਪਦੀ-3, ਪੰਨਾ-904)

14. ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ । (ਰਾਮਕਲੀ ਅਸਟਪਦੀ-4, ਪੰਨਾ-904)

15.,16. ਨਾਮੁ ਰਤਨੁ ਹੀਰਾ ਨਿਰਮੋਲੁ । (ਰਾਮਕਲੀ ਅਸਟਪਦੀ-6, ਪੰਨਾ-905)

17. ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ ਹਰਿਨਾਮੁ ਰਿਦੈ ਲੈ ਪਾਰਿ ਪਇਆ ।
(ਰਾਮਕਲੀ ਅਸਟਪਦੀ-7, ਪੰਨਾ-906)

18. ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ । (ਰਾਮਕਲੀ ਅਸਟਪਦੀ-8, ਪੰਨਾ-907)

19. ਆਪੇ ਮੇਲਿ ਲਏ ਗੁਰਦਾਤਾ ਹਉਮੈ ਤ੍ਰਿਸਨਾ ਮਾਰੀ । (ਰਾਮਕਲੀ ਅਸਟਪਦੀ-9, ਪੰਨਾ-908)

20. ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ । (ਰਾਮਕਲੀ ਦਖਣੀ ਓਅੰਕਾਰ-2, 930)

ਏਕੋ ਭਵਰ,[1] ਗੁਰ ਗੋਪਾਲ,[2] ਜੋਗ ਜੁਗਤਿ,[3] ਗਗਨ ਗੰਭੀਰ,[4] ਪ੍ਰੀਤਮ ਮੇਟਾ,[5] ਕੰਮ ਸੁਜਾਣ,[6] ਵਡਾ ਧਣੀ,[7] ਥਾਨ ਥਨੰਤਰਿ,[8] ਦਇਆ ਦਾਨੁ,[9] ਚਤਰ ਸਰੂਪ,[10] ਜਾਣ ਸੁਜਾਣੁ,[11] ਅਸਥਿਰ ਕਰਤਾ,[12] ਜੀਵਣ ਜਾਗਣਹਾਰਾ,[13] ਸਰਬ-ਜੀਆ,[14] ਤਤੁ ਨਿਰੰਜਨੁ,[15] ਸਰਬ ਦਇਆ,[16] ਅਲਖ ਅਪਾਰ,[17] ਪਾਰਿ ਉਤਾਰਣਹਾਰਾ,[18] ਗਿਆਨ ਤਤੁ,[19] ਕੁਲ ਉਧਾਰਣਹਾਰ,[20]

---

1. ਭਵਰੁ ਭਵੈ ਤਿਹ ਲੋਇ । (ਰਾਮਕਲੀ ਦਖਣੀ ਓਅੰਕਾਰ-7, 930)
2. ਤੀਨਿ ਭਵਣ ਮਹਿ ਗੁਰ ਗੋਪਾਲਾ । (ਰਾਮਕਲੀ ਦਖਣੀ ਓਅੰਕਾਰ-8, 930)
3. ਜੋਗ ਜੁਗਤਿ ਜਗ ਜੀਵਨੁ ਸੋਈ । (ਰਾਮਕਲੀ ਓਅੰਕਾਰ-15, ਪੰਨਾ-931)
4. ਗਗਨ ਗੰਭੀਰੁ ਗਗਨੰਤਰਿ ਵਾਸੁ । (ਰਾਮਕਲੀ ਓਅੰਕਾਰ-20, ਪੰਨਾ-932)
5. ਤ੍ਰਿਭਵਣ ਠਾਕੁਰ ਪ੍ਰੀਤਮ ਮੇਟਾ । (ਰਾਮਕਲੀ ਓਅੰਕਾਰ-28, ਪੰਨਾ-933)
6. ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ । (ਰਾਮਕਲੀ ਓਅੰਕਾਰ-30, ਪੰਨਾ-933)
7. ਆਪਿ ਛਡਾਏ ਛੁਟੀਐ ਵਡਾ ਆਪਿ ਧਣੀ । (ਰਾਮਕਲੀ ਓਅੰਕਾਰ-33, ਪੰਨਾ-934)
8. ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ । (ਰਾਮਕਲੀ ਓਅੰਕਾਰ-34, ਪੰਨਾ-934)
9. ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰ । (ਰਾਮਕਲੀ ਓਅੰਕਾਰ-35, ਪੰਨਾ-934)

10., 11. ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ । (ਰਾਮਕਲੀ ਓਅੰਕਾਰ-42, ਪੰਨਾ-936)

12. ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ । (ਰਾਮਕਲੀ ਓਅੰਕਾਰ-43, ਪੰਨਾ-936)
13. ਜਾਗਸਿ ਜੀਵਣ ਜਾਗਣਹਾਰਾ । (ਪ੍ਰਭਾਤੀ ਪਦੇ-11, ਪੰਨਾ-1330)
14. ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ।
(ਰਾਮਕਲੀ ਸਿਧ ਗੋਸਟਿ-23, 940)
15. ਗੁਰਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ । (ਰਾਮਕਲੀ ਸਿਧ ਗੋਸਟਿ, 23, 940)
16. ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ।
(ਰਾਮਕਲੀ ਸਿਧ ਗੋਸਟਿ-14, 940)
17. ਗੁਰਮੁਖਿ ਪਾਈਐ ਅਲਖ ਅਪਾਰੁ । (ਰਾਮਕਲੀ ਸਿਧ ਗੋਸਟਿ-28, 941)
18. ਆਪੇ ਪਾਰਿ ਉਤਾਰਣਹਾਰਾ । (ਰਾਮਕਲੀ ਸਿਧ ਗੋਸਟਿ-49, 943)
19. ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ।
(ਰਾਮਕਲੀ-ਸਿਧ ਗੋਸਟਿ-68, 946)
20. ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ । (ਮਾਰੂ ਅਸਟਪਦੀ-1, ਪੰਨਾ-1009)

ਪੂਰਾ ਧਣੀ[1], ਸਚੁ ਧੀਰਕੁ ਧੁਰਕੀ[2], ਪੂਰਾ ਰਖਵਾਲਾ[3], ਗੁਣਕਾਰੀ[4], ਪਰਮ ਸੰਜੋਗੀ[5], ਸਰਬ ਕਲਾ[6], ਗੁਰਗਮ ਗਿਆਨਾ[7], ਜੋਤਿ ਸਰੂਪੀ ਬਾਲਾ[8], ਸਰਬ ਜੀਆ ਪ੍ਰਤਿਪਾਲਿ[9], ਸਮਦਰਸੀ[10], ਅਸੁਰ ਸਘਾਰਣ[11], ਵਡਦਾਣਾ[12], ਪੁਰਖ ਦਾਤਾ[13], ਜੋਤਿ ਭਲੀ[14], ਮੁਕਤਿ ਦਾਨੁ[15], ਮੁਕਤੀਸਰ[16], ਅਨੂਪ ਨਿਰਮੋਲਕ[17], ਨਿਰਾਲਮੁ ਰਾਜਾ[18], ਸਰਬ ਨਿਰੰਜਨ[19], ਪੁਰਖ ਸੁਜਾਨ[20],

---

1. ਭਾਣੈ ਬਖਸੇ ਪੂਰਾ ਧਣੀ ਸਚੁ ਕਾਰ ਕਮਾਈਐ । (ਮਾਰੂ ਅਸਟਪਦੀ-4, ਪੰਨਾ-1011)
2. ਮਨੁ ਤਨੁ ਮੇਰਾ ਤੂ ਪ੍ਰਭੁ ਸਚੁ ਧੀਰਕ ਧੁਰਕੀ । (ਮਾਰੂ ਅਸਟਪਦੀ-4, ਪੰਨਾ-1011)
3. ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ । (ਮਾਰੂ ਅਸਟਪਦੀ-6, ਪੰਨਾ-1012)
4. ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ । (ਮਾਰੂ ਸੋਹਲੇ-1, ਪੰਨਾ-1020)
5. ਆਪੇ ਰਸੀਆ ਪਰਮ ਸੰਜੋਗੀ । (ਮਾਰੂ ਸੋਹਲੇ-1, ਪੰਨਾ-1021)
6. ਸਰਬ ਕਲਾ ਸਾਚੇ ਭਰਪੂਰਾ । (ਮਾਰੂ ਸੋਹਲੇ-1, ਪੰਨਾ-1021)
7. ਆਪਿ ਨਿਰਾਲਮੁ ਗੁਰਗਮ ਗਿਆਨਾ । (ਮਾਰੂ ਸੋਹਲੇ-1, ਪੰਨਾ-1021)
8. ਆਪੇ ਜੋਤਿ ਸਰੂਪੀ ਬਾਲਾ । (ਮਾਰੂ ਸੋਹਲੇ-2, ਪੰਨਾ-1021)
9. ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ । (ਮਾਰੂ ਸੋਹਲੇ -8, ਪੰਨਾ-1027)
10. ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ । (ਮਾਰੂ ਸੋਹਲੇ -8, ਪੰਨਾ-1028)
11. ਅਸੁਰ ਸਘਾਰਣ ਰਾਮੁ ਹਮਾਰਾ । (ਮਾਰੂ ਸੋਹਲੇ-9, ਪੰਨਾ-1028)
12. ਅੰਮ੍ਰਿਤ ਨਾਮੁ ਗੁਰੂ ਵਡਦਾਣਾ ਨਾਮੁ ਜਪਹੁ ਸੁਖ ਸਾਰਾ ਹੇ। (ਮਾਰੂ ਸੋਹਲੇ-9, ਪੰਨਾ-1029)
13. ਸਤਿਗੁਰੁ ਪੁਰਖੁ ਦਾਤਾ ਵਡਦਾਣਾ । (ਮਾਰੂ ਸੋਹਲੇ-10, ਪੰਨਾ-1030)
14. ਅੰਤਰਿ ਜੋਤਿ ਭਲੀ ਜਗਜੀਵਨ । (ਮਾਰੂ ਸੋਹਲੇ-11, ਪੰਨਾ-1031)

15, 16, ਆਪੇ ਮੁਕਤਿਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ । (ਮਾਰੂ ਸੋਹਲੇ-14, ਪੰਨਾ-1035)

17. ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿਧਨੁ ਪਾਇਆ । (ਮਾਰੂ ਸੋਹਲੇ-18, ਪੰਨਾ-1039)
18. ਤੂ ਏਕੰਕਾਰੁ ਨਿਰਾਲਮੁ ਰਾਜਾ । (ਮਾਰੂ ਸੋਹਲੇ-19, ਪੰਨਾ-1039)

19., 20. ਸਰਬ ਨਿਰੰਜਨ ਪੁਰਖੁ ਸੁਜਾਨਾ । (ਮਾਰੂ ਸੋਹਲੇ-19, ਪੰਨਾ-1040)

ਅਕੁਲ ਨਿਰੰਜਨੁ,[1] ਰਖਵਾਲਾ,[2] ਜਗਦੀਸਰ,[3] ਜੰਗਨਾਥ,[4] ਭੋਗਣਹਾਰਾ,[5] ਆਦਿ ਸਰਬ,[6]
ਕੁਦਰਤਿ ਕਰਨੈਹਾਰ,[7] ਚਲਣਵਾਰਾ,[8] ਮੋਟਉ ਠਾਕੁਰੁ , ਦਇਆਪਤਿ ਦਾਤਾ,[10] ਕਰਣਕਾਰਣ,
ਸਮਰਥ,[11] ਪ੍ਰਤਿਪਾਲਾ,[12] ਗੁਰ ਰੂਪ ਮੁਰਾਰੇ ,[13] ਅਤਿ ਪਿਆਰਾ,[14] ਪੁਰਖ ਨਿਰਾਲਾ,[15]
ਪਾਰਿ ਸਾਜਨ,[16] ਅਪਾਰ ਪ੍ਰੀਤਮੁ,[17] ਸਰਬ ਵਿਡਾਣੀ,[18] ਸਰਬ ਤੋਹ,[19] ਸਰਬ ਪਾਲ,[20]

---

1. ਆਸਾ ਮਾਹਿ ਨਿਰਾਲਮੁ ਜੋਨੀ ਅਕਲੁ ਨਿਰੰਜਨੁ ਗਾਇਆ । (ਮਾਰੂ ਸੋਹਲੇ-19, ਪੰਨਾ-1042)
2. ਨਿਰਭਉ ਸਤਿਗੁਰੁ ਹੈ ਰਖਵਾਲਾ- (ਮਾਰੂ ਸੋਹਲੇ-21, ਪੰਨਾ-1042)
3., 4. ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜੰਗਨਾਥੁ ਮਨਿ ਭਾਇਆ। (ਮਾਰੂ ਸੋਹਲੇ-20, ਪੰਨਾ-1041)
5. ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ । (ਮਾਰੂ ਸੋਹਲੇ-20, ਪੰਨਾ-1041)
6. ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ । (ਮਾਰੂ ਸੋਹਲੇ-21, ਪੰਨਾ-1042)
7. ਕੁਦਰਤਿ ਕਰਨੈਹਾਰ ਅਪਾਰਾ । (ਮਾਰੂ ਸੋਹਲੇ-22, ਪੰਨਾ-1042)
8. ਅੰਤਿ ਸਖਾਈ ਚਲਣਵਾਰਾ । (ਮਾਰੂ ਸੋਹਲੇ-22, ਪੰਨਾ-1043)
9. ਪੂਰਬ ਪ੍ਰੀਤ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ । (ਵਾਰ ਮਾਰੂ ਮਹਲਾ-3, ਵਿਚ ਸਲੋਕ-13, ਪੰਨਾ-1090)
10. ਦਰਸਨੁ ਦੇਹ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ । (ਬਾਰਹ ਮਾਹ ਤੁਖਾਰੀ-14, 1109)
11. ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ। (ਤੁਖਾਰੀ ਛੰਤ-3, ਪੰਨਾ-1111 )
12. ਪ੍ਰਣਵਤਿ ਨਾਨਕ ਦਾਸਨਿਦਾਸਾ ਤੂੰ ਸਰਬ ਜੀਆ ਪ੍ਰਤਿਪਾਲਾ । (ਤੁਖਾਰੀ ਛੰਤ-5, ਪੰਨਾ-1112)
13. ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ । (ਤੁਖਾਰੀ ਛੰਤ-5, ਪੰਨਾ-1112)
14. ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ (ਤੁਖਾਰੀ ਛੰਤ-5, ਪੰਨਾ-1112)
15. ਏ ਮਨੁ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ । (ਤੁਖਾਰੀ ਛੰਤ-6, ਪੰਨਾ-1113)
16., 17. ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲਘਾਵਏ । (ਤੁਖਾਰੀ ਛੰਤ-6, ਪੰਨਾ-1113)
18. ਤੂ ਆਪੇ ਜਾਣਹਿ ਸਰਬ ਵਿਡਾਣੀ । (ਭੈਰਉ ਪਦੇ-1, ਪੰਨਾ-1125)
19. ਮੈ ਅਵਰੁ ਨ ਦੀਸੈ ਸਰਬ ਤੋਹ । (ਬਸੰਤ-ਪਦੇ-5, ਪੰਨਾ-1169)
20. ਗੁਰਮੁਖਿ ਰਾਮਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ । (ਬਸੰਤ ਪਦੇ-5, ਪੰਨਾ-1169)

ਬੇਮੁਹਤਾਜ,[1] ਸਰੁ ਸਾਗਰੁ,[2] ਗੁਣ ਗਹੀਰ,[3] ਪਰਮ ਹੀਰ,[4] ਕਰਤਾ ਕਰਣ ਜੋਗ,[5] ਮਿਹਰਵਾਨ,[6] ਮਹੀਪਤਿ,[7] ਸ੍ਰੀਧਰ ਨਾਥ,[8] ਨਾਥਾਂ ਨਾਥਣਹਾਰਾ,[9] ਸੁਖ ਸਾਗਰ,[10] ਅੰਮ੍ਰਿਤ ਭੰਡਾਰ,[11]

ਉਹੁ ਸਾਰੇ ਹੀ ਨਾਮ ਬ੍ਰਹਮ ਦੇ ਹਨ। ਧਰਤੀ, ਅਕਾਸ਼, ਸੱਚੇ ਗੁਣਾਂ ਦਾ ਪ੍ਰਕਾਸ਼, ਜਤੀ, ਸਤੀ, ਸੰਤੋਖੀ; ਸੁਰਗ, ਮਛ, ਪਤਾਲ, ਜਟਾ ਬਿਕਟ ਬਿਕਰਾਲ, ਸਿਧ ਸਾਧਿਕ, ਰਾਜਨ ਪੰਚਾਕਾਰੀ, ਕਾਜੀ ਮੁਲਾ ਬ੍ਰਹਮ ਦੇ ਹੀ ਨਾਮ ਹਨ।[12] ਸਮੁੱਚੀ ਪ੍ਰਕ੍ਰਿਤੀ ਦੇ ਸਾਰੇ ਨਾਮ ਬ੍ਰਹਮ ਦੇ ਨਾਮ

---

1. ਬੇਮੁਹਤਾਜੁ ਬੇਅੰਤੁ ਅਪਾਰਾ। (ਬਸੰਤ ਅਸਟਪਦੀ-6, ਪੰਨਾ-1190)
2., 3. ਤੂ ਸਰੁ ਸਾਗਰ ਗੁਣ ਗਹੀਰੁ। (ਬਸੰਤ ਅਸਟਪਦੀ-7, ਪੰਨਾ-1190)
4. ਤੂ ਅਕੁਲ ਨਿਰੰਜਨੁ ਪਰਮ ਹੀਰੁ। (ਬਸੰਤ ਅਸਟਪਦੀ-7, ਪੰਨਾ-1190)
5. ਤੂੰ ਆਪੇ ਕਰਤਾ ਕਰਣ ਜੋਗੁ। (ਬਸੰਤ ਅਸਟਪਦੀ-7, ਪੰਨਾ-1190)
6. ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮਾਰੀ। (ਬਸੰਤ ਅਸਟਪਦੀ-8, ਪੰਨਾ-1190)
7. ਜੇ ਤੂ ਮੀਰ ਮਹੀਪਤਿ ਸਾਹਿਬ ਕੁਦਰਤਿ ਕਉਣ ਤੁਮਾਰੀ। (ਬਸੰਤ ਅਸਟਪਦੀ-8, ਪੰਨਾ-1191)
8. ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ। (ਸਾਰੰਗ ਅਸਟਪਦੀ-1, ਪੰਨਾ-1233)
9. ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ। (ਮਲਾਰ ਪਦੇ-3, ਪੰਨਾ-1255)
10., 11. ਸੁਖ ਸਾਗਰ ਅੰਮ੍ਰਿਤ ਭੰਡਾਰਾ। (ਪ੍ਰਭਾਤੀ ਪਦੇ-11, ਪੰਨਾ-1330)
12. ਆਪੇ ਧਰਤੀ ਧਉਲੁ ਅਕਾਸੰ।
ਆਪੇ ਸਾਚੇ ਗੁਣ ਪਰਗਾਸੰ।
ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ। ---
ਆਪੇ ਸੁਰਗ ਮਛ ਪਇਆਲਾ, ਆਪੇ ਜੋਤਿ ਸਰੂਪੀ ਬਾਲਾ।
ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ। ----
ਆਪੇ ਕਾਜੀ ਆਪੇ ਮੁਲਾ, ਆਪਿ ਅਭੁਲੁ ਨ ਕਬਹੂ ਭੁਲਾ। (ਮਾਰੂ ਸੋਹਲੇ-2, ਪੰਨਾ-1021-22)

ਹਨ ।[1] ਭਵਰਾ, ਫੁੱਲ, ਵੇਲ, ਸੰਗਤ, ਮਿਤ੍ਰ, ਮੇਲ, ਤਰਵਰ, ਬਨ, ਕਵਲਾ, ਕੰਤ, ਸ਼ਬਦ, ਬਛਰਾ, ਗਊ, ਖੀਰ, ਮੰਦਰੁ, ਥੰਮੁ, ਸਰੀਰ, ਸਭ ਬ੍ਰਹਮ ਦੇ ਨਾਮ ਹਨ ।[2]

ਇਸ ਤੋਂ ਇਲਾਵਾ ਵੀ ਗੁਰੂ ਸਾਹਿਬ ਨੇ ਬ੍ਰਹਮ ਦੇ ਅਨੇਕਾਂ ਮਨੁੱਖੀ ਗੁਣਾਂਵਾਚਕ ਅਤੇ ਸਬੰਧ ਸੂਚਕ ਨਾਮ ਲਿਖੇ ਹਨ ਜਿਵੇਂ:- ਭਤਾਰ,[3] ਸਾਹਿਬ,[4] ਰੀਸਾਲੂ,[5] ਨਓਤਨੋ,[6] ਰਾਜਨ, ਅਲਾਹ, ਅਲੱਖ, ਅਗਮ, ਕਾਦਰ,[8] ਸੁਜਾਣ,[9] ਅਬਿਨਾਸੀ,[10] ਪਿਰ,[11] ਪ੍ਰੀਤਮ,[12] ਮੁਰਾਰੀ,[13]

---

1. । ਘਟਿ ਘਟਿ ਰੂਪੁ ਅਨੂਪੁ ਦਇਆਲਾ । (ਮਾਰੂ ਸੋਹਲੇ-11, ਪੰਨਾ-1031)
   ।। ਤੇਰੀ ਗਤਿ ਅਵਿਗਤਿ ਨਹੀ ਜਾਣੀਐ, ਅਣਜਾਣਤ ਨਾਮੁ ਵਖਾਣੀਐ । 3 ।
   ਨਾਨਕ ਵੇਚਾਰਾ ਕਿਆ ਕਰੈ, ਸਭੁ ਲੋਕੁ ਸਲਾਹੇ ਏਕਸੈ, ਸਿਰੁ ਨਾਨਕ ਲੋਕਾ ਪਾਵਹੈ ।
   ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ । (ਬਸੰਤ ਪਦੇ-2, ਪੰਨਾ-1168)
2. ਆਪੇ ਭਵਰਾ ਫੂਲ ਬੇਲਿ ਆਪੇ ਸੰਗਤਿ ਮੀਤ ਮੇਲਿ ।
   ਐਸੀ ਭਵਰਾ ਬਾਸੁ ਲੇ ਤਰਵਰ ਫੂਲੇ ਬਨ ਹਰੇ ।
   ਆਪੇ ਕਵਲਾ ਕੰਤੁ ਆਪਿ, ਆਪੇ ਰਾਵੇ ਸਬਦਿ ਥਾਪਿ ।
   ਆਪੇ ਬਛਰੂ ਗਊ ਖੀਰ, ਆਪੇ ਮੰਦਰੁ ਥੰਮੁ ਸਰੀਰ ।
   ਆਪੇ ਕਰਣੀ ਕਰਣਹਾਰ, ਆਪੇ ਗੁਰਮੁਖਿ ਕਰਿ ਬੀਚਾਰੁ । (ਬਸੰਤ ਅਸਟਪਦੀ-7, ਪੰਨਾ-1190)
3. ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ । (ਸਿਰੀ ਪਦੇ-25, ਪੰਨਾ-23)
4. ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ । (ਸਿਰੀ ਪਦੇ-25, ਪੰਨਾ-23)
5., 6. ਪਿਰ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ । (ਸਿਰੀ ਅਸਟਪਦੀ-2, ਪੰਨਾ-54)
7. ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ । (ਸਿਰੀ ਅਸਟਪਦੀ-6, ਪੰਨਾ-56)
8. ਅਲਾਹੁ ਅਲਖੁ ਅਗੰਮ ਕਾਦਰ ਕਰਣ ਹਾਰੁ ਕਰੀਮ । (ਸਿਰੀ ਅਸਟਪਦੀ-17, ਪੰਨਾ-64)
9. ਤੂ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ । (ਵਾਰ ਮਾਝ-1, ਪੰਨਾ-137)
10. ਕਿਤੁ ਅਬਿਨਾਸੀ ਸਹਜਿ ਸਮਾਵੈ, ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ।
    (ਗਉੜੀ ਪਦੇ-6, ਪੰਨਾ-152)
11. ਸਾਧਨ ਦੁਬਲੀਆ ਜੀਉ ਪਿਰ ਕੇ ਹਾਵੈ । (ਗਉੜੀ ਛੰਤ-1, ਪੰਨਾ-242)
12. ਸਰਬ ਨਿਰੰਤਰਿ ਪ੍ਰੀਤਮ ਬਾਲਾ । (ਗਉੜੀ ਅਸਟਪਦੀ-5, ਪੰਨਾ-223)
13. ਗੁਰਮਤਿ ਜਾਨਿਆ ਰਿਦੈ ਮੁਰਾਰੀ । (ਗਉੜੀ ਅਸਟਪਦੀ-10, ਪੰਨਾ-225)

ਕਰਤਾਰ,[1] ਪੂਰਨ,[2] ਭਗਵਾਨ,[3] ਬਖਸਿੰਦ,[4] ਸਾਰਾ,[5] ਏਕੋ,[6] ਲਾਲ,[7] ਦਾਮੋਦਰ,[8]
ਭਰਪੂਰ,[9] ਅਪਰੰਪਰ,[10] , ਨਿਰੰਜਨ,[11] ਏਕੰਕਾਰ,[12] ਮੀਤ,[13] ਆਦਿ,[14] ਅਪਾਰ,[15]
ਹੀਰਾ,[16] ਅਭੁਲ,[17] ਪਾਰਖੂ,[18] ਮੁਕਾਮ,[19] ਅਫਾਰੁ,[20] ਅਟਲ,[21] ਅਛਲੁ,[22] ਗੋਸਾਈ,[23]

---

1. ਜਾ ਤੂ ਕਰਣਹਾਰੁ ਕਰਤਾਰੁ । (ਆਸਾ ਪਦੇ-3, ਪੰਨਾ-349)
2., 3. ਸਰਬ ਜੋਤਿ ਪੂਰਨ ਭਗਵਾਨ । (ਆਸਾ ਪਦੇ-11, ਪੰਨਾ-352)
4. ਆਪੇ ਕਰੇ ਆਪੇ ਬਖਸਿੰਦੁ । (ਆਸਾ ਪਦੇ-11, ਪੰਨਾ-352)
5. ਸਾਰਾ ਰਵਿ ਰਹਿਆ ਪ੍ਰਭੁ ਸੋਇ । (ਆਸਾ ਪਦੇ-28, ਪੰਨਾ-357)
6. ਜਹ ਦੇਖਾ ਤਹ ਏਕੋ ਸੋਈ । (ਆਸਾ ਪਦੇ-28, ਪੰਨਾ-357)
7. ਲਾਲ ਬਹੁ ਗੁਣਿ ਕਾਮਣਿ ਮੋਹੀ । (ਆਸਾ ਪਦੇ-35, ਪੰਨਾ-359)
8. ਹਰਿ ਹਰਿ ਹਾਰ ਕੰਠਿ ਲੇ ਪਹਿਰੈ ਦਾਮੋਦਰੁ ਦੰਤ ਲੇਈ । (ਆਸਾ ਪਦੇ-35, ਪੰਨਾ-359)
9. ਜਲੁ ਮਹਿ ਜੋਤਿ ਰਹਿਆ ਭਰਪੂਰਿ । (ਆਸਾ ਅਸਟਪਦੀ-1, ਪੰਨਾ-411)
10. ਕਹੁ ਨਾਨਕ ਅਪਰੰਪਰਮਾਨੁ । (ਗਉੜੀ ਅਸਟਪਦੀ-6, ਪੰਨਾ-223)
11. ਸਭ ਮਹਿ ਏਕ ਨਿਰੰਜਨ ਸੋਈ । (ਗਉੜੀ ਅਸਟਪਦੀ-5, ਪੰਨਾ-223)
12. ਮਨੁ ਮਾਨੈ ਹਰਿ ਏਕੰਕਾਰੁ । (ਗਉੜੀ ਅਸਟਪਦੀ-3, ਪੰਨਾ-222)
13. ਤੁਝ ਬਿਨੁ ਕੋਇ ਨ ਦੇਖਉ ਮੀਤ । (ਗਉੜੀ ਅਸਟਪਦੀ-1, ਪੰਨਾ-221)
14., 15., 16. ਆਦਿ ਅਪਾਰੁ ਅਪਰੰਪਰੁ ਹੀਰਾ ।
ਲਾਲਿ ਰਤਾ ਮੇਰਾ ਮਨੁ ਧੀਰਾ । (ਆਸਾ ਪਦੇ-17, ਪੰਨਾ-354)
17. ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ । (ਸਿਰੀ ਅਸਟਪਦੀ-12, ਪੰਨਾ-61)
18. ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ । (ਸ੍ਰਿਰੀ ਅਸਟਪਦੀ-13, ਪੰਨਾ-61)
19. ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ । (ਸਿਰੀ ਅਸਟਪਦੀ-17, ਪੰਨਾ-64)
20., 21., 22. ਮਾਹਰੋ ਮੋਲਿ ਭਾਰਿ ਅਫਾਰੁ ।
ਅਟਲ ਅਛਲੁ ਗੁਰਮਤੀ ਧਾਰ । (ਆਸਾ ਅਸਟਪਦੀ-3, ਪੰਨਾ-413)
23. ਇਹੁ ਜਗੁ ਤੇਰਾ ਤੂ ਗੋਸਾਈ । (ਆਸਾ ਅਸਟਪਦੀ-12, ਪੰਨਾ-417)

ਸਿਰੰਦਾ[1], ਜਾਨੀ[2], ਕੂੜੇ[3], (ਸੁੰਦਰ) ਜੋਤ[4], ਪੂਰਾ[5], ਗਾਉਰਾ[6], ਅਗੰਮ[7], ਅਗੋਚਰ[8], ਅਜਾਤਿ[9], ਅਜੋਨੀ[10], ਸੰਭਉ[11], ਸੁਰਤਿ[12], ਮੂਰਤਿ[13], ਹਕਾ[14], ਕਬੀਰ[15], ਨਿਹਾਲ[16], ਅਤੋਲਵਾ[17], ਵਰ[18], ਸਾਜਨ[19], ਅਮਰ[20], ਅਡੋਲ[21], ਅਮੋਲ[22], ਸੁਲਤਾਨ[23], ਅਕਥ[24], ਸਬਦ[25], ਨਿਸਾਨ[26], ਸੁਰਤਾ[27], ਜਾਣੂ[28], ਅਭੇਉ[29], ਕਿਰਪਾਲੂ[30], ਕਰਤਾ[31], ਅਫਰਿਓ[32],

---

1. ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ। (ਵਡਹੰਸ ਅਲਾਹੁਣੀਆ-1, ਪੰਨਾ-578)
2. ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਸੰਸਾਰੇ । (ਵਡਹੰਸ ਅਲਾਹੁਣੀਆ-3, 580)
3. ਘਰਿ ਘਰਿ ਕੰਤ ਮਹੇਲੀਆ ਕੂੜੇ ਹੇਤਿ ਪਿਆਰੇ । (ਵਡਹੰਸ ਅਲਾਹੁਣੀਆ-3, 581)
4. ਜਹ ਜਹ ਦੇਖਾ ਤਹ ਜੋਤਿ ਤੁਮਾਰੀ ਮੇਰਾ ਰੂਪੁ ਕਿਨੇਹਾ । (ਸੋਰਠ ਪਦੇ-4, ਪੰਨਾ-596)
5., 6. ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ । (ਸੋਰਠ ਪਦੇ-5, ਪੰਨਾ-597)
7., 8. , 9., 10. , 11. ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲ ਨ ਕਰਮਾ
ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ । (ਸੋਰਠ ਪਦੇ-6, ਪੰਨਾ-597)
12., 13. ਸੁਰਤਿ ਮੂਰਤਿ ਆਦਿ ਅਨੂਪੁ ਨਾਨਕ ਜਾਚੈ ਸਾਚੁ ਸਰੂਪ (ਧਨਾਸਰੀ ਅਸਟਪਦੀ-1, 686)
14., 15. ਹਕਾ ਕਬੀਰ ਕਰੀਮ ਤੂ ਬੇਐਬ ਪਰਵਰਦਗਾਰ । (ਤਿਲੰਗ ਚਉਪਦੇ-1, ਪੰਨਾ-721)
16. ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ । (ਸੂਹੀ ਪਦੇ-6, ਪੰਨਾ-730)
17. ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ। (ਸੂਹੀ ਸੁਚਜੀ-ਪੰਨਾ-762)
18. ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ । (ਸੂਹੀ ਛੰਤ-1, ਪੰਨਾ-763)
19. ਹਮ ਘਰ ਸਾਜਨ ਆਏ । (ਸੂਹੀ ਛੰਤ-2, ਪੰਨਾ-764)
20., 21., 22., ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ । (ਸੂਹੀ ਛੰਤ-3, ਪੰਨਾ-765)
23. ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ । (ਬਿਲਾਵਲ ਪਦੇ-1, ਪੰਨਾ-795)
24. ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ । (ਬਿਲਾਵਲ ਪਦੇ-1, ਪੰਨਾ-795)
25., 26., 27., 28. ਆਪੇ ਸਬਦੁ ਆਪੇ ਨਿਸਾਨੁ , ਆਪੇ ਸੁਰਤਾ ਆਪੇ ਜਾਨੁ ।
(ਬਿਲਾਵਲ ਪਦੇ-3, ਪੰਨਾ-795, 96)
29. ਹਮ ਜਾਚਿਕ ਤੂ ਅਲਖ ਅਭੇਉ । (ਬਿਲਾਵਲ ਪਦੇ-3, ਪੰਨਾ-796)
30. ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਅ। (ਬਿਲਾਵਲ ਛੰਤ-2, ਪੰਨਾ-843)
31., 32. ਇਸ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ।
(ਰਾਮਕਲੀ ਓਅੰਕਾਰ-6, ਪੰਨਾ-930)

1 ਅਸਰੂਪ, 2 ਦੇਉ, 3 ਗਗਨ, 4 ਅਨਾਥ, 5 ਥਨੰਤਰੀ, 6 ਗੋਵਿੰਦ, 7 ਸਰਵਰ, 8 ਹੰਸ, 9 ਅਕੁਲੀਣ,
10 ਧਨ, 11 ਅਗਾਧਿ, 12 ਗੁਰਦੇਵ, 13 ਰਾਖਾ, 14 ਅਮੋਲਕ, 15 ਦਇਆਲ, 16 ਅਤੀਤ,
17 ਨਿਹਚਲ, 18 ਚਤੁਰ, 19 ਅਸਥਿਰੁ, 20 ਮੀਰ, 21 ਪ੍ਰਾਨ, 22 ਸਾਗਰ,

---

1. ਉਗਵਿਆ ਅਸਰੂਪੁ ਦਿਖਾਵੈ । (ਰਾਮਕਲੀ ਓਅੰਕਾਰ-8, ਪੰਨਾ-930)

2. ਆਪੇ ਕਰਤਾ ਆਪੇ ਦੇਉ । (ਰਾਮਕਲੀ ਦਖਣੀ ਓਅੰਕਾਰ-8, 930)

3., 4. ਗਗਨ ਅਗੰਮ ਅਨਾਥੁ ਅਜੋਨੀ । (ਰਾਮਕਲੀ ਓਅੰਕਾਰ-20, ਪੰਨਾ-932)

5. ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰ । (ਰਾਮਕਲੀ ਓਅੰਕਾਰ-34, ਪੰਨਾ-934)

6. ਦੁਰਜਨ ਤੇ ਸਜਨ ਭਏ ਭੇਟੇ ਗੁਰ ਗੋਬਿੰਦ । (ਰਾਮਕਲੀ ਓਅੰਕਾਰ-36, ਪੰਨਾ-934)

7., 8. ਸਾਜਨ ਮੀਤ ਸੁਜਾਣੁ ਤੂ ਤੂ ਸਰਵਰੁ ਤੂ ਹੰਸ । (ਰਾਮਕਲੀ ਓਅੰਕਾਰ-48, ਪੰਨਾ-937)

9. ਰੂਪੁ ਨਾ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁਸਾਰ ।
(ਰਾਮਕਲੀ ਸਿਧ ਗੋਸਟਿ-67, 945)

10. ਇਹ ਧਨੁ ਸਰਬ ਰਹਿਆ ਭਰਪੂਰਿ । (ਮਾਰੂ ਪਦੇ-8, ਪੰਨਾ-991)

11. ਹਰਿ ਅਗਮ ਅਗਾਹੁ ਅਗਾਧਿ ਨਿਰਾਲਾ । (ਮਾਰੂ ਸੋਹਲੇ-8, ਪੰਨਾ-1027)

12. ਸਰਣਿ ਪਰੇ ਗੁਰਦੇਵ ਤੁਮਾਰੀ । (ਮਾਰੂ ਸੋਹਲੇ-11, ਪੰਨਾ-1031)

13. ਐਥੈ ਓਥੈ ਰਾਖਾ ਪ੍ਰਭੁ ਸੋਈ । (ਮਾਰੂ ਸੋਹਲੇ-11, ਪੰਨਾ-1031)

14. ਅਮਰ ਅਡੋਲੁ ਅਪਾਰ ਅਮੋਲਕ ਹਰਿ ਅਸਥਿਰ ਥਾਨਿ ਸਹਾਇਆ ।
(ਮਾਰੂ ਸੋਹਲੇ-19, ਪੰਨਾ-1039)

15. ਆਪਿ ਦਇਆਲਿ ਦਇਆ ਪ੍ਰਭਿ ਧਾਰੀ । (ਮਾਰੂ ਸੋਹਲੇ-19, ਪੰਨਾ-1040)

16. ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ (ਮਾਰੂ ਸੋਹਲੇ-21, ਪੰਨਾ-1042)

17., 18. ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲ ਜਗਤ ਸਬਾਇਆ ।
(ਬਾਰਾ ਮਾਹ ਤੁਖਾਰੀ-13, 1109)

19. ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ । (ਤੁਖਾਰੀ ਛੰਤ-5, ਪੰਨਾ-112)

20 ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ । (ਬਸੰਤ ਅਸਟਪਦੀ-8, ਪੰਨਾ-1191)

21. ਪੂਰਨਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ । (ਸਾਰੰਗ ਪਦੇ-1, ਪੰਨਾ-1197)

22. ਗਹਿਰ ਗੰਭੀਰ ਸਾਗਰ ਰਤਨਾਗਰੁ ਅਵਰ ਨਹੀ ਅਨਪੂਜਾ । (ਸਾਰੰਗ ਅਸਟਪਦੀ-2, ਪੰਨਾ-1233)

ਪਰ ਬ੍ਰਹਮ ਦਾ ਸੱਚਾ ਨਾਮ ਕਿਹੜਾ ਹੈ ? ਇਸ ਬਾਰੇ ਫੁਰਮਾਨ ਹੈ:-

"ਤੇਰਾ ਸਚੁ ਨਾਮੁ ਪਰਮੇਸਰਾ ਤੇਰੀ ਗਤਿ ਅਵਿਗਤਿ ਨਹੀ ਜਾਣੀਐ"

(ਬਸੰਤ ਪਦੇ-2, ਪੰਨਾ-1168)

ਅਤੇ

"ਨਾਉ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨ ਜਾਈਐ ।(ਵਾਰ ਆਸਾ-465)

ਇੰਜ ਗੁਰੂ ਨਾਨਕ ਦੇਵ ਜੀ ਆਪਣਾ ਹਰ ਪ੍ਰਕਾਰ ਦਾ ਅਨੁਭਵ ਦਰਸਾਉਣ ਲਈ ਕਦੀ ਪਰਮਾਤਮਾ ਦੇ ਗੁਣ ਗਾਉਣ ਲਈ, ਕਦੇ ਉਸ ਦੀ ਸਮਰੱਥਾ ਜਤਾਉਣ ਲਈ, ਕਦੀ ਉਸ ਦਾ ਸਿਰਜਨਾ ਨਾਲ ਸਬੰਧ ਦਰਸਾਉਣ ਲਈ ਅਤੇ ਕਦੀ ਆਪਣਾ ਵਿਸਮਾਦ ਭਰਿਆ ਅਨੁਭਵ ਵਿਅਕਤ ਕਰਨ ਲਈ ਬ੍ਰਹਮ ਨੂੰ ਅਨੇਕ ਪ੍ਰਕਾਰ ਦੇ "ਨਾਮਾਂ" ਨਾਲ ਸੁਸ਼ੋਭਤ ਕਰਦੇ ਹਨ । ਪਰਮਾਤਮਾ ਸਭ ਕੁੱਝ ਹੈ , ਤੇ ਸਾਰੇ ਨਾਮ ਉਸੇ ਦੇ ਨਾਮ ਹਨ ਇਸ ਲਈ ਗੁਰੂ ਸਾਹਿਬ ਕੋਈ "ਨਾਮ" ਵਰਤਣ ਲੱਗੇ ਇਸ ਗੱਲ ਦਾ ਖਿਆਲ ਨਹੀਂ ਰੱਖਦੇ ਕਿ ਇਹ ਨਾਮ ਸਾਮੀ ਹੈ, ਜਾਂ ਭਾਰਤੀ ਹੈ, ਸਵੈ ਅਨੁਭੂਤੀ ਨਾਮ ਹੈ ਜਾਂ ਪਰ ਅਨੁਭੂਤੀ ਨਾਮ । ਉਹ ਬੱਸ ਨਾਮ ਨੂੰ ਪਰਮਾਤਮਾ ਦੇ ਵੱਲ ਇੱਕ ਸੰਕੇਤ ਦੇ ਤੌਰ ਤੇ ਹੀ ਮਹੱਤਵ ਦੇਂਦੇ ਹਨ ।

ਪਰ ਇਨ੍ਹਾਂ ਅਨੇਕਾਂ ਨਾਮਾਂ ਤੋਂ ਇਲਾਵਾ ਇਕ ਸਰਵ-ਵਿਆਪਕ ਨਾਮ ਵੀ ਹੈ । ਏਹ ਕੇਵਲ ਇੱਕ ਹੈ ਅਤੇ ਹਰ ਥਾਂ ਆਪਣੇ ਭਰਪੂਰ ਰੂਪ ਵਿੱਚ ਵਰਤ ਰਿਹਾ ਹੈ ਇਹ ਨਾਮ ਪਰਮਾਤਮਾ ਦਾ ਆਪਣਾ ਹੀ ਸ਼ਬਦ ਰੂਪ ਹੈ , ਜੋ ਦ੍ਰਿਸ਼ਟਮਾਨ ਸ੍ਰਿਸ਼ਟੀ ਪਿਛੇ ਅਦ੍ਰਿਸ਼ਟਮਾਨ ਬ੍ਰਹਮ ਸ਼ਕਤੀ ਦਾ ਇਕ ਅਪਾਰ ਖਜ਼ਾਨਾ ਹੈ ਜਿਸ ਬਾਰੇ ਗੁਰੂ ਸਾਹਿਬ ਲਿਖਦੇ ਹਨ:-

"ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ, ਚਹੁ ਦਿਸਿ ਨਾਮੁ ਪਤਾਲੰ ।
ਸਭ ਮਹਿ ਸ਼ਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ।"[1]

ਸੋ ਇਹ ਚਹੁ ਦਿਸ਼ਾਵਾਂ ਵਿੱਚ, ਵਰਤ ਰਹੇ ਹੁੱਕਮ ਦੇ ਨਾਲ ਇਹ "ਨਾਮ" ਵੀ ਵਰਤ ਰਿਹਾ ਹੈ, ਜਿਹੜਾ ਕਿ "ਸ਼ਬਦ" ਹੈ, ਜੋ ਕਿ ਅਸਲ ਵਿੱਚ ਪ੍ਰਭੂ ਸਚਾ ਆਪ ਹੀ ਹੈ ।

1. ਮਲਾਰ ਅਸਟਪਦੀ- 1, ਪੰਨਾ-1275)

ਉਪਰੋਕਤ ਸਾਰੇ ਨਾਮ ਬ੍ਰਹਮ ਦੇ ਸਰਵ-ਵਿਆਪਕ ਨਾਮ ਵਿੱਚ ਸਮਾ ਜਾਂਦੇ ਹਨ। ਇਸ ਤਰ੍ਹਾਂ ਨਾਮਾਂ ਦੇ ਦੋ ਰੂਪ ਹਨ :-

1. ਸਰਗੁਣ ਨਾਮ- ਸਾਰੀਆਂ ਦ੍ਰਿਸ਼ਟਮਾਨ ਚੀਜ਼ਾਂ ਦੇ ਨਾਮ।
2. ਨਿਰਗੁਣ ਨਾਮ- ਜੋ ਸਭ ਤੋਂ ਮਨਾ ਵਿਚ ਸਮਾਇਆ ਹੋਇਆ ਹੈ। ਜਿਸ ਵਿੱਚ ਸਾਰੀਆਂ ਵਸਤਾਂ ਦੇ ਨਾਮ ਸਮਾਏ ਹੋਏ ਹਨ। ਜੋ ਸਭ ਦੀ ਉੱਚੀ ਸੁਰਤਿ ਹੈ, ਜਿਸ ਵਿੱਚ ਸਭ ਦੀ ਸੁਰਤੀ ਹੈ, ਜਿਸ ਵਿੱਚ ਗੁਰਮੁਖ ਵਿਅਕਤੀਆਂ ਦੀ ਸੁਰਤੀ ਨਿਵਲੀਨ ਹੁੰਦੀ ਹੈ ਅਤੇ ਉਹ ਸਹਿਜ ਵਿੱਚ ਆਉਂਦੇ ਹਨ।

ਪਰਮਾਤਮਾ ਅੰਤਰਜਾਮੀ ਹੈ, ਉਹ ਦਿੱਲਾਂ ਦੀਆਂ ਜਾਣਦਾ ਹੈ, ਇਸ ਲਈ ਉਸਨੂੰ ਕਿਸੇ ਖਾਸ ਬੋਲੀ ਜਾਂ ਪ੍ਰਤੀਕ ਦੁਆਰਾ ਸਮਝਾਣ ਦੀ ਲੋੜ ਨਹੀਂ। ਇਸ ਲਈ ਗੁਰੂ ਨਾਨਕ ਨੇ ਪਰਮਾਤਮਾ ਦਾ ਕੋਈ ਨਿਸਚਿਤ ਨਾਮ ਨਹੀਂ ਦਸਿਆ ਕਿਉਂਕਿ ਪਰਮਾਤਮਾ ਦੇ ਨਾਮਾਂ ਦੀ ਸੰਖਿਆ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਸ ਦੇ ਨਾਮ ਬੇਅੰਤ ਹਨ। ਪਰਮਾਤਮਾ ਨੂੰ ਕਿਸੇ ਵਿਸ਼ੇਸ਼ ਨਾਮ ਦੇ ਅੰਤਰਗਤ ਸੀਮਤ ਨਹੀਂ ਕੀਤਾ ਜਾ ਸਕਦਾ। ਸਾਰੇ ਨਾਮ ਇਸ਼ਟ ਭਾਵਨਾ ਨੂੰ ਪ੍ਰਗਟਾਉਣ ਦੇ ਪ੍ਰਤੀਕ ਹਨ। ਅਨੰਤ ਇਸ਼ਟ ਭਾਵਨਾਵਾਂ ਅਤੇ ਅਨੁਭੂਤੀਆਂ ਕਰਕੇ ਪਰਮਾਤਮਾ ਦੇ ਨਾਮ ਵੀ ਅਨੰਤ ਹੋ ਗਏ ਹਨ। ਵਾਸਤਵਿਕ ਨਾਮ ਤਾਂ ਉਹ ਹੈ ਜੋ ਪਰਮਾਤਮਾ ਦੇ ਅਸਤਿਤਵ ਦਾ ਬੋਧ ਕਰਾਉਂਦਾ ਹੈ। ਅਜਿਹਾ ਨਾਮ "ਸਤਿ" ਹੈ। ਮੂਲ ਮੰਤ੍ਰ ਤੋਂ ਇਲਾਵਾ ਸਾਰੀ ਗੁਰੂ ਨਾਨਕ ਬਾਣੀ ਵਿਚ ਇਸੇ ਨਾਮ ਦਾ ਅਧਿਕ ਬਿਆਨ ਹੈ। ਇਹ ਨਾਮ ਇਸ਼ਟ-ਭਾਵਨਾਵਾਂ ਦੀਆਂ ਸੰਪ੍ਰਦਾਇਕ ਰੁਚੀਆਂ ਤੋਂ ਮੁਕਤ ਅਤੇ ਸਾਰੀਆਂ ਆਸਤਿਕ ਪਰੰਪਰਾਵਾਂ ਦੁਆਰਾ ਸਵੀਕ੍ਰਿਤ ਹੈ। ਅਨੁਭੂਤੀਆਂ ਦੇ ਘੇਰੇ ਵਿਚ ਵੀ ਇਹ ਨਹੀਂ ਆਉਂਦਾ ਕਿਉਂਕਿ ਪਰਮਾਤਮਾ ਅਨੁਭੂਤੀ ਦਾ ਜਨਮ ਪ੍ਰਭੂ ਦੇ ਅਸਤਿਤਵ ਨੂੰ ਮੰਨਣ ਤੋਂ ਬਾਅਦ ਹੁੰਦਾ ਹੈ।

ਡਾ: ਜੱਗੀ ਨਾਮ ਦੀਆਂ ਦੋ ਕਿਸਮਾਂ ਲਿਖਦੇ ਹਨ:-

1. ਪਰਮਾਤਮਾ ਪ੍ਰਤਿ ਅਨੁਰਕਤੀ ਦੀ ਭਾਵਨਾ ਪੈਦਾ ਕਰਨ ਲਈ ਅਤੇ ਆਪਣੇ ਆਸਤਿਕ ਭਾਵਾਂ ਨੂੰ ਜਨ ਸਧਾਰਣ ਦੀ ਬੁੱਧੀ ਦੇ ਅਨੁਕੂਲ ਬਣਾਉਣ ਲਈ ਪਰੰਪਰਾਗਤ ਨਾਮ।
2. ਨਾਮ ਦਾ ਵਸ਼ਿਸ਼ਟ ਰੂਪ।

ਪਹਿਲੀ ਪ੍ਰਕਾਰ ਦੇ ਨਾਮਾਂ ਨੂੰ ਉਹ ਤਿੰਨ ਹਿੱਸਿਆਂ ਵਿੱਚ ਵੰਡਦੇ ਹਨ- ਭਾਰਤੀ ਨਾਮ, ਸਾਮੀ ਨਾਮ ਅਤੇ ਅਨੁਭੂਤੀ ਜਨਕ ਨਾਮ। ਨਾਮ ਦਾ ਵਿਸ਼ਿਸ਼ਟ ਰੂਪ:- "ਨਾਮ ਇਕ ਸਰਬ ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਭਰਪੂਰ ਹੈ। ਇਹ ਸਰਵ-ਵਿਆਪਕ ਨਾਮ ਕੇਵਲ ਇਕ ਹੈ ਅਤੇ ਉੱਤਮ ਹੈ।[1]

---

1. ਗੁਰੂ ਨਾਨਕ ਦੀ ਵਿਚਾਰਧਾਰਾ" ਕ੍ਰਿਤ ਡਾ: ਰਤਨ ਸਿੰਘ ਜੱਗੀ। (ਪੰਨਾ-357)

ਜਦੋਂ ਕਿ ਡਾ: ਕੇ. ਐਲ. ਐਸ. ਰਾਉ ਦਾ ਕਥਨ ਹੈ ਕਿ ਉਹ ਸਭ ਜੋ ਵੀ ਮਨੁੱਖੀ ਮਨ ਅਨੁਭਵ ਕਰ ਸਕਦਾ ਹੈ, ਨਾਮ ਹੈ। ਉਸ ਦਾ ਨਾਮ ਉਸ ਦਾ ਉਨਾਂ ਨੂੰ ਆਪਾ ਹੀ ਹੈ, ਜਿਨਾਂ ਨੂੰ[1] ਉਹ ਮਨੁੱਖੀ ਵਿਚਾਰ ਸ਼ਕਤੀ ਦੀ ਪਕੜ ਵਿੱਚ ਆ ਸਕਦਾ ਹੈ।

ਇਸ ਤਰਾਂ, ਨਾਮ ਅਸੀਮ ਨੂੰ ਸੁਸੀਮ ਕਰਦਾ ਹੈ। ਮਨੁੱਖ ਅਸੀਮ ਬ੍ਰਹਮ ਨੂੰ ਸੀਮਤ ਰੂਪ ਦੇਕੇ ਹੀ ਆਪਣੀ ਸੀਮਤ ਬੁੱਧੀ ਦੀ ਸਮਝ ਵਿੱਚ ਲੈ ਸਕਦਾ ਹੈ ਅਤੇ ਬ੍ਰਹਮ ਵੱਲ ਅਕਰਸ਼ਤ ਹੋ ਸਕਦਾ ਹੈ। ਬ੍ਰਹਮ ਨੂੰ ਕੋਈ ਵੀ ਨਾਮ ਦੇਣ ਤੋਂ ਭਾਵ ਹੈ ਕਿ ਜੀਵ ਨੇ ਆਪਣੇ ਅੰਦਰ ਇਕ ਪ੍ਰਕਾਰ ਦਾ ਸੰਕਲਪ ਬਣਾ ਕੇ ਉਸ ਨਾਲ ਇਕ ਰਿਸ਼ਤਾ ਬਣਾ ਲਿਆ ਹੈ।

ਨਾਮ ਅਤੇ ਨਾਮੀ ਵਿੱਚ ਅਜਿਹੇ ਰਿਸ਼ਤੇ ਕਾਰਨ ਹੀ ਗੁਰੂ ਸਾਹਿਬ ਨਾਮ ਸਿਮਰਨ ਤੇ ਜ਼ੋਰ ਦਿੰਦੇ ਹਨ। ਨਾਮ ਨੂੰ ਇਕ ਪ੍ਰਕਾਰ ਦੀ ਅੰਨ੍ਹੇ ਦੀ ਡੰਗੋਰੀ ਕਹਿੰਦੇ ਹਨ।[2] ਗੁਰੂ ਨਾਨਕ ਲਿਖਦੇ ਹਨ ਕਿ ਮੈਂ ਆਪ ਤਾਂ ਸਰਵ-ਵਿਆਪਕ ਨਾਮ ਵਿੱਚ ਵੱਸਦਾ ਹਾਂ ਅਤੇ ਨਾਮ ਮੇਰੇ ਮਨ ਵਿੱਚ ਵੱਸਦਾ ਹੈ।[3] ਪਹਿਲਾ ਸਰਵ ਵਿਆਪਕ ਨਿਰਗੁਣ ਨਾਮ ਅਤੇ ਮਨ ਵਿੱਚ ਵੱਸਣ ਵਾਲਾ ਸ਼ਬਦ ਰੂਪ ਵਿੱਚ ਆਇਆ ਸਰਗੁਣ ਨਾਮ ਹੈ। ਇਹ ਨਾਮ ਕੋਈ ਵੀ ਹੋ ਸਕਦਾ ਹੈ ਕਿਉਂਜੋ ਗੁਰੂ ਸਾਹਿਬ ਆਪ ਹੀ ਫੁਰਮਾਉਂਦੇ ਹਨ:-

"ਨਾਉ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨ ਜਾਈਐ। (ਵਾਰ ਆਸਾ-5, 465)

ਆਪ ਹੀ ਇਹ ਵੀ ਲਿਖਦੇ ਹਨ:-

---

1. All is God's name, His name is He Himself, adapted to a man's power of perception." ◊ The journal of Sikh Philosophy, Guru Nanak & the Concept of Name. Page-25.

2. ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ।
   ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ। (ਆਸਾ ਅਸਟਪਦੀ-22, ਪੰਨਾ-422)

3. ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ। (ਸਿਰੀ ਅਸਟਪਦੀ-9, ਪੰਨਾ-55 )

"ਰਾਮ ਨਾਮ ਜਪਿ ਦਿਨਸ ਰਾਤਿ
ਗੁਰਮੁਖਿ ਹਰਿ ਧਨੁ ਜਾਨੁ" (ਸਿਰੀ ਪਦੇ-19, ਪੰਨਾ-21.)

ਫਿਰ ਇਸ ਤਰਾਂ ਵੀ ਫੁਰਮਾਨ ਹੈ ਕਿ :-

"ਹਰਿ ਹਰਿ ਜਪਹੁ ਪਿਆਰਿਆ
ਗੁਰਮਤਿ ਲੇ ਹਰਿ ਬੋਲਿ।" (ਸਿਰੀ ਪਦੇ-21, ਪੰਨਾ-22)

ਤੇ ਮਲਾਰ ਦੀ ਵਾਰ ਦੇ ਇਕ ਸਲੋਕ ਵਿੱਚ ਇਸ ਤਰਾਂ ਲਿਖਿਆ ਹੈ -:-

"ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ "(ਵਾਰ ਮਲਾਰ-, ਪੰਨਾ-1286)

ਆਪ ਹੀ ਉਨਾਂ ਇਹ ਵੀ ਲਿਖਿਆ ਹੈ:-

੧ ਓ ਸਤਿਨਾਮ ਕਰਤਾ ਪੁਰਖ ਨਿਰਭਓ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"

ਜਪੁ

ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। (ਜਪੁਜੀ- ਪੰਨਾ-1)

ਉਸ ਤਰਾਂ ਸਿੱਖਾਂ ਅਨੁਸਾਰ ਪਾਠ ਤੇ ਜਾਪ ਤਿੰਨ ਹਨ:-

1. ਬਾਣੀ ਦਾ - ਜਿਵੇਂ ਨਿਤਨੇਮ ਦੀ ਬਾਣੀ ਜਪੁਜੀ ਸਾਹਿਬ ਆਦਿ ਦਾ।
2. ਮੂਲ ਮੰਤ੍ਰ ਦਾ - ੧ ਓ ਤੋਂ ਲੈਕੇ ਗੁਰਪ੍ਰਸਾਦਿ ਤੱਕ ਜਾਂ "ਹੋਸੀ ਭੀ ਸਚੁ" ਤੱਕ।
3. ਨਾਮ -ਵਾਹਿਗੁਰੂ (ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਇ--[1]

ਜਿਵੇਂ ਅਸੀਂ ਉਪਰ ਦੇਖਿਆ ਹੈ ਬ੍ਰਹਮ ਦੇ ਬਹੁਤ ਸਾਰੇ ਨਾਮ ਗੁਰੂ ਜੀ ਦੀ ਸਵੈ ਅਨੁਭੂਤੀ ਦੇ ਸੂਚਕ ਹਨ ਪਰ ਬਹੁਤ ਸਾਰੇ ਨਾਮ ਪਰੰਪਰਾਗਤ ਵੀ ਹਨ। ਇਹ ਸਾਰੇ ਪਰੰਪਰਾਗਤ ਨਾਮ ਆਪਣੇ ਭਾਵ ਕਰਕੇ ਸ਼ੁਰੂ ਤੋਂ ਹੀ ਬ੍ਰਹਮ ਵਾਚਕ ਸ਼ਬਦ ਨਹੀਂ ਰਹੇ ਜਿਵੇਂ ਰਾਮ, ਕ੍ਰਿਸ਼ਨ, ਮਾਧੋ, ਮਧੁਸੂਦਨ, ਨਰਹਰੀ ਆਦਿ ਨਾਮ ਭਾਰਤੀ ਅਵਤਾਰਾਂ ਦੇ ਹਨ। ਪਰ ਗੁਰੂ ਸਾਹਿਬ ਨੇ ਇਹਨਾਮ ਬ੍ਰਹਮ ਲਈ ਵਰਤੇ ਹਨ।

---

1. ਗੁਰਮਤਿ "ਨਾਮ" ਬਾਰੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਵਿਚਾਰ, ਸੰਗ੍ਰਹਿ ਕਰਤਾ ਸ੍ਰ: ਨਰਿੰਦਰ ਸਿੰਘ ਸੋਚ। (ਪੰਨਾ-27.)

ਉਸ ਤਰਾਂ ਸਰਵ ਵਿਆਪਕ ਨਾਮ ੳ ਹੈ ।[1] ਇਹ ਹੀ ਇਕੋ ਇਕ ਸ਼ਬਦ ਹੈ ਜਿਸ ਤੋਂ ਤਿੰਨਾਂ ਭਵਨਾਂ ਦੀ ਸਾਰ ਪ੍ਰਾਪਤ ਹੁੰਦੀ ਹੈ ।[2] ਡਾ: ਕੋਹਲੀ ਲਿਖਦੇ ਹਨ ਕਿ "ਸਤ" ਅਤੇ "ਓਅੰਕਾਰ" ਨੂੰ ਗੁਰੂ ਸਾਹਿਬ ਨੇ ਬ੍ਰਹਮ ਦੇ ਮਹੱਤਵ ਪੂਰਨ ਨਾਮ ਮੰਨਿਆ ਹੈ ।[3]

ਉਪਨਿਸ਼ਦਾਂ ਵਿੱਚ ਵੀ ੳ ਨੂੰ ਬ੍ਰਹਮ ਦਾ ਸੱਭ ਤੋਂ ਵੱਧ ਉਪਯੁਕਤ ਨਾਮ ਮੰਨਿਆ ਗਿਆ ਹੈ । ਕਿਉਂਜੋ ਇਸਦੀਆਂ ਤਿੰਨ ਮਾਤ੍ਰਾ ੳ (ਉਕਾਰ-ਉਤਪਤੀ ਕਰਨ ਵਾਲਾ) ਅ (ਅਕਾਰ- ਪਾਲਣਾ ਕਰਨ ਵਾਲਾ) ਮ (ਮਕਾਰ-ਵਿਨਾਸ ਕਰਨਾ ਵਾਲਾ ) ਬ੍ਰਹਮ ਦੇ ਬ੍ਰਹਮਾ ਬਿਸਨੁ, ਮਹੇਸ ਰੂਪਾਂ ਦੀਆਂ ਲਖਾਇਕ ਹਨ ਅਤੇ ਅਰਧ ਚੰਦ ( ਜਾਂ ਕਾਰ ) ਮਾਤ੍ਰਾ ਜਾਂ ਅਰਧ ਮਾਤ੍ਰਾ ਬ੍ਰਹਮ ਦੇ ਨਿਰਗੁਣ ਸਰੂਪ ਦੀ ਲਖਾਇਕ ਹੈ ।[4] ਪਰ ਗੁਰੂ ਸਾਹਿਬ ੳ ਤੋਂ ਅਗਾਹ ਜਾਂਦੇ ਹਨ ਅਤੇ ਇਕੱਲੇ ੳ ਦੀ ਬਜਾਏ "੧ ੳ" ਨੂੰ ਮਹੱਤਵ ਦੇਂਦੇ ਹਨ । "੧" ਅੰਸ਼ਾਂ ੧ ਹੈ ਤੇ ੳ ਵਿੱਚ ਸਾਰੇ ਨਾਮ ਹਨ- ਸਰਗੁਣ ਵੀ ਤੇ ਨਿਰਗੁਣ ਵੀ ।

ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ ਗੁਰਪ੍ਰਸਾਦਿ ਇਸ ੧ੳ ਦੇ ਅਜਿਹੇ ਨਾਮ ਹਨ ਜਿਨਾਂ ਨੂੰ ਸਮੁੱਚੇ ਤੌਰ ਤੇ ਮੁੱਖ ਰੱਖਦਿਆਂ ਸੰਪੂਰਨਤਾ ਦਾ ਅਨੁਭਵ ਹੁੰਦਾ ਹੈ । ਇਸ ਲਈ "ਮੂਲ ਮੰਤ੍ਰ ਹਰਿ ਨਾਮੁ ਰਸਾਇਣ" (ਮਾਰੂ ਸੋਹਲੇ) ਕਿਹਾ ਗਿਆ ਹੈ । ਇਸੇ ਲਈ ੧ ੳ ਨੂੰ ਸਮੁੱਚੀ ਗੁਰਬਾਣੀ ਦਾ ਬੀਜ ਮੰਤ੍ਰ ਅਤੇ ੧ ੳ ਤੋਂ ਗੁਰਪ੍ਰਸਾਦਿ ਤੱਕ ਨੂੰ ਮੂਲ ਮੰਤ੍ਰ ਕਿਹਾ ਜਾਂਦਾ ਹੈ ਗੁਰਬਾਣੀ ਦੀ ਸਾਰੀ ਨਾਮ ਰੂਪ ਵਿਆਖਿਆ ੧ ੳ ਹੈ । ਇਕ ੧ ਤੋਂ ਅਨੇਕਤਾ ਵੱਲ ਜਾਕੇ ਮੁੜ ੧ ਵੱਲ ਆ ਜਾਂਦੀ ਹੈ ਅਤੇ ੧ ੳ ਚ ਸਮਾ ਜਾਂਦੀ ਹੈ ।

ਇੰਜ ਗੁਰੂ ਸਾਹਿਬ ਨਾਮ ਨੂੰ ਵੀ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਸਰੂਪ ਵਿੱਚ ਅਭੇਦ ਕਰ ਦੇਂਦੇ ਹਨ, ਅਤੇ ਬ੍ਰਹਮ ਦੇ ਅਭੇਦਤਾ-ਭੇਦਤਾ-ਅਭੇਦਤਾ ਦੇ ਸੱਚੇ ਖੇਲ ਨੂੰ ਰੂਪਮਾਨ ਕਰਦੇ ਹਨ । ੧ ੳ ਦੀ ਵਿਆਖਿਆ ਕਰਦੇ ਹਨ । ਬ੍ਰਹਮ ਦਾ "੧" ਨਾਮ ਅਤੇ ਸਤਿਨਾਮ ਤੇ ਫਿਰ ਹੋਰ ਅਨੇਕਾਂ ਕ੍ਰਿਤਰਮ ਨਾਮ ਇਸ ਅਭੇਦਤਾ-ਭੇਦਤਾ-ਅਭੇਦਤਾ ਦੇ ਖੇਲ ਦਾ ਹੀ ਬਿਆਨ ਕਰਨ ਲਈ ਹਨ ।

---

1. ਓਅੰਕਾਰ ਏਕੋ ਰਵਿ ਰਹਿਆ ਸਭ ਏਕਸ ਮਾਹਿ ਸਮਾਵੈਗੋ । (ਕਾਨੜਾ ਮਹਲਾ-4, ਪੰਨਾ-1310)
2. ਓਅੰਕਾਰ ਬ੍ਰਹਮਾ ਉਤਪਤਿ--- ਉਨਮ ਅਖਰ ਸੁਣਹੁ ਵੀਚਾਰ ।
   ਓਨਮ ਅਖਰ ਤ੍ਰਿਭਵਣ ਸਾਰ । (ਰਾਮਕਲੀ ਦਖਣੀ ਓਅੰਕਾਰ-1, 929)
3. Dr. S.S. Kohli.,"Philosophy of Guru Nanak." Page-27.
4. Mund. Up. 1, 1-9.

## ਪ੍ਰਕਰਣ ਤੇਰਵਾਂ

## "ਬ੍ਰਹਮ ਦੇ ਗੁਣ"

ਮਨੁੱਖ ਅਤੇ ਬ੍ਰਹਮ ਵਿੱਚ ਇਕਸੁਰਤਾ ਪੈਦਾ ਕਰਨ ਵਾਲੇ ਦੈਵੀ ਗੁਣ

***

ਪ੍ਰਕਰਣ-13.

## "ਬ੍ਰਹਮ ਦੇ ਗੁਣ"

ਅਸੀਂ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੇ ਮੁੱਖ ਗੁਣਾਂ ਨੂੰ ਵਿਚਾਰ ਚੁੱਕੇ ਹਾਂ ਅਤੇ ਇਹ ਵੀ ਵੇਖ ਚੁੱਕੇ ਹਾਂ ਕਿ ਕਿਵੇਂ ਬ੍ਰਹਮ ਦੇ ਅਨੇਕਾਂ ਨਾਮ ਉਸ ਦੇ ਅਨੇਕਾਂ ਗੁਣਾਂ ਨੂੰ ਹੀ ਰੂਪਮਾਨ ਕਰਦੇ ਹਨ। ਪਰ ਬ੍ਰਹਮ ਦੇ ਕੁੱਝ ਵਿਸ਼ੇਸ਼ ਗੁਣ ਅਜਿਹੇ ਹਨ ਜਿਹੜੇ ਬ੍ਰਹਮ ਅਤੇ ਜੀਵ ਨੂੰ ਆਪਸ ਵਿੱਚ ਅਭੇਦਤਾ ਦੀ ਹੱਦ ਤੱਕ ਲਿਜਾਂਦੇ ਹਨ। ਅਜਿਹੇ ਗੁਣ ਇਸ ਅਧਿਆਏ ਵਿੱਚ ਪ੍ਰਸਤੁਤ ਹਨ।

ਗੁਰਬਾਣੀ ਦਾ ਵਿਚਾਰ ਹੈ ਕਿ ਕਥਨ ਕੀਤੇ ਗਏ ਗੁਣ ਹੀ ਕੇਵਲ ਉਸ ਦੇ ਗੁਣ ਨਹੀਂ। ਇਹ ਤਾਂ ਮਨੁੱਖਾਂ ਨੇ ਆਪਣੀ ਬੁੱਧ ਜਾਂ ਅਨੁਭਵ ਨਾਲ ਰੱਬ ਨਾਲ ਸਬੰਧਤ ਕੀਤੇ ਹਨ। ਉਂਜ ਉਸ ਦੇ ਗੁਣ ਇੰਨੇ ਹਨ ਕਿ ਸਾਰਿਆਂ ਦਾ ਪਤਾ ਹੀ ਨਹੀਂ।[1] ਗੁਰੂ ਨਾਨਕ ਦੇਵ ਜੀ ਬ੍ਰਹਮ ਨੂੰ ਗੁਣਾਂ ਦਾ[2] ਖਜ਼ਾਨਾ ਕਹਿੰਦੇ ਹਨ ਅਤੇ ਜੀਵ ਨੂੰ ਇਹਨਾਂ ਗੁਣਾਂ ਦਾ ਚਿੰਤਨ ਕਰਨ ਦੀ ਪ੍ਰੇਰਨਾ ਕਰਦੇ ਹਨ। ਕਿਉਂਜੋ ਗੁਣਾਂ ਨੂੰ ਗਾਣ ਨਾਲ ਜਗਿਆਸੂ ਅੰਦਰ ਇਹਨਾਂ ਗੁਣਾਂ ਦਾ ਸੰਚਾਰ ਹੁੰਦਾ ਹੈ ਅਤੇ ਉਹ ਰੱਬ ਦੇ ਵਧੇਰੇ ਨੇੜੇ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਭਗਤੀ ਗੁਣਾਂ ਦਾ ਗਾਇਨ ਹੀ ਹੈ ਅਤੇ "ਵਿਣੁ ਗੁਣ ਕੀਤੇ ਭਗਤਿ ਨ ਹੋਇ।"[3]

ਮਨੁੱਖ ਪਰਮਾਤਮਾ ਦੀ ਭਗਤੀ ਕਿਉਂ ਕਰਦਾ ਹੈ? ਕਿਉਂਜੋ "ਮਨੁੱਖ ਵਿਚਲੀ ਅਨੰਤ ਦੀ ਚੇਤਨਤਾ ਹਮੇਸ਼ਾਂ ਆਪਣੇ ਪ੍ਰਗਟਾ ਨੂੰ ਅਮਰ ਕਰਨ ਅਤੇ ਸਾਰੇ ਵਿਸ਼ਵ ਨੂੰ ਆਪਣਾ ਬਨਾਉਣ ਦੇ ਯਤਨ ਵਿੱਚ ਵਿੱਚ ਰਹਿੰਦੀ ਹੈ।[4] ਇਸ ਯਤਨ ਨੂੰ ਸਾਕਾਰ ਬਨਾਉਣ ਦਾ ਢੰਗ ਹੈ ਆਪਣੇ ਆਪ ਨੂੰ ਗੁਣਵਾਨ ਬਨਾਉਣਾ। ਰੱਬ ਦੇ ਗੁਣਾਂ ਨੂੰ ਗਾਉਣਾ ਆਪ ਗੁਣ ਗ੍ਰਹਿਣ ਕਰਨ ਦਾ ਢੰਗ ਹੈ ਕਿਉਂਜੋ "ਜੈਸਾ ਸੇਵੈ ਤੈਸਾ ਹੋਵੈ" ਡਾ: ਬੋਸ ਦੱਸਦੇ ਹਨ ਕਿ ਰੱਬ ਨਾਲ ਗੁਣ ਅਸੀਂ ਆਪ ਸਬੰਧਤ ਕੀਤੇ ਹਨ ਤਾਂ ਜੁ ਉਸ ਬਾਰੇ ਸੋਚ ਸਕੀਏ, ਉਸ ਦੀ ਪ੍ਰਾਰਥਨਾ ਕਰ ਸਕੀਏ, ਉਸ ਦੀ ਮਹਾਨਤਾ ਦਾ ਧਿਆਨ ਧਰ ਸਕੀਏ।[5]

---

1. ਤੇਰੇ ਰੂਪ ਅਨੇਕਾ ਨਾਮ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ"(ਆਸਾ ਅਸਟਪਦੀ-13, ਪੰਨਾ-358)
2. ਨਾਨਕ ਗਾਵੀਐ ਗੁਣੀ ਨਿਧਾਨੁ। (ਜਪੁਜੀ -5, ਪੰਨਾ-2.)
3. ਜਪੁਜੀ -21, ਪੰਨਾ-4.
4. Sir Rabinder Nath Tagore.,"Personality."(Page-20)
5. D. N. Bose.,"Tantras." Their Philosophy."Page-69.)

ਪਰ ਗੁਰਬਾਣੀ ਇਸ ਵਿਚਾਰ ਨਾਲ ਸਹਿਮਤ ਨਹੀਂ ਕਿਉਂਜੋ ਬ੍ਰਹਮ ਵਿੱਚ ਗੁਣ ਹਮੇਸ਼ਾਂ ਹੀ ਵਿਦਮਾਨ ਰਹਿੰਦੇ ਹਨ। ਜੀਵ ਭਾਵੇਂ ਇਨ੍ਹਾਂ ਨੂੰ ਪਛਾਣੇ ਭਾਵੇਂ ਨਾ ਪਛਾਣੇ, ਭਾਵੇਂ ਇਨ੍ਹਾਂ ਨੂੰ ਕੋਈ ਨਾਮ ਦੇਵੇ ਭਾਵੇਂ ਨਾ ਦੇਵੇ। ਜਿਤਨੀ ਕੁ ਕਿਸੇ ਦੀ ਕਲਪਨਾ ਹੁੰਦੀ ਹੈ, ਉਤਨੀ ਕੁ ਹੀ ਉਸ ਦੀ ਗੁਣਾਂ ਤੱਕ ਦੀ ਉਡਾਰੀ ਹੋ ਜਾਂਦੀ ਹੈ। ਬ੍ਰਹਮ ਦੇ ਬਹੁਤ ਸਾਰੇ ਗੁਣਾਂ ਦੀ ਮਨੁੱਖ ਨੂੰ ਕੋਈ ਸੋਝੀ ਨਹੀਂ। ਜੇ ਕੋਈ ਮਹਾਪੁਰਖ ਇਨ੍ਹਾਂ ਦੀ ਆਤਮਿਕ ਸੋਝੀ ਪ੍ਰਾਪਤ ਕਰ ਲੈਂਦੇ ਹਨ ਤਾਂ ਉਨ੍ਹਾਂ ਕੋਲ ਕੋਈ ਸ਼ਬਦ ਨਹੀਂ ਹੁੰਦੇ ਜਿਨ੍ਹਾਂ ਰਾਹੀਂ ਉਹ ਇਨ੍ਹਾਂ ਗੁਣਾਂ ਨੂੰ ਵਿਅਕਤ ਕਰ ਸਕਣ। ਇਸ ਲਈ ਇਹ ਕਹਿਣਾ ਠੀਕ ਨਹੀਂ ਜਾਪਦਾ ਕਿ ਰੱਬ ਨਾਲ ਗੁਣ ਅਸੀਂ ਆਪ ਸਬੰਧਤ ਕੀਤੇ ਹਨ, ਸਗੋਂ ਰੱਬ ਸਾਡੇ ਨਾਲ ਆਪ ਗੁਣ ਸਬੰਧਤ ਕਰਦਾ ਹੈ ਅਤੇ ਆਪਣੀ ਕਿਰਪਾ ਨਾਲ ਮਨੁੱਖ ਨੂੰ ਇਸ ਗੱਲ ਦੇ ਸਮਰੱਥ ਬਣਾਉਂਦਾ ਹੈ ਕਿ ਉਹ[1] ਇਨ੍ਹਾਂ ਗੁਣਾਂ ਨੂੰ ਪਛਾਣ ਸਕੇ ਤੇ ਆਖਰ ਗੁਣੀ ਨਿਧਾਨ ਨੂੰ ਪ੍ਰਾਪਤ ਕਰਕੇ ਗੁਣ ਸਰੂਪ ਹੀ ਹੋ ਸਕੇ। ਇਹ ਗੱਲ ਠੀਕ ਹੈ ਕਿ ਗੁਣਾਂ ਨੂੰ ਗਾਉਣ ਦਾ ਲਾਭ ਜੀਵ ਨੂੰ ਹੀ, ਸਾਨੂੰ ਆਪਣੇ ਆਪ ਨੂੰ ਹੀ ਹੁੰਦਾ ਹੈ। ਮਨੁੱਖ ਦਾ ਸਦਾਚਾਰ ਇਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਵਿੱਚ ਸਹਾਈ ਹੁੰਦਾ ਹੈ ਇਸੇ ਲਈ ਸਦਾਚਾਰਕ ਗੁਣ ਪਿੰਡ ਨੂੰ ਬ੍ਰਹਿਮੰਡ ਨਾਲ ਇਕ ਸੁਰ ਕਰਨ ਦਾ ਸਾਧਨ ਮੰਨੇ ਗਏ ਹਨ।[2]

ਬ੍ਰਹਮ ਜੀਵ ਦਾ ਉੱਚਤਮ ਆਪਾ ( Higher Self ) ਹੈ। ਇਸ ਲਈ ਲਾਜ਼ਮੀ ਤੌਰ ਤੇ ਜੀਵ ਨੂੰ ਗੁਣ ਬ੍ਰਹਮ ਵਲੋਂ ਮਿਲਦੇ ਹਨ। ਬ੍ਰਹਮ ਦੇ ਗੁਣਾਂ ਦਾ ਵਿਵੇਚਨ ਕਰਦਾ ਹੋਇਆ ਜੀਵ ਆਪਣੇ ਆਪ ਹੀ ਉਨ੍ਹਾਂ ਨੂੰ ਆਪਣੇ ਅਮਲੀ ਜੀਵਨ ਵਿੱਚ ਲਿਆਉਣ ਲੱਗਦਾ ਹੈ। ਇਥੇ ਫਿਰ ਗੁਰੂ ਸਾਹਿਬ ਦਾ ਭੇਦਤਾ-ਅਭੇਦਤਾ ਦਾ ਸਿਧਾਂਤ ਸਾਹਮਣੇ ਆਉਂਦਾ ਹੈ ਕਿ ਭਾਵੇਂ ਜੀਵ ਆਤਮਾ ਬ੍ਰਹਮ ਦੀ ਅੰਸ ਹੋਣ ਕਾਰਨ ਆਪ ਹੀ ਗੁਣਵਾਨ ਹੈ ਪਰ ਤਾਂ ਵੀ ਮਾਇਆ ਕਾਰਨ ਸਰਗੁਣ ਸਰੂਪ ਵਿੱਚ ਪੈਦਾ ਕੀਤੀ ਅਗਿਆਨਤਾ ਕਾਰਨ ਜੀਵ ਨੂੰ ਆਪਣੇ ਗੁਣਾਂ ਦੀ ਸੋਝੀ ਨਹੀਂ ਤੇ ਗੁਣ ਰਹਿਤ ਹੋਇਆ ਹੋਇਆ ਹੈ। ਫਿਰ ਇਹ ਜੀਵ ਰੂਪ ਵਿੱਚ ਆਇਆ ਬ੍ਰਹਮ ਆਪ ਹੀ ਆਪਣੇ ਗੁਣਾਂ ਦੀ ਸੋਝੀ ਕਰਨ ਦੇ ਯਤਨ ਕਰਦਾ ਹੈ ਅਤੇ ਆਖਰ, ਆਪਣੀ ਹੀ- ਗੁਰੂ ਰਾਹੀਂ- ਕਿਰਪਾ ਦੁਆਰਾ ਨਾਮ ਸਿਮਰਨ ਕਰਕੇ ਗੁਣਵਾਨ ਹੋਕੇ ਆਪਣੇ ਆਪੇ ਨੂੰ ਆਪੇ ਵਿੱਚ ਅਭੇਦ ਕਰ ਲੈਂਦਾ ਹੈ।

ਸੋ ਗੁਣਵਾਨ ਜੀਵ ਆਪਣੀ ਅਗਿਆਨਤਾ ਕਾਰਨ ਗੁਣਾਂਵਿਹੀਨ ਹੋ ਜਾਂਦਾ ਹੈ। ਅਗਿਆਨਤਾ ਵੱਸ ਗੁਣਾਂਵਿਹੀਨ ਹੋਇਆ ਜੀਵ ਆਪਣੀ ਅਗਿਆਨਤਾ ਦੇ ਝਰੋਖੇ ਵਿਚੋਂ ਹੀ ਆਪਣੇ ਹੀ ਬ੍ਰਹਮ ਸਰੂਪੀ ਗੁਣੀ ਨਿਧਾਨ ਆਪੇ ਦਾ ਇਕ ਅਤਿ ਸੀਮਤ ਜਿਹਾ ਪੱਖ ਵੇਖਦਾ ਹੈ। ਇਸ ਸੁਸੀਮਤਾ ਵਿਚੋਂ

---

1. ਸਭਿ ਗੁਣ ਤੇਰੇ ਮੈ ਨਾਹੀ ਕੋਇ। ਵਿਣੁ ਗੁਣ ਕੀਤੇ ਭਗਤਿ ਨ ਹੋਇ।

(ਜਪੁਜੀ-7, ਪੰਨਾ-4.)

2. Wazir Singh.,"Aspects of Guru Nanak's Philosophy." Page-69.

ਨਿਕਲ ਕੇ ਅਸੀਮ ਆਪੇ ਵਿੱਚ ਸਮਾ ਜਾਣ ਲਈ ਮਨੁੱਖ ਨੂੰ ਇਸ ਗੱਲ ਦਾ ਖਿਆਲ ਰੱਖਣਾ ਪੈਂਦਾ ਹੈ ਕਿ -ਬ੍ਰਹਮ ਗੁਣੀ ਨਿਧਾਨ ਹੈ।[1] ਉਸ ਨੂੰ ਪ੍ਰਾਪਤ ਕਰਨ ਲਈ ਜੀਵ ਨੂੰ ਇਨ੍ਹਾਂ ਗੁਣਾਂ ਨਾਲ ਇਕ ਸੁਰ ਹੋਣਾਂ ਪੈਣਾਂ ਹੈ। ਕੁੱਝ ਗੁਣ ਅਜਿਹੇ ਹਨ ਜਿਹੜੇ ਸਾਧਕ ਨੂੰ ਬ੍ਰਹਮ ਪ੍ਰਾਪਤੀ ਨਾਲ ਹੀ ਹਾਸਲ ਹੁੰਦੇ ਹਨ ਜਿਵੇਂ ਸਤ ਚਿਤ ਆਨੰਦ ਸਰੂਪ ਹੋਣਾ, ਅਲਖ, ਅਜੂਨੀ, ਅਨੰਤ ਸਰਬ ਸਮਰੱਥ ਸਰਵ-ਵਿਆਪਕ ਹੋਣਾ। ਕੁੱਝ ਗੁਣ ਅਜਿਹੇ ਹਨ ਜਿਹੜੇ ਬ੍ਰਹਮ ਦੀ ਭਗਤੀ ਕਰਨ ਦੇ ਯੋਗ ਹੋਣ ਲਈ ਧਾਰਨ ਕਰਨੇ ਪੈਂਦੇ ਹਨ। ਜਿਵੇਂ ਸਜਮ, ਸੰਤੋਖ[2], ਉਦਮ[3], ਬਿਬੇਕ ਬੁੱਧ[4]। ਕੁੱਝ ਦੈਵੀ ਗੁਣ ਬ੍ਰਹਮ ਦੇ ਗੁਣਾਂ ਦਾ ਗਾਇਨ ਕਰਨ ਨਾਲ ਆਪਣੇ ਆਪ ਹੀ ਹੌਲੀ ਹੌਲੀ ਸਾਧਕ ਅੰਦਰ ਪ੍ਰਵੇਸ਼ ਕਰਦੇ ਰਹਿੰਦੇ ਹਨ।

ਸੋ ਉਸ ਦੇ ਗੁਣਾਂ ਦਾ ਵਰਣਨ ਇਸ ਲਈ ਕਰਨਾ ਹੈ ਤਾ ਜੁ ਉਹੋ ਜਿਹੇ ਗੁਣਾਂ ਦਾ ਪ੍ਰਵੇਸ਼ ਗੁਣ-ਗਵਈਏ ਅੰਦਰ ਹੋ ਸਕੇ।[5] ਉਹ ਸਭ ਰਾਹ ਜਿਹੜੇ ਪਰਮਾਤਮਾ ਤੱਕ ਨਹੀਂ ਲਿਜਾਂਦੇ ਤਿਆਗਣੇ ਲਾਜਮੀ ਹਨ।[6] ਸਾਰੇ ਦੈਵੀ ਗੁਣਾਂ ਨੂੰ ਆਪਣੇ ਜੀਵਨ ਵਿੱਚ ਅਮਲ ਵਿਚ ਲਿਆਉਣਾ ਜ਼ਰੂਰੀ ਹੈ।[6] ਕਿਉਂਜੋ ਆਖਰ ਮਨੁੱਖ ਦਾ ਜੀਵਨ ਉਦੇਸ਼ ਤਾਂ ਆਪਣੇ ਉੱਤਮ ਗੁਣੀ ਨਿਧਾਨ ਆਪੇ ਨੂੰ ਪ੍ਰਾਪਤ ਕਰਨਾ ਹੀ ਹੈ ਤਾਂਜੁ ਉਹ ਉੱਚਤਮ ਜੀਵਨ ਜੀ ਸਕੇ। ਸੋ ਇਨ੍ਹਾਂ ਦੈਵੀ ਗੁਣਾਂ ਬਾਰੇ ਵਿਚਾਰ ਬਹੁਤ ਮਹੱਤਵਸ਼ੀਲ ਹੋ ਜਾਂਦੀ ਹੈ।

ਬ੍ਰਹਮ ਦੇ ਗੁਣਾਂ ਨੂੰ ਦੋ ਪ੍ਰਕਾਰ ਦੇ ਮੰਨਿਆ ਗਿਆ -ਜਾਤੀ ਗੁਣ ਅਤੇ ਸਿਫਾਤੀ ਗੁਣ[7]। ਸਿੱਖ ਵਿਦਵਾਨ ਬ੍ਰਹਮ ਦੇ "ਸਤ" ਹੋਣ ਨੂੰ ਬ੍ਰਹਮ ਦਾ ਇਕੋ ਇਕ ਜਾਤੀ ਗੁਣ ਮੰਨਦੇ ਹਨ।[8] ਜਦ ਕਿ ਉਪਨਿਸ਼ਦਾਂ "ਸਤ ਚਿਤ, ਆਨੰਦ" ਨੂੰ ਬ੍ਰਹਮ ਦਾ ਸਰੂਪ ਮੰਨਦੀਆਂ ਹਨ ਅਤੇ ਇਨ੍ਹਾਂ ਨੂੰ ਹੀ ਬ੍ਰਹਮ ਦੇ ਜਾਤੀ ਗੁਣ ਕਿਹਾ ਜਾਂਦਾ ਹੈ। ਗੁਰੂ ਸਾਹਿਬ ਨੇ ਵੀ ਬ੍ਰਹਮ ਨੂੰ ਸਤਿ ਚਿੱਤ ਆਨੰਦ ਸਰੂਪ ਮੰਨਿਆ ਹੈ ਅਤੇ ਲਿਖਿਆ ਹੈ "ਸਤਿ ਸੁਹਾਣ ਸਦਾ ਮਨ ਚਾਉ" ਅਤੇ ਪਰਮਾਤਮਾ ਨੂੰ "ਆਨੰਦ" ਰੂਪ ਵੀ ਕਿਹਾ

---

1. ਤੂ ਨਿਰਮਲੁ ਸਚੁ ਗੁਣੀ ਗਹੀਰੁ। (ਆਸਾ ਅਸਟਪਦੀ-3, ਪੰਨਾ-412)
2. ਸਤੁ ਸੰਤੋਖਿ ਰਹਹੁ ਜਨ ਭਾਈ। ਖਿਮਾ ਗਹਹੁ ਸਤਿਗੁਰ ਸਰਣਾਈ (ਮਾਰੂ ਸੋਹਲੇ-10, 1030)
3. ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ। (ਵਾਰ ਸਾਰੰਗ-22, ਪੰਨਾ-245)
4. ਬਿਬੇਕ ਬੁਧਿ ਸਭ ਜਗ ਮਹਿ ਨਿਰਮਲ, ਬਿਚਰਿ ਬਿਚਰਿ ਰਸੁ ਪੀਜੈ। (ਕਲਿਆਣ ਅਸਟਪਦੀ-4, ਪੰਨਾ-1325)
5. ਡਾ: ਦਲੀਪ ਸਿੰਘ ਦੀਪ, "ਜਪੁਜੀ "(ਇਕ ਤੁਲਨਾਤਮਿਕ ਅਧਿਐਨ) ਪੰਨਾ-58.
6. Dr. S. S. Kohli,,"Philosophy of Guru Nanak." (Page-40.
7. ( 5 )
8. Dr. S.S. Kohli,"A Critical Study of Adi Granth." Page-337.

ਹੈ। "ਸਤਿਨਾਮ" ਭਾਵੇਂ ਪਰਾਪੂਰਬਲਾ ਨਾਮ ਹੈ ਪਰ ਇਹ ਬ੍ਰਹਮ ਦਾ ਇਕੋ ਇਕ ਜਾਤੀ ਗੁਣ ਨਹੀਂ ਹੋ ਸਕਦਾ ਕਿਉਂਜੋ ਗੁਰੂ ਸਾਹਿਬ ਨਿਰਗੁਣ ਬ੍ਰਹਮ ਦਾ ਵਰਣਨ ਕਰਦੇ ਹੋਏ ਦੱਸਦੇ ਹਨ ਕਿ ਉਹ ਨਿਰਗੁਣ ਸਰੂਪ ਵਿੱਚ ਵੀ ਆਪਣੇ ਆਪ ਤੋਂ ਆਪ ਹੀ ਹੋ ਹੋ ਕੇ ਆਨੰਦਤ ਹੋ ਰਿਹਾ ਹੁੰਦਾ ਹੈ। ਸੋ ਚੇਤਨਾ ਅਤੇ ਆਨੰਦ ਵੀ ਬ੍ਰਹਮ ਦੇ "ਸਤ ਚਿਤ ਆਨੰਦ" ਸਰੂਪ ਹੈ।

ਸਾਧਕ ਲਈ ਸਤਿ ਸਰੂਪ ਹੋਣ ਲਈ ਸਤ ਦਾ ਅਨੁਸਾਰੀ ਹੋਣਾ ਪੈਂਦਾ ਹੈ।[1] ਸਤ ਦਾ ਮਤਲਬ ਹੈ ਹੋਂਦ, ਵਾਲਾ, ਸਥਿਰ। ਮਨੁੱਖ ਦੀ ਹੋਂਦ ਤਾਂ ਹੈ ਪਰ ਇਹ ਸਥਿਰ ਨਹੀਂ, ਸਥਿਰ ਹੋਣ ਲਈ ਸਾਧਕ ਨੂੰ ਆਪਣੇ ਜੀਵਨ ਵਿਚੋਂ "ਸੋਚ" ਨੂੰ ਸਥਿਰਤਾ ਨੂੰ ਲਿਆਉਣਾ ਪੈਂਦਾ ਹੈ। ਸਥਿਰਤਾ ਲਿਆਉਣ ਲਈ ਉਸ ਨੂੰ ਸੋਚ, ਸਥਿਰ ਆਚਾਰ ਅਪਨਾਉਣਾ ਚਾਹੀਦਾ ਹੈ।[2] ਸਥਿਰ ਰਹਿ ਸਕਣ ਵਾਲੀ ਸੋਚ ਵਿਚਾਰ ਕਰਨੀ ਚਾਹੀਦੀ ਹੈ ਅਤੇ ਆਪਣੇ ਮਨ ਅੰਦਰ ਇਕ ਸਥਿਰਤਾ ਨੂੰ, ਇੱਕ ਸੋਚ ਨੂੰ ਵਸਾਉਣਾ ਚਾਹੀਦਾ ਹੈ।[3] ਮਨੁੱਖ ਦਾ ਮਾਨਸਿਕ ਸੱਚ ਹੀ ਆਤਮਿਕ ਸੱਚ ਨੂੰ ਪ੍ਰਾਪਤ ਕਰ ਸਕਦਾ ਹੈ। ਇਸੇ ਲਈ ਗੁਰੂ ਸਾਹਿਬ ਨੇ ਸੱਚੇ ਆਚਾਰ ਨੂੰ ਸਤ ਤੋਂ ਵੀ ਉੱਚਾ ਕਿਹਾ ਹੈ।[4]

"ਚਿੱਤ" ਭਾਵ ਚੇਤਨ ਹੋਣ ਲਈ ਜੀਵ ਨੂੰ ਦਿਨ ਰਾਤ ਆਪਣੀ ਸੁਰਤੀ ਨੂੰ ਪਰਮਾਤਮਾ ਵਿੱਚ ਪਰਮਾਤਮਾ ਦੇ ਨਾਮ ਵਿੱਚ ਮਗਨ ਰੱਖਣਾ ਚਾਹੀਦਾ ਹੈ। ਆਨੰਦ ਸਰੂਪ ਹੋਣ ਲਈ ਜੀਵ ਨੂੰ ਹਮੇਸ਼ਾਂ ਭਾਣਾ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ। ਜੀਵ ਨੂੰ ਚਿੱਤ ਅਤੇ ਆਨੰਦ ਸਰੂਪ ਕਰਨ ਲਈ ਹੀ ਗੁਰੂ ਸਾਹਿਬ ਰਾਤ ਦਿਨ ਨਾਮ ਸਿਮਰਨ ਕਰਨ ਅਤੇ ਪਰਮਾਤਮਾ ਦੇ ਭਾਣੇ ਵਿੱਚ ਰਹਿਣ ਉਤੇ ਬਹੁਤ ਜ਼ੋਰ ਦੇਂਦੇ ਹਨ।

ਬ੍ਰਹਮ ਨਿਰਵੈਰ ਹੈ। ਉਸ ਤੱਕ ਅਪੜਨ ਲਈ ਜੀਵ ਨੂੰ ਚਾਹੀਦਾ ਹੈ ਕਿ ਆਪਣੇ ਮਨ ਨੂੰ ਨਿਰਵੈਰਤਾ ਦੇ ਪੱਧਰ ਤੱਕ ਲਿਆਵੇ। ਬ੍ਰਹਮ ਨਿਰਭਓ ਹੈ। ਉਸ ਤੱਕ ਅਪੜਨ ਲਈ ਜੀਵ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਦੀ ਅਵਸਥਾ ਨੂੰ "ਨਿਰਭਓ" ਦੇ ਅਨੁਭਵ ਤੱਕ ਲਿਆਵੇ। "ਨਿਰਵੈਰ" ਅਤੇ "ਨਿਰਭਓ" ਬ੍ਰਹਮ ਦੇ ਦੋ ਅਜਿਹੇ ਗੁਣ ਹਨ ਜਿਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਇਹ ਦੋ ਅਜਿਹੇ

---

1. ਨਾਨਕ ਸਾਚੇ ਸਾਚਿ ਸਮਾਇ। (ਬਿਲਾਵਲ ਅਸਟਪਦੀ-2, 232)
2. ਸਾਚੀ ਰਹਤ ਸਾਚਾ ਮਨਿ ਸੋਈ। (ਬਿਲਾਵਲ ਅਸਟਪਦੀ-1, 831)
3. ਸਾਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ। (ਵਾਰ ਆਸਾ-10, ਪੰਨਾ-468)
4. ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ। (ਸਿਰੀ ਅਸਟਪਦੀ-14, ਪੰਨਾ-62)

ਅਭਾਵਾਤਮਿਕ ਗੁਣ ਭਗਤਾਂ ਦੇ ਧਿਆਨ ਲਈ ਦਿੱਤੇ ਗਏ ਹਨ ਤਾਂ ਜੁ ਉਹ ਇਨ੍ਹਾਂ ਗੁਣਾਂ ਦਾ ਧਿਆਨ ਕਰਕੇ ਨਿਰਭੈ ਅਤੇ ਨਿਰਵੈਰ ਬਣਨ।[1] ਇਹ ਸਦਾਚਾਰਕ ਗੁਣ ਵੀ ਹਨ ਅਤੇ ਬ੍ਰਹਮ ਦੇ ਵਿਸ਼ੇਸ਼ਣ ਵੀ ਹਨ। "ਜਿਹੜਾ ਵੀ ਕੋਈ ਇਨ੍ਹਾਂ ਗੁਣਾਂ[2] ਨੂੰ ਆਪਣੇ ਜੀਵਨ ਵਿੱਚ ਅਮਲ ਵਿੱਚ ਲਿਆਉਂਦਾ ਹੈ ਉਹ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬ੍ਰਹਮ ਦੇ ਗੁਣ ਹਨ ਜਿਹੜੇ ਮਨੁੱਖ ਦਾ ਸਦਾਚਾਰ ਵੀ ਬਣ ਜਾਂਦੇ ਹਨ। ਜਿਵੇਂ ਬ੍ਰਹਮ ਬਖਸ਼ਣਹਾਰ ਹਨ। ਸਭ ਜੀਵਾਂ ਦੇ ਪਾਪ ਅਤੇ ਗੁਨਾਹ ਬਖ਼ਸ਼ ਦੇਂਦਾ ਹੈ। ਜੇ ਸਾਧਕ ਜੋ ਖਿਮਾ ਦਾ ਗੁਣ ਧਾਰਨ ਕਰੇ ਤਾਂ ਪਰਮਾਤਮਾ ਪ੍ਰਾਪਤੀ ਦੇ ਵਧੇਰੇ ਨੇੜੇ ਪਹੁੰਚਦਾ ਹੈ। ਕਿਉਂਕਿ ਇਸ ਨਾਲ ਜਿਥੇ ਸਾਧਕ ਦਾ ਮਨ ਬੇਚੈਨੀਆਂ ਚਿੜਾਂ ਅਤੇ ਖਿਝਾਂ ਤੋਂ ਬੱਚ ਰਹਿੰਦਾ ਹੈ ਉਥੇ ਉਸ ਦਾ ਮਨ ਸੀਲ, ਸੰਤੋਖ ਨਾਲ ਭਰਪੂਰ ਰਹਿੰਦਾ ਹੈ ਅਤੇ ਸਰੀਰ ਰੋਗਾਂ ਅਤੇ ਕਸ਼ਟਾਂ ਤੋਂ ਮੁਕਤ ਰਹਿੰਦਾ ਹੈ।[3]

ਬ੍ਰਹਮ ਪਿਆਰ ਸਰੂਪ ਹੈ।[4] ਜੋ ਪਿਆਰ ਸਰੂਪ ਬ੍ਰਹਮ ਨੂੰ ਉਹੋ ਸਾਧਕ ਪ੍ਰਾਪਤ ਕਰ ਸਕਦਾ ਹੈ ਜਿਹੜਾ ਆਪਣੇ ਸੁਭਾ ਵਿਚ ਪਿਆਰ ਨੂੰ ਸਮਾ ਲਵੇ। ਉਸ ਨਾਲ ਪਿਆਰ ਕਰੇ, ਉਸ ਦੀ ਸਿਰਜਨਾ ਨਾਲ ਪਿਆਰ ਕਰੇ। ਸਿਰਜਨਾ ਵਿੱਚ ਵੀ ਉਹ ਆਪ ਹੀ ਵਿਆਪਕ ਹੈ। ਇਸ ਲਈ ਆਮ ਤੌਰ ਤੇ ਅਜਿਹਾ ਹੁੰਦਾ ਹੈ ਕਿ ਪਰਮਾਤਮਾ ਪ੍ਰੇਮੀ ਨੂੰ ਆਪਣੇ ਆਪ ਹੀ ਸਭ ਪਿਆਰੇ ਲੱਗਣ ਲੱਗ ਪੈਂਦੇ ਹਨ।[5] ਪ੍ਰੇਮ ਤਾਂ ਇਕ ਅਜਿਹਾ ਦੈਵੀ ਗੁਣ ਹੈ ਕਿ ਜਿਸ ਮਨੁੱਖ ਦੇ ਦਿੱਲ ਵਿੱਚ ਇਹ ਗੁਣ ਨਾ ਹੋਵੇ ਉਸ ਦਾ ਸੁਭਾ ਹਰ ਪ੍ਰਕਾਰ ਦੇ ਨਿਘ ਤੋਂ ਸਖਣਾ ਹੋ ਜਾਂਦਾ ਹੈ।[6]

ਪਰਮਾਤਮਾ ਪਵਿੱਤਰ ਹੈ। ਇਸ "ਪਵਿੱਤਰ" ਨੂੰ ਮਨ ਉਦੋਂ ਹੀ ਪ੍ਰਾਪਤ ਕਰਨ ਦੇ ਸਮਰੱਥ ਹੁੰਦਾ ਹੈ ਜਦੋਂ ਉਹ ਆਪਣੇ ਆਪ ਨੂੰ ਸਭ ਪਾਪਾਂ ਅਤੇ ਕੁਕਰਮਾਂ ਦੀ ਮੈਲ ਤੋਂ ਪਵਿੱਤਰ ਕਰ ਲਵੇ। ਪਵਿੱਤਰ ਮਨ ਵਿੱਚ ਹੀ ਪਵਿੱਤਰ ਪਰਮਾਤਮਾ ਦੇ ਖਿਆਲ ਟਿਕਦੇ ਹਨ। ਪਵਿੱਤਰ ਮਨ ਇਕ ਪ੍ਰਕਾਰ

---

1. ਵਿਨੋਬਾ ਭਾਵੇ, "ਜਪੁਜੀ" (ਟੀਕਾ) ਪੰਨਾ-4.
2. Dr. S. S. Kohli., "Out Lines of Sikh Thought." Page-24.
3. ਖਿਮਾ ਗਹੀ ਬ੍ਰਤਿ ਸੀਲ ਸੰਤੋਖੰ, ਰੋਗੁ ਨਾ ਬਿਆਪੈ ਨ ਜਮ ਦੋਖੰ। (ਗਉੜੀ ਪਦਾ-7, ਪੰਨਾ-225)
4. ਪ੍ਰੇਮ ਪ੍ਰਾਇਣ ਪ੍ਰੀਤਮ ਰਾਉ। ਨਦਰਿ ਕਰੇ ਤਾ ਬੂਝੈ ਨਾਉ। (ਗਉੜੀ ਅਸਟਪਦੀ- , ਪੰਨਾ-222)
5. ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ। (ਵਡਹੰਸ ਪਦਾ-1, ਪੰਨਾ-557)
6. ਅੰਦਰਿ ਖਾਲੀ ਪ੍ਰੇਮ ਬਿਨੁ, ਢਹਿ ਢੇਰੀ ਤਨੁ ਛਾਰੁ। (ਸਿਰੀ ਅਸਟਪਦੀ-15, 62)

ਦਾ ਨਿਰਮਲ ਸ਼ੀਸ਼ਾ ਹੁੰਦਾ ਹੈ ਜਿਸ ਵਿੱਚ ਪਵਿੱਤਰ ਪਰਮਾਤਮਾ ਦਾ ਅਕਸ ਆਪਣੇ ਆਪ ਹੀ ਪੈਣ ਲੱਗ ਜਾਂਦਾ ਹੈ । ਇਸ ਲਈ ਗੁਰੂ ਸਾਹਿਬ ਮਤ ਨੂੰ ਪਾਪਾਂ[1] ਦੀ ਮੈਲ ਤੋਂ ਮੁਕਤ ਕਰਨ ਲਈ "ਨਾਮ ਸਿਮਰਨ" ਦੇ ਸਾਬਣ ਨੂੰ ਵਰਤਣ ਦਾ ਸੁਝਾ ਦਿੰਦੇ ਹਨ ।

ਪਰਮਾਤਮਾ ਆਪਣੇ ਜੀਵਾਂ ਨੂੰ ਹਰ ਤਰ੍ਹਾਂ ਵੇਖਣਹਾਰ ਹੈ । ਉਹ ਜੀਵਾਂ ਦਾ ਹਰ ਸਮੇਂ ਖਿਆਲ ਰੱਖਦਾ ਹੈ । ਇਸ ਲਈ ਜ਼ਰੂਰੀ ਹੈ ਕਿ ਅਜਿਹੇ ਪਰਮਾਤਮਾ ਤੱਕ ਪਹੁੰਚਣ ਲਈ ਸਾਧਕ ਵੀ ਹਰ ਸੰਭਵ ਢੰਗ ਨਾਲ ਆਪਣੇ ਸਾਥੀਆਂ ਦਾ ਖਿਆਲ ਰੱਖੇ, ਗਰੀਬ ਗੁਰਬੇ ਨੂੰ ਦੇਖੇ ।

ਪਰਮਾਤਮਾ ਹਰ ਪ੍ਰਕਾਰ ਦੇ ਭਰਮ ਖਤਮ ਕਰਨ ਵਾਲਾ ਹੈ ਸੋ ਸਾਧਕ ਲਈ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਹਰ ਪ੍ਰਕਾਰ ਦੇ ਭਰਮਾਂ ਤੋਂ ਨਿਵਿਰਤ ਕਰੇ, ਆਪਣੀਆਂ ਮਨੋ ਵ੍ਰਿਤੀਆਂ ਨੂੰ ਇਕ ਸਪਸ਼ਟ ਸੇਧ ਦੇਵੇ । ਬ੍ਰਹਮ ਦਾ ਸ਼ਬਦ ਅਜਿਹਾ ਹੈ ਕਿ ਜਦੋਂ ਸਾਧਕ[2] ਇਸ ਦੀ ਵਿਚਾਰ ਕਰ ਲੈਂਦਾ ਹੈ ਤਾਂ ਆਪਣੇ ਆਪ ਹੀ ਉਸ ਦੇ ਸਾਰੇ ਭਰਮ ਕੱਟੇ ਜਾਂਦੇ ਹਨ ।

ਪਰਮਾਤਮਾ ਦੁੱਖਾਂ ਸੁੱਖਾਂ ਤੋਂ ਨਿਆਰਾ ਹੈ ਇਸ ਲਈ ਸਾਧਕ ਨੂੰ ਵੀ ਦੁਨਿਆਵੀ ਦੁੱਖਾਂ ਸੁੱਖਾਂ ਹਰਖ ਸੋਗ ਤੋਂ ਨਿਆਰਾ ਹੋਣਾ ਪੈਂਦਾ ਹੈ । ਸਾਧਕ ਆਪਣੇ ਮਨ ਨੂੰ ਦੁਨੀਆਂ ਦੇ ਛਿਨ ਭੰਗਰ ਦੁੱਖਾਂ ਸੁੱਖਾਂ ਵਲੋਂ[3] ਅਵੇਸਲਾ ਰੱਖਕੇ ਇਕ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਿੱਚ ਲਿਵ ਲਾਉਂਦਾ ਹੈ । ਅਤੇ ਹੌਲੀ ਹੌਲੀ ਪਰਮਾਤਮਾ ਤੱਕ ਪਹੁੰਚ ਜਾਂਦਾ ਹੈ । ਇਹ ਅਵਸਥਾ ਹੈ ਜਿਸ ਨੂੰ ਗੁਰੂ ਸਾਹਿਬ "ਅੰਜਨ ਵਿਚ ਨਿਰੰਜਨ ਰਹਿਣਾ" ਕਹਿੰਦੇ ਹਨ । ਇਹ ਗੁਰਬਾਣੀ ਦੇ ਸਹਿਜ ਯੋਗ ਕਮਾਉਣ ਦੀ ਵਿਧੀ ਹੈ ।[4]

ਬ੍ਰਹਮ ਹਰ ਪ੍ਰਕਾਰ ਦੇ ਪਾਪ ਪੁੰਨ ਤੋਂ ਉਪਰ ਹੈ ਇਸ ਲਈ ਸਾਧਕ ਨੂੰ ਵੀ ਹਰ ਪ੍ਰਕਾਰ ਦੇ ਪਾਪ ਪੁੰਨ ਤੋਂ ਉਪਰ ਹੋਣਾ[5] ਪੈਂਦਾ ਹੈ । ਉਹ ਹਰ ਬੁਰਾਈ ਭਲਾਈ ਨੂੰ ਵਿਸਾਰ ਕੇ ਕੇਵਲ ਸੱਚੇ ਪਰਮਾਤਮਾ ਨੂੰ ਹੀ ਦੇਖਦਾ ਹੈ ।

---

1. ਭਰੀਐ ਮਤਿ ਪਾਪਾ ਕੈ ਸੰਗਿ ਓਹੁ ਧੋਪੈ ਨਾਵੈ ਕੈ ਰੰਗਿ । (ਜਪੁਜੀ-20, ਪੰਨਾ-4)
2. ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ । (ਸਾਰੰਗ ਅਸਟਪਦੀ-2, ਪੰਨਾ-1233)
3. ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ । (ਸਾਰੰਗ ਪਦੇ-31, ਪੰਨਾ-1249)
4. ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । (ਸੂਹੀ ਪਦਾ-1, ਪੰਨਾ-730)
5. ਬੁਰਾ ਭਲਾ ਕਹੁ ਕਿਸ ਨੋ ਕਹੀਐ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ । (ਸਿਰੀ ਪਦੇ-, ਪੰਨਾ-353)

ਬ੍ਰਹਮ ਸਦਾ ਚੇਤੰਨ ਹੈ, ਇਸ ਲਈ ਉਸ ਨਾਲ ਅਭੇਦਤਾ ਵੀ ਉਹੋ ਗੁਰਮੁੱਖ ਵਿਅਕਤੀ ਪਾ ਸਕਦਾ ਹੈ ਜਿਹੜਾ ਦਿਨ ਰਾਤ ਚੇਤੰਨ ਰਹੇ, ਆਪਣੀ ਸੁਰਤ ਨੂੰ ਦੈਵੀ ਸੁਰਤ ਵਿੱਚ ਲਿਵਲੀਨ ਰਖੇ।[1]

ਪਰਮਾਤਮਾ ਸੱਚਾ ਨਿਆਧੀਸ਼ ਹੈ, ਸਭ ਨਾਲ ਸੱਚਾ ਨਿਆਂ ਕਰਦਾ ਹੈ।[2] ਸੋ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਤੱਕ ਪਹੁੰਚਣ ਲਈ ਸਾਧਕ ਨਿਆਕਾਰੀ ਹੋਵੇ। ਕਿਸੇ ਨਾਲ ਬੇਇਨਸਾਫ਼ੀ ਨਾ ਕਰੇ। ਆਪਣੇ ਸੱਚ ਧਰਮ ਉਤੇ ਕਾਇਮ ਰਹੇ।

ਪਰਮਾਤਮਾ ਸਭ ਦਾ ਮਦਦਗਾਰ ਹੈ, ਉਹ ਸਭ ਨਾਲ ਮਿਤਰਤਾ ਨਾਲ ਪੇਸ਼ ਆਉਂਦਾ ਹੈ।[3] ਸੋ ਅਜਿਹੇ ਉਦੇਸ਼ ਤੱਕ ਪਹੁੰਚਣ ਲਈ ਸਾਧਕ ਵੀ ਜੇ ਸਭਨਾ ਪ੍ਰਤੀ ਮਿਤਰਤਾ ਭਰਿਆ ਰਵੱਈਆ ਅਪਣਾਵੇ ਤਾਂ ਹੀ ਠੀਕ ਹੈ। ਮਿਤਰਤਾ ਭਰੇ ਸਲੂਕ ਨਾਲ ਜੀਵ ਆਪਣੀ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲਕੇ, ਵਿਸ਼ਵ ਦੇ ਵਿਸ਼ਾਲ ਸੰਦਰਭ ਵਿੱਚ ਸਮਾ ਜਾਂਦਾ ਹੈ। ਅਤੇ ਸਰਵ ਵਿਆਪੀ ਬ੍ਰਹਮ ਵਿੱਚ ਅਭੇਦ ਹੋ ਜਾਂਦਾ ਹੈ।

ਬ੍ਰਹਮ ਨਿਰਮਲ ਨੀਰ ਵਾਂਗ ਹੈ, ਕੂਲਾ, ਉਜਲਾ, ਠੰਡਾ, ਸਦਾ ਨਵਾਂ ਅਤੇ ਸਰਸਬਜ਼। ਸਾਧਕ ਵੀ ਉਹੋ ਪਰਮਾਤਮਾ ਤੱਕ ਅਪੜਦਾ ਹੈ ਜਿਹੜਾ ਆਪਣੇ ਜੀਵਨ ਨੂੰ ਨਿਰਮਲ ਨੀਰ ਵਾਂਗ ਸੀਲ ਅਤੇ ਸ਼ਾਂਤੀ ਨਾਲ ਭਰ ਲੈਂਦਾ ਹੈ ਅਤੇ ਫਿਰ ਇਸ ਸੀਲ ਅਤੇ ਸ਼ਾਂਤੀ ਨੂੰ ਬਣਾਈ ਰੱਖਣ ਲਈ ਸੰਤੋਖੀ ਬਣਦਾ ਹੈ।[4]

ਬ੍ਰਹਮ "ਆਦਿ ਰਖਵਾਰਾ"[5] ਹੈ ਉਹ ਹਰ ਇਕ ਦੀ ਰਖਿਆ ਕਰਦਾ ਹੈ। ਸੋ ਸਾਧਕ ਲਈ ਵੀ ਬਣਦਾ ਹੈ ਕਿ ਉਹ ਗ਼ਰੀਬਾਂ ਮਜਬੂਰਾਂ ਦੀ ਰੱਖਿਆ ਕਰੇ। ਨਿਰਦੈਤਾ, ਮਾਇਆ ਅਤੇ ਮਮਤਾ ਦੇ ਮੋਹ ਨੂੰ ਛੱਡੇ।[6] ਅਸਲ ਵਿੱਚ ਜਦੋਂ ਜੀਵ ਅਜਿਹੇ ਗੁਣਾਂ ਵਾਲੇ ਬ੍ਰਹਮ ਦਾ ਸਿਮਰਨ ਕਰਨ

---

1. ਗੁਰਮੁਖਿ ਜਾਗਿ ਰਹੇ ਦਿਨ ਰਾਤੀ ਸਾਚੇ ਕੀ ਲਿਵ ਗੁਰਮਤਿ ਜਾਤੀ।
(ਮਾਰੂ ਸੋਹਲੇ-5, ਪੰਨਾ-1024)
2. ਵਡੀ ਵਡਿਆਈ ਜਾ ਸਚੁ ਨਿਆਉ। (ਵਾਰ ਆਸਾ, ਪੰਨਾ-463)
3. ਐਸਾ ਹਮਰਾ ਸਖਾ ਸਹਾਈ। (ਆਸਾ ਪਦੇ-24, ਪੰਨਾ-356)
4. ਸਾਤ ਸਮੁੰਦ ਭਰੇ ਨਿਰਮਲ ਨੀਰਿ ਮਜਨੁ ਸੀਲੁ ਸਚੁ ਰਿਦੈ ਵਚਾਰਿ।
(ਬਿਲਾਵਲ ਥਿਤੀ-7, ਪੰਨਾ-839)
5. ਪ੍ਰਭ ਆਦੇਸ ਆਦਿ ਰਖਵਾਰਾ। (ਬਿਲਾਵਲ ਥਿਤੀ-11, ਪੰਨਾ-840)
6. ਹਿੰਸਾ ਮਮਤਾ ਮੋਹੁ ਚੁਕਾਵੈ। (ਬਿਲਾਵਲ ਥਿਤੀ-13, ਪੰਨਾ-840)

ਲੱਗ ਪੈਂਦਾ ਹੈ ਤਾਂ ਆਪਣੇ ਆਪ ਹੀ ਉਸ ਵਿੱਚ ਇਹ ਗੁਣ ਆਉਣੇ ਸ਼ੁਰੂ ਹੋ ਜਾਂਦੇ ਹਨ।

ਬ੍ਰਹਮ ਦਾਤਾ ਹੈ ਜਿਹੜਾ ਹਰ ਸਮੇਂ ਜੀਵਾਂ ਨੂੰ ਦਾਤਾਂ ਦੇਂਦਾ ਹੀ ਰਹਿੰਦਾ ਹੈ। ਉਸ ਦੇ ਭੰਡਾਰ ਅਖੁਟ ਹਨ। ਉਹ ਦਾਤਾਂ ਦੇਂਦਾ ਨਹੀਂ ਥੱਕਦਾ ਜੀਵ ਭਾਵੇਂ ਥੱਕ ਜਾਵੇ।[1] ਇਸ ਲਈ ਸਾਧਕ ਉਹੋ ਪਰਮਾਤਮਾ ਦਾ ਪ੍ਰੇਮੀ ਹੋ ਸਕਦਾ ਹੈ ਜਿਹੜਾ ਲੋੜਵੰਦਾਂ ਨੂੰ ਦਾਨ ਕਰਦਾ ਰਹਿੰਦਾ ਹੈ।

ਪਰਮਾਤਮਾ ਕ੍ਰਿਪਾਲੂ ਹੈ। ਉਹ ਸਭ ਜੀਵਾਂ ਉਤੇ ਆਪਣੀ ਕਿਰਪਾ ਦ੍ਰਿਸ਼ਟੀ ਰੱਖਦਾ ਹੈ। ਸੋ ਸਾਧਕ ਆਪਣੇ ਨਾਲ ਸਬੰਧ ਵਿੱਚ ਆਉਣ ਵਾਲਿਆਂ ਉਤੇ ਕਿਰਪਾ ਦ੍ਰਿਸ਼ਟੀ ਰੱਖੇ, ਪਾਪੀਆਂ ਅਤੇ ਗਲਤੀਆਂ ਕਰਨ ਵਾਲਿਆਂ ਨੂੰ ਮੁਆਫ ਕਰ ਦੇਵੇ।

ਪਰਮਾਤਮਾ ਅੰਮ੍ਰਿਤ ਰਸ ਭਰਪੂਰ ਹੈ। ਉਹ ਸਾਰਿਆਂ ਨੂੰ ਮਿਠਤ ਨਾਲ ਭਰਪੂਰ ਕਰਦਾ ਹੈ। ਇਸ ਮਿਠਤ ਦੇ ਗੁਣ ਨੂੰ ਸਾਧਕ ਮਿਠ ਬੋਲੜਾ ਹੋਕੇ ਗ੍ਰਹਿਣ ਕਰ ਸਕਦਾ ਹੈ।

ਪਰਮਾਤਮਾ ਸਥਿਰ ਹੈ ਇਸ ਲਈ ਸਾਧਕ ਉਹੋ ਸਫਲ ਹੈ ਜਿਹੜਾ ਆਪਣੇ ਮਨ ਦੀ ਹਰ ਭਟਕਣ ਨੂੰ ਰੋਕ ਕੇ ਪਰਮਾਤਮਾ ਵਿੱਚ ਸਥਿਰ ਕਰ ਲੈਂਦਾ ਹੈ।[2] ਪਰਮਾਤਮਾ ਮਾਇਆ ਦੇ ਤਿੰਨਾਂ ਗੁਣਾਂ ਤੋਂ ਉਪਰ ਹੈ ਇਸ ਲਈ ਉਹੋ ਸਾਧਕ ਪਰਮਾਤਮਾ ਨੂੰ ਪਾ ਸਕਣ ਦੇ ਸਮਰੱਥ ਹੁੰਦਾ ਹੈ ਜਿਹੜਾ ਆਪਣੇ ਮਨ ਨੂੰ ਮਾਇਆ ਦੇ ਤਿੰਨਾਂ ਗੁਣਾਂ ਵਲੋਂ ਹਟਾ ਕੇ ਗੁਰ ਕਿਰਪਾ ਨਾਲ ਚੋਥੇ ਪਦ ਵਿਚ ਨਿਵਾਸ ਕਰ ਲਵੇ।[3]

ਬ੍ਰਹਮ ਅਸਲੀਅਤ ਹੈ ਇਸ ਲਈ ਹਰ ਬਣਾਵਟ ਤੋਂ ਉਪਰ ਹੈ। ਬਣਾਵਟੀ ਪਖੰਡਾਂ ਵਿੱਚ ਫਸਿਆ ਰਹਿਣ ਵਾਲਾ ਸਾਧਕ ਅਸਲੀਅਤ ਨੂੰ ਨਹੀਂ ਜਾਣ ਸਕਦਾ। ਸੋ ਪਰਮਾਤਮਾ ਮੁਤਲਾਸੀ ਨੂੰ ਹਰ ਪ੍ਰਕਾਰ ਦੇ ਪਖੰਡ ਦਾ ਤਿਆਗ ਕਰਨਾ ਪੈਂਦਾ ਹੈ।[4]

---

1. "ਦੇਦਾ ਦੇ ਲੈਦੇ ਥਕਿ ਪਾਹਿ।" (ਜਪੁਜੀ- , ਪੰਨਾ-2.)
2. ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵਾ। (ਬਿਲਾਵਲ ਥਿਤੀ-20, ਪੰਨਾ-840)
3. ਚਉਦਸਿ ਚਉਥੇ ਥਾਵਹਿ ਲਹਿ ਪਾਵੈ। (ਬਿਲਾਵਲ ਥਿਤੀ-18, ਪੰਨਾ-840)
4. ਪਾਖੰਡਿ ਰਾਸਿ ਤਤੁ ਨਹੀ ਬੀਨੈ। (ਬਿਲਾਵਲ ਥਿਤੀ-13, ਪੰਨਾ-840)

ਪਰਮਾਤਮਾ ਚੰਗਿਆਈਆਂ ਦਾ ਭੰਡਾਰ ਹੈ , ਇਸ ਲਈ ਸਾਧਕ ਨੂੰ ਹਰ ਪ੍ਰਕਾਰ ਦੇ ਕੂੜ ਦਾ ਤਿਆਗ ਕਰਕੇ ਚੰਗਾ ਬਣਨਾ ਲਾਜ਼ਮੀ ਹੈ ।

ਅਸਲ ਵਿੱਚ ਜਦੋਂ ਵਿਅਕਤੀ ਪਰਮਾਤਮਾ ਦੇ ਸ਼ਬਦ ਦਾ ਆਪਣੇ ਅੰਦਰ ਸੰਚਾਰ ਕਰ ਲੈਂਦਾ ਹੈ ਤਾਂ ਉਸ ਨੂੰ ਆਪਣੇ ਆਪ ਹੀ[1] ਗੁਣਾਂ ਦਾ ਖਜ਼ਾਨਾ- ਬ੍ਰਹਮ ਪ੍ਰਾਪਤ ਹੋ ਜਾਂਦਾ ਹੈ ਅਤੇ ਸਾਰੇ ਗੁਣ ਉਸ ਦੇ ਆਪਣੇ ਹੋ ਜਾਂਦੇ ਹਨ ।

ਇੰਜ ਅਭੇਦਤਾ-ਭੇਦਤਾ-ਅਭੇਦਤਾ ਦਾ ਸਿਧਾਂਤ ਪਰੀਪੂਰਨ ਹੋ ਜਾਂਦਾ ਹੈ । ਇਕੋ ਬ੍ਰਹਮ ਜਿਹੜਾ ਹਮੇਸ਼ਾਂ ਹੀ ਹਰ ਸਮੇਂ ਹੀ ਇਕ ਰਹਿੰਦਾ ਹੈ, ਆਪਣੇ ਸਰਗੁਣ ਸਰੂਪ ਵਿੱਚ ਆਪਣੀ ਮਾਇਆ ਰਾਹੀਂ ਭਰਮਾਏ ਆਪਣੇ ਹੀ ਆਪੇ "ਜੀਵ" ਦੀ ਭੇਦਤਾ ਨੂੰ ਆਖਰ ਆਪਣੇ ਵਿੱਚ ਹੀ ਅਭੇਦ ਕਰ ਲੈਂਦਾ ਹੈ । ਇਕ ਤੋਂ ਅਨੇਕ ਹੋਕੇ ਮੁੜ ਇੱਕ ਹੋ ਜਾਂਦਾ ਹੈ । ਅੰਤਮ ਸਚਾਈ ਬੱਸ "੧ ੳ " ਹੀ ਹੈ ।

---

1. ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨ" (ਸਿਰੀ ਅਸਟਪਦੀ-10, ਪੰਨਾ-59)

# ਪ੍ਰਕਰਣ ਚੌਧਵਾਂ

## "ਬ੍ਰਹਮ ਦੀ ਪ੍ਰਾਪਤੀ"

ਅਰਥ, ਪ੍ਰਾਪਤੀ ਦੇ ਵਿਭਿੰਨ ਮਾਰਗ, ਗੁਰੂ ਸਾਹਿਬ ਦਾ ਸਹਿਜਯੋਗ, ਗੁਰੂ, ਨਾਮ, ਸਦਾਚਾਰ, ਭਾਣਾ, ਬ੍ਰਹਮ ਪ੍ਰਾਪਤੀ ਦੇ ਅਨੁਭਵ ਦੇ ਪੜਾ ।

***

ਪ੍ਰਕਰਣ-14

## "ਬ੍ਰਹਮ ਦੀ ਪ੍ਰਾਪਤੀ"

ਮਨੁੱਖ ਦਾ ਅਸਲ ਜੀਵਨ ਉਦੇਸ਼ ਹੈ "ਬ੍ਰਹਮ" ਦੀ ਪ੍ਰਾਪਤੀ [1], ਕਿਉਂਜੋ ਬ੍ਰਹਮ ਮਨੁੱਖ ਦਾ ਆਪਣਾ ਉੱਤਮ ਆਪਾ ( Higher Self. ) ਹੈ। ਇਸ ਨੂੰ ਮਨੁੱਖ ਆਪਣੀ ਹਉਮੈ ਅਤੇ ਦਵੈਤ ਭਾਵ ਦੀ ਅਗਿਆਨਤਾ ਕਾਰਨ ਭੁੱਲ ਜਾਂਦਾ ਹੈ। ਇਸ ਲਈ ਉਹ ਸਤ ਚਿਤ ਆਨੰਦ ਸਰੂਪ ਹੋਕੇ ਸ਼ਾਨਦਾਰ ਜੀਵਨ ਜੀਉਣ ਦੀ ਬਜਾਏ ਬੜਾ ਅਸਮਰੱਥਾਵਾਂ ਭਰਿਆ, ਨਿਮਾਣਾ ਦੁੱਖਾਂ-ਰੁੱਖਾ ਜੀਵਨ ਜੀਉਂਦਾ ਹੈ। ਅਜਿਹੀ ਅਵਸਥਾ ਤੋਂ ਛੁਟਕਾਰਾ ਦੁਆਉਣ ਲਈ ਗੁਰੂ ਸਾਹਿਬ ਮਨੁੱਖ ਨੂੰ ਕਹਿੰਦੇ ਹਨ:-

"ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ" [2]

ਮਨੁੱਖ ਰਾਜਾ ਹੈ, ਸੁਲਤਾਨ ਹੈ, ਪਰ ਇਸ ਗੱਲ ਦੀ ਮਨੁੱਖ ਨੂੰ ਸੋਝੀ ਨਹੀਂ। [3] ਮਨੁੱਖ ਨੂੰ ਆਪਣੀ ਇਸ ਸਮਰੱਥਾਸ਼ਾਲੀ ਸ਼ਕਤੀ ਦਾ ਗਿਆਨ ਬ੍ਰਹਮ ਨੂੰ ਪ੍ਰਾਪਤ ਕਰਨ ਨਾਲ ਹੁੰਦਾ ਹੈ।

ਬ੍ਰਹਮ ਪ੍ਰਾਪਤੀ ਕੀ ਹੈ ? ਆਪਣੀ ਆਤਮਾ ਦੀ ਅਸਲੀਅਤ ਨੂੰ ਖੋਜਕੇ ਪਰਮਾਤਮਾ ਸਰੂਪ ਹੋ ਜਾਣਾ। [4] ਆਪਣੇ ਅੰਦਰ ਪਰਮਾਤਮਾ ਦਾ ਪਿਆਰ ਪੈਦਾ ਕਰਕੇ ਪਰਮਾਤਮਾ ਦੇ ਦਰਸ਼ਨ ਕਰ ਲੈਣੇ, ਉਹਦੇ ਵਿਚਾਰਾਂ ਅਤੇ ਗੁਰਬਾਣੀ ਨਾਲ ਪਿਆਰ ਪੈਦਾ ਕਰ ਲੈਣਾ ਪਰਮਾਤਮਾ ਦੀ ਸਰਵ ਵਿਆਪਕ ਨਿਰਮਲ ਜੋਤ ਨੂੰ ਆਪਣੇ ਅੰਦਰ ਵੀ ਬਲਦੀ ਜਾਣ ਲੈਣਾ। [5] ਅਜਿਹੇ ਵਿਅਕਤੀ ਦਾ ਜੀਵਨ ਫਿਰ ਇਸ ਦੁੱਖਾਂ ਅਤੇ ਹਰ ਤਰਾਂ ਦੇ ਐਬਾਂ ਭਰੇ ਸੰਸਾਰ ਵਿੱਚ ਇੰਜ ਨਿਰਮਲ ਹੋ ਜਾਂਦਾ ਹੈ ਜਿਵੇਂ ਚਿੱਕੜ ਅਤੇ ਪਾਣੀ ਵਿੱਚ ਰਹਿੰਦਾ ਕੰਵਲ ਫੁੱਲ ਨਿਰਮਲ ਹੁੰਦਾ ਹੈ। [6]

---

1. Dr. S.S. Kohli.,"Out Lines of Sikh Thought." Page-118.
2. ਆਸਾ ਮਹਲਾ-3, ਛੰਤ-2, ਪੰਨਾ-441.
3. ਗੁਰ ਬਿਨੁ ਕਿਨਿ ਸਮਝਾਈਐ ਮਨ ਰਾਜਾ ਸੁਲਤਾਨੁ।" (ਸਿਰੀ ਅਸਟਪਦੀ-2, ਪੰਨਾ-66)
4. ਜਿਨੀ ਆਤਮ ਚੀਨਿਆ ਪਰਮਾਤਮ ਸੋਈ। (ਆਸਾ ਅਸਟਪਦੀ-20, ਪੰਨਾ-421)
5. ਅੰਤਰਿ ਪ੍ਰੇਮੁ ਪਰਾਪਤਿ ਦਰਸਨੁ, ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨ।
   ਨਿਰਮਲ ਜੋਤਿ ਸਬਾਈ, ਘਟਿ ਦੀਪਕੁ ਗੁਰਮੁਖਿ ਜਾਤਾ ਹੇ।
   (ਮਾਰੂ ਸੋਹਲੇ-11, ਪੰਨਾ-1032)
6. ਗੁਰਮੁਖਿ ਨਿਰਮਲ ਰਹਹਿ ਪਿਆਰੇ, ਜਿਉ ਜਲ ਅੰਭ ਊਪਰਿ ਕਮਲ ਨਿਰਾਰੇ।
   (ਆਸਾ ਪਦਾ-15, ਪੰਨਾ-135)

ਇਹ ਅਵਸਥਾ ਅਸੀਮ ਆਨੰਦ ਅਤੇ ਵਿਸਮਾਦ ਦੀ ਅਵਸਥਾ ਹੈ । ਹਰ ਪਾਸੇ ਵਿਸਮਾਦ ਦਾ ਪਸਾਰ ਜਾਪਦਾ ਹੈ ।[1] ਇਸ ਅਵਸਥਾ ਨੂੰ ਪ੍ਰਾਪਤ ਕਰਕੇ ਮਨੁੱਖ ਸਰਵ ਸਮਰੱਥ ਹੋ ਜਾਂਦਾ ਹੈ ।[2] ਫਿਰ ਉਸ ਨੂੰ ਤੰਗੀਆਂ ਵਿਚ ਪਾਉਣ ਵਾਲੇ ਜੰਮਦੂਤ- ਉਸ ਦੇ ਆਪਣੇ ਵਿਸ਼ੇ ਉਸ ਦੀ ਨੌਕਰੀ ਕਰਨ ਲੱਗ ਪੈਂਦੇ ਹਨ । ਉਸ ਦੇ ਸਭ ਪ੍ਰਕਾਰ ਦੇ ਮਨੋਵਿਕਾਰ ਖਤਮ ਹੋ ਜਾਂਦੇ ਹਨ । ਅੰਤਰ ਦਾ ਸੋਰ ਸਰਵ ਵਿਆਪਕ ਸੋਚ ਵਿੱਚ ਸਮਾ ਜਾਂਦਾ ਹੈ ਅਤੇ ਉਸ ਦੇ ਸਾਰੇ ਭੈ ਸਾਰੇ ਸ਼ੰਕੇ ਆਪਣੀ ਮੌਤੇ ਆਪ ਮਰ ਜਾਂਦੇ ਹਨ ।[3] ਉਸ ਨੂੰ ਅਨਹਦ ਨਾਦ ਸੁਣਾਈ ਦੇਣ ਲੱਗ ਪੈਂਦਾ ਹੈ । ਆਪਣੇ ਅੰਦਰ ਹੀ ਸੰਪੂਰਨ ਦੁਨੀਆਂ ਦਾ ਅਹਿਸਾਸ ਹੋ ਜਾਂਦਾ ਹੈ ।[4]

---

1. । ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ (ਸੂਹੀ ਛੰਤ-3, ਪੰਨਾ-768)

   ।। ਵਿਸਮਾਦ ਨਾਦ ਵਿਸਮਾਦ ਵੇਦ--- ਵੇਖਿ ਵਿਡਾਣੁ ਰਹਿਆ ਵਿਸਮਾਦੁ
   ਨਾਨਕ ਬੁਝਣੁ ਪੂਰੈ ਭਾਗਿ । (ਵਾਰ ਆਸਾ -, ਪੰਨਾ-464)

2. "ਮਨ ਜੀਤੈ ਜਗੁ ਜੀਤੁ" (ਜਪੁਜੀ-28, ਪੰਨਾ-6.)

3. । ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ
   ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ ।
   ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ ।
   ਮਨ ਤੇ ਸਚੁ ਮਿਲੈ ਭਉ ਜਾਇ ।
   ਭੈ ਬਿਨ ਨਿਰਭਉ ਕਿਉ ਥੀਐ ।
   ਗੁਰਮੁਖਿ ਸਬਦਿ ਸਮਾਇ । (ਸਿਰੀ ਪਦਾ-11, ਪੰਨਾ-18)

   ।। ਸਵਾਮੀ ਰਾਮ ਤੀਰਥ ਲਿਖਦੇ ਹਨ:-

   "ਅਨੁਭਵ ਦੀ ਟੀਸੀ ਤੋਂ ਪਰਤਿਆ ਮਨੁੱਖ ਵਿਸਮਾਦ ਦੀ ਅਵਸਥਾ ਵਿਚੋਂ ਨਿਕਲਿਆ, ਤਾਕਤ ਨਾਲ ਭਰਪੂਰ ਹੁੰਦਾ ਹੈ ।"

4. ਗੁਰ ਸਬਦਿ ਮੇਲਾ ਤਾ ਸੁਹੇਲਾ ਬਾਜੰਤ ਅਨਹਦ ਬੀਣਾ ।
   ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ ।" (ਸੂਹੀ ਛੰਤ, ਪੰਨਾ-767)

ਇਸ ਉਦੇਸ਼ ਤੱਕ ਮਨੁੱਖੀ ਸਰੀਰ ਵਿਚ ਹੁੰਦੇ ਹੋਏ ਹੀ ਪਹੁੰਚਿਆ ਜਾ ਸਕਦਾ ਹੈ ।[1] ਸਰੀਰ ਇਕ ਪ੍ਰਕਾਰ ਦਾ ਮੰਦਰ ਹੈ, ਪਰਮਾਤਮਾ ਦੀ ਅੰਸ਼ ਆਤਮਾ ਦਾ ।[2] ਮਨੁੱਖ ਆਪਣੇ ਸਰੀਰ ਵਿੱਚ ਵੱਸਦੀ ਆਤਮਾ ਵਿਚੋਂ ਪਰਮਾਤਮਾ ਦੀ ਅੰਸ਼ ਨੂੰ ਲੱਭ ਕੇ ਹੀ ਬਾਹਰ ਵਿਆਪੀ ਪਰਮਾਤਮਾ ਵਿੱਚ ਅਭੇਦ ਹੋ ਸਕਦਾ ਹੈ ।[3]

ਵਿਸ਼ਵ ਦੇ ਸਾਰੇ ਧਰਮਾਂ ਦਾ ਮੰਤਵ ਅਕਸਰ ਇਸ ਉੱਤਮ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਹੈ ਭਾਵੇਂ ਹਰ ਧਰਮ ਇਸ ਨੂੰ ਵੱਖਰਾ ਨਾਮ ਦਿੰਦਾ ਹੈ ਅਤੇ ਵੱਖਰੀ ਤਰਾਂ ਬਿਆਨ ਕਰਦਾ ਹੈ ।[4] ਪਰਮਾਤਮਾ ਪ੍ਰਾਪਤੀ ਇਕ ਪ੍ਰਕਾਰ ਨਾਲ ਇਕ ਚੱਕਰ ਦਾ ਧੁਰਾ ਹੈ । ਇਸ ਧੁਰੇ ਉੱਤੇ ਕਿਸੇ ਵੀ ਸੰਭਵ ਲੰਬ ਦੁਆਰਾ ਪਹੁੰਚਿਆ ਜਾ ਸਕਦਾ ਹੈ । ਵੱਖੋ ਵੱਖਰੇ ਲੰਬਾਂ ਰਾਹੀਂ ਧੁਰੇ ਤੇ ਪਹੁੰਚ ਰਹੇ ਸਭ ਵਿਅਕਤੀ ਬੜੀ ਇਮਾਨਦਾਰੀ ਨਾਲ ਅਨੁਭਵ ਕਰਦੇ ਹਨ ਕਿ ਇਕੱਲੇ ਉਹ ਹੀ ਧੁਰੇ ਵੱਲ ਨੂੰ ਜਾਂਦੇ ਠੀਕ ਰਾਹ ਉੱਤੇ ਤੁਰ ਰਹੇ ਹਨ । ਪਰ ਧੁਰੇ ਤੇ ਪਹੁੰਚ ਕੇ ਉਹ ਹੈਰਾਨ ਹੁੰਦੇ ਹਨ ਕਿ ਉਹ ਤਾਂ ਸਭ ਇਕੋ ਉਦੇਸ਼ ਤੱਕ ਪਹੁੰਚਣ ਲਈ ਵੱਖੋ ਵੱਖਰੇ ਯਤਨ ਕਰਦੇ ਰਹੇ ਹਨ ।[5]

ਇੰਜ ਇਸ ਪ੍ਰਾਪਤੀ ਤੱਕ ਪਹੁੰਚਣ ਦੇ ਅਨੇਕ ਢੰਗ ਹਨ । ਗੁਰੂ ਸਾਹਿਬ ਇਨ੍ਹਾਂ ਢੰਗਾਂ ਨੂੰ ਇੰਜ ਨਿਆਯੁਕਤ ਕਰਦੇ ਹਨ :-

1. ਮੰਤਰ ਜਾਪ
2. ਪ੍ਰੇਮਾ ਭਗਤੀ
3. ਕਰਮ ਕਾਂਡ

---

1. ਸੁਰਤੀ ਸੁਰਤ ਰਲਾਈਐ ਏਤੁ । ਤਨੁ ਕਰਿ ਤੁਲਹਾ ਲੰਘਹਿ ਜੇਤੁ ।
(ਰਾਮਕਲੀ ਪਦਾ-7, ਪੰਨਾ-878)
2. ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ ।
ਤਿਸੁ ਵਿਚ ਹਰਿ ਜੀਉ ਵਸੈ ਮੁਰਾਰੇ । (ਮਾਰੂ ਸੋਹਲੇ-16, ਪੰਨਾ-, ਮਹਲਾ-3)
3. ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ । (ਆਸਾ ਅਸਟਪਦੀ-4, ਪੰਨਾ-414)
4. ਬੁਧ ਧਰਮ ਇਸ ਨੂੰ "ਨਿਰਬਾਣ ਪਦ" ਦੀ ਅਵਸਥਾ ਕਹਿੰਦਾ ਹੈ, ਵੇਦਾਂਤ "ਤੁਰੀਆ ਅਵਸਥਾ" ਯੋਗ "ਚੌਥਾ ਪਦ" ਸਾਂਖ "ਕੈਵਲਯ ਪਦ" ਜੈਨੀ "ਮੁਕਤੀ" ਇਸਲਾਮ ਅਤੇ ਈਸਾਈ ਬ੍ਰਹਮ ਦੀ ਪ੍ਰਾਪਤੀ ਕਹਿੰਦੇ ਹਨ ।
5. Swami Prabha Nanda. "Religion in Practice." Page-12.

4. ਹਠ ਜੋਗ
5. ਵੇਦ ਸਿਮਰਨ
6. ਦੁਨੀਆਂ ਤੋਂ ਉਦਾਸੀ ਜੋਗ
7. ਗਿਆਨ ਜੋਗ
8. ਦਾਨ ਕਰਨਾ
9. ਸਤ ਕਮਾਉਣਾ
10. ਕਰਮ ਜੋਗ
11. ਮੋਨ

ਪਰ ਠੀਕ ਰਾਹ ਓਹੋ ਹੈ ਜਿਹੜਾ ਪਰਮਾਤਮਾ ਨੂੰ ਭਾਅ ਜਾਂਦਾ ਹੈ ।[1] ਵੇਦਾਂ ਵਿਚ "ਤਪ" ਨੂੰ ਮਹਤਵ ਦਿੱਤਾ ਜਾਂਦਾ ਸੀ । ਉਪਨਿਸ਼ਦ ਕਾਲ ਵਿੱਚ "ਗੁਰੂ" ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੋ ਗਿਆ । ਜਿਸ ਕਿਸੇ ਨੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨੀ ਹੁੰਦੀ ਉਹ ਕਿਸੇ ਬ੍ਰਹਮ ਗਿਆਨੀ ਗੁਰੂ ਕੋਲ ਚਲਾ ਜਾਂਦਾ ਉਸ ਨੂੰ ਗੁਰੂ ਧਾਰਨ ਕਰਕੇ ਉਸ ਦੀ ਰਜ਼ਾ ਵਿੱਚ ਰਹਿੰਦਾ, ਵਰਿਆਂ-ਬਧੀ ਉਸ ਦੀ ਸੇਵਾ ਸ਼ਰਧਾ ਅਤੇ ਪਿਆਰ ਨਾਲ ਕਰਦਾ ਤੇ ਆਖਰ ਗੁਰੂ ਉਸਨੂੰ ਬ੍ਰਹਮ ਗਿਆਨ ਦੇ ਦੇਂਦਾ ਹੈ । ਭਾਗਵਦ ਗੀਤਾ ਵਿੱਚ ਬ੍ਰਹਮ ਪ੍ਰਾਪਤੀ ਦੇ ਦੋ ਮਾਰਗ ਦੱਸੇ ਗਏ ਹਨ:-

1. ਕਰਮ ਯੋਗ ਅਤੇ
2. ਸਨਿਆਸ ।

ਕਰਮ ਯੋਗੀ ਸੰਸਾਰ ਵਿੱਚ ਰਹਿਕੇ ਕਰਮ ਕਰਦਾ ਹੈ ਪਰ ਫੱਲ ਦੀ ਆਸ ਨਹੀਂ ਕਰਦਾ ਇੰਜ ਇਕ ਪ੍ਰਕਾਰ ਨਾਲ ਪਰਮਾਤਮਾ ਦੇ ਭਾਣੇ ਨੂੰ ਮੰਨਦਾ ਹੋਇਆ ਆਖਰ ਆਪਣੀ ਅਸਲੀਅਤ ਨੂੰ ਪ੍ਰਾਪਤ ਕਰ ਲੈਂਦਾ ਹੈ । ਸੰਨਿਆਸੀ ਗਿਆਨ ਪ੍ਰਾਪਤੀ ਲਈ ਧਾਰਮਿਕ ਗ੍ਰੰਥ ਪੜ੍ਹਦਾ ਅਤੇ ਵਿਚਾਰਦਾ ਹੈ

---

1. ਅਸੰਖ ਜਪ ਅਸੰਖ ਭਾਉ, ਅਸੰਖ ਪੂਜਾ ਅਸੰਖ ਤਪ ਤਾਉ ।
ਅਸੰਖ ਗਰੰਥ ਮੁਖਿ ਵੇਦ ਪਾਠ, ਅਸੰਖ ਜੋਗ ਮਨਿ ਰਹਹਿ ਉਦਾਸ ।
ਅਸੰਖ ਭਗਤ ਗੁਣ ਗਿਆਨ ਵੀਚਾਰ, ਅਸੰਖ ਸਤੀ ਅਸੰਖ ਦਾਤਾਰ ।
ਅਸੰਖ ਸੂਰ ਮੁਹ ਭਖ ਸਾਰ, ਅਸੰਖ ਮੋਨਿ ਲਿਵ ਲਾਇ ਤਾਰ ।
ਕੁਦਰਤਿ ਕਵਣ ਕਹਾ ਵੀਚਾਰੁ, ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ, ਤੂ ਸਦਾ ਸਲਾਮਤਿ ਨਿਰੰਕਾਰ ।
(ਜਪੁਜੀ-17, ਪੰਨਾ-4)

ਸ਼ਾਸ਼ਤਰਾਂ ਅਨੁਸਾਰ ਦਸੇ ਕਰਮ ਕਰਦਾ ਹੈ ਅਤੇ ਆਖਰ ਸਾਰੀ ਮਾਇਆ ਦਾ ਤਿਆਗ ਕਰਕੇ ਪਰਮਾਤਮਾ ਨੂੰ ਪਾ ਲੈਂਦਾ ਹੈ। ਗੀਤਾ ਵਿਚ ਹੀ ਪ੍ਰੇਮਾ ਭਗਤੀ ਦਾ ਵਰਣਨ ਵੀ ਮਿਲਦਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਸਮਝਾਂਦੇ ਹਨ ਕਿ ਜਿਹੜਾ ਵਿਅਕਤੀ ਪਿਆਰ, ਨਾਲ, ਸਰਧਾ ਨਾਲ ਜਿਸ ਰੂਪ ਵਿੱਚ ਵੀ ਮੇਰੀ ਪੂਜਾ ਕਰਦਾ ਹੈ ਮੈਂ ਉਸ ਦੀ ਉਸੇ ਧਾਰਨਾ ਨੂੰ ਫੱਲ ਦੇਂਦਾ ਹਾਂ, ਪਿਆਰ ਨਾਲ ਅਰਪਣ ਕੀਤਾ ਇਕ "ਪੱਤਾ" ਵੀ ਮੈਂ ਬਹੁਤ ਖ਼ੁਸ਼ ਹੋਕੇ ਮੰਜ਼ੂਰ ਕਰਦਾ ਹਾਂ।[1] ਜੈਨੀ ਅਤੇ ਬੋਧੀ ਗਿਆਨ ਰਾਹੀਂ ਨਿਰਵਾਣ ਪ੍ਰਾਪਤੀ ਤੇ ਜ਼ੋਰ ਦੇਂਦੇ ਹਨ ਭਾਵੇਂ ਦੋਹਾਂ ਦੇ ਗਿਆਨ ਪ੍ਰਾਪਤ ਕਰਨ ਦੇ ਢੰਗ ਵੱਖੋ ਵੱਖਰੇ ਹਨ ਅਤੇ ਦੋਵੇਂ ਸਾਧਕ ਨੂੰ ਵਿਭਿੰਨ ਪ੍ਰਕਾਰ ਦੇ ਸਦਾਚਾਰ ਵਿੱਚ ਬੰਨ੍ਹਦੇ ਹਨ।

"ਸਾਂਖ" ਕਰਮ ਯੋਗ ਨੂੰ ਅਤੇ "ਯੋਗ" ਕਠਨ ਤਪੱਸਿਆ ਅਤੇ "ਹਠਯੋਗ" ਨੂੰ ਪ੍ਰਾਪਤੀ ਦਾ ਸਾਧਨ ਮੰਨਦਾ ਹੈ। ਚਾਰਵਕ ਜੀਵਨ ਦੇ ਭੋਗ ਭੋਗਣ ਵਿੱਚ ਬ੍ਰਹਮ ਪ੍ਰਾਪਤੀ ਦਾ ਰਾਹ ਮੰਨਦੇ ਹਨ। ਉੱਤਰ ਮਿਮਾਂਸਾ ਗਿਆਨ ਪ੍ਰਾਪਤੀ ਦਾ ਸਾਧਨ ਮੰਤ੍ਰ ਰਟਣ ਨੂੰ ਮੰਨਦਾ ਹੈ ਅਤੇ ਪੂਰਵ ਮਿਮਾਂਸਾ "ਗੁਰੂ" ਨਿਆਇ, ਵਿਸ਼ੇਸ਼ਕਾ ਵੀ ਗਿਆਨ ਹੀ ਆਪਣੀ ਪ੍ਰਾਪਤੀ ਦਾ ਮਾਰਗ ਮੰਨਦੇ ਹਨ।

ਅਸਲ ਉਦੇਸ਼ "ਪੂਰਨਤਾ ਵਿਚ ਵਾਪਸੀ" ਹੈ। ਜੀਵ ਦਾ ਆਪਣੀ ਅੰਦਰਲੀ ਸਥਿਰ ਆਦਰਸ਼ਕ ਸਥਿਤੀ ਵੱਲ ਨੂੰ ਮੁੜਨਾ ਹੈ। ਇਸ ਨੂੰ ਸੰਸਕ੍ਰਿਤ ਵਿੱਚ "ਕੈਵਲਿਅ" ਕਿਹਾ ਜਾਂਦਾ ਹੈ ਭਾਵ ਪੂਰਨਤਾ। ਉਨ੍ਹਾਂ ਸਮਰਥਾਵਾਂ ਦੀ ਮੁੜ ਪ੍ਰਾਪਤੀ ਜਿਹੜੀਆਂ ਅਸਪਸ਼ਟ ਹੋਣ ਕਾਰਨ ਅਸਥਾਈ ਸਮੇਂ ਲਈ ਜੀਵ ਕੋਲੋਂ ਗੁੰਮ ਜਾਂਦੀਆਂ ਹਨ। ਜਿਵੇਂ ਕਿ ਅਸੀਂ ਵੇਖਦੇ ਹਾਂ ਵਿਸ਼ਵ ਦੀਆਂ ਸਾਰੀਆਂ ਹਸਤੀਆਂ ਵਿਭਿੰਨ ਮਿਆਰਾਂ ਤੇ ਅਪੂਰਨ ਹਨ ਪਰ ਤਾਂ ਵੀ ਯੋਗ ਯਤਨ ਅਤੇ ਦੂਰ ਦ੍ਰਿਸ਼ਟੀ ਨਾਲ "ਸੰਪੂਰਨ" ਹੋ ਜਾਣ ਦੀ ਸਮਰੱਥਾ ਰੱਖਦੀਆਂ ਹਨ। ਸਾਰੇ ਜੀਵ ਸਰਵਵਿਆਪਕ, ਸਰਵ-ਸਮਰੱਥ, ਅਸੀਮ ਅਤੇ ਅਜਿੱਤ ਹੋ ਸਕਣ ਦੇ ਸਮਰਥ ਹਨ ਕਿਉਂਕਿ ਇਹ ਉਨ੍ਹਾਂ ਦਾ ਗੁਪਤ ਓਜ ਹੈ।

ਗੁਰੂ ਸਾਹਿਬ ਇਸ ਧਾਰਨਾ ਦੇ ਹਨ ਕਿ ਸਿਰਫ ਇਕ ਹੀ ਰਸਤਾ ਹੈ, ਜਿਸ ਨੂੰ ਹਰ ਕੋਈ ਸੋਚ ਦਾ ਅਨੁਸਾਰੀ ਹੋਕੇ ਅਪਣਾ ਸਕਦਾ ਹੈ।[2] ਉਹ ਰਸਤਾ ਹੈ:-

"ਹੁਕਮਿ ਰਜਾਈ ਚਲਣਾ"[3] ਕਿਉਂਕਿ ਵਿਸ਼ਵ ਦਾ ਹਰ ਕੰਮ "ਹੁਕਮ" ਵਿਚ ਹੋ ਰਿਹਾ

---

1. ਗੀਤਾ-7, 21; 9, 27.

2. i Dr. Bhai Jodh Singh. "Teachings of Guru Nanak." in "Guru Nanak His Life, Time and Teachings." Page-17.

   ii Prin. Teja Singh. "Essays in Sikhism." PAGE-16

3. ਜਪੁਜੀ-1, ਪੰਨਾ-1.

ਹੈ । ਜਦੋਂ ਕਿਸੇ ਨੂੰ ਇਸ ਸਰਵ ਵਿਆਪਕ ਹੁੱਕਮ ਦੀ ਸੂਝ ਹੋ ਜਾਂਦੀ ਹੈ ਤਾਂ ਉਹ ਆਪਣੀ (ਹਉਮੈ) ( Lower Self ) ਨੂੰ ਛੱਡ ਦਿੰਦਾ ਹੈ ਅਤੇ ਵਿਸ਼ਵ ਦੇ ਵਿਆਪਕ ਪਰਮਾਤਮਾ ( Higher Self. ) ਵਿੱਚ ਸਮਾ ਜਾਂਦਾ ਹੈ ।[1]

ਪਰਮਾਤਮਾ ਦੇ ਹੁੱਕਮ ਰਜਾ ਵਿੱਚ ਚੱਲਕੇ, ਹੁੱਕਮ ਦੀ ਸੂਝ ਪ੍ਰਾਪਤ ਕਰਨ ਲਈ, ਨਾਮ ਸਿਮਰਨ ਦੁਆਰਾ ਮਨ ਦੀ ਇਕਾਗਰਤਾ ਰੂਪ ਸਹਿਜ ਜੋਗ ਦੀ ਅਵਸ਼ਕਤਾ ਹੈ । ਇਸ ਨੂੰ ਗੁਰਬਾਣੀ ਵਿੱਚ ਭਗਤਿ ਜੋਗ, ਤਤ ਜੋਗ, ਅਤੇ ਬ੍ਰਹਮ ਜੋਗ, ਸੁਰਤ ਸ਼ਬਦ ਜੋਗ, ਨਾਮ ਜੋਗ, ਭਗਤੀ ਜੋਗ ਆਦਿ ਨਾਮ ਦਿੱਤੇ ਗਏ ਹਨ ।[2]

ਸ੍ਰੀ ਮਦ ਭਾਗਵਦ ਗੀਤਾ ਵਿੱਚ ਤਿੰਨ ਪ੍ਰਕਾਰ ਦੇ ਜੋਗ ਬਿਆਨ ਕੀਤੇ ਗਏ ਹਨ:- ਕਰਮ ਜੋਗ, ਭਗਤੀ ਜੋਗ, ਅਤੇ ਗਿਆਨ ਜੋਗ । ਗੁਰੂ ਸਾਹਿਬ ਦਾ ਸਾਹਿਜ ਜੋਗ ਇਨ੍ਹਾਂ ਤਿੰਨਾਂ ਨੂੰ ਮਿਲਾ ਕੇ ਇਨ੍ਹਾਂ ਵਿੱਚ ਇਕ ਸੰਤੁਲਨ ਕਾਇਮ ਕਰਤਾ ਹੈ ।[3]

ਜੋਗ ਸੰਸਕ੍ਰਿਤ ਸ਼ਬਦ "ਯੁਜ" ਤੋਂ ਬਣਿਆ ਹੈ ਜਿਸ ਦੇ ਅਰਥ ਹਨ- ਜੁੜਨਾ ਜਾਂ ਮਿਲਣਾ[4] "ਜੋਗ" ਦਾ ਮਤਲਬ ਹੈ ਮਿਲਾਪ-ਜੀਵ ਆਤਮਾ ਅਤੇ ਪਰਮਾਤਮਾ ਦਾ ਇਕ ਹੋਣਾ । ਪਰ ਜੋਗ ਵਿਧਾਨ ਦੇ ਜਨਮ ਦਾਤਾ ਪਤਾਂਜਲੀ ਦਾ ਜੋਗ ਤੋਂ ਭਾਵ ਇਹ ਨਹੀਂ ਸੀ । ਉਸ ਦਾ ਜੋਗ ਤੋਂ ਭਾਵ ਸੀ ਚਿੱਤ ਦੀ ਬ੍ਰਿਤੀ ਦਾ ਰੋਕਣਾ[5] ਅਤੇ ਸਮਾਧੀ ਪਾਦ, ਸਾਧਨ ਪਾਦ, ਵਿਭੂਤੀ ਪਾਦ ਰਾਹੀਂ ਕੈਵਲਯ ਪਾਦ (ਮੁਕਤ ਪਾਦ) ਨੂੰ ਪ੍ਰਾਪਤ ਕਰਨਾ।[6] ਗੁਰੂ ਸਾਹਿਬ ਨੇ ਇਹ ਅਰਥ ਨਹੀਂ ਲਿਆ ।

---

1. ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ।
   ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ । (ਜਪੁਜੀ-1, ਪੰਨਾ-1)
2. i ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-103.
   ii Dr. S.S. Kohli."Out Lines of Sikh Thought."page-82
3. Dr. S.S. Kohli."Out Lines of Sikh Thought."Page-84.
4. i ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-656.
   ii Dr. S.S. Kohli."Out Lines of Sikh Thought."Page-81.
   iii Selection from Swami Vivekananda. Page-40.
5. ਪਾਤੰਜਲ ਦਰਸ਼ਨ ਪਾਦ । ਸੂਤਰ 29, ਰਕਸਿਮ੍ਰਿਤਿ ਅਸਟਪਦੀ-7, ਸਲੋਕ-16.
6. ਜੋਗ ਦਰਸ਼ਨ ਸਮਾਧੀ ਪਾਦ, ਸਾਧਨ ਪਾਦ, ਵਿਭੂਤੀ ਪਾਦ, ਕੈਵਲਯ ਪਾਦ ।
   (ਸੂਤਰ-195)

ਉਨ੍ਹਾਂ ਅਨੁਸਾਰ ਜੋਗ ਦਾ ਭਾਵ ਆਤਮਾ ਪਰਮਾਤਮਾ ਦਾ ਮਿਲਾਪ ਹੀ ਹੈ। ਗੁਰੂ ਸਾਹਿਬ ਦੁਆਰਾ ਦੱਸੇ ਸਹਿਜ ਜੋਗ ਦੀਆਂ ਚਾਰ ਜ਼ਰੂਰਤਾਂ ਹਨ:-

1. ਗੁਰੂ
2. ਨਾਮ
3. ਸਦਾਚਾਰ
4. ਭਾਣੇ ਵਿੱਚ ਰਹਿਣਾ[1]

## ਗੁਰੂ

ਭਾਰਤੀ ਦਰਸ਼ਨ ਵਿੱਚ ਪ੍ਰਾਚੀਨ ਕਾਲ ਤੋਂ ਹੀ ਗੁਰੂ ਦੀ ਬਹੁਤ ਮਹੱਤਤਾ ਰਹੀ ਹੈ। ਗੁਰੂ ਇਕ ਸੰਪੂਰਨ ਮਨੁੱਖ ਹੈ।[2] ਉਹ ਜੋ ਬ੍ਰਹਮ ਨੂੰ ਅਨੁਭਵ ਕਰ ਲੈਂਦਾ ਹੈ ਸਤਿਗੁਰੂ ਕਹਾਉਣ ਦਾ ਹੱਕਦਾਰ ਹੋ ਜਾਂਦਾ ਹੈ।[3] ਸਤਿਗੁਰੂ ਆਪਣੇ ਸੇਵਕ ਉੱਤੇ ਕਿਰਪਾ ਕਰਦਾ ਹੈ ਤਾਂ ਉਸ ਨੂੰ ਬ੍ਰਹਮ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਦਾਤਾ ਹੈ, ਉਹ ਆਪਣੇ ਸੇਵਕਾਂ ਨੂੰ ਅੰਮ੍ਰਿਤ ਰੂਪੀ ਨਾਮ ਦਾ ਦਾਨ ਦੇਂਦਾ ਹੈ। ਉਸ ਨੂੰ ਮਿਲ ਕੇ ਸ਼ਾਂਤੀ ਆਉਂਦੀ ਹੈ, ਸਭ ਇਛਾਵਾਂ ਅਤੇ ਤ੍ਰਿਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਹਨ। ਗੁਰੂ ਮਨੁੱਖ ਨੂੰ ਅਸਲੀਅਤ ਦਾ ਅਜਿਹਾ ਗਿਆਨ ਦੇਂਦਾ ਹੈ ਕਿ ਉਸ ਨੂੰ ਤ੍ਰਿਲੋਕੀ ਦੀ ਸੋਝੀ ਹੋ ਜਾਂਦੀ

---

1. i ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹੰਢਾਵਉ।
   ਜੋ ਕਿਛੁ ਕਰੈ ਭਲਾ ਕਰਿ ਮਾਨਉ, ਸਹਜ ਜੋਗ ਨਿਧਿ ਪਾਵਉ।
   (ਆਸਾ-ਪਦਾ-37, ਪੰਨਾ-359)

   ii ਗਿਆਨ ਰਤਨਾਵਲੀ ਵਿੱਚ ਭਾਈ ਮਨੀ ਸਿੰਘ ਦੱਸਦੇ ਹਨ:-

   "ਮਹਾਰਾਜ ਦੇ ਮਿਲਣ ਦੇ ਚਾਰ ਦੁਆਰੇ ਹੈਨ, ਪ੍ਰਥਮੇ ਸਤ ਸੰਗਤ ਹੈ, ਦੂਜੇ ਸਤਯ ਹੈ, ਤੀਸਰਾ ਸੰਤੋਖ ਹੈ, ਚੌਥਾ ਸਮਦਮ ਹੈ, ਅਤਤੀ ਹੋਵੇ ਅਤੇ ਗ੍ਰਿਹਸਤੀ ਹੋਵੇ, ਏਨਾ ਚਹੁੰ ਦੁਆਰਿਆ ਵਿੱਚ ਜੋ ਆਵੇਗਾ। ਸੋਈ ਗੁਰੂ ਨੂੰ ਪ੍ਰਾਪਤ ਹੋਵੇਗਾ।[2]

2. Dr. S.S. Kohli.,"Out Lines of Sikh Thought." Page-89.
3. ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ। (ਵਾਰ ਆਸਾ-6, ਪੰਨਾ-466)

ਹੈ।[1] ਇਹੋ ਅਮਰ ਪਦਾਰਥ ਹੈ। ਗੁਰੂ ਇਕ ਪ੍ਰਕਾਰ ਦਾ ਅਜਿਹਾ ਤੀਰਥ ਹੈ ਜਿਥੇ ਆਕੇ ਉਸ ਦੇ ਸਾਰੇ ਪਾਪ ਕੱਟੇ ਜਾਂਦੇ ਹਨ। ਗੁਰੂ ਨੂੰ ਗੁਰੂ ਸਾਹਿਬ ਇਕ ਅਜਿਹੀ ਪਉੜੀ, ਅਜਿਹੀ ਬੇੜੀ, ਅਜਿਹੀ ਤੁਲ੍ਹੇ ਦੀ ਤੁਲਨਾ ਦਿੰਦੇ ਹਨ ਜਿਹੜਾ ਮਨੁੱਖ ਨੂੰ ਆਪਣੀ ਕਿਰਪਾ ਨਾਲ ਮਾਇਆ ਦੇ ਭਵ ਸਾਗਰ ਵਿਚੋਂ ਕੱਢਕੇ ਅਸਲੀਅਤ ਦੇ ਘਰ ਪਹੁੰਚਾ ਦਿੰਦਾ ਹੈ।[2] ਸਤਿਗੁਰੂ ਕੋਲੋਂ ਜੀਵ ਨੂੰ ਚਾਰੇ ਪਦਾਰਥ-ਧਰਮ, ਅਰਥ, ਕਾਮ, ਮੋਕਸ਼ ਪ੍ਰਾਪਤ ਹੁੰਦੇ ਹਨ।[3]

ਮੁੱਖ ਰੂਪ ਵਿੱਚ ਸੇਵਕ ਨੂੰ ਗੁਰੂ ਕੋਲੋਂ ਇਹ ਕੁੱਝ ਪ੍ਰਾਪਤ ਹੁੰਦਾ ਹੈ :-

1. ਗੁਰ ਸ਼ਬਦ ( ਨਾਮ )
2. ਗੁਰ ਸੰਗਤਿ, ਸਤਿ ਸੰਗਤਿ।
3. ਕ੍ਰਿਪਾ।
4. ਪਰਮਾਤਮਾ ਦਾ ਭੈ।
5. ਭਾਉ।
6. ਹੁੱਕਮ ਵਿੱਚ ਰਹਿਣ ਦੀ ਮੱਤ।

## ਗੁਰ ਸ਼ਬਦ ( ਨਾਮ )

ਵਾਹਿਗੁਰੂ ਦਾ ਬਖਸ਼ਿਆ ਸ਼ਬਦ ਜਾਂ ਪਰਮਾਤਮਾ ਦਾ ਨਾਮ ਇਕ ਪ੍ਰਕਾਰ ਦਾ ਬੀਜ ਮੰਤਰ ਹੈ। ਬੀਜ ਮੰਤਰ ਹੋਣ ਦੇ ਨਾਤੇ ਇਹ ਸੇਵਕ ਦੇ ਮਨ ਵਿੱਚ ਈਸ਼ਵਰ ਰੂਪ ਧਾਰਕੇ ਵਿਕਸਤ ਹੁੰਦਾ ਹੈ। ਇਸ ਲਈ ਬੀਜ ਮੰਤਰ ਨੂੰ ਕਈ ਵਾਰ ਬ੍ਰਹਮ ਜਾਂ ਸ਼ਬਦ ਬ੍ਰਹਮ ਕਿਹਾ ਜਾਂਦਾ ਹੈ।[4] ਨਾਮ ਕੀ ਹੈ ? ਇਸ ਦਾ ਜੁਆਬ ਗੁਰੂ ਸਾਹਿਬ ਇਕੋ ਪੰਕਤੀ ਵਿੱਚ ਦਿੰਦੇ ਹਨ- -"ਜੇਤਾ ਕੀਤਾ ਤੇਤਾ ਨਾਉ,

---

1. ਗੁਰਦਾਤਾ ਗੁਰ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ
   ਅਮਰ ਪਾਦਰਥ ਨਾਨਕਾ ਮਨ ਮਾਨਿਐ ਸੁਖ ਹੋਇ।" (ਵਾਰ ਮਾਝ-1, ਪੰਨਾ-137)
2. ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ।
   ਗੁਰੁ ਸਰੁ ਸਾਗਰ ਬੋਹਿਥੋ, ਗੁਰ ਤੀਰਥ ਦਰੀਆਉ। (ਸਿਰੀ ਪਦੇ-9, ਪੰਨਾ-17.)
3. ਸਤਿਗੁਰ ਕੇ ਵਸਿ ਚਾਰਿ ਪਦਾਰਥ
   ਤੀਨਿ ਸਮਾਏ ਏਕ ਕ੍ਰਿਤਾਰਥ। (ਪ੍ਰਭਾਤੀ ਅਸਟਪਦੀ-6, ਪੰਨਾ-1343)
4. Dr. S. S. Kohli., "Out Lines of Sikh Thought." Page-95.)

ਵਿਣੁ ਨਾਵੈ ਨਾਹੀ ਕੋ ਥਾਉ ।"[1] ਇਸ ਤਰਾਂ ਹਰ ਚੀਜ਼ ਨਾਮ ਹੈ, ਘਟ ਘਟ ਵਿੱਚ ਵਿਆਪਕ ਸ਼ਬਦ ਨਾਮ ਹੈ । ਗੁਰੂ ਦੀ ਸੁਰਤੀ ਇਸ ਸਰਵ ਵਿਆਪਕ ਨਾਮ ਵਿੱਚ ਅਭੇਦ ਹੋ ਚੁੱਕੀ ਹੁੰਦੀ ਹੈ, ਇਸ ਲਈ ਉਸ ਦਾ ਬਖਸ਼ਿਆ ਸ਼ਬਦ ਜਾਂ ਨਾਮ ਅਜਿਹਾ ਹੁੰਦਾ ਹੈ ਜਿਸ ਦਾ ਸਿਮਰਨ ਕਰਨ ਨਾਲ ਸੇਵਕ ਦੀ ਸੁਰਤੀ ਵੀ ਗੁਰੂ ਦੀ ਸੁਰਤੀ ਨਾਲ ਰੱਲਕੇ ਬ੍ਰਹਿਮੰਡ ਵਿੱਚ ਵਿਆਪਕ ਬ੍ਰਹਮ ਸੁਰਤ ਵਿੱਚ ਲੀਨ ਹੋ ਜਾਂਦੀ ਹੈ ।[2] ਨਾਮ ਮਨੁੱਖ ਦੀ ਬੁੱਧੀ ਨੂੰ ਪਾਪਾਂ ਤੋਂ ਮੁਕਤ ਕਰਕੇ ਸ਼ੁਧ ਕਰ ਦੇਂਦਾ ਹੈ ।[3] ਅਤੇ ਅੰਦਰ ਨੂੰ ਸਾਫ ਕਰਕੇ ਅਸਲ ਤੀਰਥ ਇਸ਼ਨਾਨ ਕਰਵਾ ਦਿੰਦਾ ਹੈ । ਫਿਰ ਮਨੁੱਖ ਜਤੀ ਵੀ ਹੋ ਜਾਂਦਾ ਹੈ ਅਤੇ ਸਤੀ ਵੀ ਹੋ ਜਾਂਦਾ ਹੈ ।[4] ਸਭ ਕਰਮ (ਕਰਮ ਜੋਗ) ਧਰਮ ( ਭਗਤੀ-ਜੋਗ ) ਸਚੁ- ( ਗਿਆਨ ਜੋਗ ) ਬ੍ਰਹਮ ਦਾ ਸੋਮਾ ਨਾਮ ਹੀ ਹੈ ।[5] ਸੰਜਮ, ਸਤ ਅਤੇ ਭਾਓ ਵੀ ਨਾਮ ਵਿੱਚ ਹੀ ਹੈ ।[6] ਨਾਮ ਸਿਮਰਨ ਸਭ ਤੋਂ ਉਤਮ ਕਰਮ ਹੈ ।[7]

ਪਹਿਲਾਂ ਸੇਵਕ ਨਾਮ ਨੂੰ ਸੁਣਦਾ ਹੈ । ਨਾਮ ਸੁਣਨ ਨਾਲ ਉਸ ਦੇ ਦਿਲ, ਵਿੱਚ ਨਾਮ ਪੈਦਾ ਹੁੰਦਾ ਹੈ ਅਤੇ ਪਰਮਾਤਮਾ ਦੇ ਦਰਬਾਰ ਵਿੱਚ ਸੋਭਾ ਮਿਲਦੀ ਹੈ । ਫਿਰ ਨਾਮ ਹੀ ਉਸ ਦੀ ਸਾਰੀ ਜਾਤ ਪਾਤ ਬਣ ਜਾਂਦਾ ਹੈ , ਨਾਮ ਨਾਲ ਹੀ ਉਸ ਦੀ ਗਤੀ ਹੋ ਜਾਂਦੀ ਹੈ ।[8] ਇਸ ਤਰਾਂ ਨਾਮ

---

1. ਜਪੁਜੀ -19, ਪੰਨਾ-4.
2. ਭਾਈ ਵੀਰ ਸਿੰਘ ਜੀ ਨਾਮ ਨੂੰ ਇਸ ਤਰਾਂ ਬਿਆਨ ਕਰਦੇ ਹਨ:-

   "ਜਿਸ ਤਰਾਂ ਚਸ਼ਮੇ ਦਾ ਪਾਣੀ ਜੇ ਲਗਾਤਾਰ ਕਿਸੇ ਹੌਸਲੀ ਘਾਟੀ ਤਲਾ ਵਿੱਚ ਪੈਂਦਾ ਹੋਵੇ, ਤਾਂ ਚਸ਼ਮਾ ਮਾਨੋ ਤਲਾ ਵਿੱਚ ਵੱਸਦਾ ਹੈ ਅਰ ਤਲਾ ਵਿੱਚ ਚਸ਼ਮੇ ਵਰਗਾ ਤਾਜ਼ਾ ਤੇ ਸਜਰਾ ਜਲ ਰਹਿੰਦਾ ਹੈ । ਆਪਣੇ ਚਸ਼ਮੇ ਨਾਲ ਲਗਾਤਾਰ ਮਿਲੇ ਰਹਿਣਾ, ਉਠਤ, ਬੈਠਤ, ਸੋਵਤ, ਆਪਣੇ ਸੋਮੇ ਤੋਂ ਜੁਦਾ ਨਾ ਹੋਣਾ "ਨਾਮ" ਹੈ ।"

   "ਗੁਰਮਤਿ ਨਾਮ ਬਾਰੇ ਭਾਈ ਸਾਹਿਬ ਭਾਈ ਵੀਰ ਸਿੰਘ ਦੇ ਵਿਚਾਰ" ਸੰਗ੍ਰਹਿ ਕਰਤਾ ਨਰਿੰਦਰ ਸਿੰਘ ਸੋਚ, ਪੰਨਾ-49.
3. ਭਰੀਐ ਮਤਿ ਪਾਪਾ ਕੈ ਸੰਗਿ ਓਹੁ ਧੋਪੈ ਨਾਵੈ ਕੈ ਰੰਗਿ । ( ਜਪੁਜੀ -20,ਪੰਨਾ-4. )
4. ਜਤੁ ਸਤੁ ਤੀਰਥੁ ਮਜਨੁ ਨਾਮੁ । (ਗਉੜੀ ਪਦਾ-8, ਪੰਨਾ-153)
5. ਕਰਮੁ ਧਰਮੁ ਸਚੁ ਸਾਚਾ ਨਾਉ । (ਆਸਾ ਪਦਾ-14,ਪੰਨਾ-353)
6. ਹਮਰੀ ਜਾਤਿ ਪਤਿ ਸਚੁ ਨਾਉ ।
   ਕਰਮੁ ਧਰਮੁ ਸੰਜਮੁ ਸਤ ਭਾਉ । (ਆਸਾ ਪਦਾ-14,ਪੰਨਾ-353)
7. ਨਾਨਕ ਨਾਮ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ । (ਰਾਮਕਲੀ ਅਸਟਪਦੀ-1, 903)

ਦਾ ਪਹਿਲਾਂ ਸ੍ਰਵਣ ਹੁੰਦਾ ਹੈ, ਫਿਰ ਮਨਨ ਹੁੰਦਾ ਹੈ ਤੇ ਮਨਨ ਤੋਂ ਬਾਅਦ ਸਾਧਕ ਨਿਧ ਆਸਨ ਦੀ ਅਵਸਥਾ ਨੂੰ ਪਹੁੰਚ ਜਾਂਦਾ ਹੈ। ਸ੍ਰਵਣ, ਮਨਨ ਅਤੇ ਨਿਧ ਆਸਣ ਦੀ ਮਹਾਨਤਾ ਨੂੰ ਉਪਨਿਸ਼ਦਾਂ ਵਿੱਚ ਵੀ ਕਥਿਤ ਕੀਤਾ ਗਿਆ ਹੈ।[1] ਅਤੇ ਭਾਗਵਦ ਗੀਤਾ ਵਿੱਚ ਵੀ ਇਸ ਦੀ ਮਹਾਨਤਾ ਦਰਸਾਈ ਗਈ ਹੈ।[2]

## ਗੁਰ ਸੰਗਤਿ, ਸਤਿ ਸੰਗਤਿ

ਗੁਰੂ ਦੇ ਮਿਲਾਪ ਨਾਲ ਨੇਕ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਇਨ੍ਹਾਂ ਨੇਕ ਗੁਣਵਾਨ ਪੁਰਸ਼ਾਂ ਦੇ ਮੇਲ ਨਾਲ ਮਨੁੱਖ ਨੂੰ ਆਤਮਿਕ ਲਾਭ ਪ੍ਰਾਪਤ ਹੁੰਦਾ ਹੈ।[3] ਜਦੋਂ ਅਜਿਹੇ ਨੇਕ ਪੁਰਸ਼ ਜੁੜਦੇ ਹਨ ਤਾਂ ਕਈ ਗੁਣਾਂ ਦੇ ਅਭਿਲਾਸ਼ੀ ਪੁਰਸ਼ ਵੀ ਇਨ੍ਹਾਂ ਵਿੱਚ ਆ ਸ਼ਾਮਲ ਹੁੰਦੇ ਹਨ। ਕਈ ਮੂੜ ਵਿਅਕਤੀ ਵੀ ਆ ਜਾਂਦੇ ਹਨ ਪਰ ਇਨ੍ਹਾਂ ਸਾਰਿਆਂ ਵਿੱਚ ਇਕੋ ਨਾਮ ਸਮਾ ਰਿਹਾ ਹੁੰਦਾ ਹੈ। ਉਹ ਸਭ ਇਕੋ ਨਾਮ ਦਾ ਵਿਖਿਆਨ ਕਰ ਰਹੇ ਹੁੰਦੇ ਹਨ ਜਿਸ ਕਾਰਨ ਮਨ ਆਪਣੇ ਆਪ ਹੀ ਨਾਮ ਦੀ ਏਕਤਾ ਵਿੱਚ ਜੁੜ ਜਾਂਦਾ ਹੈ। ਇਕ ਨਾਮ ਹੀ ਹੁਕਮ ਹੈ ਜਿਹੜਾ ਸਤਿਗੁਰੂ ਦੀ ਕਿਰਪਾ[4] ਨਾਲ ਫਿਰ ਆਪਣੇ ਆਪ ਹੀ ਸਮਝ ਵਿੱਚ ਆ ਜਾਂਦਾ ਹੈ। ਇਹ ਨਾਮ ਦੀ ਸਾਂਝੀ ਇਕਾਗਰਤਾ ਮਨ ਉਤੇ ਅਜਿਹਾ ਪ੍ਰਭਾਵ ਪਾ ਸਕਣ ਦੇ ਸਮਰੱਥ ਹੈ ਜਿਹੋ ਜਿਹਾ ਹੋਰ ਕੁੱਝ ਵੀ ਨਹੀਂ ਪਾ ਸਕਦਾ।[5]

---

1.--8. ਨਾਇ ਸੁਣਿਐ ਨਾਉ ਉਪਜੈ ਨਾਮੇ ਵਡਿਆਈ।
ਨਾਮੇ ਹੀ ਸਭ ਜਾਤਿ ਪਾਤਿ ਨਾਮੇ ਗਤਿ ਪਾਈ। (ਵਾਰ ਸਾਰੰਗ-6, ਪੰਨਾ-1240)

1. Brih. Up. 4.5.7.

2. ਗੀਤਾ-13. 25 ., 4. 5. 7.

3. ਗੁਣੀ ਗੁਣੀ ਮਿਲਿ ਲਾਹਾ ਪਾਵਸਿ
ਗੁਰਮੁਖਿ ਨਾਮਿ ਵਡਾਈ। (ਭੈਰਉ-ਪਦਾ-5, ਪੰਨਾ-1127)

4. ਸਤ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ। (ਸਿਰੀ ਅਸਟਪਦੀ-1, ਪੰਨਾ-72)

5. ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ।
ਬਿਨੁ ਸੰਗਤਿ ਸਾਧ ਨ ਧ੍ਰਾਪਿਆ ਬਿਨੁ ਨਾਵੈ ਦੁਖ ਸੰਤਾਪੁ।
(ਸਿਰੀ ਪਦਾ-17, ਪੰਨਾ-20.)

ਇਸ ਲਈ ਸਤਿ ਸੰਗਤ ਨੂੰ ਗੁਰੂ ਸਾਹਿਬ "ਨਾਮ ਨਿਧਾਨ" ਆਖਦੇ ਹਨ। ਜਿਥੇ ਜਾਕੇ ਹਰੀ ਪ੍ਰਾਪਤ ਹੋ ਜਾਂਦਾ ਹੈ, ਗੁਰੂ ਦੀ ਕਿਰਪਾ ਨਾਲ ਅਗਿਆਨ ਖਤਮ ਹੋਕੇ ਗਿਆਨ[1] ਦਾ ਚਾਨਣ ਹੋ ਜਾਂਦਾ ਹੈ, ਲੋਹਾਂ ਰੂਪੀ ਸਧਾਰਣ ਮਨੁੱਖ ਵੀ ਸੋਨਾ ਰੂਪੀ ਗੁਰਮੁੱਖ ਬਣ ਜਾਂਦਾ ਹੈ। ਕਿਉਂਜੋ ਇਥੇ ਆਕੇ ਸੇਵਕ ਪਰਮਾਤਮਾ ਦਾ ਕੀਰਤਨ ਕਰਦਾ ਹੈ, ਉਸ ਦੇ ਨਾਮ ਦੀ ਪ੍ਰਸਿੰਸਾ ਗਾਉਂਦਾ ਹੈ, ਗੁਣਾਂ ਦਾ ਗਾਇਨ ਕਰਦਾ ਹੈ ਜਿਸ ਨਾਲ ਉਸ ਦਾ ਆਤਮਿਕ ਵਿਕਾਸ ਬਹੁਤ ਹੁੰਦਾ ਹੈ।[2]

## ਕਿਰਪਾ

ਪਰਮਾਤਮਾ ਦੀ ਕਿਰਪਾ ਹੁੰਦੀ ਹੈ ਤਾਂ ਸਤਿਗੁਰੂ ਨਾਲ ਮੇਲ ਹੋ ਜਾਂਦਾ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।[3] ਗੁਰੂ ਦੀ ਕਿਰਪਾ ਨਾਲ ਮਨੁੱਖ ਨੂੰ ਨਾਮ ਪ੍ਰਾਪਤ ਹੁੰਦਾ ਹੈ, ਨਾਮ ਦਾ ਸਿਮਰਨ ਹੁੰਦਾ ਹੈ ਅਤੇ ਨਾਮੀ ਵਿੱਚ ਅਭੇਦ ਹੋਇਆ ਜਾਂਦਾ ਹੈ।[4] ਕਿਰਪਾ ਨਾਲ ਹੀ ਗੁਣਾਂ ਦੀ ਪ੍ਰਾਪਤੀ ਤੇ ਔਗੁਣਾਂ ਦਾ ਨਾਸ ਹੁੰਦਾ ਹੈ।[5] ਗੁਰੂ ਕਿਰਪਾ ਸਦਕਾ ਜਦ ਸਾਧਕ ਆਪਣੇ ਪਰਮਾਤਮਾ -ਪ੍ਰਾਪਤੀ ਰਾਹ ਤੇ ਤੁਰਦਾ ਹੋਇਆ ਸਰਮ ਖੰਡ ਦੇ ਪੜਾ ਤੱਕ ਪਹੁੰਚ ਜਾਂਦਾ ਹੈ ਤਾਂ ਪਰਮਾਤਮਾ ਦੀ ਕਿਰਪਾ ਹੁੰਦੀ ਹੈ ਅਤੇ ਜੀਵ ਆਪਣੇ ਆਪ ਹੀ ਕਿਰਪਾ ਦੇ ਕਰਮ ਖੰਡ ਵਿੱਚੋਂ ਦੀ ਹੁੰਦਾ ਹੋਇਆ ਸੱਚਖੰਡ ਦੀ ਅੰਤਿਮ ਅਵਸਥਾ ਨੂੰ ਪ੍ਰਾਪਤ ਕਰ ਜਾਂਦਾ ਹੈ। ਅਸਲ ਵਿੱਚ ਪਰਮਾਤਮਾ ਅਤੇ ਗੁਰੂ ਦੀ ਕਿਰਪਾ ਸਦਕਾ ਹੀ ਹਰ ਪ੍ਰਾਪਤੀ ਹੁੰਦੀ ਹੈ। ਕਿਰਪਾ ਤੋਂ ਬਿਨਾਂ ਤਾਂ ਕੁੱਝ ਹੋ ਹੀ ਨਹੀਂ ਸਕਦਾ।

---

1. ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ।
   ਗੁਰ ਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ। (ਵਾਰ ਸਾਰੰਗ-19, ਪੰਨਾ-1244)
2. Dr. S.S. Kohli.,"Philosophy of Guru Nanak." Page-73.
3. i ਨਦਰਿ ਕਰਹਿ ਜੇ ਆਪਣੀ ਤ ਨਦਰੀ ਸਤਿਗੁਰੁ ਪਾਇਆ।
   (ਆਸਾ ਅਸਟਪਦੀ- , ਪੰਨਾ-427 )
   ii ਨਦਰਿ ਕਰੇ ਤਾ ਮੇਲਿ ਮਿਲਾਏ। ਗੁਣ ਸੰਗ੍ਰਹਿ ਅਉਗੁਣ ਸਬਦਿ ਜਲਾਏ।
   (ਗਉੜੀ ਅਸਟਪਦੀ- , ਪੰਨਾ-222)
4. ਨਦਰਿ ਕਰੇ ਤਾ ਸਿਮਰਿਆ ਜਾਇ, ਆਤਮਾ ਦ੍ਰਵੈ ਰਹੈ ਲਿਵ ਲਾਇ।
   (ਧਨਾਸਰੀ ਪਦਾ-2, ਪੰਨਾ-661)
5. ਨਦਰਿ ਕਰੇ ਤਾ ਮੇਲਿ ਮਿਲਾਏ। ਗੁਣ ਸੰਗ੍ਰਹਿ ਅਉਗੁਣ ਸਬਦਿ ਜਲਾਏ।
   (ਗਉੜੀ ਅਸਟਪਦੀ-3, ਪੰਨਾ-222)

## ਪਰਮਾਤਮਾ ਦਾ ਭੈ

ਕਹਿੰਦੇ ਹਨ "ਭੈ ਬਿਨ ਭਾਉ ਨਾ ਉਪਜੈ" ਪਰਮਾਤਮਾ ਦਾ ਭੈ ਅਜਿਹੀ ਚੀਜ਼ ਹੈ ਜਿਸ ਤੋਂ ਬਿਨਾਂ, ਇਸ ਮਾਇਆ ਦੇ ਭਵ-ਸਾਗਰ ਨੂੰ ਪਾਰ ਨਹੀਂ ਕੀਤਾ ਜਾ ਸਕਦਾ । ਪਰਮਾਤਮਾ ਨਾਲ ਪਿਆਰ ਨਹੀਂ ਪਾਇਆ ਜਾ ਸਕਦਾ ।[1] ਪਰਮਾਤਮਾ ਪ੍ਰਤੀ ਇਹ ਭੈ ਵੀ ਸਤਿਗੁਰੂ ਦੀ ਕਿਰਪਾ ਨਾਲ ਹੀ ਪਾਇਆ ਜਾ ਸਕਦਾ ਹੈ ।[2] ਜਿਸ ਵਸਤੂ ਤੋਂ ਮਨੁੱਖ ਨੂੰ ਭੈ ਆਵੇ ਉਸ ਪਾਸੇ ਵੱਲ ਨੂੰ ਉਸ ਦਾ ਸਿਰਲੇਖ ਮਨ ਵਧੇਰੇ ਰੁਚਿਤ ਹੁੰਦਾ ਹੈ । ਇਸ ਤਰ੍ਹਾਂ, ਜਦੋਂ ਮਨੁੱਖ ਪਰਮਾਤਮਾ ਦਾ ਭੈ ਮੰਨਣ ਲੱਗ ਜਾਂਦਾ ਹੈ ਤਾਂ ਪਰਮਾਤਮਾ ਪ੍ਰਤੀ ਉਸ ਦੀ ਸ਼ਰਧਾ ਵਧਦੀ ਹੀ ਜਾਂਦੀ ਹੈ । ਜਿਸ ਚੀਜ਼ ਦਾ ਭੈ ਹੋਵੇ ਉਸੇ ਚੀਜ਼ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ, ਜਿਸ ਚੀਜ਼ ਦਾ ਅਹਿਸਾਸ ਹੁੰਦਾ ਹੈ, ਉਸੇ ਨਾਲ ਮਨ ਨੂੰ ਜੋੜਿਆ ਜਾ ਸਕਦਾ ਹੈ । ਇਸ ਤਰ੍ਹਾਂ, ਪਰਮਾਤਮਾ ਦਾ ਭੈ ਮੰਨਣ ਨਾਲ ਇਸ ਨਿਰਭਉ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ।[3]

## ਭਾਉ

ਜਦੋਂ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦਾ ਭੈ, ਮਨ ਵਿਚ ਵੱਸ ਜਾਂਦਾ ਹੈ ਤਾਂ ਸੇਵਕ ਦੇ ਮਨ ਵਿੱਚ ਆਪਣੇ ਆਪ ਹੀ ਪਰਮਾਤਮਾ ਪ੍ਰਤੀ ਪਿਆਰ ਉਪਜ ਪੈਂਦਾ ਹੈ । ਗੁਰੂ ਸਾਹਿਬ ਪ੍ਰੇਮਾ ਭਗਤੀ ਨੂੰ ਬਹੁਤ ਮਹਾਨਤਾ ਦਿੰਦੇ ਹਨ । ਇਕ ਸੇਵਕ ਜਿੰਨਾਂ ਜ਼ਿਆਦਾ ਪਰਮਾਤਮਾ ਨੂੰ ਪਿਆਰ ਕਰਦਾ ਹੈ , ਉਨੀ ਹੀ ਪਰਮਾਤਮਾ ਦੀ ਕਿਰਪਾ ਉਸ ਤੇ ਵਧੇਰੇ ਹੁੰਦੀ ਜਾਂਦੀ ਹੈ । ਪ੍ਰੇਮ ਵਿੱਚ ਆਕੇ ਸਾਧਕ ਆਪਣਾ ਤਨ ਮਨ ਅਤੇ ਧੰਨ ਪਰਮਾਤਮਾ ਦੇ, ਪਰਮਾਤਮਾ ਸਰੂਪ ਗੁਰੂ ਦੇ ਅਰਪਨ ਕਰ ਦੇਂਦਾ ਹੈ । ਆਪਣਾ ਮਨ ਗੁਰੂ ਚਰਨਾਂ ਵਿੱਚ ਲਾਈ ਰੱਖਦਾ ਹੈ । ਇਸ ਨਾਲ ਉਸ ਦੀ ਹਉਮੈ ਖਤਮ

---

1. ਭੈ ਬਿਨੁ ਕੋਇ ਨ ਲੰਘਸਿ ਪਾਰਿ । ਭੈ ਭਉ ਰਾਖਿਆ ਭਾਇ ਸਵਾਰਿ।"
(ਗਉੜੀ ਗੁਆਰੇਰੀ-ਪਦਾ-1, 151)
2. ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ । (ਵਾਰ ਮਲਾਰ-22, ਪੰਨਾ-1288)
3. ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰ ।
(ਵਾਰ ਮਲਾਰ-22, ਪੰਨਾ-1288)

ਹੋ ਜਾਂਦੀ ਹੈ । ਫਿਰ ਪਰਮਾਤਮਾ ਦੀ ਸਾਰੀ ਸਿਰਜਨਾ ਵੀ ਪਿਆਰੀ ਲੱਗਣ ਲੱਗ ਪੈਂਦੀ ਹੈ ।[1] ਇਸ ਨਾਲ ਸੇਵਕ ਦਾ ਮਨ ਅਤਿ ਕੋਮਲ ਭਾਵੀ ਹੋ ਜਾਂਦਾ ਹੈ । ਅਜਿਹੇ ਕੋਮਲ ਸੁਭਾਵੀ ਪਿਆਰ ਭਰੇ ਮਨਾਂ ਨੂੰ ਪਿਆਰ ਸਰੂਪ ਪਰਮਾਤਮਾ ਸਭ ਤੋਂ ਉੱਚੇ ਮਨੁੱਖ ਬਣਾ ਦੇਂਦਾ ਹੈ ।[2] ਇਹ ਭੈ ਅਤੇ ਭਾਉ ਦੇ ਸ਼ਿੰਗਾਰ ਹਨ ਜਿਹੜੇ ਜੀਵ ਰੂਪੀ ਪਤਨੀ ਦੇ ਪਰਮਾਤਮਾ ਰੂਪੀ ਪਤੀ ਨੂੰ ਰਿਝਾ ਲੈਂਦੇ ਹਨ ।[3] ਇਨ੍ਹਾਂ ਦੀ ਪ੍ਰਾਪਤੀ ਸਤਿਗੁਰੂ ਦੀ ਕਿਰਪਾ ਨਾਲ ਹੁੰਦੀ ਹੈ ।[4] ਜਿਵੇਂ ਮੋਹ ਮਾਇਆ ਵਿੱਚ ਖਚਿਤ ਕਰ ਦੇਣ ਵਾਲੀ "ਠਗਉਰੀ" ਹੈ ਇਸੇ ਤਰ੍ਹਾਂ ਪ੍ਰੇਮ ਪਰਮਾਤਮਾ ਪ੍ਰਤੀ ਮਨ ਨੂੰ ਉਤੇਜਿਤ ਕਰਨ ਵਾਲੀ "ਠਗਉਰੀ" ਹੈ । ਜਿਹੜੀ ਸੇਵਕ ਆਪਣੇ ਗੁਰੂ ਦੀ ਕਿਰਪਾ ਕਾਰਨ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਂਦਾ ਹੈ ।[5]

## ਹੁੱਕਮ ਵਿੱਚ ਰਹਿਣ ਅਤੇ ਭਾਣਾ ਮੰਨਣ ਦੀ ਆਦਤ

ਗੁਰੂ ਦੀ ਕਿਰਪਾ ਸਦਕਾ ਸਾਧਕ ਗੁਰੂ ਦੇ ਹੁੱਕਮ ਵਿੱਚ ਰਹਿਣਾ ਸਿੱਖਦਾ ਹੈ ਅਤੇ ਫਿਰ ਪਰਮਾਤਮਾ ਦੇ ਸਰਵ ਵਿਆਪਕ ਹੁੱਕਮ ਨੂੰ ਮੰਨਣਾ, ਭਾਣੇ ਨੂੰ ਮਿੱਠਾ ਕਰਕੇ ਜਾਣਨਾ ਸਿੱਖਦਾ ਹੈ । ਇਸ ਨਾਲ ਮਨੁੱਖ ਨੂੰ ਆਪਣੇ ਸਭ ਦੁੱਖਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ।[6] ਕਿਉਂਜੋ ਅਸਲ ਵਿੱਚ ਹੁੰਦਾ ਤਾਂ ਉਹੋ ਕੁੱਝ ਹੈ ਜੋ ਪਰਮਾਤਮਾ ਨੂੰ ਭਾਉਂਦਾ ਹੈ, ਜੋ ਉਸ ਦਾ ਹੁੱਕਮ ਹੁੰਦਾ ਹੈ । ਇੱਥੋਂ ਤੱਕ

---

1. ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭ ਕੋਇ । (ਵਡਹੰਸ ਪਦਾ-1, ਪੰਨਾ-557)
2. ਜਿਨ ਕਉ ਭਾਡੇ ਭਾਉ ਤਿਨਾ ਤਰਾਵਸੀ । ਸੁਖੀ ਕਰੈ ਪਸਾਉ ਦੁਖ ਵਿਸਾਰਸੀ ।
   ਸਹਸਾ ਮੂਲੇ ਨਾਹੀ ਸਰਪਰ ਤਾਰਸੀ । (ਸੂਹੀ ਪਦਾ-13, ਪੰਨਾ-729)
3. ਭੈ ਕੀਆ ਦੇਹ ਸਲਾਈਆ ਨੈਣੀ ਭਾਵ ਕਾ ਕਰ ਸੀਗਾਰੋ ।
   (ਤਿਲੰਗ ਪਦਾ-4, ਪੰਨਾ-722)
4. ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ।
   (ਆਸਾ ਪਦਾ-4, ਪੰਨਾ-360)
5. ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ ।
   ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ ।"
   "ਸਿਰੀ ਛੰਤ-4, ਪੰਨਾ-81 )
6. ਬੰਦ ਖਲਾਸੀ ਭਾਣੈ ਹੋਇ, ਹੋਰੁ ਆਖਿ ਨ ਸਕੈ ਕੋਇ ।
   (ਜਪੁਜੀ-25, ਪੰਨਾ-5.)

ਹੁੰਦਾ ਹੈ । ਇਥੋਂ ਤੱਕ ਕਿ ਮਨੁੱਖ ਦੇ ਕਰਮ ਵੀ ਉਸ ਪਰਮਾਤਮਾ ਦੇ ਹੁੱਕਮ ਅਨੁਸਾਰ ਹੀ ਹੁੰਦੇ ਹਨ । ਮਨੁੱਖ ਤਾਂ ਉਸ ਦੀ ਵਿਸ਼ਵ ਰੂਪੀ ਖੇਲ ਦਾ ਇਕ ਮੋਹਰਾ ਹੈ, ਜਿਸ ਨੂੰ ਉਹ ਆਪਣੀ ਮਰਜ਼ੀ ਨਾਲ ਚਲਾਉਂਦਾ ਹੈ ।[1] ਮਨੁੱਖ ਦੀ ਆਪਣੀ ਮਰਜ਼ੀ ਦੀ ਕੋਈ ਮਹਾਨਤਾ ਨਹੀਂ, ਜੇ ਇਹ ਪਰਮਾਤਮਾ ਦੀ ਰਜ਼ਾ ਵਿੱਚ ਚੱਲਦੀ ਹੈ, ਭਾਣੇ ਨੂੰ ਮੰਨਦੀ ਹੈ ਤਾਂ ਠੀਕ ਹੈ ਨਹੀਂ ਤਾਂ ਮਨੁੱਖ ਨੂੰ ਆਪ ਹੀ ਦੁੱਖੀ ਹੋਣਾ ਪੈਂਦਾ ਹੈ । ਮਨੁੱਖ ਲਈ ਕਰਮ ਕਰਨੇ ਪ੍ਰਮਾਤਮਾ ਦਾ ਇਕ ਹੁੱਕਮ ਹੀ ਹੈ ।[2] ਇਸ ਲਈ ਉਸ ਦੀ ਰਜ਼ਾ ਵਿੱਚ ਰਹਿਣਾ ਹੀ ਬਣਦਾ ਹੈ । ਜਿਹੜਾ ਮਨੁੱਖ ਪਰਮਾਤਮਾ ਦੇ ਭਾਣੇ ਵਿੱਚ ਰਹਿਣ ਲੱਗ ਪੈਂਦਾ ਹੈ ਉਸ ਨੂੰ ਫਿਰ ਹੁੱਕਮ ਦੀ ਸੋਝੀ ਹੋ ਜਾਂਦੀ ਹੈ । ਜਿਸ ਨੂੰ ਜਾਣਕੇ ਉਹ ਆਪਣੀ ਛੋਟੀ ਜਿਹੀ ਹੱਦ ਤੋਂ ਉੱਚਾ ਉਠਕੇ ਵਿਸ਼ਵ ਦੀ ਮਹਾਨ ਹੱਦ ਵਿੱਚ ਸਮਾ ਜਾਂਦਾ ਹੈ ।

## ਸਦਾਚਾਰ

ਗੁਰੂ ਸਾਹਿਬ ਸਦਾਚਾਰ ਨੂੰ ਬਹੁਤ ਉਚੀ ਥਾਂ ਦਿੰਦੇ ਹਨ । ਉਨ੍ਹਾਂ ਕਿਹਾ ਹੈ ਕਿ ਸਚਾ ਆਚਾਰ ਸਭ ਤੋਂ ਉਤਮ "ਸੱਚ" ਤੋਂ ਵੀ ਉਚਾ ਹੈ ।[3] ਸੱਚਾ ਆਚਾਰ ਹੀ ਮਨੁੱਖ ਨੂੰ ਸੁਖੀ ਰੱਖ ਸਕਦਾ ਹੈ ।[4] ਡਾ: ਤ੍ਰਿਲੋਚਨ ਸਿੰਘ ਗੁਰੂ ਸਾਹਿਬ ਅਨੁਸਾਰ ਦੱਸੇ ਸਦਾਚਾਰਕ ਗੁਣਾਂ ਨੂੰ ਇਸ ਤਰ੍ਹਾਂ ਨਿਆ-ਯੁਕਤ ਕਰਦੇ ਹਨ:-

1. ਸਤ, ਸੰਤੋਖ, ਵਿਚਾਰ ।
2. ਦਿਆ, ਧਰਮ , ਦਾਨ ।
3. ਸਿਦਕ, ਸਬਰ, ਸੰਜਮ ।
4. ਖਿਮਾ, ਗਰੀਬੀ, ਸੇਵਾ ।
5. ਪਿਆਰ, ਗਿਆਨ ਅਤੇ ਕਿਰਤ ।[5]

---

1. ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ।
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ ।
(ਜਪੁਜੀ -27, ਪੰਨਾ-6 )
2. ਤੇਰਾ ਭਾਣਾ ਸਭ ਕਿਛੁ ਹੋਵੈ । ਮਨ ਹਠਿ ਕੀਐ ਅੰਤਿ ਵਿਗੋਵੈ ।"
( ਆਸਾ ਪਦਾ-24, ਪੰਨਾ-356)
ਜੋ ਤਿਸੁ ਭਾਵੈ ਸੋ ਥੀਸੀ ਨਾਨਕ ਕਿਆ ਮਨੁਖ । (ਆਸਾ ਅਸਟਪਦੀ-4, ਪੰਨਾ-417)

----

ਇੰਜ ਸੱਚੇ ਸਦਾਚਾਰ ਵਿਚ ਸਾਰੇ ਗੁਣ ਆ ਜਾਂਦੇ ਹਨ । ਖਿਮਾ ਇਕ ਅਜਿਹਾ ਗੁਣ ਹੈ ਜਿਸ ਨੂੰ ਗੁਰੂ ਸਾਹਿਬ ਮਨੁੱਖ ਦਾ ਸ਼ਿੰਗਾਰ ਕਹਿੰਦੇ ਹਨ ।[1] ਕਿਉਂਜੋ ਇਹ ਗੁਣ ਜਿਥੇ ਗੁਣਵਾਨ ਦੇ ਵਿਅਕਤੀਤਵ ਨੂੰ ਕੁੱਝ ਦੇ ਸਕਣ ਅਹਿਸਾਸ ਨਾਲ ਵਡਾ ਬਣਾਉਂਦਾ ਹੈ, ਉਥੇ ਉਸ ਦੇ ਮਨ ਨੂੰ ਗਲਤ ਕਿਸਮ ਦੀਆਂ ਚਿੜਾਂ ਅਤੇ ਖਿੱਝਾਂ ਤੋਂ ਵੀ ਬਚਾਉਂਦਾ ਹੈ । ਇਸ ਨਾਲ ਮਨੁੱਖ ਵਿੱਚ ਸਹਿਨਸ਼ੀਲਤਾ ਦਾ ਗੁਣ ਵੀ ਆ ਜਾਂਦਾ ਹੈ ਅਤੇ ਆਤਮਿਕ ਚੰਗਿਆਈ ਦਾ ਗੁਣ ਵੀ ਆ ਜਾਂਦਾ ਹੈ । ਖਿਮਾ ਦਾ ਸਾਥ ਸ਼ੀਲਤਾ ਹੁੰਦੀ ਹੈ । ਮਨੁੱਖ ਸ਼ੀਲ ਅਤੇ ਸ਼ਾਂਤ ਹੋਕੇ ਆਪਣੇ ਆਪ ਹੀ ਸੰਤੋਖੀ ਹੋ ਜਾਂਦਾ ਹੈ । ਜਿਸ ਵਿਅਕਤੀ ਦੇ ਮਨ ਵਿੱਚ ਖਿਮਾ, ਸ਼ੀਲਤਾ ਅਤੇ ਸੰਤੋਖ ਹੋਣ ਉਸ ਨੂੰ ਫਿਰ ਸਰੀਰਕ ਰੋਗ ਵੀ ਨਹੀਂ ਵਿਆਪਦੇ ।[2] ਅਤੇ ਮਨ ਆਪਣੇ ਆਪ ਹੀ ਸਤਿਗੁਰੂ ਦੇ ਕੋਲ ਚਲਾ ਜਾਂਦਾ ਹੈ ।[3]

ਧੀਰਜ, ਮਹਿਜ ਨਾਲ ਵਰਤਣਾ, ਪਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ, ਮਹਾਨ ਗੁਣ ਹਨ ਜਿਹੜੇ ਬ੍ਰਹਮ ਪ੍ਰਾਪਤੀ ਵਿੱਚ ਸਹਾਈ ਹੁੰਦੇ ਹਨ ।[4] ਕਿਸੇ ਨਾਲ ਮੰਦਾ ਨਹੀਂ ਬੋਲਣਾ ਚਾਹੀਦਾ ਕਿਉਂਜੋ ਇਸ ਨਾਲ ਝਗੜਾ ਪੈਦਾ ਹੈ ਅਤੇ ਆਪਣੀ ਮਾਨਸਿਕ ਸ਼ਾਂਤੀ ਖਤਮ ਹੁੰਦੀ ਹੈ ।[5]

---

3- ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ । (ਆਸਾ ਅਸਟਪਦੀ-14, ਪੰਨਾ-62)

-4. ਕਰਿ ਆਚਾਰੁ ਸਚੁ ਸੁਖੁ ਹੋਈ । (ਰਾਮਕਲੀ ਦਖਣੀ ਓਅੰਕਾਰ-15,931)

5. Dr. Trilochan Singh. "Guru Nanak's Religion." A Comparative Study of Religions." In "Guru Nanak His Life, Time & Teachings." Page-97

1. ਖਿਮਾ ਸੀਗਾਰੁ ਕਾਮਣਿ ਤਨ ਪਹਿਰੈ ਰਾਵੈ ਲਾਲੁ ਪਿਆਰੀ (ਆਸਾ ਪਦਾ-1, ਪੰਨਾ-359)
2. ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ਰੋਗੁ ਨ ਬਿਆਪੈ ਨ ਜਮ ਦੋਖੰ ।
(ਗਉੜੀ ਅਸਟਪਦੀ-7, ਪੰਨਾ-223)
3. ਖੋਜਤ ਖੋਜਤ ਅੰਮ੍ਰਿਤੁ ਪੀਆ, ਖਿਮਾ ਗਹੀ ਮਨੁ ਸਤਿਗੁਰਿ ਦੀਆ ।
(ਰਾਮਕਲੀ ਦਖਣੀ ਓਅੰਕਾਰ-19,932)
4. ਖਿਮਾ ਧੀਰਜ ਕਰ ਗਊ ਲਵੇਰੀ । ਸਹਜੇ ਬਛਰਾ ਖੀਰੁ ਪੀਐ ।
ਸਿਫਤਿ ਸਰਮ ਕਾ ਕਪੜਾ ਮਾਗਉ, ਹਰਿ ਗੁਣ ਨਾਨਕ ਰਵਤੁ ਰਹੈ ।
(ਵਾਰ ਮਾਰੂ-19, ਪੰਨਾ-1092)
5. ਮੰਦਾ ਕਿਸੈ ਨ ਆਖਿ ਝਗੜਾ ਪਾਵਣਾ । (ਵਡਹੰਸ- , ਪੰਨਾ-566)

ਜੀਵਨ ਪੌਤ ਵਾਲਾ ਜਤ, ਸਤ , ਸੰਜਮ ਭਰਪੂਰ ਹੋਵੇ, ਮਨ ਪਾਪਾਂ ਅਤੇ ਬੁਰਿਆਈਆਂ ਦੀ ਗੰਦਗੀ ਤੋਂ ਦੂਰ ਕਰੇ ।[1] ਸੁੱਖ ਵਿੱਚ ਹੰਕਾਰ ਨਾ ਕਰੇ ਅਤੇ ਦੁੱਖ ਨੂੰ ਵਡੇ ਦਿਲ ਨਾਲ ਨਿਪਟੇ , ਦੁੱਖਾਂ ਵਿੱਚ ਵੀ ਚੰਗਿਆਈ ਪ੍ਰਾਪਤ ਕਰਨ ਦਾ ਯਤਨ ਕਰੇ, ਬੁਰਾਈ ਵੱਲ ਨਾ ਜਾਵੇ ।[2] ਦਸਾਂ ਨਹੁੰਆਂ ਦੀ ਕਿਰਤ ਕਰੇ, ਆਪ ਖਾਵੇ, ਇਸ ਵਿਚੋਂ ਹੋਰਾਂ ਨੂੰ ਦਾਨ ਵੀ ਦੇਵੇ ।[3]

ਤਿਆਗੀਆਂ ਜਾਣ ਜੋਗ ਚੀਜ਼ਾਂ ਇਹ ਹਨ:-

1. ਹਉਮੈ
2. ਦੁਬਿਧਾ
3. ਦਵੈਤ ਭਾਵ
4. ਦੁਰਮਤਿ
5. ਕੁਸੰਗਤ
6. ਔਗੁਣ

ਜਿੰਨੀ ਦੇਰ ਮਨੁੱਖ ਹਉ ਹਉ ( ਮੈਂ ਮੈਂ ) ਕਰਦਾ ਹੈ, ਉਨੀ ਦੇਰ ਉਸ ਨੂੰ ਆਪਣੀ ਅਸਲੀਅਤ ਦਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ ।[4] ਜਿੰਨੀ ਦੇਰ ਮਨੁੱਖ ਹਉਮੈ ਕਰਦਾ ਹੈ , ਉਨੀ ਦੇਰ

---

1. ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ।
(ਰਾਮਕਲੀ ਅਸਟਪਦੀ-1, ਪੰਨਾ-903)
2. ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ।
(ਸਿਰੀ ਅਸਟਪਦੀ-7, ਪੰਨਾ-57)
3. ਘਾਲਿ ਖਾਇ ਕਿਛੁ ਹਥਹੁ ਦੇਇ । ਨਾਨਕ ਰਾਹੁ ਪਛਾਣਹਿ ਸੇਇ ।
(ਵਾਰ ਸਾਰੰਗ-22, ਪੰਨਾ-1245)
4. ਹਉ ਹਉ ਕਰਤ ਨਹੀ ਸਚੁ ਪਾਈਐ
ਹਉਮੈ ਜਾਇ ਪਰਮ ਪਦੁ ਪਾਈਐ । (ਗਉੜੀ ਅਸਟਪਦੀ-13, ਪੰਨਾ-226)

ਪਰਮਾਤਮਾ ਪ੍ਰਾਪਤ ਨਹੀਂ ਹੁੰਦਾ ਤੇ ਜਦੋਂ ਪਰਮਾਤਮਾ ਪ੍ਰਾਪਤ ਹੋ ਜਾਂਦਾ ਹੈ ਤਾਂ ਹਉਮੈ ਨਹੀਂ ਰਹਿੰਦੀ ।[1]

ਫਿਰ ਦੁਬਿਧਾ ਅਜਿਹੀ ਚੀਜ਼ ਹੈ ਜਿਹੜੀ ਪਰਮਾਤਮਾ ਪ੍ਰਾਪਤੀ ਦੇ ਰਾਹ ਉਤੇ ਚੱਲ ਰਹੇ ਜੀਵ ਨੂੰ ਕੁਰਾਹੇ ਪਾ ਦੇਂਦੀ ਹੈ ।[2] ਇਹ ਮਨ ਨੂੰ ਭਰਮਾਂ ਭੁਲੇਖਿਆਂ ਵਿੱਚ ਪਾਈ ਰੱਖਦੀ ਹੈ, ਝੂਠੇ ਲਾਲਚ ਵਿੱਚ ਫਸਾਈ ਰੱਖਦੀ ਹੈ ।[3] ਇਸ ਕਾਰਨ ਚੰਗੇ ਚੰਗੇ ਕੰਮਾਂ ਵਿੱਚ ਸੁਆਹ ਪੈ ਜਾਂਦੀ ਹੈ ਅਤੇ ਮਨੁੱਖ ਆਪਣੇ ਜੀਵਨ ਵਿੱਚ ਅਸਫਲ ਹੋ ਜਾਂਦਾ ਹੈ ।[4] ਦੁਬਿਧਾ ਵਿੱਚ ਫਸਿਆ ਮਨੁੱਖ ਪਰਮਾਤਮਾ ਦਾ ਬੈਰਾਗੀ ਵੀ ਨਹੀਂ ਹੋ ਸਕਦਾ ।[5]

ਦ੍ਵੈਤ ਭਾਵ ਮਨੁੱਖ ਨੂੰ ਆਪਣੀ ਅਸਲੀਅਤ ਤੋਂ ਦੂਰ ਲਿਜਾਂਦਾ ਹੈ ਅਤੇ ਮੰਦੇ ਕਰਮਾਂ ਵਿੱਚ ਗਲਤਾਨ ਕਰ ਦੇਂਦਾ ਹੈ ।[6] ਮਨੁੱਖ ਨੂੰ ਆਪਣੀ ਹਉਮੈ ਹੀ ਸਭ ਕੁੱਝ ਜਾਪਣ ਲੱਗ ਪੈਂਦੀ ਹੈ । ਹਉਮੈ ਕਾਰਨ ਅਗਿਆਨਤਾ ਦਾ ਚੱਕਰ ਅਜਿਹਾ ਸੰਖਤ ਹੁੰਦਾ ਹੈ ਕਿ ਮਨੁੱਖ ਦਾ ਸਾਰਾ ਜੀਵਨ ਅਕਾਰਥ ਹੀ ਬੀਤ ਜਾਂਦਾ ਹੈ ।[7] ਦ੍ਵੈਤ ਭਾਵ ਵਿੱਚ ਤਾਂ ਅਗਿਆਨਤਾ ਨੂੰ ਖਤਮ ਕਰਨਾ ਵੀ ਅਸੰਭਵ ਹੈ ।[8]

---

1. ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ । (ਵਾਰ ਮਾਰੂ-19, ਪੰਨਾ-1092)
2. ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ । (ਆਸਾ ਅਸਟਪਦੀ-15, ਪੰਨਾ-419)
3. ਦੁਬਿਧਾ ਬਉਰੀ ਮਨੁ ਬਉਰਾਇਆ, ਝੂਠੇ ਲਾਲਚਿ ਜਨਮੁ ਗਵਾਇਆ ।
   (ਪ੍ਰਭਾਤੀ ਅਸਟਪਦੀ-1, ਪੰਨਾ-1342)
4. ਏਕਾ ਮਤਿ ਸਬਦੁ ਹੈ ਸਾਰੁ , ਵਿਚਿ ਦੁਬਿਧਾ ਮਾਥੈ ਪਰੈ ਛਾਰੁ ।
   (ਪ੍ਰਭਾਤੀ ਅਸਟਪਦੀ-3, ਪੰਨਾ-1343)
5. ਦੁਬਿਧਾ ਵਿਚ ਬੈਰਾਗ ਨ ਹੋਵੀ, ਜਬ ਲਗੁ ਦੂਜੀ ਰਾਈ । (ਸੋਰਠਿ ਅਸਟਪਦੀ-1, ਪੰਨਾ-634)
6. ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ । (ਵਾਰ ਆਸਾ-13, ਪੰਨਾ-470)
7. ਜਨਮੇ ਕਾ ਫਲੁ ਕਿਆ ਗਣੀ ਜਾ ਹਰਿ ਭਗਤਿ ਨ ਭਾਉ ।
   ਪੈਧਾ ਖਾਧਾ ਬਾਦਿ ਹੈ ਜਾ ਮਨਿ ਦੂਜਾ ਭਾਉ ।
   ਵੇਖਣ ਸੁਨਣਾ ਝੂਠਿ ਹੈ ਮੁਖਿ ਝੂਠਾ ਅਲਾਉ ।
   ਨਾਨਕ ਨਾਮੁ ਸਲਾਹਿ ਤੂ ਹੋਰਿ ਹਉਮੈ ਆਵਉ ਜਾਉ । (ਸਲੋਕ ਵਾਰਾਂ ਤੇ ਵਧੀਕ-11, 1411)
8. ਦੂਜੈ ਭਾਇ ਅਗਿਆਨੁ ਦੁਹੇਲਾ । (ਗਉੜੀ ਪਦਾ-12, ਪੰਨਾ-226)

ਦੁਰਮਤਿ ਕਾਰਨ ਮਨੁੱਖ ਜਗਤ ਦੀਆਂ ਤ੍ਰਿਸ਼ਨਾਵਾਂ ਵਿੱਚ ਜਲਦਾ ਰਹਿੰਦਾ ਹੈ, ਇਕ ਤ੍ਰਿਸ਼ਨਾ ਅਗਨੀ ਨੂੰ ਬੁਝਾਉਣ ਲਈ ਹੋਰ ਦੂਜੀ, ਤ੍ਰਿਸ਼ਨਾ ਅਗਨੀ ਨੂੰ ਪ੍ਰਚੰਡ ਕਰ ਲੈਂਦਾ ਹੈ। ਅਤੇ ਉਸ ਨੂੰ ਮੌਕਾ ਹੀ ਨਹੀਂ ਮਿਲਦਾ ਕਿ ਗੁਰਮਤਿ ਦੀ ਸੂਝ ਵੀ ਲੈ ਸਕੇ। ਸ਼ਬਦ ਦੀ ਵੀਚਾਰ ਵੀ ਕਰ ਸਕੇ।[1] ਉਹ ਤਾਂ ਬਸ ਇਸ ਮਾਇਆ ਦੇ ਧੰਧਿਆਂ ਵਿੱਚ ਹੀ ਖਤਮ ਹੋ ਜਾਂਦਾ ਹੈ।[2]

ਕੁਸੰਗਤ ਇਕ ਅਜਿਹੀ ਚੀਜ਼ ਹੈ ਜਿਹੜੀ ਚੰਗੇ ਵਿਅਕਤੀਆਂ ਨੂੰ ਵੀ ਖਰਾਬ ਕਰ ਦੇਂਦੀ ਹੈ। ਦੁੱਧ ਵਿੱਚ ਪਈ ਕਾਂਜੀ ਵਾਂਗ ਸਾਰੀ ਦੀ ਸਾਰੀ ਚੰਗਿਆਈ ਨੂੰ ਬੁਰਾਈ ਵਿੱਚ ਬਦਲ ਦੇਂਦੀ ਹੈ ਅਤੇ ਜੀਵਨ ਅੰਮ੍ਰਿਤ ਭਰਪੂਰ ਹੋਣ ਦੀ ਬਜਾਏ ਜ਼ਹਿਰਾਂ ਭਰਿਆ ਹੋ ਜਾਂਦਾ ਹੈ। ਇਸ ਲਈ ਲਾਜ਼ਮੀ ਤੌਰ ਤੇ ਕੁਸੰਗਤ ਤੋਂ ਦੂਰ ਰਹਿਣਾ ਚਾਹੀਦਾ ਹੈ।[3]

ਜਿੰਨੇ ਵੀ ਮਨੁੱਖ ਦੇ ਔਗੁਣ ਹਨ ਉਹ ਇਕ ਤਰਾਂ, ਨਾਲ ਉਸ ਦੇ ਵਿਅਕਤੀਤਵ ਦੇ ਬੰਧਨ, ਹਨ, ਜਿਹੜੇ ਉਸ ਦੇ ਅਸਲ ਵਿਅਕਤੀਤਵ ਨੂੰ ਸਾਹਮਣੇ ਆਉਣ ਹੀ ਨਹੀਂ ਦਿੰਦੇ।[4] ਵਿਅਕਤੀ ਇਕ ਔਗੁਣ ਕਰ ਲੈਂਦਾ ਹੈ, ਉਸ ਦਾ ਮੰਦਾ ਅਸਰ ਹੁੰਦਾ ਹੈ। ਫਿਰ ਉਸ ਨੂੰ ਉਸ ਕੀਤੇ ਔਗੁਣ ਕਾਰਨ ਪਛਤਾਉਣਾ ਪੈਂਦਾ ਹੈ। ਇੰਜ ਜੀਵਨ ਅੰਜਾਈ ਜਾਣ ਵਾਲੀਆਂ ਸੋਚਾਂ ਵਿੱਚ ਹੀ ਖਤਮ ਹੋ ਜਾਂਦਾ ਹੈ।[5] ਕਾਮ, ਕ੍ਰੋਧ, ਲੋਭ ਅਤੇ ਮੋਹ ਹੰਕਾਰ ਪੰਜ ਵੱਡੇ ਔਗੁਣ ਹਨ ਜਿਹੜੇ ਵਿਅਕਤੀ ਤੋਂ ਹੋਰ ਹਰ ਤਰਾਂ, ਦੇ ਔਗੁਣ ਕਰਵਾਉਂਦੇ ਹਨ।[6] ਇਸ ਲਈ ਇਨਾਂ, ਚੀਜ਼ਾਂ ਦਾ ਇਕ ਸਾਧਕ ਨੂੰ ਤਿਆਗ

---

1. ਦੁਰਮਤਿ ਅਗਨਿ ਜਗਤ ਪਰਜਾਰੈ।
   ਸੋ ਉਬਰੈ ਗੁਰ ਸਬਦ ਬੀਚਾਰੈ। (ਗਉੜੀ ਅਸਟਪਦੀ-11, ਪੰਨਾ-225)
2. ਦੁਰਮਤਿ ਬਾਧਾ ਸਰਪਨਿ ਖਾਧਾ
   ਮਨਮੁਖਿ ਖੋਇਆ ਗੁਰਮੁਖਿ ਲਾਧਾ। (ਰਾਮਕਲੀ ਸਿਧ ਗੋਸਟਿ-15, 939)
3. ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ।"(ਪ੍ਰਭਾਤੀ-ਪਦਾ-3, ਪੰਨਾ-1343)
4. ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।
5. ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ। (ਸੋਰਠਿ ਪਦਾ-1, ਪੰਨਾ-595)

5 ਕਰਿ ਅਉਗਣ ਪਛੋਤਾਵਣਾ -- (ਵਾਰ ਆਸਾ-14, ਪੰਨਾ-471)

6. ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।
   ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ। (ਵਾਰ ਮਾਝ-20, ਪੰਨਾ-147)

ਕਰਨਾ ਚਾਹੀਦਾ ਹੈ ।

ਇਹ ਸਭਾ ਸਦਾਚਾਰ ਹੀ ਹੈ ਜਿਸ ਕਾਰਨ ਦਿਆਲ ਹੋਕੇ ਪਰਮਾਤਮਾ ਕਿਰਪਾ ਕਰਦਾ ਹੈ ਅਤੇ ਜੀਵ ਨੂੰ ਸਤਿਗੁਰੂ ਨਾਲ ਮਿਲਾ ਦੇਂਦਾ ਹੈ। ਇੰਜ ਸਦਾਚਾਰ ਪਰਮਾਤਮਾ ਪ੍ਰਾਪਤੀ ਦੇ ਰਾਹ ਵਿੱਚ ਆਪਣੇ ਆਪ ਹੀ ਇਕ ਪਹਿਲਾ ਪੜਾ ਹੈ । ਗੁਰੂ ਸਾਹਿਬ ਦੁਆਰਾ ਬਿਆਨ ਕੀਤੇ ਗਏ ਆਤਮਿਕ ਪ੍ਰਾਪਤੀ ਦੇ ਮਾਰਗ ਦੇ ਪੜਾਵਾਂ- ਖੰਡਾਂ- ਵਿਚਲੇ ਪੜਾ- ਧਰਮ ਖੰਡ ਵਿੱਚ ਸਦਾਚਾਰ ਦਾ ਬਿਆਨ ਵਿਸ਼ੇਸ਼ ਕਰਕੇ ਕੀਤਾ ਗਿਆ ਹੈ :-

ਜੀਵ ਆਪਣੇ ਸ਼ੁਭ ਕਰਮ ਕਮਾ ਕੇ ਪਰਮਾਤਮਾ ਨੂੰ ਪ੍ਰਾਪਤ ਕਰ ਸਕਣ ਦੇ ਸਮਰੱਥ ਮਾਨਸ ਜੂਨੀ ਪ੍ਰਾਪਤ ਕਰਦਾ ਹੈ । ਇਸ ਜੂਨੀ ਵਿੱਚ ਜਦੋਂ ਮਨੁੱਖ ਉਤੇ ਪਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਉਸ ਨੂੰ ਪਰਮਾਤਮਾ ਪ੍ਰਾਪਤ ਹੋ ਜਾਂਦਾ ਹੈ ਅਤੇ ਮੁਕਤ ਦੁਆਰ ਮਿਲ ਜਾਂਦਾ ਹੈ ।[1] ਕਰਮਾਂ ਨਾਲ ਮਨੁੱਖ ਬੰਦਗੀ ਕਰਦਾ ਹੈ ਅਤੇ ਕਿਰਪਾ ਨਾਲ ਇਸ ਮਾਇਆ ਦੇ ਭਵਸਾਗਰ ਤੋਂ ਪਾਰ ਲੰਘ ਜਾਂਦਾ ਹੈ ।[2]

ਭਾਵੇਂ ਗੁਰੂ ਸਾਹਿਬ ਇਹ ਵੀ ਲਿਖਦੇ ਹਨ ਕਿ ਪਰਮਾਤਮਾ ਦੀ ਕਿਰਪਾ ਸਭ ਜੀਵਾਂ ਤੇ ਹੈ ਤੇ ਉਸ ਦੀ ਜਿਸ ਉਤੇ ਜਿਵੇਂ ਦੀ ਕਿਰਪਾ ਹੁੰਦੀ ਹੈ ਉਹੋ ਜਿਹਾ ਉਹ ਹੋ ਜਾਂਦਾ ਹੈ ਤੇ ਨਾਲ ਹੀ ਇਹ ਵੀ ਲਿਖਦੇ ਹਨ ਕਿ ਜਿਸ ਜੀਵ ਉਤੇ ਪਰਮਾਤਮਾ ਦੀ ਕਿਰਪਾ ਨਹੀਂ ਹੁੰਦੀ ਉਹ ਆਪਣੀ ਮਰਜ਼ੀ ਨਾਲ ਜਿੰਨਾ ਮਰਜ਼ੀ ਚੰਗਾ ਨਾਮ ਰਖਵਾ ਕੇ ਜਗਤ ਵਿਚ ਜਸ ਕੀਰਤ ਪ੍ਰਾਪਤ ਕਰੀ ਜਾਵੇ ਪਰ ਪਰਮਾਤਮਾ ਦੀ ਦਰਗਾਹ ਵਿੱਚ ਕਬੂਲ ਨਹੀਂ ਪੈਂਦਾ ।[3] ਇਸ ਤੋਂ ਸਪਸ਼ਟ ਹੁੰਦਾ ਹੈ ਕਿ ਜੀਵ ਨੂੰ ਜੀਵਨ ਵਿੱਚ ਰੱਖਣ ਵਾਲੀ ਪਰਮਾਤਮਾ ਦੀ ਕਿਰਪਾ ਸੁਭਾਵਕ ਆਮ ਕਿਰਪਾ ਹੈ ਅਤੇ ਮਨੁੱਖ ਨੂੰ ਪਰਮਾਤਮਾ ਪ੍ਰਾਪਤੀ ਤੱਕ ਲਿਜਾਣ ਵਾਲੀ ਵਿਸ਼ੇਸ਼ ਕਿਰਪਾ ਹੈ । ਇਹ ਵਿਸ਼ੇਸ਼ ਕਿਰਪਾ ਕੇਵਲ ਵਿਸ਼ੇਸ਼ ਕਰਮ ਕਰਨ ਵਾਲਿਆਂ ਤੇ ਹੁੰਦੀ ਹੈ ।

ਮਨੁੱਖ ਕਿਵੇਂ ਆਪਣੀ ਸਧਾਰਨ ਕਿਰਪਾ ਵਾਲੀ ਸਥਿਤੀ ਤੋਂ ਉਠਕੇ , ਬ੍ਰਹਮ ਦੀ ਵਿਸ਼ੇਸ਼ ਕਿਰਪਾ ਦਾ ਪਾਤਰ ਬਣਕੇ, ਬ੍ਰਹਮ ਪ੍ਰਾਪਤੀ ਦੇ ਉਚਤਮ ਉਦੇਸ਼ ਤੱਕ ਪਹੁੰਚ ਜਾਂਦਾ ਹੈ ? ਇਸ ਬਾਰੇ

---

1. ਕਰਮੀ ਆਵੈ ਕਪੜਾ , ਨਦਰੀ ਮੋਖੁ ਦੁਆਰੁ । (ਜਪੁਜੀ-4, ਪੰਨਾ-2 )
2. ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ । (ਵਾਰ ਸਾਰੰਗ-11, ਪੰਨਾ-1242)
3. ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ ।
   ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ । (ਜਪੁਜੀ-7, ਪੰਨਾ-2 )

ਗੁਰੂ ਸਾਹਿਬ ਦੇ ਵਰਣਤ ਖੰਡਾਂ ਤੋਂ ਗਿਆਨ ਮਿਲਦਾ ਹੈ।

ਅੰਤਮ ਅਵਸਥਾ ਪਰਮ ਪਦ, ਚਤੁੱਥਾ ਪਦ, ਤੁਰੀਆ ਜਾਂ ਸਹਜ ਅਵਸਥਾ ਹੈ। ਪਹਿਲੀਆਂ ਤਿੰਨ ਅਵਸਥਾਵਾਂ ਸਰਗੁਣ ਦੀਆਂ ਅਵਸਥਾਵਾਂ ਹਨ ਪਰ ਇਹ ਚੌਥੀ ਅਵਸਥਾ ਨਿਰਗੁਣ ਦੀ ਅਵਸਥਾ ਹੈ। ਇਕ ਸੌਰਾ ਤਰਤ ਇਸ ਤੁਰੀਆ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ "ਅੰਮ੍ਰਿਤ" ਪ੍ਰਾਪਤੀ ਦੀ ਅਵਸਥਾ ਹੈ, "ਸੋ ਦਰ" ਵਿੱਚ ਦਾਖਲ ਹੋਣ ਦੀ ਅਵਸਥਾਂ ਹੈ।

ਬ੍ਰਹਮ ਦੀ ਪ੍ਰਾਪਤੀ ਇਕ ਉੱਤਮ ਅਵਸਥਾ ਹੈ ਜਿਸ ਤੱਕ ਇਕ ਲਖਤ ਨਹੀਂ ਪਹੁੰਚਿਆ ਜਾ ਸਕਦਾ। ਗੁਰੂ ਸਾਹਿਬ ਦਾ ਫੁਰਮਾਨ ਹੈ:-

"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ"[1]

ਇਹ ਪਉੜੀਆਂ ਇਹ ਹਨ:-

1. ਧਰਮ ਖੰਡ
2. ਗਿਆਨ ਖੰਡ
3. ਸਰਮ ਖੰਡ
4. ਕਰਮ ਖੰਡ

ਜਿਨ੍ਹਾਂ ਤੋਂ ਦੀ ਹੁੰਦਾ ਹੋਇਆ ਆਖਰ ਮਨੁੱਖ "ਸੱਚ ਖੰਡ" ਦੀ ਅਵਸਥਾ ਨੂੰ ਪਹੁੰਚ ਜਾਂਦਾ ਹੈ, ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ, ਅਤੇ ਆਤਮਾ ਦੀ ਅਸਲੀਅਤ ਨੂੰ ਭਾਲ ਕੇ ਪਰਮਾਤਮਾ ਸਰੂਪ ਹੋ ਜਾਂਦਾ ਹੈ। ਆਪਣੀ ਹਉਮੈ ਨੂੰ ਖਤਮ ਕਰਕੇ, ਆਪਣੀ ਅਸਲ "ਮੈਂ" ਵਿੱਚ ਅਭੇਦ ਹੋ ਜਾਂਦਾ ਹੈ। ਇਸ ਅਵਸਥਾ ਨੂੰ ਗੁਰੂ ਸਾਹਿਬ ਨਿਜ ਘਰ ਵਾਸ ਦੀ ਅਵਸਥਾ[2] ਅਮਰ ਪਦ ਦੀ ਪ੍ਰਾਪਤੀ ਦੀ ਅਵਸਥਾ[3] ਸੱਚੇ ਦਰਬਾਰ ਸੋਭਾ ਪਾਉਣ ਦੀ ਅਵਸਥਾ[4] ਸਹਜ ਘਰ ਵਾਸ ਅਵਸਥਾ[5] ਅਤੇ ਤੁਰੀਆ ਅਵਸਥਾ[6]

---

1. ਜਪੁਜੀ-32, ਪੰਨਾ-7.
2. ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ। (ਰਾਮਕਲੀ ਸਿਧ ਗੋਸਟਿ-2, ਪੰਨਾ-940)
3. ---ਨਿਜ ਘਰਿ ਵਾਸੁ ਅਮਰ ਪਦੁ ਪਾਵੈ। (ਪ੍ਰਭਾਤੀ ਅਸਟਪਦੀ-1, ਪੰਨਾ-1342)
4. ---ਤਾ ਦਰਿ ਸਚੈ ਸੋਭਾ ਪਾਵੈ। (ਪ੍ਰਭਾਤੀ ਅਸਟਪਦੀ-1, ਪੰਨਾ-1342)
5. ਜੋਗੀ ਜੁਗਤਿ ਸਹਜ ਘਰਿ ਵਾਸੈ --- (ਰਾਮਕਲੀ ਚਉਪਦੇ-11, ਪੰਨਾ-879)

ਕਰਕੇ ਵੀ ਲਿਖਦੇ ਹਨ ।

## ਧਰਮ ਖੰਡ

ਜਦੋਂ ਮਨੁੱਖ ਸੁੱਚਾ ਅਤੇ ਸੱਚਾ ਸਦਾਚਾਰਕ ਜੀਵਨ ਜੀਉਣਾ ਸ਼ੁਰੂ ਕਰਦਾ ਹੈ ਤਾਂ ਇਹ ਧਰਮ ਖੰਡ ਦੀ ਅਵਸਥਾ ਹੁੰਦੀ ਹੈ । ਇਸ ਅਵਸਥਾ ਵਿੱਚ ਜੀਵ ਅਨੁਭਵ ਕਰਦਾ ਹੈ ਕਿ ਇਹ "ਧਰਤੀ" ਤਾਂ ਰੁੱਤਾਂ, ਥਿੱਤਾਂ, ਵਾਰਾਂ, ਪਵਨ, ਪਾਣੀ, ਅਗਨੀ ਅਤੇ ਪਾਤਾਲ ਵਿੱਚ ਸਥਿਤ ਇਕ ਕਰਮ ਭੂਮੀ ਹੈ । ਇਥੇ ਉਸ ਨੇ ਆਪਣਾ ਜੀਵਨ ਜੀਉਣ ਲਈ ਕਰਮ ਕਮਾਉਣੇ ਹਨ , ਆਪਣੇ ਫਰਜ਼ ਨਿਭਾਉਣੇ ਹਨ । ਉਹ ਇਸ ਧਰਤੀ ਦੇ ਅਨੇਕਾਂ ਨਾਵਾਂ ਅਤੇ ਰੂਪਾਂ ਵਾਲੇ ਜੀਵਾਂ ਨੂੰ ਦੇਖਦਾ ਹੈ ਅਤੇ ਉਸ ਨੂੰ ਇਸ ਗੱਲ ਦਾ ਅਨੁਭਵ ਹੁੰਦਾ ਹੈ ਕਿ ਪਰਮਾਤਮਾ ਨੇ ਹਰ ਇਕ ਨੂੰ ਉਸ ਦੇ ਕਰਮਾਂ ਅਨੁਸਾਰ ਨਿਸਚਿਤ ਸਥਾਨ ਦਿੱਤਾ ਹੋਇਆ ਹੈ । ਪਰਮਾਤਮਾ ਕੇਵਲ ਉਨ੍ਹਾਂ ਨੂੰ ਹੀ ਪ੍ਰਵਾਨ ਕਰਦਾ ਹੈ ਜਿਨ੍ਹਾਂ ਨੇ ਸ਼ੁਭ ਕਰਮ ਕਮਾਏ ਹੁੰਦੇ ਹਨ ਅਤੇ ਜਿਹੜੇ ਆਪਣੇ ਗੁਰੂ ਦੀ ਕਿਰਪਾ ਸਦਕਾ, ਨਾਮ ਸਿਮਰਨ ਕਰਕੇ ਆਪਣੇ ਪਾਪ ਕੱਟ ਲੈਂਦੇ ਹਨ । ਜਿਨ੍ਹਾਂ ਨੇ ਜਨਮ ਮਰਨ ਤੋਂ ਮੁਕਤੀ ਪ੍ਰਾਪਤ ਕਰ ਲਈ ਹੁੰਦੀ ਹੈ । ਮਨੁੱਖ ਇਸ ਪੜਾਅ ਤੇ ਅਨੁਭਵ ਕਰਦਾ ਹੈ ਕਿ ਪਰਮਾਤਮਾ ਦੇ ਦਰਬਾਰ ਵਿੱਚ ਜੀਵਾਂ ਦੇ ਪੂਰੇ ਜਾਂ ਅਧੂਰੇ ਹੋਣ ਦੀ ਪਰਖ ਹੁੰਦੀ ਹੈ ਅਤੇ ਇਸ ਗੱਲ ਦਾ ਪਤਾ ਲਗਦਾ ਹੈ ਕਿ ਕੌਣ ਅਜੇ ਕੱਚਾ ਹੈ ਅਤੇ ਕੌਣ ਪੱਕਾ ਹੈ । ਇੰਜ ਧਰਮ ਖੰਡ ਵਿੱਚ ਮਨੁੱਖ ਸੱਚਾ ਸੁੱਚਾ ਸਦਾਚਾਰਕ ਜੀਵਨ ਜੀਉਂਦਾ ਹੋਇਆ ਸੱਚੇ ਬ੍ਰਹਮ ਦੇ ਦਰਬਾਰ ਤੋਂ ਸੁਚੇਤ ਹੁੰਦਾ ਹੈ ਅਤੇ ਉਥੇ ਹੋਣ ਵਾਲੇ ਅਟੱਲ ਨਿਆਂ ਬਾਰੇ ਗਿਆਨ ਪ੍ਰਾਪਤ ਕਰਦਾ ਹੈ[1] ।

---

---6 ਤੁਰੀਆ ਅਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ।

(ਆਸਾ ਪਦਾ-22, ਪੰਨਾ-356)

1. ਰਾਤੀ ਰੁਤੀ ਥਿਤੀ ਵਾਰ । ਪਵਣ ਪਾਣੀ ਅਗਨੀ ਪਾਤਾਲ ।
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ।
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ , ਤਿਨ ਕੇ ਨਾਮ ਅਨੇਕ ਅਨੰਤ ।
ਕਰਮੀ ਕਰਮੀ ਹੋਇ ਵੀਚਾਰੁ, ਸਚਾ ਆਪਿ ਸਚਾ ਦਰਬਾਰ ।
ਤਿਥੈ ਸੋਹਨਿ ਪੰਚ ਪਰਵਾਣੁ , ਨਦਰੀ ਕਰਮਿ ਪਵੈ ਨੀਸਾਣੁ ।
ਕੱਚ ਪਕਾਈ ਓਥੈ ਪਾਇ , ਨਾਨਕ ਗਇਆ ਜਾਪੈ ਜਾਇ ।"

(ਜਪੁਜੀ -34, ਪੰਨਾ-7.)

## ਗਿਆਨ ਖੰਡ

ਜਦੋਂ ਮਨੁੱਖ ਧਰਮ ਖੰਡ ਦੇ ਕਰਮਾਂ ਅਤੇ ਅਨੁਭਵਾਂ ਵਿੱਚ ਪਰਪੱਕ ਹੋ ਜਾਂਦਾ ਹੈ ਤਾਂ ਉਹ ਗਿਆਨ ਖੰਡ ਵਿੱਚ ਪ੍ਰਵੇਸ਼ ਜਾਂਦਾ ਹੈ , ਕਿਉਂਕਿ ਉਸ ਨੂੰ ਹਰ ਵਸਤੂ ਦਾ ਗਿਆਨ ਜੁ ਪ੍ਰਾਪਤ ਹੋ ਜਾਂਦਾ ਹੈ । ਜਦੋਂ ਉਸ ਨੂੰ ਫਿਰ ਗਿਆਨ ਹੋਣ ਲਗਦਾ ਹੈ ਤਾਂ ਉਸ ਦਾ ਗਿਆਨ ਖੇਤਰ ਵਿਸ਼ਾਲ ਤੋਂ ਵਿਸ਼ਾਲ ਹੁੰਦਾ ਜਾਂਦਾ ਹੈ । ਉਸ ਨੂੰ ਅਨੁਭਵ ਹੁੰਦਾ ਹੈ ਕਿ ਬ੍ਰਹਮ ਦੀ ਲੀਲਾ ਬੇਅੰਤ ਹੈ- ਅਨੇਕਾਂ ਬ੍ਰਹਿਮੰਡ ਹਨ, ਚੰਦ ਹਨ, ਇੰਦ੍ਰ ਹਨ ਅਤੇ ਅਨੇਕਾਂ ਕ੍ਰਿਸ਼ਨ, ਬਿਸ਼ਨੁ ਆਦਿ ਅਵਤਾਰ ਹਨ । ਉਸ ਨੂੰ ਪਤਾ ਲਗਦਾ ਹੈ ਕਿ ਜੋ ਬ੍ਰਹਿਮੰਡ ਵਿੱਚ ਹੈ, ਉਹੋ ਪਿੰਡ ਵਿੱਚ ਹੈ । ਹਰ ਖੰਡ ਵਿੱਚ ਬ੍ਰਹਿਮੰਡ ਵਾਂਗ ਹੀ ਬ੍ਰਹਮ ਦੇ ਤਿੰਨੇ ਰੂਪ-ਬ੍ਰਹਮਾ, ਬਿਸ਼ਨ, ਮਹੇਸ਼, -ਕਾਇਮ ਹਨ । ਬ੍ਰਹਿਮੰਡ ਵਿੱਚ ਵਿਆਪਕ ਪਵਨ, ਪਾਣੀ ਅਗਨੀ ਹੀ ਨਹੀਂ, ਸਗੋਂ ਅਨੇਕਾਂ ਕਰਮ-ਭੂਮੀਆਂ- ਧਰਤੀਆਂ, ਅਨੇਕਾਂ ਅਕਾਸ਼ ਅਤੇ ਚੰਦ, ਸੂਰਜ ਦੇ ਗ੍ਰਹਿਮੰਡਲ ਹਨ । ਅਨੇਕਾਂ ਸਿਧ, ਬੁੱਧ, ਨਾਥ ਹਨ ਅਤੇ ਅਨੇਕਾਂ ਹੀ ਦੈਵੀ ਸ਼ਕਤੀ ਦੇ ਰੂਪ ਹਨ । ਅਨੇਕਾਂ ਦੇਵਤੇ ਹਨ, ਦੈਂਤ ਹਨ, ਮੁਨੀ ਹਨ, ਪਾਤਸ਼ਾਹ ਅਤੇ ਰਾਜੇ ਹਨ । ਅਨੇਕਾਂ ਜਤੀ, ਜਤ ਸਾਧ ਰਹੇ ਹਨ, ਤਪੀ ਤੱਪ ਕਰ ਰਹੇ ਹਨ । ਇਨ੍ਹਾਂ[1] ਸਾਰਿਆਂ ਦਾ ਕੋਈ ਅੰਤ ਸ਼ੁਮਾਰ ਨਹੀਂ । ਗਿਆਨ ਖੰਡ ਵਿੱਚ ਗਿਆਨ ਦਾ ਜ਼ੋਰ ਹੁੰਦਾ ਹੈ ।

---

1. ---ਗਿਆਨ ਖੰਡ ਕਾ ਆਖਹੁ ਕਰਮ

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ਹ ਮਹੇਸ ।
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ।
ਕੇਤੀਆ ਕਰਮ ਭੂਮੀ ਮੇਰ, ਕੇਤੇ ਕੇਤੇ ਧੂ ਉਪਦੇਸ ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ।
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ।
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ।
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ।
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ।
ਗਿਆਨ ਖੰਡ ਮਹਿ ਗਿਆਨ ਪਰਚੰਡ ।
ਤਿਥੈ ਨਾਦ ਬਿਨੋਦ ਕੋਡ ਅਨੰਦੁ । (ਜਪੁਜੀ-35, ਪੰਨਾ-7.)

## ਸਰਮ ਖੰਡ

ਜਦੋਂ ਮਨੁੱਖ ਗਿਆਨ ਨੂੰ ਇਸ ਹੱਦ ਤੱਕ ਪ੍ਰਾਪਤ ਕਰ ਲੈਂਦਾ ਹੈ ਕਿ ਉਸ ਨੂੰ ਸਰਵ ਵਿਆਪਕ ਨਾਦ ਵੀ ਸੁਣਾਈ ਦੇਣ ਲੱਗ ਪਵੇ ਅਤੇ ਉਹ ਆਨੰਦ ਵਿੱਚ ਸਮਾਣ ਲੱਗੇ ਤਾਂ ਸਰਮ ਖੰਡ ਦੀ ਅਵਸਥਾ ਆ ਜਾਂਦੀ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਇਸ ਨੂੰ "ਯਤਨ ਦਾ ਖੰਡ" ਜਾਂ ਸੁੰਦਰਤਾ ਦਾ ਖੰਡ ਕਹਿੰਦੇ ਹਨ।[1] ਅਤੇ ਭਾਈ ਵੀਰ ਸਿੰਘ ਇਸ ਨੂੰ "ਆਨੰਦ ਦਾ ਖੰਡ" ਕਹਿੰਦੇ ਹਨ।[2] ਕਿਉਂਜੋ ਇਥੇ ਆਨੰਦ ਵੀ ਹੈ ਅਤੇ ਯਤਨ ਵੀ ਹਨ।

ਇਹ ਅਵਸਥਾ ਆਤਮਿਕ ਸੁੰਦਰਤਾ ਦੀ ਅਵਸਥਾ ਹੈ। ਇਸ ਅਵਸਥਾ ਵਿੱਚ ਮਨੁੱਖੀ ਮਨ ਨੂੰ ਇਕ ਨਵੀਂ, ਸੁਰਜ ਭਰਪੂਰ, ਸੁੰਦਰ ਸੇਧ ਮਿਲਦੀ ਹੈ। ਧਰਮ ਖੰਡ ਦੀ ਅਵਸਥਾ ਦਾ ਸਥੂਲ ਗਿਆਨ, ਗਿਆਨ ਖੰਡ ਦੀ ਅਵਸਥਾ ਵਿੱਚ ਆਕੇ ਸੂਖਸ਼ਮ ਹੋ ਜਾਂਦਾ ਹੈ। ਸਰਮ ਖੰਡ ਦੀ ਅਵਸਥਾ ਵਿੱਚ ਆਕੇ ਇਹ ਅਤਿ ਸੂਖਸ਼ਮ ਹੋ ਜਾਂਦਾ ਹੈ। ਇਥੇ ਆਕੇ ਬਹੁਤ ਅਨੂਪ ਘਾੜਤ ਘੜੀ ਜਾਂਦੀ ਹੈ। ਪਰ ਇਸ ਅਵਸਥਾ ਦੇ ਅਨੁਭਵ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜੇ ਕੋਈ ਇਸ ਨੂੰ ਬਿਆਨ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਪਛਤਾਣਾ ਪੈਂਦਾ ਹੈ। ਇਥੇ ਸੁਰਤ, ਮਤ, ਮਨ ਅਤੇ ਬੁੱਧ ਘੜੇ ਜਾਂਦੇ ਹਨ। ਇਥੇ ਦੇਵਤਿਆਂ ਅਤੇ ਸਿਧਾਂ ਪੁਰਸ਼ਾਂ ਵਾਲੀ ਬੁੱਧੀ[3] ਘੜੀ ਜਾਂਦੀ ਹੈ ਅਰਥਾਤ ਬੁੱਧੀ ਦੇਵਤਿਆਂ ਅਤੇ ਸਿਧਾਂ ਦੀ ਬੁਧੀ ਦੇ ਤੁਲ ਸ੍ਰੇਸ਼ਟ ਹੋ ਜਾਂਦੀ ਹੈ।

## ਕਰਮ ਖੰਡ

ਜਦੋਂ ਮਨੁੱਖ ਆਪਣੇ ਯਤਨਾਂ ਸਦਕਾ ਇਥੋਂ ਤੱਕ ਪਹੁੰਚ ਜਾਂਦਾ ਹੈ ਤਾਂ ਉਸ ਉਤੇ ਪਰਮਾਤਮਾ

---

1. Dr. S.S. Kohli.,"Philosophy of Guru Nanak." Page-89.
2. ਪਰਮ ਗੁਰਮਤ ਭਾਈ ਵੀਰ ਸਿੰਘ, "ਰਾਣਾ ਸੂਰਤ ਸਿੰਘ" ਕਾਂਡ- ਉਤੇ ਮੰਡਲਾਂ ਵੱਲ ਉਡਾਰੀਆਂ।
3. ਸਰਮ ਖੰਡ ਕੀ ਬਾਣੀ ਰੂਪੁ, ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।
   ਤਾ ਕੀਆ ਗਲਾ ਕਥੀਆ ਨਾ ਜਾਹਿ। ਜੇ ਕੋ ਕਹੈ ਪਿਛੈ ਪਛੁਤਾਇ।
   ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।
   ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ। (ਜਪੁਜੀ-36, ਪੰਨਾ-8.)

ਦੀ ਕਿਰਪਾ ਹੁੰਦੀ ਹੈ ਤੇ ਉਹ ਕਰਮ ਖੰਡ ਜਾਂ ਜਿਵੇਂ ਡਾ: ਸੁਰਿੰਦਰ ਸਿੰਘ ਕੋਹਲੀ[1] ਲਿਖਦੇ ਹਨ-"ਕਿਰਪਾ ਦੇ ਖੰਡ" ਜਾਂ ਜ਼ੋਰ ਦੇ ਖੰਡ ਵਿੱਚ ਪਹੁੰਚ ਜਾਂਦਾ ਹੈ। ਇਸ ਖੰਡ ਵਿਚ ਕੇਵਲ ਬਖਸ਼ਸ਼ ਪ੍ਰਾਪਤ ਕਰਨ ਵਾਲੇ ਆਪਣੀਆਂ ਇੰਦ੍ਰੀਆਂ ਅਤੇ ਮਨ ਨੂੰ ਜਿੱਤਣ ਵਾਲੇ ਯੋਧੇ ਹੀ ਪਹੁੰਚਦੇ ਹਨ। ਉਨ੍ਹਾਂ ਆਪਣੇ ਮਨ ਨੂੰ ਪਰਮਾਤਮਾ ਦੀ ਮਹਿਮਾ ਵਿੱਚ ਸੀਤਾ ਹੋਇਆ ਹੁੰਦਾ ਹੈ। ਉਨ੍ਹਾਂ ਆਪਣੇ ਦਿੱਲ ਵਿਚ ਪਰਮਾਤਮਾ ਨੂੰ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਹੁੰਦਾ ਹੈ। ਉਨ੍ਹਾਂ ਦੇ ਤੇਜਸਵੀ ਦਰਸ਼ਨ, ਚਿਹਰੇ ਉਤੇ ਚਮਕਦਾ ਨੂਰ ਅਤੇ ਮਹਿਮਾ ਅਵਰਣੀਯ ਹੁੰਦੀ ਹੈ। ਨਾ ਉਹ ਮਰਦੇ ਹਨ ਅਤੇ ਨਾ ਕਿਸੇ ਕੋਲੋਂ ਠੱਗੇ ਜਾਂਦੇ ਹਨ। ਉਨ੍ਹਾਂ ਦੇ ਹਿਰਦੇ ਵਿੱਚ ਸਰਬ ਵਿਆਪਕ ਰਮ ਰਿਹਾ ਨਾਮ ਪ੍ਰਗਟ ਹੋ ਜਾਂਦਾ ਹੈ। ਇਸ ਖੰਡ ਦੀ ਅਵਸਥਾ ਵਿੱਚ ਕਈ ਲੋਕਾਂ ਦੇ ਭਗਤ ਜਨ ਪਹੁੰਚੇ ਹੁੰਦੇ ਹਨ ਜੋ ਦਿਨ ਰਾਤ ਬ੍ਰਹਮ ਦੀ ਮਹਿਮਾ ਵਿੱਚ ਆਨੰਦਤ ਹੁੰਦੇ ਰਹਿੰਦੇ ਹਨ।

## ਸੱਚ ਖੰਡ

ਇਨ੍ਹਾਂ ਚਾਰ ਅਵਸਥਾਵਾਂ ਨੂੰ ਪਾਰ ਕਰ ਚੁੱਕਾ ਗੁਰਸਿੱਖ ਆਪਣੇ ਅਸਲ ਉਦੇਸ਼ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਸੱਚ ਖੰਡ ਵਿੱਚ ਪਹੁੰਚ ਜਾਂਦਾ ਹੈ। ਇਥੇ ਆ ਕੇ ਉਹ ਆਪ ਵੀ ਨਿਰੰਕਾਰ ਰੂਪ ਹੀ ਹੋ ਜਾਂਦਾ ਹੈ ਅਤੇ ਸਤ ਚਿਤ ਆਨੰਦ ਸਰੂਪ ਹੋਕੇ ਸਭ ਉਪਰ ਕਿਰਪਾ ਕਰ ਰਹੇ ਬ੍ਰਹਮ ਨੂੰ ਸਾਮ੍ਹ ਪ੍ਰਤੱਖ ਦੇਖਦਾ ਹੈ ਅਤੇ ਅਨੁਭਵ ਕਰਦਾ ਹੈ। ਇਥੇ ਆ ਕੇ ਸਭ ਕਾਜ਼ੇ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਸਭ ਕੁੱਝ ਆਪਣੇ ਆਪ ਹੀ ਬ੍ਰਹਮ ਦੇ ਹੁੱਕਮ ਅਨੁਸਾਰ ਹੋਣ ਲੱਗ ਪੈਂਦਾ ਹੈ। ਪਰ ਇਸ ਅਨੁਭਵ ਨੂੰ ਬਿਆਨ ਬਿਲਕੁਲ ਹੀ ਨਹੀਂ ਕੀਤਾ ਜਾ ਸਕਦਾ।[2]

---

1. Dr. S.S. Kohli.,"Philosophy of Guru Nanak." Page-39.
2. ਕਰਮ ਖੰਡ ਕੀ ਬਾਣੀ ਜੋਰ, ਤਿਥੈ ਹੋਰੁ ਨ ਕੋਈ ਹੋਰੁ।
   ਤਿਥੈ ਜੋਧ ਮਹਾਬਲ ਸੂਰ, ਤਿਨ ਮਹਿ ਰਾਮ ਰਹਿਆ ਭਰਪੂਰ।
   ਤਿਥੈ ਸੀਤੋ ਸੀਤਾ ਮਹਿਮਾ ਮਾਹਿ, ਤਾਕੇ ਰੂਪ ਨ ਕਥਨੇ ਜਾਹਿ।
   ਨਾ ਓਹਿ ਮਰਹਿ ਨ ਠਾਗੇ ਜਾਹਿ। ਜਿਨ ਕੈ ਰਾਮ ਵਸੈ ਮਨ ਮਾਹਿ।
   ਤਿਥੈ ਭਗਤ ਵਸਹਿ ਕੇ ਲੋਅ। ਕਰਹਿ ਅਨੰਦੁ ਸਚਾ ਮਨਿ ਸੋਇ।
   ਸਚ ਖੰਡਿ ਵਸੈ ਨਿਰੰਕਾਰ। ਕਰਿ ਕਰਿ ਵੇਖੈ ਨਦਰਿ ਨਿਹਾਲ।
   ਤਿਥੈ ਖੰਡ ਮੰਡਲ ਵਰਭੰਡ। ਜੇ ਕੋ ਕਥੈ ਤ ਅੰਤ ਨ ਅੰਤ।
   ਤਿਥੈ ਲੋਅ ਲੋਅ ਆਕਾਰ। ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।
   ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰੁ। (ਜਪੁਜੀ-37, ਪੰਨਾ-8.)

# ਪ੍ਰਕਰਣ ਪੰਦਰਵਾਂ

## "ਮੂਲ ਮੰਤਰ ਦਾ ਅਲੋਚਨਾਤਮਿਕ ਅਧਿਐਨ"

ਮੂਲ ਮੰਤਰ ਭਾਵ, ਪ੍ਰਮਾਣਿਕ ਮੂਲ ਮੰਤਰ, ਪਦਾਂ ਦੀ ਅਲੋਚਨਾਤਮਿਕ ਵਿਆਖਿਆ।

***

## ਪ੍ਰਕਰਣ-15.

## "ਮੂਲ ਮੰਤਰ ਦਾ ਅਲੋਚਨਾਤਮਿਕ ਅਧਿਐਨ"

### ਮੂਲ ਮੰਤਰ-ਭਾਵ

ਮੂਲ-ਮੰਤਰ ਦੋ ਸ਼ਬਦਾਂ ਦਾ ਸਮਾਸ ਹੈ- ਮੂਲ + ਮੰਤਰ । "ਮੂਲ" ਅਤੇ "ਮੰਤਰ" ਦੋਨਾਂ ਸ਼ਬਦਾਂ ਦੇ ਸੁੰਤਤ੍ਰ ਰੂਪ ਵਿੱਚ ਅਨੇਕ ਅਰਥ ਹਨ । ਮੂਲ ਦੇ ਅਰਥ ਹਨ:- 1. ਜੜ੍ਹ, 2. ਬਿਲਕੁਲ, 3. ਵਪਾਰ ਦੀ ਪੂੰਜੀ, 4. ਅਸਲ, 5. ਮੁੱਢ, 6. ਅਸਲੀਅਤ, 7. ਉਨੀਵਾਂ ਨਛੱਤਰ, 8. ਗਾਜਰ, ਮੂਲੀ, ਕੰਦ ਆਦਿ, 9, ਦ੍ਰਿੜ੍ਹ ਹੋਣਾ, ਜੜੇ ਜਾਣ, ਵਧਣਾਂ, ਜੜ੍ਹ ਪਕੜਨਾ । ਮੰਤਰ ਦੇ ਅਰਥ ਹਨ- 1. ਗੁਪਤ ਬਾਤ ਕਰਨਾ, 2. ਆਦਰ ਨਾਲ ਬੁਲਾਉਣਾ, 3. ਸਲਾਹ ਮਸ਼ਵਰਾ, 4. ਗੁਰ ਉਪਦੇਸ਼, 5. ਨਿਰੁਕਤ ਅਨੁਸਾਰ ਉਹ ਜਿਸ ਦਾ ਮਨਨ ਕੀਤਾ ਜਾਵੇ । 6. ਤੰਤ੍ਰ ਸ਼ਾਸਤ੍ਰ ਅਨੁਸਾਰ ਕਿਸੇ ਦੇਵਤਾ ਨੂੰ ਰਿਝਾਉਣ ਅਥਵਾ ਕਾਰਜ ਸਿਧੀ ਲਈ ਜਪਣਯੋਗ ਸ਼ਬਦ,[1] ਜੇ ਇਨਾਂ ਸਾਰੇ ਅਰਥਾਂ ਦੇ ਭਾਵ ਨੂੰ "ਮੂਲ-ਮੰਤਰ" ਸ਼ਬਦ ਦੇ ਭਾਵ ਨੂੰ ਪ੍ਰਗਟਾਉਣ ਲਈ ਇਕੱਠੇ ਕੀਤਾ ਜਾਵੇ ਤਾਂ ਮੂਲ ਮੰਤਰ ਦਾ ਅਰਥ ਹੋਏਗਾ -ਉਹ, ਜੜ੍ਹ ਰੂਪ, ਅਸਲ, ਨਿੱਗਰ, ਸਤਿਕਾਰ ਯੋਗ, ਅਰਥ ਭਰਪੂਰ ਪੱਦ ਜਿਸ ਦਾ ਮਨਨ ਕੀਤਾ ਜਾ ਸਕੇ, ਮਨਨ ਨਾਲ ਅਜਿਹਾ ਕੁੱਝ ਹਾਸਲ ਕੀਤਾ ਜਾ ਸਕੇ ਜਿਸ ਤੋਂ ਸਮੁੱਚਿ ਗਿਆਨ ਰੂਪੀ ਰੁਖ਼ਤ ਦਾ ਵਿਕਾਸ ਹੋਵੇ। ਇਸ ਲਈ, ਆਮ ਤੌਰ ਤੇ ਮੂਲ ਮੰਤਰ ਹੀ ਗੁਰ ਮੰਤਰ (ਗੁਰੂ ਦੁਆਰਾ ਬਖਸ਼ਿਆ ਗਿਆ ਮੰਤਰ ਜਿਸ ਦਾ ਸਿਮਰਨ ਕਰਕੇ ਆਤਮ ਗਿਆਨ ਦੀ ਪ੍ਰਾਪਤੀ ਕੀਤੀ ਜਾ ਸਕੇ ) ਹੁੰਦਾ ਹੈ । ਸਿੱਖ ਮੱਤ ਵਿੱਚ ਪੰਜ ਪਿਆਰਿਆਂ ਦੁਆਰਾ ਗੁਰ ਮੰਤਰ ਦੇ ਰੂਪ ਵਿੱਚ ਦਿੱਤਾ ਜਾਣ ਵਾਲਾ ਮੂਲ ਮੰਤਰ ਹੈ:-

" ੧ ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ "

ਵੇਦਾਂਤ ਦਾ ਗੁਰਮੰਤਰ ਜਾਂ ਮੂਲ ਮੰਤਰ ਹੈ ਗਾਇਤ੍ਰੀ ਮੰਤਰ (ਇਹ ਮੰਤਰ ਇਸ ਤਰਾਂ ਹੈ:- "ਓਮ ਭੂਰ ਭੁਵਾਹ ਸਵਾਹ ਤਾਤ ਸਾਵੀਤੁਰ ਵਾਰਨੀਅਮ ਭਾਰਗੋ ਦੇ ਵਾਸਿਆ ਧੀਮਾਹੀ ਧੀਓ ਯੋ ਨਾਹ ਪਦਾ ਯੋਡੀਅਤ "

---

1. ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼ " ਪੰਨਾ-742-750.

ਮੂਲ ਮੰਤਰ ਦੀ ਪਰੰਪਰਾ ਬਹੁਤ ਪੁਰਾਤਨ ਹੈ । ਵੇਦਾਂਤ ਦੇ ਪੂਰਵ ਮਿਮਾਂਸਾ ਦਾ ਤਾਂ ਸਾਰਾ ਸਬੰਧ ਹੀ ਮੰਤਰਾਂ ਨਾਲ ਹੈ । ਉਪਨਿਸ਼ਦਾਂ ਵਿੱਚ ਓਮ ( ੴ ) ਨੂੰ ਹੀ ਮੂਲ ਮੰਤਰ ਕਿਹਾ ਗਿਆ ਹੈ ।[1]

ਮੂਲ ਮੰਤਰ ਇਕ ਪ੍ਰਕਾਰ ਦਾ ਸੂਤਰ ਹੁੰਦਾ ਹੈ ਜਿਸ ਵਿੱਚ ਸਮੁੱਚੇ ਗਿਆਨ ਨੂੰ ਸੰਚਿਤ ਕੀਤਾ ਹੁੰਦਾ ਹੈ । ਹਰ ਵੱਖਰੀ ਗਿਆਨ-ਦਰਸ਼ਨ ਰੱਖਣ ਵਾਲੀ ਸੰਪਰਦਾ ਦਾ ਆਪਣਾ "ਮੂਲ ਮੰਤਰ" ਹੁੰਦਾ ਹੈ । ਮੂਲ ਮੰਤਰ ਵਿੱਚ ਇਕ ਸੰਪਰਦਾ ਦੀ ਸੰਪੂਰਨ ਵਿਚਾਰਧਾਰਾ ਦਾ ਤੱਤਸਾਰ ਹੁੰਦਾ ਹੈ । ਇਸ ਲਈ ਵੱਖੋ ਵੱਖਰੀਆਂ ਧਾਰਮਿਕ ਸੰਪਰਦਾਵਾਂ ਦੇ ਮੁੱਖੀ ਜਦੋਂ ਆਪਸ ਵਿੱਚ ਮਿਲਦੇ ਹਨ ਤਾਂ ਇੱਕ ਦੂਜੇ ਦਾ ਮੂਲ ਮੰਤਰ ਪੁਛਦੇ ਹਨ ।[2]

ਗੁਰੂ ਨਾਨਕ ਦੇਵ ਜੀ ਮੂਲ ਮੰਤਰ ਦੀ ਮਹਾਨਤਾ ਨੂੰ ਇਨ੍ਹਾਂ ਸ਼ਬਦਾਂ ਵਿੱਚ ਦੱਸਦੇ ਹਨ:-

"ਮੂਲ ਮੰਤ੍ਰੁ ਹਰਿਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ।"
(ਮਾਰੂ ਸੋਹਲੇ-20, ਪੰਨਾ-1040)

ਅਤੇ

"ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ।
ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ।"
(ਗਉੜੀ ਪਦੇ-10, ਪੰਨਾ-156.)

ਭਾਈ ਗੁਰਦਾਸ ਜੀ ਮੂਲ ਮੰਤਰ ਬਾਰੇ ਇਸ ਤਰ੍ਹਾਂ ਲਿਖਦੇ ਹਨ:-

"ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ" (ਵਾਰ ਛੇਵੀਂ, ਪਉੜੀ-19)
"ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ" (ਵਾਰ-23.)
"ਨਮਸਕਾਰ ਗੁਰਦੇਵ ਕਉ ਸਤਿਨਾਮੁ ਜਿਸ ਮੰਤ੍ਰ ਸੁਣਾਇਆ ।" (ਵਾਰ-1)

ਭਾਈ ਗੁਰਦਾਸ ਮੂਲ ਮੰਤਰ ਨੂੰ ਨਿਸ਼ਚਿਤ ਕਰਨ ਲਈ ੧ ਓ ਨੂੰ ਅਰੰਭ ਵਿੱਚ ਨਹੀਂ ਲਿਖਦੇ ਸਗੋਂ

---

1. i Tait. Up. 8-1.
   ii Pran. Up. Question No. 5.
2. "ਕਥਾ ਸਾਗਰ" ਵਿੱਚ ਸੋਢੀ ਤੇਜਾ ਸਿੰਘ ਇਕ ਸਾਖੀ ਬਿਆਨ ਕਰਦੇ ਹਨ ਜਿਸ ਵਿੱਚ ਸਿੱਧ ਗੁਰੂ ਜੀ ਕੋਲੋਂ ਪੁਛਦੇ ਹਨ ਕਿ ਉਨ੍ਹਾਂ ਦਾ ਮੂਲ ਮੰਤਰ ਕਿਹੜਾ ਹੈ ?

"ਸਤਿਨਾਮ" ਪਹਿਲਾਂ ਲਿਖਦੇ ਹਨ ।[1] ਕਿਉਂਜੋ ਭਾਵੇਂ ੴ ਮੂਲ ਮੰਤਰ ਦਾ ਇਕ ਭਾਗ ਹੈ ਪਰ ਅਸਲ ਵਿੱਚ ਇਹ ਬੀਜ ਮੰਤਰ ਹੈ । ਇਸ ਬੀਜ ਮੰਤਰ ੴ ਵਿੱਚ ਸਮੁੱਚੇ ਮੂਲ ਮੰਤਰ ਦਾ ਭਾਵ ਸਮਾਇਆ ਹੋਇਆ ਹੈ ਅਤੇ ਮੂਲ ਮੰਤਰ ਵਿੱਚ ਸਮੁੱਚੀ ਗੁਰਬਾਣੀ ਦਾ ਭਾਵ ਸਮਾਇਆ ਹੋਇਆ ਹੈ ।

ਜਨਮ ਸਾਖੀਆਂ ਵੀ ਇਸੇ ਮੂਲ ਮੰਤਰ ਦੀ ਪ੍ਰਮਾਣਿਕਤਾ ਦੀ ਪ੍ਰੋੜ੍ਹਤਾ ਕਰਦੀਆਂ ਹਨ ।[2] ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਆਉਂਦਾ ਹੈ :-

"ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ :- ਹੇ ਭਾਈ ਬਾਲਾ- "ੴ ਸਤਿਨਾਮ

---

1. । ਡਾ: ਦਲੀਪ ਸਿੰਘ ਦੀਪ- "ਜਪੁਜੀ ਇਕ ਤੁਲਨਾਤਮਕ ਅਧਿਐਨ" ਪੰਨਾ-28.
   ।। "ਭਾਈ ਵੀਰ ਸਿੰਘ ਜੀ ਦੇ ਗੁਰਮਤਿ ਨਾਮ ਬਾਰੇ ਵਿਚਾਰ" ਸੰਗ੍ਰਹਿ ਕਰਤਾ ਨਰਿੰਦਰ ਸਿੰਘ ਸੋਚ । ਪੰਨਾ-11.
2. । ਸੋਢੀ ਤੇਜਾ ਸਿੰਘ "ਪੁਰਖਾ ਮਾਰਗ" ਵਿੱਚ ਪੰਨਾ-17, ਤੇ ਇਕ ਸਾਖੀ ਬਿਆਨ ਕਰਦੇ ਹਨ:- ਸ੍ਰੀ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਕੋਲੋਂ ਪੁਛਦੇ ਹਨ ਕਿ ਸਾਡਾ ਮੂਲ ਮੰਤਰ ਕਿਹੜਾ ਹੈ ? ਜੁਆਬ ਵਿੱਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

   "ਹੇ ਪੁਰਖਾ ! ਸੁਣ ਸਾਡਾ ਮੂਲ ਮੰਤਰ ਇਹ ਹੈ:-

   "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"

   ।। ਭਾਵੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਅਧੋਗਤੀ ਕਾਰਨ ਮੰਤਰ ਵੀ ਰਸਮ ਰਸੋਹੀਣਾ ਭਾਵ ਧਾਰਨ ਕਰ ਗਏ ਸਨ ਅਤੇ ਪਾਖੰਡਾਂ ਦਾ ਅਧਾਰ ਬਣ ਗਏ ਸਨ । ਇਸ ਲਈ ਗੁਰਬਾਣੀ ਵਿੱਚ ਲਿਖਿਆ ਹੈ:-

   "ਤੰਤੁ ਮੰਤੁ ਪਾਖੰਡੁ ਨਾ ਜਾਣਾ" (ਸੂਹੀ ਛੰਤ, ਪੰਨਾ-766)

   ਪਰ ਗੁਰਬਾਣੀ ਮੰਤਰ ਵਿਰੋਧੀ ਨਹੀਂ । ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ "ਮਹਾ ਮੰਤਰ" ਕਹਿੰਦੇ ਹਨ ਅਤੇ ਲਿਖਦੇ ਹਨ:-

   "ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ" (ਬਿਲਾਵਲ ਪਦਾ-23, ਪੰਨਾ-814)
   ਅਤੇ ਗੁਰ ਮੰਤਰ ਬਾਰੇ ਵੀ ਇਸ ਤਰਾਂ ਲਿਖਦੇ ਹਨ:-

   "ਹਰਿ ਹਰਿ ਤੰਤੁ ਮੰਤੁ ਗੁਰਿ ਦੀਨਾ" (ਆਸਾ ਪਦਾ-4, ਪੰਨਾ-386)

ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਜਿਸ ਸਿੱਖ ਦੇ ਮੂੰਹ ਅਤੇ ਮਨ ਵਿੱਚ ਇਹ ਸਲੋਕ ਹੋਵੈਗਾ ਅਰ ਉਸ ਦੇ ਪਿਛੇ ਜਿਤਨੀ ਸੁਣੇਗੀ ਤਿਤਨੀ ਮਨੁਖਾਂ ਤੇ ਪਾਰ ਲੰਘੇਗੀ" (ਸਾਖੀ ਹੈ ਲੱਖੇ ਬਾਗ ਕੀ)

ਬਾਬਾ ਮੋਹਨ ਜੀ ਦੀਆਂ ਪੋਥੀਆਂ ਵਿੱਚ ਮੂਲ ਮੰਤਰ ਦਾ ਇਕ ਹੋਰ ਰੂਪ ਵੀ ਮਿਲਦਾ ਹੈ:-

"ਬਾਬਾ ਨਾਨਕ ਬੇਦੀ ਪਾਤਸ਼ਾਹ ਦੀਨ ਦੁਨੀ ਦਾ ਟਿੱਕਾ । ੧ਓ ਸਤਿਗੁਰ ਪ੍ਰਸਾਦਿ[1] ਸੋਹਾ ਨਾਮੁ ਕਰਤਾਰ ਨਿਰਭਉ ਨਿਰੰਕਾਰ ਅਕਾਲ ਮੂਰਤ ਅਜੂਨੀ ਸੰਭਉ ਗੁਰੂ ਪੂਰੇ ਪਰਸਾਦਿ"

ਪਰ ਇਹ ਮੂਲ ਮੰਤਰ ਪ੍ਰਵਾਨਿਤ ਮੂਲ ਮੰਤਰ ਨਹੀਂ ਕਿਉਂਕਿ ਕਰਤਾਰ ਪੁਰ ਵਾਲੀ ਬੀੜ ਵਿੱਚ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਪਹਿਲੀ ਕਿਸਮ ਦੇ ਮੂਲ ਮੰਤਰ ਨੂੰ ਆਦਿ ਗ੍ਰੰਥ ਵਿੱਚ ਦਰਜ ਕਰਕੇ ਆਪਣੇ ਦਸਤਖੱਤ ਕੀਤੇ ਹਨ । ਇਸ ਬਾਰੇ ਕਿਸੇ ਕਿਸਮ ਦਾ ਕੋਈ ਸ਼ੰਕਾ ਨਹੀਂ ਕੀਤਾ ਜਾ ਸਕਦਾ ।

"ਮੂਲ ਮੰਤਰ" ਸਿੱਖ ਕੌਮ ਦਾ ਇਕ ਮਹੱਤਵਸ਼ਾਲੀ ਮੰਤਰ ਹੈ । ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਆਉਂਦਾ ਹੈ ਅਤੇ ਲਗਪਗ ਹਰ ਵਡੀ ਬਾਣੀ ਦਾ ਅਰੰਭ ਇਸੇ ਮੂਲ ਮੰਤਰ ਦੇ ਪੂਰੇ ਜਾਂ ਸੰਖਿਪਤ ਰੂਪ ਨਾਲ ਹੁੰਦਾ ਹੈ ।[2]

ਸੋ ਮੂਲ ਮੰਤਰ ਦੀ ਦਾਰਸ਼ਨਿਕ ਮਹਾਨਤਾ ਬਹੁਤ ਹੈ । ਸਿੱਖ ਮੂਲ ਮੰਤਰ ਬਾਰੇ ਇਹ ਰਾਇ ਪ੍ਰਚਲਤ ਹੈ ਕਿ ਇਹ ਸੂਤਰ ਰੂਪ ਵਿੱਚ ਬ੍ਰਹਮ ਦਾ ਸੰਪੂਰਨ ਸੰਕਲਪ ਪੇਸ਼ ਕਰਦਾ ਹੈ । ਬ੍ਰਹਮ "੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਹੈ, ਉਸ ਦਾ ਸਿਮਰਨ ਕਰਨਾ ਚਾਹੀਦਾ ਹੈ । ਪਰ ਅਸਲ ਵਿੱਚ ਇਹ ਨਿਰਾ ਬ੍ਰਹਮ ਦਾ ਸੰਕਲਪ ਹੀ ਪੇਸ਼ ਨਹੀਂ ਕਰਦਾ ਸਗੋਂ ਬ੍ਰਹਮ ਦੀ ਸਿਰਜਨਾ ਬਾਰੇ ਵੀ ਗਲ ਕਰਦਾ ਹੈ, ਜੀਵਾਂ ਬਾਰੇ ਵੀ, ਜੀਵਨ ਬਾਰੇ ਵੀ, ਸਦਾਚਾਰ ਬਾਰੇ ਵੀ ਗਲ ਕਰਦਾ ਹੈ । ਉਸ ਸਾਰੇ ਕੁੱਝ ਦੀ ਗਲ ਕਰਦਾ ਹੈ, ਜੋ ਕੁੱਝ ਗੁਰੂ ਗ੍ਰੰਥ ਸਾਹਿਬ ਵਿੱਚ ਹੈ । ਇਸ ਸਾਰੀ ਸ੍ਰਿਸ਼ਟੀ ਦਾ ਮੂਲ ਬ੍ਰਹਮ ਹੈ । ਇਸ ਲਈ ਬ੍ਰਹਮ ਨੂੰ ਪੂਰਨ ਰੂਪ ਵਿੱਚ ਬਿਆਨ ਕਰਦਾ ਮੰਤ੍ਰ ਮੂਲ ਮੰਤਰ ਹੈ । ਇਸ ਮੂਲ (ਜੜ੍ਹ) ਤੋਂ ਦ੍ਰਖਤ ਕਿਵੇਂ ਬਣਦਾ ਹੈ ? ਇਸ ਸਾਰੇ ਕੁੱਝ ਦਾ ਸੰਕੇਤ ਵੀ ਇਸ "ਮੂਲ" ਵਿੱਚ ਹੈ ।

---

1. ਗਿਆਨੀ ਗਿਆਨ ਸਿੰਘ ਦਾ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ" ਲੇਖ, "ਤਵਾਰੀਖ ਗੁਰੂ ਖਾਲਸਾ" ਵਿੱਚ, ਪੰਨਾ-125.
2. Dr. S.S. Kohli.,"Out Lines of Sikh Thought." Page-94.

## "ਮੂਲ ਮੰਤਰ ਦੀ ਪਦ ਵਿਆਖਿਆ"

ਮੂਲ ਮੰਤਰ ਦਾ ਆਰੰਭ ੧ੳ ਨਾਲ ਹੁੰਦਾ ਹੈ ਜਿਹੜਾ ਮੂਲ ਮੰਤਰ ਦਾ ਮੁਢਲਾ ਪੌਦ ਵੀ ਹੈ ਅਤੇ "ਬੀਜ ਮੰਤਰ" ਵੀ ਹੈ। ਇਸ ਦਾ ਸ਼ੁਧ ਉਚਾਰਨ ਇੱਕ ਓਅੰਕਾਰ ਹੈ ਜਾਂ ਏਕਮਕਾਰ ਹੈ, ਇਕ ਓਅੰਕਾਰ ਹੈ ਜਾਂ ਏਕੰਕਾਰ ਹੈ ? ਇਹ ਬੜੀ ਲੰਬੀ ਬਹਿਸ ਦਾ ਵਿਸ਼ਾ ਹੈ,[1] ਪਰ ਅਸੀਂ ਇਸ ਦੇ ਸ਼ੁਧ ਉਚਾਰਨ ਦਾ ਨਿਰਣਾ ਗੁਰਬਾਣੀ ਦੀ ਕੁੰਜੀ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਕਰ ਸਕਦੇ ਹਾਂ। ਭਾਈ ਗੁਰਦਾਸ ੧ੳ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:-

"ਏਕਾ ਏਕੰਕਾਰ ਲਿਖ ਦਿਖਾਲਿਆ
ਊੜਾ ਓਅੰਕਾਰ ਪਾਸਿ ਬਹਾਲਿਆ" (ਵਾਰ -3)

ਸੋ "੧" ਦਾ ਉੱਚਾਰਨ ਏਕੰਕਾਰ ਹੈ ਅਤੇ ੳ ਦਾ ਉਚਾਰਨ ਓਅੰਕਾਰ ਹੈ। ਇਹ ਏਕੰਕਾਰ ਅਤੇ ਓਅੰਕਾਰ ਤੋਂ ਕੀ ਭਾਵ ਹੈ ? ਇਸ ਦਾ ਜੁਆਬ ਵੀ ਭਾਈ ਗੁਰਦਾਸ ਜੀ ਦੀ ਇਸ ਸਤਰ ਤੋਂ ਮਿਲਦਾ ਹੈ :-

"ਨਿਰੰਕਾਰ ਏਕੰਕਾਰ ਹੋਇ ਓਅੰਕਾਰਿ ਆਕਾਰ ਅਪਾਰਾ" (ਵਾਰ-29)

ਭਾਵ ਪਹਿਲਾਂ ਬ੍ਰਹਮ "ਨਿਰੰਕਾਰ" ਸੀ ਨਿਰੰਕਾਰ ਤੋਂ ਏਕੰਕਾਰ ਰੂਪ ਵਿੱਚ ਆ ਗਿਆ ਅਤੇ ਏਕੰਕਾਰ ਹੋਕੇ ਓਅੰਕਾਰ ਰੂਪ ਵਿੱਚ ਆ ਗਿਆ ਅਤੇ ਸਾਰੇ ਜਗਤ ਵਿੱਚ ਅਕਾਰਾਂ ਦਾ ਵਰਤਾਰਾ ਹੋ ਗਿਆ। ਇਹੋ ਵਿਚਾਰ ਭਾਈ ਗੁਰਦਾਸ ਦੀ ਦੀਆਂ ਇਨ੍ਹਾਂ ਸਤਰਾਂ ਤੋਂ ਹੋਰ ਵਧੇਰੇ ਸਪਸ਼ਟ ਹੁੰਦਾ ਹੈ :-

---

1. ਡਾ: ਸ਼ੇਰ ਸਿੰਘ ਡਾ: ਤ੍ਰਿਲੋਚਨ ਸਿੰਘ ਅਨੁਸਾਰ "੧" ਨੂੰ ਹੀ ਏਕੰਕਾਰ ਕਿਹਾ ਜਾਂਦਾ ਹੈ ਜਦ ਕਿ ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਡਾ: ਦਲੀਪ ਸਿੰਘ ਦੀਪ ਦਾ ਵਿਚਾਰ ਹੈ ਕਿ ਏਕੰਕਾਰ ੧ੳ ਦਾ ਹੀ ਪੂਰਨ ਉਚਾਰਨ ਹੈ।

   ਅਜਿਹੀ ਹਾਲਤ ਵਿੱਚ ਵਧੇਰੇ ਪ੍ਰਮਾਣਿਕ ਤੌਰ ਵਿਚਾਰਧਾਰਾ ਮੰਨੀ ਜਾ ਸਕਦੀ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਆਪ "ਗੁਰੂ ਗ੍ਰੰਥ ਸਾਹਿਬ ਦੀ ਕੁੰਜੀ" ਕਿਹਾ ਹੈ ਅਤੇ ਇਹ ਕੁੰਜੀ ਹੈ ਭਾਈ ਗੁਰਦਾਸ ਜੀ ਦੀਆਂ ਵਾਰਾਂ।

"ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਇਆ
ਏਕੰਕਾਰਹੁ ਸਬਦਿ ਧੁਨਿ ਓਅੰਕਾਰਿ ਆਕਾਰ ਬਣਾਇਆ"

ਅਤੇ

"ਨਿਰਾਧਾਰ ਨਿਰੰਕਾਰ ਨ ਅਲਖ ਲਖਾਇਆ
ਓਅੰਕਾਰ ਅਕਾਰ ਕਰਿ ਰਚਾਇਆ" (ਵਾਰ 22)

ਸੋ ਬ੍ਰਹਮ ਦੀਆਂ ਤਿੰਨ ਅਵਸਥਾਵਾਂ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ:-

1. ਨਿਰੰਕਾਰ
2. ਏਕੰਕਾਰ
3. ਓਅੰਕਾਰ

ਭਾਈ ਗੁਰਦਾਸ ਦੁਆਰਾ ਵਰਣਤ "ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਦੀਆਂ ਅਵਸਥਾਵਾਂ ਨੂੰ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਵਰਣਨ ਕਰਦੇ ਹਨ:-

"ਅਵਿਗਤੋ ਨਿਰਮਾਇਲੁ ਉਪਜੇ, ਨਿਰਗੁਣ ਤੇ ਸਰਗੁਣ ਥੀਆ" (ਸਿਧ ਗੋਸਟਿ-24, 940)

1. ਅਵਿਗਤੋ-ਨਿਰੰਕਾਰ
2. ਨਿਰਮਾਇਲ ਤੇ ਨਿਰਗੁਣ-ਏਕੰਕਾਰ
3. ਸਰਗੁਣ-ਓਅੰਕਾਰ

"ਨਿਰੰਕਾਰ" ਨਿਰਗੁਣ-ਅਰਬਦ ਨਰਬਦ ਧੁੰਧੂਕਾਰੇ- ਦੀ ਅਵਸਥਾ ਹੈ ਜਿਸ ਨੂੰ ਬਿਆਨ ਕਰਨ ਲਈ ਕੋਈ ਸੰਕੇਤ ਨਹੀਂ ਦਿੱਤਾ ਜਾ ਸਕਦਾ । ਇਸ "ਅਰਬਦ ਨਰਬਦ ਧੁੰਧੂਕਾਰੇ" ਦੀ ਅਵਸਥਾ ਵਿੱਚ ਜਦੋਂ ਸੁੰਨ ਦੀ ਅਵਸਥਾ ਹੋਈ ਅਤੇ "ਇੱਕ" ਦਾ ਅਹਿਸਾਸ ਪੈਦਾ ਹੋਇਆ ਤਾਂ ਏਕੰਕਾਰ ਦੀ ਅਵਸਥਾ ਆ ਗਈ । ਇਸ "ਇਕ" "ਸੁੰਨ" ਵਿਚੋਂ ਸ਼ਬਦ ਧੁਨ ਜਾਂ "ਕਵਾਉ" ਓਅੰਕਾਰ ਪੈਦਾ ਹੋਈ ਅਤੇ ਸਾਰੀ ਸਿਰਜਨਾ ਹੋ ਗਈ ।

ਸੋ "੧" ਵੀ ਅਤੇ "ਓ" ਵੀ ਬ੍ਰਹਮ ਦੀਆਂ ਦੋ ਅਵਸਥਾਵਾਂ ਦੇ ਲਖਾਇਕ ਹਨ । "੧" ਜਾਂ ਏਕੰਕਾਰ ਦੀ ਅਵਸਥਾ ਓ (ਓਅੰਕਾਰ) ਦੀ ਅਵਸਥਾ ਤੋਂ ਪਹਿਲਾਂ ਆਈ ਇਸ ਲਈ "੧"

ਨੂੰ "ੳ" ਤੋਂ ਪਹਿਲਾਂ ਲਾਇਆ ਗਿਆ ਹੈ।[1] "੧" ਅੰਕ ਨਾਲ ਗੁਰੂ ਸਾਹਿਬ ਨੇ ਸਰਵਸ਼ਕਤੀਮਾਨ

---

1. "੧" ਨੂੰ ੳ ਤੋਂ ਪਹਿਲਾਂ ਕਿਉਂ ਅੰਕਿਤ ਕੀਤਾ ਗਿਆ ? ਇਸ ਬਾਰੇ ਬਹੁਤ ਸਾਰੇ ਵਿਚਾਰ-ਵਾਨਾਂ ਨੇ ਅਨੇਕ ਰਾਵਾਂ ਦਿੱਤੀਆਂ ਹਨ।

i ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ "ੳ" ਤੋਂ ਪਹਿਲਾਂ ਗੁਰੂ ਸਾਹਿਬ ਨੇ ਏਕਾ ਅੰਕ ਇਸ ਵਾਸਤੇ ਲਾਇਆ ਹੈ ਕਿ ਵਾਹਿਗੁਰੂ ਅਦ੍ਵਿਤੀਯ ਹੈ। ਅਰ ਉਸ ਦੀ ਅ-ੳ-ਮ ਅਥਵਾ ਬ੍ਰਹਮਾ, ਬਿਸ਼ਨੁ, ਮਹੇਸ਼ ਆਦਿਕ ਭੇਦ ਕਲਪਕੇ ਉਪਾਸਨਾ ਕਰਨੀ ਭੁੱਲ ਹੈ" ਗੁਰਮਤਿ ਮਾਰਤੰਡ, ਪੰਨਾ-੭੭.

ii ਭਾਈ ਵੀਰ ਸਿੰਘ "ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪਹਿਲੀ ਪੋਥੀ ਵਿੱਚ ਵੀ ਅਜਿਹਾ ਹੀ ਵਿਚਾਰ ਦੇਂਦੇ ਹਨ।

iii "ਗੁਰਮਤਿ ਨਿਰਣਯ" ਵਿੱਚ ਭਾਈ ਜੋਧ ਸਿੰਘ ਪੰਨਾ-੧ ਤੇ ਇਸੇ ਧਾਰਨਾ ਨੂੰ ਪੇਸ਼ ਕਰਦੇ ਹਨ।

iv ਡਾ: ਰਤਨ ਸਿੰਘ ਜੱਗੀ "ਗੁਰੂ ਨਾਨਕ ਵਿਚਾਰਧਾਰਾ" ਪੰਨਾ-146 ਤੇ ਇਸੇ ਵਿਚਾਰਧਾਰਾ ਦੀ ਪ੍ਰੋੜ੍ਹਤਾ ਕਰਦੇ ਹਨ।

v ਸੋਢੀ ਤੇਜਾ ਸਿੰਘ "ਕਥਾ ਸਾਗਰ" ਪੰਨਾ-19-20-21 ਤੇ "੧" ਲਗਾਣ ਦੇ ਕਈ ਕਾਰਣ ਦੱਸਦੇ ਹਨ।

vi ਡਾ: ਸੁਰਿੰਦਰ ਸਿੰਘ ਕੋਹਲੀ "Out Lines of Sikh Thought." --ਪੰਨਾ 20 , 21 ਵਿੱਚ ਇਨ੍ਹਾਂ ਰਾਵਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਦੇ ਹਨ:-

ਪਹਿਲੀ ਵਿਚਾਰਧਾਰਾ ਅਨੁਸਾਰ "੧" ਇਸ ਲਈ ਲਾਇਆ ਗਿਆ ਹੈ ਤਾਂ ਜੁ ਦਸਿਆ ਜਾ ਸਕੇ ਕਿ ਅੰਤਮ ਸਚਾਈ ਇੱਕ ਹੈ। ਇਸ ਲਈ ਜੀਵ ਅਤੇ ਈਸ਼ਵਰ ਵੀ ਇੱਕ ਹਨ।

ਦੂਜੀ ਰਾਇ ਹੈ ਕਿ "੧" ਸਰਵ-ਵਿਆਪਕ ਨਾਮ ਦਾ ਸੰਕੇਤਕ ਹੈ। ਵੇਦਾਂ ਵਿੱਚ ਵੈਦਿਕ ਸਿਖਿਆ ਦੇ ਗ੍ਰਹਿਣ ਕਰਨ ਤੇ ਕਈ ਬੰਧਨ ਲਾਏ ਹੋਏ ਸਨ। ਪਰ ਗੁਰੂ ਨਾਨਕ ਦੇਵ ਜੀ ਨੇ ਇਹ ਸਾਰੇ ਬੰਧਨ ਤੋੜ ਦਿੱਤੇ। ਇਸ ਤਰ੍ਹਾਂ ਵੈਦਿਕ ਸਿਖਿਆ ਨਾਲੋਂ ਆਪਣੀ ਸਿਖਿਆ ਨੂੰ ਵੱਖਰਾ ਦਰਸਾਉਣ ਲਈਂ "ੳ" ਤੋਂ ਅਗੇ "੧" ਲਾ ਦਿੱਤਾ।

ਤੀਜੀ ਰਾਇ ਹੈ ਕਿ ਭਾਸ਼ਾ ਵਿਗਿਆਨ ਦੇ ਪੱਖ ਤੋਂ "ੳ" ਅਵ ਧਾਤੂ ਤੋਂ ਬਣਿਆ ਹੈ, ਜਿਸ ਦਾ ਮਤਲਬ ਹੈ ਪਾਲਣਾ ਅਤੇ ਰਖਿਆ ਕਰਨਾ। ਸੋ ੧ੳ ਤੋਂ ਭਾਵ ਹੈ ਉਹ ਇੱਕ ਜਿਹੜਾ ਪਾਲਦਾ ਅਤੇ ਰੱਖਿਆ ਕਰਦਾ ਹੈ।

ਰਹਸਮਯ ਸ਼ਕਤੀ ਦਾ ਸੰਕੇਤ ਦਿੱਤਾ ਹੈ ਜਿਹੜੀ 'ੳ" ਰੂਪ ਹੋਕੇ ਦ੍ਰਿਸ਼ਟਮਾਨ ਸ੍ਰਿਸ਼ਟੀ ਦਾ ਰੂਪ ਧਾਰਕੇ, ਇਸ ਵਿੱਚ ਸਮਾ ਵੀ ਰਹੀ ਹੈ, ਅਤੇ ਇਸ ਦੀ ਪਾਲਨਾ ਵੀ ਕਰ ਰਹੀ ਹੈ, ਤੇ ਸਮੇਂ ਸਿਰ ਵਿਨਾਸ਼ ਵੀ ਕਰਦੀ ਹੈ।[1]

"੧" ਤੇ 'ੳ" ਨਾਲ ਲਗਾਏ ਜਾਣਾ ਬਹੁਤੀ ਬਹਿਸ ਦਾ ਵਿਸ਼ਾ ਇਸ ਕਾਰਨ ਰਿਹਾ ਹੈ ਕਿਉਂ-ਜੋ ਉਪਨਿਸ਼ਦਾਂ ਵਿੱਚ ਓਮ (ॐ) ਜਾਂ ਓਅੰਕਾਰ ਨੂੰ ਸਰਵ ਸੰਪੂਰਨ ਸ਼ਬਦ ਮੰਨਿਆ ਗਿਆ ਹੈ। ਇਸ ਸ਼ਬਦ ਵਿਚੋਂ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਸਰੂਪਾਂ ਦਾ ਸੰਕੇਤ ਮਿਲਦਾ ਹੈ। ਮਾਂਡੂਕਿਯ ਉਪਨਿਸ਼ਦ ਵਿੱਚ ਇਸ ਪਦ ਦੀਆਂ ਸਾਢੇ ਤਿੰਨ ਮਾਤਰਾਂ ਦੱਸੀਆਂ ਗਈਆਂ ਹਨ- ਅ, ਉ, ਮ (अ, उ, म) ਅਤੇ ਅਮਾਤਰਾ ਜਾਂ ਅਰਧ ਮਾਤਰਾ ਜਿਸ ਦਾ ਕੋਈ ਵਿਅਕਤ ਰੂਪ ਨਹੀਂ।[2] ਅ (ਅਕਾਰ), ਉ (ਉਕਾਰ) ਮ (ਮਕਾਰ) ਬ੍ਰਹਮ ਦੇ ਸਰਗੁਣ ਸਰੂਪ ਦੇ ਲਖਾਇਕ ਹਨ ਅਤੇ ਜਾਗ੍ਰਤ ਸੁਪਨ, ਸੁਸ਼ੁਪਤੀ ਅਵਸਥਾਵਾਂ ਦੇ ਵਾਚਕ ਵੀ ਹਨ। ਅਰਧ ਮਾਤਰਾ ਜਾਂ ਅਮਾਤਰਾ ਜਿਹੜੀ ਕਿਸੇ ਲਿਖਣ ਸੰਕੇਤ ਰਾਹੀਂ ਵਿਅਕਤ ਨਹੀਂ ਹੁੰਦੀ। ਕੇਵਲ ਉਚਾਰਣ ਸਮੇਂ, ਅਖੀਰ ਵਿੱਚ ਆਪਣੇ ਆਪ ਹੀ ਉਚਾਰੀ ਜਾਂਦੀ ਹੈ, ਬ੍ਰਹਮ ਦੇ ਨਿਰਗੁਣ ਸਰੂਪ ਵੱਲ ਸੰਕੇਤ ਕਰਦੀ ਹੈ। ਅਮਾਤਰਾ ਜਾਂ ਅਰਥ ਮਾਤਰਾ ਜਾਂ ਅਲੋਪ ਮਾਤਰਾ ਦਾ ਵਰਣਨ ਬੜਾ ਘੱਟ ਮਿਲਦਾ ਹੈ। ਵਧੇਰੇ ਕਰਕੇ ਓਮ (ॐ) ਦੀਆਂ ਤਿੰਨ ਮਾਤਰਾ ਹੀ ਗਿਣੀਆਂ ਗਈਆਂ ਹਨ। ਇਸ ਤ੍ਰਿਮਾਤਰਾ ਕਾਰਨ 'ਓਮ" ਨੂੰ ਹਰ ਪ੍ਰਕਾਰ ਦੇ ਤ੍ਰਿੱਕੇ ਦਾ ਭਾਵ ਦਰਸਾਉਣ ਲਈ ਵਰਤਿਆ ਜਾਂਦਾ ਰਿਹਾ ਹੈ।[3] ਪਰ ਸਭ ਤੋਂ ਵੱਧ ਇਹ ਬ੍ਰਹਮ ਸੂਚਕ ਸ਼ਬਦ ਹੈ। ਤੈਤਰੀਯ ਉਪਨਿਸ਼ਦ ਵਿੱਚ ਆਉਂਦਾ ਹੈ--ਅ ਓ ਮ ਬ੍ਰਹਮ ਹੈ। ਸਾਰਾ ਵਿਸ਼ਵ ਅ ਓ ਮ ਹੀ ਹੈ। ਬ੍ਰਿਹਦਆਰਣਿਕ ਉਪਨਿਸ਼ਦ ਵਿੱਚ -ਅ ਓ ਮ ਬ੍ਰਹਮ ਹੈ, ਕਠ ਉਪਨਿਸ਼ਦ ਵਿੱਚ- ਅ ਓ ਮ ਪ੍ਰਮੁੱਖ ਨਿਸ਼ਾਨਾ ਹੈ। ਸ੍ਰੀ ਮਦਭਾਗਵਦ ਗੀਤਾ ਦੇ ਸੱਤਵੇਂ ਅਧਿਆਏ ਦੇ ਸੱਤਵੇਂ ਸਲੋਕ ਵਿੱਚ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ- 'ਹੇ ਕੁੰਤੀ ਪੁੱਤਰ ਜਲ ਵਿੱਚ ਰੱਸ ਮੈਂ ਹਾਂ, ਚੰਦ ਸੂਰਜ ਦਾ ਤੇਜ ਮੈਂ ਹਾਂ ਸਭ ਵੇਦਾਂ ਵਿੱਚ ਓਅੰਕਾਰ (ਓਮ) ਮੈਂ ਹਾਂ।"

---

1. ਡਾ: ਕਾਲਾ ਸਿੰਘ ਬੇਦੀ "ਗੁਰੂ ਨਾਨਕ ਸ਼ਬਦ ਰਤਨਾਕਰ" ਪੰਨਾ-7.
2. Mandukya. Up. 1.7-12. in "Ten Upanishada" Commentry by Swami Shivananda."
3. Dr. Radha Krishnan "Indian Philosophy." Page-185.
4. बाल गंगाधर तिलक, '' श्री मद् भागवद् गीता रहस्य'' पन्ना 780

ਭਾਵੇਂ "ਓ" ਸਰਵ ਸੰਪੂਰਨ ਬ੍ਰਹਮ ਦਾ ਲਖਾਇਕ ਸ਼ਬਦ ਹੈ ਪਰ ਤਾਂ ਵੀ ਗੁਰੂ ਸਾਹਿਬ ਨੇ ਇਕੱਲੇ "ਓ" ਦੀ ਬਜਾਏ ੧ਓ ਕਿਹਾ ਹੈ । ਕਿਉਂਜੋ ਗੁਰੂ ਸਾਹਿਬ ਬ੍ਰਹਮ ਦੀ ਸਰਵ ਸੰਪੂਰਨਤਾ ਨੂੰ ਨਿਸ਼ਚਿਤਤਾ ਨਾਲ ਅਦਵੈਤ ਰੂਪ ਵਿੱਚ ਪੇਸ਼ ਕਰਨਾ ਚਾਹੁੰਦੇ ਸਨ ਅਤੇ ਬਹੁਦੇਵ ਪੂਜ ਹੋ ਚੁੱਕੇ ਭਾਰਤੀਆਂ ਵਿੱਚ ਹਮੇਸ਼ਾਂ ਲਈ ਦ੍ਰਿੜ੍ਹ ਕਰਨਾ ਚਾਹੁੰਦੇ ਸਨ ਕਿ :-

"ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ"

ਤੇ ਨਾਲ ਹੀ ਉਹ "ਓ" ਤੋਂ ਪਹਿਲਾਂ ਦੀ ਬ੍ਰਹਮ ਦੀ ਏਕੰਕਾਰ ਦੀ ਅਵਸਥਾ ਨੂੰ ਵਿਅਕਤ ਕਰਨਾ ਚਾਹੁੰਦੇ ਸਨ । ਇਸ ਭਾਵ ਨੂੰ ਵਧੇਰੇ ਸਪਸ਼ਟ ਰੂਪ ਵਿੱਚ ਵੇਖਣ ਲਈ ਡਾ: ਸੁਰਿੰਦਰ ਸਿੰਘ ਕੋਹਲੀ ਦੀ ੧ਓ ਦੀ ਇਹ ਵਿਆਖਿਆ ਵੇਖੀ ਜਾ ਸਕਦੀ ਹੈ ।[1]

ਬ੍ਰਹਮਾ (ਕਰਤਾ)

(ਨਿਰਗੁਣ ਬ੍ਰਹਮ) ੧ਓ (ਸਰਗੁਣ ਬ੍ਰਹਮ------------ ਬਿਸਨੁ (ਪਾਲਕ)

ਸਿਵ (ਵਿਨਾਸਕ)

ਗੁਰੂ ਸਾਹਿਬ ਆਪ ਵੀ ਓ ਨੂੰ ਇਕ ਅਜਿਹੀ ਧੁਨੀ ਹੀ ਕਹਿੰਦੇ ਹਨ ਜਿਸ ਤੋਂ ਬ੍ਰਹਮ ਸਰਗੁਣ ਸਰੂਪ ਵਿੱਚ ਆਉਂਦਾ ਹੈ ।[2] ਮਿਸਾਲ ਵਜੋਂ :-

"ਓਅੰਕਾਰਿ ਬ੍ਰਹਮਾ ਉਤਪਤਿ ਓਅੰਕਾਰਿ ਕੀਆ ਜਿਨ ਚੀਤ---
ਓਨਮ ਅਖਰ ਸੁਣਹੁ ਬੀਚਾਰੁ ਓਨਮ ਅਖਰ ਤ੍ਰਿਭਵਣ ਸਾਰੁ"

(ਰਾਮਕਲੀ ਓਅੰਕਾਰ-1, ਪੰਨਾ-929-30)

ਫਿਰ ਵੀ ਸੁਆਲ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ "੧" ਨੂੰ ਅੱਖਰਾਂ ਵਿੱਚ ਕਿਉਂ

---

1. Dr. Surinder Singh Kohli.,"Out Lines of Sikh Thought." Page-20.
2. ਇਸ ਵਿਚਾਰ ਨੂੰ Dr. Trilochan Singh. (ਆਪਣੇ ਲੇਖ "Theology of Sikhism" ਜਿਹੜਾ ਕਿ ਭਾਸ਼ਾ ਵਿਭਾਗ ਦੀ ਪੁਸਤਕ "Sikhism" ਵਿੱਚ ਸ਼ਾਮਿਲ ਹੈ, ਵਧੇਰੇ ਵਿਸਥਾਰ ਨਾਲ ਪੇਸ਼ ਕਰਕੇ ਸਮਝਾਉਂਦੇ ਹਨ । (ਪੰਨਾ-53.)

ਨਹੀਂ ਲਿਖਿਆ, ਅੰਕਾਂ ਵਿੱਚ ਕਿਉਂ ਲਿਖਿਆ ? ਇਸ ਬਾਰੇ ਵੀ ਅਨੇਕ ਮੱਤ ਹਨ ।[1] ਪਰ ਬਹੁਤੀ ਪ੍ਰਚਲਤ ਧਾਰਨਾ ਇਹ ਹੈ ਕਿ "੧" ਅੰਕ ਪਰਮਾਤਮਾ ਦੀ ਏਕਤਾ ਨੂੰ ਨਿਸਚਿਤ ਰੂਪ ਵਿੱਚ ਦ੍ਰਿੜ ਕਰਦਾ ਹੈ ।[2] ਜੇ "੧" ਨੂੰ ਅੰਕਾਂ ਦੀ ਬਜਾਏ ਅੱਖਰਾਂ ਵਿੱਚ "ਇੱਕ" ਲਿਖਿਆ ਜਾਂਦਾ ਤਾਂ ਕਥਨ ਦੀ ਏਕਤਾ ਲਿਖਤ ਵਿੱਚ ਆ ਕੇ ਚਾਰ ਮਾਤਰਾ ਵਾਲੀ ਹੋ ਜਾਂਦੀ ਹੈ- ਸਿਹਾਰੀ, ਅੱਧਕ, ਟਿੱਪੀ, ਅਤੇ "ਕੱਕਾ" । ਕਥਨ ਅਤੇ ਲਿਖਤ ਦੀ ਏਕਤਾ ਨੂੰ ਕਾਇਮ ਰੱਖਣ ਲਈ ਹੀ ਗੁਰੂ ਸਾਹਿਬ ਨੇ "ਇੱਕ" ਦੀ ਬਜਾਏ "੧" ਲਿਖਿਆ ।

"੧" ਬ੍ਰਹਮ ਦਾ ਵਿਸ਼ੇਸ਼ਣ ਨਹੀਂ, ਸਗੋਂ ਸੰਗਿਆ ਹੈ । ਅਦ੍ਵੈਤ ਬ੍ਰਹਮ ਦਾ ਸਭ ਤੋਂ ਵੱਧ ਢੁੱਕਵਾਂ ਸੰਕੇਤ ਹੈ ਜਿਵੇਂ ਵੈਦਿਕ ਸਾਹਿਤ ਵਿੱਚ ਤਦ ਏਕਮ ( ਉਹ ਇੱਕ ) ਬ੍ਰਹਮ ਦਾ ਸੰਕੇਤਕ ਹੈ । ਗੁਰੂ ਸਾਹਿਬ ਨੇ ਹੋਰ ਵੀ ਕਈ ਥਾਵਾਂ ਤੇ ਇੱਕ ਨੂੰ ਬ੍ਰਹਮ ਦੇ ਨਾਮ ਰੂਪ ਵਿੱਚ ਵਰਤਿਆ ਹੈ ਜਿਵੇ:-

"ਏਕੋ ਕਹੈ ਸਭੁ ਏਕਾ ਜਾਣੈ" (ਸਿਧ ਗੋਸਟਿ-24, ਪੰਨਾ-940)
"ਅੰਤਰਿ ਬਾਹਰਿ ਏਕੁ ਪਛਾਣੈ" (ਦਖਣੀ ਓਅੰਕਾਰ- ,ਪੰਨਾ-930)
"ਇਸ ਏਕੇ ਕਾ ਜਾਣੈ ਭੇਉ" (ਰਾਮਕਲੀ ਓਅੰਕਾਰ-8, ਪੰਨਾ-930)

ਦੂਜਾ ਸੁਆਲ ਇਹ ਹੈ ਕਿ "ਓਮ" ਦੇ ਪਿਛੇ ਲੱਗੀ ਪਿਛੇਤਰ "ਕਾਰ" ਦਾ ਕੋਈ ਮਹੱਤਵ ਹੈ ਜਾਂ ਨਹੀਂ । ਸੰਸਕ੍ਰਿਤ ਸਾਹਿਤ ਵਿੱਚ ਤਾਂ ਇਸ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਂਦਾ ਰਿਹਾ, ਓਮ ਅਤੇ ਓਅੰਕਾਰ ਦਾ ਇਕੋ ਭਾਵ ਲਿਆ ਜਾਂਦਾ ਹੈ , ਭਾਈ ਗੁਰਦਾਸ ਜੀ ਵੀ, ਜਿਵੇਂ ਅਸੀਂ ਉਪਰ ਵੇਖਿਆ ਹੈ "ਕਾਰ" ਨੂੰ "ਇਕ" "ਇੱਕ" ਅਤੇ "ਓਮੀ" ਨਾਲ ਲਗਿਆ ਇੱਕ ਪਿਛੇਤਰ ਹੀ ਮੰਨਦੇ ਹਨ ਪਰ ਆਧੁਨਿਕ ਵਿਚਾਰਵਾਨਾਂ ਨੇ ਇਸ ਬਾਰੇ ਕਾਫੀ ਵਿਚਾਰ ਕੀਤੀ ਹੈ ।

---

1. ਡਾ: ਸ਼ੇਰ ਸਿੰਘ "ਜਪੁਜੀ ਦਰਸ਼ਨ" ਪੰਨਾ-72 ਤੇ ਇਸ ਦੇ ਚਾਰ ਕਾਰਨ ਦੱਸੇ ਹਨ ।
2. i ਪ੍ਰੋ: ਸਾਹਿਬ ਸਿੰਘ "ਜਪੁਜੀ ਸਟੀਕ" ਗੁਰੂ ਪੰਨਾ-3.
   ii ਡਾ: ਰਤਨ ਸਿੰਘ ਜੱਗੀ "ਗੁਰੂ ਨਾਨਕ ਦੀ ਵਿਚਾਰਧਾਰਾ" ਪੰਨਾ-141.
   iii ਭਾਈ ਕਾਨ੍ਹ ਸਿੰਘ ਨਾਭਾ "ਗੁਰਮਤਿ ਸੁਧਾਕਰ" ਪੰਨਾ-100.
   iv ਭਾਈ ਜੋਧ ਸਿੰਘ "ਗੁਰਮਤਿ ਨਿਰਣਯ" ਪੰਨਾ-100.
   v ਪੰਡਿਤ ਕਰਤਾਰ ਸਿੰਘ ਦਾਖਾ "ਸ੍ਰੀ ਜਪੁ ਨੀਸਾਣੁ" ਪੰਨਾ-4.

ਭਾਈ ਵੀਰ ਸਿੰਘ[1] ਅਤੇ ਪ੍ਰੋ: ਸਾਹਿਬ ਸਿੰਘ[2] ਅਨੁਸਾਰ "ਕਾਰ" ਬ੍ਰਹਮ ਦੇ ਸਰਗੁਣ ਸਰੂਪ ਵਿੱਚ ਬ੍ਰਹਮ ਦੀ ਇਕ ਰਸ ਵਿਆਪਕਤਾ ਦਾ ਲਖਾਇਕ ਹੈ। ਸੋਢੀ ਤੇਜਾ ਸਿੰਘ[3] ਅਨੁਸਾਰ ਇਹ ਸ਼ੁਧ ਬ੍ਰਹਮ ਦਾ ਲਖਾਇਕ ਹੈ। ਅਤੇ ( ਮਾਂਡੂਕਿਯ ਉਪਨਿਸ਼ਦ ਵਿੱਚ ਕਥਿਤ ) ਅਮਾਤਰਾ ਨੂੰ ਵਿਅਕਤ ਕਰਦਾ ਹੈ। ਪੰਡਿਤ ਕਰਤਾਰ ਸਿੰਘ ਦਾਖਾ ਦਾ ਮੱਤ ਹੈ ਕਿ "ਕਾਰ" ਦਾ ਭਾਵ ਹੈ "ਕਰਨਹਾਰ" ਉਨ੍ਹਾਂ ਦਾ ਮੱਤ ਹੈ ਕਿ ੧ਓ ਇੱਕ ਦੀਰਘ ਸਮਾਸ ਹੈ ਜਿਸ ਵਿੱਚ ਅੰਕ ਗਣਿਤ, ਅੱਖਰ ਗਣਿਤ ਅਤੇ ਰੇਖਾ ਗਣਿਤ ( ੧+ਓ+ ) ਇਕੱਠੇ ਕੀਤੇ ਗਏ ਹਨ। ਅਰਥ ਕੀਤਾ ਹੈ- ਇੱਕ ਹੁੰਦਾ ਹੋਇਆ ਓਮੀ ਦਾ ਕਾਰਨਹਾਰ[4]। ਡਾ: ਸ਼ੇਰ ਸਿੰਘ ਕਾਰ ਤੋਂ ਭਾਵ ਕੇਵਲ ਲੈਂਦੇ ਹਨ। ਅਤੇ "੧ਓ" ਦਾ ਅਰਥ ਕਰਦੇ ਹਨ "ਕੇਵਲ ਇਕ ਬ੍ਰਹਮ"[5]। ਡਾ: ਦਲੀਪ ਸਿੰਘ ਦੀਪ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ ( ਵੀ. ਐਸ. ਆਪਟੇ ) ਦੁਆਰਾ ਦਿੱਤੇ ਗਏ "ਕਾਰ" ਦੇ ਅਰਥਾਂ ਦਾ ਸਾਰੰਸ਼ਨ ਕਰਦੇ ਹੋਏ ਇਸ ਦਾ ਅਰਥ ਇਸ ਤਰ੍ਹਾਂ ਕਰਦੇ ਹਨ- "੧" ਹੀ ਓਮ ਦਾ ਕਰਨਹਾਰ ਹੈ, ਉਹ ਸਰਬ ਰਚਨਾ ਦਾ ਮਾਲਕ ਜਾਂ ਪਤੀ ਹੀ ਹੈ, ਉਹ ਮਾਲਕ ਹੋਣ ਕਰਕੇ ਆਪਣੀ ਮਰਜ਼ੀ ਨਾਲ ਹੀ ਸਭ ਨੂੰ ਕਾਰੇ ਲਾ ਰਿਹਾ ਹੈ।[6] ਗਰਭ ਗੰਜਨੀ ਟੀਕੇ ਵਿੱਚ "ਓ" ਦੇ 63. ਭੇਦ ਅਤੇ ਨਾਮ ਦੱਸੇ ਗਏ ਹਨ।[7]

ਇਹ, "ਕਾਰ" ਦੇ ਅਰਥ ਇਸ ਕਾਰਨ ਕੀਤੇ ਗਏ ਹਨ ਕਿਉਂਜੋ ਗੁਰਬਾਣੀ ਵਿੱਚ ਕੋਈ ਵੀ ਲਗ ਮਾਤਰ ਵਾਧੂ ਨਹੀਂ ਵਰਤੀ ਗਈ ਹੋ ਸਕਦੀ। "ਕਾਰ" ਆਪਣੀ ਲਿਖਤੀ ਬਣਤਰ ਅਤੇ ਭਾਵ ਅਰਥ ਕਾਰਨ ਇਹੋ ਪ੍ਰਭਾਵ ਪਾਉਂਦਾ ਹੈ ਕਿ ਇਹ ਬ੍ਰਹਮ ਦੀ ਅਨੰਤ ਵਿਆਪਕਤਾ ਦਾ ਲਖਾਇਕ ਹੈ। ਤੇ ਉਸ ਤਰ੍ਹਾਂ ਵੀ "ਓਮ" ਅੱਖਰ ਆਪਣੇ ਆਪ ਵਿੱਚ ਬ੍ਰਹਮ ਦੀ ਵਿਆਪਕਤਾ ਦਾ ਲਖਾਇਕ ਹੈ।

---

1. ਭਾਈ ਸਾਹਿਬ ਭਾਈ ਵੀਰ ਸਿੰਘ "ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ" ਪੰਨਾ-1.
2. ਪ੍ਰੋ: ਸਾਹਿਬ ਸਿੰਘ "ਜਪੁਜੀ ਸਟੀਕ" ਪੰਨਾ-4.
3. ਸੋਢੀ ਤੇਜਾ ਸਿੰਘ "ਕਥਾ ਸਾਗਰ" ਪੰਨਾ- 21.
4. ਪੰਡਿਤ ਕਰਤਾਰ ਸਿੰਘ ਦਾਖਾ "ਸ੍ਰੀ ਜਪੁ ਨੀਸਾਣ" ਪੰਨਾ-12.
5. ਡਾ: ਸ਼ੇਰ ਸਿੰਘ "ਜਪੁਜੀ ਦਰਸ਼ਨ" ਪੰਨਾ-76.
6. ਡਾ: ਦਲੀਪ ਸਿੰਘ ਦੀਪ "ਜਪੁਜੀ ਇਕ ਤੁਲਨਾਤਮਿਕ ਅਧਿਐਨ" ਪੰਨਾ-74.
7. ਭਾਈ ਸੰਤੋਖ ਸਿੰਘ "ਜਪੁਜੀ ਟੀਕਾ ਗਰਭ ਗੰਜਨੀ"

ਸੋ ੧ਓ ਤੋਂ ਭਾਵ ਹੋਇਆ "੧" ਸਰਬ ਸਮਰੱਥ, ਨਿਰਗੁਣ ਬ੍ਰਹਮ ਹੀ ਓ ਸ਼ਬਦ ਧੁਨ ਰਾਹੀਂ ਸਰਗੁਣ ਸਰੂਪ ਵਿੱਚ ਆਕੇ ਸਿਰਜਨਾ ਕਰਦਾ ਹੈ, ਸਿਰਜਨਾ ਦੀ ਪਾਲਨਾ ਕਰਦਾ ਹੈ ਅਤੇ ਵਿਨਾਸ ਕਰਦਾ ਹੈ। ਇਹ ਸਿਰਜਨਾ ਪਾਲਨਾ ਅਤੇ ਵਿਨਾਸ ਦਾ ਕਰਮ ਲਗਾਤਾਰ ਹੁੰਦਾ ਰਹਿੰਦਾ ਹੈ। ਅਤੇ ਸਾਰਾ ਜਗਤ ਬਦਲਣਸ਼ੀਲਤਾ, ਅਸਥਿਰਤਾ ਅਤੇ ਗਤੀਸ਼ੀਲਤਾ ਵਿੱਚ ਵੀ ਬ੍ਰਹਮ ਆਪਣੀ "ਇੱਕ ਰਸ ਰੂਪ ਤਾ" ਵਿੱਚ ਵਿਆਪ ਰਿਹਾ ਹੈ ਅਤੇ ਅਨੇਕਤਾ ਵਿਚੋਂ ਵਿਆਪਕ ਹੁੰਦਾ ਹੋਇਆ ਵੀ ਇੱਕ ਹੈ। ਜਦੋਂ ਤੀਕ ਜੀਵ ਬ੍ਰਹਮ ਦੀ ਏਕਤਾ ਨੂੰ ਅਨੇਕਤਾ ਵਿੱਚ ਵੀ ਪਹਿਚਾਣ ਨਹੀਂ ਲੈਂਦਾ, ਉਸ ਨੂੰ ਆਪਣਾ ਜੀਵਨ ਲਕਸ਼ ਪ੍ਰਾਪਤ ਨਹੀਂ ਹੋ ਸਕਦਾ। ਗੁਰੂ ਸਾਹਿਬ ਆਪ ਵੀ ਲਿਖਦੇ ਹਨ:-

"ਓਅੰਕਾਰਿ ਸੈਲ ਜੁਗ ਭਏ, ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਗੁਰਮੁਖਿ ਤਰੇ।" (ਰਾਮਕਲੀ ਓਅੰਕਾਰ- , ਪੰਨਾ-929)

## ਸਤਿਨਾਮ

੧ਓ ਤੋਂ ਅਗਲਾ ਸ਼ਬਦ ਹੈ ਸਤਿਨਾਮ। ਇਹ ਸ਼ਬਦ ਆਪਣੇ ਆਪ ਵਿੱਚ ਬਹੁਤ ਮਹੱਤਵ ਪੂਰਨ ਹੈ ਕਿਉਂਕਿ ਜਦੋਂ ੧ਓ ਨੂੰ ਬੀਜ ਮੰਤਰ ਕਹਿਕੇ ਮੂਲ ਮੰਤਰ ਤੋਂ ਵੱਖ ਕੀਤਾ ਜਾਂਦਾ ਹੈ ਤਾਂ ਮੂਲ ਮੰਤਰ ਦਾ ਅਰੰਭ "ਸਤਿਨਾਮ"[1] ਤੋਂ ਹੀ ਹੁੰਦਾ ਹੈ। ਇਥੋਂ ਤੱਕ ਕਿ ਭਾਈ ਗੁਰਦਾਸ ਸਤਿਨਾਮ ਨੂੰ ਮੰਤਰ ਕਹਿ ਦਿੰਦੇ ਹਨ।

ਸਤਿਨਾਮ ਦੋ ਸ਼ਬਦਾਂ ਦਾ ਜੋੜ ਹੈ- ਸਤਿ+ਨਾਮ। ਇਸ ਲਈ ਸਤਿਨਾਮ ਦੇ ਇਕੱਠੇ "ਸਤਿਨਾਮ" ਦੇ ਭਾਵ ਵਿੱਚ ਵੀ ਅਰਥ ਕੀਤੇ ਜਾਂਦੇ ਹਨ ਅਤੇ "ਸਤਿ" ਤੇ "ਨਾਮ" ਨੂੰ ਅਲੱਗ ਅਲੱਗ ਕਰਕੇ ਵੀ। ਜਦੋਂ ਇਸ ਦਾ ਅਰਥ ਇਕੱਠਾ ਹੀ ਕੀਤਾ ਜਾਂਦਾ ਹੈ ਤਾਂ ਭਾਵ ਕਢਿਆ ਜਾਂਦਾ ਹੈ ਕਿ ਪਰਮਾਤਮਾ ਦਾ ਨਾਮ ਸਤ ਹੈ ਅਤੇ ਇਹੋ ਇਕੋ ਇਕ ਅਸਲ ਜਾਤੀ ਨਾਮ ਹੈ ਬਾਕੀ ਸਾਰੇ

---

1. । ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜ ਮੰਤ੍ਰ ਸੁਣਾਇਆ। (ਵਾਰ -23.)
   ।। ਨਮਸਕਾਰ ਗੁਰਦੇਵ ਕਓ ਸਤਿਨਾਮੁ ਜਿਸ ਮੰਤ੍ਰ ਸੁਣਾਯਾ। (ਵਾਰ-1)

ਨਾਮ "ਕਿਰਤਮ" (ਸਿਫਾਤੀ) ਹਨ ।[1]

ਭਾਈ ਕਾਨ੍ਹ ਸਿੰਘ ਨਾਭਾ ਜਾਣਦੇ ਹਨ ਕਿ "ਚਿੰਤਨ ਅਤੇ ਜਪ ਸਮੇਂ "ਸਤਿਨਾਮ" ਸ਼ਬਦ ਦਾ ਅਭਿਆਸ ਨਹੀਂ ਹੁੰਦਾ, ਕੇਵਲ ਸਤਿ ਦਾ ਹੋਣਿਆ ਕਰਦਾ ਹੈ । "ਨਾਮ" ਸ਼ਬਦ ਵਿਦਤਾ (ਉਪਾਧੀ) ਬੋਧਕ ਹੈ । ਜਿਵੇਂ ਹਰਿਨਾਮ, ਰਾਮਨਾਮ ਆਦਿਕ ਸ਼ਬਦਾਂ ਵਿੱਚ ਨਾਮ ਸ਼ਬਦ ਵੇਖੀਦਾ ਹੈ ।[2] ਇਸ ਲਈ "ਸਤ" ਅਤੇ "ਨਾਮ" ਦੇ ਦੋ ਵੱਖੋ ਵੱਖਰੇ ਅਰਥ ਵੀ ਕੀਤੇ ਜਾਂਦੇ ਹਨ ।

"ਸਤ" ਸ਼ਬਦ ਸੰਸਕ੍ਰਿਤ "ਅਸ" ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹਨ- ਹੋਂਦ ਵਾਲਾ, ਸਥਿਰ । ਸੋ ਸੱਤ ਤੋਂ ਭਾਵ ਹੈ "ਉਹ ਜੋ ਸਦਾ ਸਥਿਰ ਹੈ- ਸਿਰਜਨਾ ਤੋਂ ਪਹਿਲਾਂ ਵੀ, ਸਿਰਜਨਾ ਦੇ ਦੌਰਾਨ ਵੀ ਅਤੇ ਸਿਰਜਨਾ ਤੋਂ ਬਾਅਦ ਵੀ ।[3] ਬ੍ਰਹਮ ਵਿੱਚ ਕੋਈ ਝੂਠ ਨਹੀਂ, ਖੋਖਲਾਪਣ ਨਹੀਂ, ਬਣਾਵਟ ਨਹੀਂ, ਸਗੋਂ ਨਿੱਗਰ, ਸਥਿਰ, ਸੱਚ ਹੈ । ਅਤੇ "ਨਾਮ" ਤੋਂ ਭਾਵ ਹੈ ਕਿ ਉਹ ਨਾਮ ਰੂਪ ਹੋਕੇ ਸਰਵ ਵਿਆਪਕ ਵੀ ਹੋ ਰਿਹਾ ਹੈ, ਭਾਵੇਂ ਉਹ ਸਥਿਰ, ਅਜਿਗ, ਅਡੋਲ ਅਤੇ ਨਿੱਗਰ ਹੈ । ਭਾਈ ਵੀਰ ਸਿੰਘ ਨੇ ਸਤਿ ਨੂੰ "੧" ਦਾ ਟੀਕਾ ਕਿਹਾ ਹੈ ।[4] ਕਿਉਂਜੋ ਜਿਵੇਂ "੧" ਹੋਣਾ ਬ੍ਰਹਮ ਦਾ ਸਥਿਰ ਗੁਣ ਹੈ, ਉਵੇਂ ਹੀ "ਸਤਿ" ਹੋਣਾ ਬ੍ਰਹਮ ਦਾ ਸਥਿਰ ਗੁਣ ਹੈ । ਜਿਵੇਂ ਨਿਰਗੁਣ ਅਤੇ ਸਰਗੁਣ ਦੋਹਾਂ ਸਰੂਪਾਂ ਵਿੱਚ ਬ੍ਰਹਮ "੧" ਹੈ ਇਸੇ ਤਰ੍ਹਾਂ "ਸਤਿ" ਵੀ ਹੈ । ਜਿਵੇਂ "ਸਤਿ" "੧" ਦਾ ਟੀਕਾ ਹੈ ਇਸੇ ਤਰ੍ਹਾਂ ਹੀ ਨਾਮ ਓਅੰਕਾਰ ਦਾ ਟੀਕਾ ਹੈ । ਬ੍ਰਹਮ ਜੋ ਹੈ ਇਸ ਲਈ ਨਾਮ ਵੀ ਹੈ ਜੋ ਕਿ ਸਰਵ ਵਿੱਚ ਰਮ ਰਿਹਾ ਹੈ ।[5] ਨਾਮ ਸ਼ਬਦ "ਮਨਾ" ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹਨ- ਸਰਵਣ, ਮਨਨ ਅਤੇ ਦ੍ਰਿੜ੍ਹਨ ਯੋਗ ਅਸਚਰਜ ਵਸਤੂ ।[6] ਸੋ ੴ ਸਤਿ ਹੈ, ਸਥਿਰ ਬਲਵਾਨ, ਸਮਰੱਥ ਹੈ ਪਰ ਨਾਲ ਹੀ ਧੁਨੀ ਰੂਪ ਨਾਮ ਵੀ ਹੈ ਜਿਸ ਨੂੰ ਸੁਣਿਆ ਜਾ ਸਕਦਾ ਹੈ, ਸੁਣਕੇ ਮੰਨਿਆ ਜਾ ਸਕਦਾ ਹੈ, ਮੰਨ ਕੇ ਦ੍ਰਿੜ੍ਹ ਕੀਤਾ ਜਾ ਸਕਦਾ ਹੈ ।

---

1. ਕਿਰਤਮ ਨਾਮ ਕਥੇ ਤੇਰੇ ਜਿਹਬਾ । ਸਤਿਨਾਮ ਤੇਰਾ ਪਰਾ ਪੂਰਬਲਾ ।
(ਮਾਰੂ ਸੋਹਲੇ, ਮਹਲਾ-5, ਪੰਨਾ-1083)
2. ਭਾਈ ਕਾਨ੍ਹ ਸਿੰਘ ਨਾਭਾ "ਗੁਰਮਤਿ ਮਾਰਤੰਡ" ਪਹਿਲਾ ਭਾਗ, ਪੰਨਾ-129.)
3. ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ " ਜਪੁਜੀ-1, ਪੰਨਾ-1.
4. ਭਾਈ ਵੀਰ ਸਿੰਘ "ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ" ਪੰਨਾ-11.
5. ਚਹੁ ਦਿਸਿ ਹੁਕਮੁ ਵਰਤੈ ਪ੍ਰਭ ਸਾਚਾ ਚਹੁ ਦਿਸਿ ਨਾਮ ਪਤਾਲੰ । (ਮਲਾਰ ਅਸਟਪਦੀ-1275)
6. ਪੰਡਿਤ ਕਰਤਾਰ ਸਿੰਘ ਦਾਖਾ "ਸ੍ਰੀ ਜਪੁ ਨਿਸਾਣ" ਪੰਨਾ-13-14.

ਇਸ ਤਰ੍ਹਾਂ, ਸਤਿਨਾਮ ਤੋਂ ਭਾਵ ਹੋਇਆ ਬ੍ਰਹਮ "ਸਤ" ਹੈ, ਤ੍ਰਿਕਾਲ ਸਥਿਰ ਹੈ ਪਰ ਆਪਣੇ ਸਰਗੁਣ ਸਰੂਪ ਵਿੱਚ ਨਾਮ ਹੈ।[1] "ਨਾਮ" ਜਿਹੜਾ ਓ ਵਾਂਗ ਸਰਬ-ਵਿਆਪਕ ਹੈ ਅਤੇ ਸਥਿਰ ਹੁੰਦਾ ਹੋਇਆ ਵੀ ਗਤੀਸ਼ੀਲ ਹੈ।

## ਕਰਤਾ ਪੁਰਖ

ਅਗਲਾ ਸ਼ਬਦ ਜੁੱਟ ਹੈ "ਕਰਤਾ ਪੁਰਖ"। ਬ੍ਰਹਮ ਕਰਤਾ ਹੈ, ਸਾਰੀ ਸ੍ਰਿਸ਼ਟੀ ਦਾ ਵੀ ਅਤੇ ਆਪਣੇ ਆਪ ਦਾ ਵੀ। ਨਿਰਗੁਣ ਬ੍ਰਹਮ ਆਪ ਹੀ "ਅਰਬਦ ਨਰਬਦ ਧੁੰਧੂਕਾਰੇ" ਵਾਲੀ ਨਿਰੰਕਾਰ ਦੀ ਅਵਸਥਾ ਤੋਂ "ਸੁੰਨ ਸਮਾਧੀ" ਦੀ ਏਕੰਕਾਰ ਦੀ ਅਵਸਥਾ ਵਿੱਚ ਆ ਜਾਂਦਾ ਹੈ ਅਤੇ ਫਿਰ ਆਪ ਹੀ ਏਕੰਕਾਰ ਤੋਂ ਓਅੰਕਾਰ ਅਵਸਥਾ ਵਿੱਚ ਆ ਕੇ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕਰ ਦਿੰਦਾ ਹੈ। "ਕਰਤਾ" ਸ਼ਬਦ "ਗਤੀ" ਦਾ, ਕਰਮਸ਼ੀਲਤਾ ਦਾ ਸੂਚਕ ਹੈ, ਜਿਹੜੀ ਨਿਰੰਕਾਰ ਤੋਂ ਏਕੰਕਾਰ ਰੂਪ ਵਿੱਚ ਆਉਣ ਤੋਂ ਬਾਅਦ ਸ਼ੁਰੂ ਹੁੰਦੀ ਹੈ, ਜਿਸ ਦੇ ਸਿੱਟੇ ਵਜੋਂ ਓ ਸ਼ਬਦ-ਧੁਨ ਪੈਦਾ ਹੋ ਕੇ ਸਿਰਜਣਾ ਹੁੰਦੀ ਹੈ।

"ਪੁਰਖ" ਸ਼ਬਦ "ਪੁਰ-ਦੇਹੀ" ਅਤੇ ਖ- ਨਿਵਾਸ ਕਰਦਾ ਹੈ, ਤੋਂ ਬਣਿਆ ਹੈ।[2] ਭਾਵ ਉਹ ਜੋ ਦੇਹੀ ਵਿੱਚ ਨਿਵਾਸ ਕਰਦਾ ਹੈ। ਸਾਰਾ ਬ੍ਰਹਿਮੰਡ ਇੱਕ ਸਰੀਰ ਹੈ ਜਿਸ ਵਿੱਚ ਬ੍ਰਹਮ ਆਪ ਨਿਵਾਸ ਕਰਦਾ ਹੈ ਅੰਦਰੋਂ ਸਭ ਨੂੰ ਕਾਬੂ ਕਰਦਾ ਹੈ ਅਤੇ ਹਰ ਗੱਲ ਦਾ ਪਤਾ ਰੱਖਦਾ ਹੈ। ਇਸ ਤਰ੍ਹਾਂ, "ਪੁਰਖ" ਇੱਕ ਪ੍ਰਕਾਰ ਨਾਲ ਸਰਵ-ਵਿਆਪਕ ਚੇਤਨਾ ਹੈ। ਵੇਦਾਂਤ ਵਿੱਚ ਵੀ ਅਜਿਹੀ ਧਾਰਨਾ ਪ੍ਰਚਲਤ ਹੈ ਕਿ ਸਾਰੀ ਸ੍ਰਿਸ਼ਟੀ ਬ੍ਰਹਮ ਦਾ ਸਰੀਰ ਹੈ ਅਤੇ ਬ੍ਰਹਮ ਪੁਰਖ (ਆਤਮਾ) ਰੂਪ ਹੋ ਕੇ ਇਸ ਵਿੱਚ ਸਮਾ ਕੇ ਸਭ ਨੂੰ ਰੋਸ਼ਨ ਕਰਦਾ ਹੈ ਅਤੇ ਸਭ ਨੂੰ ਆਪਣੇ ਹੁਕਮ ਵਿੱਚ ਰੱਖ ਕੇ ਚਲਾਉਂਦਾ ਹੈ ਤੇ ਸਭ ਦੇ ਕੰਮਾਂ ਦਾ ਹਿਸਾਬ ਰੱਖਦਾ ਤੇ ਯੋਗ ਫਲ ਦੇਂਦਾ ਹੈ।

---

1. ਪ੍ਰਿੰਸੀਪਲ ਤੇਜਾ ਸਿੰਘ "ਜਪੁਜੀ ਸਟੀਕ, ਪੰਨਾ-2, ਅਨੁਸਾਰ "ਨਾਮ ਸਾਰੀ ਕਿਰਤਮ ਸਮਗਰੀ ਦਾ ਰੂਪ ਸ਼ਬਦ ਹੈ।"
2. ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-582.
3. Tait. Up. 11. 6; Ait.UP. 1. 3. 12., Brih. Up. 2.5.18.

ਸਾਂਖ ਮੱਤ ਦੀ ਧਾਰਨਾ ਹੈ ਕਿ ਸ੍ਰਿਸ਼ਟੀ ਪੁਰਖ ਅਤੇ ਪ੍ਰਕ੍ਰਿਤੀ ਦੇ ਮੇਲ ਤੋਂ ਪੈਦਾ ਹੁੰਦੀ ਹੈ। ਪ੍ਰਕ੍ਰਿਤੀ ਚੇਤਨ ਸ਼ਕਤੀ ਹੈ ਅਤੇ ਪੁਰਖ ਜੜ੍ਹ ਹੈ।[1] ਪਰ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ ਬ੍ਰਹਮ ਆਪ ਹੀ ਇਸ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਆਪ ਹੀ ਇਸ ਵਿੱਚ ਵਿਆਪਕ ਚੇਤਨ ਸੱਤਾ ( ਪੁਰਖ ) ਹੈ। ਪੁਰਖ ਅਤੇ ਪ੍ਰਕ੍ਰਿਤੀ ਦੋ ਹੁੰਦੇ ਹੋਏ ਵੀ "ਇੱਕ" ਹਨ। ਬ੍ਰਹਮ ਦੇ ਕਰਤਾ ਪੁਰਖ ਹੋਣ ਦੀ ਖੂਬੀ ਇਹ ਹੈ ਕਿ ਉਹ ਆਪਣੇ ਆਪ ਨੂੰ ਹੀ (ਪ੍ਰਕ੍ਰਿਤੀ ਰੂਪ ਵਿੱਚ) ਉਪਾ ਕੇ, ਫਿਰ ਭੁਲਾਵੇ ਵਿੱਚ ਪਾ ਦਿੰਦਾ ਹੈ ਅਤੇ ਫਿਰ ਆਪ ਹੀ ਆਪਣੇ ਆਪ ਨੂੰ ਜੀਵ ਰੂਪ ਰਾਹੀਂ ਮੁੜ ਪਹਿਚਾਣਦਾ ਹੈ:-

"ਆਪੇ ਕਰਤਾ ਪੁਰਖੁ ਬਿਧਾਤਾ
ਜਿਨਿ ਆਪੇ ਆਪੁ ਉਪਾਇ ਪਛਾਤਾ।" (ਮਾਰੂ ਸੋਹਲੇ-5, ਪੰਨਾ-1025.)

ਉਹ ਆਪ ਹੀ ਦੂਜੀ ਕੁਦਰਤ (ਪ੍ਰਕ੍ਰਿਤੀ) ਨੂੰ ਸਾਜ ਕੇ ਇਸ ਦਾ ਅਨੰਦ ਮਾਣਦਾ ਹੈ:-

"ਦੂਈ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ।
ਦਾਤਾ ਕਰਤਾ ਆਪ ਤੂੰ ਤੁਸਿ ਦੇਵਹਿ ਕਰਹਿ ਪਸਾਉ। (ਵਾਰ ਆਸਾ-1, ਪੰਨਾ-463)

"ਕਰਤਾ ਪੁਰਖ" ਲਿਖ ਕੇ ਗੁਰੂ ਸਾਹਿਬ ਨੇ ਦੱਸਿਆ ਹੈ ਕਿ ਬੇਸ਼ੱਕ ਬ੍ਰਹਮ ਆਪਣੇ ਸਰਗੁਣ ਸਰੂਪ ਵਿੱਚ ਹੋਰ ਸਭ ਪੁਰਖਾਂ (ਜੀਵਾਂ) ਵਾਂਗ ਗੁਣਾਂ ਦਾ ਧਾਰਨੀ ਹੈ, ਪਰ ਤਾਂ ਵੀ ਇਸ ਸਾਰੇ ਕੁੱਝ ਨਾਲੋਂ ਵੱਖ ਵੀ ਹੈ। ਜੀਵ ਕੇਵਲ "ਪੁਰਖ" ਹਨ, ਜਦ ਕਿ ਬ੍ਰਹਮ "ਕਰਤਾ ਪੁਰਖ" ਹੈ।[2]

ਰਿਗ ਵੇਦ ਦੇ ਪੁਰਸ਼ ਸੂਕਤ ਵਿੱਚ ਬ੍ਰਹਮ ਨੂੰ ਅਜਿਹੇ ਪੁਰਸ਼ ਦੇ ਰੂਪ ਵਿੱਚ ਚਿਤ੍ਰਿਆ ਗਿਆ ਹੈ ਜਿਸ ਦੀ ਕੁਰਬਾਨੀ ਦੇ ਕੇ ਦੇਵਤੇ ਵਿਸ਼ਵ ਦੀ ਸਿਰਜਣਾ ਕਰਦੇ ਹਨ ਜੋ ਸਾਰਾ ਵਿਸ਼ਵ ਬਣ ਜਾਂਦਾ ਹੈ, ਪਰ ਉਹ ਇਸ ਤੋਂ ਉਪਰ ਵੀ ਵੱਧ ਜਾਂਦਾ ਹੈ।[3]

---

1. ਵੇਦਾਂਤਸਰ 51, 59, 11 ਕਾਰੀਕਾ ਕੌਮਦੀ , 17, 20, 111 ਪਰਵਚਨ ਭਾਸ਼ਯ ਅਤੇ ਸੂਤ੍ਰੀ। 1-660. 1, 338-69, 561-68.

2. Dr. S. S. Kohli, "Out Lines of Sikh Thought" Page-19.

3. "Purus Sukat-" Rig. Veda.

"ਕਰਤਾ ਪੁਰਖ" ਪਹਿਲਾ ਸਿਧਾਂਤੀ ਨਾਮ ਹੈ ਜਿਹੜਾ ਮੂਲ ਮੰਤਰ ਵਿੱਚ ਬ੍ਰਹਮ ਲਈ ਵਰਤਿਆ ਗਿਆ ।"[1] ਉਪਨਿਸ਼ਦਾਂ ਵਿੱਚ ਵੀ "ਪੁਰਸ਼" ਦਾ ਵਿਚਾਰ ਚਲਦਾ ਰਿਹਾ ਹੈ ਤੇ "ਪੁਰਸ਼" ਨੂੰ ਸਮੁੱਚੇ ਜਗਤ ਦੇ ਰੂਪ ਵਿੱਚ ਧਿਆਇਆ ਜਾਂਦਾ ਰਿਹਾ ਹੈ ।[2] ਸ੍ਰੀ ਮਦਭਾਗਵਦ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਦੁਨਿਆਵੀ ਜੀਵ ਪੁਰਖਾਂ ਨੂੰ ਦੋ ਸ੍ਰੇਣੀਆਂ ਵਿੱਚ ਵੰਡਦੇ ਹਨ -: ਨਾਸ਼ਵਾਨ ਅਤੇ ਅਬਿਨਾਸ਼ੀ ਪਰ ਪਰਮਾਤਮਾ ਨੂੰ ਪੁਰਸ਼ੋਤਮ (ਉਤਮ ਪੁਰਖ) ਕਰਕੇ ਲਿਖਿਆ ਗਿਆ ਹੈ ।[3] ਪਰ ਗੁਰੂ ਸਾਹਿਬ ਨੇ ਪੁਰਖ ਨੂੰ ਅਜਿਹੇ ਅਰਥਾਂ ਵਿੱਚ ਨਹੀਂ ਵਰਤਿਆ । ਡਾ: ਦਲੀਪ ਸਿੰਘ ਦੀਪ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ "ਕਰਤਾ ਪੁਰਖ" ਇੱਕਠਾ ਲਿਖਕੇ ਉਪਨਿਸ਼ਦਾਂ ਅਤੇ ਗੀਤਾ ਵਿਚਲੇ ਇਸ ਭਾਵ ਨੂੰ ਵਧੇਰੇ ਸਪਸ਼ਟ ਕੀਤਾ ਹੈ ਕਿ ਉਹ ਨਿਰਾ ਕਰਤਾ ਹੀ ਨਹੀਂ ਹੈ ਜੋ ਇੱਕ ਮਿਸਤਰੀ ਵਾਂਗ ਕਿਸੇ ਵਸਤੂ ਨੂੰ ਘੜ ਕੇ ਜਾਂ ਰਚਣਾ ਕੇ ਲਾਂਭੇ ਹੋ ਜਾਵੇ, ਨਾ ਨਿਰਾ ਪੁਰਖ (ਵਿਆਪਕ) ਹੈ ।[4]

## ਨਿਰਭਉ ਅਤੇ ਨਿਰਵੈਰ

ਮੂਲ ਮੰਤਰ ਦੇ ਅਗਲੇ ਦੋ ਸ਼ਬਦ ਹਨ ਨਿਰਭਉ ਅਤੇ ਨਿਰਵੈਰ । ਇਹ ਦੋ ਅਜਿਹੇ ਗੁਣ ਹਨ ਜਿਨ੍ਹਾਂ ਨੂੰ ਵਿਨੋਬਾ ਭਾਵੇ ਬ੍ਰਹਮ ਦੇ ਸਬੰਧ ਵਿੱਚ, ਗੁਰੂ ਸਾਹਿਬ ਦੀ ਵਿਸ਼ੇਸ਼ ਦੇਣ ਮੰਨਦੇ ਹਨ ਕਿਉਂਜੋ ਉਪਨਿਸ਼ਦਾਂ ਵਿੱਚ ਕਿਤੇ ਵੀ ਬ੍ਰਹਮ ਨਾਲ ਇਹ ਮਹਾਨਤੀ -ਗੁਣ ਸੰਬੰਧਤ ਨਹੀਂ ਕੀਤੇ ਗਏ ।[5]

ਬ੍ਰਹਮ ਨੂੰ "ਨਿਰਭਉ" ਅਤੇ ਨਿਰਵੈਰ" ਕਿਉਂ ਕਿਹਾ ਗਿਆ, ਜਦ ਕਿ ਉਹ ਇੱਕ ਹੈ ਅਤੇ ਉਸ ਨੂੰ ਭੈ ਦੇਣ ਵਾਲਾ ਜਾਂ ਉਸ ਨਾਲ ਵੈਰ ਕਰਨ ਵਾਲਾ ਜਾਂ ਬ੍ਰਹਮ ਦੇ ਵੈਰ ਦਾ ਪਾਤਰ ਬਣਨ ਵਾਲਾ

---

1. ਡਾ: ਦਲੀਪ ਸਿੰਘ ਦੀਪ, "ਜਪੁਜੀ -ਇਕ ਤੁਲਨਾਤਮਿਕ ਅਧਿਐਨ" ਪੰਨਾ-59.
2. Svet. Up. 3 a 9; 3. 15, 3.19, 4. 4, 4. 9, 4. 13.
3. ਭਾਗਵਦ ਗੀਤਾ -16, 3.
4. ਡਾ: ਦਲੀਪ ਸਿੰਘ ਦੀਪ "ਜਪੁਜੀ ਇਕ ਤੁਲਨਾਤਮਿਕ ਅਧਿਐਨ" ਪੰਨਾ-60.
5. ਸ੍ਰੀ ਵਿਨੋਬਾ ਭਾਵੇ "ਜਪੁਜੀ ਸਟੀਕ" ਪੰਨਾ-5.

ਦੂਜਾ ਹੋਣੀ ਹੈ ਕੀ ਨਹੀਂ ? ਇਸ ਦੇ ਕਈ ਕਾਰਨ ਮੰਨੇ ਜਾਂਦੇ ਹਨ । ਇਕ ਮੱਤ ਹੈ ਕਿ ਬ੍ਰਹਮ ਨੂੰ
ਨਿਰਭਉ ਅਤੇ ਨਿਰਵੈਰ ਇਸ ਲਈ ਕਿਹਾ ਗਿਆ ਹੈ, ਤਾਂ ਜੁ ਪਰਮਾਤਮਾ ਦੇ ਉਪਾਸ਼ਕ ਵੀ ਆਪਣੇ
ਆਪ ਨੂੰ ਨਿਰਭਉ ਅਤੇ ਨਿਰਵੈਰ ਕਰਨ ਅਤੇ ਨਿਰਭਉ ਅਤੇ ਨਿਰਵੈਰ ਬ੍ਰਹਮ ਨੂੰ ਪ੍ਰਾਪਤ ਕਰ ਸਕਣ ।[1]
ਦੂਜਾ ਮੱਤ ਹੈ ਕਿ ਜਦੋਂ ਬ੍ਰਹਮ ਨੂੰ ਪੁਰਸ਼ੋਤਮ ਮੰਨ ਲਿਆ ਤਾਂ ਉਸ ਵਿੱਚ ਪੁਰਖੀ ਭਾਵਨਾਵਾਂ ਦਾ ਹੋਣਾ
ਲਾਜ਼ਮੀ ਹੈ । ਪਰ ਅਕਾਲ ਪੁਰਖੀ ਦੇਵਤਾ ਵਿੱਚ ਡਰ ਅਤੇ ਵੈਰ ਦੇ ਭਾਵ ਨਹੀਂ ਹਨ । ਅਕਾਲ
ਪੁਰਖ ਨਿਰਭਉ ਅਤੇ ਨਿਰਵੈਰ ਹੈ । ਇਸ ਖਿਆਲ ਨੂੰ ਦ੍ਰਿੜ ਕਰਨ ਲਈ ਗੁਰੂ ਸਾਹਿਬ ਨੇ ਬ੍ਰਹਮ ਨੂੰ
ਨਿਰਭਉ ਅਤੇ ਨਿਰਵੈਰ ਕਿਹਾ ਹੈ ।[2] ਤੀਜੀ ਵਿਚਾਰ ਹੈ ਕਿ "ਨਿਰਭਉ = ਡਰ ਤੋਂ ਰਹਿਤ ਅਥਵਾ =
ਪ੍ਰਕਿਰਤੀ ਪੁਰਖਾ ਸਰਬ ਪੀੜੇਤ, ਰਹਿਤਾ ਸਾ ਨਿਰਭਉਆ" ਅਰਥਾਤ ਜਿਹੜਾ ਹਰ ਸਮੇਂ ਹਰ ਦੇਸ਼
ਹਰ ਭੇਸ ਵਿੱਚ ਇੱਕ ਰਸ ਰਹਿੰਦਾ ਹੈ ਉਹ ਨਿਰਭਉ ਹੈ । ਐਸਾ ਕੇਵਲ ਪਰਮਾਤਮਾ ਹੀ ਹੈ ।
ਨਿਰਵੈਰ ਵੈਰ-ਰਹਿਤ ਹੋਣ ਕਾਰਨ ਉਹ ਸਰਬਤ ਦੇ ਸੰਗ ਸੰਗ ਹੈ ।[3]

ਇਕ ਸਾਖੀ ਪ੍ਰਚਲਤ ਹੈ ਕਿ ਸਿੱਧਾਂ ਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਜੇ ਬ੍ਰਹਮ ਨਿਰਵੈਰ
ਹੈ ਤਾਂ ਉਹ ਜੀਵਾਂ ਨੂੰ ਦੁੱਖ ਕਿਉਂ ਦਿੰਦਾ ਹੈ ? ਗੁਰੂ ਸਾਹਿਬ ਨੇ ਕਿਹਾ ਕਿ ਪਰਮਾਤਮਾ ਕਿਸੇ
ਨੂੰ ਦੁੱਖ ਨਹੀਂ ਦਿੰਦਾ, ਦੁੱਖਾਂ ਸੁੱਖਾਂ ਦੇ ਕਾਰਨ ਜੀਵਾਂ ਦੇ ਆਪਣੇ ਕਰਮ ਹਨ । ਫਿਰ ਸਿੱਧ ਪੁੱਛਣ
ਲੱਗੇ ਕਿ ਜੇ ਪਰਮਾਤਮਾ ਨਿਰਵੈਰ ਹੈ ਤਾਂ ਉਹ ਅਗਿਆਨ ਦਾ ਨਾਸ ਕਿਉਂ ਕਰਦਾ ਹੈ ? ਇਸ ਦਾ
ਮਤਲਬ ਹੋਇਆ, ਕਿ ਉਹ ਅਗਿਆਨ ਦਾ ਵੈਰੀ ਹੈ । ਗੁਰੂ ਜੀ ਨੇ ਜੁਆਬ ਦਿੱਤਾ :-
ਅਗਿਆਨ ਦਾ ਵੈਰੀ ਪਰਮੇਸ਼ਰ ਨਹੀਂ ਹੈ, ਸਗੋਂ ਅਗਿਆਨ ਦਾ ਵੈਰੀ ਗਿਆਨ ਹੈ ।[4]

ਪਰਮਾਤਮਾ ਨਿਰਭਉ ਅਤੇ ਨਿਰਵੈਰ ਹੈ, ਕਿਉਂਕਿ ਉਸ ਦਾ ਕੋਈ ਵੈਰੀ ਸਾਨੀ ਨਹੀਂ ।
ਨਿਰਭਉ ਸ਼ਬਦ ਸੰਸਕ੍ਰਿਤ ਸ਼ਬਦ ਨਿਰਭੈ ਦਾ ਪੰਜਾਬੀ ਰੂਪ ਹੈ ਅਤੇ ਨਿਰਵੈਰ ਸੰਸਕ੍ਰਿਤ ਦਾ ਤਤਸਮ ਰੂਪ
ਵਿੱਚ ਅਪਣਾਇਆ ਪੰਜਾਬੀ ਸ਼ਬਦ ਹੈ ।

---

1. Dr. S. S. Kohli.,"Out Lines of Sikh Thought." Page-20.

2. ਡਾ: ਸ਼ੇਰ ਸਿੰਘ "ਜਪੁਜੀ ਦਰਸ਼ਨ" ਪੰਨਾ-82.
3. ਸੋਢੀ ਤੇਜਾ ਸਿੰਘ "ਕਥਾ ਸਾਗਰ" ਪੰਨਾ-53.
4. ਭਾਈ ਮਨੀ ਸਿੰਘ "ਜਪੁਜੀ ਸਟੀਕ" ਪੰਨਾ-2.।

ਉਪਨਿਸ਼ਦਾਂ[1] ਵਿੱਚ ਭਾਵੇਂ ਬ੍ਰਹਮ ਨੂੰ "ਨਿਰਭਉ" ਨਹੀਂ ਕਿਹਾ ਗਿਆ ਪਰ "ਅਭਯ" ਜ਼ਰੂਰ ਕਿਹਾ ਗਿਆ ਹੈ।

ਮੂਲ ਰੂਪ ਵਿੱਚ ਨਿਰਭਉ ਅਤੇ ਨਿਰਵੈਰ ਦੋ ਅਜਿਹੇ ਸ਼ਬਦ ਹਨ, ਜਿਨ੍ਹਾਂ ਵਿੱਚ ਸਮੁੱਚਾ ਸਿੱਖ ਸਦਾਚਾਰ ਸਮਾ ਜਾਂਦਾ ਹੈ। ਇਹ ਬ੍ਰਹਮ ਦੇ ਗੁਣ ਵੀ ਹਨ ਅਤੇ ਜੀਵਾਂ ਲਈ ਸਿਖਿਆ ਵੀ ਹਨ। ਇੱਕ ਸਿੱਖ ਦੇ ਸਾਰੇ ਸਦਾਚਾਰਕ ਸਿਧਾਂਤਾਂ ਦਾ ਮੰਤਵ ਇਹੋ ਹੈ ਕਿ ਉਹ ਨਿਰਭਉ ਅਤੇ ਨਿਰਵੈਰ ਹੋ ਸਕੇ।[2]

## ਅਕਾਲ ਮੂਰਤਿ

ਅਕਾਲ = ਕਾਲ ਸੀਮਾਂ ਤੋਂ ਅਜ਼ਾਦ, ਮੂਰਤਿ-ਆਕਾਰ ਸਰੀਰ, ਮੁਜੱਸੀਮਾਨ, ਮੂਰਤਮ[3] ੴ ਅਕਾਰ ਰੂਪ ਵਿੱਚ, ਭਾਵ ਸਰਗੁਣ ਸਰੂਪ ਵਿੱਚ ਹੈ ਪਰ ਤਾਂ ਵੀ ਕਾਲ ਸੀਮਾਂ ਤੋਂ ਰਹਿਤ ਹੈ। ਬ੍ਰਹਮ ਅਕਾਰ ਰੂਪ ਵਿੱਚ ਸੁੰਦਰ ਹੈ, ਮਨ ਨੂੰ ਮੋਹ ਲੈਣ ਵਾਲਾ ਹੈ। ਬ੍ਰਹਮ ਅਜਿਹੀ ਸੂਰਤ ਹੈ ਜਿਵੇਂ:-

"ਤੇਰੇ ਬੰਕੇ ਲੋਇਣ ਦੰਤ ਰੀਸਾਲਾ।
ਸੋਹਣੇ ਨਕ ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੋਇਨੇ ਕੀ ਢਾਲਾ।
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ।
ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ।
ਬੰਕੇ ਲੋਇਣ ਦੰਤ ਰੀਸਾਲਾ। 7।
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।
ਕੁਹਕਨਿ ਕੋਕਿਲਾ ਤਰਲ ਜੁਆਣੀ।

---

1. Brih. Up. 4. 4. 25.

2. Dr. S. S. Kohli., "Out Lines of Sikh Thought." Page-29.

3. ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-742.

ਤਰਲ ਜੁਆਣੀ ਆਪਿ ਭਾਣੀ ।
ਇਛ ਮਨ ਕੀ ਪੂਰੀਐ ।" (ਵਡਹੰਸ ਛੰਤ-2, ਪੰਨਾ-576.)

ਪਰ ਤਾਂ ਵੀ ਉਹ ਜਨਮ ਮਰਨ ਤੋਂ ਉਪਰ ਹੈ । ਕਿਉਂਜੋ:-

"ਤੂ ਅਕਾਲ ਪੁਰਖੁ ਨਾਹਿ ਸਿਰਿ ਕਾਲਾ ।
ਤੂ ਪੁਰਖੁ ਅਲੇਖ ਅਗੰਮ ਨਿਰਾਲਾ ।" (ਮਾਰੂ ਸੋਹਲੇ-1, ਪੰਨਾ-1138)

ਅਕਾਲ ਮੂਰਤਿ ਦੇ ਵੀ ਵਿਦਵਾਨਾਂ ਤੇ ਵੱਖੋ ਵੱਖਰੇ ਅਰਥ ਕੀਤੇ ਹਨ । ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ "ਅਕਾਲ ਮੂਰਤਿ" ਤੋਂ ਭਾਵ ਹੈ "ਇੱਕ ਬ੍ਰਹਮ ਇੱਕ ਅਜਿਹੀ ਹੋਂਦ ਹੈ ਜਿਸ ਉਤੇ ਮੌਤ ਦਾ ਕੋਈ ਅਸਰ ਨਹੀਂ[1] । ਡਾ: ਸ਼ੇਰ ਸਿੰਘ ਇਸ ਦੇ ਅਰਥ ਇਸ ਤਰਾਂ ਕਰਦੇ ਹਨ:-

"ਮੂਰਤੀਮਾਨ ਸੰਸਾਰ ਦਾ ਉਹ ਪਰਮ ਮੂਰਤਿ " ਤੱਤ " ਹੈ, ਅਕਾਲ ਹੈ,ਭਾਵ ਇਹ ਮੂਰਤਿ ਕਿਸੇ ਸਮੇਂ ਲਈ ਨਹੀਂ ਅਤੇ ਨਾ ਹੀ ਨਾਸ ਹੋਏਗੀ ।"[2] ਡਾ: ਦਲੀਪ ਸਿੰਘ ਦੀਪ ਅਨੁਸਾਰ " ਉਹ ਕਾਲ ਰਹਿਤ ਪ੍ਰਭੂ ਹੋਂਦ ਵਾਲਾ ਹੈ । ਜਾਂ ਉਲਟ ਵੀ ਕਿਹਾ ਜਾ ਸਕਦਾ ਹੈ, ਉਸਦੀ ਹੋਂਦ ਮੂਰਤਿ, ਸਰੂਪ ਸਮੇਂ ਜਾਂ ਮੌਤ ਤੋਂ ਰਹਿਤ ਹੈ । ਅਰਥਾਤ ਸਦੀਵੀ ਹੈ ।"[3]

ਮੂਰਤਿ ਦਾ ਅਰਥ ਪ੍ਰੋ: ਸਾਹਿਬ ਸਿੰਘ ਅਨੁਸਾਰ ਹੈ "ਸਰੂਪ"[4] । ਡਾ: ਜੋਧ ਸਿੰਘ ਅਨੁਸਾਰ ਹੈ " ਹਸਤੀ "[5] । ਗੁਰੂ ਸਾਹਿਬ ਜੀ ਦੀ ਆਪਣੀ ਹੀ ਬਾਣੀ ਸਿਧ ਕਰਦੀ ਹੈ ਕਿ " ਮੂਰਤਿ " ਅਤੇ ਰੂਪ ਵਿੱਚ ਫਰਕ ਹੈ । ਬ੍ਰਹਮ ਦੀ " ਮੂਰਤਿ " ਕੇਵਲ ਇੱਕ ਹੈ ਜਦ ਕਿ " ਰੂਪ" ਅਨੇਕ ਹਨ ।[6] ਸੋ " ਮੂਰਤਿ " ਤੋਂ ਭਾਵ ਸਮੁੱਚਾ ਸਰਗੁਣ ਅਕਾਰ ਹੀ ਹੋਇਆ । ਬ੍ਰਹਮ ਅਕਾਰ ਵਿੱਚ ਹੈ ਪਰ ਕਾਲ ਤੋਂ ਰਹਿਤ ਹੈ । ਉਸਦੀ :-

---

1. Dr. S.S. Kohli.,"Philosophy of Guru Nanak." Page-27.
2. ਡਾ: ਸ਼ੇਰ ਸਿੰਘ, "ਜਪੁਜੀ ਦਰਸ਼ਨ" ਪੰਨਾ-85.
3. ਡਾ: ਦਲੀਪ ਸਿੰਘ ਦੀਪ, "ਜਪੁਜੀ ਇਕ ਤੁਲਨਾਤਮਿਕ ਅਧਿਐਨ" ਪੰਨਾ-63-64.
4. ਪ੍ਰੋ: ਸਾਹਿਬ ਸਿੰਘ, "ਜਪੁਜੀ ਸਟੀਕ" ਪੰਨਾ-3.
5. ਡਾ: ਜੋਧ ਸਿੰਘ, "ਗੁਰਮਤਿ ਨਿਰਣਯ" ਪੰਨਾ-2.
6. ਤੇਰੀ ਮੂਰਤਿ ਏਕਾ ਬਹੁਤੁ ਰੂਪ "(ਬਸੰਤ ਚਉਪਦੇ- , ਪੰਨਾ-1168.)

"ਸੂਰਤਿ ਮੂਰਤਿ ਆਦਿ ਅਨੂਪੁ"[1]

ਹੈ। ਇਸੇ ਲਈ ਨਾ ਉਹ ਬੱਚਾ ਹੈ, ਨਾ ਜਵਾਨ ਹੁੰਦਾ ਹੈ ਤੇ ਨਾ ਹੀ ਫਿਰ ਬੁੱਢਾ ਹੁੰਦਾ ਹੈ। ਸਦਾ ਇੱਕ ਸਾਰ ਰਹਿੰਦਾ ਹੈ।

ਅਜੂਨੀ

ਅਜੂਨੀ ਤੋਂ ਭਾਵ ਹੈ ਜੋ ਜਨਮਾਂ ਵਿੱਚ ਨਾ ਆਵੇ। ਪੁਰਾਤਨ ਭਾਰਤੀ ਦਰਸ਼ਨ ਵਿੱਚ ਬ੍ਰਹਮ ਦੇ "ਅਵਤਾਰ ਧਾਰਨ ਕਰਨ" ਦੀ ਵਿਚਾਰਧਾਰਾ ਪ੍ਰਚਲਤ ਰਹੀ ਹੈ। ਭਾਗਵਦ ਗੀਤਾ[2] ਵਿੱਚ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ :-

" यदा यदा हि धर्मस्य ग्लानिर्भवति भारत ।
अभ्युत्थानमधर्मस्य तदात्मानं सृजाम्यहम् ।। 7 ।।
परित्राणाय साधूनां विनाशाय च दुष्कृताम् ।
धर्मसंस्थापनार्थाय सम्भवामि युगे युगे ।। 8 ।।

ਅਰਥਾਤ "ਹੇ ਭਾਰਤ ਜਦ ਸੰਸਾਰ ਵਿਚ ਪਾਪ ਅਤੇ ਜ਼ੁਲਮ ਵੱਧਦੇ ਹਨ, ਅਤੇ ਧਰਮ ਦੀ ਗਲਾਨੀ ਹੁੰਦੀ ਹੈ, ਉਦੋਂ ਉਦੋਂ ਹੀ ਮੈਂ ਅਵਤਾਰ ਧਾਰਿਆ ਕਰਦਾ ਹੈ।" ਪਰ ਗੁਰੂ ਸਾਹਿਬ ਨੇ ਸਪਸ਼ਟ ਕੀਤਾ ਹੈ ਕਿ ਬੇਸ਼ੱਕ ਬ੍ਰਹਮ "ਮੂਰਤਿ" ਹੈ ਪਰ ਉਹ ਕੋਈ ਖਾਸ ਅਵਤਾਰ ਧਾਰਨ ਨਹੀਂ ਕਰਦਾ। ਉਹ ਜੂਨਾਂ ਵਿੱਚ ਨਹੀਂ ਆਉਂਦਾ। ਉਸ ਤਰ੍ਹਾਂ ਸਾਰੇ ਜੀਵਾਂ ਰਾਹੀਂ ਬ੍ਰਹਮ ਆਪ ਹੀ ਦੁਨੀਆਂ ਵਿੱਚ ਵਿਚਰ ਰਿਹਾ ਹੈ, ਬ੍ਰਹਮ ਨੂੰ ਪੈਦਾ ਹੋਣ ਲਈ ਕਿਸੇ ਕਾਰਨ ਦੀ ਜ਼ਰੂਰਤ ਨਹੀਂ, ਉਹ ਆਪ ਹੀ ਸਭ ਦੀ ਪੈਦਾਇਸ਼ ਦਾ ਕਾਰਨ ਹੈ।

ਉਪਨਿਸ਼ਦਾਂ ਵਿੱਚ ਵੀ ਬ੍ਰਹਮ ਨੂੰ "ਅਜੂਨੀ" ਕਿਹਾ ਗਿਆ ਹੈ।[3] ਭਾਗਵਦ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਭਾਵੇਂ ਅਵਤਾਰ ਧਾਰਨ ਦੀ ਵਿਚਾਰ ਪੇਸ਼ ਕਰਦੇ ਹਨ ਪਰ ਨਾਲ ਹੀ ਇਹ ਵੀ ਕਹਿੰਦੇ ਹਨ ਕਿ ਮੈਂ ਅਸਲ ਵਿੱਚ ਅਜੂਨੀ ਹਾਂ, ਜੋ ਮੈਨੂੰ ਮਰਨ ਵਾਲਾ ਖਿਆਲ ਕਰਦੇ ਹਨ,

---

1. ਧਨਾਸਰੀ ਪਦੇ- , ਪੰਨਾ-686.
2. ਭਾਗਵਦ ਗੀਤਾ-4, 7.
3. Svet. Up. 6. 9, Brih. Up. 4.4.25.,

ਉਹ ਅਗਿਆਨੀ ਹਨ ।[1]

ਇਥੇ ਵੱਡਾ ਫਰਕ ਇਹ ਹੈ ਕਿ ਗੁਰੂ ਸਾਹਿਬ ਬ੍ਰਹਮ ਨੂੰ ਅਜੂਨੀ ਮੰਨਦੇ ਹਨ ਤਾਂ ਪਹਿਲਾਂ ਆਪ ਹੀ "ਕਰਤਾ ਪੁਰਖ" ਵੀ ਕਹਿੰਦੇ ਹਨ ਅਤੇ "ਅਕਾਲ ਮੂਰਤਿ" ਵੀ । ਭਾਵ ਬੇਸ਼ੱਕ ਬ੍ਰਹਮ ਅਜੂਨੀ ਹੈ ਪਰ ਸਭ ਜੀਵਾਂ ਵਿੱਚ ਵੀ ਜੋਤ ਰੂਪ ਵਿੱਚ ਵਿਆਪ ਰਿਹਾ ਹੈ ਅਤੇ ਸਭ ਜੀਵ ਵੀ ਉਸੇ ਵਿੱਚ ਵਿਚਰ ਰਹੇ ਹਨ ਭਾਵੇਂ ਅਗਿਆਨਤਾ ਕਾਰਨ ਜੀਵਾਂ ਨੂ ਇਸ ਗੱਲ ਦਾ ਗਿਆਨ ਨਹੀਂ । ਪਰ ਭਾਗਵਦ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਬੇਸ਼ੱਕ ਮੈਂ ਸਭ ਵਿੱਚ ਹਾਂ, ਪਰ ਸਭ ਮੇਰੇ ਵਿੱਚ ਨਹੀਂ । ਜੋ ਕੋਈ ਮੇਰੀ ਭਗਤੀ ਪਿਆਰ ਅਤੇ ਸ਼ਰਧਾ ਨਾਲ ਕਰਦਾ ਹੈ ਉਹ ਮੇਰੇ ਤੱਕ ਪਹੁੰਚ ਜਾਂਦਾ ਹੈ ਅਤੇ ਮੇਰੇ ਵਿੱਚ ਸਮਾ ਕੇ ਜਨਮ ਮਰਨ ਤੋਂ ਅਜ਼ਾਦ ਹੋ ਜਾਂਦਾ ਹੈ । ਇਸ ਕਾਰਨ ਸ੍ਰੀ ਕ੍ਰਿਸ਼ਨ ਜੀ ਬ੍ਰਹਮ ਦੇ ਵਿਸ਼ੇਸ਼ ਰੂਪ ਵਿੱਚ ਅਵਤਾਰ ਧਾਰਨ ਬਾਰੇ ਗਲ ਕਰਦੇ ਹਨ ਜਦ ਕਿ ਗੁਰੂ ਨਾਨਕ ਦੇਵ ਜੀ ਅਵਤਾਰ ਵਾਦ ਦੇ ਵਿਚਾਰ ਨੂੰ ਕੋਈ ਥਾਂ ਨਹੀਂ ਦਿੰਦੇ ।

## ਸੈਭੰ

ਕਿਉਂਜੋ ਬ੍ਰਹਮ ਅਜੂਨੀ ਹੈ ਇਸ ਲਈ ਸੈਭੰ -ਭਾਵ ਆਪਣੇ ਆਪ ਤੋਂ ਹੀ ਪੈਦਾ ਹੁੰਦਾ ਹੈ ।

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ"(ਵਾਰ ਆਸਾ-1, ਪੰਨਾ-463.)

ਇਸ ਲਈ ਨਾ ਉਸ ਨੂੰ ਕਿਸੇ ਤਰ੍ਹਾਂ ਥਾਪਿਆ ਜਾ ਸਕਦਾ ਹੈ, ਨਾ ਉਸ ਦਾ ਕੋਈ ਰੂਪ ਰੇਖ ਉਲੀਕਿਆ ਜਾ ਸਕਦਾ ਹੈ । ਨਾ ਉਸ ਦਾ ਕੋਈ ਅਕਾਰ ਹੈ:-

"ਥਾਪਿਆ ਨ ਜਾਇ ਕੀਤਾ ਨ ਹੋਇ
ਆਪੇ ਆਪਿ ਨਿਰੰਜਨੁ ਸੋਇ।" (ਜਪੁਜੀ-5, ਪੰਨਾ-2.)

ਉਪਨਿਸ਼ਦਾਂ ਵਿੱਚ ਵੀ ਬ੍ਰਹਮ ਨੂੰ ਸ੍ਵਯੰਭੂ (ਸਵਯੰ-ਭੂ) ਕਿਹਾ ਗਿਆ ਹੈ ।[2]

---

1. ਭਾਗਵਦ ਗੀਤਾ 7. 25, 10. 3.

2. Is. Up. 8, Tait. Up. 2. 6. 1, Brih. Up. 2. 6. 3.

"ਸੈਭੰ" ਸ਼ਬਦ ਦਾ ਨਿਕਾਸ "ਸਯੰਭੰ" ਤੋਂ ਹੋਇਆ ਜਾਂ ਸਯੰਭੂ (ਆਪਣੇ ਆਪੇ) ਤੋਂ ਹੋਇਆ ਇਸ ਬਾਰੇ ਦੋ ਵਿਚਾਰ ਧਾਰਾਵਾਂ ਹਨ। ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ, ਸੋਢੀ ਤੇਜਾ ਸਿੰਘ, ਡਾ: ਜੋਧ ਸਿੰਘ ਜੀ, ਭਾਈ ਗੁਰਦਾਸ ਜੀ ਦੀ ਗੁਰਬਾਣੀ ਵਿਆਖਿਆ:-

"ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ" (ਵਾਰ-3, ਪੌੜੀ-15.)

ਨੂੰ ਆਪਣੀ ਵਿਚਾਰ ਦੀ ਅਧਾਰ-ਸ਼ਿਲਾ ਬਣਾਉਂਦੇ ਹੋਏ ਸੈਭੰ ਦਾ ਅਧਾਰ "ਸਯੰਭੰ" ਨੂੰ ਮੰਨਦੇ ਹਨ। ਅਤੇ ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ, ਵਿਨੋਬਾ ਭਾਵੇ, ਗੁਰਬਾਣੀ ਵਿੱਚ ਆਏ ਸ਼ਬਦ "ਸੈਭੰ" ਨੂੰ ਵਿਚਾਰ ਦੀ ਅਧਾਰਸ਼ਿਲਾ ਬਣਾਉਂਦੇ ਹਨ ਅਤੇ "ਸੈਭੰ" ਸ਼ਬਦ ਦਾ ਅਧਾਰ ਸ਼ਬਦ "ਸਯੰਭੂ" ਨੂੰ ਮੰਨਦੇ ਹਨ।[1] ਪਰ ਕੁੱਝ ਵੀ ਹੋਵੇ, ਇਹ ਗੱਲ ਸਪਸ਼ਟ ਹੈ ਕਿ ਇਸ ਦਾ ਸੰਬੰਧ "ਬ੍ਰਹਮ" ਦੇ ਵਿਸ਼ਵ ਵਿੱਚ ਰੂਪਮਾਨ ਹੋਣ ਨਾਲ ਹੈ ਕਿਉਂਜੋ ਇਹ "ਅਜੂਨੀ" ਸ਼ਬਦ ਤੋਂ ਬਾਅਦ ਆਇਆ ਹੈ। ਅਤੇ ਮੂਲ ਮੰਤਰ ਦਾ ਹਰ ਸ਼ਬਦ ਜਿਥੇ ਆਪਣੇ ਆਪ ਵਿੱਚ ਇੱਕ ਵਿਸ਼ੇਸ਼ ਅਰਥ ਦਾ ਧਾਰਨੀ ਹੈ, ਉਥੇ ਉਹ ਆਪਣੇ ਤੋਂ ਪਹਿਲੇ ਸ਼ਬਦ ਦਾ ਟੀਕਾ ਵੀ ਕਰਦਾ ਹੈ ਅਤੇ ਪਹਿਲੇ ਤੋਂ ਉਤਪੰਨ ਹੁੰਦੇ ਸ਼ੰਕੇ ਨੂੰ ਵੀ ਨਵਿਰਤ ਕਰਦਾ ਹੈ।

## ਗੁਰਪ੍ਰਸਾਦਿ

ਗੁਰਪ੍ਰਸਾਦਿ ਤੋਂ ਭਾਵ ਹੈ "ਗੁਰੂ ਕਿਰਪਾ ਨਾਲ" ਇਸ ਦੇ ਅਰਥ ਦੋ ਤਰਾਂ ਕੀਤੇ ਜਾਂਦੇ ਹਨ। ਇੱਕ ਤਾਂ ਇਹ ਕਿ ੧ਓ ਨੂੰ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।[2]

---

1. ਡਾ: ਦਲੀਪ ਸਿੰਘ ਦੀਪ, "ਜਪੁਜੀ ਇੱਕ ਤੁਲਨਾਤਮਿਕ ਅਧਿਐਨ" ਵਿੱਚ ਪੰਨਾ- 66. ਤੇ ਇਸ ਬਾਰੇ ਬੜੀ ਵਿਸਥਾਰ ਨਾਲ ਵਿਚਾਰ ਕਰਦੇ ਹਨ।

2. i Dr. S.S. Kohli., "Philosophy of Guru Nanak." Page-27.

ii ਡਾ: ਕਾਲਾ ਸਿੰਘ ਬੇਦੀ "ਗੁਰੂ ਨਾਨਕ ਸ਼ਬਦ ਰਤਨਾਕਰ" ਪੰਨਾ-157.

iii ਭਾਈ ਕਾਨ੍ਹ ਸਿੰਘ ਨਾਭਾ, "ਮਹਾਨ ਕੋਸ਼" ਪੰਨਾ-312.

ਇਹ ਵਿਚਾਰ ਗੁਰਬਾਣੀ ਦੀਆਂ ਇਸ ਅਜਿਹੀਆਂ ਤੁੱਕਾਂ ਤੇ ਅਧਾਰਤ ਹੈ ।

"ਗੁਰਪ੍ਰਸਾਦਿ ਵਸੈ ਮਨਿ ਆਇ" (ਆਸਾ ਪਦੇ-3, ਪੰਨਾ-349.)

ਭਾਈ ਵੀਰ ਸਿੰਘ ਜੀ, ਗੁਰਪ੍ਰਸਾਦਿ ਦੇ ਅਰਥ ਕਰਦਿਆਂ ਹੋਇਆ "ਗੁਰੂ" ਦਾ ਅਰਥ "ਪਰਮਾਤਮਾ" ਕਰਦੇ ਹਨ । ਉਨ੍ਹਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੋ ਗੁਰ -ਮੰਤਰ ਮਿਲਿਆ ਸੀ ਉਸ ਵਿੱਚ ਤਾਂ ਜੋ ਗੁਰੂ ਪਦ ਹੈ ਉਹ ਸਿਰਫ ਅਕਾਲ ਪੁਰਖ ਦੀ ਇੱਕ ਸਿਫਤ ਹੈ ਕਿ ਜਿਤਨਾ ਗਿਆਨ ਇਨਸਾਨ ਨੂੰ ਮਿਲਿਆ ਹੈ, ਉਸ ਦਾ ਬਖਸ਼ਣ ਵਾਲਾ ਆਦਿ ਗੁਰੂ ਪਰਮਾਤਮਾ ਅਕਾਲ ਪੁਰਖ ਹੀ ਹੈ । ਹੋਰ ਕੋਈ ਨਹੀਂ, ਜਿਸ ਕਰਕੇ ਉਹੀ ਹਰ ਵਸਤੂ ਨੂੰ ਜਾਣਦਾ ਹੈ, ਸਗੋਂ ਉਸ ਦਾ ਨਿੱਜ ਸਰੂਪ ਅਤੇ ਸਿਫਤ ਭੀ ਉਸੇ ਨੂੰ ਮਲੂਮ ਹੈ ।[1]

ਡਾ: ਸ਼ੇਰ ਸਿੰਘ ਦਾ ਵਿਚਾਰ ਹੈ ਕਿ ਜਦੋਂ "ਗੁਰਪ੍ਰਸਾਦਿ" ਦੇ ਅਰਥ "ਗੁਰੂ ਕਿਰਪਾ ਨਾਲ ਜਾਣਿਆ ਜਾਂਦਾ ਹੈ " ਕਰਦੇ ਹਨ ਤਾਂ ਇੱਕ ਤਰ੍ਹਾਂ ਆਪਣੇ ਕੋਲੋਂ ਸ਼ਬਦ ਪਾਕੇ ਅਰਥ ਪੂਰੇ ਕੀਤੇ ਜਾਂਦੇ ਹਨ । ਇਹ ਅਰਥ ਮੂਲ ਮੰਤਰ ਦੇ ਬਾਕੀ ਪਦਾਂ ਨਾਲ ਇੱਕ-ਸੁਰਤਾ ਨਹੀਂ ਰੱਖਦੇ ਕਿਉਂਜੋ ਮੂਲ ਮੰਤਰ ਵਿੱਚ ਕੋਈ ਵੀ ਕਿਰਿਆਵਾਚੀ ਪੱਦ ਨਹੀਂ ਹੈ । ਅਤੇ ਅਕਾਲ ਪੁਰਖ ਦੇ ਤਤ-ਗਿਆਨ ਵਿੱਚ ਕੋਈ ਕਿਰਿਆ ਨਹੀਂ ਆ ਸਕਦੀ । ਗੁਰੂ ਬ੍ਰਹਮ ਆਪ ਹੈ, ਗਿਆਨ ਸੋਮਾਂ, ਗਿਆਨ ਦਾਤਾ, ਮਹਾਨ ਸਤਿਕਾਰ ਯੋਗ । ਉਹ ਆਪ ਹੀ ਗਿਆਨ, ਗਿਆਨ ਭੰਡਾਰ, ਮਹਾਨ ਗਿਆਨ ਹੈ । ਪ੍ਰਸਾਦਿ ਦਾ ਅਰਥ ਹੈ, ਸੰਤੁਸ਼ਟ, ਖੁਸ਼, ਮਿਹਰਵਾਨ, ਕਿਰਪਾਲੂ ।[2] ਪ੍ਰਿੰਸੀਪਲ ਤੇਜਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ "ਗੁਰਪ੍ਰਸਾਦਿ" ਦਾ ਅਰਥ ਕਰਦੇ ਹਨ" ਗਿਆਨ ਦਾ ਚਾਨਣ ਦੇਣ ਵਾਲਾ , ਕਿਰਪਾ ਸਰੂਪ ।"[3]

ਪ੍ਰਸਾਦਿ ਦੇ ਅਰਥ "ਅਨੰਦ" ਵੀ ਕੀਤੇ ਗਏ ਹਨ ਤੇ ਕਿਹਾ ਗਿਆ ਹੈ ਕਿ "ਮੂਲ ਮੰਤਰ ਸਤਿ (੧ੳ ਵੀ ਸਤਿ ਦੇ ਅਰਥ ਰੱਖਦਾ ਹੈ ) ਤੋਂ ਸ਼ੁਰੂ ਹੋਕੇ ਪ੍ਰਸਾਦਿ ਉਤੇ ਮੁਕਦਾ ਹੈ । ਪ੍ਰਸਾਦਿ ਦੇ ਅਰਥ ਹਨ ਅਨੰਦ । ਪੁਰਖ ਤੋਂ ਭਾਵ ਚੇਤਨਤਾ ਹੈ । ਇਸ ਤਰ੍ਹਾਂ ਨਾਲ ਲਗਪਗ ਮੂਲ ਮੰਤਰ ਦੇ

---

1. ਭਾਈ ਵੀਰ ਸਿੰਘ, "ਅਮਰ ਲੇਖ" ਪੰਨਾ-26.
2. ਡਾ: ਸ਼ੇਰ ਸਿੰਘ , "ਜਪੁਜੀ ਦਰਸ਼ਨ" ਪੰਨਾ-86, 88.
3. i Principal Teja Singh., "Message in Sikhism" Page-17.
   ii ਗਿਆਨੀ ਸ਼ੇਰ ਸਿੰਘ, "ਨਿਤਨੇਮ ਸਟੀਕ" ਪੰਨਾ-22.

ਆਦਿ ਮਧ ਤੇ ਅੰਤ ਵਿੱਚ ਸਤਿ-ਚਿਤ-ਅਨੰਦ ਆ ਜਣੇ ।"[1] ਅਸਲ ਵਿੱਚ ਗੁਰਪ੍ਰਸਾਦਿ ਆਪਣੇ ਅਰਥਾਂ ਕਾਰਨ ਇੱਕ ਪ੍ਰਕਾਰ ਦਾ ਪ੍ਰਤੀਪਿਕਾ ਅਲੰਕਾਰ ਹੈ, ਜਿਸ ਦਾ ਅਰਥ ਰੂਪੀ ਚਾਨਣ ਇਸ ਪਾਸੇ ਵੀ ਆਉਂਦਾ ਹੈ ਅਤੇ ਦੂਜੇ ਪਾਸੇ ਵੀ ਜਾਂਦਾ ਹੈ । ਇਸ ਦਾ ਅਰਥ ਬ੍ਰਹਮ ਦੇ ਗੁਣਾਂ ਦੇ ਰੂਪ ਵਿੱਚ ਵੀ ਕੀਤਾ ਜਾ ਸਕਦਾ ਹੈ ਅਤੇ ਗੁਰੂ ਦੀ ਕਿਰਪਾ ਦੇ ਰੂਪ ਵਿੱਚ ਵੀ ਕੀਤਾ ਜਾ ਸਕਦਾ ਹੈ ।

ਪਹਿਲੀ ਵਿਚਾਰਧਾਰਾ ਅਨੁਸਾਰ ਗੁਰਪ੍ਰਸਾਦਿ ਦਾ ਅਰਥ ਹੋਵੇਗਾ- ਬ੍ਰਹਮ ਹੀ ਗਿਆਨ ਸਰੂਪ ਗੁਰੂ ਹੈ, ਮਨੁੱਖਤਾ ਨੂੰ ਰਾਹੇ ਪਾਉਣ ਵਾਲਾ ਹੈ, ਅਗਿਆਨਤਾ ਦਾ ਅੰਧਿਕਾਰ ਖਤਮ ਕਰਨ ਵਾਲਾ ਹੈ ਅਤੇ ਗਿਆਨ ਦੀ ਰੋਸ਼ਨੀ ਫੈਲਾਉਣ ਵਾਲਾ ਹੈ । ਉਹ ਪ੍ਰਸੰਨ ਹੋਕੇ ਜੀਵਾਂ ਉਤੇ ਕਿਰਪਾ ਕਰਦਾ ਹੈ । ਗੁਰੂ ਸਾਹਿਬ ਆਪ ਵੀ ਬ੍ਰਹਮ ਨੂੰ "ਗੁਰੂ" ਕਰਕੇ ਲਿਖਦੇ ਹਨ । ਜਿਵੇ:-

"ਅਪਰੰਪਰ ਪਾਰਬ੍ਰਹਮ ਪਰਮੇਸਰ
ਨਾਨਕ ਗੁਰ ਮਿਲਿਆ ਸੋਈ ਜੀਉ" (ਸੋਰਠਿ ਪਦਾ- ,ਪੰਨਾ-599.)

ਅਤੇ ਪ੍ਰਸਾਦਿ ਦੀ ਭਾਵਨਾ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਹਨ:-

"ਆਪੇ ਬਖਸੇ ਸਤਿਗੁਰੁ ਮੇਲੇ" (ਆਸਾ ਅਸਟਪਦੀ-8,ਪੰਨਾ-415)

ਦੂਜੀ ਵਿਚਾਰਧਾਰਾ ਅਨੁਸਾਰ ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਨੂੰ ਗੁਰੂ ਦੀ ਕਿਰਪਾ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ । ਤੇ ਗੁਰੂ ਸਾਹਿਬ ਨੇ ਆਪ ਵੀ "ਗੁਰਪ੍ਰਸਾਦਿ " ਦੀ ਵਰਤੋਂ ਇਨ੍ਹਾਂ ਅਰਥਾਂ ਵਿੱਚ ਬਹੁਤ ਕੀਤੀ ਹੈ । ਜਿਵੇ:-

1. ਗੁਰਪ੍ਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਿਜ ਸਮਾਈ। (ਮਲਾਰ ਅਸਟਪਦੀ-1,ਪੰਨਾ-1273)
2. ਗੁਰਪ੍ਰਸਾਦਿ ਰਾਖਿ ਲੇ ਜਨ ਕਉ (ਭੈਰਉ ਪਦਾ-8,ਪੰਨਾ-1127)
3. ਗੁਰਪ੍ਰਸਾਦਿ ਪਰਮ ਪਦੁ ਪਾਇਆ । (ਭੈਰਉ ਪਦਾ-4, ਪੰਨਾ-1126.
4. ਗੁਰਪ੍ਰਸਾਦਿ ਕਰੇ ਬੀਚਾਰੁ ਸੋ ਗਿਆਨੀ ਦਰਗਹ ਪ੍ਰਵਾਣ (ਸਿਰੀ ਪਦਾ-30,ਪੰਨਾ-24.

ਜਪੁਜੀ ਸਾਹਿਬ ਦੇ ਇੰਨੇ ਟੀਕੇ ਲਿਖੇ ਗਏ ਹਨ ਅਤੇ ਮੂਲ ਮੰਤਰ ਦੀ ਇੰਨੀ ਤਰ੍ਹਾਂ ਨਾਲ ਵਿਆਖਿਆ ਕੀਤੀ ਗਈ ਹੈ ਕਿ ਇਸ ਦੀ ਗਣਨਾ ਨਹੀ ਕੀਤੀ ਜਾ ਸਕਦੀ । ਲਗਪਗ

---

1. ਡਾ: ਸ਼ੇਰ ਸਿੰਘ "ਜਪੁਜੀ ਦਰਸ਼ਨ" ਪੰਨਾ-86., 88.

250. ਟੀਕੇ ਗਿਣਤੀ ਵਿੱਚ ਆ ਚੁੱਕੇ ਹਨ । ਪਰ ਇਹ ਗੱਲ ਨਿਸਚਿਤ ਹੈ ਕਿ ੧ਓ ਬੀਜ ਮੰਤਰ ਵਿੱਚ ਸਾਰੇ ਮੂਲ ਮੰਤਰ ਦੇ ਅਤੇ ਮੂਲ ਮੰਤਰ ਵਿੱਚ ਸੰਪੂਰੀ ਗੁਰਬਾਣੀ ਦੇ ਭਾਵ ਅਰਥ ਸਮਾਏ ਹੋਏ ਹਨ । ਅਸੀਂ ਦੇਖ ਹੀ ਚੁੱਕੇ ਹਾਂ ਕਿ ਮੂਲ ਮੰਤਰ ਦੇ ਹਰ ਸ਼ਬਦ ਦਾ ਸਬੰਧ ਬ੍ਰਹਮ ਦੇ ਨਿਰਗੁਣ ਸਰੂਪ ਨਾਲ ਵੀ ਹੈ ਅਤੇ ਸਰਗੁਣ ਸਰੂਪ ਨਾਲ ਵੀ ਹੈ । ਉਸ ਤੋਂ ਬ੍ਰਹਮ ਵਿਆਖਿਆ ਵੀ ਹੁੰਦੀ ਹੈ ਅਤੇ ਵਿਸ਼ਵ ਵਿਆਖਿਆ ਵੀ ਹੁੰਦੀ ਹੈ ਤੇ ਨਾਲ ਹੀ ਇਸ ਗੱਲ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ ਕਿ ਵਿਸ਼ਵ ਅਤੇ ਬ੍ਰਹਮ ਵਿੱਚ ਏਕਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ।

## ਮੂਲ ਮੰਤਰ ਦੀ ਵਿਸ਼ੇਸ਼ਤਾ

ਮੂਲ ਮੰਤਰ ਦੀ ਵਿਸ਼ੇਸ਼ਤਾ ਬਾਰੇ ਕਾਫ਼ੀ ਲਿਖਿਆ ਗਿਆ ਹੈ । ਇੱਕ ਵਿਦਵਾਨ ਅਨੁਸਾਰ ਇਹ ਮੂਲ ਮੰਤਰ ਗੁਰੂ ਸਾਹਿਬ ਨੂੰ ਸੱਚਖੰਡ ਵਿੱਚ ਅਕਾਲ ਪੁਰਖ ਨੇ ਆਪ ਦਿੱਤਾ ਸੀ ।[1] ਇਹ 14. ਪਦਾਂ ਅਤੇ 38. ਅੱਖਰਾਂ ਦਾ ਇਕ ਵਾਰਤਕ ਵਾਕ ਹੈ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਆਉਂਦਾ ਹੈ । ਇਸ ਵਿੱਚ ਕਿਤੇ ਵੀ ਕੋਈ ਕਿਰਿਆ ਨਹੀਂ ਆਉਂਦੀ ।

ਗੁਰੂ ਗ੍ਰੰਥ ਸਾਹਿਬ ਦੇ ਇਸ "ਮੰਗਲਾ ਚਰਨ" ਨੂੰ ਵਸਤੂ ਨਿਰਦੇਸ਼ ਮੰਗਲਾ ਚਰਨ[2] ਕਿਹਾ ਜਾਂਦਾ ਹੈ ਕਿਉਂਜੋ ਇਸ ਵਿੱਚ ਇਸ ਤੋਂ ਅਗਲੀ ਸਾਰੀ ਰਚਨਾ -ਗੁਰੂ ਗ੍ਰੰਥ ਸਾਹਿਬ - ਦਾ ਪੂਰਾ ਸਾਰ ਅੰਸ਼ ਹੈ ।

ਇਸ ਵਾਰਤਕ ਵਾਕ ਵਿੱਚ ਤਿੰਨੇ ਸਵਰ ਵਰਤੇ ਹਨ ਭਾਵੇਂ "ੲ" ਲਿਖਤ ਵਿੱਚ ਕਿਤੇ ਨਹੀਂ ਆਉਂਦੀ । ਅਨੁਨਾਸ਼ਕਾਂ ਵਿਚੋਂ "ਮ" ਅਤੇ "ਨ" ਦੀ ਵਰਤੋਂ ਕੀਤੀ ਗਈ ਹੈ । ਕਨੌੜੇ ਅਤੇ ਲਾਂ ਤੋਂ ਛੁੱਟ ਸਾਰੀਆਂ ਲਗਾਂ ਦੀ ਵਰਤੋਂ ਹੋਈ ਹੈ । "ਨਿਰਭਉ" ਵਿੱਚ ਕਨੌੜੇ ਦਾ ਕੁੱਝ ਉਚਾਰਣ ਹੈ ਪਰ ਸ਼ਬਦ ਜੋੜ ਵਿੱਚ ਨਹੀਂ । ਬਿੰਦੀ ਅਤੇ ਟਿੱਪੀ ਦਾ ਉਚਾਰਣ ਵੀ ਹੈ । ਅਜੂਨੀ ਵਿੱਚ ਬਿੰਦੀ ਦਾ ਅਤੇ ੴ ਵਿੱਚ ਟਿੱਪੀ ਦਾ । ਭਾਈ ਸੰਤੋਖ ਸਿੰਘ ਅਨੁਸਾਰ[3] ਇਸ ਵਿੱਚ ਚਾਰ ਸਾਹਿਤਕ ਅਲੰਕਾਰ ਹਨ- ਬਿਸੇਖ, ਉਲੇਖ, ਸੁਭਾਵਉਕਤ ਅਤੇ ਪ੍ਰਸੰਗਕ ।

---

1. ਸੋਢੀ ਤੇਜਾ ਸਿੰਘ "ਕਥਾ ਸਾਗਰ" ਪੰਨਾ-19.
2. I ਡਾ: ਸ਼ੇਰ ਸਿੰਘ "ਜਪੁਜੀ ਦਰਸ਼ਨ" ਪੰਨਾ-16.
   II ਭਾਈ ਵੀਰ ਸਿੰਘ, ਭਾਈ ਸਾਹਿਬ, "ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ" ਪੰਨਾ-2.
3. ਭਾਈ ਸੰਤੋਖ ਸਿੰਘ "ਜਪੁਜੀ ਟੀਕਾ ਗਰਬ ਗੰਜਨੀ"

ਇੰਜ ਸਮੁੱਚੇ ਰੂਪ ਵਿੱਚ ਮੂਲ ਮੰਤਰ ਗੁਰੂ ਸਾਹਿਬ ਦੀ ਬ੍ਰਹਮ ਦੀ ਅਭੇਦਤਾ-ਭੇਦਤਾ-ਅਭੇਦਤਾ ਦੇ ਖੇਲ ਨੂੰ ਪ੍ਰਤੱਖ ਰੂਪ ਵਿੱਚ ਬਿਆਨਣ ਦੀ ਰੁੱਚੀ ਦਾ ਹੀ ਲਖਾਇਕ ਹੈ। ਇਸ ਦਾ ਹਰ ਸ਼ਬਦ ਜਿਥੇ ਅਭੇਦ " ੧ " ਦਾ ਕਥਨ ਕਰਦਾ ਹੈ ਉਥੇ ਭੇਦ ਸਮੇਤ ੴ ਦਾ ਬਿਆਨ ਵੀ ਕਰਦਾ ਹੈ। ਮੂਲ ਮੰਤਰ ੧ੴ ਤੋਂ ਲੈਕੇ ਸੈਭੰ ਤੱਕ ਤਾਂ ਬ੍ਰਹਮ ਦੇ ਅਭੇਦ-ਭੇਦ-ਅਭੇਦ ਤੋਂ ਰਹਿਤ ਨਿਰੋਲ ਅਭੇਦ ਅਵਸਥਾ ਦਾ ਵੀ ਗਿਆਨ ਦੇਂਦਾ ਹੈ ਤੇ 'ਗੁਰਪ੍ਰਸਾਦਿ" "ਸ਼ਬਦ" ਸਾਰੇ ਮੂਲ ਮੰਤਰ ਨੂੰ ਹੀ ਅਭੇਦ-ਭੇਦ-ਅਭੇਦ ਦਾ ਰੂਪ ਦੇ ਦੇਂਦਾ ਹੈ। ਅਭੇਦ ਬ੍ਰਹਮ ਨਾਲ ਭੇਦ ਨੂੰ ਅਭੇਦ ਕਰਨ ਦਾ ਸੰਕੇਤਕ ਹੋ ਜਾਂਦਾ ਹੈ। ਇੰਜ ਮੂਲ ਮੰਤਰ ਆਪਣੇ ਆਪ ਵਿਚ ਸਰਵ ਸੰਪੂਰਨ ਹੈ। ਅਤੇ "੧ੴ" ਸਰੂਪ ਹੈ।

ਅੰਤਿਕਾ

***

## ਅੰਤਿਕਾ

ਗੁਰੂ ਨਾਨਕ ਦੇਵ ਜੀ ਵਿਸ਼ਵ ਦੀ ਇਕ ਅਜਿਹੀ ਰੌਸ਼ਨ ਸਖਸ਼ੀਅਤ ਹੋਏ ਹਨ ਜਿਨ੍ਹਾਂ ਦੀ ਮਾੜੀ ਜਹੀ ਲੋਅ ਵੀ ਜਿਥੇ ਕਿਤੇ ਗਈ ਉਥੇ ਹੀ ਇਸ ਦੀ ਅਲੌਕਿਕਤਾ ਨੇ ਸਭ ਨੂੰ ਪ੍ਰਭਾਵਿਤ ਕੀਤਾ। ਮੱਕੇ ਗਏ ਤਾਂ ਕਾਬੇ ਦੇ ਕੱਟੜ ਮੁਸਲਮਾਨਾਂ ਦੀ ਕੱਟੜ ਰੀਤ ਦੀ ਨਿਖੇਧੀ ਕੀਤੀ ਅਤੇ ਉਨ੍ਹਾਂ ਨੂੰ ਅਜਿਹੀ ਰੌਸ਼ਨੀ ਦਿਖਾਈ ਕਿ ਅਰਬ ਵਿੱਚ ਅੱਜ ਤੱਕ ਗੁਰੂ ਸਾਹਿਬ ਨੂੰ "ਪੀਰ" ਅਤੇ "ਨਾਨਕ ਸ਼ਾਹ ਫਕੀਰ" ਕਹਿਕੇ ਯਾਦ ਕੀਤਾ ਜਾਂਦਾ ਹੈ। ਚੀਨ ਵਿੱਚ ਗਏ ਤਾਂ ਚੀਨੀ ਲੋਕ ਗੁਰੂ ਸਾਹਿਬ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਜਿਥੇ ਗੁਰੂ ਸਾਹਿਬ ਗਏ ਸਨ ਉਨ੍ਹਾਂ ਉਸ ਸ਼ਹਿਰ ਦਾ ਨਾਮ ਹੀ "ਨਾਨਕਿੰਗ" ਰੱਖ ਦਿੱਤਾ। ਪਿਛੇ ਜਹੇ ਆਪ ਜੀ ਦੀ ਰੂਸ ਫੇਰੀ ਦੇ ਵੀ ਅਸਾਰ ਮਿਲੇ ਹਨ। ਕਹਿੰਦੇ ਹਨ ਕਿ ਇਥੇ ਵੀ ਆਪ ਨੂੰ ਇਕ ਵਲੀ ਦੀ ਹੈਸੀਅਤ ਦਿੱਤੀ ਗਈ। ਸਿੱਖਾਂ ਨੂੰ ਅੰਗ੍ਰੇਜ਼ੀ ਪ੍ਰਭਾਵ ਅਧੀਨ ਕਰਨ ਆਇਆ ਮੈਕਾਲਫ ਆਪ ਹੀ ਗੁਰਮਤਿ ਦਾ ਸ਼ਰਧਾਲੂ ਬਣ ਗਿਆ।

"ਸਿੱਖ ਧਰਮ ਜੀਵਨ ਦਾ ਇਕ ਅਮਲੀ ਢੰਗ ਹੈ, ਜਿਹੜਾ ਮਨੁੱਖ ਨੂੰ ਸਿੱਧਾ ਉਦੇਸ਼ ਪ੍ਰਾਪਤੀ ਵੱਲ ਨੂੰ ਲਿਜਾਂਦਾ ਹੈ, ਸ਼ਾਬਦਿਕ ਸਿਧਾਂਤਾਂ ਵਿੱਚ ਨਹੀਂ ਉਲਝਾਉਂਦਾ।[1] ਇਹ ਧਰਮ ਆਪਣੇ ਸਿਧਾਂਤਾਂ ਦੀ ਪ੍ਰਮਾਣਿਕਤਾ ਵਜੋਂ ਪ੍ਰਮੁੱਖ ਧਰਮਾਂ ਨਾਲੋਂ ਭਿੰਨ ਹੈ।[2] ਇਸ ਭਿੰਨਤਾਂ ਵਿਚੋਂ ਗੁਰੂ ਸਾਹਿਬ ਦੀ ਸ਼ਖਸੀਅਤ ਦੀ ਵਿਲੱਖਣਤਾ ਰੂਪਮਾਨ ਹੁੰਦੀ ਹੈ। ਗੁਰੂ ਸਾਹਿਬ ਨੇ ਆਪਣੇ ਸਮੇ ਦੀ ਸਾਰੀ ਲੋਟੂ ਪੁਜਾਰੀ ਸ਼੍ਰੇਣੀ ਵਿਰੁੱਧ ਜਹਾਦ ਖੜਾ ਕਰਕੇ ਸਮੁੱਚੀ ਮਾਨਵਤਾ ਨੂੰ ਆਤਮਿਕ, ਸਦਾਚਾਰਕ ਅਤੇ ਦਾਨਵੀ ਗਿਰਾਵਟਾਂ ਤੋਂ ਬਚਾਕੇ ਮਨੁੱਖਤਾ ਦੀਆਂ ਸਿੱਖਰਾਂ ਉਤੇ ਪਹੁੰਚਾ ਦਿੱਤਾ।[3]

ਗੁਰੂ ਸਾਹਿਬ ਦੀ ਇਸ ਸਫਲਤਾ ਦਾ ਰਾਜ ਇਸ ਵਿੱਚ ਹੈ ਕਿ ਉਨ੍ਹਾਂ "ਬ੍ਰਹਮ" ਨੂੰ ਨਿਜੀ ਰੂਪ ਵਿੱਚ, ਬੜੀ ਸੰਪੂਰਨਤਾ ਵਿੱਚ ਅਨੁਭਵ ਕੀਤਾ ਸੀ, ਆਤਮਾ ਅਤੇ ਪਰਮਾਤਮਾ ਨੂੰ ਇੱਕ ਕਰਕੇ ਪਰਮਾਤਮਾ ਸਰੂਪ ਹੋਕੇ ਉਨ੍ਹਾਂ ਆਪਣੇ " ੧ " ਨਿਰਗੁਣ ਸਰੂਪ ਨੂੰ ਵੀ ਲਖਿਆ ਸੀ ਅਤੇ "ੴ" ਸਰਗੁਣ ਸਰੂਪ ਦੀ ਵੀ ਥਾਹ ਲਈ ਸੀ। ਉਨ੍ਹਾਂ ਆਪਣੇ ਆਪ ਨੂੰ ਸਾਜਕੇ ਆਪੇ ਆਪ ਦੇ ਸਮੁੱਚੇ

---

1. Duncan Greenless, "The Gospel of the Guru Granth Sahib." (Theosophical Publishing House) Aayar, Madras-20.

2. M. Macaulifie.- "The Sikh Religion." Page-3.

3. C.h. Leohilcon. "The Sikhs and their Scriptures." Page-13.

ਰੂਪ ਵਿੱਚ ਵੀ ਅਨੁਭਵ ਕੀਤਾ ਸੀ ਤੇ ਸਰਗੁਣ ਸਰੂਪ ਸ੍ਰਿਸ਼ਟੀ ਦੇ ਸੰਧਰਵ ਵਿੱਚ ਵਿਅਕਤੀਗਤ ਤੌਰ ਤੇ ਵੀ ਆਪਣੇ ਆਪ ਨੂੰ ਜਾਣਿਆ ਸੀ । ਉਨ੍ਹਾਂ ਆਪਣੀ ਆਤਮਾ ਨੂੰ ਪਰਮਾਤਮਾ ਵਿੱਚ ਅਭੇਦ ਕਰਕੇ"੧"ਹੋਣ ਦਾ ਅਨੁਭਵ ਵੀ ਲਿਆ ਸੀ ਅਤੇ ਮਾਇਆ ਸਿਰਜਨਾ ਜੀਵ ਰੂਪ ਹੋਕੇ ਅਨੇਕਤਾ ਵਿੱਚ ਆਕੇ, ਏਕਤਾ ਨਾਲ ਆਪਣੇ ਸਬੰਧਾਂ ਨੂੰ ਵੀ ਜਾਣਿਆ ਸੀ । ਇਸ ਲਈ ਜੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ:-

"ਸਭ ਕੁਝ ਆਪੇ ਆਪ"

ਤਾਂ ਆਪ ਹੀ ਇਹ ਵੀ ਉਚਾਰਦੇ ਹਨ ਕਿ:-

"ਹਉ ਜਾਤੀ ਕਾ ਨੀਚ ਜਾਤਿ"

ਇੰਜ ਉਹ ਆਪਣੇ ਆਪ ਨੂੰ ਬ੍ਰਹਮ ਰੂਪ ਵਿੱਚ ਵੀ ਪਛਾਣਦੇ ਹਨ ਅਤੇ ਬ੍ਰਹਮ ਦੇ "ਕਾਰੇ ਲਾਏ ਬੇਕਾਰ ਢਾਡੀ ਦੇ ਰੂਪ ਵਿੱਚ ਵੀ ਬਿਆਨ ਕਰਦੇ ਹਨ । ਗੁਰੂ ਸਾਹਿਬ ਦੇ ਇਸ ਅਨੁਭਵ ਨੂੰ ਅਸੀਂ ਅਭੇਦਤਾ-ਭੇਦਤਾ-ਤੇ ਏਕਤਾ- ਅਨੇਕਤਾ- ਫਿਰ ਏਕਤਾ ਦਾ ਅਨੁਭਵ ਕਹਿ ਸਕਦੇ ਹਾਂ । ਅਜਿਹੇ ਸੰਪੂਰਨਤਾ ਦੇ ਅਨੁਭਵ ਵਿੱਚ ਹੀ ਛੇ ਦਰਸ਼ਨ ਸਮਾ ਜਾਂਦੇ ਹਨ, ਬੁੱਧ ਅਤੇ ਜੈਨ ਮੌਤ ਸਮਾ ਜਾਂਦਾ ਹਨ, ਇਸਲਾਮ ਸਮਾ ਜਾਂਦਾ ਹੈ ਤੇ ਗੁਰੂ ਸਾਹਿਬ ਆਪਣੇ ਧੁਰਦੇ ਅਨੁਭਵ ਸਮੇਤ ਸਭ ਤੋਂ ਅਗੇ ਨਿਕਲ ਜਾਂਦੇ ਹਨ । ਪਰ ਇੰਜ ਅਗੇ ਨਿਕਲ ਜਾਣ ਦਾ ਭਾਵ ਇਹ ਨਹੀਂ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੇ ਨੇ ਬ੍ਰਹਮ ਨੂੰ ਸੰਪੂਰਨ ਰੂਪ ਵਿੱਚ ਅਨੁਭਵ ਕੀਤਾ ਹੀ ਨਹੀਂ ਸੀ । ਉਪਨਿਸ਼ਦਾਂ ਸੰਪੂਰਨ ਬ੍ਰਹਮਵੇਤਾਵਾਂ ਦੇ ਵਿਚਾਰਾਂ ਦਾ ਹੀ ਪ੍ਰਗਟਾ ਹਨ । ਪਰ ਉਪਨਿਸ਼ਦਾਂ ਦੇ ਪਿਛਲੇ ਭਾਸ਼ਕਾਰ ਇਨ੍ਹਾਂ ਵਿਚਲੀ ਦਾਰਸ਼ਨਿਕਤਾ ਨੂੰ ਅਨੁਭਵ ਕਰਨ ਦੀ ਬਜਾਏ ਵੇਦਾਂਤ ਤੋਂ ਛੁੱਟ ਬਾਕੀ 5 ਦਰਸ਼ਨਾਂ ਵਾਂਗ ਦਾਰਸ਼ਨਿਕ ਬਹਿਸ ਮੁਬਾਹਸੇ ਵਿੱਚ ਪੈਕੇ ਅਸਲੀਅਤ ਨੂੰ ਕਾਫੀ ਧੁੰਧਲਾ ਕਰ ਦੇਂਦੇ ਹਨ । ਪਰ ਗੁਰੂ ਨਾਨਕ ਦੇਵ ਜੀ ਦਾਰਸ਼ਨਿਕਾਂ ਵਾਂਗ ਕਿਸੇ ਪ੍ਰਕਾਰ ਦੇ ਵਾਦ ਵਿਵਾਦ ਵਿੱਚ ਨਹੀਂ ਪੈਂਦੇ ਕਿਉਂਜੋ ਉਹ ਦਾਰਸ਼ਨਿਕ ਵਿਚਾਰਵਾਨ ਨਹੀਂ ਸਨ ਸਗੋਂ ਅਸਲ ਬ੍ਰਹਮਵੇਤਾ ਸਨ ਜਿੰਨ੍ਹਾਂ ਦਾ ਕੰਮ ਵਾਦ ਵਿਵਾਦ ਛੱਡਕੇ ਅਸਲੀਅਤ ਪੇਸ਼ ਕਰਨੀ ਅਤੇ ਬ੍ਰਹਮ ਦੇ ਗੁਣ ਗਾਉਣਾ ਸੀ । ਇਸ ਲਈ ਗੁਰੂ ਸਾਹਿਬ ਦੀ ਬ੍ਰਹਮ ਬਾਣੀ ਉਪਨਿਸ਼ਦਾਂ ਵਾਂਗ ਹੀ ਬੜੇ ਸਰਲ ਅਤੇ ਸਪਸ਼ਟ ਢੰਗ ਨਾਲ ਬ੍ਰਹਮ ਵਿਵੇਚਨ ਕਰਦੀ ਜਾਂਦੀ ਹੈ । ਇਸ ਵਿਵੇਚਨ ਵਿੱਚ ਵਾਦ ਵਿਵਾਦ ਦੀ ਬਜਾਏ ਰਹਸਯ ਅਤੇ ਸਹਿਜ ਵਿਸਮਾਦ ਦਾ ਰੰਗ ਵਧੇਰੇ ਗੂੜਾ ਹੈ । ਜੋ ਕਲਾਤਮਿਕਤਾ, ਸਰਲਤਾ, ਸਧਾਰਨਤਾ ਅਤੇ ਸਪਸ਼ਟਤਾ ਗੁਰੂ ਸਾਹਿਬ ਦੀ ਬ੍ਰਹਮ ਬਾਣੀ ਵਿੱਚ ਹੈ ਉਹ ਕੁੱਝ ਉਪਨਿਸ਼ਦਾਂ ਵਿੱਚ ਵੀ ਨਹੀਂ । ਉਪਨਿਸ਼ਦਾਂ ਦੀ ਸ਼ੈਲੀ ਕਈ ਵਾਰ ਅਤਿ ਦੀ ਸੂਖਸ਼ਮਤਾ ਕਾਰਨ ਸਵੈ- ਵਿਰੋਧੀ ਹੋ ਜਾਂਦੀ ਹੈ । ਇਹੋ ਕਾਰਨ ਹੈ ਕਿ ਸੰਕਰਾਚਾਰਯ ਨੇ ਉਪਨਿਸ਼ਦਾਂ ਵਿਚੋਂ ਅਦਵੈਤ ਦੀ ਵਿਚਾਰਧਾਰਾ ਕੱਢੀ, ਰਾਮਾਨੁਜ ਨੇ ਵਿਸ਼ਿਸ਼ਟ

ਅਦਵੈਤ ਦੀ, ਮਾਧਵ ਨੇ ਦਵੈਤਾ-ਅਦਵੈਤ ਦੀ ਅਤੇ ਨਾਗਾਰੁਜਨ ਨੇ ਦਵੈਤ ਦੀ ਵਿਚਾਰਧਾਰਾ ਸਾਹਮਣੇ ਲਿਆਂਦੀ। ਪਰ ਗੁਰੂ ਸਾਹਿਬ ਦੀ ਬਾਣੀ ਵਿੱਚ ਅਜਿਹੀ ਨਿਸਚਿਤਤਾ ਹੈ ਕਿ ਬ੍ਰਹਮ ਦੇ ਸਰੂਪ ਬਾਰੇ ਤਾਂ ਕੋਈ ਸ਼ੰਕਾਂ ਰਹਿ ਹੀ ਨਹੀਂ ਜਾਂਦੀ । ਉਹ ਸਾਫ ਲਿਖਦੇ ਹਨ ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।" ਵਾਰ ਵਾਰ ਦ੍ਰਿੜਾਉਂਦੇ ਹਨ " ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ ।[1] ਨਾਲ ਹੀ ਇਹ ਵੀ ਸਪਸ਼ਟ ਕਰਦੇ ਹਨ ਕਿ "ਸਭ ਮਹਿ ਜੋਤਿ ਜੋਤਿ ਹੈ ਸੋਇ । ਤਿਸ ਦੇ ਚਾਨਣਿ ਸਭ ਮਹਿ ਚਾਨਣ ਹੋਇ ।"[2]

ਗੁਰੂ ਸਾਹਿਬ ਦੀ ਲੋਕ ਪ੍ਰਿਅਤਾ ਬਾਰੇ ਕਿਹਾ ਗਿਆ ਹੈ ਕਿ :-

"ਨਾਨਕ ਸ਼ਾਹ ਫਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ"

ਉਨ੍ਹਾਂ ਦਾ ਨਿਜੀ ਜੀਵਨ ਹੀ ਅਜਿਹਾ ਅਲੌਕਾਰੀ ਹੈ ਜਿਸ ਨੂੰ ਵਿਚਾਰ ਕੇ ਇਕ ਅਤਿ ਉਤਮ ਵਿਅਕਤੀ ਦੀ ਸਦੀਵ ਰਹਿਣੀ ਹੋਂਦ ਦਾ ਅਹਿਸਾਸ ਜਿਹਾ ਪੈਦਾ ਹੁੰਦਾ ਹੈ । ਗੁਰੂ ਸਾਹਿਬ ਜਮਾਂਦਰੂ ਦਾਰਸ਼ਨਿਕ, ਬ੍ਰਹਮਵੇਤਾ, ਵਿਚਾਰਵਾਨ ਅਤੇ ਕਵੀ ਸਨ । ਉਹ ਬਹੁਤ ਮਹਾਨ ਸੈਲਾਨੀ, ਲੋਕ ਹਿਤੂ, ਸਫਲ ਗ੍ਰਿਹਸਤੀ ਅਤੇ ਪਰਮ ਮਨੁੱਖ ਸਨ । ਉਹ ਵਿਚਾਰਵਾਨਾਂ ਨਾਲ ਵਿਚਾਰ ਕਰਦੇ, ਪ੍ਰਚਲਤ ਕੁਰਹਿਤਾਂ ਨੂੰ ਖਤਮ ਕਰਦੇ , ਅਗਿਆਨੀਆਂ ਨੂੰ ਗਿਆਨ ਦੀ ਸੂਝ ਦੇਂਦੇ, ਪਾਪੀਆਂ ਨੂੰ ਤਾਰਦੇ, ਸਧਾਰਨ ਮਨੁੱਖਾਂ ਨੂੰ ਅਸਾਧਾਰਨ , ਨੀਵਿਆਂ ਨੂੰ ਉਤੱਮ ਮਨੁੱਖ ਬਣਾਉਂਦੇ ਸਨ । ਉਨ੍ਹਾਂ ਨੇ ਹਰ ਧਰਮ ਦੇ ਪੈਰੋਕਾਰਾਂ ਨਾਲ ਮਿਲਕੇ ਉਨ੍ਹਾਂ ਦੀਆਂ ਚੰਗਿਆਈਆਂ ਦੀ ਹੋਰ ਮਹਾਨਤਾ ਦਰਸਾਈ ਅਤੇ ਬੁਰਿਆਈਆਂ ਪਿਛੇ ਛੁਪੀ ਅਸਲ ਮਹਾਨਤਾ ਨੂੰ ਅਗੇ ਲਿਆਂਦਾਂ । ਉਨ੍ਹਾਂ ਨੇ ਵਿਸ਼ਵ ਦੇ ਲਗਪਗ ਸਾਰੇ ਪ੍ਰਮੁੱਖ ਧਰਮਾਂ ਦੇ ਪੈਰੋਕਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ । ਕੁੱਝ ਸਾਝਾਂ ਪਾਈਆਂ ਅਤੇ ਕੁੱਝ ਭਿੰਨਤਾਵਾਂ ਦੀ ਅਸਲੀਅਤ ਨੂੰ ਬਿਆਨਿਆ । ਗੁਰੂ ਸਾਹਿਬ ਸਾਰੇ ਧਰਮਾਂ ਨੂੰ ਅਸਲ ਵਿੱਚ ਇਕੋ ਰੱਬ ਤੱਕ ਪਹੁੰਚਣ ਦੇ ਵੱਖੋ ਵੱਖਰੇ ਰਾਹ ਮੰਨਦੇ ਸਨ । ਉਨ੍ਹਾਂ ਦਾ ਮੱਤ ਸੀ ਕਿ ਅਸਲ ਵਿੱਚ ਸਾਰੇ ਮਨੁੱਖ ਇਕੋ ਧਰਮ ਦੇ ਅਨੁਆਈ ਹਨ, ਸਾਰਿਆਂ ਦਾ ਉਦੇਸ਼ ਇਕੋ "ਅੰਤਮ ਸੱਚ" ਨੂੰ ਪ੍ਰਾਪਤ ਕਰਨਾ ਹੈ ।[3] ਇਹ ਗੱਲ ਵੱਖ ਹੈ ਕਿ ਕੋਈ ਵਿਰਲਾ ਹੀ ਗੁਰਮਤਿ ਦੁਆਰਾ ਇਸ

---

1. ਆਸਾ ਪਦਾ-5, ਪੰਨਾ-350.

2. ਧਨਾਸਰੀ ਆਰਤੀ ਪਦਾ-7, ਪੰਨਾ-663.

3. ਏਕੋ ਧਰਮੁ ਦ੍ਰਿੜੈ ਸਭੁ ਕੋਈ
ਗੁਰਮਤਿ ਪੂਰਾ ਜੁਗਿ ਜੁਗਿ ਸੋਈ । (ਬਸੰਤ ਅਸਟਪਦੀ-3, ਪੰਨਾ-1188.)

ਉਦੇਸ਼ ਤੱਕ ਪਹੁੰਚਦਾ ਹੈ । ਸਭ ਧਰਮਾਂ ਵਿੱਚ ਆਪੋ ਆਪਣੀ ਕਿਸਮ ਦਾ "ਅੰਤਿਮ ਸੱਚ" ਹੈ । ਇਸ ਵਿੱਚ ਕੁੱਝ ਸਾਂਝਾਂ ਵੀ ਹਨ ਅਤੇ ਕੁੱਝ ਵਖਰੇਵੇਂ ਵੀ ਹਨ । ਪਰ ਇਹ ਗੱਲ ਇਸ ਚੀਜ਼ ਦਾ ਸਬੂਤ ਹੈ ਕਿ ਬ੍ਰਹਮ ਦਾ ਅਹਿਸਾਸ ਵੀ ਬ੍ਰਹਮ ਵਾਂਗ ਸਰਵ-ਵਿਆਪਕ ਹੈ। ਗੁਰੂ ਸਾਹਿਬ ਨੇ ਆਪਣੇ ਮੌਲਿਕ ਢੰਗ ਰਾਹੀਂ ਹਰ ਧਰਮ ਦੇ ਪੈਰੋਕਾਰ ਦਾ ਇਹ ਅਸਲੀਅਤ ਦਾ ਅਹਿਸਾਸ ਵਧਾਉਣ ਦਾ ਯਤਨ ਕੀਤਾ ਹੈ । ਇਸੇ ਕਾਰਨ ਗੁਰੂ ਸਾਹਿਬ ਵਿਸ਼ਵ ਗੁਰੂ ਕਹਿਲਾਉਣ ਦੇ ਹੱਕਦਾਰ ਜਾਪਦੇ ਹਨ ।

"ਬ੍ਰਹਮ ਕੀ ਹੈ ?" ਵਿਚਾਰ ਦਾ "ਅੰਤਿਮ ਸੱਚ" । "ਅੰਤਿਮ" ਕੀ ਹੈ ਜੋ ਸਭ ਦ੍ਰਿਸ਼ਟਮਾਨਤਾ ਦੇ ਆਖਰ ਵਿੱਚ ਹੈ, ਜੋ ਸਰੂਪ ਅਤੇ ਅਰੂਪ ਵਿੱਚ ਇਕ ਕੜੀ ਹੈ, ਜੋ ਅੰਤਤਾ ਅਤੇ ਅਨੰਤਤਾ ਦਾ ਮੇਲ ਹੈ, ਭਾਵ ਉਹ ਜਿਸ ਤੋਂ ਅਗਾਂਹ ਕੁੱਝ ਜਾਣਿਆ ਨਹੀਂ ਜਾ ਸਕਦਾ, ਜੋ ਸਰਵ ਵਿਆਪਕ ਹੈ, ਜੋ ਹਮੇਸ਼ਾਂ, ਹਰ ਸਮੇਂ, ਹਰ ਹਾਲਤ ਵਿਚ "ਅੰਤਿਮ" ਹੈ । ਅਤੇ "ਸੱਚ" ਕੀ ਹੈ ? ਜਿਸ ਦੀ "ਹੋਂਦ" ਹੈ, ਜੋ ਹਮੇਸ਼ਾਂ ਹੈ, ਸਥਿਰ ਹੈ ਜੋ ਵਿਸ਼ਵ ਦੇ ਸਾਪੇਖ "ਸੱਚ" ਨਾਲ ਸਬੰਧਤ ਹੈ ਪਰ ਤਾਂ ਵੀ ਸਾਪੇਖ ਰਹਿਤ ਹੈ, ਅਕਾਲ ਹੈ, ਸਦੈਵ ਹੈ । ਜੋ ਸਾਰੇ ਸਾਪੇਖ ਸਤ ਦਾ ਅਧਾਰ ਹੈ । ਸੋ ਬ੍ਰਹਮ ਦਾ ਭਾਵ ਹੈ ਉਹ ਜੋ ਹਮੇਸ਼ਾਂ ਹੈ ਤੇ ਜੋ ਸਭ ਦ੍ਰਿਸ਼ਟਮਾਨ ਵਸਤਾਂ ਦਾ ਅਧਾਰ ਹੈ ਜੋ ਸਭ ਤੋਂ ਅੰਤ ਵਿੱਚ ਵਿਆਪਕ ਹੈ । ਇਸ ਦਾ ਭਾਵ ਇਹ ਨਹੀਂ ਕਿ ਅੰਤ ਤੋਂ ਪਹਿਲਾਂ ਬ੍ਰਹਮ ਤੋਂ ਬਿਨਾਂ ਕੁੱਝ ਹੋਰ ਹੈ ਨਹੀਂ ? ਇਹ ਵੀ ਅਸਲ ਵਿਚ ਬ੍ਰਹਮ ਹੀ ਹੈ ਪਰ ਇਹ ਬ੍ਰਹਮ ਦਾ ਸਤ ਰੂਪ, ਨਹੀਂ, ਸਥਾਈ ਰੂਪ ਨਹੀਂ ਸਗੋਂ ਮਿਥਿਆ ਰੂਪ, ਮਾਇਆ ਰੂਪ ਹੈ, ਅਸਥਾਈ ਰੂਪ ਹੈ ਜੋ ਆਪਣੀ ਹੋਂਦ ਲਈ "ਸਦੈਵ ਰਹਿਣੇ" "ਅੰਤਿਮ ਸੱਤ" ਉੱਤੇ ਅਧਾਰਿਤ ਹੈ । ਇਸ ਤਰਾਂ ਵਿਸ਼ਵ ਸਤ ਅਧਾਰਿਤ ਸਤ ਹੈ ਜਦ ਕਿ ਬ੍ਰਹਮ ਸੁਤੰਤਰ ਸਤ ਹੈ, ਅੰਤਿਮ ਸਤ ਹੈ ।

"ਬ੍ਰਹਮ" ਸ਼ਬਦ ਦੇ ਸ਼ਾਬਦਿਕ ਅਰਥ ਸਮੇਂ ਸਮੇਂ ਬਦਲਦੇ ਰਹੇ ਹਨ । ਪਰ ਮੂਲ ਨਹੀਂ । ਕਿਉਂਜੋ ਇਹ ਬਦਲ ਹੀ ਨਹੀ ਸਕਦਾ । ਬ੍ਰਹਮ ਇਕ ਹੈ ਪਰ ਇਸ ਦੇ ਸਰੂਪ ਦੋ ਹਨ - ਸਿਰਜਨਾ ਰਹਿਤ ਅਤੇ ਸਿਰਜਨਾ ਸਮੇਤ, ਨਿਰਗੁਣ ਅਤੇ ਸਰਗੁਣ । ਨਿਰਗੁਣ ਬ੍ਰਹਮ ਅਕੱਥ, ਅਲੱਖ, ਅਤੁਲ , ਅਪਾਰ ਹੈ । ਉਸ ਦੇ ਸਰੂਪ ਨੂੰ ਬਿਆਨ ਨਹੀ ਕੀਤਾ ਜਾ ਸਕਦਾ ਕਿਉਂਜੋ ਉਸ ਵਿਚ ਕੋਈ ਭੌਤਿਕ ਚੇਤਨਾ ਤੇ ਦਵੈਤ ਹੈ ਹੀ ਨਹੀਂ, ਜਿਹੜਾ ਉਸ ਨੂੰ ਬਿਆਨ ਕਰ ਸਕੇ । ਉਹ ਆਪ ਹੀ , ਆਪਣੇ ਆਪ ਨੂੰ ਉਪਾ ਕੇ ਆਪ ਹੀ ਖੁਸ਼ ਹੋ ਰਿਹਾ ਹੁੰਦਾ ਹੈ । ਇਸ ਸਰੂਪ ਵਿਚ ਵੀ ਬ੍ਰਹਮ ਦਾ ਹੁੱਕਮ ਅਤੇ ਸ਼ਬਦ ਅਰੂਪ ਰੂਪ ਵਿੱਚ ਵਿਆਪਕ ਹੁੰਦੇ ਹਨ । ਇਹ ਸੱਭ ਕੁੱਝ ਬ੍ਰਹਮ ਹੀ ਹੁੰਦਾ ਹੈ । ਇਹ ਸਰੂਪ ਸਤ ਚਿਤ ਆਨੰਦ ਸਰੂਪ ਹੈ । ਇਸ ਅਵਸਥਾ ਬਾਰੇ "ਅਰਬਦ ਨਰਬਦ ਧੁੰਧੂਕਾਰਾ। "ਸੁੰਨ" ਕਰਿਕੇ ਸੰਕੇਤ ਹੀ ਦਿੱਤਾ ਜਾ ਸਕਦਾ ਹੈ । ਬਿਆਨਿਆ ਨਹੀ ਜਾ ਸਕਦਾ । ਪਰ ਇਹ ਗੱਲ ਪ੍ਰਤੱਖ ਹੈ ਕਿ ਉਹ ਆਪਣੇ ਉਚੱਤਮ ਰੂਪ ਵਿੱਚ ਸਿਰਜਨਾ ਤੋਂ ਪਹਿਲਾਂ ਵੀ, ਸਿਰਜਨਾ ਦੌਰਾਨ ਵੀ ਅਤੇ ਸਿਰਜਨਾ ਤੋਂ ਬਾਅਦ ਵੀ ਕਾਇਮ ਰਹਿੰਦਾ ਹੈ । ਜਦੋਂ ਇਸ ਦੀ ਮਰਜ਼ੀ ਹੁੰਦੀ ਹੈ ਤਾਂ

ਆਪਣੇ ਹੁੱਕਮ ਨਾਲ ਮਾਇਆ ਦੇ ਤਿੰਨ ਗੁਣ ਸਤੋ, ਰਜੋ, ਤਮੋ ਸਿਰਜਕੇ ਈਸ਼ਵਰ ਰੂਪ ਧਾਰਕੇ ਸਰਗੁਣ ਸਰੂਪ ਵਿੱਚ ਆ ਜਾਂਦਾ ਹੈ।

ਸਾਰੀ ਸਿਰਜਨਾ ਬ੍ਰਹਮ ਦਾ ਸਰਗੁਣ ਸਰੂਪ ਹੈ। ਇਸ ਸਰੂਪ ਵਿੱਚ ਬ੍ਰਹਮ ਆਪਣੀ ਸ਼ਕਤੀ ਮਾਇਆ ਸਿਰਜਦਾ ਹੈ ਜਿਸ ਦੇ ਤਿੰਨ ਗੁਣ ਹਨ- ਸਤ, ਰਜ, ਤਮ ਜਿਨ੍ਹਾਂ ਦੀ ਪ੍ਰਤੀਨਿਧਤਾ ਬ੍ਰਹਮਾ, ਬਿਸ਼ਨ, ਮਹੇਸ਼ ਕ੍ਰਮਵਾਰ ਕਰਦੇ ਹਨ। ਸਤੋ ਗੁਣ ਬ੍ਰਹਮਾ ਵਿਸ਼ਵ ਸਿਰਜਨਾ ਕਰਦਾ ਹੈ, ਰਜੋ ਗੁਣ ਬਿਸ਼ਨੁ ਸਿਰਜਨਾ ਨੂੰ ਕਰਮਸ਼ੀਲ ਕਰਕੇ ਇਸ ਨੂੰ ਰੋਜ਼ੀ ਕਮਾਉਣ ਲਾਕੇ ਪਾਲਣਾ ਕਰਦਾ ਹੈ ਅਤੇ ਤਮੋ ਗੁਣ ਮਹੇਸ਼ ਇਸ ਦਾ ਸੰਹਾਰ ਕਰਦਾ ਹੈ। ਇਹ ਇਕ ਪ੍ਰਕਾਰ ਨਾਲ ਬ੍ਰਹਮ ਦੀ ਖੇਡ ਹੈ ਜਿਹੜੀ ਹਰ ਸਮੇਂ ਹਰ ਥਾਂ ਤੇ ਹੋ ਰਹੀ ਹੈ। ਇਸ ਸਾਰੀ ਖੇਡ ਵਿੱਚ ਬ੍ਰਹਮ ਨਿਰਗੁਣ ਰੂਪ ਵਿੱਚ ਰਵ ਰਿਹਾ ਹੈ, ਆਪਣੇ ਹੁੱਕਮ ਅਤੇ ਸ਼ਬਦ ਰਾਹੀਂ ਸਾਰੀ ਖੇਡ ਖਿਡਾ ਰਿਹਾ ਹੈ। ਇਸ ਤਰ੍ਹਾਂ ਬ੍ਰਹਮ ਦਾ ਅੰਤਰਵਿਆਪਕ ਇਹ ਰੂਪ ਤੇ ਸਾਰੀ ਸਿਰਜਨਾ ਰੂਪੀ ਮਾਇਆ ਇਕ ਪ੍ਰਕਾਰ ਨਾਲ ਵਿਸ਼ਵ ਦੇ ਮੂਲ ਨਰ ਅਤੇ ਮਾਦਾ ਰੂਪ ਵਿੱਚ ਸਾਹਮਣੇ ਆਉਂਦੇ ਹਨ, ਜਿਸ ਲਈ ਗੁਰੂ ਸਾਹਿਬ "ਸ਼ਿਵ-ਸਕਤਿ" ਸ਼ਬਦ ਵਰਤਦੇ ਹਨ। ਮਾਇਆ ਦੇ ਸਤ, ਰਜ, ਤਮ ਨੂੰ ਆਪਣੇ ਕੰਮਾਂ ਵਿਚ ਕਰਮਸ਼ੀਲ ਕਰਨ ਵਾਲਾ ਅਸਲ ਵਿੱਚ ਇਹ ਬ੍ਰਹਮ ਹੀ ਸ਼ਿਵ ਰੂਪ ਵਿਚ ਹੈ। ਆਪਣੇ ਨਿਰਗੁਣ ਸਰੂਪ ਵਾਂਗ ਬ੍ਰਹਮ ਆਪਣੇ, ਸਰਗੁਣ ਸਰੂਪ ਵਿੱਚ ਵੀ ਸੱਭ ਕੁੱਝ ਆਪੇ ਆਪ ਹੀ ਹੈ। ਉਹ ਆਪੇ ਰਸੀਆ ਆਪ ਰਸ ਆਪੇ ਰਾਵਣਹਾਰ ਹੋਕੇ ਇਸ ਖੇਡ ਦਾ ਆਨੰਦ ਮਾਣਦਾ ਹੈ। ਉਹ ਵਿਸ਼ਵ ਦੇ ਅੰਦਰ ਵੀ ਹੈ, ਬਾਹਰ ਵੀ, ਉਪਰ ਵੀ ਹੇਠਾਂ ਵੀ, ਸੱਭ ਪਾਸੇ ਹੀ ਹੈ। ਜੜ੍ਹ ਅਤੇ ਚੇਤਨ ਸਾਰੀ ਪ੍ਰਕ੍ਰਿਤੀ ਬ੍ਰਹਮ ਦਾ ਹੀ ਸਰਗੁਣ ਸਰੂਪ ਹੈ। ਸਰਵ ਸੰਪੂਰਨ ਬ੍ਰਹਮ ਇਵੇਂ ਜੀਵ ਰੂਪ ਹੈ ਪਰ ਤਾਂ ਵੀ ਜੀਵ ਤੋਂ ਭਿੰਨ ਹੈ, ਪ੍ਰਕ੍ਰਿਤੀ ਰੂਪ ਹੈ ਪਰ ਤਾਂ ਵੀ ਪ੍ਰਕ੍ਰਿਤੀ ਤੋਂ ਭਿੰਨ ਹੈ। ਸਰਵ ਜੀਵਾਂ ਦੀ ਆਤਮਾ ਹੈ। ਅਨੇਕ ਰੂਪ ਹੁੰਦਾ ਹੋਇਆ ਵੀ ਇੱਕ ਹੈ। ਸਰਵ ਰੂਪ ਹੁੰਦਾ ਹੋਇਆ ਵੀ ਬੁਰਿਆਈਆਂ ਤੋਂ ਰਹਿਤ ਹੈ ਅਤੇ ਸਤਿਆਕਾਮੀ ਹੈ। ਬ੍ਰਹਮ "੧" ਹੈ ਪਰ ਤਾਂ ਵੀ ਇੱਕ ਸੀਮਾਂ ਵਿੱਚ ਅਨੇਕ ਹੈ, ਈਸ਼ਵਰ ਅਤੇ ਜੀਵ ਆਤਮਾ ਆਪਸ ਵਿੱਚ ਅਭੇਦ ਹੈਨ ਪਰ ਤਾਂ ਵੀ ਆਪਣੇ ਪ੍ਰਤੱਖ ਰੂਪ ਵਿੱਚ ਵਿਭਿੰਨ ਹਨ। ਇੰਜ ਸਰਗੁਣ ਸਰੂਪ ਬ੍ਰਹਮ ਦਾ ਏਕਤਾ-ਅਨੇਕਤਾ ਅਤੇ ਭੇਦਤਾ-ਅਭੇਦਤਾ ਦਾ ਇਕ ਖੇਲ ਹੈ। ਏਕਤਾ-ਅਨੇਕਤਾ-ਏਕਤਾ ਅਤੇ ਅਭੇਦਤਾ-ਭੇਦਤਾ-ਅਭੇਦਤਾ ਇਹ ਬ੍ਰਹਮ ਦਾ ਖੇਲ ਹੈ।

ਬ੍ਰਹਮ ਹੀ ਜੀਵ ਰੂਪ ਹੈ ਪਰ ਤਾਂ ਵੀ ਜੀਵ ਬ੍ਰਹਮ ਨਾਲੋਂ ਭਿੰਨ ਹੈ। ਬ੍ਰਹਮ ਆਪ ਹੀ ਮਾਇਆ ਨਾਲ ਅਗਿਆਨਤਾ ਅਤੇ ਦਵੈਤ ਭਾਵ ਪੈਦਾ ਕਰਕੇ ਜੀਵਾਂ ਨੂੰ ਆਪਣੀ ਅਸਲੀਅਤ ਭੁਲਾ ਦੇਂਦਾ ਹੈ। ਬ੍ਰਹਮ ਹਰ ਜੀਵ ਨੂੰ ਆਪਣੇ ਹੁੱਕਮ ਅਨੁਸਾਰ ਵੱਖੋ ਵੱਖਰੀ ਸੁਰਤੀ ਦੇਕੇ ਹਉਮੈ ਵਿੱਚ

ਫਸਾ ਦੇਂਦਾ ਹੈ । ਸਿੱਟੇ ਵਜੋਂ ਜੀਵ ਆਪਣੀ ਆਤਮਾ ਕਾਰਨ ਪਰਮਾਤਮਾ ਦੀ ਅੰਸ, ਹੁੰਦੇ ਹੋਏ ਵੀ ਮਾਇਆ ਦੀ ਅਗਿਆਨਤਾ ਅਤੇ ਦਵੈਤ ਭਾਵ ਵਿੱਚ ਫੈਸਕੇ ਆਪਣੀ ਛੋਟੀ ਜਿਹੀ ਹੋਂਦ ਨੂੰ ਸਮੁੱਚੇ ਬ੍ਰਹਿਮੰਡ ਦੀ ਵਿਸ਼ਾਲ ਹੋਂਦ ਨਾਲੋਂ ਭਿੰਨ ਸਮਝਣ ਲੱਗ ਪੈਂਦਾ ਹੈ । ਇਸ ਭਿੰਨਤਾ ਵਿੱਚ ਉਹ ਆਪਣੀ ਨਿਵੇਕਲੀ ਹੀ ਮਾਇਆ ਸਿਰਜ ਲੈਂਦਾ ਹੈ । ਇਸ ਵਿੱਚ ਫਿਰ ਉਹ ਅਜਿਹਾ ਭਰਮਦਾ ਹੈ ਕਿ ਚੁਰਾਸੀਆਂ ਦੇ ਗੇੜ ਵਿੱਚ ਗਿੜਨ ਲੱਗ ਪੈਂਦਾ ਹੈ । ਫਿਰ ਇਸ ਚੁਰਾਸੀਆਂ ਦੇ ਗੇੜ ਵਿਚੋਂ ਜੀਵ ਦੀ ਉਦੋਂ ਤੱਕ ਮੁਕਤੀ ਨਹੀਂ ਹੁੰਦੀ ਜਦੋਂ ਤੱਕ ਪਰਮਾਤਮਾ ਆਪ ਹੀ ਕਿਰਪਾ ਕਰਕੇ ਜੀਵ ਦਾ ਮੇਲ ਸਤਿਗੁਰੂ ਨਾਲ ਨਾ ਕਰਵਾਂ ਦੇਵੇ ਅਤੇ ਜੀਵ ਸਤਿਗੁਰੂ ਦੁਆਰਾ ਬਖਸ਼ੇ ਨਾਮ ਦਾ ਸਿਮਰਨ ਕਰਕੇ, ਗੁਰੂ ਕਿਰਪਾ ਰਾਹੀਂ ਹਉਮੈ ਖਤਮ ਕਰਕੇ ਨਾਮ ਵਿੱਚ ਅਭੇਦ ਨਾ ਹੋ ਜਾਵੇ । ਦੂਜੇ ਸ਼ਬਦਾਂ ਵਿਚ ਜੱਦ ਤੱਕ ਬ੍ਰਹਮ ਆਪ ਹੀ ਆਪਣੇ ਹੀ ਆਪੇ ਤੋਂ ਆਪ ਹੀ ਕਿਰਪਾ ਕਰਕੇ ਆਪ ਹੀ ਨਾਮ ਜੱਪ ਕੇ ਆਪੇ ਵਿੱਚ ਹੀ ਅਭੇਦ ਨਾ ਹੋ ਜਾਵੇ । ਬੱਸ ਇਹੋ ਅਭੇਦਤਾ-ਭੇਦਤਾ-ਅਭੇਦਤਾ ਦਾ ਖੇਲ ਹੈ । ਜੀਵ ਉਤੇ ਕਿਰਪਾ ਤਾਂ ਹੁੰਦੀ ਹੈ ਜੇ ਜੀਵ ਸ਼ੁਭ ਕਰਮ ਕਮਾ ਕੇ ਗੁਣ ਪ੍ਰਾਪਤ ਕਰ ਲੈਂਦਾ ਹੈ । ਭਾਵੇਂ ਇਸ ਮਾਇਆ ਵਿੱਚ ਸ਼ੁਭ ਅਸ਼ੁਭ ਚੰਗਾ ਮੰਦਾ ਅਸਲ ਵਿੱਚ ਇਕ ਹੀ ਹਨ, ਇੱਕ ਹੀ ਸਿੱਕੇ ਦੇ ਦੋ ਸਿੱਧੇ ਪੁੱਠੇ ਪਾਸੇ ਹਨ ਪਰ ਤਾਂ ਵੀ ਮਾਇਆ ਵਿੱਚ ਸੁਸੀਮਤ ਜੀਵ ਲਈ ਸ਼ੁਭ ਅਸ਼ੁਭ ਅਤੇ ਚੰਗੇ ਮੰਦੇ ਦੀ ਸੀਮਾਂ ਨੂੰ ਸਵੀਕਾਰ ਕਰਨਾ ਜ਼ਰੂਰੀ ਹੀ ਹੈ । ਜਦੋਂ ਉਹ ਆਪ ਆਤਮਾ ਨੂੰ ਭਾਲਕੇ ਪਰਮਾਤਮਾ ਸਰੂਪ ਹੋਕੇ ਮਾਇਆ ਦੀ ਸੀਮਾਂ ਤੋਂ ਉਪਰ ਉੱਠ ਜਾਂਦਾ ਹੈ ਤਾਂ ਫਿਰ ਉਸ ਲਈ ਇਹ ਸ਼ੁਭ ਅਸ਼ੁਭ ਅਤੇ ਚੰਗੇ ਮੰਦੇ ਦੀ ਸੀਮਾਂ ਵੀ ਆਪਣੇ ਆਪ ਹੀ ਖਤਮ ਹੋ ਜਾਂਦੀ ਹੈ । ਜਿਵੇਂ ਅੱਗ ਵਿਚੋਂ ਅਨੇਕਾਂ ਚਿੰਗਾੜੇ ਨਿਕਲਦੇ ਹਨ ਉਸੇ ਤਰਾਂ, ਬ੍ਰਹਮ ਵਿਚੋਂ ਉਸਦੇ ਹੁੱਕਮ ਨਾਲ ਅਨੇਕਾਂ ਜੀਵ ਆਤਮਾਵਾਂ ਪੈਦਾ ਹੁੰਦੀਆਂ ਹਨ ਅਤੇ ਫਿਰ ਸਮਾਂ ਪੈਣ ਤੇ ਉਸ ਦੇ ਹੁੱਕਮ ਨਾਲ ਉਸੇ ਵਿੱਚ ਸਮਾ ਜਾਂਦੀਆਂ ਹਨ । ਪੰਜਾਂ ਤੱਤਾਂ ਅਤੇ ਜੀਵ ਆਤਮਾ ਦੇ ਮੇਲ ਨਾਲ ਜੀਵ ਹੋਂਦ ਵਿੱਚ ਆਉਂਦਾ ਹੈ । ਅਤੇ ਆਪਣੇ ਲਿਖੇ ਲੇਖੇ ਅਨੁਸਾਰ ਉਦੋਂ ਤੱਕ ਕਰਮਾਂ ਦਾ ਭੁਗਤਾਨ ਕਰਦਾ ਰਹਿੰਦਾ ਹੈ ਜਦੋਂ ਤੱਕ ਬ੍ਰਹਮ ਉਸ ਨੂੰ ਆਪਣੀ ਮਰਜ਼ੀ ਨਾਲ ਕਿਰਪਾ ਕਰਕੇ ਆਪਣੇ ਵਿੱਚ ਨਹੀਂ ਸਮਾ ਲੈਂਦਾ । ਇਕੋ ਬ੍ਰਹਮ ਆਪਣੀ ਮਰਜ਼ੀ ਨਾਲ ਆਪਣੇ ਹੁੱਕਮ ਰਾਹੀਂ ਅਨੇਕ ਹੋਕੇ ਮੁੜ ਇਕ ਨਹੀਂ ਹੋ ਜਾਂਦਾ , ਅਭੇਦ ਤੋਂ ਭੇਦ ਹੋਕੇ ਮੁੜ ਅਭੇਦ ਨਹੀਂ ਹੋ ਜਾਂਦਾਂ।

ਮਾਇਆ ਬ੍ਰਹਮ ਦੀ ਅਜਿਹੀ ਸ਼ਕਤੀ ਹੈ ਜਿਹੜੀ ਉਹ ਜਗਤ ਸਿਰਜਨਾ ਲਈ ਪੈਦਾ ਕਰਦਾ ਹੈ ਤੇ ਜਿਸ ਦੇ ਤਿੰਨ ਗੁਣ ਹਨ । ਮਾਇਆ ਨੂੰ ਪੈਦਾ ਕਰਕੇ ਬ੍ਰਹਮ ਆਪ ਵਿਸ਼ਵ ਦਾ ਨਰ ਸਿਧਾਂਤ ਈਸ਼ਵਰ ਜਾਂ ਸ਼ਿਵ ਬਣ ਜਾਂਦਾ ਹੈ ਅਤੇ ਮਾਇਆ ਮਾਦਾ ਸਿਧਾਂਤ, ਜਾਂ ਸ਼ਕਤੀ ਬਣ ਜਾਂਦੀ ਹੈ । ਇਸ ਮਾਇਆ ਸ਼ਕਤੀ ਦੀਆਂ ਦੋ ਤਾਕਤਾਂ ਹਨ, ਇਕ ਤਾਂ ਭਰਮਾਊ ਸ਼ਕਤੀ ਜਿਸ ਸਦਕਾ ਇਹ ਇਕੋ ਬ੍ਰਹਮ ਨੂੰ ਅਨੇਕ ਰੂਪ ਦੇ ਦੇਂਦੀ ਹੈ, ਦੂਜੀ ਹੈ ਪ੍ਰਤੀਬਿੰਬਤ ਸ਼ਕਤੀ ਜਿਸ ਸਦਕਾ ਇਹ ਬ੍ਰਹਮ

ਦੀ ਅਸਲੀਅਤ ਨੂੰ ਛੁਪਾ ਕੇ ਉਸ ਦੇ ਪ੍ਰਤੀਬਿੰਬ ਨੂੰ ਸਾਹਮਣੇ ਲਿਆਉਂਦੀ ਹੈ ਹਉਮੈ, ਦਵੈਤ ਅਤੇ ਦੁਬਿਧਾ ਪੈਦਾ ਕਰਦੀ ਹੈ । ਹਉਮੈ ਅਤੇ ਦੁਬਿਧਾ ਨਾਲ ਇਹ ਜੀਵ ਨੂੰ ਆਪਣੀ ਬ੍ਰਹਮਮਈ ਅਸਲੀਅਤ ਭੁਲਾ ਕੇ, ਅਗਿਆਨਤਾ ਵਿੱਚ ਫਸਾਉਂਦੀ ਹੈ । ਮਾਇਆ ਅਨੇਕ ਰੰਗੀ ਹੈ, ਸੁਹਣੀ ਹੈ, ਲੁਭਾਉਣੀ ਹੈ, ਇਹ ਆਪਣੇ ਰੰਗਾਂ ਰੰਗਾ ਨਾਲ ਵਿਸ਼ਵ ਜੀਵਾਂ ਨੂੰ ਚੱਕਾ ਚੌਧ ਕਰ ਦੇਂਦੀ ਹੈ । ਇਸ ਦੀ ਹਰ ਚੀਜ਼ ਆਪਣੇ ਆਪ ਵਿੱਚ ਇਕ ਵਿਲੱਖਣਤਾ ਦਰਸਾਉਂਦੀ ਹੈ । ਅਵਰਨਣਯ ਬ੍ਰਹਮ ਵਾਂਗ ਇਹ ਵੀ ਅਵਰਨਣਯ ਹੈ ਪਰ ਇਹ ਵਿਨਾਸ਼ਸ਼ੀਲ ਹੈ, ਜੀਵ ਨੂੰ ਆਪਣੇ ਵਿੱਚ ਭੁਚਲਾ ਕੇ ਕੇਵਲ ਆਪਣੇ ਵੱਲ ਖਿੱਚ ਕੇ ਮੋਹ ਮਾਇਆ ਦੇ ਧੰਧਿਆਂ ਵ੍ਹਿਚ ਹੀ ਲਾ ਸਕਦੀ ਹੈ ਉਸ ਦਾ ਪਰਮਾਤਮਾ ਤੱਕ ਜਾਣ ਲਈ ਸਾਥ ਨਹੀਂ ਦੇ ਸਕਦੀ । ਇਹ ਜੀਵ ਨੂੰ ਪਰਮਾਤਮਾ ਤੱਕ ਲਿਜਾ ਹੀ ਨਹੀਂ ਸਕਦੀ । ਇਹ ਜੀਵ ਨੂੰ ਪਰਮਾਤਮਾ ਤੋਂ ਦੂਰ ਲਿਜਾਂਦੀ ਹੈ ਅਤੇ ਪਰਮਾਤਮਾ ਤੱਕ ਪਹੁੰਚੇ ਹੋਏ ਜੀਵ ਕੋਲੋਂ ਆਪ ਹੀ ਦੂਰ ਹੋ ਜਾਂਦੀ ਹੈ । ਮਾਇਆ ਬਾਰੇ ਵੇਦਾਂਤ ਵਿੱਚ ਬਹੁਤ ਵਿਚਾਰ ਕੀਤੀ ਗਈ ਹੈ , ਸਾਂਖ ਮਤ ਅਤੇ ਯੋਗਮੱਤ ਵਿੱਚ ਵੀ । ਥੋੜੀ ਬਹੁਤੀ ਭਿੰਨਤਾ ਬਾਅਦ ਸੱਭ ਇਸ ਗੱਲ ਨਾਲ ਸਹਿਮਤ ਹਨ ਕਿ ਮਾਇਆ ਸਿਰਜਨਾ ਸ਼ਕਤੀ ਵੀ ਹੈ ਅਤੇ ਭਰਮਾਊ ਸ਼ਕਤੀ ਵੀ ਹੈ । ਮਾਇਆ ਵਿੱਚ ਹਰ ਚੀਜ਼ ਦੀ ਦਵੈਤ ਹੈ, ਹਰ ਚੀਜ ਦੀਆਂ ਦੋ ਸਵੈ- ਵਿਰੋਧੀ ਅਤਾਂ ਹਨ ।- ਅਤਿ ਦੀ ਚੰਗਿਆਈ ਅਤੇ ਅਤਿ ਦੀ ਬੁਰਿਆਈ । ਜਿਹੜਾ ਇਨਾਂ ਅਤਾਂ ਵਿਚੋਂ ਨਿਕਲਕੇ ਇਕ ਸੰਤੁਲਤ ਜੀਵਨ ਜੀਉ ਸਕਣ ਦੇ ਸਮਰੱਥ ਹੋ ਜਾਂਦਾ ਹੈ ਉਸੇ ਦਾ ਗੁਰੂ ਕਿਰਪਾ ਨਾਲ ਸਹਿਜ ਦੇ ਘਰ ਵਾਸਾ ਹੋ ਜਾਂਦਾ ਹੈ । ਮਾਇਆ ਸਭ ਕੋਲੋਂ ਕਰਮ ਕਰਵਾਉਂਦੀ ਹੈ ਪਰ ਆਪ ਕਰਮ ਨਹੀਂ ਕਰਦੀ । ਗੁਰੂ ਸਾਹਿਬ "ਮਾਇਆ" ਬਾਰੇ ਪਏ ਸੱਭ ਭੁਲੇਖੇ ਦੂਰ ਕਰਕੇ ਇਸ ਨੂੰ ਸੁਧੇ ਉਪਨਿਸ਼ਦਿਕ ਢੰਗ ਵਿੱਚ ਦਰਸਾਉਂਦੇ ਹਨ ਤੇ ਇਸ ਦੀ ਹਰ ਪੱਖ ਤੇ ਬਰੀਕਬੀਨੀ ਨਾਲ ਵਿਚਾਰ ਕਰਕੇ ਬ੍ਰਹਮ ਦੇ ਅਭੇਦ-ਭੇਦ-ਅਭੇਦ ਅਤੇ ਇਕ -ਅਨੇਕ-ਇਕ ਦੇ ਅਚੰਭਿਤ ਕਰਨ ਵਾਲੇ ਰਹਸਮਈ ਖੇਲ ਨੂੰ ਸਾਕਾਰ ਕਰਦੇ ਹਨ ।

ਗੁਰੂ ਸਾਹਿਬ ਇਸ ਮਤ ਦੇ ਅਨੁਸਾਰੀ ਹਨ ਕਿ ;- ਜੋ ਬ੍ਰਹਿਮੰਡੇ ਸੋਈ ਪਿੰਡੇ" । ਬ੍ਰਹਿਮੰਡ ਵਿੱਚ ਬ੍ਰਹਮ ਪਰਮਾਤਮਾ ਰੂਪ ਵਿੱਚ ਵਿਆਪ ਰਿਹਾ ਹੈ ਅਤੇ ਪਿੰਡ ਵਿੱਚ ਆਤਮਾ ਰੂਪ ਵਿੱਚ । ਉਪਨਿਸ਼ਦਾਂ ਵਿੱਚ ਸਪਸ਼ਟ ਤੌਰ ਤੇ ਆਤਮਾ ਪਰਮਾਤਮਾ ਦੀ ਅਭੇਦਤਾ ਦਰਸਾਈ ਗਈ ਹੈ ਪਰ ਬਾਅਦ ਦੇ ਭਾਸ਼ਕਾਰਾਂ ਵਿੱਚ ਆਤਮਾ ਪਰਮਾਤਮਾ ਦੇ ਸਬੰਧਾਂ ਬਾਰੇ ਵਿਭਿੰਨ ਪ੍ਰਕਾਰ ਦੀ ਵਿਚਾਰ ਹੁੰਦੀ ਰਹੀ । ਗੁਰੂ ਸਾਹਿਬ ਨੇ ਸਪਸ਼ਟ ਕੀਤਾ ਕਿ ਅਸਲੀਅਤ ਇਹੋ ਹੈ ਕਿ ਆਤਮਾ ਪਰਮਾਤਮਾ ਆਪਸ ਵਿੱਚ ਅਭੇਦ ਹਨ, ਇਕੋ ਬ੍ਰਹਮ ਜੋਤ ਹਨ, ਪਰ ਇਹ ਅਵਸਥਾ ਹਮੇਸ਼ਾਂ ਕਾਇਮ ਹੁੰਦੇ ਹੋਏ ਵੀ ਆਤਮਾ ਅਤੇ ਪਰਮਾਤਮਾ ਮਾਇਆ ਦੀ ਵਿਸ਼ੇਸ਼ ਸੁਰਤੀ, ਹਉਮੈ, ਦਵੈਤ ਅਤੇ ਦੁਬਿਧਾ ਕਾਰਨ ਇੱਕ

ਦੂਜੇ ਤੋਂ ਭਿੰਨ ਹਨ, ਜਿਵੇਂ ਸਮੁੰਦਰ ਨਾਲੋਂ ਸਮੁੰਦਰ ਦੀਆਂ ਬੂੰਦਾਂ ਸਿੱਪਾਂ ਵਿੱਚ ਬੰਦ ਹੋਕੇ ਵੱਖ ਹੋ ਜਾਂਦੀਆਂ ਹਨ। ਇੰਜ ਗੁਰੂ ਸਾਹਿਬ ਨੇ ਬ੍ਰਹਮ ਦੇ ਅਭੇਦ-ਭੇਦ-ਅਭੇਦ, ਇੱਕ -ਅਨੇਕ-ਇੱਕ ਦੇ ਖੇਲ ਦਾ ਵਰਣਨ ਕਰਕੇ ਸਮੱਸਿਆ ਨੂੰ ਹੱਲ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਬ੍ਰਹਿਮੰਡ ਪਰਮਾਤਮਾ ਦਾ ਸਰੀਰ ਹੈ ਅਤੇ ਖੰਡ ਜਾਂ ਪਿੰਡ ਜੀਵ ਆਤਮਾ ਦਾ ਸਰੀਰ ਹੈ। ਜਿਵੇਂ ਪਾਣੀ ਦੇ ਇਕ ਕੱਤਰੇ ਵਿੱਚ ਉਹ ਸੱਭ ਕੁੱਝ ਮੌਜੂਦ ਹੈ ਜੋ ਸਾਰੇ ਸਮੁੰਦਰ ਦੇ ਪਾਣੀ ਵਿੱਚ ਹੈ। ਇਸੇ ਤਰਾਂ ਜੀਵ ਵਿੱਚ ਉਹ ਸੱਭ ਕੁੱਝ ਕਾਇਮ ਰਹਿੰਦਾ ਹੈ ਜੋ ਸਾਰੇ ਬ੍ਰਹਿਮੰਡ ਵਿੱਚ ਹੈ। ਭੌਤਿਕ ਰੂਪ ਵਿੱਚ, ਕਾਰਜ-ਸ਼ੀਲਤਾ ਦੇ ਖੇਤਰ ਵਿੱਚ ਵੀ ਅਤੇ ਆਤਮਿਕ ਰੂਪ ਵਿੱਚ ਵੀ। ਪਰ ਜਿਵੇਂ ਸਮੁੰਦਰ ਵਿੱਚ ਬੂੰਦ ਅਭੇਦ ਹੋਕੇ ਸਮੁੰਦਰ ਵਿੱਚ ਵੱਸਣ ਲੱਗ ਪੈਂਦੀ ਹੈ, ਤੇਵੇਂ ਪਰਮਾਤਮਾ ਅਤੇ ਆਤਮਾ ਦੇ ਸਮੁੰਦਰ ਅਤੇ ਬੂੰਦ ਦੇ ਸਬੰਧ ਵਿੱਚ ਇਹ ਗੱਲ ਵਿਸ਼ੇਸ਼ ਹੈ ਕਿ ਬੂੰਦ ਤਾਂ ਸਮੁੰਦਰ ਵਿੱਚ ਵੱਸਦੀ ਹੈ ਤੇ ਸਮੁੰਦਰ ਬੂੰਦ ਵਿੱਚ ਵੱਸਦਾ ਹੈ। ਇਸ ਲਈ ਜਦੋਂ ਆਤਮਾ ਪਰਮਾਤਮਾ ਵਿੱਚ ਅਭੇਦ ਹੁੰਦੀ ਹੈ ਤਾਂ ਪਰਮਾਤਮਾ ਆਤਮਾ ਵਿੱਚ ਅਭੇਦ ਹੋ ਜਾਂਦਾ ਹੈ ਅਤੇ ਇਕ ਜੀਵ ਪਰਮਾਤਮਾ ਸਰੂਪ ਹੋਕੇ ਵੀ ਆਪਣੇ ਜੀਵ ਰੂਪ ਵਿੱਚ ਕਾਇਮ ਰਹਿੰਦਾ ਹੈ ਜਿਵੇਂ ਗੁਰੂ ਸਾਹਿਬਾਨ ਆਪ ਸਨ। ਜੀਵ ਜੋ ਬ੍ਰਹਿਮੰਡ ਵਿਚੋਂ ਬ੍ਰਹਮ ਦੀ ਭਾਲ ਕਰਦਾ ਹੈ ਹੈ ਤਾਂ ਪਰਮਾਤਮਾ ਨੂੰ ਭਾਲ ਕੇ ਆਤਮਾ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਤੇ ਜੇ ਪਿੰਡ ਵਿਚੋਂ ਬ੍ਰਹਮ ਦੀ ਖੋਜ ਕਰਦਾ ਹੈ ਤਾ ਆਤਮਾ ਦੀ ਭਾਲ ਕਰਕੇ ਪਰਮਾਤਮਾ ਸਰੂਪ ਹੋ ਜਾਂਦਾ ਹੈ। ਦੋਵੇਂ ਤਰਾਂ ਉਦੇਸ਼ ਇਕੋ ਪ੍ਰਾਪਤ ਹੁੰਦਾ ਹੈ।

ਬ੍ਰਹਮ ਦੇ ਅਨੇਕਾਂ ਨਾਮ ਹਨ। ਬ੍ਰਹਮ ਦਾ ਪ੍ਰਗਟਾ, ਉਸ ਦੇ ਗੁਣ, ਉਸ ਦੀਆਂ ਦਾਤਾਂ, ਉਸ ਦੀਆਂ ਕਿਰਪਾਵਾਂ ਨੂੰ ਜਿਨਾਂ ਰਾਹੀਂ ਅਸੀਂ ਜਾਣਦੇ ਹਾਂ ਉਹ "ਨਾਮ" ਹਨ। ਇੰਜ ਸਾਰਾ ਸਰਗੁਣ ਸਰੂਪ, ਨਾਮ ਰੂਪ ਹੈ। ਮਨੁੱਖ ਦਾ ਮਨੁੱਖ ਨਾਲ ਅਤੇ ਹਾਲਾਤ ਨਾਲ ਹਮਦਰਦ, ਸੋਹਜਾਤ-ਮਿਕ ਸਬੰਧ ਨਾਮ ਹੈ। ਜਿਨਾ ਕੁ ਬ੍ਰਹਮ ਮਨੁੱਖ ਅਨੁਭਵ ਵਿੱਚ ਆਉਂਦਾ ਹੈ ਉਹ "ਨਾਮ" ਹੀ ਹੈ। ਜਿਵੇਂ ਭਾਰਤ ਦੇ 33 ਕ੍ਰੋੜ ਦੇਵੀ ਦੇਵਤੇ ਬ੍ਰਹਮ ਦੇ ਹੀ 33 ਕ੍ਰੋੜ ਪੱਖਾਂ ਨੂੰ ਪੇਸ਼ ਕਰਦੇ ਹਨ, ਇਸੇ। ਤਰਾਂ ਬ੍ਰਹਮ ਦੇ ਅਨੇਕਾਂ ਨਾਮ ਉਸ ਦੇ ਗੁਣਾਂ ਨੂੰ ਹੀ ਰੂਪਮਾਨ ਕਰਦੇ ਹਨ। ਇੰਜ ਨਾਮ ਦੇ ਵੀ ਦੋ ਰੂਪ ਹੋ ਜਾਂਦੇ ਹਨ- :-

1. ਇੱਕ ਤਾਂ ਸਾਰੀਆਂ ਦ੍ਰਿਸ਼ਟਮਾਨ, ਅਤੇ ਇੰਦ੍ਰੀਆਂ ਦੁਆਰਾ ਜਾਣੀਆਂ ਜਾ ਸਕਣ ਵਾਲੀਆਂ ਵਸਤਾਂ ਦੇ ਨਾਮ।।
2. ਬ੍ਰਹਮ ਦਾ ਸ਼ਬਦ ਸਰੂਪ, ਨਿਰਗੁਣ ਨਾਮ ਜਿਹੜਾ ਸਾਰੇ ਪਾਸੇ ਰਮ ਰਿਹਾ ਹੈ, ਜਿਸ ਦਾ ਸਿਮਰਨ ਕਰਕੇ ਜੀਵ ਇਸ ਵਿੱਚ ਆਪਣੀ ਸੁਰਤੀ ਨੂੰ ਅਭੇਦ ਕਰਦਾ ਹੈ ਅਤੇ ਆਖਰ ਨਾਮ ਰੂਪ ਹੀ ਹੋਕੇ ਬ੍ਰਹਮ ਵਿੱਚ ਸਮਾ ਜਾਂਦਾ ਹੈ।

ਉਪਨਿਸ਼ਦਾਂ ਤੇ ਪੁਰਾਤਨ ਦਰਸ਼ਨ ਵਿੱਚ ਵੀ ਬ੍ਰਹਮ ਦੇ ਸਰਗੁਣ ਸਰੂਪ ਨੂੰ ਨਾਮ ਰੂਪ ਹੀ ਮੰਨਿਆ ਗਿਆ

ਹੈ ਅਤੇ "ੴ " ਨਾਮ ਨੂੰ ਸਰਵ ਵਿਆਪਕ ਸ਼ਬਦ ਰੂਪ ਨਾਮ ਮੰਨਿਆ ਗਿਆ ਹੈ ਅਤੇ ਇਸ ਨੂੰ ਸਿਮਰਨ ਦਾ ਉਪਦੇਸ਼ ਕੀਤਾ ਗਿਆ ਹੈ ਤਾਂ ਜੁ ਨਿਰਗੁਣ ਬ੍ਰਹਮ ਵਿੱਚ ਸਮਾਇਆ ਜਾ ਸਕੇ ਪਰ ਗੁਰੂ ਸਾਹਿਬ ਇਸ ਨਾਮ ਸਿਮਰਨ ਵਿੱਚ ਗੁਰੂ ਕਿਰਪਾ, ਗੁਰ ਸ਼ਬਦ, ਅਤੇ ਪਰਮਾਤਮਾ ਪ੍ਰਤੀ ਭੈ ਭਓ ਦਾ ਵਿਵੇਚਨ ਕਰਕੇ ਨਾਮ ਸਿਮਰਨ ਨੂੰ ਅਤਿ ਲੁਭਾਉਣਾ ਅਤੇ ਮਨੋਖੀ ਮਨ ਨੂੰ ਸਰਲ ਅਤੇ ਛੇਤੀ ਨਾਲ "ਅੰਤਮ " ਤੱਕ ਪਹੁੰਚਾਉਣ ਵਾਲਾ ਬਣਾ ਦੇਂਦੇ ਹਨ ।

ਗੁਰੂ ਨਾਨਕ ਦੇਵ ਜੀ ਦਾ ਦਰਸਾਇਆ ਪ੍ਰਾਪਤੀ ਮਾਰਗ ਇੱਕ ਪ੍ਰਕਾਰ ਨਾਲ ਰੌਕਟ ਯਾਤਰਾ ਹੈ । ਜਿਵੇਂ ਪੁਰਾਣਾ ਗੱਡਾ ਯੁੱਗ ਅੱਜ ਰੌਕਟ ਯੁੱਗ ਵਿੱਚ ਬਦਲ ਗਿਆ ਹੈ, ਇਸੇ ਪ੍ਰਕਾਰ ਪੁਰਾਤਨ ਭਾਰਤੀ ਚਿੰਤਨ ਵਿੱਚ ਵਰਣਤ ਸਾਰੇ ਪ੍ਰਾਪਤੀ ਮਾਰਗ ਗੱਡਾ ਯਾਤਰਾ ਸਮਾਨ ਹਨ । ਇਹ ਮਾਰਗ ਵੀ ਆਪਣੇ ਸਾਧਨਾਂ ਦਾ ਹੌਲੀ ਹੌਲੀ ਵਿਕਾਸ ਕਰਦੇ ਆਏ ਹਨ ਪਰ ਪ੍ਰਾਪਤੀ ਲਈ ਰੌਕਟ ਮਾਰਗ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ । ਨਾਮ ਸੁਸੀਮ ਜੀਵ ਆਤਮਾ ਅਤੇ ਪਰਮਾਤਮਾ ਵਿਚਾਲੇ ਇੱਕ ਕੜੀ ਹੈ । ਇਸ ਲਈ ਨਾਮ ਬ੍ਰਹਮ ਨੂੰ ਪ੍ਰਾਪਤ ਕਰਨ ਵਿੱਚ ਸਹਾਈ ਹੁੰਦਾ ਹੈ । ਇਹ ਨਾਮ ਸ੍ਰਿਸ਼ਟੀ ਵਿੱਚ ਰਮ ਰਿਹਾ ਹੋਣ ਕਾਰਨ ਜੀਵ ਇਸ ਨੂੰ ਆਪਣੇ ਅੰਦਰੋਂ ਹੀ ਪ੍ਰਾਪਤ ਕਰ ਸਕਦਾ ਹੈ । ਜਦ ਜੀਵ ਸ਼ੁਭ ਕਰਮ ਕਰਕੇ, ਸ਼ੁਭ ਗੁਣ ਕਮਾਕੇ, ਪਰਮਾਤਮਾ ਅਤੇ ਉਸ ਦੀ ਸਿਰਜਨਾ ਨਾਲ ਪਿਆਰ ਪਾਕੇ, ਗੁਰੂ ਕਿਰਪਾ ਨਾਲ ਨਾਮ ਨੂੰ ਮਨ ਵਿੱਚ ਸਮਾ ਕੇ ਅੰਦਰ ਦੇ ਨਾਮ ਨਾਲ ਅਭੇਦ ਹੋ ਜਾਂਦਾ ਹੈ ਤਾਂ ਫਿਰ ਵਿਅਕਤੀ ਨੂੰ ਆਪਣੇ ਅੰਦਰ ਅਤੇ ਬਾਹਰ ਦੀ ਏਕਤਾ ਦਾ ਅਸੀਮ ਵਿਸਮਾਦੀ ਅਨੁਭਵ ਹੁੰਦਾ ਹੈ ਅਤੇ ਆਪਣੀ ਛੋਟੀ ਜਿਹੀ ਹੋਂਦ ਸਮੁੱਚੀ ਵਿਸ਼ਵ ਹੋਂਦ ਵਿੱਚ ਸਮਾ ਗਈ ਜਾਪਦੀ ਹੈ । ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲਦਾ ਹੈ "ਵਾਹਿਗੁਰੂ " (ਵਾਹ ਵਾਹ ਗੁਰੂ ) ਤੇ ਫਿਰ ਉਸ ਲਈ ਸਾਰਾ ਵਿਸ਼ਵ ਸੁੰਦਰਤਾਵਾਂ, ਵਿਸਮਾਦਾਂ, ਪਵਿੱਤਰਤਾਂ ਅਤੇ ਚੰਗਿਆਈ-ਆਂ ਭਰਪੂਰ ਹੋ ਜਾਂਦਾ ਹੈ । ਫਿਰ ਬੁਰਿਆਈ , ਕ੍ਰੋਧ , ਉਣਤਾਈਆਂ, ਦੁੱਖ ਉਸਦੇ ਸਾਹਮਣੇ ਟਿੱਕ ਹੀ ਨਹੀਂ ਸਕਦੇ । ਇਸ ਉਦੇਸ਼ ਤੱਕ ਪਹੁੰਚਣ ਦੇ ਮਾਰਗ ਨੂੰ ਗੁਰੂ ਸਾਹਿਬ ਸਹਿਜ-ਯੋਗ ਦਾ ਨਾਮ ਦਿੰਦੇ ਹਨ । ਇਸ ਵਿੱਚ ਕਿਸੇ ਕਿਸਮ ਦਾ ਦੁਨਿਆਵੀ ਤਿਆਗ ਕਰਨ ਦੀ ਸਿਖਿਆ ਨਹੀਂ ਦਿੱਤੀ ਗਈ ਕੇਵਲ ਗੁਰਮਤ ਦਾਰਾਂ ਆਤਮਿਕ ਪ੍ਰਾਪਤੀ ਕਰਨ ਦਾ ਵੱਲ ਸਿਖਾਇਆ ਗਿਆ ਹੈ । ਚੰਗੀ ਪ੍ਰਾਪਤੀ ਆਪਣੇ ਆਪ ਹੀ ਮੰਦੇ ਦਾ ਤਿਆਗ ਹੁੰਦੀ ਹੈ । ਇਸ "ਅੰਤਮ" ਪ੍ਰਾਪਤੀ ਮਾਰਗ ਤੇ ਪਹੁੰਚਣ ਲਈ ਗੁਰੂ ਸਾਹਿਬ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਅਖੀਰ ਵਿੱਚ ਸੱਚ ਖੰਡ ਦੀ ਅਵਸਥਾ ਦਾ ਬਿਆਨ ਕਰਦੇ ਹਨ । ਇਹ ਖੰਡ ਦੱਸਦੇ ਹਨ ਕਿ ਕਿਸ ਤਰਾਂ, ਇੱਕ ਜੀਵ ਦੀ ਸੋਝੀ ਅਤੇ ਜੀਵਨ ਅਨੁਭਵ ਅਨੇਕ -ਭਾਵੀ ਅਤੇ ਭੇਦ ਭਾਵਤਾ ਤੋਂ ਉੱਚਾ ਉਠਦਾ ਉਠਦਾ ਆਖਰ ਇੱਕ ਵਿੱਚ ਅਭੇਦ ਹੋ ਜਾਂਦਾ ਹੈ ।

ਗੁਰੂ ਸਾਹਿਬ ਦੁਆਰਾ ਕਥਿਤ ਮੂਲ ਮੰਤਰ ਇਕ ਅਜਿਹਾ ਸੂਤਰ ਹੈ ਜਿਸ ਵਿੱਚ ਸਮੁੱਚਾ

ਜੀਵਨ ਦਰਸ਼ਨ , ਜੀਵਨ ਸਦਾਚਾਰ ਅਤੇ ਪ੍ਰਾਪਤੀ ਸਮਾਣੀ ਹੋਈ ਹੈ । ਇਸ ਵਿੱਚ ਬ੍ਰਹਮ ਦਾ ਸੰਪੂਰਨ ਅਭੇਦ-ਭੇਦ-ਅਭੇਦ ਅਤੇ ਇੱਕ-ਅਨੇਕ-ਇੱਕ ਸਰੂਪ ਵਿੱਚ ਨਿਸ਼ਚਿਤ ਸੰਕਲਪ ਵੀ ਹੈ- ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਇਹ ਸੰਪੂਰਨ ਅਤੇ ਨਿਸ਼ਚਿਤ ਸੰਕਲਪ ਮਨੁੱਖ ਲਈ ਇੱਕ ਆਦਰਸ਼ ਵੀ ਹੈ ਕਿ ਤੂੰ ਇਸ ਤਰ੍ਹਾਂ ਦੇ ਬ੍ਰਹਮ ਨੂੰ ਸਿਮਰ ਅਤੇ ਇਹੋ ਰੂਪ ਹੋ ਜਾ । ਇਸ ਵਿੱਚ ਜੀਵਨ ਦਾ ਉਤਤੱਮ ਸਦਾਚਾਰ ਵੀ ਹੈ ਅਤੇ ਵਸ਼ਿਸ਼ਟ ਨੈਤਿਕਤਾ ਵੀ ਹੈ । ਇਹੋ ਕਾਰਨ ਹੈ ਕਿ ਮੂਲ ਮੰਤਰ ਨੂੰ ਸਮਝ ਲੈਣ ਵਾਲੇ ਵਿਅਕਤੀ ਨੂੰ ਸਮੁੱਚੇ ਗੁਰੂ ਗਰੰਥ ਸਾਹਿਬ ਦੀ ਸੋਝੀ ਹੋ ਜਾਂਦੀ ਹੈ । ਇਹ ਆਪਣੀ ਵਿਚਾਰ ਗਰਭਤਾ ਕਾਰਨ ਵੀ ਅਤੇ ਕਲਾਤਮਿਕ ਸੰਯੁਕਤਾ ਕਾਰਨ ਵੀ ਆਪਣੇ ਆਪ ਵਿੱਚ ਸਰਵ ਸੰਪੂਰਨ ਹੈ ਅਤੇ ਆਪਣੇ ਰੂਪ ਵਜੋਂ ਵੀ ਗੁਰੂ ਸਾਹਿਬ ਦੇ ਜੀਵਨ ਦਰਸ਼ਨ ਅਭੇਦਤਾ-ਭੇਦਤਾ-ਅਭੇਦਤਾ ਅਤੇ ਇੱਕ-ਅਨੇਕ-ਇੱਕ ਨੂੰ ਰੂਪਮਾਨ ਕਰਦਾ ਹੈ ।

ਆਮ ਤੌਰ ਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਦੇ ਸੋਮੇ ਲੱਭਣ ਦੇ ਯਤਨ ਕੀਤੇ ਜਾਂਦੇ ਹਨ ਪਰ ਸੰਪੂਰਨਤਾ ਆਪਣੇ ਆਪ ਵਿੱਚ ਹੀ ਸੱਭ ਤੋਂ ਵੱਡਾ ਸੋਮਾਂ ਹੈ । ਗੁਰੂ ਸਾਹਿਬ ਸੰਪੂਰਨ ਸਨ, ਬ੍ਰਹਮ ਸਰੂਪ ਸਨ । ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਦਾ ਸੋਮਾਂ ਦਾਰਸ਼ਨਿਕ ਇਤਿਹਾਸ ਵਿਚੋਂ ਨਹੀਂ ਮਿਲ ਸਕਦਾ । ਸਗੋਂ ਦਾਰਸ਼ਨਿਕ ਇਤਿਹਾਸ ਆਪਣੀ ਸਰਬੱਤਤਾ ਵਿੱਚ ਸੁਤੇ ਸਿੱਧ ਹੀ ਗੁਰੂ ਸਾਹਿਬ ਦੀ ਵਿਚਾਰਧਾਰਾ ਵਿਚੋਂ ਪ੍ਰਗਟ ਹੁੰਦਾ ਹੈ । ਜਿਵੇਂ ਅੱਜ ਦੇ ਇਕ ਰੌਕਟ ਬਨਾਉਣ ਵਾਲੇ ਵਿਗਿਆਨਕ ਨੂੰ ਇਸ ਗੱਲ ਦੀ ਜ਼ਰੂਰਤ ਨਹੀਂ ਕਿ ਉਹ ਪੁਰਾਤਨ ਗੱਡਾ ਯੁੱਗ ਤੋਂ ਲੈਕੇ ਹੁਣ ਤੱਕ ਦੇ ਯਾਤਾਯਾਤ ਦੇ ਸਾਧਨਾਂ ਨੂੰ ਵਿਚਾਰੇ, ਇਹ ਵਿਚਾਰ ਸੁਤੇ ਹੀ ਉਸ ਦੇਗਿਆਨ ਵਿੱਚ ਹੈ । ਇਸੇ ਤਰ੍ਹਾਂ ਗੁਰੂ ਸਾਹਿਬ ਜੋ ਆਪਣੀ ਅਸਲੀਅਤ ਤੱਕ ਪਹੁੰਚਣ ਦੇ ਰੌਕਟੀ ਮਾਰਗ ਦਰਸ਼ਨ ਨੂੰ ਪ੍ਰਾਪਤ ਕਰਕੇ ਪ੍ਰਗਟਾ ਰਹੇ ਸਨ, ਉਨ੍ਹਾਂ ਨੂੰ ਪ੍ਰਾਚੀਨ ਗੱਡਾ ਯੁੱਗ ਦੇ ਸਾਧਨਾਂ ਨੂੰ ਵਿਚਾਰਨ ਦੀ ਜ਼ਰੂਰਤ ਹੀ ਨਹੀਂ ਸੀ । ਇਹ ਸੱਭ ਸੁਤੇ ਹੀ ਉਨ੍ਹਾਂ ਦੇ ਵਿਚਾਰ ਵਿੱਚ ਸੀ । ਉਨ੍ਹਾਂ ਦੇ ਵਰਤੇ ਦ੍ਰਿਸ਼ਟਾਂਤਾਂ ਅਤੇ ਸ਼ਬਦਾਵਲੀ ਦੇ ਸੋਮੇ ਭਾਵੇਂ ਅਸੀਂ ਲੱਭ ਸਕੀਏ ।

ਗੁਰੂ ਸਾਹਿਬ ਨੇ ਦਰਸ਼ਨ ਅਤੇ ਵਿਗਿਆਨ ਨੂੰ ਮਿਲਾ ਦਿੱਤਾ ਹੈ, ਜੀਵਨ ਦੀ ਸਮੁੱਚੀ ਅਨੇਕਤਾ ਨੂੰ ਇੱਕ ਕਰ ਦਿਖਾਇਆ ਹੈ । ਗੁਰੂ ਸਾਹਿਬ ਸ਼ੁਧ ਅਦਵੈਤਵਾਦੀ ਵੀ ਹਨ , ਵਸ਼ਿਸ਼ਟ ਅਦਵੈਤਵਾਦੀ ਵੀ ਹਨ, -ਦਵੈਤਵਾਦੀ ਵੀ ਹਨ, ਦਵੈਤ ਅਦਵੈਤਵਾਦੀ ਵੀ ਹਨ ਪਰ ਇਨ੍ਹਾਂ ਸਾਰਿਆਂ ਵਾਦਾਂ ਪਿਛੇ ਗੁਰੂ ਸਾਹਿਬ ਦੀ ਇੱਕੋ ਵਿਗਿਆਨਕ ਸਚਾਈ ਹੈ " ੧ ਓ ""ਇੱਕ-"ਅਨੇਕ-ਇੱਕ" ਅਭੇਦ-ਭੇਦ-ਅਭੇਦ"

ਇੱਕਲਾ " ਓ " ਜਾਂ " ਓਅੰ " ਅਨੇਕ -ਇੱਕ, ਭੇਦ-ਅਭੇਦ ਦਾ ਹੀ ਲਖਾਇਕ ਸੀ ।

ਪਰ ਗੁਰੂ ਸਾਹਿਬ ਨੇ ਬ੍ਰਹਮ ਨੂੰ ਉਸ ਦੀ ਸੰਪੂਰਨ ਏਕਤਾ ਵਿੱਚ ਉਸ ਦੇ ਆਪਣੀ ਹੀ ਖੁਸ਼ੀ ਲਈ ਸਿਰਜੇ ਵਿਸ਼ਵ ਖੇਲ ਦੇ ਅਨੇਕ ਰੂਪਤਾ ਵਿੱਚ ਤੇ ਫਿਰ ਇਸ ਅਨੇਕਤਾ ਵਿੱਚ ਵਿਆਪਕ ਏਕਤਾ ਨੂੰ ਰੂਪਮਾਨ ਕਰਨ ਲਈ ਓ ਦੇ ਨਾਲ ੧ ਲਾ ਦਿੱਤਾ ਹੈ "ੴ" ਬਣਾ ਦਿੱਤਾ। ਜਿਸ ਦਾ ਭਾਵ ਹੈ ਇਕ-ਅਨੇਕ-ਇੱਕ ਅਤੇ ਅਭੇਦ-ਭੇਦ-ਅਭੇਦ।

# Bibliography

***

# Bibliography


1. Atmananda, Swami.,"Shankara's Teachings in His own words." (1960) Bharatya Vidya Bhavan, Chaupatty, Bombay.
2. Ahuja N.D.,"The Great Guru Nanak and the Muslims." Kirti Publishing House. 15 A, Chandigarh.
3. Anil Chandra Banerjee,"Guru Nanak and His Time." Punjabi University Patiala.
4. Alain Danielou.,"Hindu Polytheism., Routledge & Kegan Paul, London.
5. A.K. Benerjee.,"Discourses on Hindu Spiritual Culture",S Chand & Co. New Delhi.
6. A Barth."Translation by Rev.J. Wood., "Religions of India." Pb. S. Chand & Co. New Delhi.
7. Arthur Anthony Macdonell.,"A Vedic Reader for Students." Madras Oxford University Press."
8. Allen Grant., "The Evolution of the Idea of God." Watt & Co. Johnson's Court Fleet Street, London.
9. Aurobindo Sri, "On the Veda." "Sri Aurobindo Ashram, Pandicharry.
10. Aurobindo, Sri."Life Divine." Sri Aurobindo Ashram Trust Pandicharry.
11. A.N. Jere ed- Karikavali with Siddhant- Muktavalv, Dinakari and Ramarudri, ( Nirnaya Sagar, 1927)
12. Adi Granth.
13. Alfred Stefferud, edited., "The Wonderful World of Books." Published by the New American Library.
14. B.S. Virk., edited. "The Prophet of Peace." Published Khalsa College Ghardiwala, Hoshiarpur.
15. Balwant Singh., "Nirankari Baba." National Book Trust, India, New Delhi.

16. Bhattacharji, Sukumari, "The Indian Theology," Cambridge, at the University Press, 1970.

17. Bloom Field., "The Religion of the Vedas;" "Indological Book House, Delhi, 1972, Varanasi.

18. Bhaskara, Laugaksi. "Tarka Kaumudi." Nirnaya Sagar. 1914.

19. Bhatta, R.G. "Sankyya Pravacana bhasya, Chaukhamba Banares.

20. Bach, Marcus., " Major Religions of the World." Abingdon Press, New York, Nastiville.

21. Browne, Lewis., "The World's Great Scriptures." The Macmillan Company, New York.

22. Brahmachary, Syamananda, "Self Realization ." 1928. Govinda Chandra Muknapadhyaya, Benares Cantt.

23. Bedi, P.H. "Guru Baba Nanak., "Founder Master of Sikhism.", A New Light Publication.

24. Banerjee, Indubhushan., " Evolution of the Khalsa." Vol.1. 2nd. ed. 1963. Mukherjee. & Co.(Private) Ltd. Calcutta-12.

25. Bhatacharya, "The Cultural Heritage of India." Vol. 3rd.4th. Calcutta Rama Krishan Mission. 1958.

26. Ball, Surjit Singh., "Life of Guru Nanak." Publication Bureau, Punjab University.Chandigarh. 1969.

27. Choraon, Jacques, "Death & Western Thought". 1963, Collier Books, New York, Collier Macmillan Ltd. London.

28. Bhagavat, Hari, Bagha Nath, "Upanishads." Vol-1, Ashtakar & Co., Poona- 1924.

29. C. Janarajadasa., "The Nature of Mysticism." 2nd. ed. 1934. Theosophical Publishing House Adyar, Madras.

30. Chamupati, Pt. , "Yajurveda." Virjananda Vaidika Samsthana , Lahore.

31. Chakarvarti, Burndeta Chandra, "Philosophycal Foundation of Bengal Vaisnavism." Acadimic Publications 4. Panchanam Ghose Lene. Calcutta.

32. Daljit Singh Raja, Sir, "Guru Nanak." The Unity Publishers. Gita Bhavan, Mclead Road.

33. Darshan Singh "Dr." "Indian Bhakti Tradition and Sikh Gurus." Lyale Book Depot, Ludhiana.

34. Danielon , Alain,"Hindu Polytheism." Routlidge & Kegam Paul London.

35. Darshan Singh. Dr. "The Religion of Guru Nanak." Lyale Book Depot, Ludhiana.

36. Duncan, Greenless.,"The Gospel of the Guru Granth Sahib."

37. Donald and Jean Johnson.,"God & gods in Hinduism." Arnold Heinemanm India., New Delhi.

38. Divākara Siddhasena,"Nyāyāvatāra." Eng. Trans. and Introduction by S.C. Vidyābhūsana. Pb. The Research Society Calcutta., 1909.

39. Durant, Will,"The Pleasures of Philosophy." Simon and Schurter New York.

40. Devanandan, Paul Daved, "The Concept of Maya ." 1950. Lutter Worth Press, London.

41. Deussen, Paul, & Yogendra, Sada Nanada,"The Philosophy of the Vedanta & The Vedantasara." 1957, Susil Gupta (India), Ltd. Calcutta-12.

42. Deussen, Paul,"The Philosophy of The Upanishads." 1906., Edinburgh T.& T. Clark, 38, George Street.

43. Danald and Jean Johnson,"God & gods in Hinduism." Arnold-Heinemanm India, New Delhi.

44. Encyclopaedia of Religion & Ethics, Volume -ii.iv.

/45. Fauja Singh.,A.C. Arora.," (Editors) "Papers on Guru Nanak." Punjabi University Patiala.

46. Farqnhar, D.N. "Modern Religions Movement in India., Mun Ram, Manohar Lal. Oriental Publications & Book Sellers, Delhi-6.

47. Ganda Singh.," A brief Account of the Sikhs, S.G.P.C., Amritsar.

48. Ganda Singh.,"The Sikhs & Sikhism." 1959, Sikh History Society Patiala.

49. Grewal. J.S. "Guru Nanak in History.," Punjab University Chandigarh.

50. Gill, Pritam Singh,"The Doctrine of Guru Nanak." New Book Company, Mai Hiran Gate, Jullundur City.

51. Gopal Singh. Dr. "The Religion of Guru Nanak. Lyale Book Depot, Ludhiana.

52. Gouage, Elizabeth, "My God, And My All," Coword Mclann. Inc- New York.

53. Ganda Singh.,"A Select Bibliography of the Sikhs and Sikhism." Srimoni Gurdwara Parbanchak Committee, New Delhi.

54. Gelberg, Eredric Spie,"Living Religions of the World." Eng-lewerd Cliffs, N.J. Prevtic Hall, Inc.

55. Grimm Jacob.,"Teotonic Mythology." Dover Publications of Inc, New York.

56. Gurmukh Nihal Singh.,"Guru Nanak, His Life, Time & Teachings." Guru Nanak Foundation New Delhi.

57. Goyandka, Jeyadeyal.,"Gems of Truth." The Gita Press Gorakh-Pur, India.

58. Glimpses of World Religions, Jaico Publishing House, 125, Mahatma Gandhi Road Press, New York, Nashville.

59. Hardyal., "Hints for Self -Culture." 3rd Print, 1948. Rejkamal Publications , Delhi.

60. Hiriyana, H. "The Quest After Perfection, 1952. , Kavyalaya Publishers, Mysore.

61. Harbans Singh.,"Guru Nanak and Origin of The Sikh Faith." Asia Publication House, Bombay.

62. Haribhadra, "Sad- Darsana- Samuccaya" Com.by Gunaratna (Asiatic Society, Cal,1905)

63. Hermann Jacobi., "The Jaina Sutras (Eng. Translation, Sacred Books of the East Series, Oxford, 1884.

64. Indian Culture, Universal Publication, Delhi-6.

65. Jacques Choron, "Death & Western Thought" 1963, Collier Books, New York, Collier, Macmillan Ltd. London.

66. Jayadayal Goyandka, "What is God ?" Gita Press Gorakhpur. 1943.

67. Jinarajadasa, C, "The Nature of Mysticism" 2nd. Ed. 1934. Theosophical Publishing House, Adyar, Madras.

68 .Jere ed. A.A.-"Karikakali with Siddhant- Muktavali." Dinakari and Remarudri, Nirnaya Sagar, 1927.

69. Jha, Ganganath,"Mimasa Sutra of Jaimini (Eng. Trans,) Oriental Inst. Baroda, 1933.

70. Jodh Singh, Bhai,"Some Studies in Sikhism," Lahore Book Shop., Ludhiana. 1953.

71. Jak Finegan.,"The Orcheology of World Religions." Princeton, New Jassey., Princeton University Press. 1952.

72. Joginder Singh," Key to Universal Brotherhood." Sant Nirankari Mandal Delhi.-9.

73, Johar, Surinder Singh,"Guru Nanak A Biography." New Book Company, Mai Hiran Gate Jullundur City.

74. Kohli, Surinder Singh.,"A Critical Study of Adi Granth." The Punjab Writers Cooperative Industrial Society Ltd. New Delhi. (1966)

74. Kohli, Surinder Singh.,"Dr." "Out Lines of Sikh Thought." Punjabi Parkashak Delhi., (1966)

75. Kulpi Oswald, "Introduction to Philosophy." 10th ed. George Alen Uniwin Ltd. Ruskin House, Museum Street W.C.New York.

76. Khuswant Singh. (Translated) "Hymns of Guru Nanak." W.H. Patwardhan, Oriental Longman Ltd. 3/5 Asaf Ali Road, New Delhi-1.

77. Kohli, Surinder Singh.,Dr. "Travels of Guru Nanak." Publication Bureau, Punjab University Chandigarh. 1969.

78. Kohli, Surinder Singh., Dr. "Philosophy of Guru Nanak." Publication Bureau, Punjab University Chandigarh.

79. Kamala Ray, "The Concept of Self."

80. Kenneth W. Morgan "The Religion of the Hindus." The Donald Press Company, New York. 1953.

81. Kumarupa, Bharatam, "The Hindu Cultural Heritage of India." Vol. 3. 4th Calcutta. RamaKrishanan Mission. 1958.

82. Kirpal Singh.,"The Jap Ji." Ruhani Sat Sang Sawan Ashram, Delhi-6. India (1953.)

83. Leohiln, C.H. , "The Sikhs, and Their Scriptures." The Luchnow Publishingh House, Luchnow, U.P. India,(1964.)

84. Lyon Quinter Marcellus.,"The Great Religions." The Celyssey Press, Inc, New York.

85. Langaksi Bhaskara .,"Tarka Kaumudi." Nirnaya Sagar. 1914.

86. Linscott, Robert H. & Commins Saxe (edited) "Man and Spirit" The Speculative Philosophers Modern Pocket Library, New York.

87. Lewis Norman (edited) "Roget's New Pocket Treasures In

-- Dictionary Form." Washington Square Press, New York.

88.Mahadevan, T.M.P., "Ten Saints of India." Bhartya Vidya Bhavan, Bombay. 1961.

89.Manmohan Singh. (Advocate) "Sri Guru Granth Sahib." Vol.-1. Manjit Printing and Publishing Co. Patiala. 1962.

90.Minochar, K. Spencer, "The Other World," The Spiritual Healing Centre, Coimbtore,, 1942.

91.Macauliffe M. Wilson., H.S.; ..."The Sikh Religion, A Symposium." Susil Gupta. (India) Calcutta Private, Ltd. 1958.

92.Mansukhani, Gobing Singh.,"Guru Nanak World Leader." India Book House- New Delhi.

93.Macdonell, Arthur Authony.," A Vedic Reader for Students." Madras Oxford University Press. Delhi.

94.Narain Singh. Sr., Kapur Singh Sr.,"Guru Nanak's View of Life" Sports Corner, Hall Bazar, Amritsar.

95.Narang., Gokul Chand.,"Hinduism." (1947) New Book Society, Lahore.

96.Nass, John. B., "Man's Religions." The Macmillan Company New York.

97.Neni Chandra.,"Dravya-Sangraha (Ed. with Eng. Trans.) by S.G. .Ghoshal. The Central Jaina Puvlishing House, Arroh.C. (1917)

98.Nelson Pike (Editted),"God and Evil." Prentice Hall Inc. Englewood Cliffs, New Jerry.

99.Narang., Gokul Chand.,"Transformation of Sikhism."4th. ed. 1956.,New Book Society of India., New York.

100.Nikhlananda Swami.,"Hinduism Gospel of Sri Rama Krishna." Mylapore., Sri Rama Krishna Math. 1964.

101. Old Testament. Part-1.

102. Panikar, K.M.,"Hindu Society atCCross- Reads.

103. Paul Daved Devanandan, "The Concept of Maya." 1950., Lutter Worth Press, London.

104. Paul Deuessen & Sada Nanda Yogendra.,"The Philosophy of the Vedanta & The Vedantasara." 1957., Susil Gupta (India), Ltd. Calcutta-12.

105. Paul Deussen, "The Philosophy of the Upanishads," 1906. Edinburgh T.& T. Clark,38, George Street.

106. Peace M.L."Guru Nanak, The Unique Liberator." 1966., Published by Miss Dora., E. Gurdiner. Australia & Rattan Kaur., Jullundur.

107. Puran Singh.,"The Japji." 1945., Lahore Book Shop., Lahore.

108. Publications Division., Ministry of Infermation and Broad-casting Government of India," Guru Nanak."

109. Puran Singh. Prof " The Ten Masters." Chief Khalsa Diwan, Amritsar.

110. Puran Singh.,"The Spirit Born People." Director Language Department, Punjab, Patiala.

111. Pancana., Krsnanatha Nyaya.,"Tattva Kaumudy." Calcutta., 1904.

112. Punjabi University Patiala.,"Hinduism."

113. Punjabi University Patiala.,"Buddhism."

114. Punjabi University Patiala.,"Sikhism."

115. Punjabi University Patiala.,"Islam."

116. Punjabi University Patiala.,"Christinity."

117. Peace. M.L.,"Japji Sahib." Chief Khalsa Diwan.,Amritsar.

118. Prabhava Nanda.,"The Bhagvad Gita." Phoenix House, London.

119. Radhakrishnan.,"The Bhagvad Gita." (3rd. Ed; 1953.) George Allen & Unwin Ltd. Ruskin House , Mueseum Street, London.

120. Radhakrishnan., "Indian Philosophy." Vol. 1. 7th. Ed. 1962. The Macmillan Company, George Allen & Unwin Ltd. New York London.

121. Radhakrishnan.,"Library of Indian Philosophy & Religion." 1942. Bnares Hindu University ., Bnares.

122. Radhakrishnan., "The Philosophy of The Upanishads." 1935. London.

123. Radhakrishnan.,"The Principal Upanisads." 1951. George Allen & Unwin., Ltd. Ruskin House., Museum Street., London.

124. Rajinder Kaur.,"The Sikh Concept of God Head." (Approved Thesis, 1965.) Punjab University Library., Chandigarh.

125. Rothschird, Fritz. A. (Ed.)"Between God and Man." The Free Press, New York, Collier Macmillan Ltd. London.

126. Rama Chandra Yogi,"The Philosophies and Religions fo India." Wilco Publishing House., 33- Ropewalk Lane, Rampart Row Fort, Bombay-1.

127. Rama Chandra Yogi.,"Yogi Philosophy and Oriental Occultism." Db. Taraporevala Sons & Co. Pvt. Ltd. Treasure House of Books. 210-Dr R.Naroji Road., Fort Bombay.

128. Rajinder Kumar (Prin.),"The Light of The Vedaa." The D.M. College Managing Committee. Moga.-1933.

129. Sarma D.S.,"Primes of Hinduism." Mamilian Madras.

130."Selection from Swami Vivekananda.," Advaita Ashram, Mayavati Almori, Himalyaya. 1946.

131. Sinha Jadunath.,"Foundation of Hinduism." 1955. Sinha Publishing., Calcutta.

132. Syad Mohammad Latif.,"History of the Punjab." Eurasia Publishing House, Pvt. Ltd. New Delhi.

133. Surjit Singh.,"Life of Guru Nanak." Punjab University Chandigarh.

134. Sher Singh. Dr. (Trans.)"Guru Nanak on the Malady of Man." Sterling Publishers Ltd. 695. Model Town, Ullundur City, 3640. Mori Gate, Delhi -6.

135. Shanta Sarbjit Singh.,"Nanak th Guru." W.H. Patwardhan Orient Longman Ltd. 3/5 Asaf Ali Road., New Delhi.

136. Sahib Singh.,"Guru Nanak Dev and His Teachings." Raj Publishers(Rdgd) Jullundur.

137. Surjit Singh.,"Guru Nanak in the Eyes of the Non Sikhs." Publication Beureau Punjab University Chandigarh.

138. Sekhon Sant Singh.,(ed.) "Guru Nanak Today." Guru Gobind Singh Republic College Jullundur.

139. Spractt, P. "Hindu Culture and Personality." Manaktalas Bombay.

140. Shapoorjee, Jenhangir M., "The Reality of Religion." Ganes & Co. (Madras) Pvt. Ltd.

141. Sher Singh.,Dr., "Philosophy of Sikhism." Sterling Publishers Pvt. Ltd. Jullundur.

142. Sankra Charrya,"Eight Upanishads." Advait Ashram Wellington Lane, Calcutta-13.

143. Sikka, Ajit Singh, Dr., "Facets of Guru Nanak's Thought." Bee Kay Publications, Sati Sudan Street, Books Market, Ludhiana.

144. Sinha, Nandala.,"The Vaiseskika Sutras of Kanāda, (With English Translation) Indian Press Allahabad,

145. Sinha, Jadunath,"Indian Realism." Kegan Paul London. 1938.

146. Sastri, S.S. Suryanārayana,"The Sankhya Karika of Isvara Krishnan." (With Eng. Trans. ) Madras University. 1933.

147. Sinha, Jadunath. "History of Indian Philosophy."

148. Sinha, Jadunath."Foundation of Hinduism."

149. Surisuaraji, Vijayvallabh, Sri," Ahimsa and Jainism." Shri Vallabh Suri Smarah Nidhi, Goljyi Jain Upashraya, Pydhoni, Bombay-3.

150. Schneider Del Byron, "Religion of the East." Jaici Publishing House. Bombay-1972.

151."Swami Vivekananda's Complete Works." Maya Vati Memorial Part i 5th, ed. Advait Ashram Almora Himalayas. 1931.

152. Shastri, Shankuntala Rao, "Aspirations from A Fresh World."

153. Bharatiya Vidya Bhavan Chaupatty, Bombay. 1952.

154. Sarma, D.S.,"Parls of Wisdom." BHARATIYA Vidya Bhavan Chaupatty, Bombay. 1970-.

155. Stefferud, Alfred (edi.) "The Wonderful World of Books." New American Library.

156. Sarma, M.S. "Guru Nanak the Aposotle of Love." United Sikh Mission-51. Gwynne Road. Lucknow.

157. Stanley J. Rowland,"Land in Search of God." Random House New York.

158. Shivananda Swami,"Ten Upanishads."Spleag Ltd. Bentinch Street., Calcutta.

159. Sher Singh,"Sikhism and Politics." Charhdi Kalan Publication Model Town, Ludhiana.

160. Shivananda, Swami,"Sri Mad Bhagvad Gita." The Yoga Vedanta Forest University Anand Kuter Tagore, Rabindra Nath."Sadhana, 1920. Macmillan & Co, Ltd. Calcutta.

161. Teja Singh.(Chief Justice) "Shri Guru Nanak Dev And His Religion." , Gurpurb Trust Society, Ambala City.

162. Teja Singh, (Prin.)"Growth of Responsibility in Sikhism." 1953. S.G.P.C. Amritsar.

163. Teja Singh.(Prin.) Guru Nanak And His Mission ." S.G.P.C. Amritsar.

164. Trump's Translation of Siri Guru Granth Sahib." 1950. Giani Harnam Singh, Ballabu. Edited by Punjabi Book Shop , Pahar Ganj., New Delhi.

165. Taran Singh. Dr., (Ed.) "Guru Nanak And Indian Religions Thought." Punjabi University Patiala.

166. Trilochan Singh. Dr., "Guru Nanak Founder of Sikhism." S.G. P.C. Sis Ganj, Chandni Chowk, Delhi.

167. Teja Singh (Prin.) "Sikhism." Its Ideals And Institutions." Orient Longmans, Bombay, Calcutta, Madras, New Delhi.

168. Tagore, Rabindranath.," Personality." Macmillan And Co. Ltd. St. Martin Street, London. 1919.

169. Umasvami, "Tattvarthadhigama - Sutra." (Eng Trans. by J.L. Jaini.) The Central Jain Publishing House, Arrah, India. 1920.

170. Udayana- "Nyaya Kasumanjali (Choukhamba Varanasi. 1957.

171. Vaswani, (T.L.) "Guru Nanak Prophet of Light." East & West Series, 10 Connaught Road, Poona-1.

172. Virk, B.S.,"Guru Nanak."The Prophet of Peace." Khalsa College Chardiwala, Hoshiarpur.

173. Vidyasagara, Jivananda, "Nyaya - darsana with Vatsyayana. Bhasya and Visvanath's Urtti (Calcutta. 1919)-

174. Vedantacuna, Purnacandra," Yoga Sutra With Bhasya" Sanskrit Book Depository, calcutta, 1907.

175. Wing- Trit Chan (Compiled) "Ismil Rāgial Fāreiq. Joseph M. Kitagama, P.T. Raju, "The Great Asian Religions Anthology." The Macmillan Company, Collier Macmillan Limited , London.

ਚੋਣਵੀਆਂ ਪੁਸਤਕਾਂ ਦੀ ਸੂਚੀ

***

## ਰੇਣਵੀਆਂ ਪੁਸਤਕਾਂ ਦੀ ਸੂਚੀ


1. ਆਤਮਾ ਸਿੰਘ ਜੀ ਗਿਆਨੀ, "ਸਾਖੀ ਪ੍ਰਮਾਣ," ਸ੍ਰੀ ਗੁਰਮਤਿ ਪ੍ਰੈਸ ।
2. ਸ਼ਮਸ਼ੇਰ ਸਿੰਘ ਅਸ਼ੋਕ, "ਸ੍ਰੀ ਮਦ ਭਗਵਦ ਗੀਤਾ," 1958, ਪੰਜਾਬੀ ਸਾਹਿਤ ਅਕਾਦਮੀ ।
3. ਸਵਾਮੀ ਜੀ, ਆਰ. ਸ਼ੁਨਕ ਸ਼ਰਮਾ ਜੀ, "ਜਪੁਜੀ ਸਾਹਿਬ," ਸੰਮਤ 1996. ਬਿ:, ਮਾਇਆ ਵਤੀ, ਅੰਮ੍ਰਿਤਸਰ ।
4. ਸਾਹਬ ਸਿੰਘ, "ਜਪੁਜੀ ਸਾਹਿਬ ਸਟੀਕ " ਨੌਵੀਂ ਵਾਰ, 1964. ਸਿੰਘ ਬ੍ਰਦਰਜ਼, ਮਾਈ ਸੇਵਾ, ਅੰਮ੍ਰਿਤਸਰ ।
5. ਸੁਰਿੰਦਰ ਸਿੰਘ ਕੋਹਲੀ, "ਸਿੱਖੀ ਸਿਖਿਆ।"
6. ਸੂਫ਼ੀ ਸਾਹਿਤ ਅੰਕ, "ਪੰਜਾਬੀ ਦੁੱਨੀਆਂ," ਦਸੰਬਰ 1964, ਭਾਸ਼ਾ ਵਿਭਾਗ, ਪਟਿਆਲਾ ।
7. ਸੋਢੀ ਤੇਜਾ ਸਿੰਘ, "ਕਥਾ ਸਾਗਰ", ਸਤਵੀਂ ਐਡੀਸ਼ਨ, 1962. ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ. ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।
8. ਸੋਹਣ ਸਿੰਘ (ਗਿਆਨੀ ), "ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੀਜੀ ਵਾਰ 1960., ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ ।
9. ਸੰਤ ਰਾਮ ਜੀ ਗਿਆਨੀ, "ਜਪੁਜੀ ਸਾਹਿਬ" ਦੂਜੀ ਵਾਰ ਸੰਮਤ 2000, ਰਾਮ ਗੜ੍ਹ ਡਾ: ਫਿਲੌਰ, ਜ਼ਿਲ੍ਹਾ ਜਲੰਧਰ ।
10. ਸ਼ਬਦਾਰਥ, 1959, ਚਾਰ ਸੈਂਚੀਆਂ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ।
11. ਸ਼ੇਰ ਸਿੰਘ ਕਸ਼ਮੀਰ, "ਆਤਮ ਦਰਸ਼ਨ" 1935., ਗਿਆਨੀ ਭਜਨ ਸਿੰਘ ਮੈਨੇਜਰ ਅੰਮ੍ਰਿਤਸਰ ਜੰਡਿਆਲਾ ਰੋਡ, ਤਰਨ ਤਾਰਨ ।
12. ਸ਼ੇਰ ਸਿੰਘ (ਡਾ:) "ਗੁਰਮਤਿ ਦਰਸ਼ਨ" 1951, ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ।
13. ਸੰਤੋਖ ਸਿੰਘ ਭਾਈ (ਮਹਾਕਵੀ) "ਗਰਬ ਗੰਜਨੀ ਟੀਕਾ" 1961, ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, 5030/15, ਸਿੰਘ ਨਿਵਾਸ, ਪਹਾੜ ਗੰਜ. ।
14. ਸ਼ੇਰ ਸਿੰਘ (ਡਾ:) "ਜਪੁਜੀ ਦਰਸ਼ਨ" ਲਹੌਰ ਬੁਕ ਸ਼ਾਪ, ਘੰਟਾ ਘਰ ਲੁਧਿਆਣਾ ।
15. ਸ਼ੇਰ ਸਿੰਘ (ਡਾ:) "ਸਚਿਆਰ ਗੁਰੂ ਨਾਨਕ" ਪੰਜਾਬ ਕਿਤਾਬ ਘਰ, ਜਲੰਧਰ ।
16. ਸ਼ੇਰ ਸਿੰਘ (ਗਿਆਨੀ ") "ਨਿਤਨੇਮ ਸਟੀਕ" ਪੰਜਾਬ ਖਾਲਸਾ ਪਰੈਸ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।
17. ਸੁਰਿੰਦਰ ਸਿੰਘ ਕੋਹਲੀ, "ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ" ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ।
18 ਹਜ਼ਾਰਾ ਸਿੰਘ (ਸੋਢੀ) "ਜਪੁ ਵਿਚਾਰੁ" ਸੰਮਤ 1992 : ਗੁਰੂ ਕੇ ਮਹਲ ਅੰਮ੍ਰਿਤਸਰ ।
19. ਹਰਬੰਸ ਸਿੰਘ (ਗਿਆਨੀ), "ਜਪੁ ਨਿਰਣਯ " 1963, ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ

--- ਕੰਪਨੀ, 171 ਇੰਡਸਟਰੀਅਲ ਏਰੀਆ, ਚੰਡੀਗੜ੍ਹ ।

20. ਕਰਤਾਰ ਸਿੰਘ (ਦਾਖਾ), ਸਾਹਿਤਆਚਾਰਯ, "ਸ੍ਰੀ ਜਪੁ-ਨਿਸਾਣ" 1951, ਪੰਜਾਬ ਗਿਆਨੀ ਪ੍ਰੈਸ, ਭਦੌੜ ਹਾਊਸ, ਲੁਧਿਆਣਾ ।

21. ਕਰਤਾਰ ਸਿੰਘ, (ਪ੍ਰੋ:) "ਜਪੁਜੀ ਸਟੀਕ" ਲਾਹੌਰ ਬੁਕ ਸ਼ਾਪ, ਲੁਧਿਆਣਾ ।

22. ਕਰਤਾਰ ਸਿੰਘ ਦਤ ਬ੍ਰਹਮ ਗਿਆਨੀ, "ਜਪੁਜੀ ਸਟੀਕ"

23. ਖ਼ਾਲਾ ਸਿੰਘ ਬੇਦੀ (ਡਾ:) "ਗੁਰੂ ਨਾਨਕ ਭਾਸ਼ਾ, ਗੁਰੂ ਨਾਨਕ ਨਿਰੰਕਾਰੀ, ਗੁਰੂ ਨਾਨਕ ਦਰਸ਼ਨ ਵਾਰ ਕਾਰ ਗੁਰੂ ਨਾਨਕ, ਵਾਰਾਂ ਗੁਰੂ ਨਾਨਕ ਸਟੀਕ" ਪੰਜਾਬੀ ਬੁਕ ਸਟੋਰ, ਮੇਨ ਬਜ਼ਾਰ ਪਹਾੜ ਗੰਜ, ਨਵੀਂ ਦਿੱਲੀ-55.

24. ਕਾਨ੍ਹ ਸਿੰਘ ਨਾਭਾ, "ਗੁਰੂ ਸ਼ਬਦ ਰਤਨਾਕਰ, ਮਹਾਨਕੋਸ਼" 1960. , ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

25. ਕਰਤਾਰ ਸਿੰਘ (ਡਾ:) "ਨਾਮ ਰਾਸੀ" ਗੁਰੂ ਨਾਨਕ ਪ੍ਰਚਾਰ ਸੈਂਟਰ, ਨਵੀਂ ਦਿੱਲੀ-16.

26. ਕਾਨ੍ਹ ਸਿੰਘ ਨਾਭਾ, "ਗੁਰਮਤਿ ਮਾਰ ਤੰਡ" ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

27. ਖ਼ਾਲਾ ਸਿੰਘ ਬੇਦੀ "ਗੁਰੂ ਨਾਨਕ ਸ਼ਬਦ ਰਤਨਾਕਰ" ਭਾਸ਼ਾ ਵਿਭਾਗ ਪੰਜਾਬ ।

28. ਕਰਤਾਰ ਸਿੰਘ (ਡਾ:) "ਜੀਵਨ ਮਨੋਰਥ" ਗੁਰੂ ਨਾਨਕ ਪ੍ਰਚਾਰ ਸੈਂਟਰ, ਸੀ. -8, ਗਰੀਨ ਪਾਰਕ, ਨਵੀਂ ਦਿੱਲੀ ।

29. ਖਵਾਜਾ ਦਿਲ ਮੁਹੰਮਦ, ਜਪੁਜੀ ਔਰ ਸੁਖਮਨੀ ਸਾਹਿਬ, ਦੂਸਰੀ ਵਾਰ 1946, ਖਵਾਜਾ ਬੁੱਕ ਡੀਪੋ, ਮੋਹਨ ਲਾਲ ਰੋਡ, ਲਾਹੌਰ ।

30. ਗਿਆਨੀ ਲਾਲ ਸਿੰਘ ਸੰਗਰੂਰ, "ਗੁਰਮਤਿ ਮਾਰਤੰਡ" ਦੂਜੀ ਐਡੀਸ਼ਨ 1949, ਜਨਕ ਪੁਸਤਕ ਪੁਸਤਕ ਭੰਡਾਰ, ਸੰਗਰੂਰ ।

31. ਗੁਰਮਤਿ ਸਾਹਿਤ ਅੰਕ (ਪੰਜਾਬੀ ਦੁੱਨੀਆਂ) ਫਰਵਰੀ 1965, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ।

32. ਗੋਪਾਲ ਸਿੰਘ (ਡਾ:) "ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ" 1958, ਪੰਜਾਬੀ ਐਕਾਡਮੀ, ਦਿੱਲੀ ।

33. ਗੰਗਾ ਸਿੰਘ ਪ੍ਰਿੰਸੀਪਲ, "ਵਿਆਖਿਆ ਸ੍ਰੀ ਜਪੁਜੀ ਸ੍ਰਾਹਿਬ, 1938, ਗਿਆਨੀ ਭਜਨ ਸਿੰਘ ਅੰਮ੍ਰਿਤ ਪ੍ਰਿੰਟਿੰਗ ਪ੍ਰੈਸ, ਜੰਡਿਆਲਾ ਰੋਡ, ਤਰਨ ਤਾਰਨ ।

34. ਗੁਰਚਰਨ ਸਿੰਘ ਮਹਿਤਾ (ਡਾ:) "ਗੁਰਮਤਿ ਸਾਹਿਤ ਧਾਰਾ" ਲਹੌਰ ਬੁਕ ਸ਼ਾਪ, ਲੁਧਿਆਣਾ

35. ਗੁਲਾਮ ਅਹਿਮਦ ਜੀ ਮਹਾਰਾਜ, ਹਜ਼ਰਤ ਮਿਰਜ਼ਾ ਮਸੀਹ ਮੌਊਦ ਤੇ ਮਹਿੰਦੀ ਮਾਅਹੂਦ, "ਇਸਲਾਮੀ ਅਸੂਲਾਂ ਦੀ ਫਿਲਾਸਫੀ" ਨਾਜ਼ਿਰ ਸ਼ਾਫਤੇ ਤਬਲੀਗ ਕਾਦੀਆਂ, ਭਾਰਤ, 1968.

36. ਸ਼ੰਕਰ ਧਾਰੀ ਬੇਜ਼ਰ (ਪੰਡਿਤ) ਭਗਵਤ ਗੀਤਾ, ਦੂਜੀ ਵਾਰ, 1963, ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

37. ਚਿਰਾਗ ਦੀਨ, ਸਰਾਜ ਦੀਨ ਤਾਜਰਾਨ, ਮੀਆਂ, "ਜਨਮ ਸਾਖੀ ਭਾਈ ਬਾਲੇ ਵਾਲੀ" ਕੁਤਬ ਬਜ਼ਾਰ ਕਸ਼ਮੀਰੀ, ਲਾਹੌਰ ।

38. ਜੀਵਨ ਸਿੰਘ (ਸੰਤ ਰੈਣ), "ਸਾਗਰ ਮੇਂ ਬੋਹਿਥਾ", 1962, ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

39. ਜੋਧ ਸਿੰਘ ਭਾਈ, "ਗੁਰਮਤਿ ਨਿਰਣਯ" 1945, ਮੈਸਰਜ਼ ਅੰਤਰ ਚੰਦ ਕਪੂਰ ਐਂਡ ਸੰਨਜ਼, ਅਨਾਰ ਕਲੀ, ਲਾਹੌਰ ।

40. ਜੋਧ ਸਿੰਘ ਭਾਈ, "ਗੁਰੂ ਨਾਨਕ ਬਾਣੀ" ਨੈਸ਼ਨਲ ਬੁੱਕ ਟਰੱਸਟ, ਇੰਡੀਆਂ, ਨਵੀਂ ਦਿੱਲੀ ।

41. ਜੋਧ ਸਿੰਘ ਭਾਈ, "ਗੁਰੂ ਨਾਨਕ ਮੱਤ ਦਰਪਨ" ਭਾਸ਼ਾਂ ਵਿਭਾਗ ਪੰਜਾਬ, ਪਟਿਆਲਾ-1970.

42. ਜੋਗਿੰਦਰ ਸਿੰਘ ਤਾਬੜਾ (ਪ੍ਰੋ:), ਨਿਰਮਲ ਸਿੰਘ ਮਾਂਗਟ (ਪ੍ਰੋ:) ਸੁਰਿੰਦਰ ਪਾਲ ਸਿੰਘ (ਪ੍ਰੋ:) ਸੰਪਾਦਕ, "ਗੁਰਮੁਖਿ ਕਲਿ ਵਿਚਿ ਪ੍ਰਗਟ ਹੋਇਆ" ਗੁਜਰਾਂ ਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ।

43. ਜਗਜੀਤ ਸਿੰਘ, "ਪੰਜ ਖੰਡ" ਸੈਕਰਟਰੀ ਆਤਮ ਸਾਇੰਸ ਸੁਸਾਇਟੀ, 1970.

44. ਤਾਰਨ ਸਿੰਘ (ਡਾ:) "ਗੁਰੂ ਨਾਨਕ ਚਿੰਤਨ ਤੇ ਕਲਾ", 1953. ਕਸਤੂਰੀ ਲਾਲ ਐਂਡ ਸੰਨਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

45. ਤੇਜਾ ਸਿੰਘ (ਪ੍ਰਿੰਸੀਪਲ) "ਜਪੁਜੀ ਸਟੀਕ" ਤੀਜੀ ਵਾਰ, ਪ੍ਰਕਾਸ਼ ਪੁਸਤਕਾਲਾ, ਅੰਮ੍ਰਿਤਸਰ ।

46. ਤੇਜਾ ਸਿੰਘ (ਜਸਟਿਸ), "ਜਪੁ- ਵਿਆਖਿਆ", 1955, ਸੁਪਰ ਪ੍ਰੈਸ ਲਿਮਿਟਿਡ, 81, ਪਹਾੜ ਗੰਜ, ਨਵੀਂ ਦਿੱਲੀ ।

47. ਤਾਰਨ ਸਿੰਘ (ਡਾ:) "ਦਰ ਘਰ" ਵਜ਼ੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ ।

48. ਦਲੀਪ ਸਿੰਘ ਦੀਪ (ਡਾ:) "ਭਾਈ ਗੁਰਦਾਸ ਦੀ ਪਹਿਲੀ ਵਾਰ" ਲਾਹੌਰ ਬੁਕ ਸ਼ਾਪ, ਲੁਧਿਆਣਾ ।

49. ਦਲੀਪ ਸਿੰਘ ਦੀਪ, (ਡਾ:) "ਜਪੁਜੀ ਇਕ ਤੁਲਨਾਤਮਿਕ ਅਧਿਐਨ" ਪੰਜਾਬੀ ਬੁਕ ਸਟੋਰ, ਮੇਨ ਬਜ਼ਾਰ, ਪਹਾੜ ਗੰਜ, ਨਵੀਂ ਦਿੱਲੀ-55.

50. ਧਰਮ ਪਾਲ ਸੈਨੀ (ਡਾ:) "ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ" ਧਰਮ ਪਾਲ ਸੈਨੀ, 5, ਫੀਲਡ ਗੰਜ, ਲੁਧਿਆਣਾ ।

51. ਨਰੈਣ ਸਿੰਘ ਗਿਆਨੀ, "ਸ੍ਰੀ ਜਪੁਜੀ ਸਟੀਕ" ਚੌਥੀ ਵਾਰ 1961, ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ।

52. ਨਿਹਾਲ ਸਿੰਘ ਸੂਰੀ (ਅਕਾਲੀ), ਰਾਵਲਪਿੰਡੀ ਨਿਵਾਸੀ, "ਸ੍ਰੀ ਗੁਰੂ ਮਤਿ ਭਾਉ ਪ੍ਰਕਾਸ਼ਨੀ ਟੀਕਾ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੈਂਚੀ ਪਹਿਲੀ, 1930. ।

53. ਨਰਿੰਦਰ ਸਿੰਘ, (ਸੰਗ੍ਰਹਿ ਕਰਤਾ) "ਗੁਰਮਤਿ ਨਾਮ ਬਾਰੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਵਿਚਾਰ" ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ।

54. "ਪੁਰਾਤਨ ਜਨਮ ਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ, " ਚੌਥੀ ਵਾਰ, 1952, ਮੈਨੇਜਰ ਖਾਲਸਾ ਸਮਾਚਾਰ, ਅੰਮ੍ਰਿਤਸਰ ।

55. ਪੰਜਾਬੀ ਦੁਨੀਆਂ, ਮਈ 1964, ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ ।

56. ਪ੍ਰਕਾਸ਼ ਸਿੰਘ, "ਜਪੁ-ਦੀਦਾਰ" ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ, 1966 ।

57. ਪਿਆਰਾ ਸਿੰਘ ਭੋਗਲ (ਪ੍ਰੋ:), "ਜਪੁਜੀ ਦਾ ਸਾਹਿਤਕ ਅਧਿਐਨ" ਹਿਰਦੇਜੀਤ ਪ੍ਰਕਾਸ਼ਨ, ਯੂਨੀਵਰਸਲ ਕਾਲਜ, ਕਨਾਟ ਸਰਕਟ, ਜਲੰਧਰ ।

58. ਪਿਆਰਾ ਸਿੰਘ ਪਦਮ (ਪ੍ਰੋ: ), "ਗੁਰਬਾਣੀ ਕੋਸ਼" ਸਿੰਘ ਬ੍ਰਦਰਜ਼, ਅੰਮ੍ਰਿਤਸਰ ।

59. ਬਾਹਰੀ ਸੀਤਾ ਰਾਮ (ਡਾ:) "ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਦਾ ਪਿਛੋਕੜ" ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1966.

60. ਭਗਤੀ ਅੰਕ (ਪੰਜਾਬੀ ਦੁਨੀਆਂ) ਅਕਤੂਬਰ 1965, ਭਾਸ਼ਾ ਵਿਭਾਗ, ਪਟਿਆਲਾ ।

61. ਭਾਈ ਕਾਨ੍ਹ ਸਿੰਘ ਨਾਭਾ, "ਹਮ ਹਿੰਦੂ ਨਹੀਂ" ਜੇਠ ਸਾਲ ਨੰ: 429, ਖਾਲਸਾ ਪ੍ਰੈਸ, ਲਹੌਰ ।

62. ਭਾਈ ਕਾਨ੍ਹ ਸਿੰਘ ਨਾਭਾ, "ਗੁਰਮਤਿ ਪ੍ਰਭਾਕਰ"

63. ਭਾਈ ਗਿਆਨ ਸਿੰਘ, ਜੀ, "ਜਪੁਜੀ ਸਟੀਕ" (ਪੁਰਾਣਾ ਟੀਕਾ), ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

64. ਭਾਈ ਗੁਰਦਾਸ, ਵਾਰਾਂ, ਭਾਈ ਕ੍ਰਿਪਾਲ ਸਿੰਘ ਹਜ਼ੂਰੀਆ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

65. ਭਾਈ ਜੋਧ ਸਿੰਘ, "ਜਪੁਜੀ ਸਟੀਕ," ਦੂਜੀ ਵਾਰ 1950, ਸਿੱਖ ਪਬਲਿਸ਼ਿੰਗ ਹਾਊਸ ਲਿਮਟਿਡ, ਕਚਹਿਰੀ ਰੋਡ, ਅੰਮ੍ਰਿਤਸਰ ।

66. ਭਾਈ ਮਨੀ ਸਿੰਘ, "ਜਪੁਜੀ ਸਾਹਿਬ ਸਟੀਕ" (ਪੰਜਾਬੀ), ਪੂਰਨ ਸਿੰਘ ਹਰਬੰਸ ਸਿੰਘ ਪੁਸਤਕਾਂ ਛਾਪਣ ਅਤੇ ਵੇਚਣ ਵਾਲੇ, ਅੰਮ੍ਰਿਤਸਰ ।

67. ਭਾਈ ਰਣਧੀਰ ਸਿੰਘ, "ਨਾਮ ਅਭਿਆਸ ਕਮਾਈ" ਪੰਜਵੀਂ ਵਾਰ, 1962, ਨਾਹਰ ਸਿੰਘ

--- ਗਿਆਨੀ । ਲੁਧਿਆਣਾ ।

68. ਭਾਈ ਰਣਧੀਰ ਸਿੰਘ, "ਅਨਹਦ ਸ਼ਬਦ ਦਸਮ ਦੁਆਰ" ਤੀਜੀ ਵਾਰ, 1962, ਨਾਹਰ ਸਿੰਘ ਗਿਆਨੀ ਲੁਧਿਆਣਾ ।

69. ਭਾਈ ਰਣਧੀਰ ਸਿੰਘ, "ਸਚ ਖੰਡ ਦਰਸ਼ਨ" ਚੌਥੀ ਵਾਰ 1964, ਨਾਹਰ ਸਿੰਘ ਗਿਆਨੀ ।

70. ਭਾਈ ਰਣਧੀਰ ਸਿੰਘ, "ਅਣਡਿੱਠੀ ਦੁਨੀਆਂ" ਦੂਜੀ ਵਾਰ, 1960 , ਗਿਆਨੀ ਨਾਹਰ ਸਿੰਘ, ਲੁਧਿਆਣਾ ।

71. ਭਾਈ ਵੀਰ ਸਿੰਘ, "ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ" (ਪੋਥੀ ਪਹਿਲੀ), 1961, ਖਾਲਸਾ ਸਮਾਚਾਰ, ਹਾਲ ਬਜ਼ਾਰ , ਅੰਮ੍ਰਿਤਸਰ ।

72. ਭਾਸ਼ਾ ਵਿਭਾਗ ਪੰਜਾਬ, "ਮੱਧ ਕਾਲੀਨ ਪੰਜਾਬੀ ਸਾਹਿਤ"

73. ਭਾਈ ਮਨੀ ਸਿੰਘ, "ਜਪੁਜੀ ਸਟੀਕ" ਭਾ: ਜਗਤ ਸਿੰਘ ਪੁਸਤਕਾਂ ਵਾਲੇ , ਬਜ਼ਾਰ ਸਰਾਏ ਸ੍ਰੀ ਗੁਰੂ ਰਾਮਦਾਸ , ਅੰਮ੍ਰਿਤਸਰ ।

74. ਭਗਤ ਸਿੰਘ ਹੀਰਾ, "ਨਵਿਨਿਧਿ ਨਾਮੁ " ਭਗਤ ਸਿੰਘ ਹੀਰਾ 20/21 ਬੀ. ਤਿਲਕ ਨਗਰ, ਨਵੀਂ ਦਿੱਲੀ, 1972. ।

75. ਮਹਾਂਕਵੀ ਗੁਰੂ ਨਾਨਕ (ਸੰਪਾਦਿਤ) 1956, ਮਹਿਕਮਾ, ਪੰਜਾਬੀ, ਪਟਿਆਲਾ ।

76. ਮੋਹਨ ਸਿੰਘ (ਉਬਰਾ) "ਪੰਜਾਬੀ ਭਾਸ਼ਾ ਤੇ ਛੰਦਾ ਬੰਦੀ," 1937, ਓਰੀਐਂਟਲ ਕਾਲਜ, ਲਹੌਰ ।

77. ਮੋਹਨ ਸਿੰਘ ਦੀਵਾਨਾ, "ਜਪੁਜੀ ਸਾਹਿਬ, ਨਜ਼ਮਾ-ਏ-ਦੀਦਾਰੇ-ਇਲਾਹੀ। ਲਹੌਰ ।

78. ਮੋਹਨ ਸਿੰਘ (ਦੀਵਾਨਾ, ਉਬਰਾ) ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤਿ ਗਿਆਨ, 1952. ਕਸਤੂਰੀ ਲਾਲ ਐਂਡ ਸੰਨਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

79. ਮਨਮੋਹਨ ਸਿੰਘ (ਡਾ:) "ਗੁਰ ਨਾਨਕ ਅਤੇ ਭਗਤੀ ਅੰਦੋਲਨ " ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ-15. 1970.

80. ਮੋਹਨ ਸਿੰਘ (ਪ੍ਰੋ:) "ਨਾਨਕਾਇਣ" ਪੰਜਾਬੀ ਯੂਨੀਵਰਸਿਟੀ ਪਟਿਆਲਾ , 1971.

81. ਰਾਧਾ ਕ੍ਰਿਸ਼ਨਨ, "ਧਰਮ ਇਕ ਤੁਲਨਾਤਮਿਕ ਅਧਿਐਨ" 1965, ਲੋਕ ਸਾਹਿਤ ਪ੍ਰਕਾਸ਼ਨ , ਅੰਮ੍ਰਿਤਸਰ ।

82. ਰਾਮ ਸਿੰਘ, ਗਿਆਨੀ, "ਜਪੁ ਅਰਥ" ਬੁੰਡਾਲਾ , ਜ਼ਿਲਾ ਜਲੰਧਰ ।

83. ਰਾਮ ਦਿੱਤਾ ਜੀ ਗਿਆਨੀ, "ਜਪੁ ਸਾਹਿਬ ਸਟੀਕ, " ਪੰਜਵੀਂ ਵਾਰ, ਸੰਮਤ 2000 ਬਿਕ੍ਰਮੀ ਭਾਈ ਕ੍ਰਿਪਾਲ ਸਿੰਘ , ਬਲਬੀਰ ਸਿੰਘ, ਚੌਕ ਘੰਟਾ ਘਰ, ਅੰਮ੍ਰਿਤਸਰ ।

84. ਰੌਸ਼ਨ ਲਾਲ (ਚੌਧਰੀ ) ਐਗਜ਼ੈਕਟਿਵ ਆਫੀਸਰ, ਸ੍ਰੀ ਮਦ ਭਾਗਵਤ ਗੀਤਾ" 1937, ਪੀ.

--- ਧੀ. ਐਸ. ਸ਼ਾਦੀ ਲਾਲ ਸਹਦੇਵ ਐਂਡ ਸਨਜ਼ , ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

85. ਰਾਮ ਸਿੰਘ (ਪ੍ਰੋ:) "ਜਪੁਜੀ ਦਾ ਵਿਸ਼ਾ ਅਤੇ ਰੂਪ" ਪੰਜਾਬੀ ਸਾਹਿਤ ਅਕਿਡਮੀ, ਪੰਜਾਬੀ ਭਵਨ, ਲੁਧਿਆਣਾ ।

86. ਰਜਿੰਦਰ ਸਿੰਘ ਗੁਲਸ਼ਨ (ਸੰਪਾਦਿਕ) "ਸਤਿਗੁਰੂ ਨਾਨਕ ਪ੍ਰਗਟਿਆ" ਗੁਲਸ਼ਨ ਐਂਟਰ ਪਰਾਈਜ਼ਜ਼ ਨਵੀਂ ਦਿੱਲੀ ।

87. ਲਾਲ ਸਿੰਘ , "ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ" ਨੀਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ ।

88. ਵਿਨੋਬਾ, 'ਗੀਤਾ, ਪ੍ਰਵਚਨ, ਸਰਵੋਦਯ ਪੁਸਤਕ ਭੰਡਾਰ, ਤੀਜਾ ਐਡੀਸ਼ਨ, 1960, ਅੰਬਾਲਾ ਛਾਉਣੀ ।

89. ਵੀਰ ਸਿੰਘ, ਪਦਮ ਭੂਸ਼ਨ ਭਾਈ ਸਾਹਿਬ ਡਾਕਟਰ, "ਅਮਰ ਲੇਖ" ਖਾਲਸਾ ਸਮਾਚਾਰ ਹਾਲ ਬਜ਼ਾਰ ਅੰਮ੍ਰਿਤਸਰ, 1967.

90. ਵੀਰ ਸਿੰਘ , ਪਦਮ ਭੂਸ਼ਨ ਭਾਈ ਸਾਹਿਬ ਡਾਕਟਰ , "ਰਾਣਾ ਸੂਰਤ ਸਿੰਘ" ਖਾਲਸਾ ਸਮਾਚਾਰ, ਹਾਲ ਬਜ਼ਾਰ ਅੰਮ੍ਰਿਤਸਰ , 1967.

91 ਵੀਰ ਸਿੰਘ, ਪਦਮ ਭੂਸ਼ਨ ਭਾਈ ਸਾਹਿਬ ਡਾਕਟਰ, "ਸ੍ਰੀ ਗੁਰੂ ਨਾਨਕ ਚਮਤਕਾਰ" ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ ।

92. ਵੀਰ ਸਿੰਘ, ਪਦਮ ਭੂਸ਼ਨ ਭਾਈ ਸਾਹਿਬ ਡਾਕਟਰ, "ਸਭ ਤੇ ਵੱਡਾ ਸਤਿਗੁਰੂ ਨਾਨਕ" ਭਾਈ ਸਾਹਿਬ ਵੀਰ ਸਿੰਘ ਸਟੱਡੀ ਸਰਕਲ, 91. ਸੀ. , ਡੀਫੈਂਸ ਕਲੋਨੀ, ਨਵੀਂ ਦਿੱਲੀ ।

'' कुछ विशेष पुस्तकों की सूची ''

***

## कुछ विशेष पुस्तकों की सूची


1. आचार्य श्री अक्षयकुमार बन्द्योपाध्यायः गीता में भगवान श्री कृष्ण का परिचय और उपदेश, संवत् 2016, मोती लाल जालान, गीता प्रेस गोरखपुर ।
2. ऐतरेयोपनिषद्- सानुवाद शांकरभाष्य सहित, संवत् 2013, गीता प्रेस गोरखपुर ।
3. कठोपनिषद्- सानुवाद शांकरभाष्यसहित, संवत् 2015, गीता प्रेस, गोरखपुर ।
4. केनोपनिषद्- सानुवाद शांकरभाष्य सहित, संवत् 2015, गीता प्रेस, गोरखपुर ।
5. गणपति चंद्र, साहित्यिक- निबन्ध, 1960. अशोक प्रकाशन, नई सड़क, दिल्ली ।
6. छान्दोग्योपनिषद्- सानुवाद शांकरभाष्य सहित, संवत्2013, गीता प्रेस, गोरखपुर ।
7. तैत्तिरीयोपनिषद्- सानुवाद शांकरभाष्यसहित, संवत् 2014, गीता प्रेस गोरखपुर ।
8. दयानन्द सरस्वती, सत्यार्थ प्रकाश 1939, सार्वदेशिक आर्य प्रतिनिधि सभा, दयानन्द भवन, नई दिल्ली ।
9. प्रश्नोपनिषद्, सानुवाद शांकरभाष्य सहित., संवत् 2013, गीता प्रेस, गोरखपुर ।
10. बृहदारण्यकोपनिषद्- सानुवाद शांकरभाष्य सहित, संवत् 2014, गीता प्रेस ।
11. महामहोपाध्याय श्री गोपीनाथ कविराज, भारतीय संस्कृति और साधना 1939, बिहार राष्ट्र भाषा परिषद् पटना ।
12. मिश्र जयराम(डा०), नानक वाणी 2016 विक्रमी, मित्र प्रकाशन, इलाहाबाद ।
13. मिश्र जयराम(डा0). श्री गुरुग्रन्थ- दर्शन. 1960, साहित्य भवन, इलाहाबाद ।
14. मुण्डकोपनिषद्, सानुवाद शांकरभाष्य सहित, संवत् 2013, गीता प्रेस, गोरखपुर ।
15. लोकमान्य बाल गंगाधर तिलक,: श्री मद्भगवद्गीता रहस्य अथवा कर्मयोगशास्त्र, अनुवादकः श्रीमान माधवराव जी, सन् 1962 ।
16. विनोबाः जपुजी, सन् 1963, सर्व- सेवा संघ- प्रकाशन, राजघाट, वाराणसी ।
17. श्री मद्भगवद्गीता, संवत् 2012, गीता प्रेस, गोरखपुर ।
18. श्री स्वामी सत्यानन्द जी महाराजः श्री मद्भगवद्गीता- भाषा, संवत्2020, भगवान दास एण्ड कम्पनी' कश्मीरी गेट. देहली ।
19. श्वेताश्वतरोपनिषद्, सानुवाद शांकरभाष्य सहित, संवत् 2009, गीता प्रेस, गोरखपुर
20. सत्यानन्द : एकादशोपनिषत्संग्रह, संवत् 2008, प्रकाशनः श्री भगवान दास एण्ड कम्पनी, कश्मीरी गेट, देहली ।
21. सद्गुरु शरण अवस्थी, साहित्य तरंग, 1956, इंडियन प्रेस, प्राइवेट लिमिटेड, इलाहाबाद ।
22. हनुमान प्रसाद पोद्दारः उपनिषदों के चौदह रत्न, 2015, गीता प्रेस. गोरखपुर ।
23. स्वामी श्री परानन्द जी परमहंस उदासी, श्री जपु जी साहब, 1929, नवल- किशोर- प्रेस, लखनऊ ।
24. सम्पूर्ण सिंह जी, श्री प्राण संगली. भाई मोहन सिंह जी वैद्य. तरनतारन ।